Digitized by Arya Samaj Foundation Chennai and eGangotri

ਪੰਜਾਬੀ ਸਾਹਿਤ

(ਆਦਿ ਕਾਲ)

ਪ੍ਰੋ. ਚਾਨਣ ਸਿੰਘ ਨਿਰਮਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

DONATION
93

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

DONATION

ਪੰਜਾਬੀ ਸਾਹਿਤ

Forwarded free of Cost, and with the
Compliments of Deptt. of Education,
Govt. of India, New Delhi.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਏਸੇ ਕਲਮ ਤੋਂ-

ਕਾਵਿ-ਸੰਗ੍ਰਹਿ—1. ਭੌਰ 2. ਨਾਦ 3. ਪ੍ਰੀਤ-ਦਰ
4. ਸੰਮ ਕਲਾ ਦਾ

ਕਹਾਣੀ-ਸੰਗ੍ਰਹਿ —1. ਸਮਝੌਤਾ 2. ਖੂਬਸੂਰਤ ਇਨਸਾਨ
3. ਗੰਦਲਾਂ

ਲੇਖ-ਸੰਗ੍ਰਹਿ —1. ਨਿਰਮਲ ਨਿਬੰਧ 2. ਨਿਰੰਕਾਰੀ ਨੂਰ
3. ਸਚੇਰੇ ਲੇਖ

ਨਾਵਲ —1. ਕਬਰ ਦੀ ਖੁਸ਼ਬੋ 2. ਵਿਲੱਖਣ ਪ੍ਰੀਤ

ਨਾਟਕ—1, ਤਾਜ (ਕਾਵਿ ਨਾਟਕ) 2. ਜੋਤਾਂ ਜਗਦੀਆਂ (ਇਕਾਂਗੀ)

ਬਾਲ ਸਾਹਿਤ—ਫੁੱਲ ਤੇ ਤਿਤਲੀ (ਗੀਤ) ਭਾਸ਼ਾ ਵਿਭਾਗ ਵਲੋਂ ਪ੍ਰਕਾਸ਼ਿਤ

ਸਾਹਿਤ ਉਤੇ—1. ਸਾਗਰ ਦੇ ਮੋਤੀ
2. ਸਾਹਿਤ ਸਾਗਰ ਦੇ ਮੋਤੀ
3. ਪਿੰਗਲ ਤੇ ਸਾਹਿਤ ਦੇ ਰੂਪ
4. ਸਾਹਿਤਕ ਪ੍ਰਵਿਰਤੀਆਂ ਤੇ ਪ੍ਰਕਾਰਾਂ
5. ਪੰਜਾਬੀ ਸਾਹਿਤ ਦਾ ਇਤਿਹਾਸ (ਆਦਿ ਕਾਲ)
6. ਪੰਜਾਬੀ ਸਾਹਿਤ ਦਾ ਇਤਿਹਾਸ (ਮੱਧ ਕਾਲ)
7. ਪੰਜਾਬੀ ਸਾਹਿਤ ਦਾ ਇਤਿਹਾਸ (ਆਧੁਨਿਕ ਕਾਲ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜਾਬੀ ਸਾਹਿਤ

ਆਦਿ ਕਾਲ (1700 ਈ. ਤੱਕ)

Forwarded free of Cost, and with the
Compliments of Deptt. of Education,
Govt. of India, New Delhi

8593

ਪ੍ਰੋ. ਚਾਨਣ ਸਿੰਘ ਨਿਰਮਲ
ਐਮ.ਏ. (ਪੰਜਾਬੀ ਤੇ ਅੰਗਰੇਜ਼ੀ)
ਮੁਖੀ, ਪੋਸਟ ਗਰੈਜੂਏਟ ਡੀਪਾਰਟਮੈਂਟ ਆਫ਼ ਪੰਜਾਬੀ
ਸ਼ਾਂਤੀ ਦੇਵੀ ਆਰੀਆ ਮਹਿਲਾ ਕਾਲਜ, ਦੀਨਾ ਨਗਰ—153531
(ਪੰਜਾਬ)

पुस्तकालय

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਭ ਹੱਕ ਕਰਤਾ ਦੇ ਰਾਖਵੇਂ ਹਨ

1992

ਪ੍ਰਕਾਸ਼ਕ
ਮੰਗਲ ਪ੍ਰਕਾਸ਼ਨ
4948/25, ਗਲੀ-3, ਅਮਰਕੋਟ,
ਡਾ: ਖਾਲਸਾ ਕਾਲਜ, ਅੰਮ੍ਰਿਤਸਰ

ਛਾਪਕ
ਐਮ. ਐਸ. ਪ੍ਰਿੰਟਰਜ਼,
ਰਾਮ ਤੀਰਥ ਰੋਡ, ਅਮ੍ਰਿਤਸਰ

ਮੁੱਲ : 150 ਰੁਪਏ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਮਰਪਣ

ਆਦਿ ਕਾਲ ਦੇ ਜੋਗੀਆਂ, ਸੂਫ਼ੀਆਂ, ਭਗਤਾਂ, ਗੁਰੂ ਸਾਹਿਬਾਨ
ਮਹਾਨ ਸਾਹਿਤਕਾਰਾਂ ਦੇ ਨਾਂ
ਅਤੇ ਵਰਤਮਾਨ ਕਾਲ ਦੇ ਮਹਾਨ ਗੁਰਬਾਣੀ ਦੇ
ਵਿਆਖਿਆਕਾਰ ਮਹਾਨ ਸੰਤ ਹਜ਼ੂਰ ਕਸ਼ਮੀਰਾ ਸਿੰਘ ਜੀ
ਡੇਰਾ ਸਤਿਨਾਮ ਅਨਾਮੀ
ਗੜ੍ਹਾ, ਜਲੰਧਰ ਸ਼ਹਿਰ
ਜੀ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

DONATION

ਤਤਕਰਾ

ਕੁਝ ਸ਼ਬਦ ਲੇਖਕ ਦੇ 9
ਆਦਿ ਕਾਲ ਦੇ ਸਾਹਿਤ ਦੀ ਕਾਲ ਵੰਡ ਤੇ ਇਤਿਹਾਸਕਾਰੀ 11
ਨਾਥ ਜੋਗੀ ਕਾਵਿ ਦੀਆਂ ਵਿਸ਼ੇਸ਼ਤਾਵਾਂ 12
ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਆਦਿ ਕਾਲ ਦੀ ਆਦਿਕਾ/ਆਦਿ ਕਾਲੀਨਤਾ ਪੂਰਵ ਨਾਨਕ ਕਾਲ ਦੇ ਸਾਹਿਤ ਦੀ ਮਹਾਨਤਾ/ਉਦਭਵ
ਨਾਥ ਜੋਗੀ ਕਾਵਿ-ਧਾਰਾ 18
ਆਦਿ ਕਾਲ ਦਾ ਹੋਰ ਲੋਕ ਸਾਹਿਤ 30
ਸੂਫ਼ੀ ਵਿਚਾਰਧਾਰਾ ਦਾ ਨਿਕਾਸ 32
ਫਰੀਦ ਬਾਣੀ ਦੇ ਰਚਨ ਕਾਲ ਦਾ ਮਸਲਾ 37
ਆਦਿ ਕਾਲ ਦੀ ਸੂਫ਼ੀ ਕਾਵਿ ਧਾਰਾ 41
ਸੂਫ਼ੀ ਕਾਵਿ ਦੀਆਂ ਵਿਸ਼ੇਸ਼ਤਾਵਾਂ 49
ਸੂਫ਼ੀ ਸੁਲਤਾਨ ਬਾਹੂ—ਵਿਸਤਾਰ ਵਿਚ 54
ਭਗਤੀ ਕਾਵਿ ਦੀਆਂ ਵਿਸ਼ੇਸ਼ਤਾਵਾਂ 60
ਭਗਤੀ ਕਾਵਿ-ਧਾਰਾ 68
ਸੂਫ਼ੀ ਕਾਵਿ, ਭਗਤੀ ਕਾਵਿ ਤੇ ਗੁਰਮਤਿ ਕਾਵਿ ਦੀ ਤੁਲਣਾ 85
ਗੁਰਮਤਿ ਕਾਵਿ ਦੀਆਂ ਵਿਸ਼ੇਸ਼ਤਾਵਾਂ 94
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਾਹਿਤਕ ਤੇ ਸੰਪਾਦਨ ਮਹਾਨਤਾ 99
ਗੁਰੂ ਨਾਨਕ (ਮੁਗਲ) ਕਾਲ ਪੰਜਾਬੀ ਸਾਹਿਤ ਦਾ ਸੁਨਹਿਰੀ ਸਮਾਂ 110
ਗੁਰਮਤਿ ਕਾਵਿ-ਧਾਰਾ 117
ਆਦਿ ਕਾਲੀਨ ਪੰਜਾਬੀ ਬੀਰ ਰਸੀ ਕਾਵਿ-ਧਾਰਾ 133
ਬੀਰ ਰਸੀ ਕਾਵਿ ਦੀਆਂ ਵਿਸ਼ੇਸ਼ਤਾਵਾਂ 147
ਆਦਿ ਕਾਲੀਨ ਕਿੱਸਾ ਕਾਵਿ-ਧਾਰਾ 152

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿੱਸਾ ਕਾਰ ਹਾਫ਼ਿਜ਼ ਬਰਖ਼ੁਰਦਾਰ 156

ਕਿੱਸਾ ਕਾਵਿ ਦੀਆਂ ਵਿਸ਼ੇਸ਼ਤਾਵਾਂ 162

ਆਦਿ ਕਾਲੀਨ ਵਾਰਤਕ ਧਾਰਾ 166

(ਗੁਰੂ ਨਾਨਕ ਬਾਣੀਆਂ)

ਗੁਰੂ ਨਾਨਕ ਸਾਹਿਤ ਪਰੰਪਰਾ 169

ਭਗਤੀ ਲਹਿਰ ਤੇ ਗੁਰੂ ਨਾਨਕ 176

ਗੁਰੂ ਨਾਨਕ ਸਮੇਂ ਦੀ ਧਾਰਮਕ ਸਥਿਤੀ 182

ਗੁਰੂ ਨਾਨਕ ਸਮੇਂ ਦੀ ਸਮਾਜਿਕ ਤੇ ਰਾਜਨੀਤਕ ਸਥਿਤੀ 191

ਗੁਰੂ ਨਾਨਕ ਤੇ ਨਾਥ ਪੰਥ 200

ਆਸਾ ਦੀ ਵਾਰ ਵਿਚ ਸ਼ਲੋਕਾਂ ਤੇ ਪਉੜੀਆਂ ਦਾ ਪ੍ਰਸਪਰ ਸੰਬੰਧ 207

ਸਿਧ ਗੋਸ਼ਟਿ ਵਿਚ ਸਮਾਜਿਕਤਾ 213

ਸਿਧ ਗੋਸ਼ਟਿ ਪ੍ਰਬੰਧ ਕਾਵਿ 218

ਸਿਧ ਗੋਸ਼ਟਿ ਵਿਚ ਰਹੱਸਵਾਦ 224

ਸਿਧ ਗੋਸ਼ਟਿ ਵਿਚ ਦਾਰਸ਼ਨਿਕ ਪੱਖ 231

ਜਪੁਜੀ ਵਿਚ ਰਹੱਸਵਾਦ 238

ਜਪੁਜੀ ਪ੍ਰਬੰਧ ਕਾਵਿ 246

ਜਪੁਜੀ ਵਿਚ ਸਮਾਜਿਕਤਾ 251

ਜਪੁਜੀ ਵਿਚ ਦਾਰਸ਼ਨਿਕ ਪੱਖ 257

ਬਾਰਾਂ ਮਾਹ ਤੁਖ਼ਾਰੀ ਵਿਚ ਵਿਸ਼ੈ ਵਸਤੂ 265

ਬਾਰਾਂ ਮਾਹ ਤੁਖ਼ਾਰੀ ਦਾ ਕਲਾ ਪੱਖ 272

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

DONATION

ਕੁਝ ਸ਼ਬਦ ਲੇਖਕ ਦੇ

ਕਿਸੇ ਵੀ ਸਾਹਿਤ ਦਾ ਇਤਿਹਾਸ ਲਿਖਣਾ ਕੋਈ ਬੱਚੇ ਦੀ ਖੇਡ ਨਹੀਂ, ਆਸਾਨ ਬਿਲਕੁਲ ਨਹੀਂ। ਸਗੋਂ ਬੜੀ ਕਠਿਨ ਅਤੇ ਘੋਰ ਸਾਧਨਾਂ ਦੀ ਮੰਗ ਕਰਦਾ ਹੈ। ਬਹੁਤ ਸਾਰੇ ਲੇਖਕ ਵਿਦਵਾਨ ਮਿਲਕੇ ਵੀ ਮੁਕੰਮਲ ਸਾਹਿਤ-ਇਤਿਹਾਸ ਨਹੀਂ ਲਿਖ ਸਕਦੇ। ਤਿੰਨ ਤਿੰਨ, ਚਾਰ ਚਾਰ ਨੇ ਤਾਂ ਰਲਕੇ ਲਿਖਕੇ ਵੇਖਿਆ ਵੀ ਹੈ। ਭਾਸ਼ਾ ਵਿਭਾਗ ਨੇ ਅਨੇਕਾਂ ਕੋਲੋਂ ਲਿਖਵਾਕੇ ਵੇਖਿਆ ਹੈ। ਯੂਨੀਵਰਸਿਟੀਆਂ ਨੇ ਵੀ। ਜੇ ਪਹਿਲੇ ਲਿਖੇ ਲਿਖਵਾਏ ਸਾਹਿਤ ਦੇ ਇਤਿਹਾਸ ਪੂਰਨ ਹੁੰਦੇ ਤਾਂ ਮੈਨੂੰ ਲਿਖਣ ਦੀ ਲੋੜ ਨਾ ਪੈਂਦੀ। ਪਰ ਇਸ ਦਾ ਅਰਥ ਇਹ ਨਹੀਂ ਹੈ ਕਦਾਚਿਤ ਵੀ ਕਿ ਬਾਕੀ ਇਤਿਹਾਸ ਅਧੂਰੇ ਹਨ ਅਤੇ ਮੇਰਾ ਪੂਰਾ ਹੈ। ਮੈਂ ਇਹ ਦਾਹਵਾ ਨਹੀਂ ਕੀਤਾ, ਸਗੋਂ ਐਸਾ ਦਾਹਵਾ ਕੋਈ ਵੀ ਨਹੀਂ ਕਰ ਸਕਦਾ। ਮੇਰਾ ਮਤਲਬ ਤਾਂ ਇਹ ਹੈ ਕਿ ਜਦ ਬਹੁਤੇ ਮਿਲਕੇ ਪੂਰਨ ਨਹੀਂ ਲਿਖ ਸਕਦੇ ਤਾਂ ਇਕ ਕਿਵੇਂ ਲਿਖ ਸਕਦਾ ਹੈ। ਪਰ ਫਿਰ ਵੀ ਇਹ ਹੱਥਲਾ ਪਹਿਲਿਆਂ ਨਾਲੋਂ ਕਾਫੀ ਅੱਗੇ ਹੈ। ਪਹਿਲਕਿਆਂ ਤੋਂ ਮੈਂ ਕਾਫ਼ੀ ਕੁਝ ਸਿਖਿਆ ਹੈ। ਉਨ੍ਹਾਂ ਦੇ ਲੇਖਕ-ਵਿਦਵਾਨਾਂ ਦਾ ਮੈਂ ਰਿਣੀ ਹਾਂ ਤਹਿ ਦਿਲੋਂ।

ਹਰ ਸਾਹਿਤ ਉਤੇ ਲਿਖੀ ਪੁਸਤਕ ਇਸ ਕਰਕੇ ਅਧੂਰੀ ਹੁੰਦੀ ਅਤੇ ਅਧੂਰੀ ਰਹਿ ਜਾਂਦੀ ਹੈ ਕਿ ਸਾਹਿਤ ਤਾਂ ਗਹਿਰਾ ਸਾਗਰ ਹੈ। ਕੋਣ ਹੈ ਜੋ ਸਾਗਰ ਨੂੰ ਨਾਪ ਸਕੇ? ਫਿਰ ਇਸ ਸਾਗਰ ਵਿਚ ਅਨੇਕਾਂ ਨਦੀਆਂ, ਨਾਲੇ, ਕੂਲਾਂ, ਆਕੇ ਮਿਲਦੀਆਂ ਰਹਿੰਦੀਆਂ ਹਨ ਅਤੇ ਇਉਂ ਇਹ ਹੋਰ ਗਹਿਰਾ ਤੇ ਵਿਸ਼ਾਲ ਹੁੰਦਾ ਚਲਾ ਜਾਂਦਾ ਹੈ। ਇਕ ਪ੍ਰਕਾਰ ਨਾਲ ਮੇਰੀ ਪੁਸਤਕ 'ਸਾਗਰ ਦੇ ਮੋਤੀ' ਵੀ ਸਾਹਿਤ ਦਾ ਹੀ ਇਤਿਹਾਸ ਹੈ। ਨਾਂ ਪ੍ਰਤੀਕਾਤਮਕ ਹੈ। ਸਾਹਿਤ ਸਾਗਰ ਹੈ ਅਤੇ ਸਾਹਿਤਕਾਰ ਅਮੁੱਲੇ ਮੋਤੀ। ਇਸ ਦਾ ਫਿਰ ਦੂਜਾ ਸੰਸਕਰਣ ਕੱਢਿਆ। ਇਸ ਦਾ ਨਾਂ 'ਸਾਹਿਤ-ਸਾਗਰ ਦੇ ਮੋਤੀ' ਰੱਖ ਦਿੱਤਾ ਗਿਆ। ਪਰ ਫਿਰ ਵੀ ਅਧੂਰੀ ਦੀ ਅਧੂਰੀ ਰਹੀ ਭਾਵੇਂ ਇਹ ਬਹੁਤ ਵਧਾਈ ਗਈ ਸੀ ਤੇ ਸੋਧੀ ਵੀ ਗਈ ਸੀ। ਤਾਂ ਛੇਤੀ ਪਿਛੋਂ ਹੋਰ ਮਿਹਨਤ ਕਰਨੀ ਪਈ ਬੜੀ, ਲਗਨ ਨਾਲ। ਨਤੀਜਾ ਇਹ ਹੋਇਆ ਕਿ 'ਸਾਹਿਤ ਦਾ ਇਤਿਹਾਸ' ਕਢਿਆ ਜੋ ਉਪਰੋਕਤ ਪੁਸਤਕ ਦਾ ਪੂਰਕ ਸੀ। ਇਕ ਤਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਹ ਪਹਿਲੀਆਂ ਪੁਸਤਕਾਂ ਵਾਂਗ ਕਾਫੀ ਹੱਥੋਂ ਹੱਥ ਵਿਕ ਗਿਆ। ਦੂਜਾ ਯੂਨੀਵਰਸਟੀਆਂ ਦੇ ਸਿਲੇਬਸ ਬਦਲਣ ਨਾਲ ਕੁਝ ਹੋਰ ਅਧੂਰਾ ਵੀ ਲਗਣ ਲੱਗਾ। ਸੋ ਫਿਰ ਮਿਹਨਤ ਵਿਚ ਜੁੱਟਣਾ ਪਿਆ। ਜਿਸ ਦਾ ਫਲ ਹੈ ਹੱਥਲਾ 'ਪੰਜਾਬੀ ਸਾਹਿਤ ਦਾ ਇਤਿਹਾਸ' ਸੰਸਕਰਨ ਦੂਜਾ। ਇਹ ਪੁਸਤਕ ਵੀ 'ਸਾਹਿਤ-ਸਾਗਰ-ਮੋਤੀ' ਦੀ ਪੂਰਕ ਪੁਸਤਕ ਹੈ। ਮੈਂ ਇਹ ਦਾਅਵਾ ਤਾਂ ਨਹੀਂ ਕਰ ਸਕਦਾ ਕਿ ਇਹ ਕਾਫੀ ਪੂਰਾ ਹੈ, ਪਰ ਇਹ ਦਾਅਵਾ ਜ਼ਰੂਰ ਕਰ ਸਕਦਾ ਹਾਂ ਕਿ ਇਹ ਦਸਵੀਂ ਤੋਂ ਲੈ ਕੇ ਐਮ.ਏ. ਐਮ ਫਿਲ ਦੇ ਵਿਦਿਆਰਥੀਆਂ ਦੀਆਂ ਲੋੜਾਂ ਕਾਫ਼ੀ ਹਦ ਤਕ (ਜੇ ਪੂਰੀਆਂ 2 ਨਹੀਂ) ਪੂਰੀਆਂ ਕਰ ਸਕਦਾ ਹੈ। ਮੈਂ ਜੋ ਐਮ. ਏ. ਤਕ ਦੀਆਂ ਸ਼੍ਰੇਣੀਆਂ ਨੂੰ ਪੜ੍ਹਾਉਂਦਾ ਆਇਆ ਹਾਂ। ਉਹ ਵਿਦਿਆਰਥੀ ਜੋ ਡੁੰਨ ਵੱਟਾ ਬਣਕੇ ਸ਼੍ਰੇਣੀ ਵਿਚ ਬੈਠਕੇ ਚਲੇ ਜਾਂਦੇ ਹਨ ਜਾਂ ਸ਼ਰਾਰਤਾਂ ਤੇ ਗੱਲਾਂ ਵਿਚ ਲੱਗੇ ਰਹਿੰਦੇ ਹਨ, ਅਧਿਆਪਕਾਂ ਨੂੰ ਚੰਗੇ ਨਹੀਂ ਲਗਦੇ, ਚੰਗੇ ਉਹ ਵਿਦਿਆਰਥੀ ਲਗਦੇ ਹਨ ਜੋ ਲੈਕਚਰ ਨੂੰ ਧਿਆਨ ਨਾਲ ਸੁਣਨ ਅਤੇ ਕੋਈ ਗੱਲ ਅਧੂਰੀ ਰਹਿ ਜਾਣ ਤੇ ਜਾਂ ਸਮਝ ਨਾ ਆਉਣ ਤੇ ਜਾਂ ਹੋਰ ਸਪਸ਼ਟਤਾ ਲਈ ਪ੍ਰਸ਼ਨ ਪੁੱਛਣ। ਐਸੇ ਵਿਦਿਆਰਥੀ ਬਹੁਤ ਘੱਟ ਹੁੰਦੇ ਹਨ। ਬੱਸ ਐਸੇ ਵਿਦਿਆਰਥੀਆਂ ਦੇ ਪ੍ਰਸ਼ਨ ਹੀ ਮੇਰੇ ਇਸ 'ਸਾਹਿਤ ਦੇ ਇਤਿਹਾਸ' ਦਾ ਸਰੋਤ ਬਣੇ ਹਨ। ਪ੍ਰੇਰਕ ਬਣੇ ਹਨ। ਅਧਿਆਪਕਾਂ ਦਾ ਮੁੱਲ ਤਨਖਾਹਾਂ ਬਿਲਕੁਲ ਨਹੀਂ, ਸਗੋਂ ਉਨ੍ਹਾਂ ਦਾ ਮੁੱਲ ਉਹ ਗੌਰਵ ਹੈ, ਮਾਨ ਹੈ, ਸਰੂਰ ਹੈ, ਅਨੰਦ ਹੈ, ਖੁਸ਼ੀ ਹੈ ਜੋ ਉਨ੍ਹਾਂ ਨੂੰ ਵਿਦਿ-ਆਰਥੀਆਂ ਦੇ ਔਖੇ ਤੋਂ ਔਖੇ ਪ੍ਰਸ਼ਨਾਂ ਦੇ ਜਵਾਬ ਦੇਣ ਵਿਚ ਮਿਲਦੀ ਹੈ। ਐਸੇ ਪ੍ਰਸ਼ਨ ਅਧਿਆਪਕਾਂ ਦੇ ਗਿਆਨ ਵਿਚ ਰੋਕ ਨਹੀਂ ਲਗਣ ਦੇਂਦੇ ਅਤੇ ਅਧਿਆਪਕ ਦੇ ਗਿਆਨ ਦਾ ਪ੍ਰਵਾਹ ਅੱਗੇ ਦਾ ਅੱਗੇ ਚਲਦਾ ਰਹਿੰਦਾ ਹੈ ਆਪਣਾ ਪ੍ਰਵਾਹ ਜੋ ਰੋਕ ਲੈਂਦੇ ਹਨ ਉਨ੍ਹਾਂ ਨੂੰ ਪੜ੍ਹਾਉਣ ਲੱਗਿਆਂ ਘੁੱਟਣ ਮਹਿਸੂਸ ਹੁੰਦੀ ਹੈ। ਇਹ ਘੁਟਣ ਹੀ ਅਧਿਆਪਕਾਂ ਤੇ ਪ੍ਰਾਧਿਆਪਕਾਂ ਦੀ ਇਕ ਪ੍ਰਕਾਰ ਦੀ ਸਦਾਚਾਰਕ ਮੌਤ ਹੈ। ਗਿਆਨ ਆਪਣੇ ਆਪ ਵਿਚ ਇਕ ਬੜੀ ਸ਼ਕਤੀ ਹੈ। ਮਨੋਬਲ ਹੈ। ਸਵੈ ਵਿਸ਼ਵਾਸ ਹੈ। ਧੀਰਜ ਹੈ। ਸਾਹਸ ਹੈ। ਸੋ ਸ਼ਾਂ, ਇਹ ਹੱਥਲੀ ਪੁਸਤਕ ਮੇਰੇ ਲਈ ਇਹ ਸਭ ਕੁਝ ਹੈ।

ਆਲੋਚਕ ਤਾਂ ਭਾਵੇਂ ਇਸ ਨੂੰ ਨਾ ਸਲਾਹ ਸਕਣ, ਕਿਉਂਕਿ, ਉਹ ਗੁੱਟ ਬੰਦੀਆਂ ਦਾ ਸ਼ਿਕਾਰ ਹੋਕੇ ਰਹਿ ਗਏ ਹਨ। ਪਿਆਲਾ-ਯਾਰੀ ਵਿਚ ਸੁੰਗੜਕੇ ਰਹਿ ਗਏ ਹਨ। ਸੀਮਤ ਹੋ ਗਏ ਹਨ। ਉਨ੍ਹਾਂ ਆਪਣੇ ਆਪ ਨੂੰ ਬੌਣਾ ਬਣਾ ਲਿਆ ਹੈ, ਇਉਂ ਆਪਣੇ ਆਪ ਨੂੰ ਘਿਨੌਣਾ ਬਣਾ ਲਿਆ ਹੈ। ਦੂਸ਼ਤ ਕਰ ਲਿਆ ਹੈ। ਪੱਖ ਪਾਤੀ ਬਣਾ ਲਿਆ ਹੈ। ਯਾਰ-ਪਾਲ ਬਣਾ ਲਿਆ ਹੈ। ਪਰ ਹਾਂ, ਵਿਦਿਆਰਥੀ ਜ਼ਰੂਰ ਪ੍ਰਸੰਸਾ ਕਰਨਗੇ ਜਿਵੇਂ ਕਿ ਉਨ੍ਹਾਂ ਨੇ ਮੈਨੂੰ, ਨਿਮਾਣੇ ਨਿਰਮਲ ਨੂੰ, ਪਹਿਲਾਂ ਹੀ ਕਾਫ਼ੀ ਉਤਸ਼ਾਹਿਤ ਕੀਤਾ ਹੈ। ਪ੍ਰੇਰਿਆ ਹੈ। ਅੱਗੇ ਵਧਾਇਆ ਹੈ। ਸੋ ਉਨ੍ਹਾਂ ਦੇ ਪ੍ਰਸਾਦ ਨਾਲ ਵੀ ਇਹ ਹੱਥਲੀ ਪੁਸਤਕ ਲਿਖੀ ਗਈ ਹੈ। ਇਹ ਪੁਸਤਕ ਦਾ ਤੀਜਾ ਸੰਸਕਰਣ ਹੈ।

ਚਾਨਣ ਸਿੰਘ ਨਿਰਮਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

Forwarded free of Cost, and with the
Compliments of Deptt. of Education,
Govt. of India, New Delhi.

ਆਦਿ ਕਾਲ ਦੇ ਸਾਹਿਤ ਦੀ ਕਾਲ ਵੰਡ ਤੇ ਇਤਿਹਾਸਕਾਰੀ

1. ਪੂਰਵ ਨਾਨਕ (ਮੁਗਲ) ਕਾਲ—(1500 ਈ. ਤਕ) ਡਾ. ਮੋਹਣ ਸਿੰਘ ਅਨੁਸਾਰ ਇਹ ਕਾਲ 8 ਵੀਂ ਸਦੀ ਈਸਵੀ ਤੋਂ ਸ਼ੁਰੂ ਹੁੰਦਾ ਹੈ ਅਤੇ 15 ਵੀਂ ਸਦੀ ਦੇ ਅੰਤ ਤਕ ਚਲਦਾ ਹੈ। ਇਹ ਉਹ ਕਾਲ ਹੈ ਜਿਸ ਵਿਚ ਧਾਰਮਿਕ ਜੀਵਨ ਬਤੀਤ ਕਰਨ ਵਾਲੇ ਭਿਖਸ਼ੂ,ਸੰਤ,ਯੋਗੀ, ਬੋਧੀ ਤੇ ਮੁਸਲਮਾਨ ਦਰਵੇਸ਼ ਵਿਚਰਦੇ ਰਹੇ ਹਨ। ਇਸ ਕਾਲ ਵਿਚ ਹੀ ਭਗਤੀ ਮੱਤ ਦਾ ਉਥਾਨ ਹੋਇਆ। ਰਾਜਿਸਥਾਨ ਤੇ ਮੱਧ ਭਾਰਤ ਦੇ ਕੁਝ ਹੱਦ ਤਕ ਪੰਜਾਬ ਵਿਚ ਬੀਰ ਗਾਥਾ ਵੀ ਲਿਖੀ ਗਈ। ਕੁਝ ਕਿੱਸਾ ਲੇਖਕ ਵੀ ਹੋਂਦ ਵਿਚ ਆਏ। ਇਹ ਕਾਲ ਪੰਜਾਬੀ ਸਾਹਿਤ ਦੇ ਇਤਿਹਾਸ ਦਾ ਪ੍ਰਬੰਧਕ ਕਾਲ ਹੈ। ਇਸ ਵਿਚ ਰਾਜਸੀ ਜੁਗਗਰਦੀ ਘੱਟ ਸੀ। ਪਰ ਹਿੰਦੂ ਮੁਸਲਮਾਨ ਸੰਸਕ੍ਰਿਤੀ ਦਾ ਪ੍ਰਸਪਰ ਮੇਲ ਇਸ ਕਾਲ ਵਿਚ ਇਕ ਦੂਜੇ ਉੱਤੇ ਪ੍ਰਭਾਵ ਪਾ ਰਿਹਾ ਸੀ। ਇਸ ਤਰ੍ਹਾਂ ਕਿਸੇ ਸਾਂਝੇ ਮਾਰਗ ਲਈ ਰਸਤਾ ਸਾਫ਼ ਹੋ ਰਿਹਾ ਸੀ।

2. ਨਾਨਕ (ਮੁਗਲ) ਕਾਲ (1500 - 1700 ਈ.)—ਗੁਰੂ ਨਾਨਕ ਬਾਬਰ ਦੇ ਸਮਕਾਲੀ ਸਨ ਅਤੇ ਗੁਰੂ ਗੋਬਿੰਦ ਸਿੰਘ ਔਰੰਗਜ਼ੇਬ ਦੀ ਮੌਤ ਤੋਂ ਇਕ ਸਾਲ ਪਿਛੋਂ ਜੋਤੀ ਜੋਤ ਸਮਾਏ ਸਨ। ਕਿਉਂਕਿ ਇਹ ਕਾਲ ਸਾਹਿਤਕ ਤੌਰ ਤੇ ਵੀ ਤੇ ਇਤਿਹਾਸਕ ਤੌਰ ਤੇ ਵੀ ਇਕ ਇਕੱਠ ਵਿਚ ਆ ਜਾਂਦਾ ਹੈ, ਇਸ ਲਈ, ਇਸ ਕਾਲ ਵਿਚ ਪੰਜਾਬੀ ਸਾਹਿਤ ਤੇ ਹੋਰ ਭਗਤੀ ਸਾਹਿਤ ਆਪਣੀਆਂ ਸਿਖ਼ਰਾਂ ਨੂੰ ਛੂੰਹਦੇ ਹਨ। ਮੁਗਲ ਸ਼ਾਸਨ ਸਾਹਿਤ ਕਲਾ ਤੇ ਸੰਸਕ੍ਰਿਤੀ ਦੇ ਵਿਕਾਸ ਲਈ ਬੜਾ ਯੋਗ ਸਿੱਧ ਹੋਇਆ ਹੈ। ਇਸ ਕਾਲ ਵਿਚ ਹਿੰਦੂ ਮੁਸਲ-ਮਾਨ ਸੰਸਕ੍ਰਿਤੀ ਦਾ ਮੇਲ ਹੋਇਆ। ਜਾਂ ਹੋ ਰਿਹਾ ਸੀ। ਇਸ ਮੇਲ ਨੇ ਇਸ ਕਾਲ ਦੇ ਸਾਹਿਤ ਨੂੰ ਵਿਸ਼ੇਸ਼ ਪ੍ਰਾਪਤੀ ਤੇ ਕੀਮਤੀ ਵਿਰਸਾ ਪ੍ਰਦਾਨ ਕੀਤਾ। ਇਸ ਕਾਲ ਵਿਚ ਪੰਜਾਬੀ ਸਾਹਿਤ ਦੀ ਪਰੰਪਰਾ ਕਾਫ਼ੀ ਹੱਦ ਤਕ ਨਿਸਚਤ ਹੋ ਚੁਕੀ ਸੀ। ਬਹੁਤ ਸਾਰੇ ਪ੍ਰਤਿਭਾਸ਼ੀਲ ਸਾਹਿਤਕਾਰ ਆਪਣੀਆਂ ਉਤਕ੍ਰਿਸ਼ਟ ਰਚਨਾਵਾਂ ਕਰ ਚੁਕੇ ਸਨ। ਇਸੇ ਲਈ ਪੰਜਾਬੀ ਸਾਹਿਤ ਦੇ ਇਤਿਹਾਸ ਦਾ ਇਹ ਸੁਨਹਿਰੀ ਕਾਲ ਹੈ। ਸੂਫ਼ੀ ਫ਼ਕੀਰ ਵੀ ਇਸ ਕਾਲ ਵਿਚ ਸਾਂਝ ਅਤੇ ਏਕਤਾ ਦਾ ਪ੍ਰਚਾਰ ਕਰਦੇ ਹਨ। ਮੁਗਲ ਰਾਜ ਦੇ ਦਰਬਾਰੀ ਕਵੀ ਵੀ, ਭਾਰਤ ਕਵੀ ਵੀ ਅਤੇ ਗੁਰੂ ਕਵੀ ਵੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾਥ ਜੋਗੀ ਕਾਵਿ ਦੀਆਂ ਵਿਸ਼ੇਸ਼ਤਾਵਾਂ

ਨਾਥ ਜੋਗੀਆਂ ਦੀ ਕਵਿਤਾ ਪੰਜਾਬੀ ਸਾਹਿਤ ਦੇ ਇਤਿਹਾਸ ਦੀ ਆਦਿਕਾ ਵਿਚ ਆਉਂਦੀ ਹੈ। ਇਹ ਆਦਿ ਕਾਲ ਦੀ ਆਦਿਕਾ ਬਣਦੀ ਹੈ। ਇਸ ਕਾਵਿ ਦੀਆਂ ਵਿਸ਼ੇਸ਼ਤਾਵਾਂ ਇਉਂ ਹਨ।

1. ਨਾਥ ਜੋਗੀਆਂ ਦੀ ਕਵਿਤਾ ਪੰਜਾਬ ਦੀ ਧਰਤੀ ਦੀ ਕਵਿਤਾ ਹੈ। ਨਾਥ ਜੋਗੀਆਂ ਦੇ ਸਥਾਨ ਪੰਜਾਬ ਵਿਚ ਮਿਲਦੇ ਹਨ। ਜਿਵੇਂ ਜਲੰਧਰ ਨਾਥ ਦੇ ਨਾਂ ਤੇ ਜਲੰਧਰ ਸ਼ਹਿਰ ਵਸਿਆ। ਚੌਰੰਗੀ ਨਾਥ (ਪੂਰਨ ਭਗਤ) ਦਾ ਖੂਹ ਸਿਆਲਕੋਟ ਵਿਚ ਹੈ, ਜਿਥੋਂ ਗੋਰਖ ਨਾਥ ਨੇ ਉਸ ਨੂੰ ਕਢਿਆ ਸੀ। ਗੋਰਖ ਵੀ ਪੰਜਾਬ ਦਾ ਜੰਮਪਲ ਹੈ। ਚਰਪਟ ਨਾਥ ਵੀ ਸਿਆਲਕੋਟ ਦਾ ਜੰਮਪਲ ਸੀ। ਇਸ ਲਈ ਇਨ੍ਹਾਂ ਨਾਥਾਂ ਦੀ ਬਾਣੀ ਸਾਨੂੰ ਪੁਰਾ-ਤਨ ਪੰਜਾਬੀ ਦੀ ਵੰਨਗੀ ਪੇਸ਼ ਕਰਦੀ ਹੈ।

2. ਨਾਥ ਜੋਗੀਆਂ ਦੀ ਕਵਿਤਾ ਵਿਚ ਅਪਭ੍ਰੰਸ਼ ਦੀ ਰੰਗਣ ਹੈ। ਸੰਸਕ੍ਰਿਤ ਤੇ ਹਿੰਦੀ ਦੀ ਭਰਮਾਰ ਹੈ।

ਮਾਰਿਬਾ ਤੋ ਮਨ ਮਾਰਿਬਾ ਲੁਟਿਬਾ ਪਵਨ ਭੰਡਾਰ।
ਸਾਧਿਬਾ ਤੋ ਪੰਚ ਤੱਤ ਸੋਇਬਾ ਤੋ ਨਿਰੰਜਨ ਨਿਰੰਕਾਰ।

(ਚੌਰੰਗੀ ਨਾਥ)

3. ਨਾਥ ਜੋਗੀਆਂ ਦੀ ਕਵਿਤਾ ਵਿਚ ਯੋਗ-ਸ਼ਬਦਾਵਲੀ ਦੀ ਸੰਭਾਲ ਹੈ। ਨਹੀਂ ਤਾਂ ਉਹ ਸ਼ਬਦ ਅਲੋਪ ਹੋ ਜਾਂਦੇ। ਗੁਰਬਾਣੀ ਵਿਚ ਵੀ ਇਨ੍ਹਾਂ ਸ਼ਬਦਾਂ ਦਾ ਪ੍ਰਭਾਵ ਹੈ। ਗੁਰੂ ਨਾਨਕ ਦੇਵ ਜੀ ਦੀ ਬਾਣੀ ਸਿਧ ਗੋਸ਼ਟ ਇਸ ਦਾ ਪ੍ਰਤਖ ਪ੍ਰਮਾਣ ਹੈ। ਜਪੁਜੀ ਸਾਹਿਬ ਵਿਚ ਵੀ ਨਾਥ-ਸ਼ਬਦਾਵਲੀ ਹੈ।

4. ਨਾਥ-ਬਾਣੀ ਵਿਚ ਨਾਥ-ਜੋਗੀਆਂ ਨੇ ਆਪਣੇ ਧਰਮ ਦੀ ਵਿਆਖਿਆ ਕੀਤੀ ਹੈ। ਜਿਵੇਂ—

1. ਹਿੰਦੂ ਧਿਆਵੈ ਦੇਹੁਰਾ ਮੁਸਲਮਾਨ ਮਸੀਤ।
ਜੋਗੀ ਧਿਆਵੈ ਪਰਮ ਪਦ ਜਹਾਂ ਦੇਹੁਰਾ ਨ ਮਸੀਤ। (ਗੋਰਖ ਨਾਥ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

2. ਤਟ ਤੀਰਥ ਬ੍ਰਾਹਮਣ ਕੇ ਧਰਮਾ, ਪੁੰਨ ਦਾਕ ਖਤਰੀ ਕੇ ਧਰਮਾ।
ਬਣਜ ਵਪਾਰ ਵੈਸ਼ਨੋ ਕੇ ਕਰਮਾ, ਚਰਪਟ ਪ੍ਰਣਵੇ ਸੁਣਿਉ ਸਿਧੋ,
ਮਨ ਵਸ ਕੀਏ ਜੋਗੀ ਕੇ ਧਰਮਾ।

5. ਨਾਥ-ਬਾਣੀ ਕਿਤੇ ਕਿਤੇ ਗੁਰਮਤਿ ਨਾਲ ਵੀ ਮੇਲ ਖਾਂਦੀ ਹੈ—
''ਪ੍ਰਣਵੇ ਗੋਰਖ ਸੁਣਹੁ ਪੂਤਾ ਅੰਨ ਪਾਣੀ ਯੋਗ।
ਅੰਨ ਕੇ ਸੰਜਮੀ ਬਿੰਦ ਨ ਜਾਏ,
ਨਿੰਦਰਾ ਕੇ ਸੰਜਮੀ ਕਾਲ ਨ ਜਾਇ।''

ਭਾਈ ਗੁਰਦਾਸ ਜੀ ਵੀ ਲਿਖਦੇ ਹਨ—
''ਥੋੜਾ ਸਵਣਾ ਖਾਵਣਾ ਥੋੜਾ ਬੋਲਣ ਗੁਰਮਤਿ ਪਾਇ।''

ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿਚ ਵੀ ਆਇਆ ਹੈ—
''ਅਲਪ ਅਹਾਰ ਸੁਲਪ ਸੀ ਨਿੰਦਰਾ ਦਿਆ ਛਿਮ ਤਨ ਪ੍ਰੀਤ।''

ਗੁਰਮਤਿ ਵਿਚ ਹੱਠ ਦਾ ਖੰਡਨ ਕੀਤਾ ਗਿਆ ਹੈ। ਚਰਪਟ ਵੀ ਇਸੇ ਮਤ ਦਾ ਹਾਮੀ ਹੈ –
''ਚਰਪਟ ਕਹੇ ਸੁਣਹੁ ਰੇ ਸਿਧੋ ਹਠ ਕਰ ਤਪ ਨਹੀਂ ਕਰਨਾ।''

6. ਪਰੰਤੂ ਨਾਥ ਬਾਣੀ ਤੇ ਗੁਰਬਾਣੀ ਦਾ ਮੇਲ ਆਮ ਨਹੀਂ ਹੈ। ਇਨ੍ਹਾਂ ਦਾ ਵਿਰੋਧ ਵੀ ਹੈ। ਜਿਵੇਂ ਗੁਰੂ ਨਾਨਕ ਨੇ ਇਸਤ੍ਰੀ ਨੂੰ ਮਹਾਨ ਦਰਜਾ ਦਿੱਤਾ ਹੈ। ਉਸ ਨੂੰ ''ਸੋ ਕਿਉਂ ਮੰਦਾ ਆਖੀਐ ਜਿਤ ਜੰਮੇ ਰਾਜਾਨ'' ਕਹਿ ਕੇ ਵਡਿਆਇਆ ਹੈ। ਭਾਈ ਗੁਰਦਾਸ ਜੀ ਨੇ ਵੀ ਜਿਥੇ ਨਾਰੀ ਨੂੰ ਸ਼੍ਰੋਮਣੀ ਪਦਵੀ ਦਿੱਤੀ ਹੈ—
''ਪੇਵਕੜੇ ਘਰ ਲਾਡਲੀ ਮਾਊਂ ਪਿਓ ਖਰੀ ਪਿਆਰੀ।
ਵਿਚ ਭਰਾਵਾਂ ਭੈਣੜੀ ਨਾਨਕ ਦਾਦਕ ਸਣ ਪਰਵਾਰੀ।
ਸਰਵਰੜੇ ਘਰ ਮੰਨੀਐ ਸਨੱਖਤੀ ਪਰਵਾਰ ਸੁਧਾਰੀ।
ਲੋਕ ਵੇਦ ਗੁਰ ਗਿਆਨ ਵਿਚ ਅਧਰ ਸਰੀਰੀ ਮੋਖ ਦੁਆਰੀ।
ਗੁਰਮੁਖ ਸੁਖ ਫਲ ਨਿਹਚਉ ਨਾਰੀ।''

ਉਥੇ ਗੋਰਖ ਵਰਗੇ ਨਾਰੀ ਦੀ ਭੰਡਣੀ ਕਰਦੇ ਉਸ ਨੂੰ ਬਾਘਣ ਕਹਿਕੇ ਇਉਂ ਦੁਰਕਾਰਦੇ ਹਨ—

1. ਬਾਘਣ ਜਿੰਦ ਲੈ, ਬਾਘਣ ਬਿੰਦ ਲੈ, ਬਾਘਣ ਹਮਰੀ ਕਾਇਆ।
ਇਨ ਬਾਘਣ ਤ੍ਰੈ ਲੋਕੀ ਖਾਈ ਬਧਤ ਗੋਰਖ ਰਾਇਆ।

2. ਨਦੀ ਢਿਗ ਬਿਰਖਾ, ਨਾਰੀ ਸੰਗ ਪੁਰਖ ਅਲਪ ਜੀਵਨ ਕੀ ਆਸਾ।
ਮਨ ਕੀ ਚਾਲ ਮੇਰ ਖਿਸਤ ਹੈ ਤਾਂਤੇ ਕੰਧ ਬਿਨਾਸਾ।

3. ਦਿਵਸ ਕੋ ਬਾਘਣ ਸੁਰ ਨਰ ਮੋਹਿ ਰਾਤੀਂ ਸ਼ਾਇਰ ਸੋਖੇ।
ਮੂਰਖ ਲੋਕਾ ਅੰਧਲਾ ਪਸ਼ੂਆ ਨਿਤ ਪ੍ਰਤੀ ਬਾਘਣ ਭੁਖੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

4. ਦਾਮ ਕਾਢ ਬਾਘਣ ਲੈ ਆਇਆ ।
ਮਾਉ ਕਹੇ ਮੇਰਾ ਪੂਤ ਬਿਆਇਆ ।
ਗੀਲੀ ਲਕੜੀ ਕੋ ਘੁਨ ਲਾਈਆ ।
ਤਿਨ ਡਾਲ ਮੂਲ ਚੁਣ ਖਾਇਆ ।

7. ਵੇਖੋ ਉਪਰੋਕਤ ਬੰਦ ਵਿਚ ਕਿਵੇਂ ਹਾਸ-ਰਸ ਵੀ ਪੈਦਾ ਕੀਤਾ ਗਿਆ ਹੈ। ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਗੋਰਖ ਨਾਥ ਦਾ ਇਹ ਪਦ ਹਾਸ-ਰਸ ਦੀ ਧਾਰਾ ਨੂੰ ਜਨਮ ਦੇਂਦਾ ਹੈ। ਇਸੇ ਧਾਰਾ ਨੂੰ ਬਾਅਦ ਵਿਚ ਕਬੀਰ, ਸੁਥਰੇ, ਜਲ੍ਹਣ, ਆਦਿ ਨੇ ਅੱਗੇ ਤੋਰਿਆ।

ਚਰਪਟ ਨਾਥ ਦੀ ਬਾਣੀ ਵਿਚ ਵੀ ਹਾਸ-ਰਸ ਆਇਆ ਹੈ—

1. ਬਾਹਰ ਉਲਟਾ ਭਣ ਨਹੀਂ ਜਾਊਂ।
ਕਾਹੇ ਕਾਰਨ ਕਾਨਨ ਕਾ ਚੀਰਾ ਪਾਊਂ।
ਸੰਦਿਆ ਵੇਖ ਸਿੰਗੀ ਨ ਵਜਾਊਂ।
ਬਿਭੂਤ ਨ ਲਗਾਊਂ ਜਿਉਂ ਤਰ ਉਤਰ ਜਾਏ।
ਖਰ ਜਿਉਂ ਲੋਟੇ ਮੇਰੀ ਬਲਾਇ!"

2. ਦੁਆਰੇ ਦੁਆਰੇ ਧੂੰਆ ਨਾ ਪਾਊਂ,
ਕੁਤੇ ਕੀ ਨਿਆਈਂ ਮਾਂਗਨੇ ਨ ਜਾਊਂ।

8. ਨਾਥ ਬਾਣੀ ਗ੍ਰਹਿਸਥ ਵਲੋਂ ਉਪਰਾਮਤਾ ਪੈਦਾ ਕਰਦੀ ਹੈ। ਤਾਂ ਹੀ ਗੁਰੂ ਨਾਨਕ ਦੇਵ ਜੀ ਨੇ ਕਿਹਾ ਸੀ ਕਿ ਐ ਨਾਥ ਜੋਗੀਓ ਤੁਸੀਂ ਗ੍ਰਹਿਸਥ ਨੂੰ ਤਾਂ ਤਿਆਗਦੇ ਹੋ ਨਾਰੀ ਨੂੰ ਨਿੰਦਦੇ ਹੋ ਫਿਰ ਗ੍ਰਹਿਸਥੀਆਂ ਦੇ ਘਰ ਮੰਗਦੇ ਹੋ ਤੇ ਨਾਰੀ ਦੇ ਹੱਥੋਂ ਪੱਕੀ ਰੋਟੀ ਦਾ ਖੈਰ ਪਾਂਦੇ ਹੋ। ਇਹ ਕੈਸਾ ਤੁਹਾਡਾ ਹਾਸੋ ਹੀਣਾ ਤਿਆਗ ਹੈ।

ਗੁਰਬਾਣੀ ਇਸ ਤੋਂ ਉਲਟ ਆਤਮਕ ਉੱਚਤਾ ਵਿਚ ਲਿਜਾਕੇ ਉਪਰਾਮਤਾ ਪੈਦਾ ਕਰਦੀ ਹੈ—ਜਿਵੇਂ ਗੁਰੂ ਤੇਗ ਬਹਾਦਰ ਜੀ ਦੀ ਬਾਣੀ—

"ਜਿਹਿ ਮਾਇਆ ਮਮਤਾ ਤਜੀ ਸਭ ਤੇ ਭਇਓ ਉਦਾਸ।
ਕਹੁ ਨਾਨਕ ਸੁਣਾ ਰੇ ਮਨਾ ਤਿਹਿ ਘਟਿ ਬ੍ਰਹਮ ਨਿਵਾਸੁ।"

ਮਛੰਦਰ ਨਾਥ ਵੀ ਸ਼ਾਇਦ ਐਸੀ ਉਪਰਾਮਤਾ ਤੇ ਹੀ ਜ਼ੋਰ ਦੇਂਦਾ ਲਗਦਾ ਹੈ—

"ਜੋਗੀ ਸੋਈ ਜੋਗੀ ਰੇ, ਜੁਗਤ ਰਹੈ ਉਦਾਸ।
ਤਾਤ ਨਰਿੰਜਨ ਪਾਇਯ, ਯੋਂ ਕਹੈ ਮਛੰਦਰ ਨਾਥ।"

ਭਾਵੇਂ ਸਿਧੇ ਤੌਰ ਤੇ ਨਹੀਂ ਪਰ ਸੰਕੇਤਕ ਢੰਗ ਨਾਲ ਚਰਪਟ ਨਾਥ ਵੀ ਗ੍ਰਹਿਸਥ ਆਸ਼ਰਮ ਤੇ ਜ਼ੋਰ ਦੇਂਦਾ ਲਗਦਾ ਹੈ ਫਿਰ ਚੰਬੇ ਦੇ ਰਾਜੇ ਦਾ ਰਾਜ-ਗੁਰੂ ਅਤੇ ਚੰਬੇ ਦੀ ਰਾਜਕੁਮਾਰੀ ਨਾਲ ਵਿਆਹਿਆ ਵੀ ਦਸਿਆ ਜਾਂਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

9. ਗੁਰਬਾਣੀ ਵਾਂਙ ਹੀ ਨਾਥ-ਬਾਣੀ ਵਿਚ ਵੀ ਕਿਤੇ ਕਿਤੇ ਉਨ੍ਹਾਂ ਦੇ ਜੀਵਨ ਦੀਆਂ ਝਲਕੀਆਂ ਮਿਲਦੀਆਂ ਹਨ। ਜਿਵੇਂ ਮਛੰਦਰ ਨਾਥ ਦੀ ਬਾਣੀ ਵਿਚ—

"ਜਬ ਗੋਰਖ ਕਿਰਪਾ ਕਰੀ, ਮ੍ਹਾਰੋ ਮਨਵੋ ਸਮਝਾਯੋ ਆਯਾ।"

ਕ੍ਰਿਹਾ ਜਾਂਦਾ ਹੈ ਕਿ ਇਕ ਵਾਰ ਮਛੰਦਰ ਵਿਲਾਸ ਦੇ ਜੀਵਨ ਵਿਚ ਗਲਤਾਣ ਹੋ ਗਿਆ ਸੀ ਤਾਂ ਗੋਰਖ ਨੇ ਆਪਣੇ ਗੁਰੂ ਨੂੰ ਜਗਾਇਆ ਅਤੇ ਪਰੀਆਂ ਦੇ ਮਾਇਆ-ਜਾਲ ਵਿਚੋਂ ਕਢਿਆ—

"ਉਠ ਜਾਗ ਮਛੰਦਰ ਸੁਤਿਆ ਚੜ੍ਹ ਗੋਰਖ ਆਇਆ।" (ਲੋਕ ਗੀਤ)

ਗੋਪੀ ਨਾਥ ਵੀ ਆਪਣੇ ਜੀਵਨ ਦੀ ਝਲਕ ਦੇਂਦਾ ਹੈ—

"ਗੁਰੂ ਹਮਾਰੇ ਗੋਰਖ ਬੋਲੀਐ, ਚਰਪਟ ਹੈ ਗੁਰਭਾਈ ਜੀ।
ਯੈ ਕੇ ਸ਼ਬਦ ਹਮਕੂ, ਗੁਰੂ ਗੋਰਖ ਨਾਥ ਕੀਆ।
ਸੋਵੋ ਲਿਖਿਆ ਮੈਨਾਵੰਤੀ ਮਾਈ ਜੀ।"

ਗੋਪੀ ਨਾਥ ਮਾਂ ਮੈਨਾਵੰਤੀ ਦਾ ਸਪੁੱਤਰ ਸੀ।

10. ਨਾਥ ਬਾਣੀ ਵੀ ਗੁਰਬਾਣੀ ਵਾਂਙ ਮਨ ਨੂੰ ਜਿੱਤਣ ਦੀ ਤੇ ਪੰਜਾਂ ਤੋਂ ਛੁਟਕਾਰਾ ਪਾਉਣ ਦੀ ਪ੍ਰੇਰਣਾ ਕਰਦੀ ਹੈ—ਜਿਵੇਂ ਚੌਰੰਗੀ ਨਾਥ ਦੀ ਬਾਣੀ—

"ਮਾਰਿਬਾ ਤੋ ਮਨ ਮਾਰਿਬਾ, ਲੁਟਿਬਾ ਪਵਨ ਭੰਡਾਰ।
ਸਾਧਿਬਾ ਤੋ ਪੰਚਤੱਤ ਸੋਇਬਾ ਤੋ ਨਿਰੰਜਨ ਨਿਰੰਕਾਰ।"

ਨਿਰੰਜਨ, ਨਿਰੰਕਾਰ, ਪੰਚਤੱਤ, ਆਦਿ ਅਨੇਕਾਂ ਸ਼ਬਦ ਗੁਰਬਾਣੀ ਵਿਚ ਵੀ ਪ੍ਰਵਾਣ ਚੜ੍ਹੇ। ਗੁਰੂ ਨਾਨਕ ਦੇਵ ਜੀ ਦਾ ਜਪੁਜੀ ਵੀ 'ਮਨ ਜੀਤੇ ਜਗ ਜੀਤ' ਦਾ ਸਬਕ ਦੇਂਦਾ ਹੈ।

ਚਰਪਟ ਵੀ ਲਿਖਦਾ ਹੈ—"ਮਨ ਵਸ ਕੀਏ ਜੋਗੀ ਕੇ ਧਰਮਾ।"

11. ਗੁਰਬਾਣੀ ਭੇਖ ਦਾ ਖੰਡਨ ਕਰਦੀ ਹੈ ਅਤੇ ਅਸਲੀ ਧਰਮਾਤਮਾ ਬਣਨ ਲਈ ਪ੍ਰੇਰਦੀ ਹੈ। ਚਰਪਟ ਨਾਥ ਵੀ ਅਸਾਂ ਉਪਰ ਵੇਖਿਆ ਹੈ ਭੇਦ ਦਾ ਖੰਡਨ ਕਰਦਾ ਹੈ।

"ਭੇਖ ਕਾ ਜੋਗੀ ਨ ਕਹਾਊਂ।
ਆਤਮਾ ਕਾ ਜੋਗੀ ਚਰਪਟ ਨਾਊਂ।

12. ਕਿਤੇ ਕਿਤੇ ਨਾਥ-ਬਾਣੀ ਵਰਤਮਾਨ ਬੋਲੀ ਦੀ ਝਲਕ ਪੇਸ਼ ਕਰ ਜਾਂਦੀ ਹੈ। ਜਿਵੇਂ ਚਰਪਟ ਨਾਥ ਦੀ ਕਵਿਤਾ—

"ਇਹ ਸੰਸਾਰ ਕਾਂਟਿਓ ਕੀ ਬਾੜੀ, ਨਿਰਖ ਨਿਰਖ ਪਗ ਧਰਨਾ।
ਚਰਪਟ ਕਹੇ ਸੁਣਹੁ ਰੇ ਸਿਧੋ, ਹਠ ਕਰ ਤਪ ਨਹੀਂ ਕਰਨਾ।"

ਡਾ. ਗੁਪਾਲ ਸਿੰਘ ਦਰਦੀ ਨੇ ਠੀਕ ਕਿਹਾ ਹੈ ਕਿ ਇਨ੍ਹਾਂ ਨਾਥਾਂ ਦੀ ਬੋਲੀ ਅਪਭ੍ਰੰਸ਼ ਪ੍ਰਧਾਨ ਪੰਜਾਬੀ ਹੈ। ਪਰ ਕਿਤੇ ਕਿਤੇ ਬੋਲੀ ਦੀ ਸਾਦਗੀ ਇਸ ਦੇ ਲਗਭਗ 1000 ਸਾਲ ਪੁਰਾਣੀ ਹੋਣ ਦਾ ਭੁਲੇਖਾ ਵੀ ਪਾਉਂਦੀ ਹੈ। ਕਿਉਂਕਿ ਇਹ ਨਾਥ-ਕਵੀ ਥਾਂ ਥਾਂ ਫਿਰਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਹਿੰਦੇ ਸਨ ਇਸ ਕਰਕੇ ਗੁਰਬਾਣੀ ਵਾਂਗ ਨਾਥ-ਬਾਣੀ ਵਿਚ ਵੀ ਸਥਾਨਕ ਭਾਸ਼ਾ ਦੇ ਸ਼ਬਦ ਮਿਲਦੇ ਹਨ ।

13. ਡਾ. ਜਗਬੀਰ ਸਿੰਘ (ਪੰਜਾਬੀ ਸਾਹਿਤ ਦਾ ਇਤਿਹਾਸ, ਆਦਿ ਕਾਲ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ) ਅਨੁਸਾਰ ਨਾਥ-ਬਾਣੀ ਦੀ ਇਕ ਹੋਰ ਵਿਸ਼ੇਸ਼ਤਾ ਇਸ ਦੀ ਨੈਤਿਕ ਸੁਰ ਹੈ, ਜੋ ਮੂਲ ਰੂਪ ਵਿਚ ਮਨ, ਵਿਚ, ਕਰਮ ਦੀ ਸ਼ੁਧਤਾ, ਅਹਿੰਸਾ ਤੇ ਦਇਆ ਦੀ ਭਾਵਨਾ ਦੇ ਨੈਤਿਕ ਗੁਣਾਂ ਦੀ ਸਵੀਕ੍ਰਿਤੀ ਪ੍ਰਦਾਨ ਕਰਦੀ ਹੈ ।

14. ਆਪਣੇ ਲੋਕ ਪਰੰਪਰਾ ਦੇ ਸੁਭਾਅ ਨੂੰ ਚੇਤੇ ਰਖਦਿਆਂ ਨਾਥ-ਬਾਣੀ ਨੇ ਬ੍ਰਾਹਮਣਵਾਦੀ ਕਰਮ-ਕਾਂਡ ਅਤੇ ਜਾਤੀ ਪ੍ਰਥਾ ਦੇ ਵਿਰੋਧ ਦਾ ਸੁਰ ਉਚਾਰਿਆ ਹੈ । ਇਹ ਇਸ ਕਾਵਿ-ਪ੍ਰਵਿਰਤੀ ਦਾ ਲੋਕ-ਹਿਤੈਸ਼ੀ ਤੇ ਮਾਨਵ-ਹਿਤਕਾਰੀ ਚਰਿੱਤਰ ਮੰਨਿਆ ਜਾ ਸਕਦਾ ਹੈ । ਅਸਲ ਵਿਚ ਉਦਾਸੀ ਫਕੀਰ ਹੋਣ ਦੇ ਨਾਤੇ ਇਹ ਆਪਣੇ ਆਪ ਨੂੰ ਜ਼ਾਤਪਾਤ ਅਤੇ ਊਚਨੀਚ ਦੇ ਵਿਤਕਰਿਆਂ ਤੋਂ ਦੂਰ ਰਖਦੇ ਸਨ ।

15. ਨਾਥ-ਜੋਗੀਆਂ ਨੇ ਆਪਣੀ ਬਾਣੀ ਵਿਚ ਬੁੱਧ ਅਤੇ ਸਿੱਧ ਪਰੰਪਰਾ ਦੇ ਅਨੇਕਾਂ ਸੰਕਲਪੀ ਸ਼ਬਦਾਂ ਨੂੰ ਵਰਤਿਆ ਹੈ । ਮਿਸਾਲ ਵਜੋਂ ਸੁੰਨ, ਨਿਰਵਾਣ, ਸਹਿਜ, ਨਾਦਿ, ਬਿੰਦ, ਅਨਹਦ, ਸੁਰਤਿ, ਸ਼ਬਦ, ਭਵ, ਸਾਗਰ, ਨਿਰੰਜਨ ਆਦਿ । ਇਹ ਸੰਕਲਪੀ ਸ਼ਬਦਾਵਲੀ ਨਾਥ-ਜੋਗੀਆਂ ਦੀ ਧਾਰਮਿਕ ਚੇਤਨਾ ਦਾ ਸੰਚਾਰ ਕਰਨ ਲਈ ਪ੍ਰਤੀਕਾਵਲੀ ਪ੍ਰਦਾਨ ਕਰਦੀ ਹੈ । ਪਰ ਏਥੇ ਇਕ ਗੱਲ ਧਿਆਨ ਯੋਗ ਹੈ ਕਿ ਨਾਥ-ਜੋਗੀਆਂ ਨੇ ਬਹੁਤ ਸਾਰੇ ਮੂਲ ਸਿੱਧ ਸੰਕਲਪਾਂ ਨੂੰ ਆਪਣੀ ਵਿਚਾਰ ਧਾਰਾ ਅਨੁਸਾਰ ਨਵੀਂ ਪਰਿਭਾਸ਼ਾ ਦੇਣ ਦਾ ਜਤਨ ਵੀ ਕੀਤਾ । ਸਹਿਜ, ਸਹਿਜ-ਸੁਖ ਸੁਰਤਿ, ਆਦਿ ਸੰਕਲਪਾਂ ਨੂੰ ਸਿੱਧਾਂ ਨੇ ਇਸਤ੍ਰੀ-ਪੁਰਖ ਵਿਚਲੇ ਕਾਮ-ਸੰਬੰਧਾਂ ਦੇ ਪ੍ਰਸੰਗ ਵਿਚ ਵਰਤਿਆ ਸੀ ਪਰੰਤੂ ਨਾਥ-ਜੋਗੀਆਂ ਨੇ ਇਨ੍ਹਾਂ ਸੰਕਲਪਾਂ ਦੀ ਵਰਤੋਂ ਜੋਗੀ ਦੇ ਆਪਣੇ ਨਿਜ ਸਰੂਪ ਵਿਚ ਟਿਕਣ ਸਥਿਤੀ ਨੂੰ ਪੇਸ਼ ਕਰਨ ਲਈ ਕੀਤੀ ।

16. ਨਾਥ-ਬਾਣੀ ਵਿਚ ਬੁੱਧ ਅਤੇ ਸਿੱਧ ਮਤ ਦੀ ਅਨ-ਈਸ਼ਵਰਵਾਦੀ ਦੀ ਧਾਰਨਾ ਦਾ ਤਿਆਗ ਵੀ ਦਿਖਾਈ ਦੇਂਦਾ ਹੈ । ਜੋਗੀਆਂ ਦਾ ਸੁੰਨ ਨਿਰੰਜਨ, ਹੋਂਦ ਅਤੇ ਹਸਤੀ ਦਾ ਸੁਮੇਲ ਹੈ, ਅਰਥਾਤ ਇਸ ਵਿਚ ਈਸ਼ਵਰਵਾਦ ਦੇ ਮੁਢਲੇ ਲੱਛਣ ਭਰਨ ਦਾ ਯਤਨ ਕੀਤਾ ਗਿਆ ਹੈ ।

(ਡਾ. ਜਗਬੀਰ ਸਿੰਘ)

17. ਨਾਥ-ਜੋਗੀਆਂ ਦੀ ਬਾਣੀ ਅਧਿਆਤਮਕ ਧਾਰਾ ਦੀ ਮੁਢਲੀ ਕਵਿਤਾ ਹੈ । ਗੁਰਬਾਣੀ ਇਸੇ ਧਾਰਾ ਦਾ ਪ੍ਰਤੱਖ ਵਿਕਾਸ ਹੈ । ਜਿਵੇਂ ਨਾਥ-ਬਾਣੀ ਆਪਣੀ ਪੂਰਬਲੀ ਸਾਹਿਤਕ ਪਰੰਪਰਾ ਦੇ ਪ੍ਰਤੀ ਉੱਤਰ ਤੇ ਪ੍ਰਤੀਵਾਦ ਬਣ ਕੇ ਪੇਸ਼ ਹੁੰਦੀ ਹੈ । ਇਵੇਂ ਹੀ ਗੁਰਬਾਣੀ ਨਾਥ-ਬਾਣੀ ਦੇ ਪ੍ਰਤੀ ਉੱਤਰ ਤੇ ਪ੍ਰਤੀਵਾਦ ਤੋਂ ਉਪਜੀ ਹੈ । ਜਿਵੇਂ ਨਾਥ-ਬਾਣੀ ਸਾਹਿਤਕ ਤੇ ਸਿਧਾਂਤਕ ਰੂੜ੍ਹੀਆਂ ਦੇ ਨੁਕਤੇ ਤੋਂ ਕੁਝ ਗ੍ਰਹਿਣ ਕਰਦੀ ਹੈ ਤੇ ਕੁਝ ਤਿਆਗ ਕਰਦੀ ਹੈ, ਇਵੇਂ ਹੀ ਗੁਰਬਾਣੀ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

18. ਨਾਥ-ਬਾਣੀ ਦੇ ਅਨੇਕਾਂ ਹੀ ਸ਼ਬਦ ਗੁਰਬਾਣੀ ਦਾ ਸ਼ਿੰਗਾਰ ਬਣੇ ਹਨ। ਇਸ ਦੀ ਸ਼ਬਦਾਵਲੀ ਦੀ ਗੁਰਬਾਣੀ ਨੂੰ ਕਾਫੀ ਦੇਣ ਹੈ। ਕਿਉਂਕਿ ਸ਼ਬਦ ਅਧਿਆਤਮਕ ਧਾਰਾ ਦੀ ਯੋਗ ਸ਼ਬਦਾਵਲੀ ਹੈ। ਸੋ ਇਨ੍ਹਾਂ ਤੋਂ ਛੁਟਕਾਰਾ ਨਹੀਂ ਪਾਇਆ ਜਾ ਸਕਦਾ। ਸਗੋਂ ਇਨ੍ਹਾਂ ਨੂੰ ਅਪਣਾ ਕੇ, ਧਾਰਨ ਕਰਕੇ ਮਾਲਾਮਾਲ ਹੋਣਾ ਹੀ ਗਣੀਮਤ ਹੈ। ਸੱਚ ਤਾਂ ਇਹ ਹੈ ਕਿ ਜੇ ਅਧਿਆਤਮਕ ਧਾਰਾ ਵਿਚੋਂ ਇਹ ਜੋ ਮੂਲ ਸ਼ਬਦਾਵਲੀ ਹੈ, ਕਢ ਦਿੱਤੀ ਜਾਵੇ ਤਾਂ ਅਧਿਆਤਮਕ ਪਰੰਪਰਾ ਬਹੁਤ ਕੁਝ ਖੋਹ ਬੈਠੇ ਅਤੇ ਖੋਖਲੀ ਹੋਕੇ ਰਹਿ ਜਾਏ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਆਦਿ ਕਾਲ ਦੀ ਆਦਿਕਾ/ ਆਦਿ ਕਾਲੀਨਤਾ/ਪੰਜਾਬੀ ਸਾਹਿਤ ਦਾ ਉਦਭਵ/ਉਤਪਤੀ/ ਪੂਰਵ ਨਾਨਕ ਕਾਲ ਦੀ ਮਹਾਨਤਾ

ਪ੍ਰਿੰ: ਸੰਤ ਸਿੰਘ ਸੇਖੋਂ ਅਨੁਸਾਰ ਹਰ ਕਲਾ ਦੇ ਦੋ ਸਰੂਪ ਹੁੰਦੇ ਹਨ—

1. ਲੌਕਿਕ ਸਰੂਪ 2. ਸਾਹਿਤਕ ਸਰੂਪ

ਕਿਸੇ ਬੋਲੀ ਦੇ ਸਾਹਿਤ ਦਾ ਇਤਿਹਾਸ ਉਦੋਂ ਸ਼ੁਰੂ ਹੁੰਦਾ ਹੈ ਜਦੋਂ ਉਹ ਭਾਸ਼ਾ ਸਾਹਿਤਕ ਪੱਧਰ ਉੱਤੇ ਆ ਟਿਕਦੀ ਹੈ। ਕੋਈ ਵੀ ਭਾਸ਼ਾ ਹੇਠਲੀਆਂ ਨੀਹਾਂ ਤੇ ਆਪਣਾ ਸਾਹਿਤਕ ਪੱਧਰ ਖੜਾ ਕਰਦੀ ਹੈ—

1. ਭਾਸ਼ਾ ਦਾ ਵਿਆਕਰਣਿਕ ਪ੍ਰਬੰਧ ਨਿਸ਼ਚਿਤ ਹੋ ਚੁਕਾ ਹੋਵੇ।

2. ਉਹ ਆਪਣੇ ਪਿਤਰੀ ਭਾਸ਼ਾਵਾਂ ਦੇ ਵਿਆਕਰਣਿਕ ਪਖੋਂ ਵਿਸਤ੍ਰਿਤ ਰੂਪ ਵਿਚ ਵੱਖ ਹੋ ਚੁਕੀ ਹੋਵੇ।

3. ਉਸ ਦੇ ਬੋਲਣ ਵਾਲਿਆਂ ਵਿਚ ਇਹ ਅਹਿਸਾਸ ਜਾਗ ਪਵੇ ਕਿ ਉਹ ਭਾਸ਼ਾ ਉਨ੍ਹਾਂ ਦੀ ਹੈ ਅਤੇ ਉਹ ਉਸ ਨੂੰ ਸਾਹਿਤਕ ਮਾਧਿਅਮ ਦੇ ਤੌਰ ਤੇ ਵਰਤਣ ਲਗ ਪੈਣ।

4. ਕੁਝ ਸਾਹਿਤਕ ਉਸ ਭਾਸ਼ਾ ਨੂੰ ਸਾਹਿਤਕ ਮਾਧਿਅਮ ਵਜੋਂ ਅਪਣਾ ਲੈਣ।

ਪਰੰਤੂ Gorky ਅਨੁਸਾਰ ਕਿਸੇ ਵੀ ਭਾਸ਼ਾ ਦੇ ਸਾਹਿਤ ਦਾ ਇਤਿਹਾਸ ਉਸ ਦੇ ਲੋਕ ਸਾਹਿਤ ਤੋਂ ਆਰੰਭ ਹੁੰਦਾ ਹੈ ਅਤੇ ਲੋਕ ਸਾਹਿਤ ਲੋਕਾਂ ਦੇ ਜਨਮ ਤੋਂ ਹੀ ਸ਼ੁਰੂ ਹੋ ਜਾਂਦਾ ਹੈ।

ਪੂਰਵ ਨਾਨਕ ਕਾਲ ਦੀ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਵਿਸ਼ੇਸ਼ ਮਹਾਨਤਾ ਹੈ। ਪੂਰਵ ਨਾਨਕ ਕਾਲ ਪੰਜਾਬੀ-ਸਾਹਿਤ-ਮਹਿਲ ਦੀ ਨੀਂਹ ਹੈ। ਇਸ ਕਾਲ ਵਿਚ ਪੰਜਾਬੀ ਸਾਹਿਤ ਦਾ ਮੁੱਢ ਬੱਝਦਾ ਹੈ। ਇਹ ਕਾਲ ਪੰਜਾਬੀ ਬੋਲੀ ਦੇ ਪੱਖੋਂ ਵੀ ਖਾਸ ਮਹੱਤਾ ਰਖਦਾ ਹੈ। ਕਿਉਂਕਿ ਇਸ ਕਾਲ ਵਿਚ ਪੰਜਾਬੀ ਬੋਲੀ ਅਪਭ੍ਰੰਸ਼ ਦੇ ਰੂਪ 'ਚੋਂ ਨਿਖਰ ਕੇ ਆਪਣੇ ਵਰਤਮਾਨ ਰੰਗ ਰੂਪ ਵਿਚ ਆ ਕੇ ਖਿੜਦੀ ਹੈ। ਸਾਡੇ ਵਿਦਵਾਨ ਖੋਜੀਆਂ ਤੇ ਪਾਰਖੂਆਂ ਨੇ ਇਹ ਸਮਾਂ 850 ਤੋਂ 1450 ਤਕ ਮਿਥਿਆ ਹੈ। ਇਸ ਕਾਲ ਦੇ ਸਾਹਿਤ ਦਾ ਵੇਰਵਾ ਇਸ ਪ੍ਰਕਾਰ ਹੈ :—

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

1. ਨਾਥ ਜੋਗੀ ਕਾਵਿ-ਧਾਰਾ—ਹੋਰ ਭਾਰਤੀ ਭਾਸ਼ਾਵਾਂ ਦੀ ਤਰ੍ਹਾਂ ਹੀ ਪੰਜਾਬੀ ਸਾਹਿਤ ਵੀ ਨਾਥ ਜੋਗੀਆਂ ਨਾਲ ਸ਼ੁਰੂ ਹੁੰਦਾ ਹੈ। ਜੋਗੀ ਪੰਜਾਬ ਤੇ ਪੰਜਾਬ ਤੋਂ ਬਾਹਰ ਘੁੰਮਦੇ ਰਹਿੰਦੇ ਸਨ। ਇਸ ਕਰਕੇ ਇਨ੍ਹਾਂ ਦੀ ਕਵਿਤਾ ਵਿਚ ਸਥਾਨਕ ਭਾਸ਼ਾਵਾਂ ਦਾ ਪ੍ਰਭਾਵ ਪ੍ਰਤੱਖ ਹੈ। ਗੋਰਖ ਨਾਥ ਨੇ ਜੋਗ ਮੱਤ ਦੀ ਨੀਂਹ ਰਖੀ। ਜੋਗ ਦਾ ਅਰਥ ਜੁੜਨਾ ਹੈ। ਪ੍ਰਭੂ ਨਾਲ ਜੁੜ ਕੇ ਸ਼ਕਤੀ ਪ੍ਰਾਪਤ ਕਰਨਾ। ਉਹ ਇਸ ਮਤ ਦਾ ਸਿਰਮੌਰ ਹੈ। ਉਹ ਜਗਤ ਗੁਰੂ ਅਖਵਾਇਆ। ਮਿਥਿਹਾਸ ਵਿਚ ਆਉਂਦਾ ਹੈ ਕਿ ਗੋਰਖ ਗੋਬਰ ਤੋਂ ਪੈਦਾ ਹੋਇਆ। ਉਹ ਗੋਬਰ ਦੀ ਧੂਣੀ ਲਗਾਂਦਾ ਸੀ। ਬਾਅਦ ਵਿਚ ਰਾਖ ਸਰੀਰ ਨੂੰ ਮਲਦਾ ਸੀ। ਉਹ ਉਪਰਾਮਤਾ ਦਾ ਪ੍ਰਚਾਰ ਕਰਦਾ ਹੈ। ਉਹ ਮਛੰਦਰ ਨਾਥ ਦਾ ਚੇਲਾ ਹੈ।

ਮਛੰਦਰ ਨਾਥ

ਇਹ ਗੋਰਖ ਦੇ ਗੁਰੂ ਸਨ। ਇਹ ਤੰਤਰ-ਮੰਤਰ ਦੇ ਕੇਂਦਰ ਕਾਮ ਰੂਪ ਦੇ ਸਨ। ਇਹ ਨੌਵੀਂ ਦਸਵੀਂ ਸਦੀ ਵਿਚ ਹੋਏ ਹਨ। ਇਨ੍ਹਾਂ ਵਧੇਰੇ ਕਰਕੇ ਸੰਸਕ੍ਰਿਤ ਵਿਚ ਲਿਖਿਆ ਹੈ। ਡਾ. ਮੋਹਨ ਸਿੰਘ ਦੀਵਾਨਾ ਨੇ 'Gorakh Nath and Medieval Hindu Mysticism' ਵਿਚ ਇਨ੍ਹਾਂ ਦੀ ਰਚਨਾ ਦਿੱਤੀ ਹੈ। ਉਸ ਵਿਚੋਂ ਇਕ ਵੰਨਗੀ ਪੇਸ਼ ਹੈ—

"ਜਲ ਕੁਚਾ ਹੈ ਮਾਂਛੁਲੀ, ਖਣ ਕੁੰਚਾ ਹੈ ਮੋਰ।
ਸੇਵਕ ਚਾਹੇ ਰਾਮ ਕੂੰ ਚਯਤਵੰਕ ਚੰਦ ਚਕੋਰ।
ਯੋਂ ਸਵਾਰਥ ਕੋ ਜੀਵੜੋ, ਸਵਾਰਥ ਛਾੜਿ ਨ ਜਾਯ।
ਜਬ ਗੋਰਖ ਕਿਰਪਾ ਕਰੀ, ਮ੍ਹਾਰੋ ਮਨਵੋ ਸਮਝਾਯੋ ਆਯ।
ਜਗੀ ਸੋਈ ਜੋਗੀ ਰੇ, ਜੁਗਤ ਰਹੈ ਉਦਾਸ।
ਤਾਤ ਨਰਿੰਜਣ ਪਾਇਯ, ਯੋਂ ਕਹੈ ਮਛੰਦਰ ਨਾਥ।"

ਕਿਹਾ ਜਾਂਦਾ ਹੈ ਕਿ ਇਕ ਵਾਰ ਮਛੰਦਰ ਵਿਲਾਸ ਦੇ ਜੀਵਨ ਵਿਚ ਗਲਤਾਣ ਹੋ ਗਿਆ ਤਾਂ ਗੋਰਖ ਨੇ ਆਪਣੇ ਗੁਰੂ ਨੂੰ ਜਗਾਇਆ—

"ਉਠ ਜਾਗ ਮਛੰਦਰ ਸੁਤਿਆ, ਚੜ੍ਹ ਗੋਰਖ ਆਇਆ।"

ਮਛੰਦਰ ਨਾਥ ਜੋਗੀ ਕਵਿਤਾ ਦੀ ਧਾਰਾ ਦੇ ਮੋਢੀ ਹਨ।

ਜਲੰਧਰ ਨਾਥ

ਇਹ ਮਛੰਦਰ ਦੇ ਸਮਕਾਲੀ ਸਨ। ਪਰ ਇਨ੍ਹਾਂ ਦਾ ਸਬੰਧ ਪੰਜਾਬ ਨਾਲ ਦਸਿਆ ਜਾਂਦਾ ਹੈ। ਜਲੰਧਰ ਸ਼ਹਿਰ ਇਨ੍ਹਾਂ ਦੇ ਨਾਂ ਤੇ ਹੀ ਵੱਸਿਆ ਤੇ ਨਾਮਿਆ ਗਿਆ। ਇਹ ਮਛੰਦਰ ਨਾਥ ਦੇ ਗੁਰਭਾਈ ਸਨ।

ਪੰਜਾਬੀ ਭਾਸ਼ਾ ਵਿਭਾਗ ਦੁਆਰਾ ਪ੍ਰਕਾਸ਼ਿਤ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਡਾ. ਨਰਿੰਦਰ ਧੀਰ ਵਲੋਂ ਦਿੱਤੀ ਇਨ੍ਹਾਂ ਦੀ ਬਾਣੀ ਵਿਚੋਂ ਇਕ ਕਿਣਕਾ ਮਾਤਰ ਹਾਜ਼ਰ ਹੈ:

ਅਥ ਜਲੰਧਰ ਪਾਣ ਜੀ ਕੀ ਸ਼ਬਦੀ।
ਸੁਨਿ ਮੰਡਲ ਮੈ ਮਨ ਕਾ ਬਾਸਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਹਾਂ ਪ੍ਰੇਮ ਜੋਤਿ ਪ੍ਰਕਾਸ਼ਾ ।
ਸਤਿਗੁਰੂ ਮਿਲੈ ਤੇ ਪ੍ਰੇਮ ਪਦ ਲਹੈ ।

ਇਨ੍ਹਾਂ ਦੀ ਬਾਣੀ ਦੇ ਵਿਚਾਰ ਤੇ ਸ਼ਬਦਾਵਲੀ ਗੁਰਮਤ ਨਾਲ ਮੇਲ ਖਾਂਦੀ ਹੈ ।

ਗੋਰਖ ਨਾਥ

ਆਪ ਨਾਥਾਂ ਨੂੰ ਨਾਰੀ ਤੋਂ ਦੂਰ ਰਹਿਣ ਤੇ ਬਚਣ ਦੀ ਸਿਖਿਆ ਸੁਦ੍ਰਿੜ ਕਰਵਾਉਂਦਾ ਹੈ—

1. ਨਦੀ ਢਿਗ ਬਿਰਖਾ, ਨਾਰੀ ਸੰਗ ਪੁਰਖਾ ਅਲਪ ਜੀਵਨ ਕੀ ਆਸਾ ।
   ਮਨ ਕੀ ਚਾਲ ਮੇਰ ਖਿਸਤ ਹੈ ਤਾਂ ਤੇ ਕੰਧ ਬਿਨਾਸਾ ।
2. ਦਿਵਸ ਕੋ ਬਾਘਣ ਸੁਰ ਨਰ ਮੋਹੇ ਗਤੀਂ ਸ਼ਾਇਰ ਸੋਖੇ ।
   ਮੂਰਖ ਲੋਕਾ ਅੰਧਲਾ ਪਸੂਆ ਨਿਤ ਪ੍ਰਤੀ ਬਾਘਣ ਭੁਖੇ ।

ਹਾਸਰਸ ਪੈਦਾ ਕਰਕੇ ਉਪਰਾਮਤਾ ਨੂੰ ਉਜਾਗਰ ਕਰਦਾ ਹੈ । ਜਿਵੇਂ –ਨਾਰੀ ਨੂੰ ਬਾਘਣ ਕਹਿੰਦਾ ਹੈ—

"ਦਾਮ ਕਾਢ ਬਾਘਣ ਲੈ ਆਇਆ ।
ਮਾਉ ਕਹੈ ਮੇਰਾ ਪੂਤ ਬਿਆਇਆ ।
ਗੀਲੀ ਲਕੜੀ ਕੋ ਘੁਣ ਲਾਇਆ ।
ਤਿਨ ਡਾਲ ਮੂਲ ਚੁਣ ਖਾਇਆ ।"

ਗੋਰਖ ਨਾਥਾਂ ਨੂੰ ਉਨ੍ਹਾਂ ਦਾ ਧਰਮ ਦ੍ਰਿੜ ਕਰਵਾਉਂਦਾ ਹੈ—

"ਹਿੰਦੂ ਧਿਆਵੈ ਦੇਹੁਰਾ, ਮੁਸਲਮਾਨ ਮਸੀਤ ।
ਜੋਗੀ ਧਿਆਵੈ ਪਰਮ ਪਦ ਜਹਾਂ ਦੇਹੁਰਾ ਨ ਮਸੀਤ ।"

ਪਰ ਕਈ ਵਿਚਾਰਾਂ ਵਿਚ ਗੋਰਖ ਗੁਰਮਤ ਨਾਲ ਮੇਲ ਖਾਂਦਾ ਹੈ—

1. ਪ੍ਰਣਵ ਗੋਰਖ ਸੁਣਉ ਪੂਤ ।
   ਅੰਨ ਪਾਣੀ ਯੋਗ ।
2. ਅੰਨ ਕੇ ਸੰਜਮੀ ਬਿੰਦ ਨਾ ਜਾਇ ।
   ਨਿੰਦਰਾ ਕੇ ਸੰਜਮੀ ਕਾਲ ਨਾ ਜਾਇ ।

ਚੌਰਗੀ ਨਾਥ

ਡਾ. ਹਜ਼ਾਰੀ ਪ੍ਰਸਾਦਿ ਦਿਵੇਦੀ ਨੇ ਖੋਜ ਕੀਤੀ ਹੈ ਕਿ 'ਪੂਰਨ ਭਗਤ' ਕਿੱਸੇ ਦਾ ਨਾਇਕ ਪੂਰਨ ਭਗਤ ਹੀ ਚੌਰੰਗੀ ਨਾਥ ਹੈ । ਡਾ. ਪਿਤਾਂਬਰ ਦੱਤ ਬੜਥਵਾਲ ਦੀ ਪੁਸਤਕ 'ਯੋਗ ਪ੍ਰਵਾਹ' ਵਿਚ ਇਨ੍ਹਾਂ ਦੇ ਕੁਝ ਪਦੇ ਮਿਲਦੇ ਹਨ । ਪੰਜਾਬੀ ਸਾਹਿਤ ਦਾ ਇਤਿਹਾਸ ਰਚਿਤ ਭਾਸ਼ਾ ਵਿਭਾਗ ਪੰਜਾਬ ਵਿਚ ਵੀ ਇਨ੍ਹਾਂ ਦੀ ਕੁਝ ਰਚਨਾ ਮਿਲਦੀ ਹੈ—

"ਮਾਰਿਬਾ ਤੋ ਮਨ ਮਾਰਿਬਾ ਲੂਟਿਬਾ ਪਵਨ ਭੰਡਾਰ ।
ਸਾਧਿਬਾ ਤੋ ਪੰਚਤੱਤ ਸੋਇਬਾ ਤੋ ਨਿਰੰਜਨ ਨਿਰੰਕਾਰ ।"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਿੰਦੀ ਦੇ ਪ੍ਰਸਿਧ ਵਿਦਵਾਨ ਪੰਡਤ ਅਯੋਧਿਆ ਸਿੰਘ ਉਪਾਧਿਆਇ ਨੇ ਚੌਰੰਗੀ ਨਾਥ ਨੂੰ ਪੂਰਨ ਭਗਤ ਦਾ ਵੱਡਾ ਭਾਈ ਮੰਨਿਆ ਹੈ। ਐਪਰ ਡਾ. ਮੋਹਨ ਸਿੰਘ ਦੀਵਾਨਾ ਇਕ ਪੁਰਾਣੇ ਗ੍ਰੰਥ ਦਾ ਹਵਾਲਾ ਦੇਂਦੇ ਹੋਏ ਉਸ ਵਿਚੋਂ ਚੌਰੰਗੀ ਨਾਥ ਦੀ ਆਤਮ-ਕਥਾ ਲਿਖਦੇ ਹਨ ਕਿ—

ਮੈਂ ਸਲਵਾਨ ਦਾ ਪੁੱਤਰ ਹਾਂ ਅਤੇ ਮੈਨੂੰ ਪਿਉ ਨੇ ਅੰਨੇ ਖੂਹ ਵਿਚ ਸਿਟਵਾ ਦਿੱਤਾ ਜਿਥੋਂ ਮੈਨੂੰ ਮਛੰਦਰ ਨਾਥ ਨੇ ਕਢਵਾਇਆ।

8593

ਰਤਨ ਨਾਥ

ਆਪ ਬਾਬਾ ਰਤਨ ਜਾਂ ਹਾਜੀ ਰਤਨ ਦੇ ਨਾਂ ਨਾਲ ਪ੍ਰਸਿਧ ਹਨ। ਆਪ ਆਪਣੇ ਨਾਂ ਨਾਲ ਹਾਜੀ ਲਿਖਦੇ ਹਨ—

"ਰੂਪਾ ਮੁਹੰਮਦ, ਸੋਨਾ ਖੁਦਾਈ, ਦੁਹੂੰ ਵਿਚ ਦੁਨੀਆਂ ਗੋਤਾ ਖਾਈ।
ਬਾਬਾ ਰਤਨ ਹਾਜੀ ਐਸੀ ਕਹੈ, ਸਭ ਤੇ ਨਿਆਰਾ ਰਹੇ।"

ਕੁਝ ਲੇਖਕਾਂ ਨੇ ਇਸ ਨੂੰ ਸੂਫੀ ਮੰਨਿਆ ਹੈ। ਸ਼੍ਰੀ ਬ੍ਰਿਗਸ ਜੋਹਨ ਸੁਬਹਾਨ ਅਨੁਸਾਰ ਆਪ ਨੇ ਇਸਲਾਮ ਧਾਰਨ ਕਰ ਲਿਆ ਸੀ।

ਗੋਪੀ ਚੰਦ

ਪਿਤਾ ਦੀ ਮੌਤ ਬ੍ਰਾਹਮਣ ਦੇ ਸ਼ਾਪ ਨਾਲ ਕੋੜ੍ਹ ਨਾਲ ਹੋਈ ਤਾਂ ਮਾਂ ਨੇ ਜੋਗ ਵਲ ਪ੍ਰੇਰਿਆ।

ਆਪ ਪਿਤਾ ਰਾਜਾ ਮਾਣਕ ਚੰਦ ਤੇ ਮਾਤਾ ਮੈਣਾਵੰਤੀ ਦੇ ਸਪੁੱਤਰ ਸਨ। ਮਾਤਾ ਨੇ ਆਪ ਨੂੰ ਜੋਗ ਲੈਣ ਦੀ ਪ੍ਰੇਰਣਾ ਦਿੱਤੀ। ਆਪ ਦੀ ਬਾਣੀ ਤੋਂ ਪਤਾ ਚਲਦਾ ਹੈ ਕਿ ਆਪ ਚਰਪਟ ਦੇ ਗੁਰਭਾਈ ਤੇ ਗੋਰਖ ਨਾਥ ਦੇ ਚੇਲੇ ਸਨ। ਭਰਥਰੀ ਦੇ ਭਾਣਜੇ ਹਨ।

ਗੁਰੂ ਹਮਾਰੇ ਗੋਰਖ ਬੋਲੀਐ, ਚਰਪਟ ਹੈ ਗੁਰਭਾਈ ਜੀ।
ਯੈਂ ਕੇ ਸ਼ਬਦ ਹਮਕੂ, ਗੁਰੂ ਗੋਰਖ ਨਾਥ ਕੀਯਾ।
ਸੋਵੋ ਲਿਯਖਿਆ ਮੈਣਾਵੰਤੀ ਮਾਈ ਜੀ।"

ਚਰਪਟ ਨਾਥ

ਡਾ. ਮੋਹਨ ਸਿੰਘ ਦੀਵਾਨਾ ਅਨੁਸਾਰ ਸਿਆਲ ਕੋਟ ਦੇ ਜੰਮਪਲ ਹਨ।

ਚਰਪਟ ਨਾਥ ਗ੍ਰਿਹਸਥੀ ਨਾਥ ਸੀ। ਉਹ ਚੰਬੇ ਦੇ ਰਾਜੇ ਦਾ ਗੁਰੂ ਤੇ ਦਾਮਾਦ ਸੀ। ਉਹ ਗੁਰਮਤਿ ਵਾਂਙ ਹੀ ਭੇਖ ਦਾ ਖੰਡਨ ਕਰਦਾ ਹੈ—

"ਭੇਖ ਕਾ ਜੋਗੀ ਨ ਕਹਾਊਂ, ਆਤਮਾ ਕਾ ਜੋਗੀ ਚਰਪਟ ਨਾਉਂ।

ਉਹ ਮਨ ਜੀਤੇ ਜਗ ਜੀਤ ਹੋਣਾ ਲੋੜਦਾ ਹੈ—

"ਤਟ ਤੀਰਥ ਬ੍ਰਾਹਮਣ ਕੇ ਧਰਮਾ, ਪੁੰਨ ਦਾਨ ਖਤਰੀ ਕੇ ਧਰਮਾ।
ਬਣਜ ਬਪਾਰ ਵੈਸ਼ਨੋ ਕੇ ਕਰਮਾ, ਸੇਵਾ ਭਾਉ ਸੂਦਰ ਕੇ ਕਰਮਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚਾਰੋਂ ਧਰਮ ਚਾਰੋਂ ਕਰਮ, ਚਾਰੋਂ ਵਰਣ,
ਚਰਪਟ ਪ੍ਰਣਵੇ ਸੁਣਿਉ ਸਿਧੋ, ਮਨ ਵਸ ਕੀਏ ਜੋਗੀ ਕੇ ਧਰਮਾ ।

ਆਪ ਗੋਰਖ ਨਾਥ ਤੋਂ ਕਾਫੀ ਸੁਲਝੇ ਹੋਏ ਹਨ । ਆਪ ਗੋਰਖ ਵਾਂਙ ਹਾਸੋ ਹੀਣੇ ਨਹੀਂ ਹੋ ਨਿਬੜਦੇ ਕਿ ਪਹਿਲਾਂ ਚੇਲਿਆਂ ਨੂੰ ਇਸਤਰੀ-ਘ੍ਰਿਣਾ ਸਿਖਾਣ ਤੇ ਬਾਅਦ ਵਿਚ ਇਸਤਰੀਆਂ ਤੋਂ ਹੀ ਰੋਟੀ ਮੰਗਣ ਭੇਜਣ । ਆਪ ਇਕ ਸਨਮਾਨਤ ਪਦਵੀ ਪਾਉਂਦੇ ਹਨ । ਆਪ ਅਸਲ ਜੋਗੀ ਬਣਦੇ ਹਨ—ਆਤਮਾ ਕਾ ਜੋਗੀ—ਆਪ ਗੁਰਮਤਿ ਵਾਂਙ ਹੀ ਭੇਖ ਦਾ ਖੰਡਣ ਕਰਦੇ ਹਨ—ਮਨ ਜੀਤੇ ਜਗ ਜੀਤ ਹੋਣਾ ਲੋੜਦੇ ਹਨ ।

ਦੁਆਰੇ ਦੁਆਰੇ ਧੂਆਂ ਨਾ ਪਾਊਂ ।
ਕੁਤੇ ਕੀ ਨਿਆਈਂ ਮਾਂਗਣੇ ਨਾ ਜਾਊਂ ।

ਮਨ ਵਿਚ ਮਨਸਾ ਤੇ ਲਾਲਚ ਨੂੰ ਆਪ ਸਪਨੀ ਦੇ ਡਸਣ ਬਰਾਬਰ ਸਮਝਦੇ ਹਨ ।

ਤਟ ਤੀਰਥ ਬ੍ਰਾਹਮਣ ਕੇ ਧਰਮਾ ।
ਸੇਵਾ ਭਾਉ ਸ਼ੂਦਰ ਕੇ ਧਰਮਾ ।
ਚਾਰੋਂ ਵਰਣ ਚਾਰੋਂ ਧਰਮਾ ।
ਚਰਪਟ ਪ੍ਰਣਵੇ ਸੁਣਿਓ ਸਿਧੋ ।
ਮਨ ਵਸ ਕੀਏ ਜੋਗੀ ਕੇ ਕਰਮਾ ।

ਸੋ ਆਪ ਗ੍ਰਹਿਸਤ ਆਸ਼ਰਮ ਤੇ ਹੀ ਜ਼ੋਰ ਦੇਂਦੇ ਹਨ ।

ਬਾਹਰ ਉਲਟਾ ਭੌਣ ਨਹੀਂ ਜਾਊਂ ।
ਕਾਹੇ ਕਾਰਣ ਕਾਨਨ ਕਾ ਚੀਰਾ ਪਾਊਂ ।
ਸੰਦਿਆ ਵੇਖ ਸਿੰਗੀ ਨਾ ਵਜਾਊਂ ।
ਬਿਭੂਤ ਨਾ ਲਗਾਊਂ ਜਿਉ ਤਰ ਉਤਰ ਜਾਏ ।
ਖਰ ਜਿਉਂ ਲੇਟੇ ਮੇਰੀ ਬਲਾਏ ।

ਗੋਰਖ ਨਾਲੋਂ ਉਹ ਵਧੇਰੇ ਗੁਰਮਤ ਤੇ ਅਜੋਕੀ ਪੰਜਾਬੀ ਦੇ ਨੇੜੇ ਹੈ—

ਇਹ ਸੰਸਾਰ ਕਾਂਟਿਓਂ ਕੀ ਬਾੜੀ, ਨਿਰਖ ਨਿਰਖ ਪਗ ਧਰਨਾ ।
ਚਰਪਟ ਕਹੇ ਸੁਣਉ ਸਿਧੋ, ਹਠ ਕਰ ਤਪ ਨਹੀਂ ਕਰਨਾ ।

ਡਾ. ਗੋਪਾਲ ਸਿੰਘ ਦਰਦੀ ਅਨੁਸਾਰ ਨਾਥਾਂ ਦੀ ਬੋਲੀ ਅਪਭ੍ਰੰਸ਼ ਪ੍ਰਧਾਨ ਹੈ । ਪਰ ਕਿਤੇ ਕਿਤੇ ਬੋਲੀ ਦੀ ਸਾਦਗੀ ਲਗਭਗ 1000 ਸਾਲ ਪੁਰਾਣੀ ਹੋਣ ਦਾ ਭੁਲੇਖਾ ਵੀ ਪਾਉਂਦੀ ਹੈ ।

2. ਹਿੰਦੀ ਫਾਰਸੀ ਰੰਗ ਸਾਹਿਤ—ਜੋਗੀਆਂ ਤੋਂ ਬਾਅਦ ਉਹ ਸਾਹਿਤ ਆਉਂਦਾ ਹੈ, ਜਿਸ ਵਿਚ ਪੰਜਾਬੀ ਨਾਲੋਂ ਹਿੰਦੀ ਰੰਗਣ ਵਧੇਰੇ ਹੈ । ਜਿਵੇਂ ਚਾਂਦ ਬਰਦਾਈ ਦਾ 'ਪ੍ਰਿਥਵੀ ਰਾਜ ਰਾਸੋ' ਮੁਲ੍ਹਾ ਦਾਊਦ ਦਾ 'ਚਾਂਦ ਨਾਮਾ' ਪੁਸ਼ਯ ਦਾ ਸੱਸੀ ਪੁੰਨੂੰ ਦਾ ਕਿੱਸਾ ਤੇ ਖੁਸਰੋ ਦੀਆਂ ਬੁਝਾਰਤਾਂ 'ਕਹਿ ਮੁਕਰਨੀਆਂ' । ਖੁਸਰੋ ਫਾਰਸੀ ਦਾ ਮਹਾਨ ਕਵੀ ਸੀ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਨ੍ਹਾਂ ਹਿੰਦੀ-ਰੰਗਣ ਪ੍ਰਧਾਨ ਰਚਨਾਵਾਂ ਵਿਚ ਪੰਜਾਬੀ ਦੀ ਵੀ ਨਿੰਮ੍ਹੀ ਜਿਹੀ ਰੰਗਣ ਭਾਂਪੀ ਜਾ ਸਕਦੀ ਹੈ । ਡਾ. ਦੀਵਾਨਾ ਇਨ੍ਹਾਂ ਨੂੰ ਪੰਜਾਬੀ ਠਹਿਰਾਉਣ ਦਾ ਯਤਨ ਕਰਦਾ ਹੈ । ਡਾ. ਦਰਦੀ ਇਨ੍ਹਾਂ ਵਿਚੋਂ ਪੰਜਾਬੀ ਰੰਗ ਦੀ ਝਲਕ ਅਨੁਭਵ ਕਰਦਾ ਹੈ । ਪਰ ਡਾ. ਸੁਰਿੰਦਰ ਸਿੰਘ ਕੋਹਲੀ ਨਾ ਕੇਵਲ ਇਨ੍ਹਾਂ ਨੂੰ ਪੰਜਾਬੀ ਰਚਨਾਵਾਂ ਮੰਨਣ ਤੋਂ ਆਕੀ ਹੁੰਦਾ ਹੈ, ਸਗੋਂ ਇਨ੍ਹਾਂ ਨੂੰ ਹਿੰਦੀ ਦੀਆਂ ਮੋਢੀ ਰਚਨਾਵਾ ਮੰਨਦਾ ਹੈ । ਭਾਵੇਂ ਕੁਝ ਵੀ ਹੋਵੇ ਇਨ੍ਹਾਂ ਨੇ ਪੰਜਾਬੀ ਸਾਹਿਤ ਦੇ ਵਿਕਾਸ ਵਿਚ ਜ਼ਰੂਰ ਹਿੱਸਾ ਪਾਇਆ ਹੈ । ਇਨ੍ਹਾਂ ਵਿਚੋਂ ਖੁਸਰੋ ਦੀਆਂ ਰਚਨਾਵਾਂ ਵਿਚ ਸਭ ਤੋਂ ਵੱਧ ਪੰਜਾਬੀਅਤ ਪਾਈ ਜਾਂਦੀ ਹੈ । ਬੁਝਾਰਤਾਂ ਵਿਚੋਂ ਉਦਾਹਰਣਾਂ —

''ਏਕ ਥਾਲ ਮੋਤੀ ਸੇ ਭਰਾ ।
ਸਭ ਕੇ ਸਿਰ ਪੇ ਔਂਧਾ ਧਰਾ ।
ਚਾਰੋਂ ਓਰ ਵਹ ਥਾਲੀ ਫਿਰੀ ।
ਮੋਤੀ ਉਸ ਸੇ ਏਕ ਨਾ ਗਿਰੇ ।

ਕਹਿ ਮੁਕਰਨੀਆਂ ਵਿਚੋਂ ਝਲਕ—ਵਿਅਕੋਕਤੀ ਅਲੰਕਾਰ ਹੈ—

''ਅਧੀ ਰਾਤ ਕੋ ਸਿਰ ਪਰ ਆਵੇ ।
ਉਪਰ ਆ ਕੇ ਝਾਤੀਆਂ ਪਾਵੇ ।
ਉਸਕਾ ਆਨਾ ਮਨ ਕੋ ਭਾਵੇ ।
ਦਰਸਨ ਪਾ ਕਰ ਹੋਉ ਅਨੰਦ ।
ਰੀ ਸਖੀ ਸਾਜਨ ।
ਨਾ ਸਖੀ ਚੰਦ ।

ਸਖੀ ਦੇ ਪੁਛਣ ਤੇ ਕਿ ਕੀ ਇਹ ਗੱਲ ਉਹ ਆਪਣੇ ਮਾਹੀ ਦੀ ਕਰਦੀ ਹੈ ਤਾਂ ਸਹੇਲੀ ਮੁੱਕਰ ਜਾਂਦੀ ਹੈ ਕਿ ਨਹੀਂ ਮਾਹੀ ਦੀ ਨਹੀਂ ਚੰਦ ਦੀ । ਸੋ ਕਹਿ ਕੇ ਮੁੱਕਰ ਜਾਂਦੀ ਹੈ । ਇਸੇ ਕਰਕੇ ਕਵੀ ਨੇ ਇਸ ਦਾ ਨਾਂ ਕਹਿ ਮੁਕਰਨੀਆਂ ਰੱਖਿਆ ਹੈ । ਹੋਰ ਉਦਾਹਰਣ—

''ਸਖੀ ਪੀ ਕੋ ਮੈਂ ਨਾ ਦੇਖੂੰ ਤੋਂ ਕੈਸੇ ਕਾਟੂੰ ਰਤੀਆ ।

ਖੁਸਰੋ ਦੀਆਂ ਰਚਨਾਵਾਂ ਵਿਚ ਫਾਰਸੀ ਪ੍ਰਧਾਨ ਹੈ ।

3. **ਵਾਰ ਸਾਹਿਤ**—ਪੂਰਵ ਨਾਨਕ ਕਾਲ ਵਿਚ ਵਾਰਾਂ ਵੀ ਰਚੀਆਂ ਗਈਆਂ ਇਸ ਕਾਲ ਵਿਚ ਭਾਰਤ ਤੇ ਮੁਸਲਮਾਨੀ ਹਮਲੇ ਹੋਣੇ ਸ਼ੁਰੂ ਹੁੰਦੇ ਹਨ । ਰਾਜਪੂਤੀ ਰਾਜ ਦਾ ਅੰਤ ਇਸੇ ਸਮੇਂ ਹੀ ਹੁੰਦਾ ਹੈ । ''ਪੰਜਾਬ ਜੰਮੇ ਨੂੰ ਨਿਤ ਮੁਹਿੰਮਾ'' ਦਾ ਅਖਾਣ ਇਸੇ ਸਮੇਂ ਦੀ ਉਪਜ ਲਗਦਾ ਹੈ । ਸੋ ਇਸ ਸਮੇਂ ਵਾਰਾਂ ਦੀ ਰਚਨਾ ਸੁਭਾਵਕ ਤੇ ਕੁਦਰਤੀ ਹੈ । ਇਨ੍ਹਾਂ ਵਾਰਾਂ ਦੇ ਆਧਾਰ ਤੇ ਹੀ ਆਦਿ ਗ੍ਰੰਥ ਵਿਚਲੀਆਂ ਅਧਿਆਤਮਕ ਵਾਰਾਂ ਦੇ ਗਾਵਣ ਦੇ ਆਦੇਸ਼ ਹਨ । ਆਦਿ ਗ੍ਰੰਥ ਦੀਆਂ ਵਾਰਾਂ ਇਨ੍ਹਾਂ ਵਾਰਾਂ ਦੀਆਂ ਧੁਨੀਆਂ ਤੇ ਹੀ ਲਿਖੀਆਂ ਗਈਆਂ ਹਨ । ਇਹ ਗੁਰੂ ਕਾਲ ਵਿਚ ਕਾਫੀ ਪ੍ਰਚਲਤ ਹੋਣਗੀਆਂ ਤਾਂ ਹੀ ਤਾਂ ਇਨ੍ਹਾਂ ਦੀਆਂ ਸੱਦਾਂ ਤੇ ਅਧਿਆਤਮਕ ਵਾਰਾਂ ਰਚੀਆਂ ਗਈਆਂ । ਫਿਰ ਇਨ੍ਹਾਂ ਨੂੰ ਪ੍ਰਚਲਤ ਹੋਣ ਵਿਚ ਵੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਾਫੀ ਸਮਾਂ ਲਗਿਆ ਹੋਏਗਾ ਸੋ ਸਪੱਸ਼ਟ ਹੈ ਕਿ ਇਹ ਵਾਰਾਂ ਬਹੁਤ ਪੁਰਾਣੀਆਂ ਹੋਣਗੀਆਂ । ਸੋ ਇਨ੍ਹਾਂ ਤੋਂ ਹੀ ਪੰਜਾਬੀ ਸਾਹਿਤ ਦਾ ਕਾਫੀ ਪੁਰਾਣਾ ਹੋਣਾ ਸਿੱਧ ਹੋ ਜਾਂਦਾ ਹੈ । ਇਨ੍ਹਾਂ ਵਾਰਾਂ ਵਿਚ ਬੀਰ ਰਸ ਦਾ ਬੜਾ ਸੁੰਦਰ ਨਿਭਾ ਹੈ । ਇਨ੍ਹਾਂ ਨੂੰ ਪੜ੍ਹਦਿਆਂ ਰੋਹ ਚੜ੍ਹਦਾ ਤੇ ਡੌਲੇ ਫਰਕਦੇ ਹਨ । ਇਸ ਕਾਲ ਦੀਆਂ ਛੇ ਵਾਰਾਂ ਦੇ ਨਾਂ ਇਹ ਹਨ—

1. ਰਾਏ ਕਮਾਲ ਮੌਜ ਦੀ ਵਾਰ ।
2. ਟੁੰਡੇ ਅਸਰਾਜੇ ਦੀ ਵਾਰ ।
3. ਸਿਕੰਦਰ ਇਬਰਾਹੀਮ ਦੀ ਵਾਰ ।
4. ਲਲਾ ਬਹਿਲੀਮਾ ਦੀ ਵਾਰ ।
5. ਹਸਨੇ ਮਹਿਮੇ ਦੀ ਵਾਰ ।
6. ਮੂਸੇ ਦੀ ਵਾਰ ।

ਇਨ੍ਹਾਂ ਵਾਰਾਂ ਵਿਚਲੀਆਂ ਲੜਾਈਆਂ ਦਾ ਮੂਲ ਕਾਰਣ ਜ਼ਰ, ਜ਼ੋਰ, ਜ਼ਮੀਨ ਹੀ ਰਿਹਾ ਹੈ ।

4. ਸੂਫੀ ਸਾਹਿਤ—ਨਾਥ ਜੋਗੀਆਂ ਦੇ ਸਾਹਿਤ ਤੇ ਸ਼ੰਕਾ ਹੋ ਸਕਦਾ ਹੈ, ਪਰ ਬਾਬਾ ਫਰੀਦ ਦੇ ਸਾਹਿਤ ਤੇ ਕੋਈ ਸ਼ੰਕਾ ਨਹੀਂ ਹੋ ਸਕਦਾ ਕਿ ਇਹ ਪੰਜਾਬੀ ਨਹੀਂ, ਸਗੋਂ ਇਸ ਤੇ ਉਲਟ ਸ਼ੰਕਾ ਹੋ ਗਿਆ ਕਿ ਇਹ ਏਨਾ ਪੰਜਾਬੀ ਹੈ—ਠੇਠ ਪੰਜਾਬੀ ਕਿ ਇਸ ਨੂੰ ਜ਼ਰੂਰ ਬਾਰ੍ਹਵੇਂ ਫਰੀਦ ਨੇ ਰਚਿਆ ਹੈ । ਫਿਰ ਵਿਦਵਾਨਾਂ ਦਾ ਘੋਲ ਸ਼ੁਰੂ ਹੋ ਗਿਆ । ਇਹ ਸਿੱਧ ਕਰਨ ਲਈ ਕਿ ਇਹ ਰਚਨਾ ਸ਼ੇਖ ਫਰੀਦ ਦੀ ਆਪਣੀ ਹੈ । ਮੈਂ ਸੋਚਦਾ ਹਾਂ ਇਸ ਤੋਂ ਵੱਡੀ ਬਾਬਾ ਫਰੀਦ ਦੀ ਬੋਲੀ ਦੀ ਸਿਫ਼ਤ ਹੋਰ ਕੀ ਹੋ ਸਕਦੀ ਹੈ । ਬਾਬਾ ਫਰੀਦ ਦੀ ਭਾਸ਼ਾ ਨਾਲ ਕੌਣ ਤੁਲ ਸਕਦਾ ਹੈ । ਬਾਬਾ ਜੀ ਦੀ ਬੋਲੀ ਮਿੱਠੀ ਹੈ—ਬਹੁਤ ਮਿੱਠੀ—ਸ਼ੱਕਰ ਖੰਡ, ਨਿਵਾਤ, ਗੁੜ, ਮਾਖਿਉਂ, ਮਾਝਾ ਦੁੱਧ, ਪੱਕੀਆਂ ਖਜੂਰਾਂ ਵਰਗੀ ਮਿੱਠੀ ਬੋਲੀ ਬਾਬਾ ਜੀ ਦੀਆਂ ਇਹ ਤੁਕਾਂ ਪਾਠਕਾਂ ਨੂੰ ਇਨ੍ਹਾਂ ਮਿੱਠੇ ਪਦਾਰਥਾਂ ਦੇ ਮਿੱਠੇ ਘੁਟ ਹੀ ਤਾਂ ਪਿਲਾਂਦੀਆਂ ਹਨ—

1. ਫਰੀਦਾ ਸ਼ੱਕਰ, ਖੰਡ, ਨਿਵਾਤ, ਗੁੜ, ਮਾਖਿਉਂ, ਮਾਝਾ ਦੁੱਧ ।
(ਦ੍ਰਿਸ਼ਟਾਂਤ ਅਲੰਕਾਰ)
2. ਫਰੀਦਾ ਰੱਬ ਖਜੂਰੀ ਪਕੀਆਂ ਮਾਖਿਓਂ ਨਈ ਵਹੰਨ ।

ਆਦਿ ਗ੍ਰੰਥ ਵਿਚ ਬਾਬਾ ਜੀ ਦੇ 112 ਸਲੋਕ ਤੇ ਚਾਰ ਸ਼ਬਦ (ਦੋ ਰਾਗ ਆਸਾ ਤੇ ਦੋ ਰਾਗ ਸੂਹੀ ਵਿਚ) ਅੰਕਿਤ ਹਨ । ਉਨ੍ਹਾਂ ਨੇ ਸੂਫੀ ਮਤ ਦਾ ਪ੍ਰਚਾਰ ਸਰਲ ਤੋਂ ਸਰਲ ਤੇ ਮਿੱਠੀ ਤੋਂ ਮਿੱਠੀ ਭਾਸ਼ਾ ਵਿਚ ਕੀਤਾ । ਬੋਲੀ ਉਨ੍ਹਾਂ ਦੀ ਮੁਲਤਾਨੀ ਲਹਿੰਦੀ ਦੇ ਪ੍ਰਭਾਵ ਦੀ ਹੈ । ਅਜਿਹੀ ਭਾਸ਼ਾ ਗੁਰੂ ਨਾਨਕ ਤੇ ਗੁਰੂ ਅਰਜਨ ਨੇ ਵੀ ਆਪਣੇ ਸਲੋਕਾਂ ਵਿਚ ਅਪਣਾਈ ।

ਬਾਬਾ ਫਰੀਦ ਦੇ ਸਲੋਕ ਚਰਪਟ ਨਾਥ ਦੇ ਸਲੋਕਾਂ ਵਾਂਗ ਹੀ ਦੋ ਤੋਂ ਵੱਧ ਤੁਕਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਾਲੇ ਵੀ ਹਨ। ਬਾਬਾ ਫਰੀਦ ਦੀ ਇਹ ਵਿਸ਼ੇਸ਼ਤਾ ਹੈ ਕਿ ਉਨ੍ਹਾਂ ਨੇ ਪੁਰਾਤਨ ਪਰੰਪਰਾ ਨੂੰ ਅਪਣਾਇਆ ਤੇ ਨਵੀਂ ਪਰੰਪਰਾ ਨੂੰ ਅੱਗੇ ਤੋਰਿਆ ਹੈ। ਉਨ੍ਹਾਂ ਨੇ ਆਪਣੇ ਆਪ ਨੂੰ ਇਸਤਰੀ ਤੇ ਰੱਬ ਨੂੰ ਪਤੀ ਕਹਿਣ ਦਾ ਅਲੰਕਾਰ ਪਹਿਲੀ ਵਾਰ ਘੜਿਆ। ਜਿਸ ਨੂੰ ਅਗਾਮੀ ਗੁਰੂ ਕਵੀਆਂ ਨੇ ਅਪਣਾਇਆ। ਬਾਬਾ ਜੀ ਨੇ ਚਿੱਤਰਾਂ ਦੇ ਚਿੱਤਰ ਲਟਕਾ ਕੇ ਪਾਠਕਾਂ ਦੇ ਨੈਣਾਂ ਸਾਹਵੇਂ ਰੱਖ ਦਿੱਤੇ ਹਨ। ਉਨ੍ਹਾਂ ਦੇ ਚਿੱਤਰ ਵਿਚਾਰਸ਼ੀਲ ਹਨ—

"ਫਰੀਦਾ ਜਿਨ ਲੋਇਣ ਜਗ ਮੋਹਿਆ ਸੇ ਲੋਇਣ ਮੈਂ ਡਿਠ।
ਕਜਲ ਰੇਖ ਨਾ ਸਹਿੰਦੀਆਂ ਪੰਛੀ ਸੂਏ ਬਹਿਠ।"

ਉਨ੍ਹਾਂ ਨੇ ਸੁੰਦਰ ਚਿਨ੍ਹਾਂ ਰਾਹੀਂ ਜੀਵਨ ਦੇ ਮੂਲ ਆਦਰਸ਼ ਨੂੰ ਸਾਕਾਰ ਕੀਤਾ ਹੈ—

ਫ਼ਰੀਦਾ ਚਾਰ ਗਵਾਇਆ ਹੰਡ ਕੇ ਚਾਰ ਗਵਾਇਆ ਸੰਮ।
ਲੇਖਾ ਰਬ ਮੰਗੇਸੀਆ ਤੂੰ ਆਂਹੋ ਕਿਹੜੇ ਕੰਮ।
ਫ਼ਰੀਦਾ ਜੇ ਜਾਣਾ ਤਿਲ ਥੋਹੜੇ ਸੰਭਲ ਬੁਕ ਭਰੀਂ।
ਕਾਲੀ ਕੋਇਲ ਤੂੰ ਕਿਤ ਗੁਣ ਕਾਲੀ।
ਆਪਣੇ ਪ੍ਰੀਤਮ ਕੇ ਹਉਂ ਬਿਰਹਾ ਜਾਲੀ।

(ਪ੍ਰੋਢੋਕਤੀ ਅਲੰਕਾਰ)

ਉਨ੍ਹਾਂ ਬਿਰਹਾ ਨੂੰ ਸੁਲਤਾਨ ਤੇ ਮਨੁੱਖੀ ਹਿਰਦਿਆਂ ਨੂੰ ਮਾਣਕ ਮੋਤੀ ਕਹਿ ਕੇ ਸਤਿਕਾਰਿਆ ਹੈ, ਜਿਨ੍ਹਾਂ ਵਿਚ ਰੱਬ ਸੱਚੇ ਦਾ ਵਾਸ ਹੈ। ਬਾਬਾ ਫ਼ਰੀਦ ਪੰਜਾਬੀ ਸਾਹਿਤ ਵਿਚ ਪਹਿਲੇ ਸੂਫ਼ੀ ਹਨ। ਪਹਿਲੇ ਪਿਤਾਮਾ ਕਵੀ ਹਨ। ਉਹ ਪੰਜਾਬੀ ਸਾਹਿਤ ਦੇ ਚੌਸਰ (Chaucer) ਹਨ। ਉਨ੍ਹਾਂ ਨੇ ਪੰਜਾਬੀ ਕਵਿਤਾ ਵਿਚ ਸੂਫ਼ੀ ਕਵਿਤਾ ਦਾ ਆਗਮਨ ਕੀਤਾ। ਇਸੇ ਸੂਫ਼ੀ ਪਰੰਪਰਾ ਦੇ ਦੂਜੇ ਮਹਾਨ ਕਵੀ ਸ਼ਾਹ ਹੁਸੈਨ ਜੀ ਹੋਏ ਹਨ ਤੇ ਫਿਰ ਬੁਲ੍ਹੇ ਸ਼ਾਹ ਇਸ ਦੇ ਸਿਰਮੌਰ ਸੂਫ਼ੀ ਹੋਏ।

5. **ਭਗਤੀ-ਸਾਹਿਤ**—ਪੂਰਵ ਨਾਨਕ ਕਾਲ ਦੇ ਕੁਝ ਅਜਿਹੇ ਕਵੀ ਵੀ ਹਨ, ਜਿਨ੍ਹਾਂ ਦਾ ਜਨਮ ਭਾਵੇਂ ਪੰਜਾਬ ਤੋਂ ਬਾਹਰ ਹੋਇਆ ਪਰ ਉਹਨਾਂ ਆਪਣੀ ਰਚਨਾ ਪੰਜਾਬੀ ਵਿਚ ਰਚੀ। ਜਿਹਾ ਕਿ ਕਬੀਰ, ਕਮਾਲਾ, ਨਾਮਦੇਵ ਆਦਿ। ਕਬੀਰ ਤੇ ਨਾਮਦੇਵ ਜੀ ਦੀ ਬਾਣੀ ਆਦਿ ਗ੍ਰੰਥ ਵਿਚ ਵੀ ਦਰਜ ਹੈ। ਇਨ੍ਹਾਂ ਸੰਤ ਭਾਖਾ ਵਿਚ ਰਚਨਾ ਰਚੀ। ਇਸ ਵਿਚ ਨਿਸਚੇ ਹੀ ਹਿੰਦੀ ਦਾ ਪ੍ਰਭਾਵ ਹੈ, ਪਰ ਪਿੰਡਾ ਨਿਰੋਲ ਪੰਜਾਬੀ ਹੈ। ਕਬੀਰ ਜੀ ਨੇ ਹਾਸ ਰਸੀ ਧਾਰਾ ਨੂੰ ਅੱਗੇ ਤੋਰਿਆ ਹੈ—

ਜੇ ਤਉ ਬਾਹਮਣ ਬਾਹਮਣੀ ਜਾਇਆ ਆਨ ਬਾਟ ਕਾਹੇ ਨਹੀਂ ਆਇਆ।

ਇਥੇ ਕਬੀਰ ਜੀ ਵਿਅੰਗ ਦਾ ਹਥਿਆਰ ਵਰਤ ਕੇ ਜਾਤੀ ਦੇ ਫੋਕੇ ਘੁਮੰਡ ਨੂੰ ਤੋੜਦੇ ਹਨ। ਕਬੀਰ ਜੀ ਨੇ ਮੌਤ ਦੇ ਭੈ ਨੂੰ ਅਨੰਦ ਵਿਚ ਬਦਲ ਕੇ ਰੱਖ ਦਿੱਤਾ—

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

''ਕਬੀਰਾ ਜਿਸ ਮਰਨੇ ਤੇ ਜਗ ਡਰੇ ਮੇਰੇ ਮਨ ਅਨੰਦ ।
ਮਰਨੇ ਹੀ ਤੇ ਪਾਈਐ ਪੂਰਨ ਪਰਮਾ ਨੰਦ ।

ਕਬੀਰ ਜੀ ਨੇ ਮਨ ਦੀ ਨਿਰਮਲਤਾ ਤੇ ਜ਼ੋਰ ਦਿੱਤਾ ਹੈ—

''ਕਬੀਰਾ ਮਨ ਨਿਰਮਲ ਭਇਓ ਜੈਸੇ ਗੰਗਾ ਨੀਰ ।
ਪਾਛੈ ਲਾਗਾ ਹਰਿ ਫਿਰੈ ਕਹਤ ਕਬੀਰ ਕਬੀਰ ।''

ਕਬੀਰ ਜੀ ਨੇ ਦ੍ਰਿਸ਼ਟਾਂਤ ਅਲੰਕਾਰ ਵਰਤ ਕੇ ਜੀਵਣ ਨੂੰ ਸਮਝਣ ਯੋਗ ਬਣਾਇਆ ਹੈ—

ਕਬੀਰ ਮਾਨਸ ਜਨਮ ਦੁਰਲਭ ਹੈ ਹੋਤ ਨ ਬਰੰਬਾਰ ।
ਜਿਉਂ ਬਨ ਫਲ ਖਾ ਕੇ ਭੋਏਂ ਗਿਰੇ ਬਹੁਰ ਨਾ ਲਾਗੇ ਡਾਰ ।

ਕਬੀਰ ਜੀ ਦੀ ਆਦਿ ਗ੍ਰੰਥ ਦੀ ਬਾਣੀ ਤੋਂ ਇਲਾਵਾ ਵੀ ਬਾਣੀ ਮਿਲਦੀ ਹੈ । ਜਿਹਾ ਕਿ ਪੰਜਾਬ ਯੂਨੀਵਰਸਿਟੀ ਦੀ ਹੱਥ ਲਿਖਤ ਖਰੜਾ ਨੰ. 374 ਵਿਚ ਦੋ ਕਾਫ਼ੀਆਂ ਵੇਖੀਆਂ ਗਈਆਂ ਹਨ, ਜਿਨ੍ਹਾਂ ਦੀ ਬੋਲੀ ਹੈਰਾਨ ਕਰ ਦੇਣ ਵਾਲੀ ਹੈ । ਬਿਲਕੁਲ ਅਜ ਦੀ ਬੋਲੀ ਹੈ—

''ਥਰ ਥਰ ਕੰਪੇ ਬਾਲਾ ਜੀਉ । ਨਾ ਜਾਨਾ ਕਿਆ ਕਰਸੀ ਪੀਉ ।
ਰੈਣ ਗਈ ਮਤ ਦਿਨ ਵੀ ਜਾਏ । ਭਵਰ ਗਏ ਬਗ ਬੈਠੇ ਆਏ ।

ਨਾਮਦੇਵ ਨੇ ਰੱਬ ਨਾਲ ਮਿੱਠੀਆਂ ਗੱਲਾਂ ਕੀਤੀਆਂ ਹਨ —

ਜੇ ਰਾਜ ਦਏਂ ਤੇਰੀ ਕੀ ਵਡਿਆਈ ।
ਜੇ ਭੀਖ ਮੰਗਾਏਂ ਮੇਰਾ ਕਿਆ ਘਟ ਜਾਈ ।

ਆਪਣੀਆਂ ਨਿਜੀ ਘਟਨਾਵਾਂ ਨੂੰ ਬਿਆਨਿਆ ਹੈ । ਗਰੀਬ ਦੀ ਸਮਕਾਲੀਨ ਦੁਰਦਸ਼ਾ ਦਾ ਚਿਤ੍ਰਨ ਹੈ—

''ਹਸਤ ਖੇਲਤ ਤੇਰੇ ਦੇਹੁਰੇ ਆਇਆ ।
ਭਗਤ ਕਰਤ ਨਾਮਾ ਪਕੜ ਉਠਾਇਆ ।
ਹੀਨੜੀ ਜਾਤ ਮਰੀ ਜਾਦਮ ਰਾਇਆ ।
ਛੀਪੇ ਕੇ ਜਨਮ ਕਾਹੇ ਕਉ ਆਇਆ ।
ਜਿਉਂ ਜਿਉਂ ਨਾਮਾ ਹਰ ਗੁਣ ਉਚਰੈ ।
ਭਗਤ ਜਨਾ ਕਉ ਦੇਹੁਰਾ ਫਿਰੈ ।''

ਭਗਤ ਨਾਮਦੇਵ ਜੀ ਗੁਰਦਾਸਪੁਰ ਦੇ ਨੇੜੇ ਘੁਮਾਣ ਵੀ ਆ ਕੇ ਕਾਫੀ ਚਿਰ ਰਹੇ । ਇਥੇ ਉਨ੍ਹਾਂ ਦੀ ਯਾਦਗਰ ਕਾਇਮ ਹੈ, ਜਿਥੇ ਹਰ ਸਾਲ ਮੇਲਾ ਲੱਗਦਾ ਹੈ । ਭਗਤੀ-ਸਾਹਿਤ ਦੇ ਕਵੀ, ਭਗਤੀ ਲਹਿਰ ਜੋ ਉਸ ਸਮੇਂ ਜ਼ੋਰਾਂ ਤੇ ਸੀ, ਦੀ ਦੇਣ ਹਨ । ਭਗਤ ਰਵੀਦਾਸ ਨੇ ਵੀ ਕਾਫੀ ਰਚਨਾ ਕੀਤੀ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

6. ਲੋਕ-ਸਾਹਿਤ—ਆਦਿ ਕਾਲ ਵਿਚ 9 ਧੁਨੀਆਂ ਦੀਆਂ ਲੋਕ ਵਾਰਾਂ ਰਚੀਆਂ ਗਈਆਂ 6 ਪੂਰਵ ਨਾਨਕ ਕਾਲ ਅਤੇ ਤਿੰਨ ਨਾਨਕ ਕਾਲ ਵਿਚ। ਪੂਰਵ ਨਾਨਕ ਕਾਲ ਵਿਚ ਲੋਕ ਸਾਹਿਤ ਵੀ ਭਰਪੂਰ ਮਾਤਰਾ ਵਿਚ ਮਿਲਦਾ ਹੈ। —ਇਹ ਇਨ੍ਹਾਂ ਕਾਵਿ-ਭੇਦਾਂ ਤੇ ਕਾਵਿ ਛੰਦਾ ਵਿਚ ਮਿਲਦਾ ਹੈ। —ਬਾਰਾਂ ਮਾਹ, ਸਤਵਾਰੇ, ਅਠਵਾਰੇ, ਰੁਤਾਂ, ਰੁਬਾਈ, ਸੁਹਿਲਾ, ਆਰਤੀ, ਮਾਹੀਆ, ਸੱਦਾਂ, ਘੋੜੀਆਂ, ਅਲਾਹੁਣੀਆਂ, ਸਿਠਣੀਆਂ ਕਬਿੱਤ ਆਦਿ। ਲੋਕ-ਗੀਤਾਂ ਦੀ ਪਰੰਪਰਾ ਮਨੁੱਖਤਾ ਜਿੰਨੀ ਹੀ ਪੁਰਾਣੀ ਹੈ। ਲੋਕ-ਗੀਤ ਆਪ ਮੁਹਾਰੇ ਹੀ ਲੋਕ-ਦਿਲਾਂ ਦੀ ਧਰਤੀ 'ਚੋਂ ਕੜ ਪਾੜ ਕੇ ਸੁੰਮ ਵਾਂਗ ਫੁੱਟ, ਵਹਿ ਟੁਰਦੇ ਹਨ, ਝਰਨੇ ਦੀ ਤਰ੍ਹਾਂ। ਅਤੇ ਝਰਨੇ ਦੇ ਨਿਰਮਲ ਜਲ ਵਾਂਗ ਹੀ ਲੋਕ-ਦਿਲਾਂ ਨੂੰ ਠਾਰਦੇ, ਤ੍ਰਿਪਤਾਂਦੇ ਤੇ ਪਿਆਸ ਬੁਝਾਂਦੇ ਹਨ। ਉਸ ਸਮੇਂ ਲੋਕ ਗੀਤਾਂ ਦੀ ਸਿਰਜਨਾ ਸੁਭਾਵਕ ਤੇ ਪ੍ਰਾਕ੍ਰਿਤਕ ਸੀ। ਕਿਉਂਕਿ ਲੋਕਾਂ ਪਾਸ ਅਜੋਕੇ ਮਸੀਨੀ ਜੁਗ ਦੇ ਵਿਪਰੀਤ ਕਾਫੀ ਵਿਹਲ ਸੀ। ਜਨਤਾ ਮਿਲ ਬੈਠਦੀ, ਗੀਤ ਗਾਉਂਦੀ, ਰਚਦੀ ਤੇ ਝੂਮਰ ਪਾਉਂਦੀ ਹੋਏਗੀ। ਇਕ ਵਿਦਿਵਾਨ ਦਾ ਅਨੁਮਾਨ ਹੈ, ਕਿ ਸਾਡਾ ਪੰਜਾਬੀ ਲੋਕ-ਗੀਤ ਮਾਹੀਆ ਜਾਂ ਟੱਪਾ ਜਾਪਾਨ ਦੇ ਲੋਕ-ਗੀਤ ਹਾਕੂ ਰੂਪ ਦੀ ਚੰਗੀ ਤਰ੍ਹਾਂ ਬਰਾਬਰੀ ਕਰ ਸਕਣ ਦੇ ਸਮਰਥ ਹੈ, ਜਾਪਾਨ ਦਾ ਹਾਕੂ ਗੀਤ ਰੂਪ ਵਿਸ਼ਵ ਭਰ ਵਿਚੋਂ ਨਿੱਕੀ ਕਵਿਤਾ ਦੀ ਸੁੰਦਰ ਵੰਨਗੀ ਮੰਨਿਆ ਗਿਆ ਹੈ। ਇਸ ਕਾਲ ਦੇ ਕੁਝ ਟੱਪਿਆ ਦੇ ਦੀਦਾਰ—

1. "ਸੋਨੇ ਦੀ ਵੰਗ ਮਾਹੀਆ,
ਨਾ ਅਸੀਂ ਜੀਉਂਦੇ ਆਂ ਨਾ ਮੋਇਆ ਦੇ ਸੰਗ ਮਾਹੀਆ।"
2. "ਹਲ ਵਗਦਾ ਹਾਲੀ ਦਾ,
ਪਤਲਾ ਪਤੰਗ ਮਾਹੀਆ ਕਿਸੇ ਕਰਮਾ ਵਾਲੀ ਦਾ।"

ਗਿੱਧਾ ਵੰਨਗੀ :—

"ਸੌਣ ਮਹੀਨਾ ਦਿਨ ਗਿੱਧੇ ਦੇ ਕੁੜੀਆਂ ਰਲ ਕੇ ਆਈਆਂ।
ਨੱਚਣ, ਟੱਪਣ, ਝੂਟਣ ਪੀਘਾਂ ਵਡਿਆਂ ਘਰਾਂ ਦੀਆਂ ਜਾਈਆਂ।

ਬੁਝਾਰਤਾਂ ਦੀ ਝਲਕ :—

"ਧਰਤੀ ਫੁੱਟੀ ਗੰਦਲ ਨਿਕਲੀ, ਰੋੜ ਮਰੋੜੀ ਜਾਣ।
ਜਾਂ ਤਾਂ ਬੁੱਝੇ ਸੁਘੜ ਸਿਆਣਾ ਜਾਂ ਬੁੱਝੇ ਬੁਧਵਾਨ।

ਕਿਵੇਂ ਬਚਪਨ ਤੋਂ ਵਿਆਹ ਤਕ ਦਾ ਵੇਰਵਾ ਕੇਵਲ ਚਾਰ ਛੁਟੇਰੀਆਂ ਸਤਰਾਂ ਵਿਚ ਹੀ ਅੰਕਿਤ ਕਰਕੇ ਰੱਖ ਦਿੱਤਾ ਗਿਆ ਹੈ।

ਪਹਿਲਾਂ ਸਾਂ ਮੈਂ ਆਲੀ ਭੋਲੀ।
ਫੇਰ ਸੁਆਈ ਖੱਟੀ ਚੋਲੀ।
ਜਾਂ ਮੈਂ ਕੀਤਾ ਸੂਹਾ ਵੇਸ਼।
ਉਠ ਪਇਆ ਉਚਕਾ ਦੇਸ਼।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਕਾਲ ਦੇ ਪ੍ਰਚਲਤ ਅਖਾਣਾ ਤੇ ਆਪਣੀ ਝਾਤ ਪਾਉ—

ਜੇਠ ਹਾੜ ਗੁੱਠਾਂ ਸਾਵਣ ਭਾਦੋਂ ਰੁੱਖਾਂ।
ਢਿਡ ਨਾ ਪਈਆਂ ਰੋਟੀਆਂ ਸਭੇ ਗਲਾਂ ਖੋਟੀਆਂ।
ਭਰਾ ਭਰਾਵਾਂ ਦੇ ਚਿਚੜ ਕਾਵਾਂ ਦੇ।

ਇਹ ਲੋਕ-ਗੀਤ ਹਜ਼ਾਰਾਂ ਸਾਲ ਪੁਰਾਣੇ ਹੁੰਦੇ ਹੋਏ ਵੀ ਸਦਾ ਬਹਾਰੀ ਫੁਲਾਂ ਵਾਂਗ ਖਿੜੇ, ਤੇ ਮਹਿਕਦੇ, ਟਹਿਕਦੇ ਤੇ ਸੁਗੰਧੀਆਂ ਖਲੇਰਦੇ ਰਹਿੰਦੇ ਹਨ। ਇਨ੍ਹਾਂ ਦੀ ਬੋਲੀ ਸਰਲ, ਸਾਧਾਰਨ ਸਾਦ ਮੁਰਾਦੀ ਹੁੰਦੀ ਹੈ। ਇਹ ਪੰਜਾਬੀ ਬੋਲੀ ਦੀ ਸਰਲਤਾ ਦੀ ਅਮੀਰੀ ਦੀ ਨਿਸ਼ਚੇ ਹੀ ਉਦਾਹਰਣ ਹਨ।

ਇਨ੍ਹਾਂ ਲੋਕ-ਗੀਤਾਂ ਦੀ ਮਹਾਨ ਦੇਣ ਇਸ ਹਕੀਕਤ ਤੋਂ ਹੀ ਗਿਆਤ ਹੋ ਜਾਂਦੀ ਹੈ ਕਿ ਇਹ ਲੋਕ-ਗੀਤ ਸਾਹਿਤ ਗਗਨ ਦੀ ਕਹਕਸ਼ਾਂ (Milky way) ਹੁੰਦੇ ਹਨ। ਇਨ੍ਹਾਂ ਵਿਚੋਂ ਅਨੇਕਾਂ ਅਣਗਿਣਤ ਤਾਰੇ ਬਣਦੇ ਢਹਿੰਦੇ ਰਹਿੰਦੇ ਹਨ। ਕਿਹਾ ਜਾਂਦਾ ਹੈ ਕੇ ਜਿਸ ਭਾਸ਼ਾ ਦਾ ਸਾਹਿਤ ਲੋਕ-ਗੀਤਾਂ ਦੀ ਨੀਂਹ ਤੇ ਨਹੀਂ ਖੜਾ ਉਹ ਡਾਵਾਂਡੋਲ ਹੈ। ਜਾਂ ਦੇਵਿੰਦਰ ਸਤਿਆਰਥੀ ਦੇ ਸ਼ਬਦਾਂ ਵਿਚ ਇਨ੍ਹਾਂ ਲੋਕ-ਗੀਤਾਂ ਦੀ ਮਹਾਨ ਦੇਣ ਇਸ ਤੋਂ ਪਤਾ ਲੱਗ ਜਾਂਦੀ ਹੈ, "ਸਾਡੇ ਪੇਂਡੂ ਗੀਤ ਸਾਹਿਤ ਮਹਿਲ ਦੀ ਨੀਂਹ ਦੇ ਪੱਥਰ ਹਨ। ਕਵਿਤਾ ਨੂੰ ਸਾਹਿਤ ਦਾ ਬਾਲਪਨ ਕਹਿਣਾ ਉਚਿਤ ਹੋਏਗਾ। ਲੋਕ-ਗੀਤ ਕਵਿਤਾ ਦੀ ਜਿੰਦਜਾਨ ਹਨ। ਸਾਹਿਤ ਇਕ ਮਹਾਨ ਗਹਿਰਾ ਸਾਗਰ ਹੈ, ਲੋਕ-ਗੀਤ ਇਸ ਸਾਗਰ ਦੀਆਂ ਕੂਲਾਂ ਹਨ।"

ਸੋ ਸਾਨੂੰ ਇਸ ਗੱਲ ਤੇ ਮਾਨ ਹੈ ਕਿ ਸਾਡੀ ਸਾਹਿਤ-ਮਮਟੀ ਦੇ ਨੀਂਹ-ਪੱਥਰ ਸਾਡੇ ਲੋਕ-ਗੀਤ ਹਨ ਅਤੇ ਇਸ ਕਰਕੇ ਪੰਜਾਬੀ ਸਾਹਿਤ-ਮਹੱਲ ਡਾਵਾਂ ਡੋਲ ਨਹੀਂ ਹੈ। ਪੰਜਾਬੀ ਸਾਹਿਤ-ਸਾਗਰ ਸਦਾ ਗਹਿਰਾ ਡੂੰਘੇਰਾ ਰਹੇਗਾ, ਕਿਉਂਕਿ ਲੋਕ-ਗੀਤ ਇਨ੍ਹਾਂ ਦੀਆਂ ਕੂਲਾਂ ਹਨ। ਉਹ ਲੋਕ-ਗੀਤ ਜੋ ਸੰਤੋਖ ਸਿੰਘ ਧੀਰ ਦੇ ਸ਼ਬਦਾਂ ਵਿਚ—"ਬਿਲਕੁਲ ਜਿਉਂ ਬਸੰਤ ਰੁਤੇ ਬ੍ਰਿਛਾਂ ਨੂੰ ਪੱਤ ਨਿਕਲ ਆਉਂਦੇ ਹਨ ਜਿਵੇਂ ਰਤ ਧਕੜ ਨੂੰ ਪਾੜ ਕੇ ਸੋਮਾ ਮੂੰਹ ਜ਼ੋਰ ਹੋ ਕੇ ਫਟ ਨਿਕਲਦਾ ਹੈ, ਇਵੇਂ ਹੀ ਲੋਕ-ਗੀਤ ਲੋਕ ਦਿਲਾਂ ਵਿਚੋਂ ਆਪ ਮੁਹਾਰੇ ਨਿਕਲ ਆਉਂਦੇ ਹਨ।

ਨਾਨਕ ਕਾਲ ਸਾਹਿਤ ਵਿਚ ਸੁਨਿਹਰੀ ਕਾਲ ਕਰਕੇ ਜਾਣਿਆ ਜਾਂਦਾ ਹੈ। ਇਸ ਦਾ ਸੁਨਿਹਰੀਪਣ ਨਿਰਸੰਦੇਹ ਇਹ ਪੂਰਵ ਨਾਨਕ ਕਾਲ ਦੇ ਲੋਕ-ਗੀਤ ਹਨ ਕਿਉਂਕਿ ਗੁਰੂ ਸਾਹਿਬਾਂ ਤੇ ਹੋਰ ਲੇਖਕਾਂ ਨੇ ਪੂਰਵ ਨਾਨਕ ਕਾਲ ਦੇ ਪ੍ਰਚਲਤ ਲੋਕ-ਗੀਤਾਂ ਦੇ ਕਾਵਿ-ਰੂਪਾਂ ਨੂੰ ਗ੍ਰਹਿਣ ਕੀਤਾ ਹੈ। ਜਿਹਾ ਕਿ ਸਤਵਾਰਾ, ਅਠਵਾਰਾਂ, ਬਾਰਾਮਾਂਹ, ਘੋੜੀਆਂ ਅਲਾਹੁਣੀਆਂ ਆਦਿ। ਇਨ੍ਹਾਂ ਨੂੰ ਉਸੇ ਰੂਪ ਵਿਚ ਕਬੂਲਿਆ ਹੈ। ਸੋ ਇਹ ਨਾਨਕ ਕਾਲ ਸਾਹਿਤ ਦਾ ਸਵਰਨ ਮਹਿਲ ਹੈ, ਕਿਉਂਕਿ ਇਸ ਦੀ ਸਿਰਜਨ—ਉਸਾਰੀ ਵਿਚ ਲੋਕ-ਗੀਤਾਂ ਦੀਆਂ ਸੰਗਮਰਮਰੀ ਸਿਲਾਂ ਵੀ ਲਗੀਆਂ ਹਨ। ਨਾਨਕ ਕਾਲ ਦਾ ਸਾਹਿਤ ਇਕ ਗਹਿਰਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਗਰ ਹੈ, ਕਿਉਂਕਿ ਇਸ ਦੀਆਂ ਕੂਲਾਂ ਲੋਕ-ਗੀਤ ਹਨ। ਨਾਨਕ ਕਾਲ ਦੇ ਲਿਖਾਰੀ ਤਾਰਿਆਂ ਵਾਂਗ ਟਹਿਕਦੇ ਹਨ, ਕਿਉਂਕਿ ਲੋਕ ਸਾਹਿਤ (Folk Lore) ਦੀ ਕਹਕਸ਼ਾਂ (Milky way) ਤੋਂ ਉਗਮੇ ਹਨ। ਇਹ ਨਾਨਕ ਕਾਲ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਅਮਰ ਹੈ, ਕਿਉਂਕਿ ਲੋਕ ਅਮਰ ਹਨ। ਲੋਕ-ਗੀਤ ਅਮਰ ਹਨ, ਕਿਉਂਕਿ ਇਨ੍ਹਾਂ ਦੀ ਰਚਣਹਾਰ ਜਨਤਾ ਅਮਰ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਦਿ ਕਾਲ ਦਾ ਹੋਰ ਲੋਕ ਸਾਹਿਤ

ਇਹ ਲੋਕ ਗੀਤ ਸ਼ਿੰਗਾਰ ਰਸ ਦਾ ਸ਼ਿੰਗਾਰ ਹਨ। ਇਹ ਸਰੋਦੀ ਅੰਸ਼ਾਂ ਨਾਲ ਲੱਦੇ ਬੜੇ ਹੀ ਖੂਬਸੂਰਤ ਅਤੇ ਬਹੁਤ ਪਿਆਰੇ ਹਨ—

1. ਚੜ੍ਹਿਆ ਮਹੀਨਾ ਚੇਤ ਦਿਲਾਂ ਦੇ ਭੇਤ ਕੋਈ ਨਾ ਜਾਣਦਾ।
   ਉਹੀ ਗਿਆ ਪਰਦੇਸ ਜੋ ਸਾਡੇ ਹਾਣਦਾ।
   ... ...
2. ਤੂੰ ਹੱਸਦੀ ਦਿਲ ਰਾਜ਼ੀ ਮੇਰਾ ਲਗਦੇ ਨੇ ਬੋਲ ਪਿਆਰੇ।
   ਚੱਲ ਕਿਧਰੇ ਦੋ ਗੱਲਾਂ ਕਰੀਏ ਬਹਿ ਕੇ ਨਦੀ ਕਿਨਾਰੇ।
   ਲੁਕ ਲੁਕ ਲਾਈਆਂ ਪ੍ਰਗਟ ਹੋਈਆਂ ਵਜ ਗਏ ਢੋਲ ਨਗਾਰੇ।
   ਸੁਹਣੀਏ ਆ ਜਾ ਨੀ ਡੁੱਬਦਿਆਂ ਨੂੰ ਰਬ ਤਾਰੇ।
   ਸੁਹਣੀਏ ਆ ਜਾ ਨੀ।
   ... ...
3. ਕਦੇ ਬੋਲ ਵੇ ਚੰਦਰਿਆ ਕਾਵਾਂ ਕੋਇਲਾਂ ਕੂਕਦੀਆਂ।
   ... ...
4. ਤੇਰੀ ਸਜਰੀ ਪੈੜ ਦਾ ਰੇਤਾ ਚੁਕ ਚੁਕ ਲਾਵਾਂ ਹਿਕ ਨੂੰ।

ਬੁਝਾਰਤਾਂ

ਬੁਝਾਰਤਾਂ ਸੂਝ ਬੂਝ ਨੂੰ ਬਲਵਾਨ ਕਰਦੀਆਂ ਹਨ। ਇਸ ਸਮੇਂ ਦੀਆਂ ਕਈ ਬੁਝਾਰਤਾਂ ਮਿਲਦੀਆਂ ਹਨ—

1 ਮੇਲੇ ਦੇ ਤ੍ਰੈ ਕੰਮ ਪੱਕੇ?
  ਧੁੱਪ, ਧੂੜ, ਨਿਕੰਮੇ ਧੱਕੇ।
  ... ...

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

2. ਇਕ ਪੁੱਤ ਨਾ ਜਾਈਂ ਰੰਨੇ
ਘਰ ਆਏ ਤਾਂ ਭਾਂਡੇ ਭੰਨੇ
ਬਾਹਰ ਜਾਏ ਤਾਂ ਮਾਪੇ ਅੰਨ੍ਹੇ
ਲਾਡਾਂ ਵਿਚ ਨਾ ਆਖਾ ਮੰਨੇ
ਇਕ ਪੁੱਤ ਨਾ ਜਾਈਂ ਰੰਨੇ

... ...

3. ਸੌ ਚਾਚਾ ਤੇ ਇਕ ਪਿਓ
ਸੌ ਦਾਰੂ ਤੇ ਇਕ ਘਿਓ
ਸੌ ਬੇਰ ਤੇ ਇਕ ਸਿਓ

... ...

4. ਕੁੜੀਆਂ ਚਿੜੀਆਂ ਬਕਰੀਆਂ
ਤ੍ਰੈਏ ਜਾਤਾਂ ਅੱਥਰੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੂਫ਼ੀ ਵਿਚਾਰਧਾਰਾ ਦਾ ਨਿਕਾਸ

ਨਾਥ ਜੋਗੀਆਂ ਤੋਂ ਬਾਅਦ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਸੂਫ਼ੀ ਧਾਰਾ ਦਾ ਵਰਣਨ ਆ ਜਾਂਦਾ ਹੈ।

ਸੂਫ਼ੀ ਅਰਬੀ ਸ਼ਬਦ ਹੈ ਜਿਸ ਦਾ ਅਰਥ ਹੈ ਸਾਫ਼ ਦਿਲ ਵਾਲਾ। ਸੂਫ਼ੀ ਸ਼ਬਦ ਬਾਰੇ ਕਈ ਮੱਤ ਪ੍ਰਚਲਤ ਹਨ। ਕਈ ਵਿਦਵਾਨ ਮੰਨਦੇ ਹਨ ਕਿ ਸੂਫ਼ੀ ਸ਼ਬਦ ਸਫ਼ਾ ਤੋਂ ਬਣਿਆ ਹੈ। ਜਿਸਦਾ ਭਾਵ ਹੈ ਪਵਿੱਤਰ। ਸੂਫ਼ੀ ਵਿਅੱਕਤੀ ਉਹ ਹੈ ਜੋ ਬੜਾ ਉੱਤਮ ਪੁਰਖ ਹੈ। ਜਿਸ ਨੇ ਸੰਸਾਰ ਦੀਆਂ ਨੀਂਵੇ ਦਰਜੇ ਦੀਆਂ ਇੱਛਾਵਾਂ ਤੋਂ ਆਪਣੇ ਆਪ ਨੂੰ ਬਹੁਤ ਉੱਚਾ ਉਠਾ ਲਿਆ ਹੈ। ਕਈਆਂ ਦਾ ਖਿਆਲ ਹੈ ਕਿ ਸੂਫ਼ੀ ਸ਼ਬਦ ਸੁਫ਼ਾ ਸ਼ਬਦ ਚੋਂ ਨਿਕਲਿਆ ਹੈ।

ਡਾ. ਮੋਹਨ ਸਿੰਘ ਦੀਵਾਨਾ ਦਾ ਮੱਤ ਹੈ ਕਿ, ਕਿਉਂਕਿ, ਦਰਵੇਸ਼ ਭਾਵ ਸੂਫ਼ੀ ਲੋਕ ਭੂਰੀ ਉੱਨ ਦੇ ਬਸਤਰ ਪਹਿਣਦੇ ਸਨ ਇਸ ਕਰਕੇ ਉਨ੍ਹਾਂ ਨੂੰ ਸੂਫ਼ੀ ਕਿਹਾ ਗਿਆ। ਰਿਵਾਇਤ ਹੈ ਕਿ ਹਜ਼ਰਤ ਮੁਹੰਮਦ ਸਾਹਿਬ ਵੀ ਕਾਲੀ ਕੰਬਲੀ ਓੜਦੇ ਸਨ। ਬਾਬਾ ਫਰੀਦ ਦਾ ਸ਼ਲੋਕ ਵੀ ਹੈ—

ਫਰੀਦਾ ਕਾਲੇ ਮੈਂਡੇ ਕਪੜੇ ਕਾਲਾ ਮੈਂਡਾ ਵੇਸ।
ਗੁਨਹੀਂ ਭਰਿਆ ਮੈਂ ਫਿਰਾਂ ਲੋਕ ਕਹਿਣ ਦਰਵੇਸ਼।

ਕੁਝ ਵਿਦਵਾਨ ਸੂਫ਼ੀ ਸ਼ਬਦ ਨੂੰ ਸਫ਼ ਨਾਲ ਜੋੜਦੇ ਹਨ। ਉਨ੍ਹਾਂ ਦੇ ਮੱਤ ਅਨੁਸਾਰ ਸੂਫ਼ੀ ਸਫ਼-ਏ-ਅਵਲ ਵਿਚ ਭਾਵ ਪਹਿਲੀ ਕਤਾਰ ਵਿਚ ਬੈਠ ਕੇ ਨਿਮਾਜ਼ ਪੜ੍ਹਨ ਵਾਲੇ ਸਨ। ਇਹ ਹਜ਼ਰਤ ਮੁਹੰਮਦ ਸਾਹਿਬ ਦੇ ਨਾਲ ਦੂਜਿਆਂ ਤੋਂ ਅੱਗੇ ਮਸੀਤ ਵਿਚ ਬੈਠਦੇ ਸਨ। ਇਨ੍ਹਾਂ ਨੂੰ ਹੀ ਬਾਅਦ ਵਿਚ ਸੂਫ਼ੀ ਕਿਹਾ ਜਾਣ ਲੱਗ ਪਿਆ।

ਕਈ ਸੂਫ਼ੀ ਸ਼ਬਦ ਨੂੰ ਸੋਫ਼ (**Bench**) ਨਾਲ ਜੋੜਦੇ ਹਨ। ਇਸ ਦਾ ਐਲ. ਏ. ਸੋਫ਼ਾ ਨਾਲ ਸੰਬੰਧ ਸੀ। ਇਹ ਲੋਕ ਘਰ ਬਾਹਰ ਛਡ ਬੈਠਦੇ ਸਨ। ਮਦੀਨੇ ਵਿਚ ਭਗਤੀ ਕਰਦੇ ਹੁੰਦੇ ਸਨ। ਪਰੰਤੂ ਕੁਰੈਸ਼ੀ ਨਾਮ ਦਾ ਸੂਫ਼ੀ ਇਸ ਵਿਚਾਰ ਨੂੰ ਨਹੀਂ ਮੰਨਦਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਰ ਹੁਣ ਇਹ ਵਿਚਾਰ ਪੱਕਾ ਹੋ ਚੁਕਾ ਹੈ ਕਿ ਸੂਫ਼ੀ ਸ਼ਬਦ ਦਾ ਨਿਕਾਸ ਅਰਬੀ ਦੇ ਸ਼ਬਦ ਸੂਫ਼ (ਉੱਨ) ਵਿਚੋਂ ਹੋਇਆ ਹੈ ; ਉੱਨ ਪਵਿੱਤਰ ਬਸਤਰ ਹੈ। ਹਜ਼ਰਤ ਮੁਹੰਮਦ ਦੇ ਯਾਰ ਦੂਜੇ ਖ਼ਲੀਫ਼ੇ ਹਜ਼ਰਤ ਉਮਰ ਬਾਰੇ ਮਸਊਦੀ ਲਿਖਦੇ ਹਨ ਕਿ ਉਹ ਸੂਫ਼ ਦਾ ਇਕ ਜੁਬਾ ਜਿਸ ਨੂੰ ਥਾਂ ਥਾਂ ਕਪੜੇ ਦੀਆਂ ਥਿਗੜੀਆਂ ਲੱਗੀਆਂ ਹੁੰਦੀਆਂ ਸਨ। ਪਹਿਨਦੇ ਸਨ। ਪਹਿਲੇ ਸੂਫ਼ੀ ਤੇ ਮੋਮਨ ਵੀ ਸੂਫ਼ ਪਹਿਨਦੇ ਸਨ। ਹਾਫ਼ਜ ਨੇ ਇਕ ਗ਼ਜ਼ਲ ਵਿਚ ਪਸ਼ਮੀਨਾ ਪੋਸ਼ ਕਿਹਾ ਹੈ। ਸ਼ਾਇਦ ਇਸੇ ਕਰਕੇ।

ਅਰਬੀ ਵਿਚ 'ਸਭ ਤੋਂ ਪੁਰਾਣਾ ਸੂਫ਼ੀ ਮਤ' ਬਾਰੇ ਲਿਖਣ ਵਾਲੇ ਅਬੂ ਨਸਰ ਅਲਸਰਾਜ ਦਾ ਵਿਚਾਰ ਹੈ ਕਿ ਸੂਫ਼ੀ ਸ਼ਬਦ ਸੂਫ਼ ਤੋਂ ਲਿਆ ਗਿਆ ਹੈ। ਸੂਫ਼ ਉੱਨ ਦੇ ਕਾਲੇ ਕਪੜੇ ਨੂੰ ਕਹਿੰਦੇ ਹਨ। ਫਰੀਦ ਬਾਣੀ ਵਿਚ ਵੀ ਆਇਆ ਹੈ—

ਫਰੀਦਾ ਕੰਨ ਮੁਸੱਲਾ ਸੂਫ ਗਲ ਦਿਲ ਕਾਤੀ ਗੁੜ ਵਾਤ।

ਜ਼ਿਆਦਾ ਵਿਚਾਰ ਇਹੀ ਪ੍ਰਚਲਤ ਹੈ। ਜਦ ਇਹ ਸੂਫ਼ੀ ਲੋਕ ਇਰਾਨ ਆਏ ਤਾਂ ਪਹਿਲੇ ਸੂਫ਼ੀਆਂ ਨੇ ਆਪਣੇ ਆਪ ਨੂੰ ਪਸ਼ਮੀਨਾ ਪੋਸ਼ ਕਿਹਾ। ਇਹ ਰਿਵਾਜ਼ ਈਸਾਈ ਸੰਤਾਂ ਤੋਂ ਪਿਆ ਹੈ। ਕਿਹਾ ਜਾਂਦਾ ਹੈ ਕਿ ਈਸਾ ਜੀ ਵੀ ਉੱਨ ਦੇ ਬਸਤਰ ਪਹਿਨਦੇ ਸਨ।

ਜਾਮੀ ਫ਼ਾਰਸੀ ਦਾ ਕਵੀ ਹੋਇਆ ਹੈ। ਉਸ ਦਾ ਕਹਿਣਾ ਹੈ ਕਿ ਸੂਫ਼ੀ ਨਾਂ ਕੂਫ਼ਾ-ਏ-ਅਬੂ ਹਾਸ਼ਮ ਦਾ ਨਾਂ ਸੀ। 778 A.D. ਉਸ ਦਾ ਸਮਾਂ ਹੈ। ਪਰੰਤੂ ਅਲਸਰਾਜ ਦਾ ਕਹਿਣਾ ਹੈ ਕਿ ਸਭ ਤੋਂ ਪਹਿਲਾਂ ਸੂਫ਼ੀ ਸ਼ਬਦ ਬਗਦਾਦ ਵਿਚ ਸ਼ੁਰੂ ਹੋਇਆ।

ਕਈਆਂ ਅਨੁਸਾਰ ਸੂਫ਼ੀ ਸ਼ਬਦ ਯੂਨਾਨੀ ਸੋਫ਼ੀਆ ਤੋਂ ਨਿਕਲਿਆ ਹੈ ਜਿਸ ਦੇ ਅਰਥ ਹਨ ਗਿਆਨ ਪ੍ਰਬੋਧ ਅਥਵਾ ਗਿਆਨਵਾਨ ਪੁਰਸ਼।

ਇਹ ਵੀ ਮੱਤ ਪ੍ਰਚਲਤ ਹੈ ਕਿ ਬਨੂ ਸੂਫ—ਅਰਬੀ ਕਬੀਲੇ ਦਾ ਨਾਂ ਸੀ ਜਿਸ ਤੋਂ ਬਹੁਤ ਸਾਰੇ ਭਗਤ ਪੈਦਾ ਹੋਏ। ਉਨ੍ਹਾਂ ਦਾ ਨਾਂ ਸੂਫ਼ੀ ਪੈ ਗਿਆ।

ਕਈਆਂ ਅਨੁਸਾਰ ਸੂਫ਼ੀ ਸ਼ਬਦ Sophist ਤੋਂ ਨਿਕਲਿਆ ਹੈ ਭਾਵ ਸਾਫ਼ ਦਿਲ ਵਾਲਾ। ਸੰਸਾਰ ਦੇ ਮੋਹ ਮਾਇਆ ਤੋਂ ਮੁਕਤ ਜਿਸ ਦਾ ਮਨ ਕੇਵਲ ਰੱਬ ਨਾਲ ਹੀ ਜੁੜਿਆ ਹੋਇਆ ਹੈ।

ਪੁਰਾਣੇ ਸੂਫ਼ੀ ਹਿਜ਼ਰਿਆਂ (ਮਸੀਤਾਂ) ਵਿਚ ਰਹਿੰਦੇ ਸਨ। ਰੱਬ ਦਾ ਵਿਰਦ ਕਰਦੇ। ਮਾੜੇ ਪਾਸਿਓਂ ਤੋਬਾ ਕਰਦੇ—ਬੁਲ੍ਹਾ ਤਾਂ ਹੀ ਪੁਕਾਰ ਪੁਕਾਰ ਕਹਿੰਦਾ ਹੈ—ਤੋਬਾ ਨਾ ਕਰ ਯਾਰ ਕੈਸੀ ਤੋਬਾ ਹੈ। ਵਿਸ਼ੇ ਵਾਸ਼ਨਾ ਤੋਂ ਪਰਹੇਜ਼ ਕਰਦੇ ਸਨ।

ਤੀਸਰੀ ਚੌਥੀ ਹਿਜ਼ਰੀ ਵਿਚ ਜੋ ਸੂਫ਼ੀ ਹੋਏ ਹਨ ਉਹ ਆਪਣੇ ਆਪ ਨੂੰ ਮੁਹੰਮਦ ਦੇ ਪੈਰੋਕਾਰ ਮੰਨਦੇ ਸਨ ਤੇ ਕੁਰਾਨ ਦੇ ਅਧਿਆਤਮਕ ਅਰਥਾਂ ਨੂੰ ਪ੍ਰਚਾਰਦੇ ਸਨ। ਫ਼ਾਰਸੀ ਅਤੇ ਤੁਰਕੀ ਕਵਿਤਾ ਵਿਚ ਸੂਫ਼ੀ ਉਹ ਹੈ ਜੋ ਬਹੁਤ ਜ਼ਿਆਦਾ ਪਵਿੱਤਰਤਾ ਉੱਤੇ ਜ਼ੋਰ ਦੇਂਦਾ ਹੈ। ਅਤੇ ਸੁਤੰਤਰ ਜੀਵਨ ਜੀਂਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੂਫ਼ੀ ਧਾਰਾ ਕਦੋਂ ਪ੍ਰਚਲਤ ਹੋਈ ਇਸ ਬਾਰੇ ਦੋ ਵਿਚਾਰ ਪ੍ਰਚਲਤ ਹਨ। ਇਕ ਤਾਂ ਇਹ ਕਿ ਜਦੋਂ ਇਸਲਾਮ ਸ਼ੁਰੂ ਹੋਇਆ ਤਾਂ ਪੱਛਮ ਵਲੋਂ ਈਸਾਈ ਮੱਤ ਦੇ ਪ੍ਰਭਾਵ ਵੀ ਪੈਣੇ ਸ਼ੁਰੂ ਹੋਏ। ਨਵ ਅਫਲਾਤੂਨ ਦੇ ਵਿਚਾਰ ਦਾ ਵੀ ਅਸਰ ਪਿਆ। ਏਥੋਂ ਸੂਫ਼ੀ ਮੱਤ ਜ਼ੋਰ ਪਕੜਦਾ ਹੈ।

ਦੂਜਾ ਮੱਤ ਇਹ ਹੈ ਕਿ ਸੂਫ਼ੀ ਇਕ ਵਿਗਿਆਨਕ ਵਿਚਾਰ-ਧਾਰਾ ਹੈ। ਜਦੋਂ ਆਰੀਆ ਵਿਚਾਰ-ਧਾਰਾ ਦਾ ਖਾਸ ਕਰਕੇ ਈਰਾਨ ਵਿਚ ਪ੍ਰਭਾਵ ਪਿਆ ਤਾਂ ਸੂਫ਼ੀ ਮੱਤ ਨੇ ਜ਼ੋਰ ਪਕੜਿਆ। ਆਰੰਭ ਵਿਚ ਸੂਫ਼ੀ ਲਹਿਰ ਧਾਰਮਿਕ ਉੱਚਤਾ ਤੇ ਬੱਲ ਦੇਂਦੀ ਸੀ। ਰੱਬ ਦਾ ਭੈ ਰਖਦੇ ਸਨ ਸੂਫ਼ੀ। ਰੱਬ ਦੀ ਰਜ਼ਾ ਮੰਨਦੇ ਸਨ। ਤਿਆਗ, ਤਪ ਜ਼ੁਹਦ, ਪਰਹੇਜ਼, ਤੋਬਾ ਕਰਦੇ।

ਸਹਿਜੇ ਸਹਿਜੇ ਸੂਫ਼ੀ ਮੱਤ ਇਸਲਾਮ ਤੋਂ ਵੱਖ ਹੋ ਗਿਆ। ਉਸ ਵੇਲੇ ਮੁਸਲਮਾਨਾਂ ਨੇ ਸੂਫ਼ੀਆਂ ਉੱਤੇ ਬੜੇ ਜ਼ੁਲਮ ਢਾਹੇ। ਸੂਲੀ ਤੇ ਚਾੜ੍ਹ ਦਿੱਤੇ। ਪੂਲੀਆਂ ਵਾਂਙ ਜੀਊਂਦੇ ਸਾੜ ਦਿੱਤੇ। ਗਰਦਨਾਂ ਕੱਟ ਦਿੱਤੀਆਂ। ਆਰੇ ਚਲਾਏ ਗਏ।

ਸੂਫ਼ੀ ਆਪਣੇ ਆਪ ਨੂੰ ਰੱਬ ਦੀ ਮਿਹਰ ਤੇ ਰਿਜ਼ਾ ਉੱਤੇ ਛੱਡ ਦੇਂਦਾ ਹੈ। ਆਪਣੇ ਆਪ ਨੂੰ ਰੱਬ ਦੇ ਸਮਰਪਣ ਕਰ ਦੇਂਦਾ ਹੈ। ਜਦ ਭਾਰਤ ਵਿਚ ਮੁਸਲਮਾਨ ਆਏ ਤਾਂ ਉਨ੍ਹਾਂ ਦੇ ਨਾਲ ਬਹੁਤ ਸਾਰੀਆਂ ਸੂਫ਼ੀਆਂ ਦੀਆਂ ਸਾਖ਼ਾਵਾਂ ਵੀ ਆ ਗਈਆਂ। ਸਿਆਲ ਕੋਟ, ਮੁਲਤਾਨ, ਲਾਹੌਰ, ਅਜਮੇਰ, ਕਰਨਾਲ ਸੂਫ਼ੀਆਂ ਦੇ ਵੱਡੇ ਅੱਡੇ ਬਣ ਗਏ। ਗੰਜ ਬਖ਼ਸ਼ ਲਾਹੌਰ ਵਿਚ, ਜ਼ਕਰੀਆਂ ਮੁਲਤਾਨ ਵਿਚ, ਬਾਬਾ ਫ਼ਰੀਦ ਪਾਕਪਟਣ ਵਿਚ ਹੋਏ ਹਨ।

ਸੂਫ਼ੀ ਮੱਤ ਦਾ ਨਿਕਾਸ

ਇਸਲਾਮੀ ਰਹੱਸਵਾਦ ਸੂਫ਼ੀ ਮੱਤ ਹੈ। ਡਾ. ਮੋਹਨ ਸਿੰਘ ਦੀਵਾਨਾ ਅਨੁਸਾਰ ਭਾਵੇਂ ਕਹਿਣ ਵਾਲੇ ਹਜ਼ਰਤ ਮੁਹੰਮਦ ਸਾਹਿਬ ਨੂੰ ਵੀ ਪਹਿਲਾਂ ਸੂਫ਼ੀ ਕਹਿੰਦੇ ਸਨ, ਪਰ ਅਸਲ ਵਿਚ ਇਸਲਾਮ ਦੇ ਚੌਥੇ ਖ਼ਲੀਫ਼ੇ ਹਜ਼ਰਤ ਅਲੀ ਨੂੰ ਏਸ ਤਾਲੀਮ ਦੇ ਇਸਲਾਮੀ ਰੰਗ ਦਾ ਮੋਢੀ ਦਸਿਆ ਜਾਂਦਾ ਹੈ। ਕੁਝ ਵੀ ਹੋਵੇ ਹਜ਼ਰਤ ਤੇ ਈਸਾ ਤੋਂ ਹੀ ਕਠਿਨ ਤਪ ਜ਼ੁਹਦ ਵਾਲਾ ਸੂਫ਼ੀ ਮੱਤ ਪ੍ਰਚਲਤ ਹੋਇਆ ਹੈ। ਮੁਹੰਮਦ ਸਾਹਿਬ ਨੂੰ ਜਦ ਭੁੱਖ ਲਗਦੀ ਤਾਂ ਉਹ ਪੇਟ ਉੱਤੇ ਪੱਥਰ ਬੰਨ੍ਹ ਲੈਂਦੇ। ਇਹੋ ਹਾਲ ਮੂਸਾ ਦਾ ਸੀ। ਮੂਸਾ ਵੀ ਪੈਗੰਬਰ ਮੰਨਿਆ ਗਿਆ ਹੈ। ਉਹ ਵੀ ਸੂਫ਼ੀ ਫ਼ਕੀਰ ਸੀ। ਮੂਸਾ ਦਾ ਪੇਟ ਭੁੱਖਿਆਂ ਰਹਿਣ ਕਰਕੇ ਘਾਹ ਵਾਂਗ ਹਰੀ ਭਾਹ ਮਾਰਦਾ ਸੀ। ਅਤੇ ਯਸੂਹ ਕਿਹਾ ਕਰਦਾ ਸੀ—ਭੁੱਖ ਮੇਰੀ ਰੋਟੀ ਹੈ, ਉੱਨ ਮੇਰਾ ਪਹਿਰਾਵਾ ਹੈ, ਮੇਰੇ ਪੈਰ ਮੇਰੀ ਸਵਾਰੀ ਹੈ, ਰਾਤ ਨੂੰ ਚੰਦਰਮਾ ਮੇਰਾ ਦੀਵਾ ਹੈ, ਦਿਨੇ ਸੂਰਜ ਮੇਰੀ ਅੱਗ ਹੈ। ਏਥੋਂ ਹੀ ਫਰੀਦ ਲਿਖਦਾ ਹੈ—

ਫਰੀਦਾ ਰੋਟੀ ਮੇਰੀ ਕਾਠ ਦੀ ਲਾਵਣ ਮੇਰੀ ਭੁੱਖ,
ਜਿਨ੍ਹਾਂ ਖਾਧੀਆਂ ਚੋਪੜੀਆਂ ਘਣੇ ਸਹਿਣਗੇ ਦੁੱਖ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਐਸੀ ਕਠਿਨਾਈ, ਐਸਾ ਕੜਾਪਣ ਸੂਫੀਆਂ ਵਿਚ ਪਾਇਆ ਜਾਂਦਾ ਸੀ। ਵੱਡੇ ਵੱਡੇ ਭਾਰਤ ਤੋਂ ਬਾਹਰਲੇ ਸੂਫ਼ੀ ਇਹ ਹੋਏ ਹਨ—ਅਬੂ ਹਾਸ਼ਮ (750 ਈ:) ਸਭ ਤੋਂ ਪਹਿਲਾਂ ਸੂਫ਼ੀ ਸ਼ਬਦ ਇਨ੍ਹਾਂ ਦੇ ਨਾਂ ਨਾਲ ਜੁੜਿਆ।

ਅਬੂਲ ਸਈਦ ਬਿਨ ਅਬੁੱਲ ਖੈਰ (967—1049 ਈ:)

ਜ਼ੁਨ ਨੂਨ ਮਿਸਰੀ (—960 ਈ:), ਸਿੱਰੇ ਸਗਵੈਤ (—867 ਈ:)

ਜੁਨੈਦ (—911 ਈ:), ਮਨਸੂਰ ਅਲ ਹੱਲਾਜ (—980 ਈ:)

ਗਜ਼ਾਲੀ(—111 ਈ:), ਜਲਾਲਉਦੀਨ ਰੂਮੀ (—1273 ਈ:)

ਸੂਫ਼ੀ ਮੱਤ ਦੇ ਪ੍ਰਮੁਖ ਸ਼ਾਇਰ—

ਉਮਰ ਖ਼ੱਯਾਮ (—1123 ਈ:), ਨਿਜ਼ਾਮੀ (—1200 ਈ:)

ਫ਼ਰੀਦੁੱਦੀਨ ਅੱਤਾਰ (—1230 ਈ:), ਸਾਅਦੀ (—1292 ਈ:)

ਹਾਫ਼ਿਜ਼ (—1389 ਈ:), ਅਨਵਰੀ (1200 ਈ:)

ਜਾਮੀ (—1492 ਈ:), ਹਾਤਿਫ਼ੀ (—1508 ਈ:)

ਸੂਫ਼ੀ ਮੱਤ ਦੇ ਪੰਜ ਗੜ੍ਹ—

ਈਰਾਨ, ਮਿਸਰ, ਅਰਬ, ਤੁਰਕੀ, ਹਿੰਦੁਸਤਾਨ

ਮੁਸਲਮਾਨ ਸੂਫ਼ੀਆਂ ਵਿਚ ਕਿਹਾ ਜਾਂਦਾ ਹੈ ਕਿ ਹਜ਼ਰਤ ਆਦਮ ਵੇਲੇ ਸੂਫ਼ੀ ਬੀਜ ਬੀਜਿਆ ਗਿਆ। ਹਜ਼ਰਤ ਨੂਹ ਦੇ ਵੇਲੇ ਉਹੀ ਫੱਟਿਆ। ਫੁੱਲ ਹਜ਼ਰਤ ਇਬਰਾਹੀਮ ਵੇਲੇ ਲੱਗੇ ਤੇ ਹਜ਼ਰਤ ਯਸੂ ਵੇਲੇ ਇਹ ਵਧਿਆ ਫੁਲਿਆ ਪਰ ਹਜ਼ਰਤ ਮੁਹੰਮਦ ਸਾਹਿਬ ਵੇਲੇ ਹੀ ਇਹ ਫੁੱਲ ਸ਼ਰਾਬ ਬਣਕੇ ਸਾਡੇ ਸਾਹਮਣੇ ਆਇਆ। ਕੁਝ ਕੁ ਪੰਜਾਬੀ ਸੂਫ਼ੀਆਂ ਵਿਚ ਨਾਂ ਆਉਣ ਵਾਲੇ—ਹਜ਼ਰਤ ਹੁਸੈਨ (ਸ਼ਹਾਦਤ 680 ਈ:), ਸ਼ਮਸ ਤਬਰੇਜ਼ੀ ਮੌਤ 1264 ਈ: ਸਰਮਦ ਮੌਤ 1661,

ਸੂਫ਼ੀ ਨੂੰ ਪਹਿਲੇ 8 ਪੜਾਵਾਂ ਤੋਂ ਲੰਘਣਾ ਪੈਂਦਾ ਹੈ।

1. ਅਬੂਦੀਅਤ — ਰੱਬ ਦਾ ਸੇਵਕ ਸਮਝਣਾ।
2. ਇਸ਼ਕ — ਰੱਬ ਨਾਲ ਕਰਨਾ।
3. ਜ਼ੁਹਦ — ਤਪ ਸਾਧਨਾ।
4. ਮਾਰਫ਼ਤ — ਗਿਆਨ ਹਾਸਲ ਕਰਨਾ।
5. ਵਜਦ — ਮਸਤੀ ਵਿਚ ਆਉਣਾ।
6. ਹਕੀਕਤ — ਸਚਾਈ ਦਾ ਦਰਸ਼ਨ।
7. ਵਸਲ — ਰੱਬ ਦਾ ਮਿਲਾਪ।
8. ਫਨਾ — ਰੱਬ ਵਿਚ ਆਪਣੇ ਆਪ ਨੂੰ ਮਿਟਾ ਦੇਣਾ।

ਪਰੰਤੂ ਇਸ ਤੋਂ ਪਹਿਲਾਂ ਜ਼ਰੂਰੀ ਹੈ ਰੱਬ ਦੀ ਮਿਹਰ ਹੋਵੇ। ਚੰਗੇ ਭਾਗ ਹੋਣ। ਗੁਰ ਪੀਰ ਦੀ ਮਦਦ ਹੋਵੇ। ਸੂਫ਼ੀ ਦੀ ਕੋਸ਼ਿਸ਼ ਵਿਚ ਇਹ ਦਸ ਨੁਕਤੇ ਸ਼ਾਮਲ ਹਨ—

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

1. ਤੋਬਾ 2. ਸਬਰ 3. ਸ਼ੁਕਰ 4. ਰਿਜ਼ਾ (ਆਸ) 5. ਖ਼ੌਫ਼

6. ਫ਼ਕਰ — ਆਪ ਸਹੇੜੀ ਗ਼ਰੀਬੀ ਤੇ ਤਿਆਗ।

7. ਜ਼ੁਹਦ — ਤਪ ਸਾਧਨਾ।

8. ਤੌਹੀਦ — ਮਨ ਨੂੰ ਮਾਰਕੇ ਰੱਬ ਦੀ ਮਰਜ਼ੀ ਨੂੰ ਆਪਣੀ ਮਰਜ਼ੀ ਸਮਝਣਾ।

9. ਤਵੱਕੁਲ — ਰੱਬ ਤੇ ਪੂਰਨ ਭਰੋਸਾ—

ਪੱਲੇ ਰਿਜ਼ਕ ਨਾ ਬੰਨ੍ਹਦੇ ਪੰਛੀ ਅਤੇ ਦਰਵੇਸ਼।
ਜਿਨ੍ਹਾਂ ਤਵੱਕੁਲ ਰੱਬ ਦਾ ਤਿਨ੍ਹਾਂ ਰਿਜ਼ਕ ਹਮੇਸ਼।

10. ਇਸ਼ਕ - ਮੁਹੱਬਤ— ਰੱਬ ਨਾਲ — ਮੁਰਸ਼ਦ ਨਾਲ—ਮਜ਼ਾਜੀ
ਰੱਬ ਨਾਲ —ਹਕੀਕੀ।

ਸੂਫ਼ੀ ਦੁਨੀਆਂ ਨੂੰ ਮਾਇਆ ਛਾਇਆ ਸਮਝਦਾ ਹੈ। ਮਿਲਾਪ ਦੀ ਤਾਂਘ ਵਿਚ ਦਿਨੇ ਰਾਤ ਰਹਿੰਦਾ ਹੈ। ਮਨ ਨੂੰ ਮਾਰੇ, ਸਰੀਰ ਨੂੰ ਕਾਬੂ ਵਿਚ ਰੱਖੇ, ਤਪੱਸਿਆ ਨਾਲ ਏਸ ਨੂੰ ਵਧਣ ਨਾ ਦੇਵੇ। ਮਨ ਜੀਤੇ ਜਗ ਜੀਤ ਹੋਣਾ, ਦਿਲ ਦੇ ਸ਼ੀਸ਼ੇ ਨੂੰ ਸਾਫ਼ ਰਖਣਾ ਤਾਂ ਅੰਦਰ ਪਰਮਾਤਮਾ ਨਜ਼ਰ ਆਏਗਾ। ਸਬਰ ਸਿਦਕ ਨਾਲ ਰਹੇ,

ਸੂਫ਼ੀਆਂ ਦੇ ਇਹ ਫਿਰਕੇ ਹਨ—

ਕ਼ਾਦਰੀ, ਚਿਸਤੀ, ਨਕਸ਼ਬੰਦੀ, ਸੁਹਰਵਰਦੀ, ਕੁਬਰਵੀਂ।

ਸੂਫ਼ੀ ਪੁਨਰ ਜਨਮ ਨੂੰ ਵੀ ਮੰਨਦੇ ਹਨ। ਬੁਲ੍ਹੇ ਸ਼ਾਹ ਕਾਦਰੀ ਹਨ, ਬਾਬਾ ਫਰੀਦ ਚਿਸਤੀ

ਸੂਫ਼ੀਆਂ ਦੇ ਚਾਰ ਪੜਾਅ ਬੁਲ੍ਹੇ ਦੀ ਕਵਿਤਾ ਵਿਚ—

ਸ਼ਰੀਅਤ ਸਾਡੀ ਮਾਈ ਹੈ, ਤਰੀਕਤ ਸਾਡੀ ਦਾਈ ਹੈ।
ਅੱਗੋ ਹੱਕ ਹਕੀਕਤ ਆਈ ਹੈ ਤੇ ਮਾਰਫ਼ਤੋਂ ਕੁਝ ਪਾਇਆ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਫਰੀਦ ਬਾਣੀ ਦੇ ਰਚਨ-ਕਾਲ ਦਾ ਮਸਲਾ

ਸ਼ੇਖ ਫਰੀਦ ਦੀ ਮਹਾਨਤਾ ਇਹ ਹੈ ਕਿ ਸੈਂਕੜੇ ਵਰ੍ਹੇ ਬੀਤ ਜਾਣ ਉੱਤੇ ਵੀ ਉਨ੍ਹਾਂ ਦੀ ਬੋਲੀ ਦੀ ਠੇਠਤਾ, ਸਰਲਤਾ, ਸਾਦਗੀ, ਸੁੰਦਰਤਾ ਤੇ ਮਿਸ਼ਰੀ ਵਰਗੀ ਮਿਠਾਸ ਓਵੇਂ ਦੀ ਓਵੇਂ ਹੈ। ਬਾਬਾ ਫਰੀਦ ਬਾਣੀ ਦੇ ਬਿਲਕੁਲ ਇਸੇ ਗੁਣ ਨੇ ਹੀ ਭੁਲੇਖਾ ਪਾ ਦਿੱਤਾ ਕਿ ਇਹ ਬਾਣੀ ਏਨੀ ਪੁਰਾਣੀ ਨਹੀਂ ਹੋ ਸਕਦੀ। ਇਹ ਜ਼ਰੂਰ ਸ਼ੇਖ ਬ੍ਰਹਮ ਦੀ ਹੈ ਜੋ ਫਰੀਦ ਦੀ ਗੱਦੀ ਦੇ 12 ਵੇਂ ਗੱਦੀਦਾਰ ਸਨ। ਇਸ ਭੁਲੇਖੇ ਦੇ ਸ਼ਿਕਾਰ ਹੋਏ ਵਿਦਵਾਨ ਇਹ ਹਨ—ਡਾ. ਲਾਜਵੰਤੀ ਰਾਮਾ ਕ੍ਰਿਸ਼ਨਾ— ਇਨ੍ਹਾਂ ਨੇ ਆਪਣੀ ਪੁਸਤਕ ਜੋ ਅੰਗਰੇਜ਼ੀ ਵਿਚ ਲਿਖੀ **Panjabi Sufi Poets** ਵਿਚ ਇਹ ਭੁਲੇਖਾ ਪਾਇਆ ਹੈ। ਦੂਜੇ ਵਿਦਵਾਨ ਹਨ ਭਾਈ ਕਾਨ੍ਹ ਸਿੰਘ ਨਾਭਾ, ਪ੍ਰਿੰ. ਤੇਜਾ ਸਿੰਘ, ਬਾਵਾ ਬੁਧ ਸਿੰਘ, ਡਾ. ਗੁਪਾਲ ਸਿੰਘ ਦਰਦੀ – ਦਰਦੀ ਸਾਹਿਬ ਬਾਅਦ ਵਿਚ ਆਪਣੇ ਵਿਚਾਰ ਬਦਲ ਗਏ ਸਨ ਅਤੇ ਬਾਣੀ ਜੋ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ ਫ਼ਰੀਦ ਨਾਂ ਹੇਠ ਉਸ ਨੂੰ ਬਾਬਾ ਫ਼ਰੀਦ ਦੀ ਹੀ ਬਾਣੀ ਮੰਨਣ ਲੱਗ ਪਏ ਹਨ।

ਇਨ੍ਹਾਂ ਵਿਦਵਾਨਾਂ ਨੇ ਬਾਬਾ ਫ਼ਰੀਦ ਦੀ ਬਾਣੀ ਦੀ ਬੋਲੀ ਦੀ ਠੇਠਤਾ, ਸਰਲਤਾ, ਤੇ ਮਿਠਾਸ ਨੂੰ ਤਕ ਕੇ ਇਹ ਭੁਲੇਖਾ ਖਾਧਾ ਕਿ ਜੋ ਬਾਣੀ ਬਾਬਾ ਫ਼ਰੀਦ ਨਾਂ ਹੇਠ, ਆਦਿ ਗ੍ਰੰਥ ਵਿਚ ਦਰਜ ਹੈ ਉਹ ਬਾਬਾ ਫ਼ਰੀਦ ਦੀ ਨਹੀਂ ਹੋ ਸਕਦੀ, ਕਿਉਂਕਿ, ਉਹ ਖਿਲਕੁਲ ਅਜ ਦੀ ਹੀ ਬੋਲੀ ਲਗਦੀ ਹੈ। ਜੇ ਉਹ ਬਾਬਾ ਫ਼ਰੀਦ ਦੀ ਹੀ ਮੰਨ ਲਈਏ ਤਾਂ ਉਹ ਬਹੁਤ ਪੁਰਾਣੀ ਹੈ। ਬਾਬਾ ਫਰੀਦ ਦਾ ਜਨਮ 1173 ਈ: ਵਿਚ ਹੁੰਦਾ ਹੈ। ਏਨੀ ਪੁਰਾਣੀ ਬੋਲੀ ਏਨੀ ਠੇਠ ਤੇ ਅਜੋਕੀ ਨਹੀਂ ਹੋ ਸਕਦੀ। ਦੂਜਾ ਕਾਰਣ ਉਹ ਇਹ ਮੰਨਦੇ ਹਨ ਕਿ ਬਾਬਾ ਫ਼ਰੀਦ ਜੀ ਨੂੰ ਪੰਜਾਬ ਆਇਆਂ ਬਹੁਤ ਥੋੜਾ ਸਮਾਂ ਹੋਇਆ ਸੀ। ਇਸ ਕਰਕੇ ਉਹ ਏਨੀ ਛੇਤੀ, ਏਨੇ ਥੋੜੇ ਸਮੇਂ ਵਿਚ ਪੰਜਾਬੀ ਬੋਲੀ ਨਹੀਂ ਸਨ ਸਿੱਖ ਸਕਦੇ। ਨਾਂ ਹੀ ਇਸ ਵਿਚ ਏਨੇ ਮਾਹਿਰ ਹੋ ਸਕਦੇ ਸਨ। ਕੋਈ ਵੀ ਬੋਲੀ ਸਿੱਖਣ ਲਗਿਆਂ ਬਹੁਤ ਸਮਾਂ ਲਗਦਾ ਹੈ। ਬੋਲੀ ਦੀ ਨਿਪੁੰਨਤਾ ਏਨੀ ਛੇਤੀ ਹਾਸਲ ਨਹੀਂ ਹੋ ਸਕਦੀ। ਇਸ ਕਰਕੇ ਇਹ ਜ਼ਰੂਰ ਸ਼ੇਖ ਬ੍ਰਹਮ ਦੀ ਬੋਲੀ ਹੈ ਜੋ ਫ਼ਰੀਦ ਦੀ ਗੱਦੀ ਦੇ 12 ਵੇਂ ਜਾਨਸ਼ੀਨ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੀਜਾ ਕਾਰਣ ਉਹ ਇਹ ਦਸਦੇ ਹਨ ਕਿ, ਕਿਉਂਕਿ, ਗੁਰੂ ਨਾਨਕ ਸ਼ੇਖ ਬ੍ਰਹਮ ਨੂੰ ਮਿਲੇ ਸਨ ਬਾਬਾ ਫ਼ਰੀਦ ਨੂੰ ਨਹੀਂ, ਬਾਬਾ ਫ਼ਰੀਦ ਤਾਂ ਨਾਸ਼ਵਾਨ ਸੰਸਾਰ ਤੋਂ ਕੂਚ ਕਰ ਚੁਕੇ ਸਨ। ਅਤੇ ਬਾਬਾ ਨਾਨਕ ਜੀ ਨੇ ਇਹ ਬਾਣੀ ਸ਼ੇਖ ਬ੍ਰਹਮ ਪਾਸੋਂ ਹੀ ਪ੍ਰਾਪਤ ਕੀਤੀ ਹੈ। ਇਸ ਲਈ ਇਹ ਬਾਣੀ ਸ਼ੇਖ ਬ੍ਰਹਮ ਦੀ ਹੀ ਹੈ।

ਚੌਥਾ ਕਾਰਣ ਇਹ ਵਿਦਵਾਨ ਇਹ ਦਸਦੇ ਹਨ ਕਿ, ਕਿਉਂਕਿ, ਸ਼ੇਖ ਬ੍ਰਹਮ ਬਾਬਾ ਫ਼ਰੀਦ ਦੇ ਗੱਦੀਦਾਰ ਹਨ ਇਸ ਕਰਕੇ ਉਹ ਬਾਣੀ ਰਚਕੇ ਨਾਂ ਬਾਬਾ ਫ਼ਰੀਦ ਦਾ ਹੀ ਮਾਨ ਵਜੋਂ ਵਰਤ ਰਹੇ ਹਨ ਬਿਲਕੁਲ ਓਵੇਂ ਜਿਵੇਂ ਦੂਜੇ ਗੁਰੂਆਂ ਨੇ ਗੁਰੂ ਨਾਨਕ ਦਾ ਨਾਂ ਵਰਤਿਆ ਹੈ। ਇਸ ਕਰਕੇ ਹੀ ਇਹ ਬੋਲੀ ਤੇ ਬਾਣੀ ਸ਼ੇਖ ਬ੍ਰਹਮ ਦੀ ਹੀ ਹੈ। ਇਸੇ ਕਰਕੇ ਹੀ ਇਹ ਬੋਲੀ ਅਜੋਕੀ ਪੰਜਾਬੀ ਬੋਲੀ ਦੇ ਏਨੀ ਨੇੜੇ ਹੈ। ਨਹੀਂ ਤਾਂ ਫ਼ਰੀਦ ਦੀ ਬੋਲੀ ਕਿਵੇਂ ਏਨੀ ਠੇਠ ਹੋ ਸਕਦੀ ਹੈ ?

ਇਨ੍ਹਾਂ ਵਿਦਵਾਨਾਂ ਦੇ ਪਹਿਲੇ ਭੁਲੇਖੇ ਬਾਰੇ ਕਿਹਾ ਜਾ ਸਕਦਾ ਹੈ ਕਿ ਪੈਗੰਬਰ ਕਵੀ, ਪੀਰ ਕਵੀ ਐਸੀਆਂ ਗੱਲਾਂ ਲਿਖ ਜਾਂਦੇ ਹਨ ਜੋ ਸਦੀਆਂ ਬੀਤ ਜਾਣ ਤੇ ਵੀ ਸਚੀਆਂ ਸਾਬਿਤ ਹੁੰਦੀਆਂ ਹਨ। ਜਿਵੇਂ ਬਾਬਾ ਨਾਨਕ ਦੀ – ਧਰਤੀ ਹੋਰ ਪਰੇ ਹੋਰ ਹੋਰ ਅਜ ਸਿਧ ਹੋ ਰਹੀ ਹੈ। ਵਿਗਿਆਨੀ ਸਿਧ ਕਰ ਰਹੇ ਹਨ ਕਿ ਚੰਨ, ਮੰਗਲ, ਆਦਿ ਗ੍ਰਹਿਆਂ ਤੇ ਵੀ ਧਰਤੀ ਹੈ। ਇਸੇ ਤਰ੍ਹਾਂ ਐਸੇ ਪੀਰ ਕਵੀ ਬੋਲੀ ਵੀ ਐਸੀ ਠੇਠ ਵਰਤ ਜਾਂਦੇ ਹਨ ਜਿਸ ਨੂੰ ਰਹਿੰਦੀ ਦੁਨੀਆਂ ਠੇਠ ਸਮਝਦੀ ਚਲੀ ਆਉਂਦੀ ਹੈ। ਨਾਥ ਜੋਗੀਆਂ ਦੀ ਵੀ ਕੋਈ ਕੋਈ ਪੰਕਤੀ ਅਜੋਕੀ ਬੋਲੀ ਲਗਦੀ ਹੈ।

ਜਿਵੇਂ—ਚਰਪਟ ਨਾਥ ਦੀਆਂ ਇਹ ਪੰਕਤੀਆਂ—

ਇਹ ਸੰਸਾਰ ਕਾਂਟਿਉਂ ਕੀ ਬਾੜੀ, ਨਿਰਖ ਨਿਰਖ ਪਗ ਧਰਨਾ।
ਚਰਪਟ ਕਹੇ ਸੁਣਉ ਰੇ ਸਿਧੋ, ਹਠ ਕਰ ਤਪ ਨਹੀਂ ਕਰਨਾ।

ਸੋ ਬਾਬਾ ਫ਼ਰੀਦ ਕਿਉਂ ਏਨੀ ਠੇਠ ਬੋਲੀ ਨਹੀ ਸਨ ਵਰਤ ਸਕਦੇ। ਸੂਫ਼ੀਆਂ, ਭਗਤਾਂ, ਗੁਰੂ ਬਾਣੀ ਦੀਆਂ ਅਨੇਕ ਪੰਕਤੀਆਂ ਅਜ ਤਕ ਲੋਕ ਮੂੰਹਾਂ ਤੇ ਚੜ੍ਹੀਆਂ ਹੋਈਆਂ ਹਨ।

ਦੂਜੇ ਭੁਲੇਖੇ ਦਾ ਜਵਾਬ ਇਹ ਹੈ ਕਿ ਫ਼ਰੀਦ ਜੈਸੇ ਅੰਦਰਲੀ ਲੋਅ ਵਾਲੇ ਵਿਦਵਾਨ ਭਾਸ਼ਾ ਨੂੰ ਬੜੀ ਆਸਾਨੀ ਨਾਲ ਥੋੜੇ ਹੀ ਸਮੇਂ ਵਿਚ ਸਿਖ ਜਾਂਦੇ ਹਨ। ਬਾਬਾ ਨਾਨਕ ਜੀ ਦੇਸ਼ਾਂ ਬਿਦੇਸ਼ਾਂ ਵਿਚ ਗਏ। ਭਾਰਤ ਵਿਚ ਹੀ ਕਿੰਨੀਆਂ ਬੋਲੀਆਂ ਹਨ। ਬਾਰਾਂ ਕੋਹਾਂ ਤੇ ਤਾਂ ਬੋਲੀ ਬਦਲ ਜਾਂਦੀ ਹੈ। ਫਿਰ ਬਰਮਾ, ਚੀਨ, ਅਰਬ, ਈਰਾਨ, ਈਰਾਕ, ਲੰਕਾ, ਆਦਿ ਵਿਚ ਗਏ ਤਾਂ ਉਨ੍ਹਾਂ ਨੇ ਓਥੋਂ ਦੀ ਬੋਲੀ ਬੋਲੀ। ਜਿਸ ਪਾਤਰ ਨੂੰ ਵੀ ਉਹ ਮਿਲੇ ਉਸੇ ਦੀ ਬੋਲੀ ਵਿਚ ਉਨ੍ਹਾਂ ਨੇ ਉਸ ਨਾਲ ਗਲਬਾਤ ਕੀਤੀ। ਆਰਤੀ ਵਿਚ ਜਗਨ ਨਾਥਪੁਰੀ ਦੀ ਬੋਲੀ ਹੈ। ਸੋ ਐਸੇ ਪੀਰ ਫ਼ਕੀਰ ਸਭ ਬੋਲੀਆਂ ਜਾਣਦੇ ਹਨ। ਜਾਂ ਉਹ ਛੇਤੀ ਬੋਲੀ ਸਿਖ ਲੈਂਦੇ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੀਜੇ ਕਾਰਣ ਦਾ ਜਵਾਬ ਇਹ ਹੈ ਕਿ ਸ਼ੇਖ ਬ੍ਰਹਮ ਪਾਸੋਂ ਹੀ ਫ਼ਰੀਦ ਦੀ ਬਾਣੀ ਮਿਲ ਸਕਦੀ ਸੀ। ਪਰ ਇਹ ਬਾਣੀ ਜ਼ਰੂਰੀ ਨਹੀਂ ਕਿ ਸ਼ੇਖ ਬ੍ਰਹਮ ਦੀ ਹੀ ਹੋਵੇ। ਕੋਈ ਬਾਣੀ ਕਿਸ ਦੀ ਹੈ ? ਇਸ ਨੂੰ ਪਰਖਿਆ ਜਾ ਸਕਦਾ ਹੈ। ਜਨਮ ਸਾਖੀ ਵਿਚ ਭਾਵੇਂ ਆਇਆ ਹੈ ਕਿ ਗੁਰੂ ਨਾਨਕ ਦੇਵ ਜੀ ਸ਼ੇਖ ਬ੍ਰਹਮ ਨੂੰ ਹੀ ਮਿਲੇ ਹਨ ਅਤੇ ਉਸੇ ਨੇ ਹੀ ਫ਼ਰੀਦ ਬਾਣੀ ਸੁਣਾਈ ਅਤੇ ਬਾਬਾ ਨਾਨਕ ਨੇ ਉਹ ਬਾਣੀ ਉਨ੍ਹਾਂ ਪਾਸੋਂ ਲੈ ਲਈ।

ਇਨ੍ਹਾਂ ਵਿਦਵਾਨਾਂ ਦੇ ਚੌਥੇ ਭਰਮ ਦਾ ਜਵਾਬ ਇਹ ਹੈ ਕਿ ਜਿਵੇਂ ਬਾਕੀ ਗੁਰੂਆਂ ਨੇ ਗੁਰੂ ਗੋਬਿੰਦ ਸਿੰਘ ਨੂੰ ਛਡਕੇ ਗੁਰੂ ਨਾਨਕ ਦਾ ਨਾਂ ਬਾਣੀ ਵਿਚ ਵਰਤਿਆ ਹੈ। ਉਹ ਇਸ ਕਰਕੇ ਕਿ ਨਾਨਕ ਨੇ ਆਪਣੀ ਬਾਣੀ ਰਚੀ ਅਤੇ ਆਪਣਾ ਨਾਂ ਵਰਤਿਆ। ਇਸੇ ਪਰੰਪਰਾ ਨੂੰ ਸਤਿਕਾਰ ਵਜੋਂ ਕਾਇਮ ਰਖਦਿਆਂ ਬਾਕੀ ਗੁਰੂਆਂ ਕੀਤਾ। ਜੇ ਸ਼ੇਖ ਬ੍ਰਹਮ ਨੇ ਫ਼ਰੀਦ ਨਾਂ ਵਰਤਿਆ ਹੈ ਤਾਂ ਇਸ ਤੋਂ ਹੀ ਸਿਧ ਹੋ ਜਾਂਦਾ ਹੈ ਕਿ ਫ਼ਰੀਦ ਨੇ ਬਾਣੀ ਜ਼ਰੂਰ ਰਚੀ ਹੋਏਗੀ। ਉਨ੍ਹਾ ਦੀ ਬਾਣੀ ਨਾ ਰਚਨ ਦੀ ਸੂਰਤ ਵਿਚ ਸ਼ੇਖ ਬ੍ਰਹਮ ਨਾਂ ਕਿਵੇਂ ਵਰਤ ਸਕਦਾ ਸੀ ? ਸੋ ਸਪਸ਼ਟ ਹੈ ਕਿ ਫ਼ਰੀਦ ਨੇ ਬਾਣੀ ਰਚੀ। ਇਹ ਤੱਥ ਹੋਰ ਸਬੂਤਾਂ ਤੋਂ ਵੀ ਸਿਧ ਹੋ ਚੁਕਾ ਹੈ।

1. ਡਾ. ਮੋਹਨ ਸਿੰਘ ਦੀਵਾਨਾ ਬਹੁਤ ਵੱਡੇ ਵਿਦਵਾਨ ਤੇ ਖੋਜੀ ਹੋਏ ਹਨ। ਉਨ੍ਹਾਂ ਦੀ ਮਿਹਨਤ ਖੋਜ ਪਰਖ ਨੇ ਪੂਰੀ ਤਰ੍ਹਾਂ ਇਹ ਸਿਧ ਕਰ ਦਿੱਤਾ ਹੈ ਕਿ ਬਾਣੀ ਬਾਬਾ ਫ਼ਰੀਦ ਦੀ ਹੀ ਹੈ ਨਾ ਕਿ ਸ਼ੇਖ ਬ੍ਰਹਮ ਦੀ। ਅਤੇ ਬਾਕੀ ਵਿਦਵਾਨ ਸੱਜਨ ਇਹ ਖੋਜ ਪਰਵਾਨ ਕਰ ਚੁਕੇ ਹਨ।

2. ਗੁਰੂ ਅਰਜਨ ਦੇਵ ਜੀ ਦੀ ਮੁਹਰ—ਗੁਰੂ ਅਰਜਨ ਸਾਹਿਤ ਦੇ ਬਹੁਤ ਵੱਡੇ ਵਿਦਵਾਨ ਪਾਰਖੂ ਹਨ। ਉਨ੍ਹਾਂ ਨੇ ਬਾਣੀ ਦੀ ਸੰਪਾਦਨਾ ਵੇਲੇ ਬਹੁਤ ਮਿਹਨਤ ਤੇ ਲਗਨ ਨਾਲ ਖੋਜ ਕੀਤੀ ਹੈ। ਉਨ੍ਹਾਂ ਦੀ ਖੋਜ ਨੂੰ ਕੋਈ ਝੁਠਲਾ ਨਹੀਂ ਸਕਦਾ। ਉਨ੍ਹਾਂ ਨੇ ਪਾਰਖੂ ਦ੍ਰਿਸ਼ਟੀ ਨਾਲ ਆਦਿ ਗ੍ਰੰਥ ਵਿਚ ਸ਼ਲੋਕ ਸ਼ੇਖ ਫ਼ਰੀਦ ਕੇ ਹੀ ਲਿਖਿਆ ਹੈ। ਸ਼ੇਖ ਬ੍ਰਹਮ ਦੇ ਨਹੀਂ ਲਿਖਿਆ।

3. 12 ਵਾਂ ਸ਼ੇਖ ਫ਼ਰੀਦ ਨਹੀਂ ਹੈ, ਸਗੋਂ ਬ੍ਰਹਮ ਹੈ ਅਤੇ ਸਾਖੀਆਂ ਵਿਚ ਵੀ ਸ਼ੇਖ ਬ੍ਰਹਮ ਹੀ ਆਇਆ ਹੈ।

4. ਹਜਰਤ ਕੁਰਮਾਨੀ ਸਿਰੀਆ ਮੌਲੀਆ ਅਨੁਸਾਰ ਵੀ ਬਾਬਾ ਫ਼ਰੀਦ ਨੇ ਬਾਣੀ ਮੁਲਤਾਨੀ ਵਿਚ ਵੀ ਰਚੀ ਹੈ। ਇਹ ਏਨੀ ਪ੍ਰਬਲ ਹੈ ਕਿ ਬਾਬਾ ਫ਼ਰੀਦ ਬਾਣੀ ਨਾਲ ਢੁਕਦੀ ਹੈ। ਜੇ ਆਦਿ ਗ੍ਰੰਥ ਦੀ ਬਾਣੀ ਸ਼ੇਖ ਬ੍ਰਹਮ ਦੀ ਹੁੰਦੀ ਤਾਂ ਉਹ ਮੁਲਤਾਨੀ ਬਾਣੀ ਇਸ ਨਾਲ ਨਾ ਮੇਲ ਖਾਂਦੀ। ਸੋ ਇਹ ਵੀ ਬਹੁਤ ਵੱਡਾ ਸਬੂਤ ਹੈ।

5. ਬਾਬਾ ਫ਼ਰੀਦ ਨੇ ਅਰਬੀ ਫ਼ਾਰਸੀ ਵਿਚ ਵੀ ਬਾਣੀ ਰਚੀ ਹੈ। ਉਸ ਅਰਬੀ ਫ਼ਾਰਸੀ ਬਾਣੀ ਅਨੁਸਾਰ ਵੀ ਆਦਿ ਗ੍ਰੰਥ ਵਿਚਲੀ ਬਾਬਾ ਫਰੀਦ ਨਾਂ ਹੇਠ ਲਿਖੀ ਬਾਣੀ ਬਿਲਕੁਲ ਬਾਬਾ ਫ਼ਰੀਦ ਦੀ ਹੀ ਸਿਧ ਹੁੰਦੀ ਹੈ। ਇਹ ਵੀ ਇਕ ਵੱਡਾ ਸਬੂਤ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

6. ਬਾਬਾ ਫ਼ਰੀਦ ਦੀ ਬਾਣੀ ਜੋ ਗੁਰੂ ਗ੍ਰੰਥ ਸਾਹਿਬ ਵਿਚ ਫ਼ਰੀਦ ਨਾਂ ਨਾਲ ਅੰਕਿਤ ਹੈ— ਬਾਬਾ ਫ਼ਰੀਦ ਦੇ ਜੀਵਨ ਦੀ ਝਲਕ ਉਸ ਵਿਚੋਂ ਸਾਫ ਦਿਸਦੀ ਹੈ ਜਿਵੇਂ—

1 ਫ਼ਰੀਦਾ ਜਿਨ ਲੋਇਣ ਜਗ ਮੋਹਿਆ ਸੇ ਲੋਇਣ ਮੈਂ ਡਿਠ ।
ਕਜਲ ਰੇਖ ਨ ਸਹਿੰਦੀਆਂ ਪੰਛੀ ਸੂਏ ਬਹਿਠ ।

ਇਹ ਬੀ ਸੁਲਤਾਨਾ ਦੀ ਘਟਣਾ ਬਾਬਾ ਫ਼ਰੀਦ ਨਾਲ ਵਾਪਰੀ ਸੀ । ਬੀ ਸੁਲਤਾਨਾ ਨੇ ਆਪਣੀ ਜਿਸ ਗੋਲੀ ਨੂੰ ਤੂਤ ਦੀਆਂ ਛਮਕਾਂ ਨਾਲ ਹਲਾਲ ਕਰ ਦਿੱਤਾ ਸੀ ਸੁਰਮਾ ਬਰੀਕ ਨਾ ਪੀਸਣ ਕਾਰਣ ਉਸ ਦਾ ਇਲਾਜ ਬਾਬਾ ਫ਼ਰੀਦ ਨੇ ਹੀ ਕੀਤਾ ਸੀ ।

2. ਬਾਬਾ ਫ਼ਰੀਦ ਦੇ ਜੀਵਨ ਦੀ ਮਿਠਾਸ ਕਿਸ ਨੂੰ ਭੁੱਲੀ ਹੈ ਅਤੇ ਉਹ ਮਿਠਾਸ ਉਨ੍ਹਾਂ ਦੀ ਹੀ ਬੋਲੀ ਵਿਚ ਹੈ—ਇਸੇ ਗੁਣ ਨੇ ਤਾਂ ਅਨੇਕਾਂ ਹਿੰਦੂਆਂ ਨੂੰ ਮੁਸਲਮਾਨ ਬਣਾ ਲਿਆ ।

3 ਕਾਗਾ ਕਰਗ ਢੰਢੋਲਿਆ ਸਗਲਾ ਖਾਇਆ ਮਾਸ ।
ਏਹ ਦੁਹਿ ਨੈਨ ਮਤ ਛੁਹਿਓ ਪਿਰ ਦੇਖਨ ਕੀ ਆਸ ।

ਇਹ ਸ਼ਲੋਕ ਬਾਬਾ ਫ਼ਰੀਦ ਦੇ ਜੀਵਨ ਦੀ ਝਲਕ ਪੇਸ਼ ਕਰਦਾ ਹੈ ।

4. ਫ਼ਰੀਦਾ ਇਨੀ ਨਿਕੀ ਜੰਘੀਐ ਥਲ ਡੂਗਰ ਭਵਿਓਮ ।
ਅਜ ਫ਼ਰੀਦਾ ਕੂਜੜਾ ਸੈ ਕੋਹਾਂ ਥੀਓਮ ।

ਇਹ ਵੀ ਬਾਬਾ ਫ਼ਰੀਦ ਦੇ ਅੰਤਲੇ ਸਮੇਂ ਨੂੰ ਉਲੀਕਦਾ ਹੈ ।

5. ਬਾਬਾ ਫ਼ਰੀਦ ਨੇ ਆਪਣੇ ਸ਼ਲੋਕਾਂ ਵਿਚ ਸੰਜਮ ਸੰਕੋਚ ਦਾ ਗੁਣ ਭਰਿਆ ਹੈ । ਇਹ ਗੁਣ ਉਨ੍ਹਾਂ ਦੇ ਆਪਣੇ ਜੀਵਨ ਵਿਚ ਸੀ । ਇਹੋ ਗੁਣ ਉਨ੍ਹਾਂ ਦੇ ਸਾਹਿਤ ਵਿਚ ਆ ਗਿਆ ਹੈ । ਇਸ ਕਰਕੇ ਇਹ ਬਾਣੀ ਬਾਬਾ ਫ਼ਰੀਦ ਦੀ ਹੀ ਹੋ ਸਕਦੀ ਹੈ ।

6. ਫ਼ਰੀਦਾ ਗਲੀਏ ਚਿਕੜ ਦੂਰ ਘਰ ਨਾਲ ਪਿਆਰੇ ਨੇਹੁ ।
ਚਲਾਂ ਤਾ ਭਿਜੈ ਕੰਬਲੜੀ ਰਹਾਂ ਤਾਂ ਤੁਟੈ ਨੇਹੁ ।

ਇਹ ਘਟਨਾ ਕਿ ਬਾਬਾ ਫ਼ਰੀਦ ਆਪਣੇ ਮੁਰਸ਼ਦ ਦੇ ਦੀਦਾਰ ਲਈ ਵਿਆਕੁਲ ਹੋ ਜਾਇਆ ਕਰਦੇ ਸਨ, ਉਨ੍ਹਾਂ ਦੀ ਬਾਣੀ ਵਿਚ ਚਿਤਰੀ ਪਈ ਹੈ ।

ਸੋ ਇਸ ਉਪਰੋਕਤ ਵਿਚਾਰ ਤੋਂ ਪੂਰੀ ਤਰ੍ਹਾਂ ਸਪਸ਼ਟ ਤੇ ਸਿਧ ਹੋ ਚੁਕਾ ਹੈ ਕਿ ਆਦਿ ਗ੍ਰੰਥ ਦੀ ਬਾਣੀ ਜੋ ਫ਼ਰੀਦ ਨਾਂ ਨਾਲ ਲਿਖੀ ਹੋਈ ਹੈ ਉਹ ਬਾਬਾ ਫ਼ਰੀਦ ਦੀ ਹੈ ਨਾਂ ਕਿ ਕਿਸੇ ਹੋਰ ਦੀ । ਅਜ ਇਸ ਬਾਰੇ ਵਿਦਵਾਨਾਂ ਦੀਆਂ ਦੋ ਰਾਵਾਂ ਨਹੀਂ ਹਨ । ਕਿਉਂਕਿ ਇਸ ਬਾਣੀ ਵਿਚ ਫ਼ਰੀਦ ਦੀ ਸ਼ਖਸੀਅਤ ਤੇ ਜੀਵਨ ਸਾਫ ਮੂਹਰ ਤੇ ਛਾਪ ਲੱਗੀ ਹੋਈ ਹੈ। ਇਸ ਤੋਂ ਕੌਣ ਮੁਨਕਰ ਹੋ ਸਕਦਾ ਹੈ ?

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਦਿ ਕਾਲ ਦੀ ਪੰਜਾਬੀ ਸੂਫ਼ੀ ਕਾਵਿ-ਧਾਰਾ

ਬਾਬਾ ਫ਼ਰੀਦ (1173—1266 ਈ:)

ਫ਼ਰੀਦ ਪੰਜਾਬੀ ਸਾਹਿਤ ਦਾ ਪਿਤਾਮਾ ਹੈ। ਪੰਜਾਬੀ ਸਾਹਿਤ ਦਾ ਚੌਸਰ ਹੈ। ਬਾਬਾ ਫ਼ਰੀਦ ਨਾਲ ਨਾ ਕੇਵਲ ਪੰਜਾਬੀ ਸੂਫ਼ੀ ਕਵਿਤਾ ਦਾ ਹੀ ਮੁਢ ਬਝਿਆ, ਸਗੋਂ, ਪੰਜਾਬੀ ਕਵਿਤਾ ਵੀ ਪਹਿਲੀ ਵਾਰ ਜਨਮੀ। ਫ਼ਰੀਦ ਦਾ ਪੂਰਾ ਨਾਂ ਫ਼ਰੀਦੁੱਦੀਨ ਮਸਊਦ ਸੀ। ਫ਼ਰੀਦੁੱਦੀਨ ਦਾ ਅਰਥ ਹੈ ਧਰਮ ਦੀ ਮਾਲਾ ਦਾ ਵੱਡਾ ਮਣਕਾ। ਆਪ ਨੇ ਸਭ ਤੋਂ ਪਹਿਲਾਂ ਕੁਰਾਨ ਸ਼ਰੀਫ ਕੰਠ ਕੀਤਾ। ਫਿਰ ਉਚੇਰੀ ਵਿਦਿਆ ਲਈ ਮੁਲਤਾਨ ਚਲਿਆ ਗਿਆ। ਫ਼ਰੀਦ ਦੇ ਮੁਰਸ਼ਦ ਦਾ ਨਾਂ ਖ਼ਵਾਜਾ ਕੁਤਬਦੀਨ ਬਖ਼ਤਿਆਰ ਕਾਕੀ ਹੈ। ਇਹ ਬਜ਼ੁਰਗ ਸੂਫ਼ੀਆਂ ਦੀ ਚਿਸਤੀ ਪ੍ਰਣਾਲੀ ਦੇ ਪਹੁੰਚੇ ਹੋਏ ਫ਼ਕੀਰ ਸਨ। ਫ਼ਰੀਦ ਨੇ ਆਪਣੇ ਮੁਰਸ਼ਦ ਦੀ ਅਗਵਾਈ ਵਿਚ ਬੜੀ ਘੋਰ ਤਪੱਸਿਆ ਕੀਤੀ। ਬਾਬਾ ਫ਼ਰੀਦ ਦੀ ਗੱਦੀ ਅਜੇ ਤਕ ਪਾਕ ਪਟਣ ਚਲ ਰਹੀ ਹੈ। ਫ਼ਰੀਦ ਨੂੰ ਬੰਦਗੀ ਵਲ ਪ੍ਰੇਰਣ ਵਿਚ ਆਪ ਦੀ ਮਾਂ ਮਰੀਅਮ ਦਾ ਬਹੁਤ ਵੱਡਾ ਹੱਥ ਹੈ। ਉਹ ਉਸ ਨੂੰ ਸ਼ਕਰ ਦਾ ਲਾਲਚ ਦੇ ਕੇ ਆਪਣੇ ਨਾਲ ਹੀ ਬੰਦਗੀ ਤੇ ਬਿਠਾ ਲੈਂਦੀ ਸੀ। ਫ਼ਰੀਦ ਦੀ ਬੋਲੀ ਵਿਚ ਅਥਾਹ ਮਿਠਾਸ ਹੋਣ ਕਰਕੇ ਆਪ ਨੂੰ ਸ਼ਕਰਗੰਜ ਵੀ ਕਿਹਾ ਜਾਂਦਾ ਹੈ। ਡਾ. ਮੋਹਣ ਸਿੰਘ ਦੀਵਾਨਾ ਨੇ ਆਪ ਨੂੰ ਪਹਿਲੇ ਪੜਾਅ ਦਾ ਸੂਫ਼ੀ ਕਿਹਾ ਹੈ। ਪਹਿਲੇ ਪੜਾਅ ਦੇ ਸੂਫ਼ੀ ਪੰਜੇ ਵਕਤ ਨਿਮਾਜ਼ ਪੜ੍ਹਿਆ ਕਰਦੇ ਹਨ। ਤਪ ਜ਼ਹਦ ਸਾਧਦੇ ਤੇ ਰੱਬ ਦੇ ਭੈ ਵਿਚ ਵਿਚਰਦੇ ਹਨ। ਮੁਢਲੇ ਸੂਫ਼ੀਆਂ ਉਤੇ ਕੁਰਾਨ ਦਾ ਪ੍ਰਭਾਵ ਹੈ ਕਿ ਉਹ ਪੰਜੇ ਵਕਤ ਨਿਮਾਜ਼ ਗੁਜ਼ਾਰਦੇ ਹਨ—

1. ਫ਼ਰੀਦਾ ਬੇ ਨਿਮਾਜ਼ਾ ਕੁੱਤਿਆ, ਉਹ ਨ ਭਲੀ ਰੀਤ।
   ਕਬਹੀ ਚਲ ਨ ਆਇਓਂ, ਪੰਜੇ ਵਕਤ ਮਸੀਤ।
2. ਉਠ ਫ਼ਰੀਦਾ ਸੁੱਤਿਆ ਸੁਭਹ ਨਿਵਾਜ ਗੁਜਾਰ।
   ਜੋ ਸਿਰ ਸਾਈਂ ਨ ਨਿਵੇ ਸੋ ਸਿਰ ਕਪ ਉਤਾਰ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਦਿ ਗ੍ਰੰਥ ਵਿਚ ਬਾਬਾ ਫ਼ਰੀਦ ਦੇ 112 ਸਲੋਕ ਤੇ ਚਾਰ ਸ਼ਬਦ ਦੋ ਰਾਗ ਆਸਾ ਵਿਚ ਤੇ ਦੋ ਰਾਗ ਸੂਹੀ ਵਿਚ।

ਆਪ ਆਪਣੀ ਬਾਣੀ ਵਿਚ ਨੇਕ ਅਮਲਾਂ ਵਲ ਪ੍ਰੇਰਦੇ ਹਨ—

ਬੋਲੀਏ ਸਚ ਧਰਮ ਝੂਠ ਨ ਬੋਲੀਐ।
ਜੋ ਗੁਰ ਦਸੇ ਵਾਟ ਮੁਰੀਦਾ ਜੋਲੀਐ।

ਫ਼ਰੀਦ ਨੇ ਸਾਧਾਰਨ ਜੀਵਨ ਵਿਚੋਂ ਪ੍ਰਤੀਕ ਲੈ ਕੇ ਜੀਵਨ ਦੀਆ ਸਚਾਈਆਂ ਨੂੰ ਬਿਆਨ ਕੀਤਾ ਹੈ। ਵਿਆਹੀ ਔਰਤ ਦਾ ਪ੍ਰਤੀਕ ਆਪ ਨੇ ਪਹਿਲੀ ਵਾਰ ਵਰਤਿਆ ਜੋ ਪਿਛੋਂ ਗੁਰੂਆਂ ਭਗਤਾਂ ਨੇ ਅਪਣਾਇਆ। ਆਪ ਦੀ ਬੋਲੀ ਠੇਠ ਪੰਜਾਬੀ ਹੈ। ਮੁਲਤਾਨੀ ਤੇ ਲਹਿੰਦੀ ਦਾ ਪ੍ਰਭਾਵ ਆਪ ਦੀ ਬਾਣੀ ਵਿਚ ਸੰਗੀਤ ਭਰਦਾ ਹੈ। ਇਸੇ ਪ੍ਰਭਾਵ ਸਦਕਾ ਆਪ ਆਮ ਮ ਤੇ ੜ ਦੀ ਵਰਤੋਂ ਕਰਦੇ ਹਨ। ਆਪ ਦੀ ਬੋਲੀ ਵਿਚ ਅਰਬੀ ਫ਼ਾਰਸੀ ਦੇ ਸ਼ਬਦ ਤਤਸਮ ਤੇ ਤਦਭਵ ਦੁਹਾਂ ਰੂਪਾਂ ਵਿਚ ਹੀ ਮਿਲਦੇ ਹਨ। ਤਤਸਮ—ਮਲਕ, ਅਕਲ, ਲਤੀਫ਼, ਮਰਗ, ਸੁਲਤਾਨ, ਅਲਹੂ, ਰੂਹ, ਅਤੀਮਾ, ਗੋਰ, ਮਲਕਲ, ਮੌਤ, ਆਦਿ।

ਤਦਭਵ—ਪੁਲਸਰਾਤ—ਪੁਰਸਲਾਤ ਤੋਂ
ਦੋਜਖ—ਦੋਜਕ ਤੋਂ
ਉਜੂ—ਵੁਜੂ ਤੋਂ
ਨਿਵਾਜ—ਨਿਮਾਜ ਤੋਂ
ਪਰਵਦਗਾਰ—ਪਰਵਰਦਗਾਰ ਤੋਂ

ਆਪ ਦੀ ਬਾਣੀ ਅਲੰਕਾਰਾਂ ਨਾਲ ਸ਼ਿੰਗਾਰੀ ਹੋਈ ਹੈ—

1. ਪ੍ਰੋਢੋਕਤੀ ਅਲੰਕਾਰ—ਕਾਲੀ ਕੋਇਲ ਤੂੰ ਕਿਤ ਗੁਨ ਕਾਲੀ।
ਆਪਣੇ ਪ੍ਰੀਤਮ ਕੇ ਹਉਂ ਬਿਰਹੇ ਜਾਲੀ।
2. ਦ੍ਰਿਸ਼ਟਾਂਤ ਅਲੰਕਾਰ—ਫ਼ਰੀਦਾ ਵੇਖ ਕਪਾਹੇ ਜਿ ਥੀਆ
ਮੰਦੇ ਅਮਲ ਕਰੇਂਦਿਆਂ ਏਹ ਸਜਾਏ ਤਿਨਾਹ
3. ਕਾਵਿ ਲਿੰਗ ਅਲੰਕਾਰ ਫ਼ਰੀਦਾ ਖਾਕ ਨਾ ਨਿੰਦੀਏ, ਖਾਕੂ ਜੇਡ ਨ ਕੋਇ।
ਜੀਵਦਿਆ ਪੈਰਾ ਤਲੈ, ਮੁਇਆ ਉਪਰ ਹੋਇ।

ਆਪ ਦੇ ਸਲੋਕਾਂ ਵਿਚ ਸੰਜਮ ਸੰਕੋਚ ਹੋਣ ਕਰਕੇ ਅਟੱਲ ਸਚਾਈਆਂ ਬਣਕੇ ਲੋਕ ਮੂੰਹਾਂ ਤੇ ਚੜ੍ਹ ਗਏ ਹਨ। ਸਲੋਕਾਂ ਵਿਚ ਗਾਗਰ 'ਚ ਸਾਗਰ ਭਰਿਆ ਪਿਆ ਹੈ। ਆਪ ਨੇ ਤਿੰਨ ਛੰਦ ਵਰਤੇ ਹਨ।

ਦੋਹਰਾ, ਸੋਰਠਾ, ਚੌਪਈ। ਦੋਹਰੇ ਦੀਆਂ 13,11 ਮਾਤਰਾਂ ਹਨ।

ਦੋਹਰੇ ਦੇ ਅੰਤ ਤੇ ਤੁਕਾਂਤ ਮਿਲਦਾ ਹੈ ਅਤੇ ਸੋਰਠੇ ਦੇ ਵਿਚਕਾਰ। ਸੋਰਠੇ ਦੀਆਂ ਮਾਤਰਾਂ 24,31 ਹਨ। ਦੋਹਰੇ ਦੇ ਸ਼ੁਧ ਅਸ਼ੁਧ ਦੋਵੇਂ ਰੂਪ ਵਰਤੇ ਹਨ। ਅਸ਼ੁਧ ਰੂਪ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਛੰਦ ਦੇ ਨਿਯਮਾਂ ਤੋਂ ਖੁਲ੍ਹ ਲਈ ਗਈ ਹੈ। ਮਾਤਰਾ ਵਿਚ ਵੀ ਅਤੇ ਅੰਤ ਤੇ ਗੁਰੂ ਲਘੂ ਦੇ ਜੁਟ ਵਿਚ ਵੀ। ਚੌਪਈ ਵਿਚ ਵੀ ਤੁਕਾਂ ਨਿਕੀਆਂ ਵੱਡੀਆਂ ਹੋ ਗਈਆਂ ਹਨ। ਫ਼ਰੀਦ ਸ਼ਬਦ ਆਮ ਕਰਕੇ ਮਾਤਰਕ ਗਿਣਤੀ ਤੋਂ ਵਾਧੂ ਹੈ। ਰਸਾਂ ਵਿਚੋਂ ਫ਼ਰੀਦ ਬਾਣੀ ਵਿਚ ਸ਼ਾਂਤ ਰਸ, ਭਿਆਨਕ, ਕਰੁਣਾ, ਬੀਰ ਰਸ, ਆਦਿ ਦੀ ਵਰਤੋਂ ਹੋਈ ਹੈ। ਬੀਰ ਰਸ ਚੰਗੇਰੇ ਪਾਸੇ ਪ੍ਰੇਰਨ ਹਿਤ ਹੈ। ਸ਼ੇਖ ਫ਼ਰੀਦ ਦੀ ਬਾਣੀ ਦੀ ਮਹਾਨਤਾ ਇਹ ਹੈ ਕਿ ਇਹ ਸੈਂਕੜੇ ਵਰ੍ਹੇ ਬੀਤ ਜਾਣ ਉਤੇ ਵੀ ਇਸ ਦੀ ਬੋਲੀ ਠੇਠ, ਸਰਲ ਤੇ ਮਿਠਾਸ ਭਰੀ ਹੈ ਓਵੇਂ ਹੀ ਜਿਵੇਂ ਅੱਜ ਦੀ ਹੋਵੇ। ਆਪ ਦੀ ਸ਼ੈਲੀ ਠੇਠ ਸਰਲ ਤੇ ਲਹਿੰਦੀ ਰੰਗਣ ਦੀ ਹੈ। ਸ਼ੈਲੀ ਮਿੱਠੀ ਵੀ ਹੈ ਤੇ ਭਿਆਨਕ ਵੀ ਜਿਥੇ ਮੌਤ ਤੇ ਡਾਢੇ ਰੱਬ ਦਾ ਖਿਆਨ ਹੈ। ਸ਼ੈਲੀ ਅਲੰਕਾਰਿਕ ਹੈ। ਰਸ ਯੁਕਤ ਹੈ।

ਸ਼ਾਹ ਹੁਸੈਨ (1538—1599)

ਸ਼ਾਹ ਹੁਸੈਨ ਆਪਣੇ ਪ੍ਰਤੀ ਲਿਖਦਾ ਹੈ—

"ਨਾਉਂ ਹੁਸੈਨਾ ਤੇ ਜਾਤ ਜੁਲਾਹਾ।
ਗਾਲ੍ਹੀਆਂ ਦੇਂਦੀਆਂ ਤਾਣੀਆਂ ਵਾਲੀਆਂ।"

ਆਪ ਦਾ ਪਿਤਾ ਕੰਮ ਜੁਲਾਹੇ ਦਾ ਕਰਦਾ ਸੀ। ਗੁਰੂ ਅਰਜਨ ਦੇਵ ਜੀ ਨੇ ਸ਼ਾਹ ਹੁਸੈਨ ਦੀਆਂ ਕਾਫ਼ੀਆਂ ਦੀ ਸਿਫ਼ਤ ਕੀਤੀ ਹੈ। ਸ਼ਾਹ ਹੁਸੈਨ ਇਸ ਘਟਨਾ ਬਾਰੇ ਲਿਖਦਾ ਹੈ।

"ਸ਼ਾਲੂ ਮੇਰਾ ਕੀਮਤੀ
ਕੋਈ ਦੇਖਣ ਆਈਆਂ ਤ੍ਰੀਮਤੀਂ
ਗਈਆਂ ਸਭ ਸਲਾਹਿ।"

ਫਰਦ ਫ਼ਕੀਰ ਸ਼ਾਹ ਹੁਸੈਨ ਬਾਰੇ ਲਿਖਦਾ ਹੈ—

"ਏਸ ਕਸਬ ਵਿਚ ਬਹੁਤ ਆਲਮ ਫ਼ਾਜ਼ਲ ਹੋਏ।
ਸ਼ਾਹ ਹੁਸੈਨ ਕਬੀਰ ਜੋ ਆਏ ਦਰਗਾਹੇ ਜਾ ਖਲੋਇ।"

ਸ਼ਾਹ ਹੁਸੈਨ ਉਤੇ ਬਾਣੀ ਦਾ ਵੀ ਪ੍ਰਭਾਵ ਵੇਖਿਆ ਜਾ ਸਕਦਾ ਹੈ—

"ਜਤਦਿਆਂ ਨੂੰ ਹਰ ਮੇਲੇ।"

ਸ਼ਾਹ ਹੁਸੈਨ ਵਿਚ ਇਕ ਵਾਰ ਫਿਰ ਅਨਲ ਹੱਕ ਦਾ ਨਾਹਰਾ ਬੁਲੰਦ ਹੋਇਆ —

"ਮਾਹੀ ਮਾਹੀ ਕੂਕਦੀ ਮੈਂ ਆਪੇ ਰਾਂਝਣ ਹੋਈ।
ਰਾਂਝਣ ਰਾਂਝਣ ਮੈਨੂੰ ਸਭ ਕੋਈ ਆਖੋ ਹੀਰ ਨਾ ਆਖੋ ਕੋਈ।

ਸਭ ਨਿਬੇੜਾ ਅਮਲਾਂ ਉਤੇ ਹੋਣਾ ਹੈ—

"ਅਮਲਾਂ ਉਤੇ ਹੋਗ ਨਿਬੇੜਾ ਕਿਆ ਸੂਫ਼ੀ ਕਿਆ ਭੰਗੀ।"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ਼ਾਹ ਹੁਸੈਨ ਸ਼ਰ੍ਹਾ ਦੀਆਂ ਬੰਦਸ਼ਾਂ ਤੋਂ ਉਪਰ ਉਠ ਜਾਂਦਾ ਹੈ—ਇਸ਼ਕ ਵਿਚ ਗੁਆਚ ਜਾਂਦਾ ਹੈ—

"ਸਈਓ ਨੀ ਮੈਂ ਗਈ ਗੁਆਚੀ। ਖੋਲ੍ਹ ਘੁੰਘਟ ਮੁਖ ਨਾਚੀ।"

ਆਪ ਦੀ ਰੂਹ ਮੱਛੀ ਵਾਂਗ ਤੜਪਦੀ ਹੈ—

"ਮੱਛੀ ਵਾਂਗ ਪਈ ਮੈਂ ਤੜਪਾਂ।"

ਹੁਸੈਨ ਦਗਾਬਾਜ ਸੰਸਾਰ ਤੋਂ ਗੋਸ਼ਾ ਪਕੜ ਕੇ ਕਿਨਾਰੇ ਹੋ ਕੇ ਬਹਿ ਜਾਂਦਾ ਹੈ—ਸਲੋਕ ਵਿਚ ਲਿਖਦਾ ਹੈ—

"ਜਹਿ ਦੇਖੂੰ ਤਾਂ ਕਪਟ ਹੈ ਕਹੂੰ ਨ ਪਇਓ ਚੈਨ।
ਦਗਾਬਾਜ ਸੰਸਾਰ ਤੇ ਗੋਸ਼ਾ ਪਕੜ ਹੁਸੈਨ।"

ਸਵੈ ਸੰਬੋਧਨੀ ਅਲੰਕਾਰ ਹੈ।

Plekhonov ਰਹੱਸਵਾਦ ਬਾਰੇ ਲਿਖਦਾ ਹੋਇਆ ਸਪਸ਼ਟ ਕਰਦਾ ਹੈ ਕਿ ਜਦ ਮਨੁੱਖ ਸੰਗੀਆਂ ਸਾਥੀਆਂ ਨਾਲੋਂ ਸੰਬੰਧ ਤੋੜ ਲੈਂਦਾ ਹੈ ਤਾਂ ਉਸ ਦਾ ਆਦਰਸ਼ ਇਸ ਸੰਸਾਰ ਨਾਲੋਂ ਟੁੱਟ ਜਾਂਦਾ ਹੈ। ਤਾਂ ਉਹ ਅਰਸ਼ਾਂ ਤੇ ਉਡਾਰੀਆਂ ਲਾਉਣ ਲਗਦਾ ਹੈ ਜਿਥੇ ਉਹ ਰਹੱਸਵਾਦੀ ਬਣ ਜਾਂਦਾ ਹੈ।

ਡਾ. ਮੋਹਣ ਸਿੰਘ ਦੀਵਾਨਾ ਆਪ ਨੂੰ ਦੂਜੇ ਪੜਾ ਦਾ ਸੂਫ਼ੀ ਮੰਨਦਾ ਹੈ। ਕਿਉਂਕਿ ਬਾਬਾ ਫ਼ਰੀਦ ਸ਼ਰ੍ਹਾ ਦੀਆਂ ਬੰਦਸ਼ਾਂ ਵਿਚ ਬੱਝਿਆ ਸੂਫ਼ੀ ਹੈ। ਸ਼ਾਹ ਹੁਸੈਨ ਥੋੜ੍ਹੀ ਖੁਲ੍ਹ ਤਾਂ ਲੈਂਦਾ ਹੈ ਪਰੰਤੂ ਉਸ ਦਾ ਅੰਦਾਜ਼ ਹਲੀਮੀ ਵਾਲਾ ਹੀ ਰਹਿੰਦਾ ਹੈ।

1. "ਨੀ ਤੈਨੂੰ ਤਰਸ ਨਾ ਆਵੇ ਭੁੰਨ ਦਏਂ ਨਾ ਫ਼ਕੀਰਾਂ ਨੂੰ ਦਾਣੇ
ਅਗਲੇ ਆਇਆਂ ਨੂੰ ਭੁੰਨ ਭੁੰਨ ਦੇਨੀਐਂ ਖੜੇ ਨੀ ਫਕੀਰ ਨਿਮਾਣੇ।
ਹੋਰਾਂ ਦੇ ਦਾਣੇ ਨੀ ਕਣਕ ਤੇ ਛੋਲੇ ਫ਼ੱਕਰਾਂ ਦੇ ਜੌਂ ਨੀ ਪੁਰਾਣੇ।

2. ਤਾਰੀਂ ਰੱਬਾ ਵੇ ਮੈਂ ਔਗੁਣ ਹਾਰੀ।

ਸ਼ਾਹ ਹੁਸੈਨ ਲੋਕ ਧੁਨਾਂ ਤੇ ਸਰੋਦੀ ਕਾਫ਼ੀਆਂ ਗੌਣ ਵਾਲਾ ਹੈ। ਉਸ ਨੇ 163 ਕਾਫੀਆਂ ਤੇ ਕੁਝ ਕੁ ਸਲੋਕ ਰਚੇ ਹਨ।

ਆਪ ਜਿੰਨਾ ਦਰਦ ਪੈਦਾ ਕਰਨ ਵਾਲਾ ਸੂਫੀਆਂ ਵਿਚ ਹੋਰ ਨਹੀਂ ਹੋਇਆ। ਪਰ ਇਹੀ ਨਹੀਂ ਆਪ ਸਵਾ ਸੇਰ ਦੀ ਮਸਤੀ ਨੂੰ ਵੀ ਗੌਣ ਵਾਲਾ ਹੈ। ਅਨੁਭਵ ਦੇ ਤੱਕੜ ਤੇ ਤੋਲੀ ਹੋਈ ਡਾ. ਦੀਵਾਨਾ ਅਨੁਸਾਰ ਬਾਕੀਆਂ ਦਾ ਲੱਖ ਤੇ ਖਾਲਸੇ ਦਾ ਲੱਖ ਅਨੁਸਾਰ ਸਵਾ ਸੇਰ ਦੀ ਮਿਲਾਪ ਦੀ ਮਸਤੀ—

"ਮੈਂ ਸੁੱਤੀ ਸ਼ਹੁ ਗਲ ਲਾਇ।"

ਸ਼ਾਹ ਭੀਖਨ (1550 ਈ: ਦੇ ਨੇੜੇ ਤੇੜੇ—)

ਸ਼ਾਹ ਭੀਖਨ ਜੀ ਲਖਨਊ ਪਰਗਨੇ ਦੇ ਜੰਮਪਲ ਹਨ। ਆਪ ਸੂਫੀ ਖਿਆਲਾਂ ਦੇ ਮੁਸਲਮਾਨ ਫਕੀਰ ਹਨ। ਆਪ ਨੂੰ ਕੁਰਾਨ ਜਬਾਨੀ ਆਉਂਦਾ ਸੀ। ਸੋ ਆਪ ਕੁਰਾਨ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਾਫ਼ਿਜ਼ ਸਨ। ਆਪ 16ਵੀਂ ਸਦੀ ਦੇ ਅੱਧ ਵਿਚ 1550 ਈ. ਦੇ ਨੇੜੇ ਤੇੜੇ ਹੋਏ ਸਨ।

ਆਦਿ ਗ੍ਰੰਥ ਵਿਚ ਸੋਰਠ ਰਾਗ ਵਿਚ ਆਪ ਦੇ ਦੋ ਸ਼ਬਦ ਦਰਜ ਹਨ। ਆਪ ਦਾ ਪ੍ਰਮੁਖ ਉਦੇਸ਼ ਹੈ ਕਿ ਨਾਮ ਹੀ ਸੰਸਾਰ ਨੂੰ ਆਤਮਕ ਤੇ ਮਾਨਸਕ ਸ਼ਾਂਤੀ ਪਰਦਾਨ ਕਰ ਸਕਦਾ ਹੈ। ਆਪ ਦੇ ਵਿਚਾਰ ਤੇ ਸ਼ਬਦਾਵਲੀ ਗੁਰਬਾਣੀ ਨਾਲ ਕਾਫੀ ਮਿਲਦੀ ਹੈ—ਜਿਵੇਂ—

"ਨੈਨਹੁ ਨੀਰ ਬਹੈ ਤਨੁ ਖੀਨਾ ਭਏ ਕੇਸ ਦੁਧਵਾਨੀ।
ਰੂਧਾ ਕੰਠੁ ਸ਼ਬਦ ਨਹੀਂ ਉਚਰੈ, ਅਬ ਕਿਆ ਕਰੇ ਪਰਾਨੀ।
ਰਾਮ ਰਾਇ ਹੋਇ ਬੈਦ ਬਨਵਾਰੀ। ਅਪਨੇ ਸੰਤਹ ਲੇਹੁ ਉਬਾਰੀ। (ਰਹਾਉ)
ਮਾਥੇ ਪੀਰ ਸਰੀਰਿ ਜਲਨਿ ਹੈ, ਕਰਕ ਕਲੇਜੇ ਮਾਹੀ।
ਐਸੀ ਬੇਦਨ ਉਪਜਿ ਖਰੀ ਭਈ, ਵਾ ਕਾ ਅਉਖਧੁ ਨਾਹੀ।
ਹਰਿ ਕਾ ਨਾਮੁ ਅੰਮ੍ਰਿਤ ਜਲੁ ਨਿਰਮਲੁ ਇਹੁ ਅਉਖਧੁ ਜਗਿ ਸਾਰਾ।
ਗੁਰ ਪਰਸਾਦਿ ਕਹੈ ਜਨੁ ਭੀਖਨੁ ਪਾਵਉ ਮੋਖ ਦੁਆਰਾ।"

ਆਪ ਅੱਲਾ ਦੇ ਨਾਮ ਨੂੰ ਅਮੋਲਕ ਰਤਨ ਖਿਆਲ ਕਰਦੇ ਹਨ। ਇਹ ਰਤਨ ਛੁਪਿਆ ਨਹੀਂ ਰਹਿ ਸਕਦਾ। ਹਰਿ ਦੇ ਗੁਣ ਕਹੇ ਨਹੀਂ ਜਾ ਸਕਦੇ। ਗੁੰਗੇ ਦੀ ਮਠਿਆਈ ਖਾਣ ਵਾਂਗ ਹਨ। ਗੁਰੂ ਨੇ ਇਨ੍ਹਾਂ ਨੈਨਾਂ ਨੂੰ ਐਸਾ ਸੰਤੋਖਿਆ ਹੈ ਕਿ ਹਰ ਥਾਂ ਉਹੀ ਨਜ਼ਰ ਆ ਰਿਹਾ ਹੈ—

"ਐਸਾ ਨਾਮੁ ਰਤਨੁ ਨਿਰਮੋਲਕੁ ਪੁੰਨਿ ਪਦਾਰਥੁ ਪਾਇਆ।
ਅਨਿਕ ਜਤਨ ਕਰਿ ਹਿਰਦੈ ਰਾਖਿਆ, ਰਤਨ ਨ ਛਪੈ ਛਪਾਇਆ।
ਹਰਿ ਗੁਨ ਕਹਿਤੇ ਕਹਤੁ ਨ ਜਾਈ।
ਜੈਸੇ ਗੂੰਗੇ ਕੀ ਮਠਿਆਈ। (ਰਹਾਉ)
ਰਸਨਾ ਰਮਤ ਸੁਨਤ ਸੁਖ ਸ੍ਰਵਨਾ, ਚਿਤ ਚੇਤ ਸੁਖ ਹੋਈ।
ਕਹੁ ਭੀਖਨ ਦੁਇ ਨੈਨ ਸੰਤੋਖੇ, ਜਹ ਦੇਖਾਂ ਤਹ ਸੋਈ।"

ਵਹਿਦਤ-ਉਲ-ਵਜੂਦ ਦੇ ਸੰਕਲਪ ਨੂੰ ਲਿਆ ਹੈ।

ਮੂਲ ਰੂਪ ਵਿਚ ਆਪ ਦੇ ਵਿਚਾਰ ਭਾਰਤੀ ਅਧਿਆਤਮਕ ਫਲਸਫੇ ਵਾਲੇ ਹਨ। ਆਪ ਮੁਕਤੀ ਵਿਚ ਵਿਸ਼ਵਾਸ਼ ਰੱਖਦੇ ਹਨ। ਰੱਬ ਨੂੰ ਹਾਜ਼ਰ ਨਾਜ਼ਰ ਤੱਕਦੇ ਹਨ। ਆਪ ਦੀ ਬਾਣੀ ਵਿਚ ਸਮਾਸ ਤੇ ਅਨੁਪਰਾਸ ਅਲੰਕਾਰ ਹਨ। ਬਨਵਾਰੀ ਕ੍ਰਿਸ਼ਨ ਦਾ ਸੂਚਕ (epithet) ਸ਼ਬਦ ਹੈ। ਬਨਵਾਰੀ ਦਾ ਅਰਥ ਹੈ ਜੰਗਲੀ ਫੁੱਲਾਂ ਦੀ ਮਾਲਾ ਪਾਣ ਵਾਲਾ ਪਰਮਾਤਮਾ।

ਸੁਲਤਾਨ ਬਾਹੂ (1629—1691)

ਸੁਲਤਾਨ ਬਾਹੂ ਦੇ ਚਰਚੇ ਆਮ ਚਲਦੇ ਹਨ। ਉਹ ਬਹੁਤ ਲੋਕ-ਪ੍ਰਿਯ ਹੈ। ਮੌਲਵੀ ਮੁਹੰਮਦ ਦੀਨ ਤਾਂ ਏਥੋਂ ਤਕ ਅਤਕਥਨੀ ਅਲੰਕਾਰ ਦਾ ਪ੍ਰਯੋਗ ਕਰਦਾ ਕਹਿ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਾਂਦਾ ਹੈ ਕਿ ਜੰਗਲ ਦੇ ਪੰਛੀ ਵੀ ਉਸ ਦਾ ਵਿਰਦ ਕਰਦੇ ਹਨ ਅਤੇ ਹਰ ਮੰਜ਼ਲ ਵਿਚ ਬਾਹੂ ਜੀ ਦੇ ਬੈਂਤਾਂ ਦਾ ਚਰਚਾ ਛਿੜਦਾ ਹੈ—

ਜੰਗਲ ਦੇ ਪਰਿੰਦੇ ਬਾਹੂ ਬਾਹੂ ਕਰਨ ਵਿਚ ਜ਼ਮਾਨੇ।
ਜਿਸ ਮੰਜ਼ਲ ਵਿਚ ਜਾ ਕਰ ਵੇਖੋ, ਬਾਹੂ ਬੈਂਤ ਨਿਸ਼ਾਨੇ।

(ਬਾਗੇ ਓਲਿ ਆਦਿ ਹਿੰਦ)

ਸੁਲਤਾਨ ਬਾਹੂ ਦੀ ਪੀਰੀ ਮੀਰੀ ਦਾ ਸਿਲਸਿਲਾ ਅਜੇ ਤਕ ਚੱਲਦਾ ਜਾ ਰਿਹਾ ਹੈ। ਆਪ ਦੀ ਸਾਈਂ ਰੰਗ ਰੰਤੀ ਮਾਂ ਨੇ ਆਪ ਦੇ ਜੀਵਨ ਉਤੇ ਫਕੀਰੀ ਜਲੌ ਚੜ੍ਹਾਉਣ ਵਿਚ ਚੋਖਾ ਹਿੱਸਾ ਪਾਇਆ। ਆਪ ਨੇ ਦਿੱਲੀ ਦੇ ਪੀਰ ਅਬਦੁਲ ਰਹਿਮਾਨ ਦੀ ਸ਼ਰਨ ਵਿਚ ਤਪ ਜ਼ੁਹਦ ਸਾਧਿਆ। ਅੱਜ ਆਪ ਦੀ ਕਬਰ ਉਤੇ ਵੀ ਮੇਲੇ ਲਗਦੇ ਹਨ। ਆਪ ਨੇ ਲਿਖਿਆ ਸੀ—

"ਨਾਮ ਫਕੀਰ ਤਿਨ੍ਹਾਂ ਦਾ ਬਾਹੂ ਕਬਰ ਜਿਨ੍ਹਾਂ ਦੀ ਜੀਵੇ ਹੂ।"

ਆਪ ਨੇ ਆਪਣੇ ਨਾਮ ਬਾਹੂ ਦੀ ਹੂ ਹੂਕ ਨੂੰ ਆਪਣੀ ਹਰ ਪੰਕਤੀ ਦੇ ਅੱਗੇ ਜੋੜ ਲਿਆ ਮਾਨੋ ਕਿ ਰੱਬ ਦੀ ਹੋਂਦ ਨੂੰ ਹਰੇਕ ਪੰਕਤੀ ਵਿਚ ਜੋੜ ਲਿਆ। ਕਿਉਂਕਿ ਹੂ ਦਾ ਅਰਥ ਹੈ 'ਹੈ।' ਅਰਥਾਤ ਰੱਬ ਹੈ। ਅੱਲਾ ਹੈ। ਇਉਂ ਹੂ ਆਪ ਜੀ ਦੀ ਵਿਲੱਖਣ ਸਵਰ ਬਣ ਗਈ ਜਿਸ ਨਾਲ ਆਪ ਲੱਖਾਂ ਵਿਚੋਂ ਪਛਾਣੇ ਜਾ ਸਕਦੇ ਹਨ। ਐਸੀ ਵਿਲੱਖਣ ਸਵਰ ਹਾਸ਼ਮ ਤੋਂ ਬਾਅਦ ਹੋਰ ਕੋਈ ਸੂਫੀ ਪੈਦਾ ਨਹੀਂ ਕਰ ਸਕਿਆ ਜਿਸ ਕਰਕੇ ਉਹ ਲੋਕ ਮੂੰਹਾਂ ਤੇ ਨਾ ਚੜ੍ਹ ਸਕੇ ਅਤੇ ਗੁਆਚ ਗਏ। ਆਪ ਗੁਰੂ ਨਾਨਕ ਵਾਂਗ ਨਾ ਕੋ ਹਿੰਦੂ ਨਾ ਮੁਸਲਮਾਨ ਦਾ ਨਾਹਰਾ ਬੁਲੰਦ ਕਰਦੇ ਹਨ – ਇਹ ਆਪ ਤੇ ਗੁਰੂ ਨਾਨਕ ਦਾ ਪ੍ਰਭਾਵ ਹੈ—

"ਨਾ ਮੈਂ ਹਿੰਦੂ, ਨਾ ਮੈਂ ਮੋਮਨ, ਨਾ ਮੈਂ ਮੂਲਾ ਕਾਜ਼ੀ ਹੂ।
ਨਾ ਦਿਲ ਮੰਗੇ ਦੋਜ਼ਕ ਮੇਰਾ, ਨਾ ਸ਼ੌਕ ਬਹਿਸ਼ਤੀ ਰਾਜ਼ੀ ਹੂ।
ਨਾ ਮੈਂ ਤੀਹੇ ਰੋਜ਼ੇ ਰਖੇ, ਨਾ ਮੈਂ ਪਾਕ ਨਿਮਾਜ਼ੀ ਹੂ।
ਬਾਝ ਵਿਸ਼ਾਲ ਰੱਬ ਦੇ ਬਾਹੂ, ਹੋਰ ਸਭ ਝੂਠੀ ਬਾਜ਼ੀ ਹੂ।

ਆਪ ਅੱਲਾ ਹੂ ਨੂੰ ਸਰਵਤਰ ਮੰਨਦੇ ਹਨ ਜੋ ਅੰਦਰ ਵੀ ਹੈ ਤੇ ਬਾਹਰ ਵੀ। ਆਪ ਐਲਾਨ ਕਰਦੇ ਹਨ ਕਿ ਜਿਨ੍ਹਾਂ ਨੇ ਅੱਲਾ ਨੂੰ ਪਾ ਲਿਆ ਹੈ ਮੈਂ ਦੂਹ ਜਹਾਨਾਂ ਵਿਚ ਉਸ ਦਾ ਗੁਲਾਮ ਹਾਂ।

"ਅਲਫ ਅੰਦਰ ਹੂ ਤੇ ਬਾਹਰ ਹੂ, ਵਤ ਬਾਹੂ ਨੂੰ ਕਿਥੇ ਲਭੇਂਦਾ ਹੂ।
ਦੋਹੀਂ ਜਹਾਨੀ ਗੁਲਾਮ ਅਸ ਬਾਹੂ, ਜੇਹੜਾ ਹੂ ਨੂੰ ਸਹੀ ਕਰੇਂਦਾ ਹੂ।"

ਬਾਹੂ ਨੇ ਬੂਟੀ ਦਾ ਪ੍ਰਤੀਕ ਲੈ ਕੇ ਆਪਣੇ ਅੰਦਰ ਦੀ ਰਹੱਸਮਈ ਅਵਸਥਾ ਦਾ ਚਿੱਤਰ ਇਉਂ ਖਿੱਚਿਆ ਹੈ—

"ਅਲਫ ਅੱਲਾ ਚੰਬੇ ਦੀ ਬੂਟੀ, ਮੁਰਸ਼ਦ ਮਨੰ ਮੇਰੇ ਵਿਚ ਲਾਈ ਹੂ।
ਨਫੀ ਅਸਬਾਤ ਦਾ ਪਾਣੀ ਮਿਲਿਆ, ਹਰ ਰੰਗੇ ਹਰ ਜਾਈ ਹੂ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅੰਦਰ ਬੂਟੀ ਮੁਸ਼ਕ ਮਚਾਇਆ, ਜਾਂ ਫੁੱਲਣ ਤੇ ਆਈ ਹੂ।
ਜੀਵੇ ਮੁਰਸ਼ਦ ਕਾਮਲ ਬਾਹੂ, ਜਿਸ ਇਹ ਬੂਟੀ ਲਾਈ ਹੂ।"

ਵਿਦਵਾਨਾਂ ਨੇ ਬਾਹੂ ਛੰਦ ਨੂੰ ਝੂਲਣਾ, ਤਾਟੰਕ, ਦਵੱਈਆ, ਆਦਿ ਨਾ ਦੇਣ ਦੀ ਕੋਸ਼ਿਸ਼ ਕੀਤੀ ਹੈ, ਕਿਉਂਕਿ, ਇਸ ਵਿਚ ਇਕ ਛੰਦ ਪੂਰਾ ਨਹੀਂ ਉਤਰਦਾ।

ਸ਼ਾਹ ਸ਼ਰਫ ਬਟਾਲਵੀ (1640—1724)

ਆਪ ਬਟਾਲੇ ਦੇ ਵਾਸੀ ਸਨ। ਆਪ ਦੀ ਪਤਨੀ ਨੇ ਆਪ ਤੇ ਭਰਜਾਈ ਨਾਲ ਝੂਠੀ ਤੁਹਮਤ ਲਾਈ ਤਾਂ ਆਪ ਲਾਹੌਰ ਆ ਟਿਕੇ ਅਤੇ ਓਥੇ ਹੀ ਸ਼ੇਖ ਮੁਹੰਮਦ ਫਜ਼ਲ ਕਾਦਰੀ ਦੇ ਚੇਲੇ ਪੈ ਗਏ। ਲਾਹੌਰ ਹੀ ਆਪ 1724 ਨੂੰ ਕਾਲਵਸ ਹੋਏ। ਆਪ ਦੀਆਂ ਰਚਨਾਵਾਂ ਦੋਹੜੇ, ਸ਼ੁਤਰਨਾਮਾ ਅਤੇ ਕਾਫ਼ੀਆਂ ਹਨ। ਆਪ ਉਤੇ ਸ਼ਾਹ ਹੁਸੈਨ ਦਾ ਕਾਫੀ ਪ੍ਰਭਾਵ ਗੱਪਿਆ ਜਾ ਸਕਦਾ ਹੈ। ਆਪ ਸੁੰਦਰ ਬਿੰਬਾਵਲੀ, ਲੋਕ ਧੁਨਾਂ ਅਤੇ ਛੰਦਾਂ ਦੀ ਚੋਣ ਵਿਚ ਸ਼ਾਹ ਹੁਸੈਨ ਤੋਂ ਪ੍ਰਭਾਵਿਤ ਲਗਦੇ ਹਨ। ਜਿਵੇਂ—

ਰਹੁ ਵੇ ਅੜਿਆ ਤੂੰ ਰਹੁ ਵੇ ਅੜਿਆ (ਸੰਬੋਧਨੀ ਅਲੰਕਾਰ)
ਬੋਲਣ ਦੀ ਨਹੀਂ ਜਾ ਵੇ ਅੜਿਆ
ਡਿੱਠੇ ਬਾਝ ਰਹਿਣ ਨਾ ਮੂਲੇ
ਲੱਗੀ ਚੋਟ ਨੈਣਾਂ ਨੂੰ।

ਆਪ ਅਸਲ ਫਕੀਰੀ ਦੇ ਰੰਗ ਨੂੰ ਇਉਂ ਪੇਸ਼ ਕਰਦੇ ਹਨ—

ਪੈ ਚੱਕੀ ਆਪ ਪੀਸਾਈਐ
ਵਿਚ ਰੰਗਣ ਤਾਵਣ ਤਾਈਐ
ਇਉਂ ਕਪੜ ਰੰਗ ਰੰਗਾਈਐ
ਤਾਂ ਨਾਮ ਮਜੀਠ ਸਦਾਈਐ
ਇਉਂ ਪ੍ਰੇਮ ਪਿਆਲਾ ਪੀਵਣਾ
ਜਗ ਅੰਦਰ ਮਰ ਮਰ ਜੀਵਣਾ
ਵਿਚ ਆਰਨ ਤਾਵਣ ਤਾਈਐ
ਅਤੇ ਅਹਿਰਨ ਸੱਟ ਸਹਾਈਐ
ਹੋਇ ਰੂੰਈਂ ਆਪ ਤੂੰ ਬਾਈਐ
ਤਿਲ ਘਾਣੀ ਮਹਿ ਪੀੜਾਈਐ
ਵਿਚ ਆਵੀ ਪਾਇ ਪਕਾਈਐ
ਇਉਂ ਦੀਪਕ ਜੋਤ ਜਗਾਈਐ

ਆਪ ਤੁਕਾਂਤ ਦੀ ਵੰਨ ਸਵੰਨਤਾ ਪੈਦਾ ਕਰਦੇ ਹਨ। ਸ਼ੈਲੀ ਨਿਰਮਾਨ ਤੇ ਅਨੁਪਰਾਸੀ ਵਰਤਦੇ ਹਨ। ਸ਼ਾਹ ਹੁਸੈਨ ਦਾ ਰੰਗ ਵਿਚਾਰਾਂ ਤੇ ਸ਼ਬਦਾਵਲੀ ਵਿਚ ਵੀ ਦਿਸ ਆਉਂਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

1. ਅੱਖੀਆਂ ਦੁਖ ਭਰੀਆਂ ਮੇਰੀ, ਵੇਖਣ ਯਾਰ ਤੁਸਾਨੂੰ ।
ਡਿੱਠੇ ਬਾਝੋਂ ਰਹਿਣ ਨਾ ਮੂਲੇ, ਲਗੀ ਚੋਟ ਨੈਣਾਂ ਨੂੰ ।
ਜੈਂ ਤਨ ਲਗੀ ਸੋ ਤਨ ਜਾਣੇ, ਗੁੱਝੀ ਵੇਦਨ ਸਾਨੂੰ ।
ਸ਼ਾਹ ਸ਼ਰਫ ਦਿਲ ਦਰਦ ਘਨੇਰੇ,ਮਾਲਮ ਹਾਲ ਮਿਤਰਾਂ ਨੂੰ ।

2. ਮੇਰੇ ਅੰਦਰ ਜਲਣ ਅੰਗੀਠੀਆਂ
ਉਹ ਜਲਦੀਆਂ ਕਿੰਨੇ ਨ ਡੀਠੀਆਂ
ਮੈਂ ਦਰਦ ਦਿਵਾਨੇ ਲੂਠੀਆਂ

ਆਪ ਆਪਣੇ ਮੁਰਸ਼ਦ ਨੂੰ ਪੰਡਤ ਜੋਇਸੀ ਕਹਿ ਕੇ ਪੁਕਾਰਦੇ ਹੋਏ ਪੀਆ ਮਿਲਣ ਦੀ ਅਸ਼ੀਰਵਾਦ ਲੈਣਾ ਚਾਹੁੰਦੇ ਹਨ —

ਮੈਂ ਪੁੱਛਾਂ ਪੰਡਤ ਜੋਇਸੀ ।
ਪੀਆ ਕਬਹੂ ਮਿਲਾਵਾ ਹੋਇਸੀ ।
ਮਿਲੇ ਦਰਦ ਵਿਛੋੜਾ ਖੋਇਸੀ ।

ਇਨ੍ਹਾਂ ਪੰਜਾਂ ਵਿਚੋਂ ਤਿੰਨ ਸ਼ਾਹ ਸੂਫੀ ਤੇ ਦੋ ਬਾ ਸੂਫੀ ਹਨ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੂਫ਼ੀ ਕਾਵਿ ਦੀਆਂ ਵਿਸ਼ੇਸ਼ਤਾਵਾਂ

ਆਦਿ ਕਾਲ ਦੀ ਸੂਫ਼ੀ ਕਵਿਤਾ ਦੀਆਂ ਵਿਸ਼ੇਸ਼ਤਾਵਾਂ

ਆਦਿ ਕਾਲ ਵਿਚ ਬਾਬਾ ਫ਼ਰੀਦ, ਸ਼ਾਹ ਹੁਸੈਨ, ਸ਼ਾਹ ਭੀਖਨ, ਵਜੀਦ, ਸੁਲਤਾਨ ਬਾਹੂ ਤੇ ਸ਼ਾਹ ਸ਼ਰਫ਼ ਬਟਾਲਵੀ ਸੂਫ਼ੀ ਕਵੀ ਹੋਏ ਹਨ।

1. ਮੂਲ ਰੂਪ ਵਿਚ ਸੂਫ਼ੀਵਾਦ ਇਸਲਾਮੀ ਵਿਚਾਰਧਾਰਾ ਅਤੇ ਇਸਲਾਮੀ ਜੀਵਨ ਜੁਗਤ ਹੈ। ਇਸਲਾਮ ਵਿਚ ਪੰਜ ਵਕਤ ਨਿਮਾਜ਼ ਪੜ੍ਹੀ ਜਾਂਦੀ ਹੈ। ਬਾਬਾ ਫ਼ਰੀਦ ਇਸ ਤੇ ਜ਼ੋਰ ਦੇਂਦਾ ਹੈ –

''ਫ਼ਰੀਦਾ ਬੇਨਿਵਾਜਾ ਕੁਤਿਆ ਇਹ ਨ ਭਲੀ ਰੀਤਿ।
ਕਬਹੀ ਚਲਿ ਨਾ ਆਇਓ ਪੰਜੇ ਵਕਤ ਮਸੀਤਿ।''

2. ਸੂਫ਼ੀ ਸ਼ਬਦ ਸੂਫ਼ ਤੋਂ ਬਣਿਆ ਹੈ। ਸੂਫ਼ ਦਾ ਅਰਥ ਹੈ ਉੱਨ ਦੇ ਕਪੜੇ। ਮੁਢਲੇ ਸੂਫ਼ ਉੱਨ ਦੇ ਕਪੜੇ ਹੀ ਪਹਿਨਦੇ ਸਨ ਜੋ ਮੁਢਲੀ ਸੂਫ਼ੀ ਕਵਿਤਾ ਵਿਚ ਇਸ ਦਾ ਜ਼ਿਕਰ ਹੈ—

''ਫ਼ਰੀਦਾ ਕੰਨ ਮੁਸੱਲਾ ਸੂਫ਼ ਗਲ ਦਿਲ ਕਾਤੀ ਗੁੜ ਵਾਤ।
ਬਾਹਰ ਦੀਸੈ ਚਾਨਣਾ ਦਿਲ ਅੰਧਿਆਰੀ ਰਾਤ।''

3. ਇਉਂ ਮੁਢਲੇ ਸੂਫ਼ੀਆਂ ਨੇ ਦੰਭੀ ਸੂਫ਼ੀਆਂ ਦਾ ਪਾਜ ਵੀ ਉਘੇੜਿਆ ਹੈ। ਅਤੇ ਸੂਫ਼ੀ ਕਵਿਤਾ ਨੂੰ ਆਲੋਚਣਾ ਦਾ ਵਾਹਣ ਵੀ ਬਣਾਇਆ **ਹੈ**:

''ਮੂਰਖ ਨੂੰ ਅਸਵਾਰੀ, ਹਾਥੀ ਘੋੜੀਆਂ।
ਪੰਡਤ ਪੈਰ ਪਿਆਦੇ, ਪਾਟੇ ਜੋੜਿਆਂ।
ਕਰਦੇ ਸੁਘੜ ਮਜੂਰੀ, ਮੂਰਖ ਜਾਇ ਘਰ।
ਵਜੀਦਾ ਕੌਣ ਸਾਹਿਬ ਨੂੰ ਆਖੇ, ਐਉਂ ਨਹੀਂ ਐਵ ਕਰ।''

ਇਉਂ ਵਜੀਦ ਨੇ ਸਮਾਜਕ ਢਾਂਚੇ ਦੀ ਸੁੰਦਰ ਆਲੋਚਨਾ ਕੀਤੀ ਹੈ।

4. ਮਨਸੂਰ ਵਾਂਙ ਮੁਢਲੇ ਸੂਫ਼ੀਆਂ ਨੇ 'ਅਨਲ ਹਕ' ਦਾ ਨਾਹਰਾ ਵੀ ਲਾਇਆ ਹੈ। ਸ਼ਾਹ ਹੁਸੈਨ ਲਿਖਦਾ ਹੈ—

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"ਮਾਹੀ ਮਾਹੀ ਕੂਕਦੀ ਮੈਂ ਆਪੇ ਰਾਂਝਣ ਹੋਈ
ਰਾਂਝਣ ਰਾਂਝਣ ਮੈਨੂੰ ਸਭ ਕੋਈ ਆਖੇ ਹੀਰ ਨਾ ਆਖੇ ਕੋਈ।"

5. ਇਸਲਾਮ ਦਾ ਧੁਰਾ ਤੌਹੀਦ ਹੈ ਜਿਸ ਦਾ ਭਾਵ ਖੁਦਾ ਦੀ ਏਕਤਾ ਹੈ। ਉਹ ਹਰ ਪਾਸੇ ਹੈ। ਸ਼ਾਹ ਹੁਸੈਨ ਲਿਖਦਾ ਹੈ—

"ਅੰਦਰਿ ਤੂੰ ਹੈਂ ਬਾਹਰ ਤੂੰ ਹੈਂ ਰੋਮ ਰੋਮ ਵਿਚ ਤੂੰ।"

ਸੂਫ਼ੀ ਹਰ ਪਾਸੇ ਉਸ ਦੀ ਹੋਂਦ ਨੂੰ ਤਕਦੇ ਹਨ। "ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ।" ਇਉਂ ਫਰੀਦ ਵਹਿਦਤ-ਉਲ-ਵਜੂਦ ਦੇ ਸੰਕਲਪ ਨੂੰ ਲੈਂਦਾ ਹੈ।

6. ਮੁਢਲੇ ਸੂਫ਼ੀ ਬਿਰਹਾ ਨੂੰ ਵਧੇਰੇ ਗਾਉਂਦੇ ਹਨ —

"ਬਿਰਹਾ ਬਿਰਹਾ ਆਖੀਐ ਬਿਰਹਾ ਤੂੰ ਸੁਲਤਾਨ।
ਫਰੀਦਾ ਜਿਸ ਤਨ ਬਿਰਹਾ ਨਾ ਉਪਜੈ ਸੋ ਤਨ ਜਾਨ ਮਸਾਨ।"

ਸ਼ਾਹ ਹੁਸੈਨ ਤਾਂ ਬਿਰਹਾ ਦਾ ਸੁਲਤਾਨ ਸੂਫ਼ੀ ਹੋਇਆ ਹੈ। ਸ਼ਾਹ ਸਰਫ ਬਟਾਲਵੀ ਵਿਚ ਬਿਰਹਾ ਵੇਖੋ—

"ਅਖੀਆਂ ਦੁਖ ਭਰੀਆਂ ਵੇਖਣ ਯਾਰ ਤੁਸਾਂ ਨੂੰ।
ਡਿਠੇ ਬਾਝੋਂ ਰਹਿਣ ਨਾ ਮੂਲੇ ਲਗੀ ਚੋਟ ਨੈਨਾਂ ਨੂੰ।
ਜੈ ਤਨ ਲਗੀ ਸੋ ਤਨ ਜਾਣ ਗੁਝੀ ਵੇਦਨ ਸਾਨੂੰ।
ਸ਼ਾਹ ਸ਼ਰਫ ਦਿਲ ਦਰਦ ਘਨੇਰੇ ਮਾਲਮ ਹਾਲ ਮਿਤਰਾਂ ਨੂੰ।

7. ਹਜ਼ਰਤ ਮੁਹੰਮਦ ਸਾਹਿਬ ਤੋਂ ਮੁਰਸ਼ਦ ਪਰੰਪਰਾ ਚਲ ਪਈ ਸੀ। ਸੂਫ਼ੀ ਇਸੇ ਕਰਕੇ ਹੀ ਆਪਣੇ ਆਪਣੇ ਮੁਰਸ਼ਦ ਦੇ ਸੋਹਿਲੇ ਗੌਣ ਲੱਗੇ। ਫਰੀਦ ਲਿਖਦਾ ਹੈ— "ਸਾਈਂ ਮੇਰੇ ਚੰਗਾ ਕੀਤਾ।" ਉਹ ਸਾਈਂ ਮੁਰਸ਼ਦ ਨੂੰ ਕਹਿੰਦਾ ਹੈ ਅਤੇ ਪ੍ਰਣ ਕਰਦਾ ਹੈ— "ਜੋ ਗੁਰ ਦਸੇ ਵਾਟ ਮੁਰੀਦਾ ਜੋਲੀਏ।" ਸੁਲਤਾਨ ਬਾਹੂ ਲਿਖਦਾ ਹੈ—

"ਅਲਫ-ਅੱਲਾ ਚੰਬੇ ਦੀ ਬੂਟੀ ਮੁਰਸ਼ਦ ਮਨ ਮੇਰੇ ਵਿਚ ਲਾਈ ਹੂ।
ਨਫੀ ਅਸਬਾਤ ਦਾ ਪਾਣੀ ਮਿਲਿਆ ਹਰ ਰੰਗੇ ਹਰ ਜਾਈ ਹੂ।
ਜੀਵੇ ਮੁਰਸ਼ਦ ਕਾਮਲ ਬਾਹੂ ਜਿਸ ਇਹ ਬੂਟੀ ਲਾਈ ਹੂ।"

ਸ਼ਾਹ ਸ਼ਰਫ ਬਟਾਲਵੀ ਮੁਰਸ਼ਦ ਨੂੰ ਪੰਡਤ ਜੋਇਸੀ ਕਹਿੰਦਾ ਲਿਖਦਾ ਹੈ—

"ਮੈਂ ਪੁੱਛਾਂ ਪੰਡਤ ਜੋਇਸੀ।
ਪੀਆ ਕਬਹੂ ਮਿਲਾਵਾ ਹੋਇਸੀ।
ਮਿਲੇ ਦਰਦ ਵਿਛੋੜਾ ਖੋਇਸੀ।"

8. ਮੁਢਲੇ ਸੂਫ਼ੀਆਂ ਦੀ ਸੂਫ਼ੀ ਕਵਿਤਾ ਵਿਚ ਸਵੈ ਜੀਵਨੀ ਅੰਸ਼ ਭਰਪੂਰ ਹਨ—

"ਬੁਢਾ ਹੋਇਆ ਸ਼ੇਖ ਫਰੀਦ ਕੰਬਣ ਲਗੀ ਦੇਹ
... ...

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਨੀ ਨਿਕੀ ਜੰਘੀਐ ਥਲ ਡੂਗਰ ਭਵਿਓਮ ।
ਅਜ ਫਰੀਦਾ ਕੂਜੜਾ ਸੈ ਕੋਹਾਂ ਥੀਓਮ ।

ਸ਼ਾਹ ਹੁਸੈਨ ਵੀ ਕਹਿੰਦਾ ਹੈ—

"ਮਾਸ ਝਰੇ ਝਰ ਪਿੰਜਰ ਹੋਇਆ ਕੜਕਨ ਲਗੀਆਂ ਹੱਡੀਆਂ ।"

9. ਸੂਫੀ ਲੋਕ ਇਸ਼ਕ ਨੂੰ ਆਪਣਾ ਗਾਡੀ ਰਾਹ ਬਣਾਕੇ ਚਲਦੇ ਹਨ । ਫਰੀਦ ਅੱਲਾ ਨਾਲ ਸੱਚਾ ਇਸਕ ਲੋੜਦਾ ਹੈ ।

"ਫਰੀਦਾ ਜਹਿ ਲਬ ਤ ਨੇਹੁ ਕਿਆ ਲਬ ਤਾ ਕੂੜਾ ਨੇਹੁ ।
... ...
ਜਾਇ ਮਿਲਾਂ ਤਿਨ ਸਜਨਾ ਮੇਰਾ ਤੁਟਹਿ ਨਾਹੀ ਨੇਹੁ ॥"

ਸ਼ਾਹ ਹੁਸੈਨ ਤਾਂ ਸਿਰ ਤੇ ਇਸ਼ਕ ਦੀ ਖਾਰੀ ਚੁਕਕੇ ਚਲਦਾ ਹੈ—

"ਇਸ਼ਕੇ ਦੀ ਸਿਰ ਖਾਰੀ ਚਾਈਆ
ਦਰ ਦਰ ਦੇਨੀਆਂ ਹੋਕਾ, ਵੇ ਲੋਕਾ ।"

ਸ਼ਾਹ ਸ਼ਰਫ ਬਟਾਲਵੀ ਇਸ਼ਕ ਦਾ ਪਿਆਲਾ ਪੀਣ ਦੀ ਜਾਚ ਇਉਂ ਦੱਸਦਾ ਹੈ —

"ਪੈ ਚਕੀ ਆਪ ਪੀਸਾਈਐ ।
ਵਿਚ ਰੰਗਨ ਤਾਵਣ ਤਾਈਐ ।
ਇਉਂ ਕਪੜ ਰੰਗ ਰੰਗਾਈਐ ।
ਤਾਂ ਨਾਮ ਮਜੀਠ ਸਦਾਈਐ ।
ਇਉਂ ਪ੍ਰੇਮ ਪਿਆਲਾ ਪੀਵਣਾ ।
ਜਗ ਅੰਦਰ ਮਰ ਮਰ ਜੀਵਣਾ ।"

ਸੁਲਤਾਨ ਬਾਹੂ ਮੁਹੱਬਤ ਕਰਨ ਲਈ ਕਹਿੰਦਾ ਹੈ—

"ਕਾਫ —ਕਰ ਮੁਹਬਤ ਕੁਝ ਹਾਸਲ ਹੋਵੇ, ਉਮਰ ਇਹ ਦਾਰ ਦਿਹਾੜੇ ਹੂ ।
ਥੀ ਸੌਦਾਗਰ ਕਰ ਲੈ ਸੌਦਾ, ਜਾਂ ਜਾਂ ਹੱਟ ਨਾ ਤਾੜੇ ਹੂ ।"

10. ਸੂਫੀਆਂ ਦੀ ਵਿਚਾਰਧਾਰਾ ਗੁਰਬਾਣੀ ਨਾਲ ਮੇਲ ਖਾਂਦੀ ਹੈ । ਗੁਰੂ ਨਾਨਕ ਦੇਵ ਜੀ ਕਹਿੰਦੇ ਹਨ "ਨਾ ਕੋ ਹਿੰਦੂ ਨਾ ਮੁਸਲਮਾਨ ।" ਸੁਲਤਾਨ ਬਾਹੂ ਲਿਖਦਾ ਹੈ—

"ਨਾ ਮੈਂ ਹਿੰਦੂ ਨਾ ਮੈਂ ਮੁਸਲਮ, ਨਾ ਮੈਂ ਮੁਲਾਂ ਕਾਜੀ ਹੂ ।"

ਇਕ ਥਾਂ ਹੋਰ ਲਿਖਦਾ ਹੈ—

"ਵਿਚੇ ਬੇੜੇ ਵਿਚੇ ਝੇੜੇ, ਵਿਚੇ ਵੰਞ ਮੁਹਾਣੇ ਹੂ ।
ਚੌਦਾਂ ਤਬਕ ਦਿਲੇ ਦੇ ਅੰਦਰ, ਤੰਬੂ ਵਾਂਗਣ ਤਾਣੇ ਹੂ ।"

ਗੁਰਬਾਣੀ ਵਿਚ ਆਇਆ ਹੈ :

"ਜੋ ਬ੍ਰਹਿਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ।
ਪੀਪਾ ਪ੍ਰਣਵੈ ਪਰਮਤਤੁ ਹੈ, ਸਤਿਗੁਰ ਹੋਇ ਲਖਾਵੈ ।"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸੇ ਤਰ੍ਹਾਂ ਹੀ ਜਦ ਸ਼ਾਹ ਹੁਸੈਨ ਲਿਖਦਾ ਹੈ :

"ਜਪਦਿਆਂ ਨੂੰ ਹਰ ਮੇਲੇ" ਤਾਂ ਉਹ ਗੁਰਬਾਣੀ ਨਾਲ ਜਾ ਮੇਲ ਖਾਂਦਾ ਹੈ।

11. ਆਦਿ ਕਾਲ ਦੀ ਸੂਫੀ ਕਵਿਤਾ ਡਾ. ਮੋਹਨ ਸਿੰਘ ਦੀਵਾਨਾ ਅਨੁਸਾਰ ਪਹਿਲੇ ਤੇ ਦੂਜੇ ਪੜਾ ਦੀ ਸੂਫੀ ਕਵਿਤਾ ਹੈ। ਬਾਬਾ ਫਰੀਦ ਵਿਚ ਮੌਤ ਦਾ ਸਹਿਮ ਹੈ ਅਜਰਾਈਲ ਫਰਿਸ਼ਤੇ ਦਾ ਡਰ ਹੈ।

1. "ਅਜਰਾਈਲ ਫਰੇਸਤਾ ਕੈ ਘਰਿ ਨਾਠੀ ਅਜੁ।

2. "ਫਰੀਦਾ ਮੌਤੇ ਦਾ ਬੰਨਾ ਏਵੈ ਦਿਸੈ ਜਿਉ ਦਰੀਆਵੈ ਢਾਹਾ।"

ਬਾਬਾ ਫਰੀਦ ਸ਼ਰ੍ਹਾ ਦੀਆਂ ਬੰਦਸ਼ਾਂ ਵਿਚ ਬੱਝਾ ਸੂਫੀ ਹੈ ਜੋ ਪਹਿਲੇ ਪੜਾ ਦਾ ਪਾਂਧੀ ਹੈ। ਸ਼ਾਹ ਹੁਸੈਨ ਦੂਜੇ ਪੜਾ ਵਿਚ ਪੈਰ ਧਰਦਾ ਹੈ, ਕਿਉਂਕਿ, ਉਹ ਥੋੜ੍ਹੀ ਖੁਲ੍ਹ ਲੈਂਦਾ ਹੈ। ਸਰ੍ਹਾ ਤੋਂ ਬਗਾਵਤ ਕਰਦਾ ਹੈ। ਰੱਬ ਨਾਲ ਵੀ ਖੁਲ੍ਹੀਆਂ ਗੱਲਾਂ ਤਾਂ ਕਰਦਾ ਹੈ ਪਰ ਉਸ਼ ਦਾ ਅੰਦਾਜ਼ ਸਿਦਕ ਹਲੀਮੀ ਵਾਲਾ ਹੀ ਰਹਿੰਦਾ ਹੈ ਇਉਂ ਉਹ ਦੂਜੇ ਪੜਾ ਦਾ ਸੂਫੀ ਹੋ ਨਿਬੜਦਾ ਹੈ। ਮਧ ਕਾਲ ਵਿਚ ਸੂਫੀ ਕਵਿਤਾ ਤੀਜੇ ਪੜਾ ਭਾਵ ਸਿਖ਼ਰ ਤੇ ਪਹੁੰਚਦੀ ਹੈ। ਜਿਥੇ ਬੁਲ੍ਹੇ ਸ਼ਾਹ ਰੱਬ ਨੂੰ ਤਾਹਨੇ, ਮਿਹਣੇ, ਨਿਹੋਰੇ ਦਿੰਦਾ ਹੋਇਆ ਉਸ ਨਾਲ ਬਹੁਤ ਖੁਲ੍ਹ ਲੈ ਜਾਂਦਾ ਹੈ।

12. ਪਹਿਲੇ ਸੂਫੀਆਂ ਉੱਤੇ ਕੁਰਾਨ ਦਾ ਬਹੁਤ ਪ੍ਰਭਾਵ ਹੈ। ਉਹ ਆਪਣੇ ਆਪ ਨੂੰ ਖ਼ੁਦਾ ਦੇ ਸਮਰਪਣ ਕਰਦੇ ਹਨ। ਸ਼ਾਹ ਹੁਸੈਨ ਲਿਖਦਾ ਹੈ —

"ਮੇਰੇ ਸਾਹਿਬਾ ! ਮੈਂ ਤੇਰੀ ਹੋ ਮੁਕੀਆਂ।

ਮਨੋ ਨਾ ਵਿਸਾਰੀਂ ਤੂੰ ਮੈਨੂੰ ਮੇਰੇ ਸਾਹਿਬਾ ਹਰ ਗਲੋਂ ਮੈਂ ਚੁਕੀਆਂ।

13. ਸੂਫੀਆਂ ਨੇ ਪੰਜਾਬੀ ਜੀਵਨ, ਪੰਜਾਬੀ ਸਭਿਆਚਾਰ ਨੂੰ ਚਿਤਰਿਆ ਹੈ। ਇਨ੍ਹਾਂ ਨੇ ਜੋ ਚਿੰਨ੍ਹ ਨਹੀਂ ਵਰਤੇ ਹਨ ਉਹ ਘਰੋਗੀ ਤੋਂ ਲੋਕ ਧਾਰਾ ਦੇ ਨੇੜੇ ਹਨ। ਪੰਜਾਬੀ ਸੂਫੀਆਂ ਨੇ ਅਰਬੀ ਫਾਰਸੀ ਦੇ ਚਿੰਨ੍ਹ ਨਹੀਂ ਲਏ। ਸੱਚ ਤਾਂ ਇਹ ਹੈ ਨਜਦ ਦੇ ਜੰਗਲ ਦੀ ਥਾਂ ਝਨਾ ਨੇ ਮਲ ਲਗੀ। ਦਜਲੇ ਦੀ ਥਾਂ ਝਨਾ ਸੂਕਣ ਲੱਗ ਪਈ। ਮੂਸਾ ਦੇ ਇਜੜਾਂ ਦੀ ਥਾਂ ਰਾਂਝੇ ਈ ਸੁਰੀਲੀ ਬੰਸਰੀ ਮਗਰ ਕੁੜੀਆਂ ਤੇ ਬੂਰੀਆਂ ਦੇ ਵਗ ਭਜਦੇ ਦਿਸਣ ਲੱਗੇ। ਸੋ ਪੰਜਾਬੀ ਸੂਫੀਆਂ ਨੇ ਦਜਲੇ ਫਰਾਤ ਤੇ ਲੈਲਾ ਸ਼ੀਰੀ ਦੇ ਸੁਪਨੇ ਲੈਣ ਦਾ ਥਾਂ ਰਾਵੀ ਝਨਾ ਤੇ ਹੀਰ ਰਾਂਝਾ ਅਤੇ ਸੁਹਣੀ ਮਹੀਂਵਾਲ ਦੇ ਹੀ ਤਰਾਨੇ ਛੇੜੇ ਹਨ। ਪ੍ਰੋ. ਹਰਨਾਮ ਸਿੰਘ ਸ਼ਾਨ ਅਨੁਸਾਰ ਇਸ ਦੇ ਆਲੇ ਦੁਆਲੇ, ਰਹਿਣੀ ਬਹਿਣੀ, ਰੀਤਾਂ ਰਸਮਾਂ, ਰੁਤਾਂ ਤਿਉਹਾਰਾਂ, ਸ਼ੁਗਲ ਤਮਾਸ਼ਿਆਂ, ਮੌਜ ਮੇਲਿਆਂ, ਪਿਪਲਾਂ ਪੀਂਘਾਂ, ਇਜੜਾਂ ਆਜੜੀਆਂ, ਤਿਲਾਂ ਘਾਣੀਆਂ, ਲਡੀਆਂ ਝੂਮਰਾਂ, ਜੰਗਲਾ ਬੇਲਿਆਂ, ਚੌਂਕੇ ਭਾਂਡਿਆਂ, ਤ੍ਰਿਵਣਾਂ ਡੋਰੀਆਂ, ਗੁਡੀਆਂ ਡੋਲੀਆਂ, ਸਾਲੂਆਂ ਸਾੜੀਆਂ, ਖੂਹਾਂ ਪਤਨਾਂ ਤੇ ਹੀਰਾਂ ਰਾਂਝਿਆਂ ਨਾਲ ਅਪਣਤ ਪਾਈ ਹੈ ਅਤੇ ਆਪਣੀ ਕਵਿਤਾ ਨੂੰ ਚਰਖਿਆਂ ਦੀ ਘੂੰ ਘੂੰ, ਚੂੜਿਆ ਦੀ ਛਣ ਛਣ, ਖੱਡੀਆਂ ਦੀ ਠਕ ਠਕ ਤੇ ਮਧਾਣੀਆਂ ਦੀ ਘੰਮ ਘੰਮ ਨਾਲ ਘੁਕਾਅ ਦਿੱਤਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

14. ਚਿੰਨ੍ਹਾਂ ਦੀ ਵਰਤੋਂ—ਇਨ੍ਹਾਂ ਉਪਰੋਕਤ ਚਿੰਨ੍ਹਾਂ ਤੋਂ ਇਲਾਵਾ ਸੁਲਤਾਨ ਬਾਹੂ ਨੇ ਬੂਟੀ ਦਾ ਸੁੰਦਰ ਢੰਗ ਨਾਲ ਚਿੰਨ੍ਹ ਵਰਤਿਆ ਹੈ—

''ਅਲਫ ਅੱਲਾ ਚੰਬੇ ਦੀ ਬੂਟੀ, ਮੁਰਸ਼ਦ ਮਨ ਮੇਰੇ ਵਿਚ ਲਾਈ ਹੂ ।
ਨਫ਼ੀ ਅਸਬਾਤ ਦਾ ਪਾਣੀ ਮਿਲਿਆ, ਹਰ ਰੰਗੇ ਹਰ ਜਾਈ ਹੂ ।''

ਬਾਬਾ ਫਰੀਦ ਨੇ ਦੁਨੀਆਂ ਲਈ ਦਰਿਆ, ਆਤਮਾ ਲਈ ਬਗਲਾ, ਹੰਸ, ਮੌਤ ਲਈ ਸਰਵਰ ਦਾ ਉਛਲਣਾ, ਫਰਿਸ਼ਤੇ ਲਈ ਬਾਜ, ਫਕੀਰੀ ਲਈ ਪੋਟਲੀ, ਆਦਿ ਚਿੰਨ੍ਹਾਂ ਦੀ ਵਰਤੋਂ ਕੀਤੀ ।

15. ਵਖਰਾ ਸਵਰ ਪੈਦਾ ਕਰਨ—ਆਦਿ ਕਾਲ ਦੇ ਸੂਫੀਆਂ ਦੀ ਇਕ ਇਹ ਵਿਸ਼ੇਸ਼ ਰੁਚੀ ਵੇਖਣ ਵਿਚ ਆਈ ਹੈ ਕਿ ਉਹ ਆਪਣਾ ਆਪਣਾ ਨਿਖੇੜੂ ਅੰਦਾਜ਼-ਏ-ਬਿਆਂ ਪੈਦਾ ਕਰਦੇ ਹਨ । ਜਿਵੇਂ ਬਾਹੂ ਆਪਣੇ ਨਾਂ ਦੀ ਅੰਤਲੀ ਹੂ ਹੂਕ ਨੂੰ ਆਪਣੀ ਹਰੇਕ ਪੰਕਤੀ ਦੇ ਅੰਤ ਤੇ ਵਰਤ ਕੇ ਆਪਣੀ ਕਵਿਤਾ ਦਾ ਵਖਰਾ ਸਵਰ ਕਾਇਮ ਕਰਦਾ ਹੈ ਜਿਸ ਤੋਂ ਸਹਿਜੇ ਹੀ ਉਸ ਦੀ ਕਵਿਤਾ ਦਾ ਪਤਾ ਚਲ ਜਾਂਦਾ ਹੈ । ਇਸੇ ਤਰ੍ਹਾਂ ਸ਼ਾਹ ਹੁਸੈਨ ਫ਼ਕੀਰ ਸਾਈਂ ਦਾ ਅਤੇ ਵਜੀਦ, ਵਜੀਦਾ ਕੌਣ ਕਹੇ ਸਾਹਿਬ ਨੂੰ ਐਉਂ ਨਹੀਂ ਐਂਵ ਕਰ ਲਿਖ ਕੇ ਆਪਣੀ ਕਵਿਤਾ ਦਾ ਵਖਰਾ ਲਹਿਜਾ ਕਾਇਮ ਕਰਦੇ ਹਨ । ਫਰੀਦ ਆਪਣੇ ਸਲੋਕ ਵਿਚ ਸ਼ਬਦ ਫਰੀਦ ਵਰਤਦਾ ਹੈ ।

T.S Eliot ਦਾ ਕਥਨ ਹੈ ਕਿ ਹਰ ਕਵੀ ਦਾ ਆਪਣਾ ਵਖਰਾ ਸਵਰ ਹੁੰਦਾ ਹੈ ਜਿਸ ਤੋਂ ਉਹ ਪਛਾਣਿਆ ਜਾਂਦਾ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੂਫ਼ੀ ਸੁਲਤਾਨ ਬਾਹੂ
(1629 – 1691 ਈ:)

ਮੀਆਂ ਮੁਹੰਮਦ ਬਖ਼ਸ਼ ਸ਼ਰਧਾਂਜਲੀ ਦੇਂਦਾ ਸੁਲਤਾਨ ਬਾਹੂ ਬਾਰੇ ਲਿਖਦਾ ਹੈ—

''ਫਿਰ ਸੁਲਤਾਨ ਬਾਹੂ ਇਕ ਹੋਇਆ, ਖ਼ਾਸ ਮਰਦ ਹੱਕਾਨੀ,
ਦੋਹੜੇ ਪਾਕ ਜ਼ਬਾਨ ਉਹਦੀ ਦੇ, ਰੌਸ਼ਨ ਦੋਹੀਂ ਜਹਾਨੀਂ।''

ਪ੍ਰੋ. ਹਰਨਾਮ ਸਿੰਘ ਸ਼ਾਨ ਨੇ ਸੁਲਤਾਨ ਬਾਹੂ ਬਾਰੇ ਕਾਫੀ ਖੋਜ ਕੀਤੀ ਹੈ। ਉਨ੍ਹਾਂ ਅਨੁਸਾਰ ਹਜ਼ਰਤ ਸੁਲਤਾਨ ਬਾਹੂ ਇਕ ਕਵੀ ਨਾਲੋਂ ਵਲੀ ਦੇ ਤੌਰ ਤੇ ਵਧੇਰੇ ਪ੍ਰਸਿਧ ਹਨ। ਇਸ ਗੱਲ ਦੀ ਪੁਸ਼ਟੀ ਸਾਨੂੰ ਮੌਲਵੀ ਮੁਹੰਮਦ ਦੀਨ ਵਲੋਂ ਦਿੱਤੀ ਗਈ ਸੁਲਤਾਨ ਬਾਹੂ ਬਾਰੇ ਜਾਣ ਪਛਾਣ ਤੋਂ ਵੀ ਮਿਲ ਜਾਂਦੀ ਹੈ—

''ਇਹ ਬਜ਼ਰਗ ਅਖ਼ੀਰ ਜ਼ਮਾਨੇ, ਹੋਇਆ ਮੇਰਿਆ ਯਾਰਾ।
ਰਾਵੀ ਝਨਾਂ ਜਿਥੇ ਹਨ ਚਲਦੇ, ਰੋਜ਼ਾ ਉਸ ਥਾਂ ਭਾਰਾ।
ਲਾਹੌਰ ਸ਼ਹਿਰ ਵਿਚ ਮੁਰਸ਼ਦ ਉਸ ਦਾ, ਅਜ਼ਮਤ ਜਿਸ ਤੋਂ ਪਾਈ।
ਵਿਚ ਪੰਜਾਬ ਫ਼ਕੀਰੀ ਉਸ ਦੀ, ਘਰ ਘਰ ਸ਼ੁਹਰਤ ਪਾਈ।''

ਸੁਲਤਾਨ ਬਾਹੂ ਦੇ ਚਰਚੇ ਆਮ ਚਲਦੇ ਹਨ। ਉਹ ਬਹੁਤ ਲੋਕ-ਪ੍ਰਿਯ ਹੈ। ਮੌਲਵੀ ਮੁਹੰਮਦ ਦੀਨ ਤਾਂ ਏਥੋਂ ਤਕ ਕਹਿ ਗਿਆ ਹੈ ਕਿ ਜੰਗਲ ਦੇ ਪੰਛੀ ਵੀ ਉਸ ਦਾ ਵਿਰਦ ਕਰਦੇ ਹਨ ਅਤੇ ਹਰ ਮੰਜ਼ਲ ਵਿਚ ਬਾਹੂ ਜੀ ਦੇ ਬੈਂਤਾਂ ਦਾ ਚਰਚਾ ਛਿੜਦਾ ਹੈ—

''ਜੰਗਲ ਦੇ ਪਰਿੰਦੇ ਬਾਹੂ ਬਾਹੂ ਕਰਨ ਵਿਚ ਜ਼ਮਾਨੇ।
ਜਿਸ ਮੰਜ਼ਲ ਵਿਚ ਜਾ ਕਰ ਵੇਖੋ, ਬਾਹੂ ਬੈਂਤ ਨਿਸ਼ਾਨੇ।''

(ਬਾਗ਼ੇ ਓਲਿਆਇ ਹਿੰਦ)

ਆਮ ਜਨਤਾ ਵਿਚ ਬਾਹੂ ਨੂੰ 'ਸਖੀ ਸੁਲਤਾਨ' ਤੇ ਅਧਿਆਤਮਕ ਖੇਤਰਾਂ ਵਿਚ 'ਸੁਲਤਾਨੁਲ ਆਰਿਫ਼ੀਨ' ਆਖਿਆ ਜਾਂਦਾ ਹੈ ਅਤੇ ਪੀਰੀ ਮੀਰੀ ਦਾ ਸਿਲਸਿਲਾ ਅਜੇ ਤਕ ਜਾਰੀ ਹੈ। ਬਾਹੂ ਦਾ ਦਰਬਾਰ ਸ਼ੋਰਕੋਟ ਜ਼ਿਲ੍ਹਾ ਝੰਗ ਵਿਚ ਹੈ ਅਤੇ ਉਸ ਦੀ ਮਾਨਤਾ ਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅੰਦਾਜ਼ਾ ਉਨ੍ਹਾਂ ਦੇ ਇਕ ਕਵੀ—ਚੇਲੇ ਮਤੀਉਲ ਰਹਿਮਾਨ ਦੀ ਸ਼ਰਧਾਂਜਲੀ ਤੋਂ ਹੀ ਲਾਇਆ ਜਾ ਸਕਦਾ ਹੈ —

"ਸ਼ੀਨ ਸ਼ੋਰ ਦਾ ਨਾਮ ਪਿਆਰੜਾ ਏ, ਮੈਨੂੰ ਦਿੱਲੀ ਅਤੇ ਮੁਲਤਾਨ ਕੰਨੋਂ ।
ਮੈਨੂੰ ਖਜੀਆ ਸ਼ੋਰ ਦੀਆਂ ਅਫ਼ਜ਼ਲ ਹਨ, ਸ਼ਾਲਾਮਾਰ ਵਾਲੇ ਗੁਲਿਸਤਾਨ ਕੰਨੋਂ ।
ਮੈਨੂੰ ਪਾਣੀ ਝਨਾਂ ਦਾ ਮਿਠੜਾ ਏ, ਸਲ ਸਬੀਲ ਤੇ ਆਬੇ ਹੈਵਾਨ ਕੰਨੋਂ ।
ਤੇਰੇ ਦਰ ਦਾ ਗਦਾ ਬਣ ਕੇ ਆਇਆ ਮਤੀਹ, ਕਦੋਂ ਖ਼ੈਰ ਪਵੇ ਸੁਲਤਾਨ ਕੰਨੋਂ ।"

(ਮਜਮੂਆ ਅਬਿਆਤੇ ਮਤੀਅ)

ਬਾਹੂ ਜੀ ਸ਼ਾਹ ਜਹਾਨ ਤੇ ਔਰੰਗਜ਼ੇਬ ਦੇ ਸਮਕਾਲੀ ਸਨ । ਸ਼ਾਹ ਜਹਾਨ ਨੇ ਆਪ ਦੇ ਪਿਤਾ ਨੂੰ ਕਹਿਰ ਜਾਨਣ ਜਾਗੀਰ ਵਜੋਂ ਦਿੱਤਾ ਹੋਇਆ ਸੀ । ਜਨਮ 1039 ਹਿ: ਅਥਵਾ 1631 ਈ: ਵਿਚ ਝੰਗ ਜ਼ਿਲੇ ਦੇ ਸ਼ੋਰਕੋਟ ਤਹਿਸੀਲ ਦੇ ਪਿੰਡ ਅਵਾਨ ਵਿਚ ਬਾਜ਼ੀਦ ਮੁਹੰਮਦ ਦੇ ਘਰ ਹੋਇਆ । ਆਪ ਦੀ ਸਾਈਂ ਰੰਗ-ਰੱਤੀ ਮਾਂ ਨੇ ਆਪ ਦੇ ਜੀਵਨ ਉਤੇ ਫ਼ਕੀਰੀ ਜਲੌ ਚੜਾਉਣ ਵਿਚ ਚੋਖਾ ਹਿੱਸਾ ਪਾਇਆ । ਪਿਤਾ ਨੇ ਜ਼ਿਮੀਂਦਾਰੇ ਵਲ ਲਾਉਣਾ ਚਾਹਿਆ । ਮੁਢਲੀ ਵਿਦਿਆ ਘਰ ਵਿਚ ਹੀ ਮਾਂ ਬਾਪ ਤੋਂ ਪਾਈ । ਉੱਚ ਵਿਦਿਆ ਹਬੀਬ ਉੱਲਾ ਕਾਦਰੀ ਅਤੇ ਸਈਅਦ ਅਬਦੁਲ ਰਹਿਮਾਨ ਪਾਸੋਂ ਪਾਈ । ਆਪ ਜ਼ਿਮੀਂਦਾਰਾ ਛੱਡ ਛੜਾ ਕੇ ਮੁਲਤਾਨ ਚਲੇ ਗਏ ਤੇ ਹਜ਼ਰਤ ਬਹਾਉਲ ਹੱਕ ਦੇ ਮਜ਼ਾਰ ਉਤੇ ਜਾ ਕੇ ਚਿੱਲ੍ਹਾ ਕਟਿਆ । ਉਪਰੰਤ ਦਿੱਲੀ ਦੇ ਪੀਰ ਅਬਦੁਲ ਰਹਿਮਾਨ ਦੀ ਸ਼ਰਨ ਲਈ ਅਤੇ ਲੋੜੀਂਦੀ ਸਿੱਖਿਆ ਪ੍ਰਾਪਤ ਕਰਕੇ ਰਾਜ-ਜੋਗੀਆਂ ਵਾਲਾ ਜੀਵਨ ਬਿਤਾਉਣ ਲੱਗ ਪਏ । ਬਾਹੂ ਦੇ ਚਾਰ ਵਿਆਹ ਦਸੇ ਜਾਂਦੇ ਹਨ । ਇਕ ਹਿੰਦੂ ਇਸਤਰੀ ਨਾਲ ਤੇ ਤਿੰਨ ਮੁਸਲਮਾਨ ਇਸਤਰੀਆਂ ਨਾਲ । ਆਪ ਦੇ ਘਰ ਅੱਠ ਪੁਤਰ ਪੈਦਾ ਹੋਏ । ਆਪ ਕਰਾਮਾਤੀ ਫ਼ਕੀਰ ਸਨ । ਕਈ ਕ੍ਰਿਸ਼ਮੇ ਆਪ ਦੇ ਨਾਂ ਨਾਲ ਜੁੜੇ ਪਏ ਹਨ । ਆਪ ਜਲਾਲੀ ਖ਼ਿਆਲਾਂ ਦੇ ਫ਼ਕੀਰ ਸਨ । ਇਸ ਲਈ ਬੜੇ ਠਾਠ-ਬਾਠ ਨਾਲ ਵਿਚਰਦੇ ਸਨ । ਕਹਿੰਦੇ ਹਨ ਕਿ ਔਰੰਗਜ਼ੇਬ ਆਪ ਦੀ ਬੜੀ ਕਦਰ ਕਰਦਾ ਸੀ ਪਰ ਆਪ ਉਸਦੀ ਘਟ ਹੀ ਪਰਵਾਹ ਕਰਦੇ । ਆਪ 63 ਵਰ੍ਹੇ ਦੀ ਆਯੂ ਵਿਚ 1691 ਈ: ਵਿਚ ਸੁਰਗਵਾਸ ਹੋ ਗਏ । ਆਪ ਨੂੰ ਕਹਿਰ ਜਾਨਾ ਵਿਚ ਦਫ਼ਨਾਇਆ ਗਿਆ । ਕਿਹਾ ਜਾਂਦਾ ਹੈ ਕਿ ਆਪ ਦੀ ਕਬਰ ਝਨਾ ਦਰਿਆ ਦੇ ਵਹਿਣ ਵਿਚ ਰੁੜ੍ਹ ਗਈ । ਆਪ ਦੇ ਮੁਰੀਦਾਂ ਨੂੰ ਇਸ ਦਾ ਬਹੁਤ ਦੁੱਖ ਹੋਇਆ ਅਤੇ ਉਹ ਰੋਣ ਕੁਰਲਾਉਣ ਲਗ ਪਏ । ਉਸ ਵੇਲੇ ਇਕ ਆਵਾਜ਼ ਆਈ ਕਿ ਕੱਲ ਉਹ ਸੰਦੂਕ ਮਿਲ ਜਾਏਗਾ ਜੋ ਰੁੜ੍ਹ ਗਿਆ ਹੈ । ਦੂਸਰੇ ਦਿਨ ਇਹ ਸੰਦੂਕ ਰੁੜ੍ਹਦਾ ਆਇਆ ਅਤੇ ਇਕ ਓਪਰੇ ਆਦਮੀ ਨੇ ਇਹ ਲਾਸ਼ ਵਾਲਾ ਸੰਦੂਕ ਉਨ੍ਹਾਂ ਦੇ ਹਵਾਲੇ ਕਰ ਦਿੱਤਾ । ਇਹ ਨੂੰ ਇਕ ਪਿੱਪਲ ਹੇਠ ਦਫ਼ਨਾਉਣ ਲਈ ਕਹਿ ਗਿਆ । ਸਮਝਿਆ ਜਾਂਦਾ ਹੈ ਕਿ ਬਾਹੂ ਦੀ ਰੂਹ ਆਦਮੀ ਦਾ ਰੂਪ ਧਾਰ ਕੇ ਆਪ ਆਈ । ਆਪ ਦਾ ਮਜ਼ਾਰ ਝੰਗ ਤੋਂ ਕੋਈ ਤੀਹ ਚਾਲੀ ਮੀਲ ਪਰ੍ਹੇ ਦਸਿਆ ਜਾਂਦਾ ਹੈ । ਆਪ ਦੀ ਕਬਰ ਦੀ ਪੂਜਾ ਕੀਤੀ ਜਾਂਦੀ ਹੈ । ਬਾਹੂ ਨੇ ਆਪ ਲਿਖਿਆ ਸੀ —

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"ਨਾਮ ਫ਼ਕੀਰ ਤਿਨਾਂ ਦਾ ਬਾਹੂ, ਕਬਰ ਜਿਨ੍ਹਾਂ ਦੀ ਜੀਵੇ ਹੂ ;"

ਬਾਹੂ ਸ਼ੇਖ ਅਬਦੁਲ ਕਾਦਰ ਜੀਲਾਨੀ ਦੇ ਸਿਲਸਿਲੇ ਦੇ ਸਰਵਰੀ ਕਾਦਰੀ ਸਨ। ਉਨ੍ਹਾਂ ਦਾ ਜ਼ਿਕਰ ਕਰਦਿਆਂ ਲਿਖਦੇ ਹਨ—

"ਤਰਕ ਦੁਨੀਆਂ ਥੀਂ ਕੀਜੇ ਬਾਹੂ
ਸ਼ਾਹ ਮੀਰਾਂ ਦੀ ਪੀਰੀ ਹੂ।"

ਆਪ ਇਕ ਮਨੋਹਰ ਤੇ ਪ੍ਰਭਾਵਸ਼ਾਲੀ ਸ਼ਖ਼ਸੀਅਤ ਦੇ ਸੁਆਮੀ ਸਨ। 'ਮਾਂਹਗੇ' ਵਿਚ ਆਪ ਦੇ ਸੁਭਾ ਤੇ ਸਰਾਪਾ ਦਾ ਚਰਬਾ ਉਤਾਰਦਿਆਂ, ਲਿਖਿਆ ਹੈ :

"ਉਹ ਦਾਹੜੀ ਹੈ ਪਰਮ, ਤਵੀਜ਼ਾਂ ਵਾਲੜੀਏ।
ਹੈ ਗੋਲ ਅਜੀਬਾ ਰੂ, ਤਵੀਜ਼ਾਂ ਵਾਲੜੀਏ।
ਦੇਂਦਾ ਐਬ ਮੁਰੀਦਾਂ ਧੋ, ਤਵੀਜ਼ਾਂ ਵਾਲੜੀਏ।
ਜਿਵੇਂ ਨਬੀ ਸਾਹਿਬ ਦੀਖੋ, ਤਵੀਜ਼ਾਂ ਵਾਲੜੀਏ।"

ਆਪ ਇਕ ਪ੍ਰਸਿਧ ਸੂਫ਼ੀ ਕਵੀ ਵੀ ਸਨ। ਆਪ ਦੀ ਬਹੁਤੀ ਰਚਨਾ ਅਰਬੀ ਫ਼ਾਰਸੀ ਵਿਚ ਹੈ ਤੇ ਆਪ ਦੇ ਜੀਵਨੀਕਾਰ, ਸੁਲਤਾਨ ਬਖ਼ਸ਼ ਕਾਦਰੀ, ਆਪ ਨੂੰ 140 ਪੁਸਤਕਾਂ ਦਾ ਲੇਖਕ ਦਸਦੇ ਹਨ। ਆਪ ਦੀਆਂ ਕਾਫ਼ੀ ਕਿਤਾਬਾਂ ਦਾ ਅਨੁਵਾਦ ਉਰਦੂ ਵਿਚ ਹੋ ਚੁਕਾ ਹੈ। 'ਦੀਵਾਨ ਬਾਹੂ' ਤਾਂ ਪੰਜਾਬੀ ਰੂਪ ਵਿਚ ਵੀ ਪ੍ਰਕਾਸ਼ਤ ਹੋ ਚੁਕਾ ਹੈ। ਇਸ ਵਿਚ 50 ਗ਼ਜ਼ਲਾਂ ਹਨ। 20ਵੀਂ ਗ਼ਜ਼ਲ ਦਾ ਸ਼ੁਰੂ ਇਉਂ ਹੈ—

ਅਨੁਵਾਦ— "ਦਿਲਬਰ ਅਗੇ ਜੇ ਮਰ ਜਾਵਾਂ, ਲਾਇਕ ਮੇਰੇ ਤਾਈਂ,
ਬਿਨ ਦਿਲਬਰ ਦੇ ਜਾਨ ਵੰਞਾਣੀ, ਰਾਹ ਮੁਹੱਬਤ ਨਾਹੀ।"

(ਮੌਲਵੀ ਮੁਹੰਮਦ ਸ਼ਾਹ ਨਦੀ)

ਪੰਜਾਬੀ ਵਿਚ ਤਾਂ ਆਪ ਦੇ ਹੁਣ ਤਕ ਕੁਝ ਕੁ ਫੁਟਕਲ ਬੈਂਤ ਹੀ ਮਿਲੇ ਹਨ। ਇਹ ਪਹਿਲੀ ਵਾਰ 'ਮਜਮੂਆ ਅਬਿਆਤੇ ਸੁਲਤਾਨ ਬਾਹੂ' ਦੇ ਸਿਰਨਾਵੇਂ 1951 ਵਿਚ ਲਾਹੌਰੋਂ ਪ੍ਰਕਾਸ਼ਤ ਹੋਏ ਸਨ। ਉਸ ਤੋਂ ਪਹਿਲਾਂ ਇਹ ਕਵਾਲਾਂ ਤੇ ਫ਼ਕੀਰਾਂ ਦੇ ਬੁਲ੍ਹਾਂ ਉਤੇ ਹੀ ਖੇਡਦੇ ਰਹੇ ਸਨ। ਇਹ ਬੈਂਤ ਇਕ ਲੰਮੇਰੀ ਜਹੀ ਸੀਹਰਫ਼ੀ ਦੇ ਰੂਪ ਵਿਚ ਹਨ ਅਤੇ ਫ਼ਾਰਸੀ ਵਰਣ ਮਾਲਾ ਦੇ 30 ਅੱਖਰਾਂ ਦੇ ਨਾਂ ਲੈ ਕੇ ਸ਼ੁਰੂ ਹੁੰਦੇ ਹਨ। ਪਰ ਇਹ ਸੀਹਰ-ਫ਼ੀਆਂ ਸੱਯਦ ਹਾਸ਼ਮ ਸ਼ਾਹ ਤੇ ਮੀਆਂ ਹਦਾਇਤ ਉੱਲਾ ਆਦਿ ਦੀਆਂ ਸੀਹਰਫ਼ੀਆਂ ਦੀ ਇਕ ਇਕ ਅੱਖਰ ਲਈ ਇਕੋ ਇਕ ਬੰਦ ਵਾਲੀ ਆਮ ਪ੍ਰਚਲਤ ਲੀਹ ਤੋਂ ਅਜ਼ਾਦ ਹਨ। ਆਪ ਨੇ ਸੱਯਦ ਅਲੀ ਹੈਦਰ ਵਾਂਗ ਇਕ ਇਕ ਅੱਖਰ ਨਾਲ ਕਈ ਕਈ ਬੈਂਤ ਜੋੜੇ ਹੋਏ ਹਨ। ਇਸ ਸੀਹਰਫ਼ੀ ਦੀ ਇਕ ਖ਼ਾਸ ਵਿਲੱਖਣਤਾ ਇਸ ਦੀ ਸਰੋਦੀ 'ਹੂ' ਹੂਕ ਹੈ। ਕਾਫ਼ੀਆ ਬਦਲਦਾ ਜਾਂਦਾ ਹੈ ਪਰ ਉਸਦੀ ਟੇਕ ਤੇ ਰਦੀਫ਼ ਹੂ ਦੀ ਰਹਿੰਦੀ ਹੈ। ਕਵੀ ਨੇ 'ਹੂ' ਦਾ ਭਾਵ ਇਕ ਤਾਂ ਅੱਲਾ ਹੂ ਲਿਆ ਹੈ ਅਤੇ ਦੂਜਾ ਬਾਹੂ। ਇਉਂ ਬਾਹੂ ਇਸ ਹੂਕ ਨੂੰ ਵਾਰ ਵਾਰ ਦੁਹਰਾਣ ਵਿਚ ਪੁੰਨ ਸਮਝਦਾ ਹੈ। ਇਹ ਬਾਹੂ ਦਾ ਇਕ ਵਿਲੱਖਣ ਸੁਰ ਵੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੈਦਾ ਕਰਦੀ ਹੈ ਜਿਸ ਤੋਂ ਉਸ ਦੀ ਕਵਿਤਾ ਸਹਿਜੇ ਹੀ ਪਛਾਣੀ ਜਾ ਸਕਦੀ ਹੈ। ਇਸ ਤੋਂ ਇਲਾਵਾ ਇਹ ਇਕ ਅਨੂਠਾ ਰਸ ਵੀ ਪੈਦਾ ਕਰਦੀ ਹੈ। ਇਕ ਵਿਸ਼ੇਸ਼ ਸੁਰ ਤਾਲ ਵਿਚ ਪੜ੍ਹਨ ਗਾਉਣ ਨਾਲ ਸੁਹਜ਼ ਸੁਆਦ ਤੇ ਰੂਹਾਨੀ ਰਸ ਵੀ ਪੈਦਾ ਹੁੰਦਾ ਹੈ।

ਆਪ ਦਿਲ ਦੇ ਕਲਮੇ ਪੜ੍ਹਨ ਵਿਚ ਵਿਸ਼ਵਾਸ ਰਖਦੇ ਹਨ —

"ਜੇ ਜ਼ਬਾਨੀ ਕਲਮਾ ਹਰ ਕੋਈ ਪੜ੍ਹਦਾ, ਦਿਲ ਦਾ ਪੜ੍ਹਦਾ ਕੋਈ ਹੂ।
ਜਿੱਥੇ ਕਲਮਾ ਦਿਲ ਦਾ ਪੜ੍ਹੀਏ, ਓਥੇ ਜੀਭੇ ਮਿਲੇ ਨਾ ਢੋਈ ਹੂ।
ਦਿਲ ਦਾ ਕਲਮਾ ਆਸ਼ਿਕ ਪੜ੍ਹਦੇ, ਕੀ ਜਾਣਨ ਯਾਰ ਗਲੋਈ ਹੂ।"

ਆਪ ਧਰਮਾਂ ਕਰਮਾਂ ਤੋਂ ਉੱਪਰ ਉਠਣ ਦੀ ਪ੍ਰੇਰਨਾ ਕਰਦੇ ਹਨ

"ਨਾ ਮੈਂ ਹਿੰਦੂ, ਨਾ ਮੈਂ ਮੋਮਨ, ਨਾ ਮੈਂ ਮੁੱਲਾਂ ਕਾਜ਼ੀ ਹੂ।
ਨਾ ਦਿਲ ਮੰਗੇ ਦੋਜ਼ਕ ਮੇਰਾ, ਨਾ ਸ਼ੌਂਕ ਬਹਿਸ਼ਤੀ ਰਾਜ਼ੀ ਹੂ।
ਨਾ ਮੈਂ ਤੀਹੇ ਰੋਜ਼ੇ ਰਖੇ, ਨਾ ਮੈਂ ਪਾਕ ਨਿਮਾਜ਼ੀ ਹੂ।
ਬਾਝ ਵਿਸਾਲ ਰੱਬ ਦੇ ਬਾਹੂ, ਹੋਰ ਸਭ ਝੂਠੀ ਬਾਜ਼ੀ ਹੂ।"

ਉਹ ਰੱਬ ਦੇ ਮਿਲਾਪ ਤੋਂ ਬਿਨਾ ਸਭ ਕੁਝ ਝੂਠ ਸਮਝਣ ਵਾਲਾ ਹੈ। ਬਾਹੂ ਅੱਲਾ ਹੂ ਨੂੰ ਸਰਵਤਰ ਮੰਨਦਾ ਹੈ—

"ਅਲਫ਼ ਅੰਦਰ ਹੂ ਤੇ ਬਾਹਰ ਹੂ, ਵਤ ਬਾਹੂ ਨੂੰ ਕਿਥੇ ਲਭੇਂਦਾ ਹੂ।
ਦੋਹੀਂ ਜਹਾਨੀਂ ਗੁਲਾਮ ਅਸ ਬਾਹੂ, ਜੇੜ੍ਹਾ ਹੂ ਨੂੰ ਸਹੀ ਕਰੇਂਦਾ ਹੂ।"

ਬਾਹੂ ਦੇ ਆਮ ਖ਼ਿਆਲ ਗੁਰਬਾਣੀ ਨਾਲ ਮੇਲ ਖਾਂਦੇ ਹਨ—

ਸ਼ਾਹ ਰਗ ਤੋਂ ਨਜ਼ਦੀਕ ਸੁਣੀਦਾ, ਬਾਹੂ ਪਾ ਅੰਦਰਲੀ ਝਾਤੀ ਹੂ।
ਦਾਲ ਦਿਲ ਦਰਿਆ ਸਮੁੰਦਰੋਂ ਡੂੰਘੇ, ਕੌਣ ਦਿਲਾਂ ਦੀਆਂ ਜਾਣੇ ਹੂ।
ਵਿਚੇ ਬੇੜੇ, ਵਿਚੇ ਝੇੜੇ, ਵਿਚੇ ਵੰਝ ਮੁਹਾਣੇ ਹੂ।
ਚੌਦਾ ਤਬਕ ਦਿਲੇ ਦੇ ਅੰਦਰ, ਤੰਬੂ ਵਾਂਗਣ ਤਾਣੇ ਹੂ।
ਦਿਲ ਦਾ ਮਹਿਰਮ ਹੋਵੇ ਬਾਹੂ, ਸੋਈਓ ਰੱਬ ਪਛਾਵੇ ਹੂ।"

ਸੱਚ ਹੈ— "ਸਭ ਕੁਛ ਭੀਤਰ ਬਾਹਰ ਕੁਛ ਨਾਹੀਂ।
ਬਾਹਰ ਢੂੰਢੇ ਸੋ ਭੂਲ ਭੁਲਾਹੀਂ।"

ਬਾਹੂ ਮੁਰਸ਼ਦ ਦੀ ਉਪਮਾ ਸੁਨਿਆਰੇ ਨਾਲ ਕਰਦਾ ਹੈ—

"ਮੀਮ ਮੁਰਸ਼ਦ ਵਾਂਗ ਸੁਨਿਆਰੇ ਹੋਵੇ, ਜੇੜ੍ਹਾ ਘੱਤ ਕੁਠਾਲੀ ਗਾਲੇ ਹੂ।
ਪਾ ਕੁਠਾਲੀ ਬਾਹਰ ਕੱਢੇ, ਬੁੰਦੇ ਘੜੇ ਯਾ ਵਾਲੇ ਹੂ।
ਕੰਨੀਂ ਖ਼ੂਬਾਂ ਦੇ ਤਦੋਂ ਸੁਹਾਵਣ, ਜਦੋਂ ਖੱਟੇ ਪਾ ਉਜਾਲੇ ਹੂ।
ਨਾਮ ਫ਼ਕੀਰ ਤਿਨ੍ਹਾਂ ਦਾ ਬਾਹੂ, ਜਿਹੜਾ ਦਮ ਦਮ ਦੋਸਤ ਸਮ੍ਹਾਲੇ ਹੂ।"

ਮੁਰਸ਼ਦ ਐਸਾ ਹੋਵੇ ਜੋ ਦੋਹਾ ਜਹਾਨਾਂ ਵਿਚ ਖੁਸ਼ੀ ਬਖਸ਼ੇ—

"ਮੀਮ ਮੁਰਸ਼ਦ ਓਹ ਸਹੇੜੀਏ, ਜਿਹੜਾ ਦੋ ਜਗ ਖੁਸ਼ੀ ਦਿਖਾਏ ਹੂ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅੱਵਲ ਗਮ ਟੁਕੜੇ ਦਾ ਮੇਟੇ, ਵੱਤ ਰੱਬ ਦਾ ਰਾਹ ਸਮਝਾਏ ਹੂ।
ਇਸ ਕੱਲਰ ਵਾਲੀ ਕੰਧੀ ਨੂੰ, ਚਾ ਚਾਂਦੀ ਖਾਸ ਬਣਾਏ ਹੂ।
ਜੈਂ ਮੁਰਸ਼ਦ ਕੁਝ ਨਾ ਕੀਤਾ ਬਾਹੂ, ਉਹਨੂੰ ਵੈਂਦੀ ਨਦੀ ਰੁੜ੍ਹਾਏ ਹੂ।"

ਚੰਗੇ ਮੁਰਸ਼ਦ ਨੂੰ ਤਾਂ ਬਾਹੂ ਤਕ ਤਕ ਨਹੀਂ ਰੱਜਦਾ। ਉਹ ਲੋਚਦਾ ਹੈ ਕਿ ਉਸਦਾ ਰੋਮ ਰੋਮ ਚਸ਼ਮਾ ਬਣ ਜਾਣ ਤਾਂ ਕਿ ਮੁਰਸ਼ਦ ਦਾ ਦੀਦਾਰ ਅਨੇਕਾਂ ਵਾਰ ਕੀਤਾ ਜਾ ਸਕੇ ਕਿਉਂਕਿ ਮੁਰਸ਼ਦ ਦਾ ਦੀਦਾਰ ਹੀ ਲੱਖ ਕਰੋੜਾਂ ਹੱਜਾਂ ਨਾਲੋਂ ਵੀ ਬਿਹਤਰ ਹੈ—

"ਅਲਫ ਇਹ ਤਨ ਮੇਰਾ ਚਸ਼ਮਾ ਹੋਵੇ, ਮੈਂ ਮੁਰਸ਼ਦ ਵੇਖ ਨਾ ਰੱਜਾਂ ਹੂ।
ਲੂੰ ਲੂੰ ਦੇ ਵਿਚ ਲੱਖ ਲੱਖ ਚਸ਼ਮਾ, ਇਕ ਖੋਹਲਾਂ ਇਕ ਕੱਜਾਂ ਹੂ।
ਮੁਰਸ਼ਦ ਦਾ ਦੀਦਾਰ ਹੈ ਬਾਹੂ, ਮੈਨੂੰ ਲੱਖ ਕਰੋੜਾਂ ਹੱਜਾਂ ਹੂ।"

ਆਪ ਮੁਰਸ਼ਦ ਯਾਰ ਨੂੰ ਹੀ ਚੰਨਾਂ ਦਾ ਚੰਨ ਸਮਝਦਾ ਹੈ—

"ਚੇ ਚੜ੍ਹ ਚੰਨਾ ਤੂੰ ਕਰ ਰੁਸ਼ਨਾਈ, ਤਾਰੇ ਜ਼ਿਕਰ ਕਰੇਂਦੇ ਬਹੂ ਤੇਰਾ ਹੂ।
ਤੇਰੇ ਜਿਹੇ ਚੰਨ ਕਈ ਸੌ ਚੜ੍ਹਦੇ, ਸਾਨੂੰ ਸੱਜਨਾ ਬਾਝ ਹਨੇਰਾ ਹੂ।
ਜਿਥੇ ਚੰਨ ਅਸਾਡਾ ਚੜ੍ਹਦਾ, ਓਥੇ ਕਦਰ ਨਹੀਂ ਕੁਝ ਤੇਰਾ ਹੂ।"

ਆਪ ਅਸਲ ਫ਼ਕੀਰੀ ਦੀ ਵਿਆਖਿਆ ਕਰਦੇ ਲਿਖਦੇ ਹਨ—ਕਿ ਜੀਂਵਦਿਆਂ ਮਰਨ ਸਮਾਨ ਹੋ ਕੇ ਰੂੜੀ ਵਾਂਗ ਰਹਿਣਾ ਹੈ—

"ਜੀਮ ਜੀਂਵਦਿਆਂ ਮਰ ਰਹਿਣਾ ਹੋਵੇ, ਤਾਂ ਵੇਸ ਫ਼ਕੀਰਾਂ ਬਹੀਏ ਹੂ।
ਜੇ ਕੋਈ ਸੁੱਟੇ ਗੁੱਦੜ ਕੂੜਾ, ਵਾਂਗ ਅਰੂੜੀ ਰਹੀਏ ਹੂ।
ਜੇ ਕੋਈ ਕਢੇ ਗਾਲ੍ਹਾਂ ਮਿਹਣਾ, ਉਸ ਨੂੰ ਜੀ ਜੀ ਕਹੀਏ ਹੂ।
ਗਿਲਾ ਉਲਾਹਮਾ ਭੰਡੀ ਖ਼ੁਆਰੀ, ਯਾਰ ਦੇ ਪਾਰੋਂ ਸਹੀਏ ਹੂ।"

ਆਪ ਮਨੁੱਖ ਨੂੰ ਭੈੜੀ ਸੰਗਤ ਤੋਂ ਵਰਜਦੇ ਹਨ—

"ਨੂਨ ਨਾਲ ਕੁਸੰਗੀ ਸੰਗ ਨਾ ਕਰੀਏ, ਕੁਲ ਨੂੰ ਲਾਜ ਨਾ ਲਾਈਏ ਹੂ।
ਤੁੰਮੇ ਤਰਬੂਜ ਮੂਲ ਨਾ ਹੁੰਦੇ, ਤੋੜੇ ਤੋੜ ਮੱਕੇ ਲੈ ਜਾਈਏ ਹੂ।
ਕਾਵਾਂ ਦੇ ਬੱਚੇ ਹੰਸ ਨਾ ਥੀਂਦੇ, ਤੋੜੇ ਮੋਤੀ ਚੋਗ ਚੁਗਾਈਏ ਹੂ।
ਕੌੜੇ ਖੂਹ ਨਾ ਮਿੱਠੇ ਹੁੰਦੇ ਬਾਹੂ, ਤੋੜੇ ਸੈ ਮਨਾਂ ਖੰਡ ਪਾਈਏ ਹੂ।"

ਬਾਹੂ ਨੇ ਅਟਲ ਸਚਾਈਆਂ ਪੇਸ਼ ਕੀਤੀਆਂ ਹਨ। ਆਪ ਨੇ ਉਪਮਾ ਅਲੰਕਾਰ ਤੇ ਅਨੁਪ੍ਰਾਸ ਅਲੰਕਾਰ ਦੀ ਆਮ ਵਰਤੋਂ ਕੀਤੀ ਹੈ ਅਤੇ ਬੜੀ ਸੁੰਦਰ ਵਰਤੋਂ ਕੀਤੀ ਹੈ। ਦ੍ਰਿਸ਼ਟਾਂਤ ਅਲੰਕਾਰ ਵੀ ਵਰਤਿਆ ਹੈ। ਮੁਰਸ਼ਦ ਦਾ ਚਿੱਤਰ ਖਿਚਦਿਆਂ ਸੁਨਿਆਰ ਦਾ ਦ੍ਰਿਸ਼ਟਾਂਤ ਦਿੱਤਾ ਹੈ। ਇਉਂ ਹੀ ਕੁਸੰਗ ਨੂੰ ਪੇਸ਼ ਕਰਨ ਲਈ ਕਈ ਦ੍ਰਿਸ਼ਟਾਂਤ ਦਿੱਤੇ ਹਨ। ਬੂਟੀ ਦਾ ਸੁੰਦਰ ਰੂਪਕ ਅਲੰਕਾਰ ਹੈ।

ਵਿਦਵਾਨਾਂ ਨੇ ਬਾਹੂ ਛੰਦ ਨੂੰ ਝੂਲਣਾ, ਤਾਟੰਕ, ਦਵੱਈਆ, ਆਦਿ ਨਾਂ ਦੇਣ ਦੀ ਕੋਸ਼ਿਸ਼ ਕੀਤੀ ਹੈ, ਕਿਉਂਕਿ, ਇਸ ਵਿਚ ਇਕ ਛੰਦ ਪੂਰਾ ਨਹੀਂ ਨਿਭਦਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰੋ. ਪ੍ਰੀਤਮ ਸਿੰਘ ਦੇ ਸ਼ਬਦਾਂ ਵਿਚ ''ਸੀਹਰਫ਼ੀ ਵਿਚ ਮਾਇਆਵਾਦੀ ਬਿਰਤੀ ਤੇ ਕਪਟੀ ਭੇਖ ਦੇ ਤਿਆਗ ਅਤੇ ਸੁੱਚੇ ਇਲਾਹੀ ਇਸ਼ਕ, ਗੁਰੂ ਸ਼ਰਧਾ, ਤੇ ਨਿਰੰਤਰ ਜਿਗਿਆਸਾ ਦੇ ਗ੍ਰਹਿਣ ਦੀ ਬਲਵਾਨ ਪ੍ਰੇਰਣਾ ਦਿੱਤੀ ਗਈ ਹੈ।''

ਅਤੇ ਅੰਤ ਅਸੀ ਪ੍ਰੋ. ਹਰਨਾਮ ਸਿੰਘ ਸ਼ਾਨ ਦੇ ਸ਼ਬਦਾਂ ਵਿਚ ਸਮੁੱਚਾ ਮੁਲਾਂਕਣ ਇਉਂ ਦੇ ਸਕਦੇ ਹਾਂ—

''ਸਾਦ ਮੁਰਾਦੀ ਬੋਲੀ ਤੇ ਹੂ ਦੀ ਹਿਕ—ਚੀਰਵੀਂ ਹੇਕ ਨੇ ਨਿਮਰਤਾ ਦੇ ਭਾਵ ਨੂੰ ਦਿਲ—ਡੂੰਘਾਈਆਂ ਤਕ ਪਹੁੰਚਾਣ ਦੀ ਕਿੰਨੀ ਸਮਰੱਥਾ ਪੈਦਾ ਕਰ ਦਿੱਤੀ ਹੈ ਤੇ ਇਸ ਡੂੰਘੇ ਪੀਰ ਪਰ ਅਣਗੌਲੇ ਕਵੀ ਦੀ ਲਗਭਗ ਸਾਰੀ ਰਚਨਾ ਦਾ ਰੰਗ, ਰਸ ਤੇ ਰੂਪ ਬਸ ਇਕੋ ਜਿਹਾ ਹੀ ਹੈ।''

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਗਤੀ ਕਾਵਿ ਦੀਆਂ ਵਿਸ਼ੇਸ਼ਤਾਵਾਂ

ਮੱਧ ਕਾਲ ਦੇ ਇਤਿਹਾਸ ਵਿਚ ਭਗਤੀ ਕਾਵਿ ਦੀ ਦੇਣ ਬਹੁਤ ਵਡੇਰੀ ਹੈ।

ਭਗਤੀ ਕਾਵਿ ਨੇ ਸਮਾਜਕ ਨਾ ਬਰਾਬਰੀ ਨੂੰ ਖੰਡਨ ਕਰਕੇ ਸਮਾਜਕ ਬਰਾਬਰੀ ਪੈਦਾ ਕੀਤੀ—

ਅਵਲ ਅੱਲਾ ਨੂਰ ਉਪਾਇਆ ਕੁਦਰਤ ਕੇ ਸਬ ਬੰਦੇ।
ਏਕ ਨੂਰ ਤੇ ਸਬ ਜਗ ਉਪਜਿਆ ਕੌਣ ਭਲੇ ਕੋ ਮੰਦੇ।

(ਕਬੀਰ ਜੀ)

ਭਗਤੀ ਕਾਵਿ ਇਹ ਸਿਖਿਆ ਦੇਂਦਾ ਹੈ ਕਿ ਮਨੁੱਖ ਨੂੰ ਕਥਨੀ ਦਾ ਪੂਰਾ ਤੇ ਕਰਨੀ ਦਾ ਸੂਰਾ ਹੋਣਾ ਚਾਹੀਦਾ ਹੈ। ਇਕ ਸਾਧ ਬਚਨ ਅਟਲਾਧਾ ਹੁੰਦਾ ਹੈ। ਭਗਤੀ ਕਾਵਿ ਇਹ ਪ੍ਰਤੱਖ ਕਰਦਾ ਹੈ।

ਭਗਤੀ ਕਾਵਿ ਨੇ ਇਕ ਈਸ਼ਵਰਵਾਦ ਦਾ ਨਾਹਰਾ ਬੁਲੰਦ ਕੀਤਾ। ਪ੍ਰਭੂ ਘਟ ਘਟ ਵਿਚ ਰਮਿਆ ਹੈ। ਹਿਰਦਿਆਂ ਵਿਚ ਵੀ ਉਹੀ ਰਚਿਆ ਹੈ। ਇਸ ਕਰਕੇ ਕਿਸੇ ਦਾ ਦਿਲ ਨਾ ਦੁਖਾਓ। ਭਗਤੀ ਮਾਰਗ ਪ੍ਰੇਮ ਦਾ ਮਾਰਗ ਹੈ। ਇਸ ਨੇ ਪ੍ਰੇਮ ਹੀ ਪ੍ਰੇਮ ਸਿਖਾਇਆ। ਮਨੁੱਖਤਾ ਨਾਲ ਪ੍ਰੇਮ, ਪ੍ਰਭੂ ਨਾਲ ਪ੍ਰੇਮ। ਨਫ਼ਰਤ ਨੂੰ ਦੂਰ ਕੀਤਾ।

ਭਗਤੀ ਮਾਰਗ ਦੀਆਂ ਜੜ੍ਹਾਂ ਵੇਦਾਂ ਉਪਨਿਸ਼ਦਾਂ ਦੀ ਉਪਾਸ਼ਨਾਵਾਦੀ ਪੂਜਾ ਅਰਚਾ ਵਿਚ ਪਾਈਆਂ ਜਾਂਦੀਆਂ ਹਨ।

ਭਗਤੀ ਮੱਤ ਦਾ ਚੋਖਾ ਪ੍ਰਭਾਵ ਗੁਰਮਤਿ ਕਾਵਿ ਤੇ ਸੂਫ਼ੀ ਕਾਵਿ ਵਿਚ ਮਿਲਦਾ ਹੈ।

ਭਗਤੀ ਕਾਵਿ ਰਾਗ-ਬੱਧ-ਕਾਵਿ ਹੈ। ਬਾਣੀ ਵੀ ਰਾਗਾਂ ਵਿਚ ਹੀ ਲਿਖੀ ਗਈ ਹੈ। ਅਤੇ ਸੂਫ਼ੀ ਕਵਿਤਾ ਵੀ ਰਾਗਾਂ ਵਿਚ ਹੀ ਹੈ।

ਭਗਤੀ ਕਾਵਿ ਨੇ ਹੀ ਕਾਵਿ-ਪਰੰਪਰਾਵਾਂ ਸਥਾਪਿਤ ਕੀਤੀਆਂ ਹਨ ਜਿਨ੍ਹਾਂ ਨੂੰ ਗੁਰਮਤਿ ਕਾਵਿ ਤੇ ਸੂਫ਼ੀ ਕਾਵਿ ਵਿਚ ਅਪਣਾਇਆ ਗਿਆ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਗਤੀ ਕਾਵਿ ਸਲੋਕਾਂ ਤੇ ਪਦਿਆਂ ਵਿਚ ਹੈ। ਪਰ ਬਾਵਨ ਅੱਖਰੀ, ਥਿਤੀ, ਰੁਤੀ ਤੇ ਸਤਵਾਰੇ, ਆਦਿ ਕਾਵਿ ਰੂਪ ਵੀ ਵਰਤੇ ਗਏ ਹਨ। ਗੁਰਬਾਣੀ ਨੇ ਇਨ੍ਹਾਂ ਨੂੰ ਖੁਲ੍ਹੇ ਦਿਲ ਅਪਣਾਇਆ ਹੈ। ਗੁਰੂ ਅਰਜਨ ਦੀ ਬਾਵਨ ਅੱਖਰੀ ਬਾਣੀ ਪ੍ਰਸਿਧ ਹੈ।

ਭਗਤੀ ਕਾਵਿ ਅਧਿਆਤਮਵਾਦੀ, ਦਾਰਸ਼ਨਿਕ ਤੇ ਰਹੱਸਵਾਦੀ ਹੈ। ਇਹੀ ਗੁਣ ਗੁਰਬਾਣੀ ਦਾ ਵੀ ਹੈ।

ਭਗਤੀ-ਕਾਵਿ ਸਰੋਦੀ ਕਾਵਿ ਹੈ। ਇਸੇ ਦਾ ਇਹ ਗੁਣ ਸੂਫ਼ੀ ਕਾਵਿ ਤੇ ਗੁਰਮਤਿ ਕਾਵਿ ਵਿਚ ਵੀ ਆਇਆ ਹੈ।

ਭਗਤੀ-ਕਾਵਿ ਲੋਕ-ਭਾਸ਼ਾ ਨੂੰ ਪ੍ਰਯੋਗ ਕਰਦਾ ਹੈ। ਇਹ ਸੰਤ ਭਾਸ਼ਾ ਜਾਂ ਹਿੰਦਵੀ ਵਿਚ ਲਿਖਿਆ ਗਿਆ ਹੈ। ਇਹ ਭਾਸ਼ਾ ਉਸ ਵੇਲੇ ਸਮੂਹ ਭਾਰਤ ਵਿਚ ਪਾਲੀ ਭਾਸ਼ਾ ਵਾਂਙ ਬੋਲੀ ਜਾਂਦੀ ਸੀ। ਸੰਤ ਜਨ ਇਕੱਠੇ ਹੋ ਕੇ ਇਸੇ ਬੋਲੀ ਵਿਚ ਹੀ ਵਿਚਾਰ ਵਟਾਂਦਰੇ ਅਤੇ ਗੋਸ਼ਟਾਂ ਕਰਿਆ ਕਰਦੇ ਸਨ। ਭਗਤ ਜਿਸ ਪਾਤਰ ਨਾਲ ਜਿਸ ਪ੍ਰਾਂਤ ਵਿਚ ਗੱਲ ਕਰ ਰਹੇ ਹਨ ਉਹੀ ਰਾਗ ਤੇ ਭਾਸ਼ਾ ਦਾ ਪ੍ਰਯੋਗ ਕੀਤਾ ਹੈ। ਇਹੀ ਗੁਣ ਗੁਰੂ ਨਾਨਕ ਦੀ ਬਾਣੀ ਵਿਚ ਹੈ।

ਭਗਤੀ ਕਾਵਿ ਦਾ ਗੁਰੂਆਂ ਦੀ ਬਾਣੀ ਤੇ ਕਾਫ਼ੀ ਪ੍ਰਭਾਵ ਹੈ। ਵਿਸ਼ਿਆਂ ਦੀ ਸਮਾਨਤਾ ਤੋਂ ਇਲਾਵਾ ਸ਼ੈਲੀ ਬੋਲੀ ਦੀ ਸਮਾਨਤਾ ਵੀ ਘਨਿਸ਼ਟ ਹੈ। ਇਥੋਂ ਤਕ ਕਿ ਅਨੇਕਾਂ ਪੰਕਤੀਆਂ ਸਾਂਝੀਆਂ ਹਨ।

ਭਗਤਾਂ ਨੇ ਆਪਣੇ ਆਪ ਨੂੰ ਇਸਤ੍ਰੀ ਦੇ ਪ੍ਰਤੀਕ ਵਿਚ ਰੱਖਕੇ ਗੱਲ ਕੀਤੀ ਹੈ। ਇਹੀ ਅਲੰਕਾਰ ਗੁਰੂ-ਕਵੀਆਂ ਨੇ ਅਪਣਾਇਆ।

ਭਗਤੀ ਕਾਵਿ ਵਿਚ ਸਥਾਨਿਕ ਰੰਗਣ ਪਾਈ ਜਾਂਦੀ ਹੈ। ਵੱਖ ਵੱਖ ਭਗਤਾਂ ਨੇ ਆਪਣੇ ਆਪਣੇ ਸਥਾਨਾਂ ਦਾ ਰੰਗ ਉਲੀਕਿਆ ਹੈ। ਸਥਾਨਿਕ ਸ਼ਬਦਾਵਲੀ ਹੈ। ਰਾਗ ਹੈ, ਅੰਦਾਜ਼ ਹੈ।

ਭਗਤੀ ਦੀਆਂ ਦੋ ਧਾਰਾਵਾਂ ਸਾਹਮਣੇ ਆਉਂਦੀਆਂ ਹਨ। ਸਰਗੁਣ ਧਾਰਾ ਤੇ ਨਿਰਗੁਣ ਧਾਰਾ। ਨਿਰਗੁਣ ਇਕ ਪ੍ਰਭੂ ਦੀ ਇੱਛਾ ਰਹਿਤ ਭਗਤੀ ਹੈ ਅਤੇ ਸਰਗੁਣ ਗੁਰੂ, ਅਵਤਾਰ, ਆਦਿ ਦੀ ਭਗਤੀ ਹੈ। ਆਮ ਕਰਕੇ ਕਿਸੇ ਇੱਛਾ ਨੂੰ ਲੈ ਕੇ ਕੀਤੀ ਗਈ ਹੈ। ਭਾਵੇਂ ਮੁਕਤੀ ਨੂੰ ਹੀ ਲੈ ਕੇ ਕਿਉਂ ਨਾ ਕੀਤੀ ਗਈ ਹੋਵੇ। ਜਿਥੇ ਨਾਮਦੇਵ ਜੀ ਲਿਖਦੇ ਹਨ—

ਰਾਜ ਨ ਚਾਹੂੰ ਮੁਕਤ ਨ ਚਾਹੂੰ
ਚਾਹੂੰ ਚਰਨ ਕਮਲ ਕਮਲਾਰੇ।

ਤਾਂ ਆਪ ਸਰਗੁਣ ਭਗਤੀ ਤੋਂ ਨਿਰਗੁਣ ਭਗਤੀ ਵਲ ਮੁੜਦੇ ਲਗਦੇ ਹਨ। ਕਬੀਰ ਜੀ ਵੀ ਨਿਰਗੁਣ ਧਾਰਾ ਦੇ ਭਗਤ ਹਨ। ਜਦ ਕਿ ਧੰਨਾ ਸਰਗੁਣ ਧਾਰਾ ਦੇ ਭਗਤ ਹਨ। ਪਰੰਤੂ ਸਾਰੇ ਭਗਤ ਅੰਤ ਨਿਰਗੁਣ ਧਾਰਾ ਵਿਚ ਹੀ ਪਹੁੰਚ ਜਾਂਦੇ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਗਤੀ ਸਰਗੁਣ ਧਾਰਾ ਤੋਂ ਸ਼ੁਰੂ ਹੁੰਦੀ ਹੈ ਅਤੇ ਨਿਰਗੁਣ ਧਾਰਾ ਵਿਚ ਚਲੀ ਜਾਂਦੀ ਹੈ।

ਭਗਤੀ ਕਾਵਿ ਵਿਚ ਸ਼ਾਂਤ ਰਸ ਪ੍ਰਧਾਨ ਹੈ। ਸ਼ਿੰਗਾਰ ਰਸ, ਹਾਸਰਸ, ਅਦਭੁਤ ਰਸ ਤੇ ਭਿਆਨਕ ਰਸ ਵੀ ਆਇਆ ਹੈ। ਨਾਮ ਦੇਵ ਦੀ ਬਾਣੀ ਵਿਚ ਸ਼ਿੰਗਾਰ ਤੇ ਅਦਭੁਤ ਰਸ ਹੈ।

1. ਜਿਉਂ ਜਿਉਂ ਨਾਮਾ ਹਰਿ ਗੁਣ ਉਚਰੈ ਭਗਤ ਜਨਾ ਕਉ ਦੇਹੁਰਾ ਫਿਰੈ।
2. ਗਰੁੜ ਚੜੇ ਆਇ ਗੋਪਾਲ

(ਅਦਭੁਤ ਰਸ)

ਭਗਤੀ ਕਾਵਿ ਆਵੇਸ਼ ਦੀ ਕਵਿਤਾ ਹੈ। ਇਹ ਬਾਣੀ ਭਗਤਾਂ ਨੂੰ ਆਪ ਮੁਹਾਰੇ ਫੁਰੀ ਹੈ। ਇਸ ਨੂੰ ਲਿਖਣ ਲਈ ਉਨ੍ਹਾਂ ਨੂੰ ਜਤਨ ਨਹੀਂ ਕਰਨਾ ਪਿਆ। ਭਗਤ ਤਾਂ ਕੇਵਲ ਮਾਧਿਅਮ ਹੀ ਬਣੇ ਹਨ।

ਭਗਤ ਬਾਣੀ ਗੁਰਮਤਿ ਵਾਂਙ ਹੀ ਉਚਪਾਏ ਦੀ ਕਵਿਤਾ ਹੈ। ਇਹ ਹਰੇਕ ਪੱਖੋਂ ਅਦੁੱਤੀ ਹੈ।

ਇਹ ਕਵਿਤਾ ਕਲਿਆਣਕਾਰੀ ਹੈ। ਮਨੁੱਖਤਾ ਦੇ ਕਲਿਆਣ ਲਈ ਭਗਤਾਂ ਨੇ ਰਚੀ ਹੈ। ਇਹ ਮਾਨਵ ਦਾ ਕਲਿਆਣ ਕਰਦੀ ਹੈ। ਜੋ ਇਸ ਦਾ ਆਸਰਾ ਲੈਂਦਾ ਹੈ ਉਹ ਪਾਰ ਉਤਰਦਾ ਹੈ। ਇਸ ਬਾਣੀ ਨੂੰ ਗੁਰੂ-ਬਾਣੀ ਦੇ ਸਮਾਨ ਦਰਜਾ ਪ੍ਰਾਪਤ ਹੋਇਆ ਹੈ ਤਾਂ ਹੀ ਇਹ ਆਦਿ ਗ੍ਰੰਥ ਵਿਚ ਪ੍ਰਵਾਣ ਚੜ੍ਹੀ ਹੈ।

ਇਹ ਕਾਵਿ ਮਾਨਵਵਾਦੀ ਹੈ। ਮਨੁੱਖ ਵਿਚੋਂ ਮਨੁੱਖ, ਅਸਲ, ਨਸਲ, ਜਾਤ, ਪਾਤ, ਪ੍ਰਾਂਤ, ਰੰਗ, ਆਦਿ ਦਾ ਭੇਦ ਮਿਟਾ ਕੇ ਮਨੁੱਖ ਨੂੰ ਮਨੁੱਖ ਨਾਲ ਮੇਲਦੀ ਹੈ। ਇਹੀ ਪ੍ਰਕਾਰਜ ਗੁਰਬਾਣੀ ਸਾਰਦੀ ਹੈ।

ਗੁਰਬਾਣੀ ਵਾਂਙ ਹੀ ਇਹ ਕਾਵਿ ਦੀ ਪ੍ਰਭੂ ਪ੍ਰੇਮ, ਮਾਨਵ ਪ੍ਰੇਮ ਵਿਚ ਵਿਲੀਣ ਹੋਏ ਵਰਣ, ਆਸ਼ਰਮ, ਜਾਤ, ਪਾਤ, ਧਰਮਾਂ ਵਿਚੋਂ ਨਿਖਰੇ ਰੂਹ ਦੀ ਉਚਤਮ ਅਵਸਥਾ ਵਿਚ ਟਿਕੇ ਉਨ੍ਹਾਂ ਮਹਾਨ ਪੁਰਸ਼ਾਂ ਦੀ ਕਵਿਤਾ ਹੈ ਜਿਨ੍ਹਾਂ ਦਾ ਜੀਵਨ ਸਾਹਿਤ ਨਾਲ ਮਿਲ ਕੇ ਇਕਸੁਰ ਹੋ ਚੁੱਕਾ ਸੀ।

ਇਹ ਕਵਿਤਾ ਵੀ ਗੁਰਬਾਣੀ ਵਾਂਙ ਹੀ ਰਾਗਾਂ, ਰਸਾਂ, ਤਾਲਾਂ ਤੇ ਸਾਜਾਂ ਦੇ ਸੁਮੇਲ ਨਾਲ ਗਾਈ ਜਾਣ ਵਾਲੀ ਸਰੋਦੀ ਕਵਿਤਾ ਹੈ। ਇਹ ਕਵਿਤਾ ਵੀ ਵਿਸਮਾਦ ਤੇ ਅਦਭੁਤ ਵਿਚ ਲਿਜਾ ਕੇ ਵਜਦ ਦੀ ਅਵਸਥਾ ਪੈਦਾ ਕਰਦੀ ਹੈ।

ਇਸ ਵਿਚ ਵੀ ਰਾਗਾਂ ਨੂੰ ਰੁੱਤਾਂ, ਸਮਿਆਂ, ਮਨੁੱਖੀ ਭਾਵਾਂ ਅਨੁਕੂਲ ਵਰਤਿਆ ਗਿਆ ਹੈ। ਇਹ ਕਵਿਤਾ ਸੁਹਜ ਸੁਆਦ ਵੀ ਪੈਦਾ ਕਰਦੀ ਹੈ। ਅਨੰਦ ਤੇ ਹੁਲਾਸ ਵੀ ਸਿਰਜਦੀ ਹੈ। ਰਾਗਾਂ ਤੇ ਕਵਿਤਾ ਨੂੰ ਇਕ ਮਿਕ ਕਰ ਦਿਤਾ ਗਿਆ ਹੈ।

ਭਗਤੀ ਕਾਵਿ ਦੇ ਸਿਰਲੇਖ ਜਿਹਾ ਕਿ ਆਰਤੀ, ਬਾਵਣ ਅੱਖਰੀ, ਅੰਜਲੀਆਂ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਏ, ਆਦਿ ਦੇ ਸਿਰਲੇਖ ਲੋਕ ਗੀਤਾਂ ਤੇ ਹੀ ਆਧਾਰਿਤ ਹਨ। ਇਥੋਂ ਸਿਧ ਹੁੰਦਾ ਹੈ ਕਿ ਸਾਹਿਤ ਦਾ ਇਤਿਹਾਸ ਸਦਾ ਲੋਕ ਸਾਹਿਤ ਦੇ ਆਧਾਰ ਤੇ ਹੀ ਉਸਰਦਾ ਚਲਾ ਜਾਂਦਾ ਹੈ। ਲੋਕ ਸਾਹਿਤ ਸਾਹਿਤ ਦੇ ਇਤਿਹਾਸ ਦੀਆਂ ਮਮਟੀਆਂ ਦੀਆਂ ਨੀਹਾਂ ਬਣਦਾ ਹੈ।

ਭਗਤੀ ਕਾਵਿ ਦੀ ਬਿੰਬਾਵਲੀ ਬੜੀ ਅਮੀਰ ਤੇ ਉਚਪਾਏ ਦੀ ਹੈ। ਸ਼ਬਦ ਬਿੰਬਾਵਲੀ ਨੂੰ ਪੈਦਾ ਕਰਦਾ ਹੈ। ਨਾਦ-ਸ਼ਬਦ ਹੀ ਬਿੰਬਾਵਲੀ ਦਾ ਸਰੋਤ ਹੈ।

1. ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੂੰਦ ਕਾ ਗਾਰਾ।
ਹਾਡ ਮਾਸ ਨਾਰੀ ਕੋ ਪਿੰਜਰ ਪੰਛੀ ਬਸੈ ਬਿਚਾਰਾ।
ਪ੍ਰਾਨੀ ਕਿਆ ਮੇਰਾ ਕਿਆ ਤੇਰਾ ! ਜੈਸੇ ਪੰਛੀ ਸਰਵਰ ਪੰਖਿ ਬਸੇਰਾ।
(ਰਵਿਦਾਸ)

2. ਅਣਮੜਿਆ ਮੰਦਲੁ ਬਾਜੈ। ਬਿਨੁ ਸਾਵਣ ਘਨਹਰੁ ਗਾਜੈ।
ਬਾਦਲ ਬਿਨ ਬਰਖਾ ਹੋਈ। (ਨਾਮਦੇਵ)

ਸੁੰਦਰ ਬਿੰਬਾਵਲੀ ਹੈ। ਨਾਦ-ਬਿੰਬ ਹੈ। ਅਨੁਪਰਾਸ ਅਲੰਕਾਰ ਹੈ। ਰੂਪਕ ਅਲੰਕਾਰ ਵੀ ਹੈ ਦੁਹਾਂ ਉਦਾਹਰਣਾਂ ਵਿਚ।

ਭਗਤੀ ਕਾਵਿ ਰੂਪ ਵਿਚ ਵੀ ਗੁਰਬਾਣੀ ਵਾਂਙ ਸਮਕਾਲੀਨ ਇਤਿਹਾਸ, ਮਿਥਿਹਾਸ, ਪੂਰਵਕਾਲ, ਆਦਿ ਨੂੰ ਹਵਾਲਿਆ ਤੇ ਹੰਘਾਲਿਆ ਗਿਆ ਹੈ। ਇਨ੍ਹਾਂ ਦਾ ਖੰਡਣ ਮੰਡਣ ਹੈ। ਸੋਧ ਰੌਸ਼ਨ ਹੈ। ਇਸ ਕਾਵਿ ਵਿਚ ਸੰਸਕ੍ਰਿਤ, ਪ੍ਰਾਕ੍ਰਿਤ ਤੇ ਅਪਭ੍ਰੰਸ਼ ਆਦਿ ਭਾਸ਼ਾਵਾਂ ਦਾ ਪ੍ਰਭਾਵ ਵੇਖਿਆ ਜਾ ਸਕਦਾ ਹੈ। ਜੈਦੇਵ ਦੀ ਬਾਣੀ ਵਿਚ ਸੰਸਕ੍ਰਿਤ ਦਾ ਘਣਾ ਪ੍ਰਭਾਵ ਹੈ। ਕਿਉਂਕਿ ਉਹ ਸੰਸਕ੍ਰਿਤ ਦਾ ਕਵੀ ਹੈ। ਇਸ ਪੱਖੋਂ ਇਹ ਕਾਵਿ ਮਧ ਕਾਲੀ ਭਾਰਤ ਦੀਆਂ ਭਾਸ਼ਾਵਾਂ ਤੇ ਉਪ ਭਾਸ਼ਾਵਾਂ ਦੀ ਖੋਜ ਲਈ ਅਮੁਲੀ ਸੰਭਾਵਨਾ ਪੈਦਾ ਕਰ ਸਕਦਾ ਹੈ।

ਗੁਰਬਾਣੀ ਵਾਂਙ ਹੀ ਭਗਤੀ ਕਾਵਿ ਦੀ ਸ਼ੈਲੀ ਵੀ ਬੜੀ ਜ਼ੋਰਦਾਰ ਹੈ। ਸ਼ਬਦਾਵਲੀ ਸੰਜੋਗਾਤਮਕ ਹੈ। ਗਾਗਰ ਵਿਚ ਸਾਗਰ ਭਰਿਆ ਪਿਆ ਹੈ। ਫਿਰ ਸਾਗਰ ਵੀ ਅੰਮ੍ਰਿਤ ਦਾ ਜਿਸ ਦੇ ਪੀਣ ਨਾਲ ਮਾਨਵ ਕਲਿਆਣ ਨੂੰ ਪ੍ਰਾਪਤ ਹੁੰਦਾ ਹੈ। ਆਓ ਪੀਵੀਏ ਅਤੇ ਕਲਿਆਣ ਪਾਈਏ। ਮੁਕਤੀ ਪਾਈਏ। ਪਾਪਾਂ ਤੋਂ, ਆਵਾਗਵਣ ਤੋਂ।

ਭਗਤੀ ਕਾਵਿ ਦੀ ਸਤਿਅੰ, ਸ਼ਿਵੰ, ਸੁੰਦਰੰ ਦਾ ਧਾਰਨੀ ਹੈ। ਅਤੇ ਓਜ, ਮਧੁਰ ਤੇ ਪ੍ਰਸਾਦ ਅਰਥਾਤ ਤਿੰਨ ਗੁਣ ਯੁਕਤ ਹੈ।

ਭਗਤੀ ਕਾਵਿ ਅਣਿਆ ਜ਼ਬਰ ਜ਼ੁਲਮ ਸਮਾਜਕ ਨਾ ਬਰਾਬਰੀ ਦੇ ਵਿਰੁੱਧ ਸਖਤ ਵੰਗਾਰ ਪੈਦਾ ਕਰਦਾ ਹੈ—

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

1. ਜੇ ਤੁਤੇ ਬ੍ਰਾਹਮਣ ਬ੍ਰਾਹਮਣੀ ਜਾਇਆ ਆਵ ਬਾਟ ਕਾਹੇਂ ਨਹੀਂ ਆਇਆ।
(ਕਬੀਰ)

2. ਨ ਤਸਵੀਸ ਖਿਰਾਜ ਨ ਮਾਲ। (ਰਵਿਦਾਸ)

ਇਹ ਪੰਕਤੀ ਮੁਗਲ ਰਾਜ ਦੇ ਹਿੰਦੂਆਂ ਤੇ ਗਊਆਂ ਉਤੇ ਟੈਕਸ ਲਗਾਣ ਦੇ ਵਿਰੁੱਧ ਵੰਗਾਰ ਹੈ।

3. ਹੀਣੜੀ ਜਾਤ ਮੇਰੀ ਜਾਦਮ ਗਇਆ
ਛੀਂਬੇ ਕੇ ਜਨਮ ਮੋਹਿ ਕਾਹਿੰ ਕਉ ਆਇਆ (ਨਾਮਦੇਵ)

ਏਥੇ ਜਾਤ ਪਾਤ ਵਿਰੁੱਧ ਆਵਾਜ਼ ਉਠਾਈ ਗਈ ਹੈ।

ਅਸਲ ਵਿਚ ਇਹ ਭਗਤ ਕਵੀ ਐਸੀਆਂ ਵੰਗਾਰਾਂ ਹਿਤ ਹੀ ਪੈਦਾ ਹੋਏ ਹਨ। ਇਨ੍ਹਾਂ ਦੇ ਜੀਵਨ ਹੀ ਅੱਜ ਦੀ ਬੇਈਮਾਨ, ਵਢੀਖੋਰ ਜੰਤਾ ਤੇ ਅਫ਼ਸਰਾਂ ਦੇ ਵਿਰੁੱਧ ਵੰਗਾਰ ਹਨ। ਇਹ ਮਹਾਂ ਤਿਆਗ ਦੀ ਸਾਕਾਰ ਮੂਰਤੀ ਹਨ। ਇਨ੍ਹਾਂ ਪ੍ਰਤੱਖ ਕਰ ਵਿਖਾਇਆ ਹੈ ਕਿ ਅਸਲ ਸੁਖ ਤਿਆਗ ਵਿਚ ਹੀ ਹੈ। ਤਿਆਗ ਵਿਚ ਬਰਕਤ ਹੈ। ਸਹਜ ਹੈ। ਆਨੰਦ ਹੈ। ਇਨ੍ਹਾਂ ਭਗਤਾਂ ਦੇ ਜੀਵਨ ਪੜ੍ਹ ਵੇਖੋ ਅੱਖਾਂ ਖੁਲ੍ਹਦੀਆਂ ਹਨ। ਮਨ ਹਲੂਣਿਆ ਜਾਂਦਾ ਹੈ। ਗਿਆਨ ਹੁੰਦਾ ਹੈ ਕਿ ਅਸਲ ਮਨੋਰਥ ਜੀਵਨ ਦਾ ਕੀ ਹੈ ਅਤੇ ਅਸੀਂ ਕੀ ਸਮਝੀ ਬੈਠੇ ਹਾਂ।

1. ਹਰਿ ਕੇ ਨਾਮ ਬਿਨੁ ਝੂਠੇ ਸਗਲ ਪਸਾਰੇ।
2. ਰਾਖਹੁ ਕੰਧ ਉਸਾਰਹੁ ਨੀਵਾਂ। ਸਾਢੇ ਤੀਨਿ ਹਾਥ ਤੇਰੀ ਸੀਵਾਂ।
(ਰਵਿਦਾਸ)

ਸੂਫ਼ੀ ਕਾਵਿ ਵਾਂਙ ਹੀ ਇਸ ਭਗਤ ਬਾਣੀ ਵਿਚ ਵੀ ਭਗਤਾਂ ਨੇ ਆਪਣੇ ਸਵੈ ਜੀਵਨੀ-ਅੰਸ਼ ਨੂੰ ਲੈ ਆਂਦਾ ਹੈ। ਅਸਲ ਵਿਚ ਉਨ੍ਹਾਂ ਵਿਚ ਕੋਈ ਲਹਾਈ ਚੜ੍ਹਾਈ ਦਾ ਅੰਸ਼ ਨਹੀਂ ਬਚਿਆ ਉਹ ਤਾਂ ਕੇਵਲ ਪ੍ਰਭੂ ਰੂਪ ਹੀ ਹੋ ਗਏ ਹਨ—

ਕਬੀਰਾ ਮਨ ਨਿਰਮਲ ਭਇਓ।

ਦੂਜੀ ਗੱਲ ਇਹ ਹੈ ਕਿ ਉਨ੍ਹਾਂ ਭਗਤਾਂ ਨੇ ਆਪਣੇ ਜੀਵਨ ਵਿਚੋਂ ਘਟਨਾਵਾਂ ਲੈ ਕੇ ਲੋਕਾਂ ਨੂੰ ਸਿਖਿਆ ਦੇਣ ਦਾ ਜਤਨ ਕੀਤਾ ਹੈ।

1. ਮੇਰੀ ਜਾਤ ਕੁਟ ਬਾਂਢਲਾ ਢੋਰ ਢੋਵੰਤਾਂ ਨਿਤਹਿ ਬਨਾਰਸੀ ਆਸ ਪਾਸ।
2. ਕਹਿ ਰਵਿਦਾਸ ਚਮਾਰਾ।
3. ਛੀਂਬੇ ਕੇ ਜਨਮ ਮੋਹਿ ਕਾਹਿੰ ਕੋ ਆਇਆ।
ਹੀਨੜੀ ਜਾਤ ਮੇਰੀ ਜਾਦਮ ਗਇਆ।
4. ਨਾਮਾ ਸੁਲਤਾਨੇ ਬਾਧਿਲਾ। ਦੇਖਉ ਤੇਰਾ ਹਰਿ ਬੀਠੁਲਾ।
ਬਿਸਮਿਲ ਗਊ ਦੇਹੁ ਜੀਵਾਇ। ਨਾਤੁਰ ਗਰਦਨਿ ਮਾਰਉ ਠਾਇ। ਨਾਮਦੇਵ

ਭਗਤ ਬਾਣੀ ਵੀ ਗੁਰਬਾਣੀ ਵਾਂਙ ਹੀ ਵਧੇਰੇ ਕਰਕੇ ਆਪਣੇ ਮਨ ਨੂੰ ਹੀ ਸੰਬੋਧਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੀਤੀ ਗਈ ਹੈ। ਦੂਜਿਆਂ ਨੂੰ ਮਤ ਦੇਣ ਨਾਲੋਂ ਆਪਣੇ ਮਨ ਨੂੰ ਮਤ ਦੇਣੀ ਬਿਹਤਰ ਹੁੰਦੀ ਹੈ। ਆਓ ਇਸ ਤੋਂ ਬੇਪਨਾਹ ਪ੍ਰੇਰਣਾ ਲੈਂਦੇ ਹੋਏ ਅਸੀਂ ਵੀ ਆਪਣੇ ਮਨ ਨੂੰ ਸਮਝਾਈਏ ਤੇ ਸਿਧੇ ਰਾਹੇ ਲਾਈਏ।

ਇਸ ਭਗਤੀ ਕਾਵਿ ਨੇ ਬਹੁਤ ਸਾਰੀਆਂ ਕਾਵਿ-ਪਰੰਪਰਾਵਾਂ ਨੂੰ ਜਨਮ ਵੀ ਦਿਤਾ ਅਤੇ ਅੱਗੇ ਵੀ ਤੋਰਿਆ। ਇਸ ਬਾਣੀ ਨੇ ਲੋਕ ਗੀਤਾਂ ਦੇ ਛੰਦਾਂ, ਸਿਰਲੇਖਾਂ ਤੇ ਕਾਵਿ-ਰੂਪਾਂ ਨੂੰ ਅਪਣਾਇਆ ਜਿਨ੍ਹਾਂ ਨੂੰ ਅੱਗੇਂ ਗੁਰਬਾਣੀ ਨੇ ਵੀ ਪ੍ਰਵਾਣ ਕੀਤਾ।

ਇਸ ਭਗਤੀ ਕਾਵਿ ਨੇ ਹਾਸ ਰਸ ਦੀ ਧਾਰਾ ਨੂੰ ਜੋ ਲੋਕ-ਗੀਤਾਂ ਵਿਚੋਂ ਤੇ ਫਿਰ ਨਾਥ ਜੋਗੀਆਂ ਵਿਚੋਂ ਚਲਦੀ ਆਈ ਹੈ, ਉਸ ਨੂੰ ਵੀ ਅੱਗੇ ਤੋਰਿਆ। ਇਨ੍ਹਾਂ ਭਗਤਾਂ ਨੇ ਆਪਣੀਆਂ ਗੱਲਾਂ, ਉਪਦੇਸ਼ ਤੇ ਜੀਵਨ-ਘਟਨਾਵਾਂ ਨੂੰ ਹਾਸ ਰਸੀ ਬਣਾ ਕੇ ਪੇਸ਼ ਕੀਤਾ ਹੈ। ਕਬੀਰ, ਨਾਮਦੇਵ, ਸੁਥਰਾ, ਜਲ੍ਹਣ, ਆਦਿ ਭਗਤ ਵਿਸ਼ੇਸ਼ ਕਰਕੇ ਹਾਸ ਰਸੀ ਧਾਰਾ ਦੇ ਕਵੀ ਹਨ।

1. ਧੀਆਂ ਧਾੜ ਤੇ ਪੁਤਰ ਫਾਹ, ਰੰਨ ਦੁੱਖਾਂ ਦਾ ਖੂਹ।
   ਇਸ ਘਾਣੀ ਵਿਚੋਂ ਸੁਥਰਿਆ ਕੋਈ ਹਰਜਨ ਕਢੇ ਧੂਹ।
2. ਜਲ੍ਹਣਾ ਸਭ ਜਗ ਚਲਣਾ, ਤੂੰ ਦਿਲ ਸਾਈਂ ਨਾਲ ਬੰਨ੍ਹ।
   ਤਿਤ ਵੇਲੇ ਕੁਝ ਨ ਸੁੱਝਸੀ ਜਦ ਕਾਲ ਪਕੜਸੀ ਕੰਨ।

ਭਗਤੀ ਕਾਵਿ, ਸੂਫ਼ੀ ਕਾਵਿ ਅਤੇ ਗੁਰਮਤਿ ਕਾਵਿ ਅਧਿਆਤਮਕ ਕਾਵਿ ਦੀਆਂ ਹੀ ਵਿਭਿੰਨ ਪ੍ਰਵਿਰਤੀਆਂ ਹਨ। ਇਹ ਤਿੰਨੋਂ ਹੀ ਰੂਹਾਨੀ ਕਾਵਿ ਹਨ। ਇਹ ਤਿੰਨੋ ਹੀ ਬਾਣੀਆਂ ਜੋ ਆਦਿ ਗ੍ਰੰਥ ਵਿਚ ਅੰਕਿਤ ਹਨ ਪ੍ਰਭੂ ਦੀ ਆਪਣੀ ਆਵਾਜ਼ ਹਨ। ਕਿਉਂਕਿ ਇਹ ਬਾਣੀਆਂ ਆਵੇਸ਼ ਹੋਈਆਂ ਹਨ। ਜਾਂ ਪ੍ਰਭੂ ਜੀ ਨੇ ਆਪ ਆ ਕੇ ਲਿਖੀਆਂ ਹਨ ਜਿਵੇਂ ਭਗਤ ਜੈਦੇਵ ਜੀ ਦਾ ਇਕ ਸ਼ਬਦ ਆਪ ਆ ਕੇ ਪੂਰਾ ਕੀਤਾ। ਭਗਤ ਪੜ੍ਹਕੇ ਹੈਰਾਨ ਰਹਿ ਗਏ ਅਤੇ ਵਜਦ ਵਿਚ ਆ ਗਏ। ਇਸ ਦੀ ਪੁਸ਼ਟੀ ਭਾਈ ਗੁਰਦਾਸ ਜੀ ਨੇ ਵੀ ਕੀਤੀ ਹੈ ਪੜ੍ਹੋ ਵਾਰ 10 ਪਉੜੀ 10—

"ਅੱਖਰ ਇਕ ਨ ਆਵੜੇ ਪੁਸਤਕ ਬੰਨ੍ਹ ਸੰਧਿਆ ਕਰ ਆਵੈ।
ਗੁਣ ਨਿਧਾਨ ਘਰ ਆਇਕੈ ਭਗਤ ਰੂਪ ਲਿਖ ਲੇਖ ਬਣਾਵੈ।
ਅੱਖਰ ਪੜ੍ਹ ਪਰਤੀਤ ਕਰ ਹੋਇ ਵਿਸਮਾਦ ਨ ਅੰਗ ਸਮਾਵੈ।
ਵੇਖੈ ਜਾਇ ਉਜਾੜ ਵਿਚ ਬਿਰਖ ਇਕ ਆਚਰਜ ਸੁਹਾਵੈ।
ਗੀਤ ਗੋਬਿੰਦ ਸਪੂਰਣੋ ਪਤ ਪਤ ਲਿਖਿਆ ਅੰਤ ਨ ਪਾਵੈ।
ਭਗਤ ਹੇਤੁ ਪਰਗਾਸ ਕਰ ਹੋਇ ਦਇਆਲ ਮਿਲੈ ਗਲ ਲਾਵੈ।
ਸੰਤ ਅਨੰਤ ਨ ਭੇਦ ਗਣਾਵੈ।"

ਭਗਤ ਬਾਣੀ ਅਤੇ ਗੁਰਬਾਣੀ ਵਿਚ ਕਾਫੀ ਸਾਂਝ ਹੈ। ਗੁਰੂ ਨਾਨਕ ਤੇ ਕਬੀਰ ਦੀ ਬਾਣੀ ਵਿਚ ਬਹੁਤ ਵਧੇਰੇ ਸਾਂਝ ਹੈ ਜਿਵੇਂ --

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਾਤ ਮਹਿ ਜੋਤਿ ਜੋਤਿ ਮਹਿ ਜਾਤਾ ਅਕਲ ਕਲਾ ਭਰਪੂਰ ਰਹਿਆ

(ਨਾਨਕ)

ਜੋਤਿ ਕੀ ਜਾਤਿ, ਜਾਤਿ ਕੀ ਜੋਤੀ (ਕਬੀਰ)

ਬੇਣੀ ਜੀ ਦੇ ਪਹਿਰਿਆ ਦਾ ਸ਼ਬਦ ਅਤੇ ਗੁਰੂ ਨਾਨਕ ਦੇ ਪਹਿਰਿਆ ਦੇ ਸ਼ਬਦਾਂ ਵਿਚ ਸਾਂਝ ਤਕੋ —

ਦੁਹਾਂ ਦੀ ਬਾਣੀ ਦੀ ਚਾਲ ਇਕ ਸਮਾਨ ਹੈ ਇਹ ਵਿਚਾਰ ਪ੍ਰੋ. ਸਾਹਿਬ ਸਿੰਘ ਦਾ ਵੀ ਹੈ ।

ਦੁਹਾਂ ਦੀ ਸ਼ਬਦਾਵਲੀ ਵੀ ਸਾਂਝੀ ਹੈ—

ਗੁਰੂ ਨਾਨਕ	ਭਗਤ ਬੇਣੀ
ਗਰਭਾਸਿ	ਗਰਬ ਕੁੰਡਲ
ਉਰਧ ਤਪੁ	ਉਰਧ ਧਿਆਨ

ਅਤੇ 'ਉਰਧ ਧਿਆਨ ਲਿਵ ਲਾਗਾ'। ਇਹ ਤੁਕ ਦੁਹਾਂ ਵਿਚ ਹੀ ਹੂ ਬਹੂ ਮਿਲਦੀ ਹੈ ।

ਜੋ ਬ੍ਰਹਮੰਡੇ ਸੋਈ ਪਿੰਡੇ, ਜੋ ਖੋਜੈ ਸੋ ਪਾਵੈ ।
ਪੀਪਾ ਪ੍ਰਣਵੈ ਪਰਮ ਤਤ ਹੈ, ਸਤਿਗੁਰੂ ਹੋਇ ਲਖਾਵੈ । (ਪੀਪਾ ਜੀ)
ਕਾਇਆ ਅੰਦਰਿ ਸਭੁ ਕਿਛੁ ਵਸੈ ।
ਖੰਡ ਮੰਡਲ ਪਾਤਾਲਾ । (ਗੁਰੂ ਅਮਰਦਾਸ)

ਇਸੇ ਤਰ੍ਹਾਂ ਗੂਜਰੀ ਸ੍ਰੀ ਜੈਦੇਵ ਜੀਉ ਕਾ ਪਦਾ ਘਰੁ ਚੌਥਾ ਅਤੇ ਗੂਜਰੀ ਮਹੱਲਾ ਪਹਿਲਾ ਘਰੁ ਚੌਥਾ ਵਿਚ ਨਾ ਕੇਵਲ ਰਾਗ ਗੁੱਜਰੀ ਤੇ ਘਰ ਚੌਥਾ ਦੀ ਹੀ ਸਾਂਝ ਹੈ ਸਗੋਂ ਸਾਬਦਿਕ ਅਤੇ ਵਿਚਾਰਧਾਰਿਕ ਸਾਂਝ ਵੀ ਸਪਸ਼ਟ ਹੈ : ਇਨ੍ਹਾਂ ਦੁਹਾਂ ਸ਼ਬਦਾਂ ਵਿਚ ਡਾ. ਸਾਹਿਬ ਸਿੰਘ ਟੀਕਾਕਾਰ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ ਪੰਨਾ 180 ਪੋਥੀ ਚੌਥੀ ਵਿਚ ਹੇਠ ਦਿਤੇ ਸਾਂਝ ਦੇ ਸਿੱਟੇ ਕੱਢੇ ਹਨ ।

1. ਦੋਵੇਂ ਸ਼ਬਦ ਘਰੁ ਚੌਥਾ ਵਿਚ ਹਨ ।
2. ਸੁਰ ਨਾਲ ਦੋਹਾਂ ਨੂੰ ਪੜ੍ਹ ਵੇਖੋ, ਛੰਦ ਦੀ ਚਾਲ ਇਕੋ ਜਿਹੀ ਹੈ ।
3. ਦੋਹਾਂ ਦੀ ਬੋਲੀ ਵੀ ਤਕਰੀਬਨ ਇਕੋ ਜਿਹੀ ਹੈ ।
4. ਕਈ ਲਫ਼ਜ਼ ਦੋਹਾਂ ਸ਼ਬਦਾਂ ਵਿਚ ਸਾਂਝੇ ਹਨ ।

ਇਸੇ ਤਰ੍ਹਾ ਰਾਗ ਮਾਰੂ ਬਾਣੀ ਜੈਦੇਉ ਜੀਉ ਕੀ ਅਤੇ ਸ਼ਬਦ ਮਾਰੂ ਮਹਲਾ ਪਹਿਲਾ ਵਿਚ ਪਹਿਲੇ ਉਪਰੋਕਤ ਸ਼ਬਦਾਂ ਨਾਲੋਂ ਵੀ ਵਧੇਰੇ ਸਾਂਝ ਹੈ । ਦੋਵੇਂ ਸ਼ਬਦ ਮਾਰੂ ਰਾਗ ਵਿਚ ਹਨ । ਦੋਹਾਂ ਦੇ ਛੰਦ ਦੀ ਚਾਲ ਇਕੋ ਹੈ । ਕਈ ਸ਼ਬਦ ਸਾਂਝੇ ਹਨ । ਜਿਵੇਂ ਸੁਰ, ਚੰਦ, ਅਪਿਉ, ਦੁਬਿਧਾ ਦ੍ਰਿਸ਼ਟ ਦੇ ਟਾਕਰੇ ਤੇ 'ਮੀਨ ਕੀ ਚਪਲ ਸਿਉ ਮਨ' ਹੈ। ਜੈਦੇਵ ਜੀ ਨੇ ਸਿਫ਼ਤ ਸਲਾਹ ਕਰਨ ਦੇ ਲਾਭ ਦਸੇ ਹਨ । ਭਗਤ ਜੀ ਮਨ ਨੂੰ ਸੰਬੋਧਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੰਬੋਧਨ ਕਰਕੇ ਆਖਦੇ ਹਨ ਕਿ ਜੇ ਤੂੰ ਸਿਫ਼ਤ ਸਲਾਹ ਕਰੇਂ ਤਾਂ ਤੇਰੀ ਚੰਚਲਤਾ ਦੂਰ ਹੋ ਜਾਏਗੀ। ਗੁਰੂ ਨਾਨਕ ਜੀ ਜੀਵ ਨੂੰ ਉਪਦੇਸ਼ ਕਰਦੇ ਹਨ ਕਿ ਸਿਫ਼ਤ ਸਲਾਹ ਦੀ ਜੁਗਤਿ ਵਰਤਿਆਂ ਮਨ ਦੀ ਚੰਚਲਤਾ ਮਿਟ ਜਾਂਦੀ ਹੈ। ਏਨੀ ਸਾਂਝ ਤੋਂ ਡਾ. ਸਾਹਿਬ ਸਿੰਘ ਜੀ ਇਹ ਸਿੱਟਾ ਕੱਢਦੇ ਹਨ ਕਿ ਗੁਰੂ ਨਾਨਕ ਦੇਵ ਜੀ ਜਦ ਆਪਣੀ ਇਹ ਬਾਣੀ ਰਚ ਰਹੇ ਸਨ ਤਾਂ ਨਿਸਚੇ ਹੀ ਉਨ੍ਹਾਂ ਪਾਸ ਭਗਤ ਜੈਦੇਵ ਜੀ ਦੀ ਬਾਣੀ ਮੌਜੂਦ ਹੋਏਗੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਗਤੀ ਕਾਵਿ-ਧਾਰਾ

ਆਦਿ ਕਾਲ ਭਗਤੀ ਕਾਵਿ-ਧਾਰਾ ਦਾ ਸਮਾਂ ਹੈ । ਇਸੇ ਕਰਕੇ ਕਈ ਵਿਦਵਾਨਾਂ ਨੇ ਇਸ ਭਗਤੀ ਨੂੰ ਕਾਲ ਕਿਹਾ ਹੈ । ਇਹ ਗੱਲ ਵਿਸ਼ੇਸ਼ ਹੈ ਕਿ ਗੁਰਮਤ ਕਾਵਿ-ਧਾਰਾ ਅਤੇ ਸੂਫ਼ੀ ਕਾਵਿ-ਧਾਰਾ ਉੱਤੇ ਭਗਤੀ ਕਾਵਿ ਦਾ ਪ੍ਰਤੱਖ ਪ੍ਰਭਾਵ ਹੈ । ਗੁਰੂ ਸਾਹਿਬਾਨ ਭਗਤੀ ਕਾਵਿ ਤੋਂ ਕਾਫੀ ਪ੍ਰਭਾਵਿਤ ਹੋਏ ਹਨ । ਇਸੇ ਕਰਕੇ ਉਨ੍ਹਾਂ ਨੇ ਭਗਤਾਂ ਦੀ ਬਾਣੀ ਆਦਿ ਗ੍ਰੰਥ ਵਿਚ ਸ਼ਾਮਲ ਕੀਤੀ । ਆਦਿ ਕਾਲ ਤੇ ਮੱਧ ਕਾਲ ਦੇ ਸੂਫ਼ੀ ਕਵੀ ਵੀ ਇਸ ਤੋਂ ਪ੍ਰਭਾਵਿਤ ਹੋਏ ਬਿਨਾ ਨਾ ਰਹਿ ਸਕੇ । ਏਥੋਂ ਤਕ ਭਗਤੀ ਕਾਵਿ ਨੇ ਪ੍ਰਭਾਵ ਪਾਇਆ ਕਿ ਆਧੁਨਿਕ ਕਾਲ ਵੀ ਭਗਤੀ ਕਾਵਿ ਤੋਂ ਅਪ੍ਰਭਾਵਿਤ ਤੇ ਅਭਿੱਜ ਨਾ ਰਹਿ ਸਕਿਆ । ਗੁਰੂ ਨਾਨਕ ਭਗਤੀ ਲਹਿਰ ਦਾ ਸਿਖਰ ਹੈ—ਇਕ ਲੋਕ ਗੀਤ ਇਸੇ ਦੀ ਸਾਖੀ ਭਰਦਾ ਹੈ—

"ਬਾਬੇ ਨਾਨਕ ਜੇਡ ਭਗਤ ਨਾ ਕੋਈ
ਜਿਨ ਹਰਿ ਕਾ ਨਾਮ ਪਛਾਤ ।"

ਗੁਰੂ ਗੋਬਿੰਦ ਸਿੰਘ ਤੋਂ ਬਾਅਦ ਭਗਤੀ ਲਹਿਰ ਦਾ ਪ੍ਰਵਾਹ ਰੁਕ ਜਾਂਦਾ ਹੈ । ਨਾਮ ਦੇਵ, ਕਬੀਰ ਤੇ ਰਵਿਦਾਸ ਭਗਤਾਂ ਵਿਚੋਂ ਸਿਰਮੌਰ ਹੋਏ ਹਨ । ਭਗਤੀ ਲਹਿਰ ਨੂੰ ਚਲਾ-ਉਣ ਵਾਲੇ ਦਖਣੀ ਭਾਰਤ ਵਿਚ ਰਾਮਾਨੁਜ ਤੇ ਉਤਰੀ ਭਾਰਤ ਵਿਚ ਰਾਮਾਨੰਦ ਹੋਏ ਹਨ । ਬਾਬਾ ਫ਼ਰੀਦ ਵੇਲੇ ਹੀ ਭਗਤੀ ਦਾ ਅੰਕੁਰ ਫੁਟ ਪਿਆ ਸੀ ।

ਜਦ ਲੋਕਾਂ ਉੱਤੇ ਜਾਬਰ ਜ਼ੁਲਮ ਕਰਨ ਲੱਗੇ, ਜਦ ਪ੍ਰਭੂ ਤੋਂ ਲੋਕਾਂ ਦਾ ਵਿਸ਼ਵਾਸ਼ ਚੁਕ ਗਿਆ, ਜਦ ਲੋਕ ਦਾਤ ਪਿਆਰੀ ਕਰਕੇ ਦਾਤੇ ਨੂੰ ਭੁਲ ਗਏ, ਜਦ ਪ੍ਰਭੂ ਦਾ ਨਾਮ ਉੱਡ ਗਿਆ ਅਤੇ ਮਾਇਆ ਦਾ ਜਾਲ ਵਿਛ ਗਿਆ, ਜਦ ਜੰਤਾ ਵੱਖਵਾਦ ਵਿਚ ਵੱਟ ਗਈ, ਜਦ ਬ੍ਰਾਹਮਣਵਾਦ ਪੂਰੇ ਜ਼ੋਰਾਂ ਤੇ ਆ ਗਿਆ, ਜਦ ਹਕੂਮਤਾਂ ਅਪਹੁੱਦਰੀਆ ਹੋ ਗਈਆਂ, ਜਦ ਪ੍ਰੇਮ ਦਾ ਪੰਛੀ ਉਡਾਰੀ ਮਾਰ ਗਿਆ ਅਤੇ ਨਫ਼ਰਤ ਕਾਲਾ ਨਾਚ ਤਿੱਖਾ ਕਰ ਗਈ, ਜਦ ਸੱਚ ਕਿਨਾਰਾ ਕਰ ਗਿਆ ਅਤੇ ਝੂਠ ਪ੍ਰਧਾਨ ਹੋ ਗਿਆ, ਜਦ ਕਹਿਣੀ ਤੇ ਕਰਨੀ ਵਿਚ ਅੰਤਰ ਢੇਰ ਹੋ ਗਿਆ, ਜਦ ਸ਼ੁਧ ਆਚਰਨ ਦੇ ਥੰਮ ਥਿੜਕਨ ਤੇ ਤਿੜਕਨ ਲੱਗੇ, ਜਦ ਸੰਤਾਂ ਨੂੰ ਦੁਰਕਾਰਿਆ ਤੇ ਅਸੰਤਾਂ ਨੂੰ ਸਤਿਕਾਰਿਆ ਜਾਣ ਲੱਗਾ, ਜਦ ਕਰਮ ਅਰਥਹੀਣ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੋ ਗਏ ਅਤੇ ਜਾਤੀ ਕਰਕੇ ਮਨੁੱਖ ਨੂੰ ਉੱਚਾ ਸਮਝਿਆ ਜਾਣ ਲਗ ਪਿਆ, ਜਦ ਬੇਈਮਾਨੀ ਤੇ ਹੇਰਾ ਫੇਰੀ ਨੇ ਲੋਕਾਂ ਨੂੰ ਠੱਗ ਲਿਆ, ਜਦ ਅਗਿਆਨਤਾ ਦਾ ਹਨੇਰਾ ਫੈਲ ਗਿਆ ਤੇ ਰੌਸ਼ਨੀ ਬੁੱਝਣ ਲੱਗੀ, ਤਦ ਕਥਨੀ ਦੇ ਪੂਰੇ ਤੇ ਕਰਨੀ ਦੇ ਸੂਰੇ, ਸੁਆਸ ਸੁਆਸ ਸਿਮਰਨ ਕਰਨ ਵਾਲੇ, ਪ੍ਰਭੂ ਵਿਚ ਅਭੇਦ, ਸੱਚ ਦਾ ਵਣਜ ਵਿਹਾਜਣ ਵਾਲੇ, ਸਭ ਨੂੰ ਏਕ ਨੂਰ ਤੋਂ ਉਪਜਿਆ ਸਮਝਣ ਵਾਲੇ, ਗਿਆਨਵਾਨ ਭਗਤਾਂ ਦਾ ਜਨਮ ਹੋਇਆ।

ਇਹ ਭਗਤ ਵੱਖ ਵੱਖ ਸ਼ਰੇਣੀਆਂ, ਜਾਤਾਂ, ਪਾਤਾਂ, ਪ੍ਰਾਂਤਾਂ, ਕਿੱਤਿਆਂ ਫਿਰਕਿਆਂ, ਸੰਪਰਦਾਵਾਂ ਤੇ ਮੱਤ ਮਤਾਂਤਰਾਂ ਵਿਚੋਂ ਸਨ। ਇਨ੍ਹਾਂ ਨਾਮ ਸਿਮਰਨ ਤੇ ਜ਼ੋਰ ਦਿੱਤਾ। ਪ੍ਰੇਮ ਭਗਤੀ ਦੀ ਲਹਿਰ ਚਲ ਪਈ। ਇਹ ਲੋਕ-ਗੀਤ ਉਨ੍ਹਾਂ ਕਰਕੇ ਹੀ ਪ੍ਰਚਲਤ ਹੋ ਗਿਆ—

ਰੱਬ ਵਸ ਭਗਤਾਂ ਨੇ ਕੀਤਾ
ਪ੍ਰੇਮ ਦੀਆਂ ਪਾਕੇ ਡੋਰੀਆਂ।

ਇਨ੍ਹਾਂ ਭਗਤਾਂ ਨੇ ਪ੍ਰੇਮ ਦਾ ਸਬਕ ਪੜ੍ਹਾਇਆ। ਪਿਤਰੀ ਭਾਵ ਤੇ ਭਗਤਰੀ ਭਾਵ ਦੀ ਏਕਤਾ ਸਥਾਪਿਤ ਕੀਤੀ। ਮਨੁੱਖਤਾ ਨਾਲ ਪ੍ਰੇਮ ਅਤੇ ਪ੍ਰਭੂ ਨਾਲ ਪ੍ਰੇਮ ਕਰਨਾ ਸਿਖਾਇਆ। ਪ੍ਰਭੂ ਦਾ ਨਿਵਾਸ ਜਨ ਜਨ ਦੇ ਹਿਰਦੇ ਵਿਚ ਕੀ, ਸਗੋਂ ਕਣ ਕਣ ਵਿਚ ਦਸਿਆ। ਇਹ ਭਗਤ ਪ੍ਰਭੂ ਵਿਚ ਐਸੇ ਅਭੇਦ ਸਨ ਕਿ ਪ੍ਰਭੂ ਆਪ ਆ ਕੇ ਇਨ੍ਹਾਂ ਦੀ ਨੌਕਰੀ ਕਰਦਾ।

ਇਨ੍ਹਾਂ ਭਗਤਾਂ ਨੂੰ ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ—

1. ਆਦਿ ਗ੍ਰੰਥ ਵਿਚਲੇ ਭਗਤ
2. ਆਦਿ ਗ੍ਰੰਥ ਤੋਂ ਬਾਹਰਲੇ ਭਗਤ

ਇਕ ਹੋਰ ਪ੍ਰਕਾਰ ਨਾਲ ਵੀ ਇਨ੍ਹਾਂ ਨੂੰ ਅਸੀਂ ਦੋ ਧਾਰਾਵਾਂ ਵਿਚ ਨਿਖੇੜ ਸਕਦੇ ਹਾਂ। ਨਿਰਗੁਣ ਧਾਰਾ ਤੇ ਸਰਗੁਣ ਧਾਰਾ। ਨਿਰਗੁਣ ਧਾਰਾ ਵਿਚ ਕਬੀਰ ਤੇ ਰਵਿਦਾਸ ਸਿਰਮੌਰ ਹਨ ਅਤੇ ਸਰਗੁਣ ਧਾਰਾ ਵਿਚ ਮੀਰਾਂ, ਜੈ ਦੇਵ, ਨਾਮ ਦੇਵ, ਧੰਨਾ ਆਦਿ ਆਉਂਦੇ ਹਨ—

ਨਾਵ ਦੇਵ ਕ੍ਰਿਸ਼ਨ ਭਗਤ ਹਨ—ਹੀਨੜੀ ਜਾਤ ਮੇਰੀ ਜਾਦਵ ਰਾਇਆ।
ਧੰਨਾ ਵੀ ਕ੍ਰਿਸ਼ਨ ਭਗਤ ਹੈ—ਰੇ ਚਿਤ ਚੇਤਸਿ ਕੀ ਨਾ ਦਯਾਲ ਦਮੋਦਰ।

ਜਾਦਵ ਰਾਇਆ ਤੇ ਦਮੋਦਰ ਕ੍ਰਿਸ਼ਨ ਦੇ ਸੂਚਕ ਸ਼ਬਦ (epithet) ਹਨ। ਨਿਰਗੁਣ ਧਾਰਾ ਵਾਲੇ ਨਿਰੋਲ ਨਿਰੰਕਾਰ ਨੂੰ ਸਿਮਰਦੇ ਹਨ ਜਦ ਕਿ ਸਰਗੁਣ ਵਾਲੇ ਪ੍ਰਭੂ ਦੇ ਪੈਗੰਬਰਾਂ ਅਵਤਾਰਾਂ ਦੀ ਭਗਤੀ ਕਰਦੇ ਹਨ।

1. ਆਦਿ ਗ੍ਰੰਥ ਵਿਚਲੇ ਭਗਤ—ਰਾਮਾਨੰਦ, ਕਬੀਰ, ਰਵਿਦਾਸ, ਨਾਮਦੇਵ, ਜੈ ਦੇਵ, ਤ੍ਰਿਲੋਚਨ, ਸਧਨਾ, ਪਰਮਾ ਨੰਦ, ਬੇਣੀ, ਸੈਣ, ਧੰਨਾ, ਪੀਪਾ, ਸੂਰ ਦਾਸ ਜੀ।

2. ਆਦਿ ਗ੍ਰੰਥ ਤੋਂ ਬਾਹਰਲੇ ਭਗਤ—ਪੀਲੂ, ਕਾਨ੍ਹਾ, ਸਾਧੂ ਜਨ, ਵਲੀ ਰਾਮ, ਦਾਦੂ, ਨਨੂਆਂ, ਦਰਸ਼ਨ, ਗੁਆਲ, ਸੁੰਦਰ ਦਾਸ, ਸ੍ਰੀ ਚੰਦ, ਦਿਆਲ ਅਨੋਮੀ, ਗਰੀਬ ਦਾਸ, ਰਜਬ ਆਦਿ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

1. ਰਾਮਾ ਨੰਦ ਜੀ—ਆਪ ਦਾ ਜਨਮ 1398 ਈ: ਦਖਣ ਵਿਚ ਮਾਨ ਕੋਟ ਪਿੰਡ ਵਿਖੇ ਹੋਇਆ। ਜਵਾਨੀ ਵੇਲੇ ਆਪ ਬਨਾਰਸ ਆ ਟਿਕੇ। ਆਪ ਜਾਤ ਦੇ ਬ੍ਰਾਹਮਣ ਸਨ, ਪਰੰਤੂ ਜਾਤੀ ਅਹੰਕਾਰ ਬਿਲਕੁਲ ਨਹੀਂ ਸੀ। ਕਬੀਰ, ਰਵਿ ਦਾਸ, ਬੇਣੀ, ਪੀਪਾ ਜੀ ਆਪ ਜੀ ਦੇ ਚੇਲੇ ਸਨ। ਆਪ ਆਪਣੇ ਹਿਰਦੇ ਵਿਚ ਹੀ ਮਸਤ ਰਹਿਣ ਵਾਲੇ ਹਨ—

ਕਤ ਜਾਈਐ ਰੇ ਘਰ ਲਾਗੋ ਰੰਗ।
ਮੇਰਾ ਚਿਤ ਨ ਚਲੈ ਮਨੁ ਭਇਓ ਪੰਗ।

ਆਪ ਗੁਰੂ ਦੇ ਸ਼ਬਦ ਦੀ ਮਹਾਨਤਾ ਦਸਦੇ ਫੁਰਮਾਂਦੇ ਹਨ —

ਗੁਰੂ ਕਾ ਸ਼ਬਦ ਕਾਟੈ ਕੋਟ ਕਰਮ।

ਸੈਣ ਜੀ ਆਪ ਜੀ ਨੂੰ ਸ਼ਰਧਾਂਜਲੀ ਦੇਂਦੇ ਕਹਿੰਦੇ ਹਨ—

ਰਾਮਾ ਭਗਤਿ ਰਾਮਾ ਨੰਦੁ ਜਾਨੈ।
ਪੂਰਨ ਪਰਮਾ ਨੰਦ ਬਖਾਨੈ।

ਭਾਈ ਗੁਰਦਾਸ ਜੀ ਵੀ ਕਹਿੰਦੇ ਹਨ—

ਹੋਇ ਬਿਰਕਤੁ ਬਨਾਰਸੀ ਰਹਿੰਦਾ ਰਾਮਾ ਨੰਦ ਗੁਸਾਈਂ।

ਆਪ ਦਖਣੀ ਤੇ ਉਤਰੀ ਭਗਤੀ ਲਹਿਰ ਦੀ ਕੜੀ ਹਨ। ਆਪ ਦਾ ਇਕ ਸ਼ਬਦ ਆਦਿ ਗ੍ਰੰਥ ਵਿਚ ਦਰਜ ਹੈ। ਆਪ ਸੁਸ਼ੀਲਾ ਮਾਤਾ ਦੇ ਸਪੁਤਰ ਅਤੇ ਰਾਘਵਾ ਨੰਦ ਦੇ ਚੇਲੇ ਹਨ।

ਕਬੀਰ ਜੀ (1398—1494)

ਬੁਨਨਾ ਤਨਨਾ ਤਿਆਗ ਕੈ ਪ੍ਰੀਤ ਚਰਨ ਕਬੀਰਾ।
ਨੀਚ ਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ।

(ਗੁਰੂ ਅਰਜਨ)

ਗੁਰੂ ਅਰਜਨ ਦੇਵ ਜੀ ਆਪ ਜੀ ਤੋਂ ਪ੍ਰਭਾਵਿਤ ਹੋ ਕੇ ਕਹਿ ਉਠੇ—

ਕਬੀਰ ਧਿਆਇਓ ਏਕ ਰੰਗ।

ਜਨਮ 1398 ਈ: ਬਨਾਰਸ ਦੇ ਨੇੜੇ। ਪ੍ਰਭੂ ਪਯਾਨਾ 1494 ਮਗਹਰ (ਗੋਰਖਪੁਰ) ਹੋਇਆ। ਕਿਰਤ ਜੁਲਾਹਾ। ਆਦਿ ਗ੍ਰੰਥ ਵਿਚ ਆਪ ਜੀ ਦੇ 18 ਰਾਗਾਂ ਵਿਚ 297 ਸ਼ਬਦ ਤੇ ਅਸ਼ਟ ਪਦੀਆਂ ਅਤੇ 243 ਸਲੋਕ ਅੰਕਿਤ ਹਨ। ਆਪ ਇਸ ਵਿਚਾਰ ਦੇ ਧਾਰਨੀ ਹਨ ਕਿ ਭਗਤੀ ਮਾਰਗ ਵਿਚ ਉਹੀ ਸੂਰਮਾ ਹੈ ਜੋ ਪੁਰਜਾ ਪੁਰਜਾ ਹੋ ਕੇ ਤਾਂ ਕਟ ਮਰੇ ਪਰ ਆਪਣਾ ਭਗਤੀ ਮਾਰਗ ਨਾ ਛਡੇ—

ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ।
ਖੇਤ ਜੁ ਮਾਂਡਿਓ ਸੂਰਮਾ ਅਬ ਜੂਝਨਕੋ ਦਾਉ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ।
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤ।

ਆਪ ਮਨ ਨੂੰ ਮੱਕਾ ਦੇਹੀ ਨੂੰ ਕਿਬਲਾ ਬਣਾਂਦੇ ਹਨ—

ਮਨੁ ਕਰਿ ਮੱਕਾ ਕਿਬਲਾ ਕਰ ਦੇਹੀ।
ਬੋਲਨ ਹਾਰੁ ਪਰਮ ਗੁਰੁ ਏਹੀ।

ਆਪ ਜੀ ਦੇ ਪਿੱਛੇ ਪਿੱਛੇ ਹਰਿ ਘੁੰਮਦਾ ਫਿਰਦਾ ਹੈ—

ਕਬੀਰਾ ਮਨ ਨਿਰਮਲ ਭਇਓ ਜੈਸੇ ਗੰਗਾ ਨੀਰ।
ਪਾਛੈ ਲਾਗਾ ਹਰਿ ਫਿਰੈ ਕਹਿਤ ਕਬੀਰ ਕਬੀਰ।

ਘੁੰਮਦਾ ਵੀ ਕਿਉਂ ਨਾ ਫਿਰਦਾ ਆਪ ਨੇ ਮਨ ਤੋਂ ਸਾਵੀਂ ਸਾਈਂ ਨੂੰ ਲੈ ਲਿਆ ਸੀ।

ਕੰਚਨ ਸਿਉਂ ਪਾਈਐ ਨਹੀ ਤੋਲਿ
ਮਨੁ ਦੇ ਰਾਮੁ ਲੀਆ ਹੈ ਮੋਲਿ।

ਭਗਤ ਰਵਿਦਾਸ ਜੀ ਆਪ ਜੀ ਬਾਰੇ ਇਉਂ ਫੁਰਮਾਂਦੇ ਹਨ—

ਹਰਿ ਕੇ ਨਾਮ ਕਬੀਰ ਉਜਾਗਰ।
ਜਨਮ ਜਨਮ ਕੇ ਕਾਟੇ ਕਾਗਰ।

ਆਪ ਆਪਣਾ ਆਦਰਸ਼ (ਕੋਤਵਾਲੀ) ਇਉਂ ਪੇਸ਼ ਕਰਦੇ ਹਨ—

ਸੰਤਾ ਮਾਨਉ ਦੂਤਾ ਡਾਨੋ ਇਹ ਕੁਟਵਾਰੀ ਮੇਰੀ।
ਦਿਨਸ ਰੈਨਿ ਤੇਰੇ ਪਾਉ ਪਲੋਸਉ ਕੇਸ ਚਵਰ ਕਰ ਫੇਰੀ।

ਪ੍ਰਭੂ ਕਾ ਧਿਆਨ ਹੀ ਖੇੜਾ ਹੈ—

ਸੰਕਰੁ ਮਉਲਿਓ ਜੋਗ ਧਿਆਨ।

ਰਵੀ ਦਾਸ ਜੀ (1377—15ਵੀਂ ਸਦੀ ਤੇ ਅੰਤ ਤੇ)

ਗੁਰੂ ਅਰਜਨ ਦੇਵ ਜੀ ਆਪ ਬਾਰੇ ਲਿਖਦੇ ਹਨ—

ਰਵਿ ਦਾਸ ਢੁਵੰਤਾ ਢੋਰ ਨੀਤਿ ਤਿਆਗੀ ਮਾਇਆ।
ਪਰਗਟੁ ਹੋਆ ਸਾਧ ਸੰਗਿ, ਹਰਿ ਦਰਸ਼ਨ ਪਾਇਆ।

(ਗੁਰੂ ਅਰਜਨ)

ਰਵਿ ਦਾਸ ਧਿਆਇ ਪ੍ਰਭੂ ਅਨੂਪ

ਭਗਤ ਜੀ ਆਪਣੇ ਪ੍ਰਤੀ ਆਪ ਲਿਅਦੇ ਹਨ—

ਮੇਰੀ ਜਾਤ ਕੁਟ ਬਾਂਢਲਾ ਢੋਰ ਢੋਵੰਤਾ ਨਿਤਹਿ ਬਨਾਰਸੀ ਆਸ ਪਾਸਾ।
ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤ ਤੇਰੇ ਨਾਮ ਸਰਣਾਇ ਰਵਿ ਦਾਸ ਦਾਸਾ।

ਆਪ ਪ੍ਰਭੂ ਦਰਸ਼ਨਾ ਲਈ ਵਿਆਕੁਲ ਹੁੰਦੇ ਹਨ—

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਹੁਤ ਜਨਮ ਬਿਛਰੇ ਥੇ ਮਾਧੋ ਇਹ ਜਨਮ ਤੁਮਾਰੇ ਲੇਖੇ।
ਕਹਿ ਰਵਿ ਦਾਸ ਆਸ ਲਗ ਜੀਵਉ ਚਿਰ ਭਇਓ ਦਰਸ਼ਨ ਦੇਖੇ।

ਆਪ ਬੇਗਮ ਪੁਰੇ ਦੇ ਵਾਸੀ ਹਨ ਜਿਥੇ ਕੋਈ ਦੁੱਖ, ਚਿੰਤਾ, ਘਬਰਾਹਟ, ਕਰ, ਦੋਸ਼, ਘਾਟਾ ਨਹੀਂ ਹੈ, ਸਗੋਂ ਸਦਾ ਵਾਧਾ ਖਲਾਸੀ ਤੇ ਖ਼ੈਰੀਅਤ ਹੀ ਖ਼ੈਰੀਅਤ ਹੈ।

ਬੇਗਮ ਪੁਰਾ ਸਹਰ ਕੋ ਨਾਉ
ਦੂਖੁ ਅੰਦੋਹ ਨਹੀ ਤਿਹੀ ਠਾਉ।
ਨਾ ਤਸਵੀਸ ਖਿਰਾਜ ਨ ਮਾਲੂ।
ਖਉਫੁ ਨ ਖਤਾ ਨ ਤਰਸੁ ਜਵਾਲੁ।
ਅਬ ਮੋਹਿ ਖੂਬ ਵਤਨ ਗਹ ਪਾਈ।
ਊ ਹਾਂ ਖੈਰਿ ਸਦਾ ਮੇਰੇ ਭਾਈ।
ਕਹਿ ਰਵਿ ਦਾ ਖਲਾਸ ਚਮਾਰਾ।
ਜੋ ਹਮ ਸਹਰੀ ਸੋ ਮੀਤੁ ਹਮਾਰਾ।

ਆਪਾ ਮਿਟਾਇਆਂ ਹੀ ਪ੍ਰਭੂ ਮਿਲਦਾ ਹੈ—

ਜਬ ਹਮ ਹੋਤ ਤਬ ਤੂੰ ਨਾਹੀ ਅਬ ਤੂ ਹੀ ਮੈ ਨਾਹੀ।

ਆਪ ਪ੍ਰਭੂ ਨੂੰ ਸਿਧੀ ਸਿਧੀ ਗਲ ਕਹਿੰਦੇ ਹਨ ਕਿ

ਜਉ ਹਮ ਬਾਂਧੇ ਮੋਹ ਫਾਸ, ਹਮ ਪ੍ਰੇਮ ਬਧਨਿ ਤੁਮ ਬਾਧੇ।
ਅਪਨੇ ਛੂਟਨ ਕੋ ਜਤਨ ਕਰਹੁ ਹਮ ਛੂਟੇ ਤੁਮ ਆਰਾਧੇ।

ਬਾਣੀ ਦੀਆਂ ਹੋਰ ਉਦਾਹਰਣਾਂ—

ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੂੰਦਾ ਕਾ ਗਾਰਾ।
ਹਾਡ ਮਾਸ ਨਾੜੀ ਪਿੰਜਰ, ਪੰਖੀ ਬਸੈ ਬਿਚਾਰਾ।
ਪ੍ਰਾਨੀ ਕਿਆ ਤੇਰਾ, ਜੈਸੇ ਸਰਵਰ ਪੰਖਿ ਬਸੇਰਾ।
ਰਾਖਹੁ ਕੰਧ ਉਸਾਰਹੁ ਨੀਵਾਂ। ਸਾਢੇਤੀਨਿ ਹਾਥ ਤੇਰੀ ਸੀਵਾਂ।
ਬੰਕੇ ਬਾਲ ਪਾਗ ਸਿਰਿ ਡੇਰੀ ਇਹੁ ਤਨੁ ਹੋਇਗੋ ਭਸਮ ਕੀ ਢੇਰੀ।
ਊਚੇ ਮੰਦਰ ਸੁੰਦਰ ਨਾਰੀ, ਰਾਮ ਨਾਮ ਬਿਨੁ ਬਾਜੀ ਹਾਰੀ।
ਮੇਰੀ ਜਾਤ ਕਮੀਨੀ ਪਾਤ ਕਮੀਨੀ ਓਛਾ ਜਨਮ ਹਮਾਰਾ।
ਤੁਮ ਸਰਨਾ ਗਤਿ ਰਾਜਾ ਰਾਮ ਚੰਦ ਕਹਿ ਰਵਿ ਦਾਸ ਚਮਾਰਾ।

ਜਨਮ 1377 ਪਯਾਨਾ ਪੰਦਰਵੀ ਸਦੀ ਦੇ ਅੰਤਲੇ ਦਹਾਕੇ 'ਚ 16 ਰਾਗਾਂ ਵਿਚ ਆਪ ਦੇ ਕੁਲ 40 ਸ਼ਬਦ ਆਦਿ ਗ੍ਰੰਥ ਵਿਚ ਅੰਕਿਤ ਹਨ। ਕਿਰਤੋਂ ਚਮਾਰ ਹਨ। ਪਰੰਤੂ ਦਿਲ ਪ੍ਰਭੂ ਪ੍ਰੇਮ ਨਾਲ ਭਰਪੂਰ ਹੈ। ਆਪ ਨਾਮ ਦੀ ਆਰਤੀ ਉਚਾਰਦੇ ਹਨ—

ਨਾਮੁ ਤੇਰੋ ਆਰਤੀ ਮਜਨੁ ਮੁਰਾਰੇ।
ਹਰਿ ਕੇ ਨਾਮ ਬਿਨੁ ਝੂਠੇ ਸਗਲ ਪਸਾਰੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਾਣੀ ਦੀ ਹੋਰ ਉਦਾਹਰਣ—ਭਗਤ ਰਵਿ ਦਾਸ ਜੀ ਆਪਣੇ ਜੀਵਨ ਦੀ ਇਕ ਘਟਣਾ ਨੂੰ ਬਿਆਨ ਕਰਦੇ ਪ੍ਰਭੂ ਦਾ ਸ਼ੁਕਰ ਕਰ ਰਹੇ ਹਨ—

ਐਸੀ ਲਾਲ ਤੁਝ ਬਿਨੁ ਕਉਨੁ ਕਰੈ।
ਗਰੀਬ ਨਿਵਾਜੁ ਗੁਸਈਆ ਮੇਰਾ, ਮਾਥੈ ਛਤ੍ਰ ਧਰੈ।
ਜਾਕੀ ਛੋਤ ਜਗਤ ਕਉ ਲਾਗੈ ਤਾ ਪਰ ਤੂ ਹੀ ਢਰੈ।
ਨੀਚ ਤੂ ਊਚ ਕਰੈ ਮੇਰਾ ਗੋਬਿੰਦ ਕਾਹੂ ਤੇ ਨ ਡਰੈ।
ਨਾਮ ਦੇਵ ਕਬੀਰ ਤ੍ਰਿਲੋਚਨ ਸਧਨਾ ਸੈਨ ਤਰੈ।
ਕਹਿ ਰਵਿ ਦਾਸ ਸੁਨਹੁ ਰੇ ਸੰਤੋ ਹਰਿ ਜੀਉ ਤੇ ਸਭੈ ਸਰੈ।

ਆਪ ਰਾਮ ਨੂੰ ਆਪਣੇ ਜੀਅੜੇ ਦਾ ਜੀਵਨ ਸਮਝਦੇ ਰਹਿੰਦੇ ਹਨ ਕਿ ਮੈਂ ਤੇਰਾ ਦਾਸ ਹਾਂ ਮੈਨੂੰ ਭੁਲਾਵੋ ਨਾ —

ਰਾਮ ਗੁਸਈਆ ਜੀਅ ਕੇ ਜੀਵਨਾ।
ਮੋਹਿ ਨਾ ਬਿਸਾਰੋ ਮੈ ਜਨ ਤੇਰਾ।

ਆਪ ਦਾ ਪੱਥਰ ਪ੍ਰਭੂ ਨੇ ਤਾਰਿਆ ਅਤੇ ਪੰਡਤਾਂ ਦਾ ਪੱਥਰ ਡੋਬ ਦਿੱਤਾ—

ਪੰਡਤਾਂ ਦਾ ਠਾਕਰ ਡੁਬ ਡੁਬ ਜਾਂਦਾ
ਭਗਤਾਂ ਦਾ ਠਾਕਰ ਤਰੇ।

ਭਾਈ ਗੁਰਦਾਸ ਦੇ ਸ਼ਬਦਾਂ ਵਿਚ—

ਭਗਤ ਭਗਤ ਜਗ ਵੱਜਿਆ ਚਹੁੰ ਚੱਕਾਂ ਦੇ ਵਿਚ ਚਮਰੇਟਾ।
ਚਹੁੰ ਵਰਨਾ ਉਪਦੇਸ਼ ਦਾ ਗਯਾਨ ਧਯਾਨ ਕਰ ਭਗਤ ਸਹੇਟਾ।
ਨਾਵਣ ਆਇਆ ਸੰਗ ਮਿਲ ਬਾਨਾਰਸ ਕਰ ਗੰਗਾ ਥੇਟਾ।
ਕਢ ਕਸੀਰਾ ਸਉਂਪਿਆ ਰਵਿ ਦਾਸੈ ਗੰਗਾ ਦੀ ਭੇਟਾ।
ਲਇਆ ਕਸੀਰਾ ਹੱਥ ਕਢ ।

ਨਾਮ ਦੇਵ ਜੀ (1270—)

ਰਵਿ ਦਾਸ ਜੀ ਆਪ ਬਾਰੇ ਆਪਣੀ ਬਾਣੀ ਵਿਚ ਇਉਂ ਫ਼ੁਰਮਾਨ ਕਰਦੇ ਹਨ—

ਨਿਮਤ ਨਾਮ ਦੇਉ ਦੂਧੁ ਪਿਆਇਆ।
ਤਉ ਜਗ ਜਨਮ ਸੰਕਟ ਨਹੀ ਆਇਆ।

ਗੁਰੂ ਅਰਜਨ ਦੇਵ ਜੀ ਵੀ ਆਪ ਨੂੰ ਸ਼ਰਧਾਂਜਲੀ ਪੇਸ਼ ਕਰਦੇ ਹਨ—

ਨਾਮ ਦੇਵ ਹਰਿ ਜੀਉ ਬਸਹਿ ਸੰਗ।

ਆਪ ਪ੍ਰਭੂ ਦੇ ਨਾਮ ਨੂੰ ਹੀ ਆਪਣਾ ਆਧਾਰ ਮੰਨਦੇ ਹਨ—

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੈਂ ਅੰਧਲੇ ਕੀ ਟੇਕ, ਤੇਰਾ ਨਾਮ ਖੁੰਦਕਾਰਾ।
ਮੈਂ ਗਰੀਬ ਮੈ ਮਸਕੀਨ ਤੇਰਾ ਨਾਮ ਹੈ ਆਧਾਰਾ।

ਆਪ ਜੀ ਦੇ 18 ਰਾਗਾਂ ਵਿਚ 60 ਸ਼ਬਦ ਆਦਿ ਗ੍ਰੰਥ ਵਿਚ ਅੰਕਿਤ ਹਨ। ਅੰਤਲੇ ਸਮੇਂ ਆਪ ਪਿੰਡ ਘੁਮਾਣ ਜ਼ਿਲਾ ਗੁਰਦਾਸ ਪੁਰ ਆ ਕੇ ਰਹੇ ਅਤੇ ਅੰਤ ਏਥੇ ਹੀ ਪਯਾਨਾ ਕਰ ਗਏ।

ਆਪ ਦਾ ਜਨਮ 1270 ਈ: ਪਿੰਡ ਨਰਸੀ ਬਾਮਨੀ ਵਿਖੇ ਛੀਪੇ ਦੇ ਘਰ ਹੋਇਆ।

ਆਪ ਹਿੰਦੂ ਨੂੰ ਅੰਨ੍ਹਾ ਤੇ ਮੁਸਲਮਾਨ ਨੂੰ ਕਾਣਾ ਕਹਿੰਦੇ ਹਨ ਅਤੇ ਗਿਆਨੀ ਨੂੰ ਸਿਆਣਾ ਸਮਝਦੇ ਹਨ—

ਹਿਦੂ ਅੰਨ੍ਹਾ ਤੁਰਕ ਕਾਣਾ।
ਦੋਹਾਂ ਤੇ ਗਿਆਨੀ ਸਿਆਣਾ।
ਹਿੰਦੂ ਪੂਜੈ ਦੇਹੁਰਾ ਮੁਸਲਸਾਨ ਮਸੀਤ।
ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤ।

ਆਪ ਸਰਗੁਣ ਦੀ ਭਗਤੀ 'ਚੋਂ ਨਿਰਗੁਣ ਦੀ ਭਗਤੀ ਤਕ ਪੁਜ ਜਾਂਦੇ ਹਨ। ਆਪ ਨੂੰ ਪ੍ਰਭੂ ਜੀ ਨੇ ਕਈ ਵਾਰ ਪ੍ਰਤਖ ਹੋ ਕੇ ਦਰਸ਼ਨ ਦਿੱਤੇ। ਆਪ ਦੀ ਛੰਨ ਬੰਨ੍ਹੀ, ਘੋੜੀ ਤੇ ਵਛੇੜੀ ਬਖ਼ਸ਼ੀ—

ਨਾਮ ਦੇਵ ਦੀ ਪਵਾਈ ਛਪਰੀ ਤੇ ਧੰਨੇ ਦੀਆਂ ਗਊਆਂ ਚਾਰੀਆਂ।

ਨਾਮੇ ਨੂੰ ਗੁਆਂਢਣ ਪੁਛਣ ਲੱਗੀ ਕਿ ਮੈਂ ਤੇਰੇ ਨਾਲੋਂ ਦੂਣੀ ਮਜੂਰੀ ਦਿਆਂਗੀ ਮੈਨੂੰ ਛੰਨ ਬੰਨ੍ਹਣ ਵਾਲਾ ਦਸ। ਤਾਂ ਨਾਮਾ ਇਸ ਘਟਨਾ ਦਾ ਬਿਆਨ ਕਰਦਾ ਹੈ—

"ਪਾੜ ਪੜੋਸਣਿ ਪੂਛਲੇ ਨਾਮਾ, ਕਾ ਪਹਿ ਛਾਨਿ ਛਪਾਈ ਹੈ।
ਤੋ ਪਹਿ ਦੁਗਣੀ ਮਜੂਰੀ ਦੈ ਹਉ, ਮੋ ਕਉ ਬੇਢੀ ਦੇਹੁ ਬਤਾਈ ਹੈ।
ਰੀ ਬਾਈ ਬੇਢੀ ਦੇਨ ਨ ਜਾਈ। ਦੇਖ ਬੇਢੀ ਰਹਿਓ ਸਮਾਈ।
ਹਮਾਰੈ ਬੇਢੀ ਪ੍ਰਾਣ ਆਧਾਰਾ। ਬੇਢੀ ਪ੍ਰੀਤ ਮਜੂਰੀ ਮਾਗੈ।
ਜਉ ਕੋਊ ਛਾਨਿ ਛਾਵਾਵੈ ਹੈ।
ਲੋਗ ਕੁਟੰਬ ਸਭਹੁ ਤੇ ਤੋਰੈ, ਤਉ ਆਪਨ ਬੇਢੀ ਆਵੈ ਹੈ।"

ਭਗਤ ਜੀ ਆਪਣੇ ਅਦੁਤੀ ਅਧਿਆਤਮਕ ਮੰਡਲ ਦੀ ਇਉਂ ਵਿਆਖਿਆ ਕਰਦੇ ਹਨ—

ਅਣ ਮੜਿਆ ਮੰਦਲੁ ਬਾਜੈ। ਬਿਨੁ ਸਾਵਣ ਘਨਹਰੁ ਗਾਜੈ।
ਬਾਦਲ ਬਿਨ ਬਰਖਾ ਹੋਈ। ਜਉ ਤਤ ਬਿਚਾਰੈ ਕੋਈ।
ਮੋਕਉ ਮਿਲਿਓ ਰਾਮ ਸਨੇਹੀ। ਜਿਹ ਮਿਲਿਐ ਦੇਹ ਸੁਦੇਹੀ।
ਜਲ ਭੀਤਰਿ ਕੁੰਭੁ ਸਮਾਨਿਆ। ਜਨ ਨਾਮੈ ਤਤੁ ਪਛਾਨਿਆ।

ਆਪ ਆਪਣੇ ਆਪ ਨੂੰ ਅੰਨ੍ਹਾ ਸਮਝਕੇ ਪ੍ਰਭੂ ਦਾ ਨਾਂ ਆਪਣਾ ਆਸਰਾ ਸਮਝਦੇ ਹਨ—

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੈਂ ਅੰਧੁਲੇ ਕੀ ਟੇਕ ਤੇਰਾ ਨਾਮੁ ਖੁੰਦਕਾਰਾ ।
ਮੈਂ ਗ਼ਰੀਬ ਮੈ ਮਸਕੀਨ ਤੇਰਾ ਨਾਮੁ ਹੈ ਅਧਾਰਾ ।

ਆਪ ਸਭ ਘਟਿ ਘਟਿ ਵਿਚ ਰਾਮ ਨੂੰ ਹੀ ਤਕਣ ਤੇ ਸੁਣਨ ਲੱਗੇ —

ਸਭੈ ਘਟ ਰਾਮ ਬੋਲੈ ਰਾਮਾ ਬੋਲੈ ।
ਰਾਮ ਬਿਨਾ ਕੋ ਬੋਲੈ ਰੇ ।
ਏਕਲ ਮਾਟੀ ਕੁੰਚਰ ਚੀਟੀ, ਭਾਜਨ ਹੈ ਬਹੁ ਨਾਨਾ ਰੇ ।
ਅਸਥਾਵਰ ਜੰਗਮ ਕੀਟ ਪਤੰਗਮ ਘਟਿ ਘਟਿ ਰਾਮ ਸਮਾਨਾ ਰੇ ।
ਏਕਲ ਚਿੰਤਾ ਰਾਖੁ ਅਨੰਤਾ, ਅਉਰ ਤਜਹੁ ਸਭ ਆਸਾ ਰੇ ।

ਨਾਮੇ ਨੂੰ ਸੁਲਤਾਨ ਨੇ ਬੰਨ ਲਿਆ ਹੈ ਅਤੇ ਕਹਿੰਦਾ ਹੈ ਕਿ ਮਰੀ ਹੋਈ ਗਊ ਜ਼ਿੰਦਾ ਕਰ ਦੇ ਨਹੀਂ ਤਾਂ ਤੇਰਾ ਸਿਰ ਕਟ ਦਿਆਂਗਾ—ਤਾਂ ਗੋਪਾਲ ਗਰੁੜ ਤੇ ਚੜ੍ਹਕੇ ਗਊ ਜੀਵਾਲਨ ਆ ਗਏ ।

ਨਾਮਾ ਸੁਲਤਾਨੇ ਬਾਧਿਲਾ । ਦੇਖਉ ਤੇਰਾ ਹਰਿ ਬੀਠੁਲਾ ।
ਬਿਸਮਿਲ ਗਊ ਦੇਹੁ ਜੀਵਾਇ । ਨਾਤਰੁ ਗਰਦਨਿ ਮਾਰਉ ਠਾਂਇ ।
ਗਰੁੜ ਚੜੇ ਆਇ ਗੋਪਾਲ ।

ਆਪ ਪ੍ਰਭੂ ਨੂੰ ਕਹਿੰਦੇ ਹਨ ਕਿ ਤੂੰ ਮੇਰੇ ਨਾਲ ਸ਼ਰਤ ਲਾ ਕੇ ਕਿਉਂ ਨਹੀਂ ਵੇਖਦਾ —

ਬਦਹੁ ਕੀਨ ਹੋਡ ਮਾਧਉ ਮੋ ਸਿਉ ।

ਨਾਮ ਦੇਵ ਵਲੋਂ ਠਾਕੁਰ ਨੂੰ ਦੁਧ ਪਿਆਉਣ ਦੀ ਸਾਖੀ ਦੀ ਪੁਸ਼ਟੀ ਭਾਈ ਗੁਰਦਾਸ ਜੀ ਵੀ ਕਰਦੇ ਹਨ—

ਕੰਮ ਕਿਤੇ ਪਿਉ ਚਲਿਆ ਨਾਮ ਦੇਵ ਨੂੰ ਆਖ ਸਿਧਾਯਾ ।
ਠਾਕੁਰ ਦੀ ਸੇਵਾ ਕਰੀਂ ਦੁਧ ਪੀਆਵਣ ਕਹਿ ਸਮਝਾਯਾ ।
ਨਾਮ ਦੇਉ ਇਸ਼ਨਾਨ ਕਰ ਕਪਲ ਗਾਇ ਦੁਹਿਕੈ ਲੈ ਆਯਾ ।
ਠਾਕੁਰ ਨੋਂ ਨ੍ਹਵਾਲ ਕੈ ਚਰਣੋਦਕ ਲੈ ਤਿਲਕ ਚੜ੍ਹਾਯਾ ।
ਹੱਥ ਜੋੜ ਬਿਨਤੀ ਕਰੈ ਦੁੱਧ ਪੀਅਹੁ ਜੀ ਗੋਵਿੰਦ ਰਾਯਾ ।
ਨਿਹਚ ਉ ਕਰ ਆਰਾਧਿਆ ਹੋਇ ਦਯਾਲ ਦਰਸ ਦਿਖਾਯਾ ।
ਭਰੀ ਕਟੋਰੀ ਨਾਮ ਦੇਵ ਲੈ ਠਾਕੁਰ ਨੂੰ ਦੁੱਧ ਪੀਆਯਾ ।
ਗਾਇ ਮੁਈ ਜੀਵਾਲੀਓਨ ਨਾਮ ਦੇਵ ਦਾ ਛੱਪਰ ਛਾਯਾ ।
ਫੇਰ ਦੇਹੁਰਾ ਰੱਖਿਓਨ ਚਾਰ ਵਰਨ ਲੈ ਪੈਰੀਂ ਪਾਯਾ ।
ਭਗਤ ਜਨਾਂ ਦਾ ਕਰੇ ਕਰਾਯਾ ।

ਅੰਤ ਗੁਰੂ ਅਰਜਨ ਦੇ ਸ਼ਬਦਾਂ ਵਿਚ—

ਗੋਬਿੰਦ ਗੋਬਿੰਦ ਗੋਬਿੰਦ ਸੰਗ ਨਾਮ ਦੇਉ ਮਨ ਲੀਣਾ ।
ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੈ ਦੇਵ ਜੀ (1170 ਈ: —)

ਜੈ ਦੇਵ ਤਿਆਗਿਓ ਅਹੰਮੇਵ

(ਗੁਰੂ ਅਰਜਨ)

ਭਾਈ ਗੁਰਦਾਸ ਜੀ ਨੇ ਇਉਂ ਮਾਨ ਦਿੱਤਾ ਹੈ—

ਪ੍ਰੇਮ ਭਗਤਿ ਜੈ ਦੇਉ ਕਰਿ ਗੀਤ ਗੋਵਿੰਦ ਸਹਜ ਧੁਨਿ ਗਾਵੈ।

ਜਨਮ 1170 ਈ: ਦਖਣੀ ਬੰਗਾਲ ਦੇ ਪਿੰਡ ਕੰਦੂਲੀ ਵਿਖੇ ਪਯਾਨਾ 80 ਸਾਲ ਦੀ ਉਮਰੇ ਉਸੇ ਪਿੰਡ। ਆਪ ਜੀ ਨੇ ਤਤ ਕਢਿਆ ਕਿ ਭਗਤ ਮਨ ਵਿਚ ਕਰਮ ਵਲੋਂ ਪੂਰਨ ਤੌਰ ਤੇ ਪਵਿੱਤਰ ਹੁੰਦੇ ਹਨ। ਉਹ ਜਗ, ਜੋਗ, ਤਪ ਤੇ ਦਾਨ ਤੋਂ ਉਤੇ ਹੋ ਜਾਂਦੇ ਹਨ—

ਹਰਿ ਭਗਤ ਨਿਜ ਨਿਹਕੇਵਲਾ, ਪਿਦ ਕਰਮਨਾ ਬਚਸਾ।
ਜੋਗੇਨ ਕਿੰ, ਜਗੇਨ ਕਿੰ, ਦਾਨੇਨ ਕਿੰ, ਤਪਸਾ।

ਆਪ ਕੇਵਲ ਰਾਮ ਨਾਮ ਨੂੰ ਮਨੋਹਰ ਮੰਨਦੇ ਹਨ—

ਕੇਵਲ ਰਾਮ ਨਾਮ ਮਨੋਰਮੰ।

ਆਪ ਜੀ ਜਾਤ ਦੇ ਬ੍ਰਾਹਮਣ ਹਨ ਪਰ ਜਾਤੀ ਅਹੰਕਾਰ ਤੋਂ ਕੋਰੇ। ਆਪ ਸਮੇਂ ਦੇ ਰਤਨ ਕਰਕੇ ਜਾਣੇ ਜਾਂਦੇ ਹਨ।

ਆਪ ਦੇ ਹੱਥ ਕਟ ਦਿੱਤੇ ਗਏ ਸਨ ਪਰ ਪ੍ਰਭੂ ਦੀ ਕਿਰਪਾ ਕਰਕੇ ਦੋਵੇ ਹੱਥ ਵਾਪਿਸ ਆ ਗਏ। ਆਪਣੀ ਪਤਨੀ ਨੂੰ ਜਿੰਦਾ ਕਰ ਲਿਆ ਜੋ ਆਪ ਦੇ ਵਿਯੋਗ ਵਿਚ ਦਮ ਤੋੜ ਗਈ ਸੀ। ਆਪ ਜੀ ਨੇ 'ਗੀਤ ਗੋਵਿੰਦ' ਦੀ ਰਚਨਾ ਕੀਤੀ। ਪਿੱਛੋਂ ਆਪ ਜੀ ਦੇ ਨਾਲ ਹੀ ਆਪ ਜੀ ਦੀ ਸੁਪਤਨੀ ਪ੍ਰਾਣ ਤਿਆਗ ਗਈ। ਵਾਹਿਗੁਰੂ ਨੇ ਆਪ ਭਗਤ ਦੇ ਰੂਪ ਵਿਚ ਆ ਕੇ ਭਗਤ ਜੀ ਦਾ ਗੋਬਿੰਦ ਗੀਤ ਪੂਰਾ ਕੀਤਾ। ਭਗਤ ਜੀ ਪੜ੍ਹਕੇ ਦੰਗ ਰਹਿ ਗਏ।

ਤ੍ਰਿਲੋਚਨ ਜੀ (1267 ਈ: —)

ਆਪ ਜੀ ਦਾ ਜਨਮ 1267 ਈ: ਗੁਜਰਾਤ ਵਿਚ। ਨਾਮ ਦੇਵ ਦੇ ਪਰਮ ਮਿੱਤਰ ਸਨ। ਸ੍ਰੀ ਰਾਗ, ਗੁਜਰੀ, ਧਨਾਸਰੀ ਰਾਗ ਆਪ ਜੀ ਦੇ ਚਾਰ ਸ਼ਬਦ ਆਦਿ ਗ੍ਰੰਥ ਵਿਚ ਦਰਜ ਹਨ।

ਤ੍ਰਿਲੋਚਨ ਗੁਰ ਮਿਲਿ ਭਈ ਸਿਧਿ।

(ਗੁਰੂ ਅਰਜਨ)

ਆਪ ਦਾ ਫੁਰਮਾਣ ਹੈ ਕਿ ਮਨੁੱਖ ਮਾਇਆ ਦਾ ਮੁੱਠਿਆ ਹੀਰੇ ਵਰਗਾ ਜਨਮ ਕੌਡੀਆਂ ਬਦਲੇ ਗੁਆ ਬੈਠਦਾ ਹੈ—

ਮਾਇਆ ਮੂਠਾ ਚੇਤਸਿ ਨਾਹੀ
ਜਨਮ ਗਵਾਇਓ ਆਲਸੀਆ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਪ ਜੀ ਦਾ ਕਥਨ ਹੈ ਕਿ ਜੇ ਬਾਹਰੋਂ ਉਦਾਸੀ ਭੇਸ ਕਰ ਲਿਆ ਜਾਵੇ ਪਰ ਅੰਦਰੋਂ ਨਿਰਮਲ ਨਾ ਬਣਿਆ ਜਾਏ ਤਾਂ ਸੰਨਿਆਸੀ ਨਹੀਂ ਬਣਿਆ ਜਾ ਸਕਦਾ—

ਅੰਤਰੁ ਮਲਿ ਨਿਰਮਲੁ ਨਹੀ ਕੀਨਾ, ਬਾਹਰਿ ਭੇਖ ਉਦਾਸੀ।
ਹਿਰਦੈ ਕਮਲੁ ਘਟਿ ਬ੍ਰਹਮ ਨ ਚੀਨਾ ਕਾਹੇ ਭਇਆ ਸੰਨਿਆਸੀ।

ਆਪ ਗੋਬਿੰਦ ਨਾਮ ਵਿਸਾਰਨਾ ਨਹੀਂ ਚਾਹੁੰਦੇ—

ਅਰੀ ਬਾਂਟੀ, ਗੋਬਿੰਦ ਨਾਮੁ ਮਤਿ ਬੀਸਰੈ।

ਗੋਬਿੰਦ ਆਪ ਆ ਕੇ ਭਗਤ ਜੀ ਦੀ ਨੌਕਰੀ ਕਰਦਾ ਹੈ ਪਰ ਘਰ ਵਾਲੀ ਦੀ ਨਿੰਦਾ ਕਰਕੇ ਘਰ ਛਡ ਕੇ ਚਲਾ ਜਾਂਦਾ ਹੈ—

ਭੂਲ ਗਈਏ ਨਾਰ ਗਵਾਰੇ ਨੀ ਨਿੰਦਿਆ ਨਰਾਇਣ ਦੀ ਕਰੇ।

ਭਗਤ ਜੀ ਖੁਦ ਵੀ ਸੰਬੋਧਨ ਕਰਕੇ ਆਪਣੀ ਨਾਰ ਨੂੰ ਕਹਿ ਰਹੇ ਹਨ -

ਨਾਰਾਇਣ ਨਿੰਦਸਿ ਕਾਇ ਭੂਲੀ ਗਵਾਰੀ।

ਸਧਨਾ ਜੀ (13ਵੀਂ ਸਦੀ ਦਾ ਆਰੰਭ)

ਬਿਲਾਵਲ ਰਾਗ ਵਿਚ ਸਧਨਾ ਜੀ ਦਾ ਇਕੋ ਸ਼ਬਦ ਆਦਿ ਗ੍ਰੰਥ ਵਿਚ ਅੰਕਿਤ ਹੈ। ਆਪ ਜੀ ਦਾ ਸੁੰਦਰ ਕਥਨ ਹੈ ਕਿ ਤੇਰੀ ਸ਼ਰਨ ਪੈਣ ਦਾ ਕੀ ਲਾਭ ਜੇ ਫਿਰ ਵੀ ਗਿੱਦੜ ਖਾ ਜਾਏ—

ਸਿੰਘ ਸ਼ਰਨ ਕਤ ਜਾਈਐ ਜਉ ਜੰਬਕੁ ਗ੍ਰਾਸੈ।

ਆਪ ਫੁਰਮਾਨ ਕਰਦੇ ਹਨ ਕਿ ਭਗਤੀ ਹਰ ਮਾੜੇ ਕਰਮ ਦਾ ਫਲ ਨਾਸ ਕਰਨ ਯੋਗ ਹੈ। ਆਪ ਆਪਣਾ ਆਪਾ ਤਿਆਗ ਕੇ ਪ੍ਰਭੂ ਦੇ ਹੀ ਹੋ ਕੇ ਰਹਿ ਜਾਂਦੇ ਹਨ—

ਮੈਂ ਨਾਹੀ ਕਛੁ ਹਉ ਨਹੀ ਕਿਛੁ ਆਹਿ ਨ ਮੋਰਾ।
ਅਉਸਰ ਲਜਾ ਰਾਖਿ ਲੇਹੁ ਸਧਨਾ ਜਨ ਤੋਰਾ।

ਆਪ ਦਾ ਜਨਮ ਪਿੰਡ ਸਹੇਵਾਂ (ਸਿੰਧ) ਵਿਖੇ 13ਵੀਂ ਸਦੀ ਦੇ ਆਰੰਭ ਵਿਚ ਹੋਇਆ ਮੰਨਿਆ ਗਿਆ ਹੈ। ਕੰਮ ਕਸਾਈ ਦਾ ਕਰਦੇ ਸਨ।

ਪਰਮਾ ਨੰਦ ਜੀ (14ਵੀਂ ਸਦੀ ਦਾ ਅੰਤ)

ਆਪ ਮਹਾਰਾਸ਼ਟਰ ਦੇ ਵਾਸੀ ਸਨ। ਪ੍ਰੇਮਾ ਭਗਤੀ ਵਿਚ ਏਨੇ ਲੀਨ ਰਹਿੰਦੇ ਸਨ ਕਿ ਹਰ ਸਮੇਂ ਨੈਨਾਂ ਵਿਚੋਂ ਨੀਰ ਹੀ ਵਹਿੰਦਾ ਰਹਿੰਦਾ ਸੀ। ਆਪ ਜੀ ਦਾ ਕਥਨ ਹੈ ਕਿ ਜਿਸ ਦੀ ਪਰਾਈ ਨਿੰਦਾ ਕਰਨ ਦੀ ਆਦਤ ਨਹੀਂ ਗਈ ਉਸ ਦੇ ਸਭ ਕਾਰਜ ਨਿਸਫਲ ਹਨ—

ਪਰ ਨਿੰਦਾ ਮੁਖ ਤੇ ਨਹੀਂ ਛੂਟੀ ਨਿਫਲ ਭਈ ਸਭ ਸੇਵਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੁਰਾਨ ਪੁਸਤਕਾਂ ਸੁਣਨ ਦਾ ਕੀ ਲਾਭ ਜੇ ਆਉ ਭਗਤ ਨਹੀਂ ਕਰਦਾ ਅਤੇ ਦਾਨ ਨਹੀਂ ਕਰਦਾ —

ਤੈ ਨਰ ਕਿਆ ਪੁਰਾਨ ਸੁਨਿ ਕੀਨਾ ।
ਅਨ ਪਾਵਨੀ ਭਗਤਿ ਨਹੀ ਉਪਜੀ ਭੂਖੈ ਦਾਨੁ ਨ ਕੀਨਾ ।

ਆਪ ਦਾ ਜਨਮ 14ਵੀਂ ਸਦੀ ਦੇ ਅੰਤ ਤੇ ਹੋਇਆ । ਆਪ ਦਾ ਇਕੋ ਇਕ ਸਾਰੰਗ ਰਾਗ ਵਿਚ ਉਚਾਰਿਆ ਸ਼ਬਦ ਆਦਿ ਗ੍ਰੰਥ ਵਿਚ ਅੰਕਿਤ ਹੈ ।

ਭਗਤ ਬੇਣੀ ਜੀ (11ਵੀਂ ਸਦੀ)

1. ਬੇਣੀ ਕਉ ਗੁਰ ਕੀਓ ਪ੍ਰਗਾਸੁ । (ਗੁਰੂ ਅਰਜਨ)

2. ਆਪ ਲੁਕ ਕੇ ਭਗਤੀ ਕਰਿਆ ਕਰਦੇ ਸਨ ਘਰਦਿਆਂ ਤੇ ਬਾਹਰਦਿਆਂ ਨਾਲ ਝੂਠ ਬੋਲਦੇ ਕਿ ਮੈਂ ਰਾਜ ਦਰਬਾਰ ਵਿਚ ਨੌਕਰੀ ਕਰਦਾ ਹਾਂ । ਭਗਤ ਦੀ ਭਗਤੀ ਤੋਂ ਖੁਸ਼ ਹੋ ਕੇ ਆਪ ਨਿਰੰਕਾਰ ਕਈ ਵਾਰ ਗੱਡੀ ਲੈ ਕੇ ਘਰ ਦੀਆਂ ਲੋੜੀਂਦੀਆਂ ਵਸਤਾਂ ਬਾਬੇ ਨਾਮ ਦੇਵ ਦੀ ਤਰ੍ਹਾਂ ਇਨ੍ਹਾਂ ਦੇ ਘਰ ਵੀ ਦੇ ਜਾਂਦੇ । ਆਪ ਦੀ ਗੁਪਤ ਭਗਤੀ ਬਾਰੇ ਭਾਈ ਗੁਰਦਾਸ ਜੀ ਕਥਨ ਕਰਦੇ ਹਨ —

ਕਰਮ ਕਰੇ ਅਧਿਆਤਮੀ ਹੋਰਸ ਕਿਸੈ ਨ ਅਲਖ ਲਖਾਵੈ ।

ਜਨਮ 11ਵੀਂ ਸਦੀ ਵਿਚ ਹੋਇਆ । ਬੇਣੀ ਜੀ ਰਾਮਕਲੀ ਰਾਗ ਵਿਚ ਫ਼ੁਰਮਾਣ ਕਰਦੇ ਹਨ ਕਿ ਗਿਆਨ ਪੈਦਾ ਹੋਣ ਨਾਲ ਦੁਰਮਤਿ ਦੂਰ ਹੋ ਜਾਂਦੀ ਹੈ ਅਤੇ ਸਦੀਵੀਂ ਅੰਮ੍ਰਿਤ ਝਰਦਾ ਰਹਿੰਦਾ ਹੈ—

ਉਪਜੈ ਗਿਆਨ ਦੁਰਮਤਿ ਛੀਜੈ, ਅੰਮ੍ਰਿਤ ਰਸਿ ਗਗਨੰਤਰਿ ਭੀਜੈ ।

ਆਪ ਜੀ ਦੇ ਤਿੰਨ ਸ਼ਬਦ, ਸ੍ਰੀ ਰਾਗ, ਰਾਮਕਲੀ ਤੇ ਪ੍ਰਭਾਤੀ ਰਾਗ ਵਿਚ ਆਦਿ ਗ੍ਰੰਥ ਵਿਚ ਅੰਕਿਤ ਹਨ ।

ਸਤਿਗੁਰੂ ਤੋਂ ਬਿਨਾਂ ਕਿਸੇ ਨੂੰ ਵੀ ਪ੍ਰਭੂ ਦਾ ਰਸਤਾ ਹੱਥ ਨਹੀਂ ਆਉਂਦਾ—

ਕਹੁ ਬੇਣੀ ਗੁਰਮੁਖਿ ਧਿਆਵੈ ।
ਬਿਨੁ ਸਤਿਗੁਰ ਬਾਟ ਨ ਪਾਵੈ ।

ਭਗਤ ਸੈਣ ਜੀ (15ਵੀਂ ਸਦੀ ਦੇ ਅੱਧ ਵਿਚ)

ਭਾਈ ਗੁਰਦਾਸ ਜੀ ਆਪ ਬਾਰੇ ਲਿਖਦੇ ਹਨ—

ਸੁਣ ਪਰਤਾਪ ਕਬੀਰ ਦਾ ਦੂਜਾ ਸਿਖ ਹੋਆ ਸੈਣ ਨਾਈ ।
ਪ੍ਰੇਮ ਭਗਤਿ ਰਾਤੀਂ ਕਰੈ ਭਲਕੇ ਰਾਜ ਦੁਆਰੇ ਜਾਈ ।
ਆਇ ਸੰਤ ਪਰਾਹੁਣੇ ਕੀਰਤਨ ਹੋਆ ਰੈਣ ਸਬਾਈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਛੱਡ ਨ ਸਕੈ ਸੰਤ ਜਨ ਰਾਜ ਦੁਆਰ ਨ ਸੇਵ ਕਮਾਈ ।
ਸੈਣ ਰੂਪ ਹਰਿ ਹੋਇਕੈ ਆਇਆ ਰਾਣੇ ਨੋਂ ਰੀਝਾਈ।
ਸਾਧ ਜਨਾ ਨੋ ਵਿਦਾ ਕਰ ਰਾਜ ਦੁਆਰ ਗਇਆ ਸ਼ਰਮਾਈ।
ਰਾਣੇ ਦੂਰੋਂ ਸੱਦ ਕੈ ਗਲਹੁੰ ਕਵਾਇ ਖੋਲ੍ਹ ਪਹਿਨਾਈ।
ਪਰਗਟ ਕਰੈ ਭਗਤ ਵਡਿਆਈ।

ਜਨਮ 15ਵੀਂ ਸਦੀ ਦੇ ਅੱਧ ਵਿਚ ਰਿਆਸ ਰੀਵਾ ਦੇ ਰਾਜੇ ਦੇ ਨਾਈ ਸਨ । ਰਾਜੇ ਨੂੰ ਰਾਤ ਵੇਲੇ ਘੁਟਿਆ ਵੀ ਕਰਦੇ ਸਨ । ਰਾਜਾ ਗੰਠੀਆ ਰੋਗ ਦਾ ਰੋਗੀ ਸੀ । ਇਕ ਦਿਨ ਘਰ ਸੰਤ ਪਰਾਉਣੇ ਆ ਗਏ । ਰੈਣ ਸਬਾਈ ਕੀਰਤਨ ਹੋਇਆ ਤਾਂ ਰਾਜੇ ਨੂੰ ਦਬਾਣ ਨਾ ਜਾ ਸਕੇ ਪ੍ਰਭੂ ਆਪ ਦਾ ਰੂਪ ਧਾਰਕੇ ਆਪ ਆ ਗਿਆ । ਰਾਜੇ ਦਾ ਰੋਗ ਜਾਂਦਾ ਰਿਹਾ ।ਆਪ ਕਮਲਾਪਤੀ ਦੀ ਆਰਤੀ ਉਚਾਰਦੇ ਹਨ—

ਧੂਪ ਦੀਪ ਘ੍ਰਿਤ ਸਾਜ ਆਰਤੀ
ਵਾਰਨੇ ਜਾਉ ਕਮਲਾਪਤੀ ।

ਆਪ ਦੀਵਾਬਤੀ ਪ੍ਰਭੂ ਨੂੰ ਹੀ ਸਮਝਦੇ ਹਨ—

ਊਤਮ ਦੀਅਰਾ ਨਿਰਮਲ ਬਾਤੀ ।
ਤੁਹੀ ਨਿਰੰਜਨੁ ਕਮਲਾਪਾਤੀ ।
ਸੈਨੁ ਨਾਈ ਬੁਤਕਾਰੀਆ, ਓਹ ਘਰਿ ਘਰਿ ਸੁਨਿਆ ।
ਹਿਰਦੇ ਵਸਿਆ ਪਾਰਬ੍ਰਹਮ, ਭਗਤਾ ਮਹਿ ਗਨਿਆ ।
ਇਹ ਬਿਧਿ ਸੁਨਿ ਕੈ ਜਾਟਰੋ, ਉਠਿ ਭਗਤੀ ਲਾਗਾ ।
ਮਿਲੇ ਪ੍ਰਤਖ ਗੁਸਾਈਆਂ, ਧੰਨਾ ਵਡਭਾਗਾ ।

(ਗੁਰੂ ਅਰਜਨ)

ਧੰਨਾ ਜੀ (1415 ਈ:)

ਆਪ ਕਿਰਤੋਂ ਜੱਟ ਸਨ । ਜਨਮ 1415 ਈ: ਰਾਜਪੂਤਾਨੇ ਦੇ ਪਿੰਡ ਧੂਆਨ ਵਿਚ ਹੋਇਆ। ਪਯਾਨ 98 ਸਾਲ ਦੀ ਆਯੂ ਵਿਚ ।

ਗੁਰੂ ਅਰਜਨ ਆਪ ਬਾਰੇ ਲਿਖਦੇ ਹਨ—

ਧੰਨੈ ਸੇਵਿਆ ਬਾਲ ਬੁਧ ।

ਆਪ ਘਰ ਆਏ ਸੰਤਾਂ ਮਹੰਤਾਂ ਦੀ ਰੱਬ ਰੂਪ ਜਾਣ ਕੇ ਸੇਵਾ ਕਰਦੇ । ਆਪ ਜੀ ਦੇ ਰਾਗ ਆਸਾ ਵਿਚ ਦੋ ਤੇ ਧਨਾਸਰੀ ਰਾਗ ਵਿਚ ਇਕ ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਪ ਜੀ ਦਾ ਮਤ ਹੈ ਕਿ ਮਨੁੱਖ ਮੁਢਲੀਆਂ ਲੋੜਾਂ ਪੂਰੀਆਂ ਹੋਣ ਤੇ ਹੀ ਭਗਤੀ ਵੱਲ ਧਿਆਨ ਕਰ ਸਕਦਾ ਹੈ।

ਗੋਪਾਲ ਤੇਰਾ ਆਰਤਾ ।
ਜੋ ਜਨ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ ।
ਦਾਲ ਸੀਧਾ ਮਾਗਉ ਘੀਉ ।
ਹਮਰਾ ਖੁਸੀ ਕਰੈ ਨਿਤ ਜੀਉ ।
ਪਨੀਆ ਛਾਦਨੁ ਨੀਕਾ ।
ਅਨਾਜ ਮਾਗਉ ਸਤ ਸੀਕਾ ।
ਗਊ ਭੈਸ ਮਗਉ ਲਾਵੇਰੀ ।
ਇਕ ਤਾਜਨ ਤੁਰੀ ਚੰਗੇਰੀ ।
ਘਰ ਕੀ ਗੀਹਨਿ ਚੰਗੀ ।
ਜਨੁ ਧੰਨਾ ਲੇਵੈ ਮੰਗੀ ।

ਕਹਿੰਦੇ ਹਨ ਕਿ ਰੱਬ ਧੰਨੇ ਨੂੰ ਮਿਲਿਆ ਤੇ ਕਹਿਣ ਲੱਗਾ ਕਿ ਸਾਰੇ ਭਗਤਾਂ ਨੇ ਮੇਰੀ ਆਰਤੀ ਉਚਾਰੀ ਹੈ ਤੂੰ ਵੀ ਉਚਾਰ ਤਾਂ ਧੰਨਾ ਹੱਸ ਕੇ ਕਹਿਣ ਲੱਗਾ ਕਿ ਜੇ ਤੂੰ ਆਰਤੀ ਨਾਲ ਖੁਸ਼ ਨਹੀਂ ਹੋਇਆ ਤਾਂ ਮੈਂ ਆਰਤਾ ਉਚਾਰ ਦੇਂਦਾ ਹਾਂ। ਅਤੇ ਵੇਖੋ ਆਰਤਾ ਉਚਾਰਦਿਆਂ ਆਪਣੇ ਲਈ ਪ੍ਰਭੂ ਪਾਸੋਂ ਸਭ ਕੁਝ ਮੰਗ ਲੈਂਦਾ ਹੈ। ਮਨੁੱਖ ਭਟਕਦਾ ਰਹੇ ਤਾਂ ਕੁਝ ਨਹੀਂ ਬਣਦਾ ਮਨ ਧੀਰਜ ਨਹੀਂ ਬੱਝਦਾ ਕੇਵਲ ਭਗਤੀ ਵਿਚ ਲਗਨ ਨਾਲ ਹੀ ਮੁਕਤੀ ਤੇ ਚੈਨ ਮਿਲਦਾ ਹੈ—

ਭ੍ਰਮਤ ਫਿਰਤ ਬਹੁ ਜਨਮ ਬਿਲਾਨੇ ਤਨੁ ਮਨੁ ਧਨੁ ਨਹੀਂ ਧੀਰੇ ।
ਲਾਲਚ ਬਿਖੁ ਕਾਥ ਲੁਬਧ ਰਾਤਾ, ਮਨਿ ਬਿਸਰੇ ਪ੍ਰਭ ਹੀਰੇ ।
.. ..
ਪ੍ਰੇਮ ਭਗਤਿ ਮਾਨੀ ਸੁਖੁ ਜਾਨਿਆ, ਤ੍ਰਿਪਤ ਅਘਾਨੇ ਮੁਕਤਿ ਭਏ ।
ਧੰਨੈ ਧਨੁ ਪਾਇਆ ਧਰਣੀ ਧਾਰ, ਮਿਲਿ ਜਨ ਸੰਤ ਸਮਾਨਿਆ।

ਪੀਪਾ ਜੀ (15ਵੀਂ ਸਦੀ ਦੇ ਆਦਿ ਵਿਚ)

ਪੀਪਾ ਜੀ ਰਿਆਸਤ ਰਾਗਰੋਨ ਗੜ੍ਹ ਦੇ ਰਾਜਾ ਸਨ ।
ਜਨਮ 15ਵੀਂ ਸਦੀ ਦੇ ਆਦਿ ਵਿਚ ਮੰਨਿਆ ਜਾਂਦਾ ਹੈ ।

ਆਦਿ ਗ੍ਰੰਥ ਵਿਚ ਰਾਗ ਧਨਾਸਰੀ ਵਿਚ ਉਨ੍ਹਾਂ ਦਾ ਉਚਾਰਿਆ ਇਕ ਸ਼ਬਦ ਅੰਕਿਤ ਹੈ। ਆਪ ਜੀ ਦਾ ਵਿਚਾਰ ਹੈ ਕਿ ਜੋ ਪ੍ਰਭੂ ਬ੍ਰਹਿਮੰਡ ਵਿਚ ਵਿਆਪਕ ਹੈ ਉਹੀ ਕਾਇਆ ਅੰਦਰ ਵੀ ਹੈ। ਜੋ ਖੋਜਦਾ ਹੈ ਅੰਦਰੋਂ ਹੀ ਪਾ ਲੈਂਦਾ ਹੈ—

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੋ ਬ੍ਰਹਿਮੰਡੇ ਸੋਈ ਪਿੰਡੇ, ਜੋ ਖੋਜੈ ਸੋ ਪਾਵੈ।
ਪੀਪਾ ਪ੍ਰਣਵੈ ਪਰਮ ਤਤੁ ਹੈ, ਸਤਿਗੁਰੁ ਹੋਇ ਲਖਾਵੈ।

ਆਪ ਬਹੁਤ ਦਇਆਵਾਨ ਸਨ ਹਰੇਕ ਵਿਚ ਪ੍ਰਭੂ ਦੀ ਝਲਕ ਤਕਦੇ ਸਨ। ਆਪ ਦਾ ਫ਼ੁਰਮਾਨ ਹੁੰਦਾ ਸੀ ਕਿ ਸਭ ਕੁਝ ਉਸੇ ਦਾ ਦਿਤਾ ਹੋਇਆ ਹੈ।

ਸੂਰਦਾਸ ਜੀ

ਸੂਰਦਾਸ ਹਿੰਦੀ ਗਗਨ ਦਾ ਸੂਰਜ ਹੈ ਤੁਲਸੀ ਚੰਦ ਤੇ ਹੋਰ ਕਵੀ ਤਾਰੇ। ਆਪ ਭਗਤੀ ਦੇ ਮੁਕਾਬਲੇ ਸਭ ਕੁਝ ਤੁਛ ਸਮਝਦੇ ਹਨ। ਪ੍ਰਭੂ ਦਾ ਦਰਸ਼ਨ ਕਰਦੇ ਹੀ ਸਭ ਵਿਸ਼ੇ ਵਿਕਾਰ ਨੱਸ ਜਾਂਦੇ ਹਨ ਅਤੇ ਸਾਰੇ ਪਦਾਰਥ ਪ੍ਰਾਪਤ ਹੋ ਜਾਂਦੇ ਹਨ—

ਦਰਸ ਨ ਪੇਖਿ ਭਏ ਨਿਰ ਬਿਖਈ, ਪਾਏ ਹੈ ਸਗਲੇ ਥੋਕ

ਆਪ ਆਪਣੇ ਮਨ ਨੂੰ ਸੰਬੋਧਨ ਕਰਦੇ ਕਹਿੰਦੇ ਹਨ ਕਿ ਬੇਮੁਖਾਂ ਦੀ ਸੰਗਤ ਛੱਡ ਦੇ—

ਛਾਡਿ ਮਨ ਬਿਮੁਖਨ ਕੋ ਸੰਗੁ

ਆਪ ਜੀ ਦੀ ਇਕ ਤੁਕ ਤੇ ਇਕ ਸ਼ਬਦ ਮਹਲਾ ਪੰਜਵਾਂ ਦੇ ਨਾਂ ਹੇਠ ਆਦਿ ਗ੍ਰੰਥ ਵਿਚ ਰਾਗ ਸਾਰੰਗ ਵਿਚ ਅੰਕਿਤ ਹੈ।

2. ਆਦਿ ਗ੍ਰੰਥ ਤੋਂ ਬਾਹਰਲੇ ਭਗਤ—

ਪੀਲੂ—1. ਪੀਲੂ ਅਸਾਂ ਨਾਲੋਂ ਸੇ ਭਲੇ, ਜੰਮਦਿਆਂ ਮੋਇ।
ਉਨ੍ਹਾਂ ਚਿਕੜ ਪਾਉ ਨਾ ਬੋੜਿਆ ਨ ਅਲੂ ਦੇ ਭਏ।

2. ਪੀਲੂ ਪੁਛੇ ਸ਼ਾਇਰ ਨੂੰ, ਕੈਂ ਵਲ ਗਿਆ ਜਹਾਨ।
ਬਹਿ ਬਹਿ ਗਈਆਂ ਮਜਲਸਾਂ, ਲਗ ਲਗ ਗਏ ਦੀਵਾਨ।

ਮੌਲਾ ਬਖ਼ਸ ਕੁਸ਼ਤਾ ਨੇ ਆਪ ਨੂੰ ਪਿੰਡ ਵੇਰੋਵਾਲ ਤਹਿਸੀਲ ਤਰਨ ਤਾਰਨ ਦਾ ਮੰਨਦੇ ਹਨ। ਕਈਆਂ ਦਾ ਖਿਆਲ ਹੈ ਕਿ ਅਟਾਰੀ ਦੇ ਨੇੜੇ ਪੀਲੂ ਦਾ ਖੂਹ ਹੈ ਹੁਸ਼ਿਆਰ ਨਗਰ ਪਿੰਡ ਦੇ ਬਾਹਰ।

ਕਾਨ੍ਹਾ ਜੀ

ਆਪ ਆਤਮ ਵੇਤਾ ਹਨ।

ਮੈਂ ਉਹੀ ਰੇ, ਮੈਂ ਉਹੀ ਰੇ
ਜਾਕਉ ਸੁਰਜਰ ਮੁਨਿਜਨ ਖੋਜਤੇ
ਖੋਜਤ ਖੋਜਤ ਖੋਹੀ ਰੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਹਿੰਦੇ ਹਨ ਕਿ ਇਕ ਦਿਨ ਭਗਤ ਲੱਧਾ ਤੇ ਨਾਨੂ ਦੋਵੇਂ ਇਕ ਕਾਫਲੇ ਨਾਲ ਜਾ ਰਹੇ ਸਨ ਕਿ ਪਠਾਨ ਦੇ ਰੂਪ ਵਿਚ ਪਰਮਾਤਮਾ ਮਿਲਿਆ ਜਿਸ ਨੇ ਕਿਹਾ ਕਿ ਪੂਰਬ ਵੱਲ ਜਾਵੋ ਓਥੇ ਤੁਹਾਨੂੰ ਇਕ ਬਾਲਕ ਮਿਲੇਗਾ ਤਾਂ ਬਾਲਕ ਮਿਲਿਆ ਜਿਸ ਦਾ ਨਾ ਕਾਨ੍ਹਾ ਰੱਖਿਆ ਕਿਉਂਕਿ ਉਹ ਕਾਨ੍ਹਿਆਂ ਵਿਚੋਂ ਮਿਲਿਆ ਸੀ—

ਬਾਣੀ—

ਐਸੇ ਬਾਬਾ ਭਰਮ ਨ ਭੁਲਹੁ ਕੋਈ।
ਅਠਸਠ ਤੀਰਥ ਕਿਉਂ ਨਿਸਤਰੀਐ,
ਜਬ ਲਗ ਆਤਮ ਸੁਧ ਨ ਹੋਈ।

ਆਪ ਨੇ ਦੋਹਰਾ ਤੇ ਚੌਪਈ ਛੰਦ ਵਰਤੇ ਹਨ।

ਸਾਧੂ ਜਨ

ਸ਼ਾਇਦ ਆਪ ਗੁਰੂ ਅਰਜਨ ਦੇਵ ਜੀ ਅਨਿਨ ਸਿਖ ਸਨ ਆਪ ਦਾ ਨਾ ਵੀ ਗੁਰੂ ਜੀ ਨੇ ਆਪ ਹੀ ਰੱਖਿਆ।

ਬਾਣੀ—ਮੈਂ ਵਾਰਿਆ ਗੁਰੂ ਦੀ ਪਗੜੀ ਤੋਂ
ਤੇਰੀ ਪਗੜੀ ਹਰਿ ਲਿਵ ਲਗੜੀ ਤੋਂ।

ਵਲੀ ਰਾਮ

ਡਾ. ਮੋਹਨ ਸਿੰਘ ਦੀਵਾਨਾ ਆਪ ਨੂੰ ਆਪਣੀ ਪੁਸਤਕ **An Introduction to the Study of Panjabi Literature** ਵਿਚ ਸਭ ਤੋਂ ਵੱਧ ਸੁਘੜ ਕਵੀ ਮੰਨਦੇ ਹਨ। ਆਪ ਨੇ ਉਰਦੂ ਹਿੰਦੀ ਵਿਚ ਵੀ ਕਵਿਤਾ ਲਿਖੀ। ਪੰਜਾਬੀ ਵਿਚ ਆਪ ਨੇ ਸ਼ਬਦ, ਕਬਿਤ ਤੇ ਕਾਫੀਆਂ ਰਚੀਆਂ। ਆਪ ਮੰਨਦੇ ਹਨ ਕਿ ਚਹੁੰ ਵੇਦਾਂ ਦਾ ਗਿਆਨ ਗੁਰਮੁਖ ਦੇ ਅਨੁਭਵ ਵਿਚ ਹੈ—

ਜੋ ਕੁਛ ਚਾਰ ਵੇਦ ਮਿਲ ਗਾਇਓ।
ਸੋ ਗੁਰਮੁਖ ਅਨਭੈ ਮੈ ਪਾਇਓ।

ਦਾਦੂ ਜੀ

ਦਾਦੂ ਜੀ ਦੀ ਇਹ ਪੰਕਤੀ ਲੋਕ ਮੂੰਹਾਂ ਤੇ ਚੜ੍ਹੀ ਹੋਈ ਹੈ—
ਦਾਦੂ ਦਾ ਹਵਾ ਦੂਰ ਕਰ ਬਿਨ ਦ੍ਹਾਵਿਓ ਦਿਨ ਕੱਟ।

ਰਜਬ ਭਗਤ ਆਪ ਜੀ ਦਾ ਚੇਲਾ ਹੈ ਰਜਬ ਆਪ ਬਾਰੇ ਲਿਖਦੇ ਹਨ—

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਕਬਰ ਸਾਹਿ ਬੁਲਾਇਆ, ਗੁਰੂ ਦਾਦੂ ਕੋ ਆਪ ।
ਸਾਂਚ ਝੂਠ ਵਿਯੋਗੀ ਹੂਈ, ਰਹਯੋ ਨਾਮ ਪਰਤਾਪ ।

ਕਿਹਾ ਜਾਂਦਾ ਹੈ ਕਿ ਸੰਤਾਨਹੀਣ ਬ੍ਰਾਹਮਣ ਲੋਦੀ ਰਾਮ ਨੂੰ ਆਪ ਰੁੜ੍ਹਦੇ ਸੰਦੂਕ ਵਿਚੋਂ ਮਿਲੇ ਅਤੇ ਜਦ ਲੋਦੀ ਨੇ ਆਪਣੀ ਪਤਨੀ ਦੀ ਗੋਦ ਵਿਚ ਦਿਤਾ ਤਾਂ ਉਨ੍ਹਾਂ ਦੇ ਥਣਾਂ ਵਿਚ ਦੁੱਧ ਉਤਰ ਆਇਆ ਜਿਸ ਤੋਂ ਆਪ ਦਾ ਨਾਂ ਦਾਦੂ ਰੱਖਿਆ ਗਿਆ ।

ਨਨੂਆ ਜੀ

ਆਪ ਗੁਰੂ ਤੇਗ ਬਹਾਦਰ ਦੇ ਸਮਕਾਲੀ ਹਨ ।

ਆਪ ਗੁਰੂ ਜੀ ਦੇ ਦਰਬਾਰ ਵਿਚ ਤਿੰਨ ਮਹੀਨੇ ਰਹੇ । ਨਨੂਆਂ ਦਾ ਅਰਥ ਹੈ ਨਿੱਕਾ । ਆਪ ਦੁਬਲੇ ਪਤਲੇ ਸਨ ।

ਅਸਾਨੂੰ ਸਾਂਈਂ ਦਰਸ ਦਿਖਾਇਆ
ਖਲੀ ਬੰਦੀ, ਡੁਲ੍ਹੀ ਨੈਣੀ ਹੱਸਦਾ ਆਇਆ ।
ਪਿਆਰ ਆਪਣਾ ਭਰ ਭਰ ਬੁਕੀਂ ਮੇਰੇ ਮਨਿ ਤਨਿ ਪਾਇਆ ।
ਨਨੂਏਂ ਨੂੰ ਹੋਰ ਜਾਇ ਨਾ ਕਾਈ ।
ਧਾਇ ਸਿਰ ਪੈਰਾਂ ਤੇ ਲਾਇਆ ।

ਭਗਤ ਗੁਆਲ

ਤੂੰ ਨਿਮਾਣਿਆਂ ਦਾ ਮਾਣੁ ।
ਮੈਨੂੰ ਦਰਸ਼ਨ ਦੇਹਿ ਮੇਰੇ ਰਾਮ ।
ਜਬ ਤੇਰਾ ਦਰਸ਼ਨ ਪਾਵਾਂ ।
ਤਬ ਬਹੁੜਿ ਨ ਜੂਨੀ ਆਵਾਂ ।
ਤੈਂ ਧੰਨੇ ਦਾ ਖੇਤ ਜਮਾਇਆ ।
ਤੈਂ ਅਜਾਮਲ ਗਤਿ ਪਹੁੰਚਾਇਆ ।
ਪੀਪਾ ਰਵਿਦਾਸ ਨਾਮਾ ।
ਤੈਂ ਤਾਰੇ ਬਿਦਰ ਸੁਦਾਮਾ ।
ਸੈਨਾ ਜਾਤ ਕੋ ਨਾਈ ।
ਤੈਂ ਨਾਮ ਦੇਉ ਕੀ ਛਾਨ ਛਵਾਈ ।
ਤੈਂ ਸਿਲ ਅਹਿਲਿਆ ਤਾਰੀ ।
ਆਈ ਦਾਸ ਗੁਆਲ ਦੀ ਵਾਰੀ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਾਬਾ ਸ੍ਰੀ ਚੰਦ ਜੀ

ਆਪ ਬਾਬਾ ਨਾਨਕ ਜੀ ਦੇ ਵੱਡੇ ਪੁੱਤਰ ਸਨ। ਜਨਮ 1551 ਬਿਕਰਮੀ ਮਾਤਾ ਸੁਲੱਖਣੀ ਜੀ ਦੀ ਕੁਖੋਂ ਹੋਇਆ। 118 ਸਾਲ ਦੀ ਆਯੂ ਭੋਗ ਕੇ ਪਯਾਨਾ ਕੀਤਾ 1669 ਬਿਕਰਮੀ ਵਿਚ।

ਬਾਣੀ—ਜਟਾ ਜੂਟ ਮੁਕਟ ਸਿਰ ਹੋਇ।
ਮੁਕਤਾ ਫਿਰੈ ਬੰਧਨ ਨਹੀਂ ਕੋਇ।
ਨਾਨਕ ਪੂਤਾ ਸ੍ਰੀ ਚੰਦ ਬੋਲੈ।
ਜੁਗਤ ਗਿਆਨ ਤਤ ਬਿਰੋਲੈ।
ਐਸੀ ਮਾਤ੍ਰਾ ਪਹਿਰੈ ਕੋਈ।
ਆਵਗਵਨ ਮਿਟਾਵੈ ਸੋਈ।

ਵਲੀ ਰਾਮ—ਸੁਣ ਯਾਰ ਗੁਮਾਨੀ ਵੇ, ਇਨੀ ਗਲੀਂ ਸਾਨੂੰ ਤਾਰਦਾ।
ਨੈਣਾਂ ਦੀ ਨਾਵ ਕਰੇ ਸੋ ਲੰਘੇ, ਡੂੰਘਾ ਘਾਟ ਪਿਆਰ ਦਾ।
ਰਾਤਿ ਅੰਧੇਰੀ ਗਲੀਏ ਚਿਕੜ, ਮੈਂ ਭਰਵਾਸਾ ਯਾਰ ਦਾ।
ਵਲੀ ਰਾਮ ਰਸ ਭਿੰਨੜਾ ਢੋਲਣ, ਨਦਰੀ ਪਾਰ ਉਤਾਰਦਾ।

ਸੰਤ ਰੇਣ—ਦੁਨੀਆਂ ਝੂਠੀ ਤੇ ਸਾਈਂ ਸੱਚਾ, ਪਰ ਦੁਨੀਆਂ ਪਿਆਰੀ ਲੱਗੇ।
ਸੱਚੇ ਛੋਡੇ ਤੇ ਝੂਠ ਵਿਹਾਜੇ, ਇਹ ਨਿਆਉਂ ਪਿਆ ਤੇਰੇ ਅੱਗੇ।
ਘਰ ਜੈਂਦੇ ਵਿਚ ਦੁਸ਼ਮਨ ਹੋਵੇ, ਉਹ ਕਿਚਰ ਤਾਈਂ ਤੱਗੇ।
ਸੰਤ ਰੇਣ ਉਹ ਕਦੇ ਨਾ ਮਿਲਦੇ ਜੋ ਦੁਨੀਆਂ ਦੇ ਠੱਗੇ।

ਛੱਜੂ ਭਗਤ—ਕਹਾਵਤ ਪ੍ਰਸਿਧ ਹੈ—
ਜੋ ਸੁਖ ਛੱਜੂ ਦੇ ਚੁਬਾਰੇ।
ਨਾ ਬਲਖ ਨਾ ਬੁਖਾਰੇ।

ਛੱਜੂ ਦੀ ਬਾਣੀ—ਏਹ ਦਿਲ ਅਜਬ ਕਿਤਾਬ, ਹਰਫ ਨਾ ਦੂਜਾ ਲਿਖੀਐ।
ਸੌ ਦਮ ਨਿਤ ਹਿਸਾਬ, ਜਿਤ ਦਮ ਸਾਈ ਵਿਸਰੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੂਫ਼ੀ ਕਾਵਿ, ਭਗਤੀ ਕਾਵਿ ਤੇ ਗੁਰਮਤਿ ਕਾਵਿ ਦੀ ਤੁਲਨਾ

ਸੂਫ਼ੀ ਕਾਵਿ, ਗੁਰਮਤਿ ਕਾਵਿ ਤੇ ਭਗਤੀ ਕਾਵਿ ਤਿੰਨੇ ਹੀ ਅਧਿਆਤਮਕ ਕਾਵਿ-ਧਾਰਾ ਦੀਆਂ ਪ੍ਰਮੁਖ ਪ੍ਰਵਿਰਤੀਆਂ ਹਨ। ਇਹ ਰੂਹਾਨੀ ਜਾਂ ਉਹ ਧਾਰਮਿਕ ਕਵਿਤਾ ਹੈ ਜਿਸ ਨੂੰ ਸੰਸਾਰ ਭਰ ਦੇ ਮਹਾਨ ਵਿਦਵਾਨਾਂ ਨੇ ਉਚ ਪਾਏ ਦੀ ਕਵਿਤਾ ਦਾ ਦਰਜਾ ਦਿਤਾ ਹੈ।

ਇਹ ਕਵਿਤਾ ਆਵੇਸ਼ ਦੀ ਕਵਿਤਾ ਹੈ। ਇਲਹਾਮ ਹੋਈ ਹੈ। ਇਸ ਨੂੰ ਰਚਨ ਦੀ ਲੋੜ ਨਹੀਂ ਪਈ। ਇਹ ਆਪਣੇ ਆਪ ਰਚੀ ਗਈ ਹੈ। ਜਤਨ ਰਹਿਤ ਰਚੀ ਕਵਿਤਾ ਹੈ। (Effortless Poetry)

1. ਜੈਸੀ ਮੈਂ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨ ਵੇ ਲਾਲੋ।

(ਗੁਰੂ ਨਾਨਕ)

2. ਸਤਿਗੁਰ ਕੀ ਬਾਣੀ ਸਤਿ ਸਤਿ ਕਰ ਜਾਣੋ ਗੁਰਸਿਖੋ
ਹਰਿ ਕਰਤਾ ਆਪ ਮੂਹੋਂ ਕਢਾਇ।

(ਅਮਰਦਾਸ)

3. ਹਰਿ ਆਪੇ ਲੇਖਣ ਆਪ ਲਿਖਾਰੀ ਆਪੇ ਲੇਖ ਲਿਖਾਹਾ। (ਰਾਮਦਾਸ)

ਇਹ ਤਿੰਨੇ ਪ੍ਰਕਾਰ ਦੀ ਕਵਿਤਾ ਧੁਰ ਕੀ ਬਾਣੀ ਹੈ। ਅਤੇ ਇਹ ਸਗਲੀ ਮਨੁੱਖੀ ਚਿੰਤਾ ਨੂੰ ਮਿਟਾ ਕੇ ਰੱਖ ਦੇਣ ਦੀ ਸ਼ਕਤੀ ਤੇ ਸਮਰੱਥਾ ਰੱਖਦੀ ਹੈ। ਸੋ ਇਹ ਮਨੁੱਖਤਾ ਤੇ ਕਲਿਆਣ ਦੀ ਕਵਿਤਾ ਹੈ।

ਇਹ ਕਵਿਤਾ ਮਾਨਵਵਾਦੀ ਹੈ। ਇਹ ਮੰਨਦੀ ਹੈ ਕਿ ਰੱਬ ਦਾ ਵਾਸਾ ਮਨੁੱਖੀ ਦਿਲਾਂ ਵਿਚ ਹੈ। ਸਾਰੇ ਮਨੁੱਖ ਬਰਾਬਰ ਦਾ ਦਰਜਾ ਰੱਖਦੇ ਹਨ। ਕੋਈ ਘਿਰਣਾ ਦੇ ਯੋਗ ਨਹੀਂ। ਦਿਲ ਮਾਣਕ ਮੋਤੀ ਹਨ।

ਇਕ ਫਿੱਕਾ ਨਾ ਗਾਲਾਇ ਸਭਨਾ ਮਹਿ ਸੱਚਾ ਧਨੀ।
ਹਿਆਉ ਨਾ ਕੈਹੀ ਠਾਹਿ ਮਾਣਕ ਸਭ ਅਮੋਲਵੇ। (ਬਾਬਾ ਫਰੀਦ)
ਨਾਨਕ ਫਿੱਕਾ ਬੋਲਿਆ ਤਨ ਮਨ ਫਿਕਾ ਹੋਇ। (ਨਾਨਕ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਸ ਸਮੇਂ ਦੇ ਰਾਜੇ ਪਰਜਾ ਤੇ ਜ਼ੁਲਮ ਕਰ ਰਹੇ ਸਨ ਅਤੇ ਗਰੀਬ ਪਰਜ਼ਾ ਰੱਬ ਦੇ ਭੈ ਹੇਠ ਵਿਚਰਦੀ ਸੀ। ਇਸੇ ਲਈ ਫ਼ਰੀਦ ਦਾ ਹੁਕਮ ਸੀ ਕਿ ਰਾਜਿਆਂ ਮਹਾਰਿਆਂ ਨਾਲ ਕੋਈ ਲਗਾਵ ਨਾ ਰੱਖਿਆ ਜਾਏ । ਬਾਬਾ ਨਾਨਕ ਵੀ ਲਿਖਦੇ ਹਨ—

1. ਰਾਜੇ ਸ਼ੀਹ ਮੁਕਦਮ ਕੁਤੇ
   ਜਾਇ ਜਗਾਇਣ ਬੈਠੇ ਸੁਤੇ ।
2. ਨੀਚਾਂ ਅੰਦਰ ਨੀਚ ਜਾਤ ਨੀਚੀਂ ਹੂੰ ਅਤ ਨੀਚ ।
   ਨਾਨਕ ਤਿਨ ਕੇ ਸੰਗ ਸਾਥ ਹਉਂ ਵਡਿਆਂ ਸਿਉਂ ਕਿਆ ਰੀਸ ।

ਇਹੀ ਹਾਲ ਭਗਤੀ ਕਵੀਆਂ ਦਾ ਸੀ । ਨਾਮਦੇਵ ਨੂੰ ਰਾਜਾ ਬੰਨ੍ਹ ਲੈਂਦਾ ਹੈ। ਜ਼ੁਲਮ ਢਾਉਂਦਾ ਹੈ । ਨਾਮਦੇਵ ਆਪ ਇਸ ਘਟਨਾ ਬਾਰੇ ਆਪਣੀ ਬਾਣੀ ਵਿਚ ਜ਼ਿਕਰ ਕਰਦਾ ਹੈ—

"ਨਾਮਾ ਸੁਲਤਾਨੇ ਬਾਧਿਲਾ। ਦੇਖਉ ਤੇਰਾ ਹਰਿ ਬੀਠੁਲਾ ।
ਬਿਸਮਿਲ ਗਊ ਦੇਹੁ ਜੀਵਾਟਿ। ਨਾਤਰੁ ਗਰਦਨਿ ਮਾਰਉ ਠਾਹਿ ।"

ਤਿੰਨੇ ਪ੍ਰਕਾਰ ਦੀ ਕਵਿਤਾ ਵਿਚ ਸਿਮਰਨ ਤੇ ਜ਼ੋਰ ਦਿਤਾ ਗਿਆ ਹੈ। ਪ੍ਰਭੂ ਦੇ ਨਾਮ ਤੇ ਬਲ ਹੈ । ਉਸੇ ਨੂੰ ਸਭ ਬੰਧਨਾਂ ਦਾ ਹੱਲ ਸਮਝਿਆ ਗਿਆ ਹੈ ।

ਮੁੱਢਲਾ ਸੂਫ਼ੀ ਕਾਵਿ ਕੁਰਾਨੀ ਫ਼ਿਲਾਸਫ਼ੀ ਤੋਂ ਪ੍ਰਭਾਵਿਤ ਹੈ। ਜਦ ਕਿ ਗੁਰਮਤ ਕਾਵਿ ਤੇ ਭਗਤੀ ਕਾਵਿ ਵੇਦਾਂ ਤੇ ਆਧਾਰਿਤ ਹੈ ।

1. ਅਹਿਰਨ ਮਤਿ ਵੇਦ ਹਥਿਆਰ । (ਨਾਨਕ)
2. ਵੇਦਾ ਮਹਿ ਨਾਮ ਉਤਮ ਸੋ ਸੁਣਹਿ ਨਾਹੀ
   ਫਿਰੇ ਜਿਉਂ ਬੇਤਾਲਿਆ । (ਅਮਰਦਾਸ)
3. ਹਰਿ ਸਿਮਰ ਨ ਲਗ ਵੇਦ ਉਪਾਏ । (ਅਰਜਨ ਦੀ ਬਾਣੀ ਸੁਖਮਨੀ)

ਭਗਤੀ ਕਾਵਿ ਵਿਚ ਵੀ ਵੇਦਾਂ ਦੀ ਮਹਿਮਾ ਹੈ—

1. ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ । (ਕਬੀਰ)
2. ਦੁਤੀਆ ਮਉਲੇ ਚਾਰ ਬੇਦ । (ਕਬੀਰ)
   ਸਭੇ ਵੇਦ ਕੁਰਾਨ ਪੁਕਾਰਦੇ ਨੇ ਏਸ ਲੋਭ ਹੰਕਾਰ ਦੀ ਜਾਹਨਾਹੀ ।
   (ਮੌਲਵੀ ਖੁਲਕੀ ਸੂਫ਼ੀ)

ਤਿੰਨੇ ਕਾਵਿ ਹੀ ਪ੍ਰਭੂ ਦੇ ਸਮਰਪਣ ਹੋਣ ਦੀ ਸਿਖਿਆ ਤੇ ਬੱਲ ਦੇਂਦੇ ਹਨ। ਆਪਣੇ ਆਪੇ ਨੂੰ ਮਿਟਾ ਦੇਣਾ ਹੀ ਮੁਕਤੀ ਹੈ । ਕਲਿਆਣ ਹੈ । ਸੋਭਦਾ ਹੈ ।

1. ਮਰ ਮਰ ਜੀਵੇ ਤਾਂ ਕੁਛ ਪਾਵੇ ਨਾਨਕ ਨਾਮ ਵਖਾਣੇ । (ਨਾਨਕ)
2 ਨਾਨਕ ਜੀਵਦਿਆਂ ਮਰ ਰਹੀਐ ਜੋਗ ਜੁਗਤ ਇਵ ਪਾਈਐ । (ਨਾਨਕ)

ਭਗਤੀ ਕਾਵਿ ਵਿਚ ਤੱਕੋ—

1. ਇਹ ਜਨਮ ਤੁਮਾਰੇ ਲੇਖੇ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

2. ਜਬ ਹਮ ਹੋਤ ਤਬ ਤੂ ਨਾਹੀ ਅਬ ਤੂ ਹੀ ਮੈਂ ਨਾਹੀ (ਰਵਿਦਾਸ)
ਮੇਰੇ ਸਾਹਿਬਾ ਮੈਂ ਤੇਰੀ ਹੋ ਮੁਕੀਆਂ। ਹਰ ਗਲੋਂ ਮੈਂ ਚੁਕੀਆਂ। (ਸ਼ਾਹ ਹੁਸੈਨ)
ਫ਼ਰੀਦਾ ਜੇ ਤੂੰ ਮੇਰਾ ਹੋਇ ਰਹੇਂ ਸਭ ਜਗ ਤੇਰਾ ਹੋਇ।

ਤਿੰਨੇ ਮੱਤ ਹੀ ਮਨੁੱਖ ਨੂੰ ਰੱਬ ਦਾ ਭੈ ਦੇ ਕੇ ਭਗਤੀ ਵੱਲ ਲਗਾਂਦੇ ਹਨ—

ਮਲਕ ਜੋ ਕੰਨੀ ਸੁਣੀਦਾ ਮੂਹ ਦਿਖਾਲੇ ਆਇ।
ਜਿੰਦ ਨਿਮਾਣੀ ਕਢੀਐ ਹਡਾ ਕੂ ਕੜਕਾਇ। (ਫਰੀਦ)
ਥਰ ਥਰ ਕੰਪੇ ਬਾਲਾ ਜੀਓ। ਨਾ ਜਾਣੇ ਕਿਆ ਕਰਸੀ ਪੀਓ।
ਰੈਣ ਗਈ ਮਤ ਦਿਨ ਭੀ ਜਾਇ (ਕਬੀਰ)
ਵਡਾ ਹੋਆ ਦੁਨੀਦਾਰ ਗਲ ਸੰਗਲ ਘਤ ਚਲਾਇਆ।
ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰ ਸਮਝਾਇਆ। (ਨਾਨਕ)

ਦੁਨੀਆਂ ਕੂੜੀ ਹੈ ਕੇਵਲ ਰੱਬ ਸੱਚਾ ਹੈ।

ਕੂੜ ਰਾਜਾ ਕੂੜ ਪਰਜਾ ਕੂੜ ਸਭ ਸੰਸਾਰ (ਨਾਨਕ)
ਕੂੜਾ ਘੋੜਾ, ਕੂੜਾ ਜੋੜਾ, ਕੂੜਾ ਸ਼ਾਹ ਅਸਵਾਰ।
ਕੂੜੇ ਹਾਥੀ, ਕੂੜੇ ਲਸ਼ਕਰ, ਕੂੜੇ ਫੌਜ ਕਟਾਰ।
ਕੂੜੇ ਜੋੜੇ, ਕੂੜੇ ਬੇੜੇ, ਕੂੜੇ ਹਾਰ ਸ਼ਿੰਗਾਰ।
ਕੂੜੇ ਕੋਠੇ, ਕੂੜੇ ਮਾਨ ਮਿਤ੍ਰ, ਕੂੜਾ ਇਹ ਸੰਸਾਰ।
ਹੈਦਰ ਆਖੇ ਸਭ ਕੁਝ ਕੂੜਾ ਸੱਚਾ ਹਿਕ ਕਰਤਾਰ। (ਅਲੀ ਹੈਦਰ)

ਤਿੰਨਾਂ ਵਿਚ ਹੀ ਬਿਰਹਾ ਤੇ ਵਸਲ ਦਾ ਭਰਪੂਰ ਵਰਣਨ ਹੈ—
ਬਾਬਾ ਫ਼ਰੀਦ—ਬਿਰਹਾ ਬਿਰਹਾ ਆਖੀਐ ਬਿਰਹਾ ਤੂੰ ਸੁਲਤਾਨ।
ਸ਼ਾਹ ਹੁਸੈਨ ਤਾਂ ਬਿਰਹਾ ਦਾ ਸੁਲਤਾਨ ਹੋਇਆ ਹੈ।
ਗੁਰੂ ਨਾਨਕ ਦਾ ਬਾਰਹ ਮਾਹ ਮਾਝ ਰਾਗ ਦਾ ਬਿਰਹਾ ਵਰਣਨ ਦੀ ਸੁੰਦਰ ਉਦਾਹਰਣ ਹੈ। ਰਵਿਦਾਸ ਵੀ ਬਿਰਹਾ ਗੌਂਦਾ ਹੈ—

ਕਹੇ ਰਵਿਦਾਸ ਆਸ ਲਗ ਜੀਵਾਂ ਚਿਰ ਭਇਓ ਦਰਸ਼ਨ ਦੇਖੇ।

ਤਿੰਨੇ ਹੀ ਪ੍ਰਭੂ ਦਾ ਕਣ ਕਣ ਵਿਚ ਵਸਿਆ ਦਸਦੇ ਹਨ।

ਖਾਲਕ ਖਲਕ ਮਹਿ ਖਲਕ ਵਸਹਿ ਰਬ ਮਾਹਿੰ (ਫਰੀਦ)
ਅੰਦਰ ਤੂੰ ਹੈਂ ਬਾਹਰ ਤੂੰ ਹੈ ਰੋਮ ਰੋਮ ਵਿਚ ਤੂੰ। (ਸ਼ਾਹ ਹੁਸੈਨ)
ਬਲਿਹਾਰੀ ਕੁਦਰਤ ਵਸਿਆ ਤੇਰਾ ਅੰਤ ਨ ਜਾਈ ਲਖਿਆ। (ਨਾਨਕ)

ਕੁਰਾਨ ਤੇ ਵੇਦਾਂ ਦੀ ਅਸਲੀਅਤ ਵੀ ਇਹੀ ਹੈ। ਕੁਰਾਨ ਦੀ ਤੌਹੀਦ ਫਿਲਾਸਫੀ ਤੇ ਵੇਦਾਂ ਦੀ ਅਦਵੈਤਵਾਦ ਦਾ ਦਰਸ਼ਨ ਸਾਂਝਾ ਹੈ।

ਸਭੈ ਘਟ ਰਾਮ ਬੋਲੈ ਰਾਮਾ ਬੋਲੈ।
ਰਾਮ ਬਿਨਾ ਕੋ ਬੋਲੈ ਰੇ।
... ...

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਘਟ ਘਟ ਰਾਮ ਸਮਾਨਾ ਰੇ ।

... ...

ਏਕਲ ਮਾਟੀ ਕੁੰਚਰ ਚੀਟੀ, ਭਾਜਨ ਹੈ ਬਹੁ ਨਾਨਾ ਰੇ । (ਨਾਮਦੇਵ)

ਤਿੰਨਾਂ ਦਾ ਹੀ ਨਾਮ, ਜਪ, ਤਪ, ਅਰਾਧਨਾ ਤੇ ਜ਼ੋਰ ਹੈ—

'ਜਪਦਿਆਂ ਨੂੰ ਹਰ ਮੇਲੇ ।'

ਸ਼ਾਹ ਹੁਸੈਨ ਭੀ ਕਿੰਨਾ ਗੁਰਬਾਣੀ ਨਾਲ ਮੇਲ ਖਾ ਜਾਂਦਾ ਹੈ ।

ਸਾਰਾ ਸੁਖਮਨੀ ਹੀ ਸਿਮਰਨ ਦੀ ਮਹਿਮਾ ਦਾ ਗਾਇਣ ਕਰਦਾ ਕਰਦਾ ਆਪਣਾ ਭੋਗ ਪਾ ਜਾਂਦਾ ਹੈ—

ਸਿਮਰੋ ਸਿਮਰ ਸਿਮਰ ਸੁਖ ਪਾਵੋ ।

ਭਗਤੀ ਕਾਵਿ ਵਿਚ ਤਕੋ—

ਊਚੇ ਮੰਦਰ ਸੁੰਦਰ ਨਾਰੀ ।
ਰਾਮ ਨਾਮ ਬਿਨ ਬਾਜੀ ਹਾਰੀ । (ਰਵਿਦਾਸ)

ਜੈ ਦੇਵ ਜੀ ਵੀ ਰਾਮ ਨਾਮ ਨੂੰ ਮਨੋਹਰ ਮੰਨਦੇ ਹਨ—

ਕੇਵਲ ਰਾਮ ਨਾਮ ਮਨੋਰਮੰ ।

ਤਿੰਨੇ ਪ੍ਰਕਾਰ ਦੇ ਕਾਵਿਆਂ ਵਿਚ ਜੋ ਬ੍ਰਹਿਮੰਡੇ ਸੋਈ ਪਿੰਡੇ ਵਾਲੀ ਗੱਲ ਕੀਤੀ ਗਈ ਹੈ—

1. ਕਾਇਆ ਅੰਦਰ ਸਭੁ ਕਿਛੁ ਵਸੈ ।
   ਖੰਡ ਮੰਡਲ ਪਾਤਾਲਾ । (ਗੁਰੂ ਅਮਰ ਦਾਸ)
2. ਜੋ ਬ੍ਰਹਿਮੰਡੇ ਸੋਈ ਪਿੰਡੇ, ਜੋ ਖੋਜੈ ਸੋ ਪਾਵੈ ।
   ਪੀਪਾ ਪ੍ਰਣਵੈ ਪਰਮਤਤੁ ਹੈ, ਸਤਿਗੁਰ ਹੋਇ ਲਖਾਵੈ । (ਪੀਪਾ)
3. ਵਿਚੇ ਬੇੜੇ ਵਿਚ ਝੇੜੇ, ਵਿਚੇ ਵੰਝ ਮੁਹਾਣੇ ਹੂ ।
   ਚੌਦਾਂ ਤਬਕ ਦਿਲੇ ਦੇ ਅੰਦਰ ਤੰਬੂ ਵਾਂਗਣ ਤਾਣੇ ਹੂ । (ਸੁਲਤਾਨ ਬਾਹੂ)

ਸੂਫ਼ੀ ਕਾਵਿ, ਭਗਤੀ ਕਾਵਿ ਤੇ ਗੁਰਮਤਿ ਕਾਵਿ ਦੇ ਕਵੀਆਂ ਦਾ ਜੀਵਨ ਪ੍ਰਭੂ ਵਿਚ ਅਭੇਦ ਅਤੇ ਕਵਿਤਾ ਨਾਲ ਇਕਸੁਰ ਹੋਇਆ ਪਿਆ ਹੈ । ਇਸੇ ਕਰਕੇ ਸੌ ਸਿਆਣੇ ਇਕ ਮਤ ਦੀ ਕਹਾਵਤ ਅਨੁਸਾਰ ਇਨ੍ਹਾਂ ਦੇ ਵਿਚਾਰਾਂ ਵਿਚ ਸਮਾਨਤਾ ਹੈ ।

ਇਹ ਤਿੰਨੇ ਪ੍ਰਕਾਰ ਦੇ ਕਵੀ ਕਹਿਣੀ ਕਥਨੀ ਦੇ ਪੂਰੇ ਅਤੇ ਕਰਨੀ ਤੇ ਸੂਰੇ ਹਨ। ਸੋ ਇਨ੍ਹਾਂ ਵਿਚ ਮਨ, ਵਚ, ਕਰਮ ਦੀ ਏਕਤਾ ਹੈ । ਜੋ ਮਨ ਵਿਚ ਹੈ । ਉਹੀ ਕਹਿੰਦੇ ਹਨ। ਉਹੀ ਕਰਦੇ ਹਨ ।

ਤਿੰਨਾਂ ਵਿਚ ਹੀ ਭਾਰਤੀ ਇਤਿਹਾਸ, ਮਿਥਿਹਾਸ, ਤੀਰਥਾਂ, ਮਤ ਮਤਾਂਤਰਾਂ ਅਤੇ ਧਾਰਮਿਕ ਪੁਸਤਕਾਂ ਦਾ ਖੰਡਨ ਮੰਡਨ ਹੈ। ਅਤੇ ਇਹ ਕੁਝ ਕਲਿਆਣ ਵਲ ਸੇਧ ਭਰਿਆ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

1. ਵੇਦ ਕੁਰਾਨਾਂ ਪੜ੍ਹ ਪੜ੍ਹ ਥਕੇ,
ਸਿਜਦੇ ਕਰਦਿਆਂ ਘਸ ਗਏ ਮਥੇ।
ਨਾ ਰੱਬ ਤੀਰਥ ਨਾ ਰੱਬ ਮੱਕੇ। (ਬੁਲ੍ਹਾ)
2. ਜਿਤ ਵਲ ਯਾਰ ਉਤੇ ਵਲ ਕਾਬਾ।
ਭਾਵੇਂ ਫੋਲ ਕਿਤਾਬਾਂ ਚਾਰੇ।
3. ਬੁਲ੍ਹਿਆ ਧਰਮਸ਼ਾਲਾ ਧੜਵਈ ਰਹਿੰਦੇ ਠਾਕਰ ਦੁਆਰੇ ਠੱਗ।
ਮਸੀਤਾਂ ਵਿਚ ਕੁਸਤੀ ਰਹਿੰਦੇ, ਆਸ਼ਕ ਰਹਿਣ ਅਲਗ।

ਗੁਰਮਤਿ ਕਾਵਿ ਵਿਚ ਧਾਰਮਿਕ ਪੁਸਤਕਾਂ ਦਾ ਖੰਡਣ—

ਬਹੁ ਸਾਸਤਰ ਬਹੁ ਸਿਮਰਤੀ ਪੇਖੇ ਸਰਬ ਢੰਢੋਲਿ।
ਪੂਜਸ ਨਾਹੀ ਹਰ ਹਰੇ ਨਾਨਕ ਨਾਮ ਅਮੋਲ। ਅਰਜਨ)

ਭਗਤੀ ਕਾਵਿ ਵਿਚ -

1. ਤੈ ਨਰ ਕਿਆ ਪੁਰਾਨ ਸੁਨਿ ਕੀਨਾ। (ਪਰਮਾਨੰਦ)
2. ਮਨੁ ਕਰਿ ਮਕਾ ਕਿਬਲਾ ਕਰ ਦੇਹੀ।
ਬੋਲਨਹਾਰੁ ਪਰਮ ਗੁਰ ਏਹੀ। (ਕਬੀਰ)
3. ਹਿੰਦੂ ਪੂਜੈ ਦੇਹੁਰਾ ਮੁਸਲਮਾਨ ਮਸੀਤ।
ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤ।

ਤਿੰਨਾਂ ਵਿਚ ਹੀ ਭਾਰਤੀ ਸੰਸਕ੍ਰਿਤੀ ਤੇ ਸਭਿਆਚਾਰ ਦਾ ਸੁੰਦਰ ਉਲੀਕਣ ਹੈ। ਸ਼ਾਇਦ ਸਭ ਤੋਂ ਵਧੇਰੇ ਸੂਫ਼ੀ ਕਾਵਿ ਵਿਚ ਹੈ। ਫਿਰ ਗੁਰਬਾਣੀ ਤੇ ਫਿਰ ਭਗਤੀ ਕਾਵਿ ਵਿਚ।

ਸੂਫ਼ੀ ਕਾਵਿ ਵਿਚ ਤਾਂ ਭਰਪੂਰ ਮਾਤਰਾ ਵਿਚ ਹੈ—

ਅਲਫ ਉਠ ਸਵਾਣੀ ਤੇ ਘਤ ਮਧਾਣੀ
1. ਵੇਲਾ ਪਿਛਲੀ ਰਾਤ ਦਾ ਈ। (ਅਲੀ ਹੈਦਰ)
2. ਸਈਓ ਨੀ ਮੈਂ ਕਤਦੀ ਕਤਦੀ ਹੁੱਟੀ।
ਅਟਣ ਦੇ ਵਿਚ ਗੋਹੜੇ ਰੁਲਦੇ। (ਬੁਲ੍ਹਾ)

ਗੁਰੂ ਨਾਨਕ ਦੀ ਬਾਣੀ ਆਰਤੀ ਅਤੇ ਭਗਤਾਂ ਦੀ ਆਰਤੀ ਵਿਚ ਇਹ ਸਭਿਆਚਾਰ ਦੇ ਅੰਸ਼ ਪਾਏ ਜਾਂਦੇ ਹਨ।

ਤਿੰਨਾਂ ਵਿਚ ਹੀ ਅਧਿਆਤਮਕ ਪਿਛੋਕੜ ਨੂੰ ਸਥਾਪਿਤ ਕਰਨ ਹਿਤ ਕੁਦਰਤ ਵਰਣਨ ਆਇਆ ਹੈ।

ਗੁਰਮਤਿ ਵਿਚ—

1. ਚਿੜੀ ਚੁਹਕੀ ਪਹੁ ਫੁਟੀ ਵਗਨ ਬਹੁਤ ਤਰੰਗ।
2. ਭਿੰਨੀ ਰੈਨੜੀਏ ਚਮਕਣ ਤਾਰੇ। (ਅਰਜਨ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਗਤੀ ਕਾਵਿ ਵਿਚ—

ਏਕਲ ਮਾਟੀ ਕੁੰਚਰ ਚੀਟੀ ਭਾਜਨ ਹੈ ਬਹੁ ਨਾਨਾ ਰੇ।
ਅਸਥਾਵਰ ਜੰਗਮ ਕੀਟ ਪਤੰਗਮ ਘਟਿ ਘਟਿ ਰਾਮ ਸਮਾਨਾ ਰੇ। (ਨਾਮਦੇਵ)

ਤਿੰਨਾਂ ਵਿਚ ਹੀ ਸਮਕਾਲੀਨ ਸਮਾਜ ਦੀ ਆਲੋਚਨਾ ਹੈ। ਅਤੇ ਇਹ ਭਰਪੂਰ ਆਲੋਚਨਾ ਹੈ। ਕਵਿਤਾ ਨੂੰ ਸਮਾਜ ਦੀ ਆਲੋਚਨਾ ਦਾ ਵਾਹਣ ਬਣਾਇਆ ਗਿਆ ਹੈ। ਗਲਤ ਸਮਾਜ ਦਾ ਵਿਅੰਗ ਉਡਾਇਆ ਗਿਆ ਹੈ। ਵਜੀਦ, ਬੁਲ੍ਹਾ, ਅਲੀ ਹੈਦਰ, ਹਾਸ਼ਮ, ਆਦਿ ਖ਼ੂਬ ਪਾਜ ਉਘੇੜਦੇ ਹਨ। ਗੁਰੂ ਸਾਹਿਬਾਨ ਅਤੇ ਭਗਤ ਵੀ ਘਟ ਨਹੀਂ ਕਰਦੇ। ਗੁਰੂ ਨਾਨਕ ਸਭ ਤੋਂ ਵਧੇਰੇ ਪਾਜ ਉਘਾੜਦੇ ਹਨ। ਕਬੀਰ ਵੀ ਖ਼ੂਬ ਵਿਅੰਗ ਉਡਾਉਂਦਾ ਹੈ।

ਤਿੰਨੇ ਪ੍ਰਕਾਰ ਦੀ ਕਵਿਤਾ ਦੇ ਭਗਤ ਕਵੀ ਪ੍ਰਭੂ ਤੋਂ ਨਾਮ ਦੀ ਹੀ ਮੰਗ ਕਰਦੇ ਹਨ—

ਤੇਰੀ ਪਨਾਹ ਖ਼ੁਦਾਏ ਤੂੰ ਬਖਸੰਦਗੀ।
ਸ਼ੇਖ ਫ਼ਰੀਦੈ ਖ਼ੈਰ ਦੀਜੈ ਬੰਦਗੀ।

ਗੁਰਮਤਿ ਕਾਵਿ ਵਿਚ—

ਦੇਹ ਨਾਮ ਸੰਤੋਖੀਆ ਉਤਰੇ ਮਨ ਦੀ ਭੁੱਖ ਸਾਈਆਂ।
ਨਾਮ ਤੋਂ ਬਗੈਰ ਹੋਰ ਮੰਗਣਾ ਵੀ ਸਿਰ ਦੁਖਾਂ ਦੇ ਦੁਖ ਸਾਈਆਂ।
(ਰਾਮਦਾਸ)

ਭਗਤੀ ਕਾਵਿ ਵਿਚ—ਮੈਂ ਅੰਧਲੇ ਕੀ ਟੇਕ ਤੇਰਾ ਨਾਮ ਖੁੰਦਕਾਰਾ। (ਨਾਮਦੇਵ)

ਮਾਇਆ ਤੋਂ ਬਚਨ ਦਾ ਉਪਦੇਸ਼ ਹੈ।

ਭਾਵ ਕਿ ਮਾਇਆ ਤੋਂ ਉਪਰਾਮ ਰਹਿਣ ਦਾ—

ਸੂਫ਼ੀ ਕਾਵਿ ਵਿਚ—1. ਹੱਥ ਨ ਲਾਈ ਕਸੁੰਭੜੇ ਜਲ ਜਾਸੀ ਢੋਲਾ।
2. ਇਹ ਵਿਸ ਭਰੀਆਂ ਗੰਦਲਾਂ ਧਰੀਆਂ ਖੰਡ ਲਿਵਾੜ।
(ਫ਼ਰੀਦ)

ਗੁਰਮਤਿ ਵਿਚ—ਬਾਬਾ ਮਾਇਆ ਸਾਥ ਨ ਹੋਇ।
ਇਨਿ ਮਾਇਆ ਜਗ ਮੋਹਿਆ ਵਿਰਲਾ ਬੁਝੈ ਕੋਇ।

ਭਗਤੀ ਕਾਵਿ ਵਿਚ—ਮਾਇਆ ਮੂਠਾ ਚੇਤਸ ਨਾਹੀ
ਜਨਮ ਗਵਾਇਓ ਆਲਸੀਆ। (ਤ੍ਰਿਲੋਚਨ)

ਤਿੰਨਾਂ ਵਿਚ ਹੀ ਉੱਚੇ ਸੁਚੇ ਤੇ ਸਦਾਚਾਰਕ ਜੀਵਨ ਉਤੇ ਜ਼ੋਰ ਹੈ। ਸੱਚੀ ਤੇ ਸ਼ੁਧ ਆਤਮਾ ਤੇ ਬੱਲ ਹੈ। ਨੇਕ ਰਹਿਣੀ ਬਹਿਣੀ ਵਲ ਪ੍ਰੇਰਣਾ ਹੈ।

ਸੂਫ਼ੀ ਮੱਤ ਰੱਬ ਨਾਲ ਵਧੇਰੇ ਹੀ ਲੋੜ ਤੋਂ ਵੱਧ ਖੁਲ੍ਹੀਆਂ ਗੱਲਾਂ ਕਰਦਾ ਹੈ। ਜਿਵੇਂ ਕਿ ਬੁਲ੍ਹਾ ਕਹਿੰਦਾ ਹੈ—

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਾਂਝੇ ਨੂੰ ਮੈਂ ਗਾਲੀਆਂ ਦੇਵਾਂ। ਇਹ ਯੋਗ ਨਹੀਂ ਹੈ। ਇਸ ਮੱਤ ਨੂੰ ਨਾ ਤਾਂ ਗੁਰਮਤਿ ਅਤੇ ਨਾ ਹੀ ਭਗਤੀ ਕਾਵਿ ਕਬੂਲਦਾ ਹੈ। ਇਨ੍ਹਾਂ ਦੂਹਾਂ ਵਿਚ ਸੰਜਮ ਸੰਕੋਚ ਹੈ।

ਆਤਮਾ ਬਾਰੇ ਜਿਥੇ ਗੁਰਮਤਿ ਅਤੇ ਭਗਤੀ ਕਾਵਿ ਸਪਸ਼ਟ ਹੈ ਓਥੇ ਸੂਫ਼ੀ ਮਤ ਧੁੰਧਲਾ ਹੈ। ਨਾ ਇਹ ਨਿਰੋਲ ਮੁਸਲਮਾਨੀ ਹੈ, ਨਾ ਨਿਰੋਲ ਭਾਰਤੀ ਅਤੇ ਨਾ ਹੀ ਪਲੈਟਾਨਿਕ। ਆਤਮਾ ਦੀ ਅਮਰਤਾ ਨੂੰ ਸੂਫ਼ੀਆਂ ਨੇ ਸਵੀਕਾਰ ਨਹੀਂ ਕੀਤਾ। ਬਸ ਨਿਰਾ ਕਤਣੇ ਵਤਣੇ ਉੱਤੇ ਹੀ ਜ਼ੋਰ ਹੈ ਜੋ ਯੋਗ ਤਾਂ ਹੈ ਪਰੰਤੂ ਆਤਮਾ ਬਾਰੇ ਗਿਆਨ-ਵਿਹੂਣਾ ਹੈ। ਭਾਵੇਂ ਦਾਜ-ਵਿਹੂਣਾ ਨਹੀਂ। ਸੂਫ਼ੀ ਮਤ ਪੂਰੀ ਤਰ੍ਹਾਂ ਕੁਰਾਨੀ ਪਕੜ ਤੋਂ ਨਹੀਂ ਖੁਲ੍ਹ ਸਕਿਆ। ਇਸ ਕਰਕੇ ਆਵਾਗਵਣ ਨੂੰ ਨਹੀਂ ਕਬੂਲਦਾ। ਹੋਰ ਭਾਰਤੀ ਫਲਸਫ਼ੇ ਨੂੰ ਭਾਵੇਂ ਪਿਛਲੇਰੇ ਸੂਫ਼ੀ ਸਵੀਕਾਰ ਕਰ ਚੁੱਕੇ ਹਨ।

ਸੂਫ਼ੀ ਨਾਸ਼ਮਾਨਤਾ ਨੂੰ ਤਾਂ ਚਿਤਰਦੇ ਹਨ ਪਰੰਤੂ ਨਿਰਾਸ਼ਾਵਾਦ ਦੀ ਸੀਮਾ ਤਕ ਜਾ ਕੇ ਜਦ ਕਿ ਨਿਰਾਸ਼ਾਵਾਦ ਨੂੰ ਆਸ਼ਾਵਾਦ ਵਿਚ ਪਲਟਣ ਦੀ ਸੀਮਾ ਤਕ ਜਾਣ ਦੀ ਜ਼ਰੂਰਤ ਹੈ।

ਗੁਰਮਤਿ ਵਿਚ ਬਾਣੀ ਦਾ ਸਿਧਾਂਤ ਪੇਸ਼ ਹੁੰਦਾ ਹੈ। ਜਦ ਕਿ ਸੂਫ਼ੀ ਕਾਵਿ ਵਿਚ ਬਾਣੀ ਦਾ ਸਿਧਾਂਤ ਪੇਸ਼ ਨਹੀਂ ਕੀਤਾ ਗਿਆ।

ਮਨ ਦੀਆਂ ਸੂਖਮ ਤਹਿਆਂ ਨੂੰ ਗੁਰਮਤਿ ਤਾਂ ਫਰੋਲਦੀ ਹੈ। ਭਗਤੀ ਕਾਵਿ ਵੀ, ਪਰੰਤੂ ਸੂਫ਼ੀ ਕਾਵਿ ਨਹੀਂ ਫਰੋਲਦਾ। ਹਉਮੈ ਨੂੰ ਨਿੰਦਿਆ ਜ਼ਰੂਰ ਹੈ। ਪਰੰਤੂ ਹਉਮੈ ਦੇ ਦੂਜੇ ਰੂਪਾਂ ਦਾ ਨਿਰਣਾ ਸੂਫ਼ੀ ਕਾਵਿ ਨਹੀਂ ਕਰਦਾ। ਸਤ, ਸੰਤੋਖ, ਦਇਆ, ਧਰਮ, ਮੁਕਤੀ, ਆਦਿ ਦਾ ਨਿਰਣਾ ਕਰਨ ਤੋਂ ਸੂਫ਼ੀ ਕਾਵਿ ਕੋਰਾ ਹੈ।

ਗੁਰਮਤਿ ਕਾਵਿ ਜਿਥੇ ਸਮਤੁਲਨ ਸਮਾਜ ਤੇ ਜ਼ੋਰ ਦੇਂਦਾ ਹੈ। ਸੰਗਤੀ ਪੂਜਾ ਤਕ ਜਾਂਦਾ ਹੈ। ਸਰਬਤ ਦਾ ਭਲਾ ਮੰਗਦਾ ਹੈ। ਨਾ ਕੋਈ ਬੈਰੀ ਨਾਹਿ ਬਿਗਾਨਾ ਦਾ ਵਾਤਾਵਰਣ ਸਿਰਜਦਾ ਹੈ। ਵਿਸ਼ਵ ਸਮਾਜ ਨੂੰ ਸਨਮੁਖ ਰੱਖਦਾ ਹੈ। ਭਗਤੀ ਕਾਵਿ ਵੀ। ਇਸ ਪੱਖੋਂ ਵੀ ਸੂਫ਼ੀ ਕਾਵਿ ਪਿਛੇ ਖੜਾ ਰਹਿ ਜਾਂਦਾ ਹੈ। ਸੋ ਸੂਫ਼ੀ ਕਾਵਿ ਵਿਚ ਰੰਗਤ ਤੇ ਬਲ ਤਾਂ ਹੈ ਪਰੰਤੂ ਸੰਗਤ ਤੇ ਬਲ ਨਹੀਂ। ਭਗਤੀ ਕਾਵਿ ਵਿਚ ਵੀ ਨਹੀਂ ਹੈ।

ਸੂਫ਼ੀ ਮਤ ਕਿਤੇ ਕਿਤੇ ਗਰਮ, ਸ਼ੋਖ, ਉਲਾਰੂ, ਇਕ ਪਾਸੜ, ਅਰਧ ਪਾਸੜ, ਆਦਿ ਕਮਜ਼ੋਰੀਆਂ ਦਾ ਸ਼ਿਕਾਰ ਹੋ ਕੇ ਰਹਿ ਜਾਂਦਾ ਹੈ। ਜਦ ਕਿ ਗੁਰਮਤ ਤਰਲ, ਸਹਿਜ ਅਵਸਥਾ ਤੇ ਪਹੁੰਚ ਜਾਂਦਾ ਹੈ। ਇਹ ਇਸ ਕਰਕੇ ਅਜਿਹਾ ਹੋ ਸਕਿਆ ਹੈ ਕਿ ਗੁਰਬਾਣੀ ਪੈਗੰਬਰਾਂ ਦੀ ਬਾਣੀ ਹੈ ਜਦ ਕਿ ਸੂਫ਼ੀ ਫ਼ਕੀਰਾਂ ਦੀ ਕਵਿਤਾ ਹੈ। ਭਗਤੀ ਕਾਵਿ ਭਗਤਾਂ ਦੀ। ਇਸੇ ਕਰਕੇ ਸੂਫ਼ੀ ਕਵੀ ਤੇ ਭਗਤੀ ਕਾਵਿ ਭਗਤਾਂ ਦੀ। ਇਸੇ ਕਰਕੇ ਸੂਫ਼ੀ ਕਵੀ ਤੇ ਭਗਤ ਕਵੀ ਸਮੂਹੀ ਹੋਣ ਦੀ ਬਜਾਏ ਵਿਅਕਤੀਵਾਦੀ ਹੋ ਗਏ ਹਨ। ਅਸਲ ਵਿਚ ਜਿਨ੍ਹਾਂ ਆਤਮ ਵਿਕਾਸ ਕਰਨਾ ਹੁੰਦਾ ਹੈ ਉਹ ਵਿਅਕਤੀਵਾਦੀ ਹੋ ਹੀ ਜਾਂਦੇ ਹਨ। ਗੁਰੂਆਂ ਦੇ ਸਾਹਵੇਂ ਤਾਂ ਇਕ ਦੁਨੀਆਂ ਦਾ ਆਦਰਸ਼ ਸੀ। ਇਕ ਸਮਾਜਿਕ ਟੀਚਾ ਸੀ। ਇਕ ਧਰਮ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਥਾਪਨਾ ਸੀ। ਗੁਰੂਆਂ ਦਾ ਧਰਮ ਇਕ ਸਰਬ ਸਾਂਝਾ ਧਰਮ ਹੈ। ਅਤੇ ਇਸ ਸਰਬ ਸਾਂਝੇ ਧਰਮ ਦੇ ਹੋਣ ਵਿਚ ਸੂਫ਼ੀਆਂ ਅਤੇ ਭਗਤਾਂ ਦਾ ਵੀ ਹੱਥ ਹੈ। ਇਸ ਹਕੀਕਤ ਤੋਂ ਕੌਣ ਆਕੀ ਹੋ ਸਕਦਾ ਹੈ। ਫਿਰ ਇਸ ਤੱਥ ਤੋਂ ਵੀ ਕੌਣ ਮੁਨਕਰ ਹੋ ਸਕਦਾ ਹੈ ਕਿ ਗੁਰੂਆਂ ਉਤੇ ਵੀ ਸੂਫ਼ੀ ਤੇ ਭਗਤ ਬਾਣੀ ਦਾ ਪ੍ਰਭਾਵ ਪ੍ਰਤੱਖ ਹੈ। ਇਸੇ ਕਰਕੇ ਡਾ. ਤਾਰਨ ਸਿੰਘ ਇਹ ਮੰਨਦਾ ਹੈ ਕਿ ਜਿਨ੍ਹਾਂ ਕਾਵਿ ਧਾਰਾ ਜਾਂ ਬਾਣੀ ਧਾਰਾ ਨੂੰ ਅਸੀਂ ਸੂਫ਼ੀ ਮਤ, ਗੁਰਮਤ ਮਤ, ਭਗਤ ਮਤ ਸਿਧ ਮਤ, ਆਦਿ ਜਾਂ ਰਹੱਸਵਾਦ ਅਧਿਆਤਮਵਾਦ ਤੇ ਕਈ ਹੋਰ ਵਾਦ ਕਹਿੰਦੇ ਹਾਂ— ਉਹ ਬੁਨਿਆਦ ਵਿਚ ਵੀ ਇਕੋ ਸਨ ਅਤੇ ਸਿਖ਼ਰ ਉਤੇ ਵੀ ਇਕੋ ਸਨ ਅਤੇ ਵਿਚਾਲੇ ਸਾਰਾ ਵਿਕਾਸ, ਪਤੀਆਂ, ਫੁੱਲ, ਇਕੋ ਜਿਹੇ ਨਹੀਂ ਸਨ। ਡਾ. ਸਾਹਿਬ ਦਾ ਭਾਵ ਇਹ ਹੈ ਜੋ ਅੱਗੇ ਜਾ ਕੇ (ਸੂਫ਼ੀ ਮਤ ਤੇ ਗੁਰਮਤ ਲੇਖ ਦੇ ਜੋ ਸੂਫ਼ੀ ਅੰਕ, ਪੰਜਾਬੀ ਦੁਨੀਆਂ ਵਿਚ ਪ੍ਰਕਾਸ਼ਿਤ ਹੈ)। ਸਪਸ਼ਟ ਕਰਦੇ ਹਨ ਕਿ ਬੁਨਿਆਦੀ ਤੌਰ ਤੇ ਇਨ੍ਹਾਂ ਵਿਚ ਖਿਆਲਾਂ ਦੀ ਸਾਂਝ ਹੈ, ਸ਼ੈਲੀ ਵਿਚ ਫਰਕ ਹੈ।

ਪਰੰਤੂ ਅਸੀਂ ਦੇਖਦੇ ਹਾਂ ਕਿ ਤਿੰਨਾਂ ਕਾਵਿਆਂ ਦੀ ਵਿਚਾਰਧਾਰਾ, ਸ਼ਬਦਾਵਲੀ ਤੇ ਸ਼ੈਲੀ ਤਕ ਦੀ ਵੀ ਸਾਂਝ ਦ੍ਰਿਸ਼ਟੀ ਗੋਚਰ ਹੁੰਦੀ ਹੈ। ਜਿਵੇਂ ਬੁੱਲ੍ਹਾ ਕਹਿੰਦਾ ਹੈ—

1. ਇਲਮੋ ਬਸ ਕਰੀਂ ਓ ਯਾਰ।
ਇਕ ਅਲਫ਼ ਤੇਰੇ ਦੁਰਕਾਰ।

2. ਇਕ ਨੁਕਤੇ ਤੇ ਗੱਲ ਮੁੱਕਦੀ ਏ।

ਅਤੇ ਗੁਰੂ ਨਾਨਕ ਵੀ ਕਥਨ ਕਰਦੇ ਹਨ—

1. ਪੜ੍ਹਿ ਪੜ੍ਹਿ ਗਡੀ ਲਦੀਅਹਿ ਪੜਿ ਪੜਿ ਭਤੀਅਹਿ ਸਾਥ
ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ।
ਪੜੀਐ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ।
ਪੜੀਐ ਜੇਤੀ ਆਰਜਾ ਪੜੀਐ ਜੇਤੇ ਸਾਸ।
ਨਾਨਕ ਲੇਖੈ ਇਕ ਗਲ ਹੋਰ ਹਉਮੈ ਝਖਣਾ ਝਾਖ।

2. ਲਿਖਿ ਲਿਖਿ ਪੜਿਆ ਤੇਤਾ ਕੜਿਆ।

ਇਸੇ ਵਿਚਾਰ ਨੂੰ ਭਗਤ ਬਾਣੀ ਵਿਚ ਵੇਖੋ—

ਏਹ ਦਿਲ ਅਜਬ ਕਿਤਾਬ, ਹਰਫ ਨਾ ਦੂਜਾ ਲਿਖੀਐ। (ਛੱਜੂ ਭਗਤ)

ਸੋ ਤਿੰਨਾਂ ਵਿਚ ਹੀ ਇਕੋ ਅੱਖਰ—ਨਾਮ ਦੇ ਅੱਖਰ ਦੀ ਹੀ ਵਡਿਆਈ ਆਈ ਹੈ। ਬਾਕੀ ਅੱਖਰ ਝੂਠੇ ਹਨ। ਹਉਮੈ ਦੀ ਅੱਗ ਵਿਚ ਸਾੜਨ ਵਾਲੇ ਹਨ। ਮਾਇਆ ਦੀ ਅੱਗ ਵਿਚ ਝੁਲਸ ਦੇਣ ਵਾਲੇ ਹਨ।

ਹੁਣ ਸ਼ੈਲੀ ਦੀ ਸਮਾਨਤਾ ਦੀ ਝਲਕ ਪਾਓ—ਸੂਫ਼ੀ ਫ਼ਕੀਰ ਸ਼ਾਹ ਭੀਖਨ ਦੀ ਬਾਣੀ ਹੈ—ਦੋ ਸ਼ਬਦ ਸੋਰਠ ਰਾਗ ਵਿਚ ਅੰਕਿਤ ਆਦਿ ਗ੍ਰੰਥ—ਉਨ੍ਹਾਂ ਵਿਚੋਂ ਵਾਕ ਪੇਸ਼ ਹਨ—

ਅਪਨੋ ਸੰਤਹ ਲੇਹੁ ਉਬਾਰੀ। ਰਹਾਉ
ਮਾਥੇ ਪੀਰ ਸਰੀਰ ਜਲਨਿ ਹੈ, ਕਰਕ ਕਲੇਜੇ ਮਾਹੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਐਸੀ ਬੇਦਨ ਉਪਜਿ ਖਰੀ ਭਈ, ਵਾਕਾ ਅਉਖਦ ਨਾਹੀ ।
ਹਰਿ ਕਾ ਨਾਮ ਅੰਮ੍ਰਿਤ ਜਲ ਨਿਰਮਲ ਇਸ ਅਉਖਧ ਜਗਿ ਸਾਰਾ ।
ਗੁਰ ਪਰਸਾਦਿ ਕਹੈ ਜਨੁ ਭੀਖਨ ਪਾਵਉ ਮੋਖ ਦੁਆਰਾ ।

(ਪੰਨਾ 659)

ਕੌਣ ਕਹਿ ਸਕਦਾ ਹੈ ਕਿ ਇਸ ਦੀ ਗੁਰਬਾਣੀ ਨਾਲ ਵਿਚਾਰਧਾਰਿਕ, ਸਾਬਦਿਕ ਤੇ ਸ਼ੈਲੀਗਤ ਸਾਂਝ ਨਹੀਂ ਹੈ ?

ਨਾਨਕ ਬਾਣੀ ਹਾਜ਼ਰ ਹੈ—

ਵੈਦ ਬੁਲਾਇਆ ਵੈਦਗੀ ਮੇਰੀ ਪਕੜ ਢੰਢੋਲੇ ਬਾਹ ।
ਭੋਲਾ ਵੈਦ ਨ ਜਾਣਈ ਮੇਰੀ ਕਰਕ ਕਲੇਜੇ ਮਾਹ ।

ਭੀਖਨ ਜੀ ਲਿਖਦੇ ਹਨ ਕਰਕ ਕਲੇਜੇ ਮਾਹੀ । ਕਿੰਨੀ ਨੇੜਤਾ ਹੈ । ਇਸੇ ਤਰ੍ਹਾਂ ਨਾਨਕ ਤੇ ਬੇਣੀ ਦੇ ਸ਼ਬਦਾਂ ਵਿਚ ਡਾ. ਸਾਹਿਬ ਸਿੰਘ ਵਿਚਾਰਾਂ, ਸ਼ਬਦਾਂ ਤੇ ਸ਼ੈਲੀ ਦੀ ਨੇੜਤਾ ਸਿਧ ਕਰ ਚੁਕੇ ਹਨ ਉਦਾਹਰਣਾਂ ਸਹਿਤ । ਏਥੋਂ ਤਕ ਕਿ ਛੰਦ ਚਾਲ ਦੀ ਵੀ ਸਾਂਝ ਹੈ ।

ਇਹ ਤਿੰਨਾਂ ਕਾਵਿ-ਧਾਰਾਂ ਦੇ ਕਵੀ ਪ੍ਰੇਮ ਮਾਰਗ ਦੇ ਪਾਂਧੀ ਹਨ । ਤਿੰਨਾਂ ਕਾਵਿ-ਧਾਰਾਵਾਂ ਵਿਚ ਸੁੰਦਰ ਕ੍ਰਾਂਤੀਕਾਰੀ ਕਾਵਿ ਦੀ ਝਲਕ ਪਾਈ ਜਾ ਸਕਦੀ ਹੈ । ਤਿੰਨਾਂ ਵਿਚ ਹੀ ਸੁੰਦਰ ਬਿੰਬਾਵਲੀ ਦੇ ਨਮੂਨੇ ਹਨ । ਤਿੰਨੇ ਕਾਵਿ ਹੀ ਰਾਗ ਬੱਧ ਹਨ । ਸੂਫ਼ੀ ਕਾਵਿ, ਭਗਤੀ ਕਾਵਿ ਤੇ ਗੁਰਮਤ ਕਾਵਿ ਰਾਗਾਂ ਵਿਚ ਲਿਖਿਆ ਗਿਆ ਹੈ । ਤਿੰਨਾਂ ਵਿਚ ਹੀ ਏਨਾ ਸੰਜਮ ਤੇ ਤ੍ਰੋੌਚ ਹੈ ਫਿਰ ਸ਼ੈਲੀ ਏਨੀ ਜ਼ੋਰਦਾਰ ਹੈ ਤੇ ਸੱਚ ਦੀ ਧਾਰਨੀ ਹੈ ਕਿ ਪੰਕਤੀਆਂ ਮੁਹਾਵਰੇ ਬਣ ਗਈਆਂ ਹਨ । ਹੋਰ ਤੇ ਹੋਰ ਇਹ ਕਵਿਤਾ ਮਨੁੱਖ ਨੂੰ ਮਨੁੱਖਾਂ ਨਾਲ ਜੋੜਦੀ ਹੈ ਅਤੇ ਮਨੁੱਖ ਨੂੰ ਮਨੁੱਖ ਨਾਲੋਂ ਤੋੜਦੀ ਨਹੀਂ । ਇਸ ਨੇ ਸਦਾ ਮਨੁੱਖੀ ਵੱਖਵਾਦ ਨੂੰ ਭੰਡਿਆ ਹੈ ਅਤੇ ਉਸ ਦੇ ਵਿਰੁੱਧ ਵੰਗਾਰ ਪੈਦਾ ਕੀਤੀ ਹੈ । ਆਓ ਇਸ ਤੋਂ ਬੇਪਨਾਹ ਪ੍ਰੇਰਣਾ ਲੈਂਦੇ ਹੋਏ ਮਨੁੱਖਤਾ ਨੂੰ ਪਿਆਰ ਗਲਵਕੜੀ 'ਚ ਲਈਏ ਤਾਂ ਕਿ ਰੱਬ ਸਾਡੀ ਪਿਆਰ ਗਲਵਕੜੀ 'ਚ ਆ ਜਾਏ ।

"ਸਾਚ ਕਹੂੰ ਸੁਣ ਲਿਓ ਸਬੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ।"

(ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਰਮਤਿ ਕਾਵਿ ਦੀਆਂ ਵਿਸ਼ੇਸ਼ਤਾਵਾਂ

ਕਵਿਤਾ ਦੋ ਪ੍ਰਕਾਰ ਦੀ ਹੁੰਦੀ ਹੈ—

ਆਵੇਸ਼ਮਈ (ਜਤਨ ਰਹਿਤ) ਤੇ ਆਵੂਰਦਮਈ (ਜਤਨ ਸਹਿਤ)

1. ਗੁਰਮਤਿ ਕਾਵਿ ਵਿਚ ਦੋਵੇਂ ਪ੍ਰਕਾਰ ਦੀ ਕਵਿਤਾ ਆ ਜਾਂਦੀ ਹੈ। ਗੁਰੂ ਸਾਹਿਬਾਨ ਅਤੇ ਭਗਤਾਂ ਦੀ ਬਾਣੀ ਆਵੇਸ਼ਮਈ ਹੈ। ਪਰ ਭਾਈ ਗੁਰਦਾਸ ਦੀ ਬਾਣੀ ਆਵੂਰਦਮਈ ਹੈ।

ਪ੍ਰੋ ਪੂਰਨ ਸਿੰਘ ਅਨੁਸਾਰ ਅਤੇ ਪ੍ਰੋ. ਦੀਵਾਨ ਸਿੰਘ ਅਨੁਸਾਰ ਸੰਸਾਰ ਭਰ ਵਿਚ ਕੇਵਲ ਧਾਰਮਿਕ ਕਵਿਤਾ ਹੀ ਉਚ ਪਾਏ ਦੀ ਕਵਿਤਾ ਹੈ। ਬਾਕੀ ਕਵਿਤਾ ਇਨ੍ਹਾਂ ਤੋਂ ਹੀ ਪ੍ਰੇਰਨਾ ਲੈਂਦੀ ਹੈ। ਇਹ ਵਿਸ਼ਵ ਭਰ ਚੋਂ ਉਚਤਮ ਕਾਵਿ ਹੈ—

ਡੰਕਨ ਗ੍ਰੀਨਲੀਜ਼ ਲਿਖਦਾ ਹੈ—

"ਵਿਸ਼ਵ ਦੀਆਂ ਧਰਮ ਪੁਸਤਕਾਂ ਵਿਚੋਂ ਸ਼ਾਇਦ ਹੀ ਕਿਸੇ ਹੋਰ ਦੀ ਗੁਰੂ ਗ੍ਰੰਥ ਸਾਹਿਬ ਜਿੰਨੀ ਸਾਹਿਤਕ ਪੱਧਰ, ਅਥਾਹ ਅਨੁਭਵੀ ਗਿਆਨ ਜਾਂ ਪ੍ਰੇਰਨਾ ਦੀ ਉੱਚਤਾ ਹੋਵੇ।"

(The Gospel of Guru Granth Sahib)

2. ਗੁਰਮਤਿ ਕਾਵਿ ਦੀ ਕਵਿਤਾ ਧਾਰਮਿਕ ਕਵਿਤਾ ਹੈ। ਅਧਿਆਤਮਕ ਕਵਿਤਾ ਹੈ। ਰਹੱਸਮਈ ਹੈ। ਸੂਫ਼ੀ ਕਵਿਤਾ ਹੈ। ਬਾਬਾ ਫ਼ਰੀਦ ਜੀ ਸੂਫ਼ੀ ਕਵੀ ਹਨ। ਪਰੰਤੂ ਬਾਕੀ ਕਾਵਿ ਉੱਤੇ ਵੀ ਸੂਫ਼ੀ ਕਵਿਤਾ ਦਾ ਪ੍ਰਭਾਵ ਹੈ।

3. ਵਿਦਵਾਨ **Sharip 'On Poetic Interpretation of Nature'**

ਤੇ ਲਿਖਦਿਆਂ ਇਕ ਥਾਂ ਬੜੀ ਵੱਡੀ ਹਕੀਕਤ ਕਹਿ ਗਿਆ ਹੈ।

Poetry has three objects which in varying degree enter into it—Man, Nature and God. The presence of this last pervades all great poetry."

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਰਥਾਤ ਕਵਿਤਾ ਵਿਚ ਸਦਾ ਤਿੰਨ ਤੱਤ ਪ੍ਰਧਾਨ ਹੁੰਦੇ ਹਨ—ਵਿਅਕਤੀ ਪ੍ਰਕਿਰਤੀ ਤੇ ਰੱਬ—ਕਦੇ ਕੋਈ ਵੱਧ ਤੇ ਕਦੇ ਕੋਈ ਘੱਟ ਮਾਤਰਾ ਵਿਚ ਪ੍ਰਭੂ ਇਹ ਅੰਤਲੇਰਾ ਤੱਤ ਹਰ ਮਹਾਨ ਕਾਵਿ ਵਿਚ ਪ੍ਰਵਿਸ਼ਟ ਹੁੰਦਾ ਹੈ।

ਗੁਰਮਤਿ ਕਾਵਿ ਵਿਚ ਇਹ ਤਿੰਨ ਤੱਤ ਪ੍ਰਧਾਨ ਹਨ। ਮਨੁੱਖ, ਪ੍ਰਕਿਰਤੀ ਤੇ ਰੱਬ। ਇਸ ਵਿਚ ਜੀਵਾਤਮਾ ਦਾ ਮਨੁੱਖ, ਰੱਬ ਤੇ ਬ੍ਰਹਿਮੰਡ ਨਾਲ ਰਿਸ਼ਤਾ ਪ੍ਰਗਟਾਇਆ ਗਿਆ ਹੈ। ਗੁਰਮਤਿ ਵਿਚ ਮਨੁੱਖ ਲਈ ਸਮਤੁਲਤ ਮਾਰਗ ਦਰਸਾਇਆ ਗਿਆ ਹੈ। ਸਿੱਧਾਂ ਨੇ ਭੋਗ-ਮਾਰਗ ਤੇ ਨਾਥਾਂ ਨੇ ਯੋਗ-ਮਾਰਗ ਚਲਾਇਆ। ਪਰ ਗੁਰਮਤਿ ਕਾਵਿ ਨੇ ਨਾਮ-ਮਾਰਗ ਚਲਾਇਆ। ਨਾਮ ਮਾਰਗ ਧਿਆਨੀ ਮਾਰਗ ਹੈ। ਸਮਤੁਲਤ ਰਾਹ—ਸੰਸਾਰ ਵਿਚ—ਸਮਾਜ ਵਿਚ ਵਿਚਰਨ ਦਾ—

"ਸਤਿਗੁਰ ਪੂਰਾ ਭੇਟਿਆ ਪੂਰੀ ਹੋਵੈ ਜੁਗਤ।
ਹਸੰਦਿਆਂ ਖੇਡੰਦਿਆਂ ਪੈਨੰਦਿਆਂ ਵਿਚ ਹੋਵੈ ਮੁਕਤ।"

ਗੀਤਾ ਵਿਚ ਤਿੰਨ ਮਾਰਗ ਦਰਸਾਏ ਗਏ ਹਨ। ਗਿਆਨ ਮਾਰਗ, ਕਦਮ ਮਾਰਗ ਤੇ ਭਗਤੀ ਮਾਰਗ। ਪਰ ਗੁਰਮਤਿ ਨਾਮ-ਯੋਗ-ਸਾਧਨਾ ਹੈ ਜਿਸ ਵਿਚ ਇਹ ਤਿੰਨੇ ਮਾਰਗ ਵੀ ਸੰਮਿਲਿਤ ਹਨ।

4. ਗੁਰਮਤ ਕਾਵਿ ਜਗਤ ਲਈ ਕਲਿਆਣਕਾਰੀ ਹੈ—

"ਜਗਤ ਜਲੰਦਾ ਰਾਖ ਲੈ ਆਪਣੀ ਕਿਰਪਾ ਧਾਰ।
ਜਿਤ ਦੁਆਰੇ ਉਬਰੈ ਤਿਤੈ ਲਇਓ ਉਬਾਰ।"

5. ਇਹ ਕਵਿਤਾ ਮਾਨਵਵਾਦੀ ਹੈ—

"ਅਵਲ ਅਲਾ ਨੂਰ ਉਪਾਇਆ ਕੁਦਰਤ ਕੇ ਸਬ ਬੰਦੇ।
ਏਕ ਨੂਰ ਤੇ ਸਬ ਜਗ ਉਪਜਿਆ ਕੌਣ ਭਲੇ ਕੋ ਮੰਦੇ।"

ਗੁਰਮਤਿ ਕਾਵਿ ਪ੍ਰਭੂ-ਪ੍ਰੇਮ, ਦੇਸ਼-ਪ੍ਰੇਮ, ਮਾਨਵ-ਪ੍ਰੇਮ ਵਿਚ ਵਿਲੀਣ ਹੋਏ ਵਰਣ, ਆਸ਼ਰਮ, ਜ਼ਾਤ ਪਾਤ ਤੇ ਧਰਮਾਂ ਵਿਚੋਂ ਨਿਖਰੇ ਰੂਹ ਦੀ ਉਚਤਮ ਅਵਸਥਾ ਵਿਚ ਟਿਕੇ ਉਨ੍ਹਾਂ ਮਹਾਨ ਪੁਰਸ਼ਾਂ ਦੀ ਕਵਿਤਾ ਹੈ ਜਿਨ੍ਹਾਂ ਦਾ ਜੀਵਨ ਸਾਹਿਤ ਨਾਲ ਮਿਲ ਕੇ ਇਕ ਸੁਰ ਹੋ ਚੁੱਕਾ ਸੀ।

6. ਉਨ੍ਹਾਂ ਦੀ ਰਚਨਾ ਰਾਗ, ਰਸ, ਤਾਲ, ਸਾਜ ਦੇ ਸੁਮੇਲ ਨਾਲ ਗਾਈ ਜਾਣ ਵਾਲੀ ਕਵਿਤਾ ਹੈ। ਇਹ ਰਚਨਾ ਵਿਸਮਾਦ ਤੇ ਵਜਦ ਦੀ ਅਵਸਥਾ ਪੈਦਾ ਕਰਦੀ ਹੈ ਇਹ ਰਚਨਾ ਤਾਂ ਰਾਗਾਂ ਵਿਚ ਹੈ। ਰਾਗ ਇਸ ਵਿਸ਼ੇਸ਼ਤਾ ਦਾ ਧਾਰਨੀ ਹੈ—

"Literally raga is something that colours or tinges the mind with some definite feeling.........a wave of passion or emotion."

(O. C. Gangoly)

... ...

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"It (raga) is an atmosphere, a musical colouring. This colouring is associated with a mood of feeling and sentiment."
(Philippe Sterne Le Musique Hindone)

ਰਾਗਾਂ ਨੂੰ ਰੁੱਤਾਂ, ਸਮਿਆਂ, ਮਨੁੱਖੀ ਵਿਚਾਰਾਂ ਭਾਵਾਂ ਅਨੁਕੂਲ ਵਰਤਿਆ ਗਿਆ ਹੈ। ਜਿਥੇ ਇਹ ਰਾਗ ਕਵਿਤਾ ਨੂੰ ਸਰੋਦੀ ਬਣਾਉਂਦੇ ਹਨ, ਸੁਹਜ ਸੁਆਦ ਪੈਦਾ ਕਰਦੇ ਹਨ ਉਥੇ ਅਨੰਦ ਤੇ ਹੁਲਾਸ ਵੀ ਪੈਦਾ ਕਰਦੇ ਹਨ। ਡਾ. ਤਾਰਨ ਸਿੰਘ ਅਨੁਸਾਰ ਰਾਗਾਂ ਤੇ ਕਵਿਤਾ ਨੂੰ ਮਿਲਾ ਦਿਤਾ ਗਿਆ ਹੈ।

7. ਗੁਰਮਤਿ ਕਾਵਿ ਵਿਚ ਛੰਦਾ ਬੰਦੀ ਨੂੰ ਖਾਸ ਮਹਾਨਤਾ ਨਹੀਂ ਦਿੱਤੀ ਗਈ। ਵਧੇਰੇ ਮਹਾਨਤਾ ਰਾਗਾਂ ਨੂੰ ਹੀ ਪ੍ਰਦਾਨ ਕੀਤੀ ਗਈ ਹੈ। ਇਸ ਵਿਚ ਝੂਲਣਾ, ਦਵੱਈਆ, ਸਵੱਈਆ, ਦੋਹਰਾ, ਪਉੜੀ ਨਿਸ਼ਾਨੀ, ਕੱਜ਼ਲ, ਗੀਤਕਾ, ਚੌਪਈ, ਸਿਰਖੰਡੀ, ਸੋਹਰਠਾ, ਚਿਤਰਕਲਾ, ਗੀਤਾਂ, ਛਪੇ ਛੰਦ, ਆਦਿ ਛੰਦਾਂ ਦੀ ਵਰਤੋਂ ਹੋਈ ਪਈ ਹੈ।

8. ਗੁਰਮਤਿ ਕਾਵਿ ਵਿਚ ਸਿਰਲੇਖ ਜਿਹਾ ਕਿ ਸੁਖਮਨੀ, ਸਿੱਧ-ਗੋਸਟ, ਪਦੇ, ਆਰਤੀ ਬਾਵਣ ਅੱਖਰੀ, ਅੰਜਲੀਆਂ, ਆਦਿ ਲੋਕ ਗੀਤਾਂ ਤੇ ਅਧਾਰਤ ਹਨ। ਛੰਦ, ਰਾਗ ਤੇ ਕਾਵਿ ਭੇਦ ਬਹੁਤੇ ਭਾਰਤੀ ਹਨ। ਕਈ ਕਾਵਿ-ਭੇਦ ਲੋਕ ਗੀਤਾਂ ਤੇ ਆਧਾਰਤ ਹਨ— ਜਿਵੇਂ ਘੋੜੀਆਂ, ਅਲਾਹੁਣੀਆਂ, ਕੁਚੱਜੀ, ਸੁਚੱਜੀ, ਵਾਰ, ਲਾਵਾਂ ਕਰਹਲੇ ਆਦਿ।

9. ਗੁਰਬਾਣੀ ਵਿਚ ਵਾਰਾਂ ਨੂੰ ਲੋਕ ਵਾਰਾਂ ਦੀਆਂ ਧਾਰਨਾਂ ਤੇ ਗਾਉਣ ਦੇ ਉਪਦੇਸ਼ ਹਨ। ਇਹ ਵਾਰਾਂ ਜੀਵਨ ਨੂੰ ਚੰਗੇਰੇ ਪਾਸੇ ਪ੍ਰੇਰਤ ਕਰਦੀਆਂ ਹਨ। ਇਨ੍ਹਾਂ ਵਿਚ ਨੇਕੀ ਤੇ ਬਦੀ ਦੀ ਟੱਕਰ ਹੈ। ਇਹ ਪ੍ਰਭੂ ਨਾਇਕ ਦੀ ਮਹਾਨਤਾ ਨੂੰ ਗਾਉਂਦੀਆਂ ਹਨ। ਭਾਈ ਗੁਰਦਾਸ ਦੀਆਂ ਵਾਰਾਂ ਗੁਰਮਤਿ ਕਾਵਿ ਦੀਆਂ ਕੁੰਜੀਆਂ ਹਨ। ਗੁਰੂ ਗੋਬਿੰਦ ਸਿੰਘ ਜੀ ਦੀ ਵਾਰ 'ਚੰਡੀ ਦੀ ਵਾਰ' ਹਰ ਪਖੋਂ ਸਰਬ ਸਰੇਸ਼ਟ ਹੈ।

10. ਕਵਿਤਾ ਦੇ ਨੌ ਰਸ ਹਨ। ਗੁਰਮਤ ਕਾਵਿ ਵਿਚ ਪ੍ਰਧਾਨਤਾ ਸ਼ਾਂਤ ਰਸ ਦੀ ਹੈ। ਪਰ ਦੂਜੇ ਰਸ ਵੀ ਆ ਗਏ ਹਨ। ਛੰਤਾਂ ਵਿਚ ਸ਼ਿੰਗਾਰ ਰਸ ਹੈ। ਪਦਿਆਂ ਵਿਚ ਭਿਆਨਕ ਰਸ ਹੈ। ਬਾਬਾ ਫ਼ਰੀਦ ਤੇ ਗੁਰੂ ਤੇਗ ਬਹਾਦਰ ਜੀ ਦੇ ਸਲੋਕਾਂ ਵਿਚ ਕਰੁਣਾ ਰਸ ਹੈ। ਨਾਮ ਦੇਵ ਦੀ ਬਾਣੀ ਵਿਚ ਸ਼ਿੰਗਾਰ ਤੇ ਅਦਭੁਤ ਰਸ ਹੈ। ਗੁਰਮਤਿ ਕਾਵਿ ਵਿਚ ਮੂਲ ਰੂਪ ਵਿਚ ਪ੍ਰੇਮ ਨੂੰ ਪ੍ਰਧਾਨਤਾ ਦਿੱਤੀ ਗਈ ਹੈ।

"ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।" (ਗੁਰੂ ਗੋਬਿੰਦ ਸਿੰਘ)

11. ਗੁਰਮਤਿ ਕਾਵਿ ਦੀ ਬਿੰਬਾਵਲੀ ਬੜੀ ਅਮੀਰ, ਉਚਪਾਏ ਦੀ ਅਤੇ ਪ੍ਰੇਰਕ ਹੈ। ਸ਼ਬਦ ਬਿੰਬਾਵਲੀ ਨੂੰ ਪੈਦਾ ਕਰਦਾ ਹੈ। ਨਾਮ-ਸ਼ਬਦ ਹੀ ਬਿੰਬਾਵਲੀ ਦਾ ਸਰੋਤ ਹੈ।

ਭਾਵੇਂ ਗੁਰਮਤਿ ਕਾਵਿ ਦੇ ਵੱਖ ਵੱਖ ਕਵੀਆਂ ਦੇ ਖਿਆਲ ਰਲਦੇ ਹਨ, ਪਰ ਵਿਲੱਖਣਤਾ ਇਸ ਗੱਲ ਵਿਚ ਹੈ ਕਿ ਉਹੀ ਵਿਚਾਰਾਂ ਨੂੰ ਵੱਖ ਵੱਖ ਬਿੰਬਾਵਲੀ ਤੇ ਚਿੰਨ੍ਹਾਵਲੀ ਵਿਚ ਪੇਸ਼ ਕੀਤਾ ਗਿਆ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

12. ਗੁਰਮਤਿ ਕਾਵਿ ਵਿਚ ਇਤਿਹਾਸ, ਮਿਥਿਹਾਸ, ਪੂਰਵ ਕਾਲ, ਸਮਕਾਲ, ਆਦਿ ਨੂੰ ਹਵਾਲਿਆ ਤੇ ਹੰਘਾਲਿਆ ਗਿਆ ਹੈ। ਇਹਨਾਂ ਦਾ ਖੰਡਨ ਮੰਡਨ ਹੈ। ਅਤੇ ਇਸ ਵਿਚੋਂ ਨਵੀਂ ਰੌਸ਼ਨ-ਸੇਧ ਦਿੱਤੀ ਗਈ ਹੈ।

13. ਡਾ. ਗੋਪਾਲ ਸਿੰਘ ਦਰਦੀ ਅਨੁਸਾਰ ਗੁਰਮਤਿ ਕਾਵਿ ਵਿਚ 18 ਭਾਸ਼ਾਵਾਂ ਹਨ, ਪਰ ਡਾ. ਸੁਰਿੰਦਰ ਸਿੰਘ ਕੋਹਲੀ ਅਨੁਸਾਰ ਕਈ ਭਾਸ਼ਾਵਾਂ ਹਨ, ਉਪ ਭਾਸ਼ਾਵਾਂ ਵੀ ਹਨ। ਬਹੁਤ ਸਾਰਾ ਗੁਰਮਤਿ ਕਾਵਿ ਸਾਧ ਭਾਸ਼ਾ ਵਿਚ ਹੈ। ਇਹ ਭਾਸ਼ਾ ਸਾਧਾਂ ਦੀ ਉਹ ਭਾਸ਼ਾ ਸੀ ਜਿਸ ਨੂੰ ਸਮੂਹ ਭਾਰਤ ਵਿਚ ਸਮਝਿਆ ਜਾਂਦਾ ਸੀ।

ਸੰਸਕ੍ਰਿਤ, ਪਰਾਕ੍ਰਿਤ ਤੇ ਅਪਭ੍ਰੰਸ਼ ਦਾ ਪ੍ਰਭਾਵ ਵੀ ਗੁਰਮਤਿ ਕਾਵਿ ਉਤੇ ਵੇਖਿਆ ਜਾ ਸਕਦਾ ਹੈ। ਇਸ ਪੱਖੋਂ ਸਗੋਂ ਇਹ ਕਾਵਿ ਵਿਮਧ ਕਾਲੀ ਭਾਰਤ ਦੀਆਂ ਭਾਸ਼ਾਵਾਂ ਤੇ ਉਪ ਭਾਸ਼ਾਵਾਂ ਦੀ ਖੋਜ ਲਈ ਅਮੁਲੀ ਸੰਭਾਵਣਾ ਪੈਦਾ ਕਰਦਾ ਹੈ।

14. ਗੁਰਮਤ ਕਾਵਿ ਦੀ ਸ਼ੈਲੀ ਬੜੀ ਹੀ ਜ਼ੋਰਦਾਰ ਹੈ। ਸ਼ਬਦਾਵਲੀ ਸੰਜੋਗਾਤਮਕ ਹੈ। ਗਾਗਰ ਵਿਚ ਸਾਗਰ ਭਰਨ ਦਾ ਪ੍ਰਕਾਰਜ (function) ਕਰਦੀ ਹੈ। ਇਸੇ ਲਈ ਹੀ ਇਸ ਦੀਆਂ ਪੰਕਤੀਆਂ ਮੁਹਾਵਰੇ ਬਣ ਗਈਆਂ ਹਨ।

15. ਗੁਰਮਤਿ ਕਾਵਿ ਦਾ ਘੇਰਾ 12ਵੀਂ ਸਦੀ ਤੋਂ ਲੈ ਕੇ 18ਵੀਂ ਸਦੀ ਤਕ ਪਸਰਿਆ ਹੋਇਆ ਹੈ। ਇਸ ਦੇ ਕਵੀਆਂ ਨੇ ਆਪਣੇ ਸਮਕਾਲੀ ਜੀਵਨ ਦੇ ਘੋਰ ਅਨਿਆਂ ਨੂੰ ਵੰਗਾਰਿਆ ਹੈ ਅਤੇ ਉਸ ਵੰਗਾਰ ਨੂੰ ਕਵਿਤਾ ਵਿਚ ਪੇਸ਼ ਕੀਤਾ ਹੈ। ਉਨ੍ਹਾਂ ਨੂੰ 'ਪਰਵਾਹ ਨਾਹੀ ਸੀ ਕਿਸੇ ਕੇਰੀ ਬਾਝ ਸਚੇ ਨਾਇ।' ਉਹ 'ਸਭੇ ਸਾਂਝੀਵਾਲ ਸਦਾਇਨ ਕੋਈ ਨਾ ਦਿਸੈ ਬਾਹਰਾ ਜੀਓ' ਦਾ ਵਾਤਾਵਰਣ ਪੈਦਾ ਕਰਦੇ ਹਨ।

ਉਨ੍ਹਾਂ ਦੀ ਬਾਣੀ ਹਰ ਪ੍ਰਕਾਰ ਦੇ ਮਨੁੱਖੀ ਸ਼ੰਕੇ ਨੂੰ ਨਵਿਰਤ ਕਰਨ ਦੀ ਸ਼ਕਤੀ ਰੱਖਦੀ ਹੈ—

"ਧੁਰ ਕੀ ਬਾਣੀ ਆਈ ਜਿਨ ਸਗਲੀ ਚਿੰਤ ਮਿਟਾਈ।"

17. ਇਹ ਬਾਣੀ ਸਤਿਅੰ, ਸਿਵੰ, ਸੁਦਰੰਮ ਦੀ ਧਾਰਨੀ ਹੈ ਅਤੇ ਓਜ ਨਾਲ ਓਤ ਪੋਤ ਹੈ। ਆਓ ਇਸ ਤੋਂ ਸਦਾ ਬੇ-ਪਨਾਹ ਪ੍ਰੇਰਣਾ ਪ੍ਰਾਪਤ ਕਰਦੇ ਹੋਏ ਆਪਣੇ ਜੀਵਨ ਨੂੰ ਸੁਨਹਿਰੀ ਬਣਾਉਂਦੇ ਚਲੇ ਜਾਈਏ।

18. ਗੁਰਬਾਣੀ ਮਨੁੱਖਤਾ ਵਿਚ ਮਨੁੱਖੀ ਸੇਵਾ ਭਾਵ ਦਾ ਜਜ਼ਬਾ ਪੈਦਾ ਕਰਦੀ ਹੈ —

ਵਿਚ ਦੁਨੀਆਂ ਸੇਵ ਕਮਾਈਐ।
ਤਾਂ ਦਰਗਹ ਬਹਿਸਣ ਪਾਈਐ।
ਬਿਨ ਸੇਵਾ ਧ੍ਰਿਗ ਹਥ ਪੈਰ ਹੋਰ ਨਿਹਫਲ ਕਰਨੀ।

ਸੋ ਆਓ ਮਨੁੱਖੀ ਸੇਵਾ ਵਿਚ ਜੁੱਟੀਏ ਅਤੇ ਆਪਣਾ ਜੀਵਨ ਸਫ਼ਲ ਕਰੀਏ।

ਗੁਰਮਤਿ ਕਾਵਿ 1430 ਪੰਨਿਆਂ ਦਾ ਮਹਾਨ ਗ੍ਰੰਥ ਹੈ ਜਿਸ ਵਿਚ 6 ਗੁਰੂਆਂ, 13 ਭਗਤਾਂ, 2 ਸੂਫ਼ੀਆਂ, 15 ਭੱਟਾਂ ਤੇ ਗੁਰੂ ਘਰ ਦੇ ਨਿਕਟ ਵਰਤੀ ਪ੍ਰੇਮੀਆਂ ਦੀ ਬਾਣੀ ਅੰਕਿਤ ਹੈ। ਇਹ ਪੰਜ ਸੌ ਸਾਲ ਦੇ ਭਾਰਤੀ ਅਧਿਆਤਮਕ ਸੁਨਹਿਰੀ ਸਾਹਿਤ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਤਿਹਾਸ ਨੂੰ ਪੇਸ਼ ਕਰਦਾ 1604 ਈ: ਨੂੰ ਤਿਆਰ ਹੋਇਆ। ਇਹ ਇਕ ਐਸਾ ਥਾਲ ਹੈ ਜਿਸ ਦੀ ਵਿਸ਼ੇਸ਼ਤਾ ਮੁਦਾਵਣੀ ਮ: 5 ਵਿਚ ਇਉਂ ਹੈ—

"ਥਾਲ ਵਿਚ ਤਿਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ।
ਅੰਮ੍ਰਿਤ ਨਾਮੁ ਠਾਕਰੁ ਕਾ ਪਇਓ ਜਿਸ ਕਾ ਸਭਸੁ ਅਧਾਰੋ।
ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ।
ਇਹ ਵਸਤੁ ਤਜੀ ਨ ਜਾਈ ਨਿਤ ਨਿਤ ਰਖੁ ਉਰਿਧਾਰੋ।
ਤਮ ਸੰਸਾਰ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ।"

ਅਰਥਾਤ—ਸਲੋਕ ਮ: 3—

"ਥਾਲੈ ਵਿਚਿ ਤੈ ਵਸਤੂ ਪਈਓ, ਹਰਿ ਭੋਜਨੁ ਅੰਮ੍ਰਿਤੁ ਸਾਰੁ।
ਜਿਤੁ ਖਾਧੈ ਮਨੁ ਤ੍ਰਿਪਤੀਐ, ਪਾਈਐ ਮੋਖ ਦੁਆਰੁ।
ਇਹ ਭੋਜਨ ਅਲਭੁ ਹੈ ਸੰਤਹੁ, ਲਭੈ ਗੁਰ ਵੀਚਾਰਿ।
ਏਹ ਮੁਦਾਵਣੀ ਕਿਉਂ ਵਿਚਹੁ ਕਢੀਐ, ਸਦਾ ਰਖੀਐ ਉਰਧਾਰਿ।
ਏਹ ਮੁਦਾਵਣੀ ਸਤਿਗੁਰੂ ਪਾਈ, ਗੁਰਸਿਖਾਂ ਲਧੀ ਭਾਲਿ।
ਨਾਨਕ ਜਿਸੁ ਬੁਝਾਏ ਸੁ ਬੁਝਸੀ, ਹਰਿ ਪਾਇਆ ਗੁਰਮੁਖਿ ਘਾਲਿ।"

(ਸੋਰਠਿ ਕੀ ਵਾਰ ਮ: 5 ਪੰਨਾ 645)

ਮੁੰਦਾਵਣੀ ਲੋਕ ਗੀਤ ਪਤਲ ਹੈ। ਪੋਠੋਹਾਰੀ ਸ਼ਬਦ ਹੈ। ਰੋਟੀ ਪਾਣ ਵੇਲੇ ਬਰਾਤ ਨੂੰ ਬੁਝਾਰਤ ਪਾ ਕੇ ਬੰਨ੍ਹ ਲਿਆ ਜਾਂਦਾ ਹੈ। ਬੁਝਾਰਤ ਬੁਝਣ ਪਿਛੋਂ ਹੀ ਬਰਾਤ ਰੋਟੀ ਖਾਂਦੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"ਵਿਸ਼ਵ ਦੀਆਂ ਧਰਮ ਪੁਸਤਕਾਂ ਵਿਚੋਂ ਸ਼ਾਇਦ ਹੀ ਕਿਸੇ ਹੋਰ ਦੀ ਗੁਰੂ ਗ੍ਰੰਥ ਸਾਹਿਬ ਜਿੰਨੀ ਸਾਹਿਤਕ ਪੱਧਰ ਅਥਾਹ ਅਨੁਭਵੀ ਗਿਆਨ ਜਾਂ ਪ੍ਰੇਰਣਾ ਦੀ ਉੱਚਤਾ ਹੋਵੇ।"

(The Gospel of Guru Granth Sahib, ਡੰਕਨ ਗ੍ਰੀਨਲੀਜ਼)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਾਹਿਤਕ ਤੇ ਸੰਪਾਦਨ ਮਹਾਨਤਾ

ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ 1430 ਪੰਨਿਆਂ ਤੇ 31 ਰਾਗਾਂ ਵਿਚ ਹੈ। ਗ੍ਰੰਥ ਸੰਸਕ੍ਰਿਤ ਭਾਸ਼ਾਂ ਦਾ ਸ਼ਬਦ ਹੈ ਜਿਸ ਦਾ ਅਰਥ ਹੈ ਗੁੰਦਨਾ ਅਰਥਾਤ ਗ੍ਰੰਥ ਉਹ ਪੋਥੀ ਹੁੰਦੀ ਹੈ ਜਿਸ ਵਿਚ ਪ੍ਰਭ-ਉਪਦੇਸ਼ਾਂ ਨੂੰ ਕਲਾਮਈ ਤਰਤੀਬ ਨਾਲ ਗੁੰਦਿਆ ਹੁੰਦਾ ਹੈ। ਵਿਸ਼ਵ ਕਲਿਆਣਕਾਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਵਿਸ਼ਵ ਕਲਿਆਣਕਾਰੀ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਨੇ ਆਪਣੀ ਕਲਾ ਪਾਰਖੂ ਦ੍ਰਿਸ਼ਟੀ ਹੇਠ ਭਾਈ ਗੁਰਦਾਸ ਜੀ ਤੋਂ 1604 ਵਿਚ ਕਰਵਾਈ। ਇਸ ਪਾਕ-ਸੰਪਾਦਨਾ ਦੀ ਉਸ ਵੇਲੇ ਅਤਿ ਲੋੜ ਸੀ। ਇਕ ਤਾਂ ਪ੍ਰਿਥੀ ਚੰਦ ਦੇ ਵੱਡੇ ਪੁੱਤਰ ਮਿਹਰਬਾਨ ਵਰਗੇ ਗੁਰੂ ਨਾਨਕ ਨਾਂ ਨਾਲ ਬਾਣੀ ਦਾ ਰਲਾ ਪੈਦਾ ਕਰ ਰਹੇ ਸਨ। ਦੂਜੇ ਵੈਸੇ ਵੀ ਉਸ ਵੇਲੇ ਇਕ ਮਹਾਨ ਗ੍ਰੰਥ ਦੀ ਅਵੱਸ਼ਕਤਾ ਅਨੁਭਵ ਕੀਤੀ ਜਾ ਰਹੀ ਸੀ। ਸੋ ਕੱਚੀ ਬਾਣੀ ਨਾਲੋਂ ਧੁਰ ਕੀ ਸੱਚੀ ਬਾਣੀ ਨੂੰ ਨਿਖੇੜ ਕੇ ਸੰਪਾਦਿਆ ਗਿਆ ਤਾਂ ਕਿ ਅਸੀਂ ਸਦਾ ਇਸ ਦੀ ਅਗਵਾਈ ਲੈ ਸਕੀਏ।

ਗੁਰੂ ਗ੍ਰੰਥ ਸਾਹਿਬ ਮੱਧਕਾਲ ਦੀ ਸਭ ਤੋਂ ਮਹਾਨ ਰਚਨਾ ਹੈ। ਏਡੇ ਉਚ ਪਾਏ ਦੀ ਤੇ ਏਡੇ ਵਡੇ ਆਕਾਰ ਦੀ ਹੋਰ ਕੋਈ ਰਚਨਾ ਵਿਸ਼ਵ ਭਰ ਵਿਚ ਨਹੀਂ ਮਿਲਦੀ। ਇਸ ਵਿਚ ਹੋਰ ਵਾਧਾ ਇਹ ਹੈ ਕਿ ਇਹ ਆਪਣੇ ਸ਼ੁਧ ਤੇ ਪਰਮਾਣੀਕ ਰੂਪ ਵਿਚ ਅੰਕਿਤ ਕੀਤਾ ਗਿਆ। ਇਸ ਪੱਖੋਂ ਸ਼ਾਇਦ ਹੀ ਕੋਈ ਹੋਰ ਗ੍ਰੰਥ ਇਸ ਤੁਲ ਦਾ ਹੋਵੇ। ਆਪਣੀ ਰਚਨਾ ਵਿਚ ਗੁਰੂ ਗ੍ਰੰਥ ਸਾਹਿਬ ਕਾਲ ਤੇ ਦੇਸ਼ ਦੇ ਪੱਖੋਂ ਬਹੁ ਵਿਸ਼ਾਲ ਘੇਰੇ ਵਿਚ ਪਸਰਿਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੋਇਆ ਹੈ । 12ਵੀਂ 13ਵੀਂ ਸਦੀ ਤੋਂ ਲੈ ਕੇ ਇਸ ਦਾ ਘੇਰਾ 17ਵੀਂ ਸਦੀ ਤਕ ਭਾਵ ਲਗ ਭਗ ਸੌ ਸਾਲ ਤਕ ਪਹੁੰਚ ਜਾਂਦਾ ਹੈ । ਇਸ ਵਿਚ 36 ਪ੍ਰਸਿਧ ਪ੍ਰਭੂ-ਪ੍ਰੇਮ, ਦੇਸ਼-ਪ੍ਰੇਮ, ਮਾਨਵ-ਪ੍ਰੇਮ ਵਿਚ ਵਿਲੀਣ ਹੋਏ ਹੋਰ ਵਰਣ ਆਸ਼ਰਮ, ਜਾਤ ਪਾਤ ਤੇ ਧਰਮ ਵਿਚੋਂ ਨਿਖ਼ਰ, ਰੂਹ ਦੀ ਉਚਤਮ ਅਵਸਥਾ ਵਿਚ ਟਿਕੇ ਮਹਾਨ ਪੁਰਸ਼ਾਂ ਦੀ ਰਚਨਾ ਸੰਕਲਤ ਹੈ । ਇਸ ਦੇ ਕਵੀਆਂ ਦਾ ਜੀਵਨ ਸਾਹਿਤ ਨਾਲ ਮਿਲਕੇ ਇਕ ਹੋ ਚੁਕਾ ਸੀ । ਇਨ੍ਹਾਂ ਪੀਰ ਅਵਤਾਰ ਤੇ ਮਹਾਂਪੁਰਖ ਕਵੀਆਂ ਜਿਹਾ ਕਿ ਮਹਾਂਰਾਸ਼ਟਰ ਵਿਚ ਨਾਮਦੇਵ ਤੇ ਤ੍ਰਿਲੋਚਨ ਜੀ, ਬੰਗਾਲ ਵਿਚ ਜੈ ਦੇਵ ਜੀ, ਉੱਤਰ ਪ੍ਰਦੇਸ਼ ਵਿਚ ਰਾਮਾਨੰਦ ਜੀ, ਕਬੀਰ ਜੀ, ਰਵਿਦਾਸ ਜੀ, ਪੀਪਾ ਜੀ ਆਦਿ ਤੇ ਧੰਨਾਂ ਸਦਨਾਂ ਸੈਣ, ਆਦਿ ਹੋਰ ਭਿੰਨ ਭਿੰਨ ਪ੍ਰਾਂਤਾਂ ਦੇ ਭੀਖਣ ਸ਼ਾਹ ਜੀ ਲਖ਼ਨਊ ਦੇ ।

2. ਪੰਜਾਬ ਵਿਚ ਹੋਏ ਗੁਰੂ ਸਾਹਿਬਾਨ ਗੁਰੂ ਨਾਨਕ, ਗੁਰੂ ਅੰਗਦ, ਗੁਰੂ ਅਮਰਦਾਸ ਗੁਰੂ ਰਾਮਦਾਸ, ਗੁਰੂ ਅਰਜਨ, ਗੁਰੂ ਤੇਗ ਬਹਾਦੁਰ ਜੀ । ਜਿਸ ਵਿਚ ਟਿਕ ਸਲੋਕ ਗੁਰੂ ਗੋਬਿੰਦ ਸਿੰਘ ਦਾ ਦਸਿਆ ਜਾਂਦਾ ਹੈ ।

3. ਗੁਰੂ ਸਾਹਿਬਾਨ ਦੇ ਨਿਕਟਵਰਤੀ ਮਹਾਂਪੁਰਖ ਤੇ ਪੰਜਾਬੀ ਭਟ ਜਿਹਾ ਕਿ ਬਾਬਾ ਸੁੰਦਰ ਦਾਸ ਜੀ, ਮਰਦਾਨਾ, ਸਤਾ ਬਲਵੰਡਾ, ਸਲ, ਲ੍ਹਭ, ਬਲ੍ਹ, ਨਲ੍ਹ, ਕੀਰਤ, ਜਾਲਪ, ਹਰਿਬੰਸ ਆਦਿ ।

ਗੁਰੂ ਗ੍ਰੰਥ ਸਾਹਿਬ ਵਿਚ ਬਾਣੀ-ਤਰਤੀਬ ਵਿਸ਼ੇ-ਮਜ਼ਮੂਨ ਕਵੀਆਂ, ਜਾਂ ਰਚਨ ਕਾਲ ਅਨੁਸਾਰ ਨਾ ਹੋ ਕੇ ਰਚਨ-ਮਨੋਰਥ ਅਨੁਸਾਰ ਹੈ । ਗੁਰਮਤ ਮਾਰਗ ਨਾਮ ਮਾਰਗ ਹੈ ਜਿਸ ਵਿਚ ਗਿਆਨ ਮਾਰਗ, ਕਰਮ ਮਾਰਗ ਤੇ ਭਗਤੀ ਮਾਰਗ ਵੀ ਸੰਮਿਲਿਤ ਹਨ । ਇਸ ਮਾਰਗ ਦੀ ਕੁੰਜੀ ਵਿਸਮਾਦ ਹੈ, ਵਿਸਮਾਦ ਵਜਦ ਦੀ ਅਵਸਥਾ ਹੈ ਇਥੇ ਆ ਕੇ ਮਨੁੱਖੀ ਮਨ ਪੂਰਨ ਸ਼ਾਂਤ ਤੇ ਅਡੋਲ ਹੁੰਦਾ ਹੈ । ਪਰਮ ਪਿਤਾ ਤੋਂ ਸ਼ਕਤੀ ਪ੍ਰਾਪਤ ਕਰਦਾ ਹੈ । ਇਸ ਅਵਸਥਾ ਨੂੰ ਰਾਗ, ਕਾਵਿ, ਤਾਲ ਤੇ ਸਾਜ ਦੇ ਸੁਮੇਲ ਨਾਲ ਪੈਦਾ ਕੀਤਾ ਜਾਂਦਾ ਹੈ । ਤੇ ਇਸ ਦੇ ਸੁਮੇਲ ਦਾ ਸਭ ਤੋਂ ਵਧੀਆ ਸਾਧਨ ਕੀਰਤਨ ਹੈ —

1. ਸਾਧ ਸੰਗ ਹਰਿ ਕੀਰਤਨ ਗਾਈਐ ।
   ਇਹ ਅਸਥਾਨ ਗੁਰੂ ਤੇ ਪਾਈਐ ।

2. ਹਰਿ ਕੀਰਤਿ ਸਾਧ ਸੰਗਿਤ ਹੈ ਸਿਰ ਕਰਮਨ ਕੇ ਕਰਮਾਂ । ਇਕ ਰਾਗ ਵਿਚ ਗਾਈਆਂ ਜਾਣ ਵਾਲੀਆਂ ਬਾਣੀਆਂ ਨੂੰ ਖਾਸ ਢੰਗ ਨਾਲ ਤਰਤੀਬ ਦਿੱਤੀ ਗਈ ਹੈ—ਸਭ ਤੋਂ ਪਹਿਲਾਂ ਚਪਉਦੇ, ਫੇਰ ਅਸਟਪਦੀਆਂ, ਫੇਰ ਖਾਸ ਲੰਮੀਆਂ ਬਾਣੀਆਂ, ਫੇਰ ਛੰਤ, ਫੇਰ ਖਾਸ ਛੋਟੀਆਂ ਬਾਣੀਆਂ, ਫੇਰ ਵਾਰਾਂ ਤੇ ਅੰਤ ਭਗਤਾਂ ਦੀ ਬਾਣੀ । ਬਾਣੀ ਨੂੰ ਇਨ੍ਹਾਂ ਸਿਰ-ਲੇਖਾਂ ਹੇਠ ਘਰਾਂ ਦੇ ਮੁਤਾਬਕ ਵੰਡਿਆ ਗਿਆ ਹੈ ਕਿਉਂਕਿ ਘਰਾਂ ਦੇ ਅਨੁਸਾਰ ਸੁਰ ਉੱਚੀ ਨੀਵੀਂ ਹੁੰਦੀ ਰਹਿੰਦੀ ਹੈ । ਗੁਰੂ ਗ੍ਰੰਥ ਦੇ ਅੰਤ ਵਿਚ ਇਕ ਰਾਗ ਮਾਲਾ ਹੈ, ਜਿਸ ਵਿਚ ਰਾਗਾਂ ਰਾਗਨੀਆਂ ਤੇ ਉਨ੍ਹਾਂ ਦੇ ਪਰਿਵਾਰਾਂ ਦਾ ਜਿਕਰ ਹੈ । ਇਹ ਇਕ ਪ੍ਰਕਾਰ ਨਾਲ ਰਾਗਾਂ ਦਾ ਤਤਕਰਾ ਹੈ । ਸਭ ਤੋਂ ਸਿਰਮੌਰ ਰਾਗ ਸ੍ਰੀ ਰਾਗ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"ਰਾਗਾਂ ਵਿਚ ਸ੍ਰੀ ਰਾਗ ਜੇ ਸਚਿ ਧਰੇ ਪਿਆਰੁ ।"

ਸੋ ਪਹਿਲਾਂ ਸ੍ਰੀ ਰਾਗ ਰਖਿਆ ਹੈ । ਰਾਗ ਮਾਲਾ 84 ਰਾਗ ਹਨ । ਰਾਗ 31 ਹਨ ਬਾਕੀ ਉਨ੍ਹਾਂ ਦੀਆਂ ਇਸਤ੍ਰੀਆਂ, ਧੀਆਂ ਤੇ ਪੁਤਰ ਹਨ । ਰਾਗ, ਕਵਿਤਾ, ਕਵੀ ਤੇ ਘਰ, ਇਹ ਚਾਰ ਨਿਯਮ ਸਾਹਮਣੇ ਰਹੇ ਹਨ । ਭਗਤ ਬਾਣੀ ਇਸ ਤਰਤੀਬ ਨਾਲ ਸੰਪਾਦਨ ਹੋਈ ਹੈ—1. ਕਬੀਰ 2. ਨਾਮ ਦੇਵ 3. ਰਵਿਦਾਸ 4. ਰਾਮਾ ਨੰਦ 5. ਜੈ ਦੇਵ 6. ਤ੍ਰਿਲੋਚਨ 7. ਧੰਨਾ 8. ਸੈਣ 9. ਪੀਪਾ 10. ਭੀਖਨ 11. ਸਧਨਾ 12. ਪਰਮਾ ਨੰਦ 13. ਸੂਰ ਦਾਸ 14. ਬੇਣੀ 15. ਫ਼ਰੀਦ । ਭਗਤ ਬਾਣੀ ਉਪਰ ਤਾਲ ਦਾ ਵੇਰਵਾ ਨਹੀਂ ਦਿੱਤਾ ਗਿਆ ਜਦ ਕਿ ਆਦਿ ਗ੍ਰੰਥ ਵਿਚ ਸੰਪਾਦਨ ਵੇਲੇ ਸੰਪਾਦਕੀ ਨਿਯਮ ਅਨੁਸਾਰ ਭਗਤਾਂ ਦੀ ਬਾਣੀ ਉਪਰ ਤਾਲ ਜਾਂ ਘਰ ਦਾ ਸੰਕੇਤ ਦਿੱਤਾ ਗਿਆ ਹੈ । ਸੋ ਸਪਸ਼ਟ ਹੈ ਕਿ ਪਾਰਖੂ ਗੁਰੂ ਅਰਜਨ ਨੇ ਇਸ ਨੂੰ ਵੀ ਰਾਗ ਪ੍ਰਬੰਧ ਦੇ ਅਨੁਸ਼ਾਸਨ ਅਧੀਨ ਹੀ ਰਖਿਆ ਹੈ ।

ਗੁਰੂ ਗੋਬਿੰਦ ਸਿੰਘ ਜੀ ਨੇ ਗੁਰਗੱਦੀ ਗੁਰੂ ਗ੍ਰੰਥ ਸਾਹਿਬ ਨੂੰ ਸੌਂਪ ਦਿੱਤੀ ਸੀ—

"ਆਗਿਆ ਭਈ ਅਕਾਲ ਕੀ ਤਬੀ ਚਲਾਇਓ ਪੰਥ ।
ਸਭ ਸਿਕਨ ਕਉ ਹੁਕਮ ਹੈ ਗੁਰੂ ਮਾਨਿਓਂ ਗ੍ਰੰਥ ।
ਗੁਰੂ ਗ੍ਰੰਥ ਜੀ ਮਾਨਿਓਂ ਪ੍ਰਗਟ ਗੁਰਾਂ ਕੀ ਦੇਹ ।
ਜੋ ਪ੍ਰਭੂ ਕਉ ਮਿਲ ਬੋ ਚਹੇ, ਖੋਜ ਸ਼ਬਦ ਮਹਿਲੇਹ ।"

ਗੁਰੂ ਗ੍ਰੰਥ ਸਾਹਿਬ ਜੀ ਦੇ ਵਿਸ਼ੈ-ਵਸਤੂ ਨੂੰ ਗੁਰੂ ਅਰਜਨ ਦੇਵ ਜੀ ਨੇ ਇਸ ਤਰ੍ਹਾਂ ਪ੍ਰਗਟਾਇਆ ਹੈ—ਇਹ ਇਕ ਪ੍ਰਕਾਰ ਦੀ ਅੰਤਿਕਾ ਹੈ ਜੋ ਸੰਪਾਦਨ ਨੂੰ ਪੇਸ਼ ਕਰਦੀ ਹੈ ।

"ਥਾਲ ਵਿਚ ਤਿੰਨ ਵਸਤੂ ਪਈਓ, ਸਤ ਸੰਤੋਖ ਵੀਚਾਰੋ ।
ਅੰਮ੍ਰਿਤ ਨਾਮ ਠਾਕਰ ਕਾ ਪਈਓ, ਜਿਸ ਕਾ ਸਭਸੁ ਅਧਾਰੋ ।
ਜੇ ਕੋ ਖਾਵੈ ਜੇ ਕੋ ਭੁੰਚੈ, ਤਿਸ ਕਾ ਹੋਇ ਉਧਾਰੋ ।
ਏਹ ਵਸਤ ਤਜੀ ਨਾ ਜਾਈ, ਨਿਤ ਨਿਤ ਰਖੁ ਉਰਿਧਾਰੋ ।
ਤਮ ਸੰਸਾਰ ਚਰਨ ਲਗ ਤਰੀਐ, ਸਭ ਨਾਨਕ ਬ੍ਰਹਮ ਪਸਾਰੋ ।"

(ਮੁੰਦਾਵਣੀ, Epilogue)

ਗੁਰੂ ਗ੍ਰੰਥ ਸਾਹਿਬ ਮਨੁੱਖ ਨੂੰ ਜੀਵਨ—ਆਦਰਸ਼ ਦ੍ਰਿੜ ਕਰਵਾਉਂਦਾ ਹੈ—

"ਭਈ ਪ੍ਰਾਪਤ ਮਾਨੁੱਖ ਦੇ ਹੁਰੀਆ ।
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ।
ਅਵਰਿ ਕਾਜਿ ਤੇਰੈ ਕਿਤੈ ਨ ਕਾਮ ।
ਮਿਲੁ ਸਾਧ ਸੰਗਤ ਵਜੁ ਕੇਵਲ ਨਾਮ ।"

ਜਿਸ ਤਰ੍ਹਾਂ ਹਜਰਤ ਮੁਹੰਮਦ ਦਾ ਕੁਰਾਨ ਇਸਲਾਮ ਹੈ ਉਸੇ ਤਰ੍ਹਾਂ ਇਹ ਗ੍ਰੰਥ ਦੀ ਬਾਣੀ ਵੀ ਇਸਲਾਮ ਹੈ ।

1. ਜੈਸੀ ਮੈਂ ਆਵੇ ਖਸਮ ਕੀ ਬਾਣੀ । ਤੈਸੜਾ ਕਰੀ ਗਿਆਨ ਵੇ ਲਾਲੋ ।"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

2. ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰ ਸਿਖਹੁ ਹਰਿ ਕਰਤਾ ਆਪਿ ਮੁਹਰੁ ਕਢਾਏ ।

ਇਸ ਨਾ ਮਨੁਖੀ ਅਗਿਆਨਤਾ ਦਾ ਹਨੇਰਾ ਦੂਰ ਹੁੰਦਾ ਹੈ ਅਤੇ ਮਨ ਵਿਚ ਰੋਸ਼ਨੀ ਦਾ ਪ੍ਰਕਾਸ਼ ਹੋ ਜਾਂਦਾ ਹੈ ।

''ਗਿਆਨ ਅੰਜਨ ਗੁਰ ਦੀਆ,
ਅਗਿਆਨ ਅੰਧੇਰ ਬਿਨਾਸੁ ।
ਹਰਿ ਕਿਰਪਾ ਤੇ ਸੰਤ ਭੇਟਿਆ,
ਨਾਨਕ ਮਨ ਪ੍ਰਗਾਸੁ ।''

ਮੁਕਤੀ ਲਈ ਘਰ ਬਾਹਰ ਛੱਡਣ ਦੀ ਲੋੜ ਨਹੀਂ —

ਮਾਇਆ ਵਿਚ ਹੀ ਕਮਲ ਦੇ ਪਾਣੀ ਵਿਚ ਰਹਿੰਦਿਆਂ ਨਿਰਲੇਪ ਰਹਿਣ ਵਾਂਗ ਪ੍ਰਾਪਤ ਕੀਤੀ ਜਾ ਸਕਦੀ ਹੈ ।

''ਸਤਿਗੁਰ ਪੂਰਾ ਭੇਟਿਆ ਪੂਰੀ ਹੋਵੈ ਜੁਗਤ ।
ਹਸੰਦਿਆਂ ਖੇਡੰਦਿਆਂ ਪੈਨੰਦਿਆਂ ਵਿਚਹਿ ਹੋਵੈ ਮੁਕਤ ।''

ਇਸ ਤਰ੍ਹਾਂ ਇਹ ਗ੍ਰੰਥ ਮਨੁੱਖ ਨੂੰ ਲੋਕ ਸੁਖੀਏ ਪ੍ਰਲੋਕ ਸੁਹੇਲੇ ਬਣਾਉਂਦਾ ਹੈ । ਇਸ ਦਾ ਚਰਮ ਲਖਸ਼ ਮਨੁੱਖ ਨੂੰ ਦੇਵਤਾ ਬਣਾਉਣ ਵਿਚ ਹੈ—

''ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰਿ ।
ਜਿਨਿ ਮਾਨਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰਿ ।''

ਸਭ ਧਰਮਾਂ ਤੇ ਪੈਗੰਬਰਾਂ ਦਾ ਸਨਮਾਨ ਪਹਿਲੀ ਵਾਰ ਇਸ ਗ੍ਰੰਥ ਵਿਚ ਵੇਖਿਆ ਗਿਆ —

''ਜਗਤ ਜਲੰਦਾ ਰਾਖ ਲੈ ਆਪਣੀ ਕ੍ਰਿਪਾ ਧਾਰ ।
ਜਿਤ ਦੁਆਰੈ ਉਬਰੈ ਤਿਤੈ ਲਈਓ ਉਬਾਰ ।''

ਹੇ ਪਰਮ ਪਿਤਾ ਇਹ ਦੁਨੀਆਂ ਜਲ ਰਹੀ ਹੈ । ਇਸ ਦੇ ਜੀਵ ਜਿਸ ਕਿਸੇ ਧਰਮ ਜਾਂ ਪੀਰ ਪੈਗੰਬਰ ਦੇ ਦੁਆਰੇ ਤੋਂ ਆਪ ਪਾਸ ਆਉਂਦੇ ਹਨ ਉਥੋਂ ਹੀ ਤੂੰ ਉਨ੍ਹਾਂ ਦੀ ਬਾਂਹ ਪਕੜ ਲੈ ।

ਇਸ ਵਿਚ ਦਸਾਂ ਨਹੁੰਆਂ ਦੀ ਕਮਾਈ ਤੇ ਜ਼ੋਰ ਦਿੱਤਾ ਗਿਆ ਹੈ —

''ਘਾਲ ਖਾਇ ਕਿਛੁ ਹਥਹੁ ਦੇਇ ।
ਨਾਨਕ ਰਾਹ ਪਛਾਣੇ ਸੇਇ ।''

ਮਨੁੱਖ ਦੁਖੀ ਹੈ ਤੇ ਇਕੋ ਨਾਮ ਦਾ ਆਸਰਾ ਲੈ ਕੇ ਸੁਖੀ ਹੋਇਆ ਜਾ ਸਕਦਾ ਹੈ

1. ''ਨਾਨਕ ਦੁਖੀਆ ਸਭ ਸੰਸਾਰ ।
ਸੋ ਸੁਖੀਆ ਜਿਸ ਨਾਮ ਅਧਾਰ ।''

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

2. "ਸਗਲ ਸ੍ਰਿਸਟਿ ਤੇ ਰਾਜਾ ਦੁਖੀਆ ।
ਹਰ ਕਾ ਨਾਮੁ ਜਪਤ ਹੋਇ ਸੁਖੀਆ ।

ਸਭੇ ਸਾਂਝੀਵਾਲ ਸਦਾਇਣ ਕੋਈ ਨ ਦੀਸੈ ਬਾਹਰਾ ਜੀਓ ਦਾ ਵਾਤਾਵਰਣ ਪੈਦਾ ਕੀਤਾ ਗਿਆ । ਏਕ ਨੂਰ ਤੇ ਸਭ ਜਗ ਉਪਜਿਆ ਦਸਿਆ ਗਿਆ ਜੋ ਕਿ ਅਸਲ ਹਕੀਕਤ ਸੀ। ਮੜ੍ਹੀਆਂ, ਬੇਰੀਆਂ, ਬਰਮੀਆਂ, ਕਿਕਰਾਂ, ਮਸਾਣਾਂ, ਮੂਰਤੀਆਂ, ਸਮਾਧਾਂ, ਬੁੱਤਾਂ ਨੂੰ ਪੂਜਦੀ ਮਨੁੱਖਤਾ ਦੇ ਸਾਹਵੇਂ ਏਕ ਪ੍ਰਭੂ ਦੀ ਪੂਜਾ ਤੇ ਜ਼ੋਰ ਦਿਤਾ ਗਿਆ—

"ਏਕੋ ਸਿਮਰੋ ਨਾਨਕਾ ਜਲਿ ਥਲਿ ਮਹੀਅਲ ਸੋਇ ।

ਇਸ ਤਰ੍ਹਾਂ ਮਨੁੱਖਤਾ ਵਿਚ ਪਿਤ੍ਰੀ ਭਾਵ ਤੇ ਭ੍ਰਾਤ੍ਰੀ ਭਾਵ ਪੈਦਾ ਕੀਤਾ ਗਿਆ—

"ਏਕ ਪਿਤਾ ਏਕਸ ਕੇ ਹਮ ਬਾਰਕ ।"

ਗੁਰੂ ਗ੍ਰੰਥ ਸਾਹਿਬ ਮਨੁੱਖ ਦੀਆਂ ਸਮੂਹ ਸਮੱਸਿਆਵਾਂ ਨੂੰ ਹੱਲ ਕਰਨ ਦੇ ਸਮਰਥ ਹੈ—

"ਧੁਰ ਕੀ ਬਾਣੀ ਆਈ ।
ਜਿਨ ਸਗਲੀ ਚਿੰਤ ਮਿਟਾਈ ।

ਛੂਤ ਛਾਤ ਦੇ ਭਰਮ-ਪਾਖੰਡ ਨੂੰ ਭੰਡਿਆ ਗਿਆ—

"ਜੇ ਤਉ ਬਾਹਮਣ ਬਾਹਮਣੀ ਜਾਇਆ ।
ਅਵਰ ਬਾਟ ਕਾਹਿ ਨਹੀਂ ਆਇਆ ।"

ਇਸਤ੍ਰੀ ਨੂੰ ਮਨੁੱਖ ਬਰਾਬਰ ਦਰਜਾ ਦਿੱਤਾ ਗਿਆ । ਇਸਤ੍ਰੀ ਨਿੰਦਣ ਯੋਗ ਨਹੀਂ, ਸਗੋਂ ਪ੍ਰਸ਼ੰਸਾ ਯੋਗ ਹੈ—

"ਸੋ ਕਿਉਂ ਮੰਦਾ ਆਖੀਐ ਜਿਤ ਜੰਮੇ ਰਾਜਾਨੁ ।"

ਇਸ ਦੀ ਇਤਿਹਾਸਕ ਸਮਾਜਕ ਮਹਾਨਤਾ ਬਹੁਤ ਹੈ—ਰਾਜੇ ਪਰਜਾ ਤੇ ਜ਼ੁਲਮ ਕਰਦੇ ਹਨ—

"ਰਾਜੇ ਸੀਂਹ ਮੁਕੱਦਮ ਕੁਤੇ ।
ਜਾਇ ਜਗਾਇਣ ਬੈਠੇ ਸੁਤੇ ।

ਪਰ ਪਰਜਾ ਵੀ ਦੋਸ਼ੀ ਹੈ—

"ਅੰਧੀ ਰਈਅਤ ਗਿਆਨ ਵਿਹੂਣੀ ।
ਭਾਇ ਭਰੀ ਮੁਰਦਾਰ ।"

ਡਾ. ਤਾਰਨ ਸਿੰਘ ਆਪਣੀ ਪੁਸਤਕ 'ਭਗਤੀ ਤੇ ਸ਼ਕਤੀ' ਦੇ ਲੇਖ 'ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਾਵਿ ਕਲਾ ਤੇ ਰਾਗਾਂ ਦਾ ਸੰਬੰਧ' ਵਿਚ ਲਿਖਦੇ ਹਨ—"ਜਿਥੇ ਗੁਰੂ ਗ੍ਰੰਥ ਸਾਹਿਬ ਨੇ ਕਈ ਨਵੇਂ ਅਧਿਆਤਮਕ ਰਹੱਸਵਾਦੀ ਧਾਰਮਕ, ਸਮਾਜਕ ਤੇ ਰਾਜਸੀ ਦ੍ਰਿਸ਼ਟੀ-ਕੋਣ ਦਿੱਤੇ ਹਨ ਉਥੇ ਇਉਂ ਪ੍ਰਤੀਤ ਹੁੰਦਾ ਹੈ ਕਿ ਉਸ ਨੇ ਇਕ ਨਵਾਂ ਕਲਾਤਮਕ ਦ੍ਰਿਸ਼ਟੀਕੋਣ ਵੀ ਦਿੱਤਾ ਹੈ ਜਿਸ ਦੀ ਭਾਰਤੀ ਕਲਾਤਮਕ ਇਤਿਹਾਸ ਵਿਚ ਇਕ ਵਿਸ਼ੇਸ਼

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਥਾਂ ਹੋਣੀ ਚਾਹੀਦੀ ਹੈ। ਆਦਿ ਗ੍ਰੰਥ ਵਿਚ ਰਾਗਾਂ ਤੇ ਕਵਿਤਾ ਨੂੰ ਮਿਲਾ ਦਿੱਤਾ ਗਿਆ ਹੈ। ਰਸ ਦੀ ਥਾਂ ਪ੍ਰਧਾਨਗੀ ਰਾਗ ਦੀ ਹੈ।''

ਰੂਪਕ ਪੱਖ ਤੋਂ ਵੀ ਵਿਚਾਰਿਆਂ ਗੁਰੂ ਗ੍ਰੰਥ ਸਾਹਿਬ ਟਿਕ ਬਲਵਾਨ ਰਚਨਾ ਸਿਧ ਹੁੰਦੀ ਹੈ। ਰਾਗ ਇਸ ਦੀ ਕਵਿਤਾ ਦੇ ਹਰ ਸ਼ਬਦ ਵਿਚੋਂ ਝਰਦਾ ਹੈ। ਰਾਗਾਂ ਨੂੰ ਰੁੱਤਾਂ, ਸਮਿਆਂ, ਮਨੁੱਖੀ ਵਿਚਾਰਾਂ ਭਾਵਾਂ ਅਨੁਸਾਰ ਵਰਤਿਆ ਗਿਆ ਹੈ। ਜਿਥੇ ਇਹ ਰਾਗ ਸੁਹਜ ਸੁਆਦ ਪੈਦਾ ਕਰਦੇ ਹਨ ਓਥੇ ਅਨੰਦ ਤੇ ਹੁਲਾਸ ਦਾ ਗੁਣ ਵੀ ਪੈਦਾ ਕਰਦੇ ਹਨ—

''ਅਨੰਦ ਭਇਆ ਮੇਰੀ ਮਾਇ ਸਤਿਗੁਰੂ ਮੈ ਪਾਇਆ।
ਸਤਿਗੁਰ ਤਾ ਪਾਇਆ ਸਹਿਜ ਸੇਤੀ ਮਨ ਵਜੀਆਂ ਵਧਾਈਆਂ।
ਰਾਗ ਰਤਨ ਪ੍ਰਵਾਰ ਪਰੀਆਂ ਸ਼ਬਦ ਗਾਵਣ ਆਈਆਂ।
ਸ਼ਬਦੋ ਤਾ ਗਾਵਉ ਹਰੀ ਕੇਰਾ ਮਨ ਜਿਨੀ ਵਸਾਇਆ।''

ਛੰਦਾ ਬੰਦੀ ਨੂੰ ਕੋਈ ਖਾਸ ਮਹਾਨਤਾ ਨਹੀਂ ਦਿੱਤੀ ਗਈ। ਜ਼ਿਆਦਾ ਮਹਾਨਤਾ ਰਾਗਾਂ ਨੂੰ ਦਿੱਤੀ ਗਈ ਹੈ। ਇਸ ਵਿਚ ਝੂਲਣਾ, ਦਵੱਈਆ, ਸਵੱਈਆ, ਦੋਹਰਾ, ਪਉੜੀ, ਨਿਸ਼ਾਨੀ, ਕੱਜਲ ਗੀਤਕਾ, ਚੌਪਈ, ਸਿਰਖੰਡੀ, ਸੋਹਰਠਾ, ਚਿਤਰਕਲਾ, ਗੀਤਾ, ਛਪੇ ਛੰਦ, ਆਦਿ ਛੰਦਾਂ ਦੀ ਵਰਤੋਂ ਕੀਤੀ ਗਈ ਹੈ।

ਇਸ ਵਿਚਲੇ ਸਿਰਲੇਖ ਜਿਹਾ ਕਿ ਸੁਖਮਨੀ, ਸਿਧ ਗੋਸਟ, ਸ਼ਬਦ, ਪਦੇ, ਆਰਤੀ, ਬਾਵਣ ਅੱਖਰੀ, ਅੰਜਲੀਆਂ, ਆਦਿ ਲੋਕ ਗੀਤਾਂ ਤੇ ਆਧਾਰਤ ਹਨ। ਛੰਦ, ਰਾਗ ਤੇ ਕਾਵਿ ਭੇਦ ਬਹੁਤੇ ਭਾਰਤੀ ਹਨ। ਕਈ ਕਾਵਿ-ਭੇਦ ਲੋਕ ਗੀਤਾਂ ਤੇ ਆਧਾਰਤ ਹਨ—ਜਿਵੇਂ ਘੋੜੀਆਂ, ਅਲਾਹੁਣੀਆਂ, ਕੁਚੱਜੀ ਸੁਚੱਜੀ, ਵਾਰ ਲਾਵਾਂ, ਕਰਹਲੇ, ਆਦਿ।

ਕਵਿਤਾ ਦੇ ਨੌਂ ਰਸ ਹਨ। ਆਦਿ ਗ੍ਰੰਥ ਵਿਚ ਪ੍ਰਧਾਨਤਾ ਸ਼ਾਂਤ ਰਸ ਦੀ ਹੈ। ਦੂਜੇ ਰਸ ਵੀ ਆ ਗਏ ਹਨ। ਛੰਤਾਂ ਵਿਚ ਸ਼ਿੰਗਾਰ ਰਸ ਹੈ। ਪਦਿਆਂ ਵਿਚ ਭਿਆਨਕ ਰਸ ਹੈ। ਬਾਬਾ ਫ਼ਰੀਦ ਤੇ ਗੁਰੂ ਤੇਗ ਬਹਾਦਰ ਦੇ ਸਲੋਕਾਂ ਵਿਚ ਕਰੁਣਾ ਰਸ ਦੀ ਪ੍ਰਧਾਨਤਾ ਹੈ। ਨਾਮਦੇਵ ਦੀ ਬਾਣੀ ਵਿਚ ਸ਼ਿੰਗਾਰ ਤੇ ਅਦਭੁਤ ਰਸ ਹੈ। ਮੂਲ ਰੂਪ ਵਿਚ ਪ੍ਰੇਮ ਨੂੰ ਪ੍ਰਧਾਨਤਾ ਦਿੱਤੀ ਗਈ ਹੈ।

ਬਿੰਬਾਵਲੀ ਦਾ ਸੰਬੰਧ ਪ੍ਰਤੀਕਾਂ, ਅਲੰਕਾਰਾਂ, ਚਿੰਨਾਂ ਨਾਲ ਹੈ। ਇਹ ਪੱਖ ਆਦਿ ਗ੍ਰੰਥ ਵਿਚ ਕਾਫੀ ਹੱਦ ਤਕ ਨਿਭਾਇਆ ਗਿਆ ਹੈ। ਕਲਪਨਾ ਬਿੰਬਾਵਲੀ ਨੂੰ ਜਨਮ ਦੇਂਦੀ ਹੈ। ਇਥੇ ਇਸ ਦਾ ਸੋਮਾ ਸ਼ਬਦ (ਨਾਦ) ਹੈ। ਜੀਵਨ ਵਿਚੋਂ ਬਿੰਬਾਵਲੀ ਪੇਸ਼ ਕੀਤੀ ਗਈ ਹੈ।

1. ਛੈਲ ਲੰਘੰਦੇ ਪਾਰ ਗੋਰੀ ਮਨ ਧੀਰਿਆ।
2. ਕਤਿਕ ਕੂੰਜਾਂ ਚੇਤ ਡਹੁ ਸਾਵਣ ਬਿਜਲਆ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

3. ਜਿੰਦ ਵਹੁਟੀ ਮਰਨ ਵਰ ਲੈ ਜਾਸੀ ਪਰਣਾਇ ।
4. ਗਗਨ ਮਹਿ ਥਾਲ ਰਵ ਚੰਦ ਦੀਪਕ ਬਣੇ ।
ਤਾਰਿਕਾ ਜਨਕ ਮੰਡਲ ਮੋਤੀ ਧੂਪ ਮਲਿਆਨਲੋ ਪਵਣ ਚਵਰੋ ਕਰੇ ।
5. ਤੂੰ ਦਰਿਆਉ ਦਾਨਾ ਬੀਨਾ ਮੈਂ ਮਛਲੀ ਕੈਸੇ ਅੰਤ ਲਹਾਂ ।
6. ਖੰਭ ਵਿਕੰਦੜੇ ਜੇ ਲਹਾਂ ਘਿੰਨਾਂ ਸਾਵੀ ਤੋਲ ।
ਤਨ ਜੜਾਈ ਆਪਣੇ ਲਹਾਂ ਸੁ ਸਜਨ ਟੋਲ ।

ਭਾਵੇਂ ਇਸ ਵਿਚ ਕਈ ਕਵੀਆਂ ਦੇ ਵਿਚਾਰ ਰਲਦੇ ਹਨ, ਪਰ ਵਿਲੱਖਣਤਾ ਇਸ ਗੱਲ ਵਿਚ ਹੈ ਕਿ ਉਹੀ ਵਿਚਾਰਾਂ ਨੂੰ ਵੱਖ ਵੱਖ ਬਿੰਬਾਵਲੀ ਤੇ ਚਿੰਨ੍ਹਾਵਲੀ ਵਿਚ ਪੇਸ਼ ਕੀਤਾ ਗਿਆ ਹੈ । ਇਸ ਵਿਚ ਸਾਰੇ ਮਿਥਿਹਾਸ ਨੂੰ ਹੀ ਹਵਾਲਿਆ ਗਿਆ ਹੈ —ਡਾ. ਦਰਦੀ ਅਨੁਸਾਰ ਗੁਰੂ ਗ੍ਰੰਥ ਸਾਹਿਬ ਵਿਚ 18 ਭਸ਼ਾਵਾਂ ਹਨ । ਪਰੰਤੂ ਡਾ ਸੁਰਿੰਦਰ ਸਿੰਘ ਕੋਹਲੀ ਅਨੁਸਾਰ—

"Several languages and dialects are found in the Adi Granth. Most of the verses are composed in the saint language (Sadh Bhasha) which was the common medium of the saints. This language was understood throughout India.

The influences of Sanskrit, Prakrit and Apbhransa also apparent in the Adi Granth provide a valuable gr ound for the search of the medieval Indian languages and dialects" (A critical study of the Adi Granth)

ਪਰ ਕੁਝ ਵੀ ਹੋਵੇ ਇਸ ਵਿਚ ਸ਼ਬਦਾਂ ਦੀ ਬਹੁਲਤਾ ਪੰਜਾਬੀ ਵਿਚ ਹੈ । ਅਸਲ ਵਿਚ ਇਸ ਦੇ ਲੇਖਕ ਪ੍ਰਚਾਰਕ ਸਨ ਤੇ ਉਹ ਜਿਸ ਇਲਾਕੇ ਵਿਚ ਲੋਕਾਂ ਨੂੰ ਮਿਲੇ ਉਨ੍ਹਾਂ ਦੀ ਨਿਤ ਦੀ ਭਾਸ਼ਾ ਵਿਚ ਉਨ੍ਹਾਂ ਨੇ ਉਨ੍ਹਾਂ ਨੂੰ ਉਪਦੇਸ਼ ਦਿੱਤਾ । ਇਸੇ ਕਰਕੇ ਹੀ ਕਈ ਭਸ਼ਾਵਾਂ ਦਾ ਰਲਾ ਆ ਗਿਆ ਹੈ । ਆਮ ਤਦ ਭਵ ਸ਼ਬਦਾਂ ਦੀ ਰੁਚੀ ਹੈ । ਬਹੁਤੇ ਸ਼ਬਦਾਂ ਨੂੰ ਪੰਜਾਬੀ ਆਖਿਆ ਗਿਆ ਹੈ । ਸੰਤ ਭਾਖਾ ਪ੍ਰਧਾਨ ਹੈ । ਸ਼ਬਦਾਂ ਵਿਚ ਸੰਜੋਗਾਤਮਕ ਲੱਛਣ (Synthetical) ਹੈ ।

ਗੁਰੂ ਗ੍ਰੰਥ ਸਾਹਿਬ ਦੀ ਸ਼ੈਲੀ ਤਿੱਖੀ ਜ਼ੋਰਦਾਰ ਵਹਾ ਵਾਲੀ ਤੇ ਪਰਪੱਕ ਹੈ । ਇਸਦਾ ਪ੍ਰਮਾਣ ਡਾ ਬਨਾਰਸੀ ਦਾਸ ਦੇ ਨਿਮਨ ਲਿਖਿਤ ਕਥਨ ਤੋਂ ਹੀ ਲੱਗ ਜਾਂਦਾ ਹੈ—

The poetry of the Adi Granth is very forceful, It is the outflow of a brave and sincere heart always aiming at truth."

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅੱਜ ਇਸੇ ਕਰਕੇ ਇਸ ਦੀਆਂ ਅਨੇਕ ਪੰਕਤੀਆਂ ਮੁਹਾਵਰੇ ਬਣ ਗਈਆਂ ਹਨ। ਜਿਵੇਂ—

1. ਮਨ ਜੀਤੇ ਜਗ ਜੀਤ।
2. ਨਾਨਕ ਦੁਖੀਆ ਸਭ ਸੰਸਾਰ।
3. ਦੁਖ ਸਬਾਇਆ ਜਗ।
4. ਜੋ ਜੋ ਦੀਸੈ ਸੋ ਸੋ ਰੋਗੀ।
5. ਦੋਸ਼ ਕਰੰਮਾ ਆਪਣਿਆਂ–ਆਦਿ।

ਅਤੇ ਇਨ੍ਹਾਂ ਉਤੇ ਪੁਸਤਕਾਂ ਲਿਖੀਆਂ ਜਾ ਸਕਦੀਆਂ ਹਨ।

ਪੁਰਾਤਨ ਕਾਲ ਤੋਂ ਹੀ ਆਤਮਕ ਆਚਾਰੀਆਂ ਨੇ ਧਰਮ ਪੁੰਨੇ ਗ੍ਰੰਥਾਂ ਦੀ ਸੰਪਾਦਨਾ ਲਈ ਤਿਨੁਕਤੀ ਗੁਰ ਵਿਧਾਨਿਆ ਹੈ। ਮੰਗਲ, ਅਨੁਬੰਧ ਅਤੇ ਲਿੰਗ। ਇਨ੍ਹਾਂ ਤਿੰਨਾਂ ਵਿਚੋਂ ਮੰਗਲ ਦਾ ਆਪਣਾ ਨਿਖਰਵਾਂ ਸਰੂਪ ਹੈ। ਇਹ ਅਕਸਰ ਆਰੰਭ ਤੇ ਉਪਰੰਭ ਤੇ ਅੰਕਿਤਿਆ ਜਾਂਦਾ ਹੈ।

ਮੰਗਲ ਸੰਸਕ੍ਰਿਤ ਦੇ ਧਾਤੂ ਮੰਗ ਦਾ ਵਿਉਂਤਪਤ ਰੂਪ ਹੈ ਜਿਸ ਦਾ ਅਰਥ ਅਨੰਦ ਹੈ। ਆਦਿ ਗ੍ਰੰਥ ਵਿਚ ਇਹ ਸ਼ਬਦ ਬਹੁ ਆਰਥਕ ਰੂਪ ਵਿਚ ਵਰਤਿਆ ਮਿਲਦਾ ਹੈ—

1. ਮੰਗਲ ਗਾਵਹੁ ਨਾਰੇ
2. ਆਜ ਹਮਾਰੇ ਮੰਗਲ ਚਾਰ (ਗੁਰੂ ਅਰਜਨ)
3. ਮੰਗਲ ਸੁਖ ਕਲਿਆਣ ਤਿਥਾਈ
4. ਮੰਗਲ ਸਾਜੁ ਭਇਆ ਪ੍ਰਭ ਅਪਨਾ ਗਾਇਆ

ਇਹੀ ਮੰਗਲ ਪਿਛੋਂ ਜਾ ਕੇ ਮੰਗਲਾਚਰਣ ਦਾ ਰੂਪ ਧਾਰਦਾ ਹੈ। ਹਰੇਕ ਰਾਗ ਦੇ ਆਰੰਭ ਵਿਚ ਮੰਗਲ ਆਉਂਦਾ ਹੈ। ਵਿਭਿੰਨ ਸ਼ੈਲੀਆਂ ਤੇ ਕਾਵਿ–ਰੂਪਾਂ ਦੇ ਆਦਿ ਵਿਚ ਵੀ ਮੰਗਲ ਅੰਕਿਤ ਹੈ। ਮੰਗਲ ਦੇ ਤਿੰਨ ਭੇਦ ਹਨ—

1. ਸਾਰਵ ਜਨਕ ਮੰਗਲ—ਸਰਵ ਵਿਆਪਕ ਸ਼ਕਤੀ ਦੀ ਮਹਿਮਾ
2. ਕਵੀ ਸੰਕੇਤ ਮੰਗਲ—ਸਰਸਵਤੀ ਦੇਵੀ ਦੀ ਮਹਿਮਾ
3. ਇਸ਼ਟ ਮੰਗਲ—ਗੁਰੂ ਦੀ ਮਹਿਮਾ

ਆਦਿ ਗ੍ਰੰਥ ਵਿਚ ਸਰਵ ਜਨਕ ਮੰਗਲ ਅਤੇ ਇਸ਼ਟ ਮੰਗਲ ਆਮ ਆਇਆ ਹੈ। ਗੁਰੂ ਦੀ ਮਹਿਮਾ ਭਰਪੂਰ ਹੈ। ਸਰਵਜਨਕ ਮੰਗਲ ਦੇ ਅੱਗੋਂ ਤਿੰਨ ਭਾਗ ਹਨ—

1. ਵਸਤੂ ਨਿਰਦੇਸ਼ਾਤਮਕ— ਮੂਲ ਮੰਤ੍ਰ ਇਸ ਦੀ ਉਦਾਹਰਣ ਹੈ।

2. ਅਸ਼ੀਰਵਾਦਾਤਮਿਕ—ਇਹ ਵੀ ਆਮ ਹੈ। ਗੁਰੂਆਂ ਭਗਤਾਂ ਨੇ ਬ੍ਰਹਮ ਜੀ ਤੋਂ ਅਸ਼ੀਰਵਾਦ ਸਵਾਸ ਸਵਾਸ ਲਿਆ ਹੈ। ਭਾਈ ਕਾਨ੍ਹ ਸਿੰਘ ਨੇ ਵੀ ਸ਼ਬਦਾਂ ਦਾ ਸੰਬੰਧ ਇਸ ਮੰਗਲ ਨਾਲ ਜੋੜਿਆ ਹੈ।

3. ਨਮਸ਼ਕਾਰਾਤਮਿਕ—ਇਹ ਵੀ ਅਨੰਤ ਵਾਰ ਹੀ ਆਇਆ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

2. **ਅਨੁਬੰਧ**—ਅਨੁ ਦਾ ਅਰਥ ਪਿਛੇ ਹੈ ਅਤੇ ਬੰਧ ਦਾ ਅਰਥ ਹੈ ਜੋੜਨਾ ਅਰਥਾਤ ਜਿਸ ਦਾ ਸੰਯੋਗ ਮੰਗਲ ਤੋਂ ਪਿਛੋਂ ਹੋਵੇ। ਭਾਵ ਮੰਗਲ ਤੋਂ ਬਾਅਦ ਵਸਤੂ ਵਿਸ਼ੇਸ਼ ਨੂੰ ਅਨੁਸ਼ਾਸਨ ਬੱਧ ਕੀਤਾ ਗਿਆ ਹੈ। 1. ਅਧਿਕਾਰੀ 2. ਵਿਸ਼ਾ 3. ਪ੍ਰਯੋਜਨ। ਅਨੁਬੰਧ ਦੀ ਸਫ਼ਲਤਾ ਇਸ ਤ੍ਰਿਗੜੇ ਦੀ ਇਕਸੁਰਤਾ ਤੇ ਨਿਰਭਰ ਕਰਦੀ ਹੈ। ਪਹਿਲੇ ਵਿਚ ਨਿਸਚਿਤ ਕਰਨਾ ਕਿ ਗ੍ਰੰਥ ਦੇ ਪਠਨ ਪਾਠਨ ਦਾ ਅਧਿਕਾਰ ਕਿਸ ਨੂੰ ਹੋਵੇਗਾ ? 2. ਵਿਸ਼ਾ ਕੀ ਹੈ ? 3. ਪ੍ਰਯੋਜਨ ਕੀ ਹੈ ? ਵਿਸ਼ੈ ਦਾ ਅਧਿਕਾਰੀ ਨਾਲ। ਪ੍ਰਯੋਜਨ ਦੋ ਪ੍ਰਕਾਰ ਦੇ ਹਨ—ਮੁਖ ਤੇ ਆਵਾਂਤਰ ਪ੍ਰਯੋਜਨ ਸਮਤੁਲਤ ਪੁਰਸ ਹੋਣ ਦਾ ਹੈ।

3. **ਲਿੰਗ**—ਲਿੰਗ ਭਾਵ ਚਿੰਨ੍ਹ। ਵਸਤੂ ਦੀ ਪਹਿਚਾਣ। ਇਹ ਛੇ ਹਨ। 1. ਉਪਕ੍ਰਮ—ਉਪ ਸੰਹਾਰ—ਗ੍ਰੰਥ ਦਾ ਆਰੰਭ ਜਿਸ ਅੱਖਰ ਨਾਲ ਕੀਤਾ ਜਾਵੇ ਭੋਗ ਵੀ ਉਸੇ ਨਾਲ ਪਾਇਆ ਜਾਏ। ਆਦਿ ਗ੍ਰੰਥ ਦਾ ਆਦਿ ੧ਓ ਨਾਲ ਅਤੇ ਸਮਾਪਤੀ ਸਭ ਨਾਨਕ ਬ੍ਰਹਮ ਪਸਾਰੋ ਦੇ ਸਿਧਾਂਤ ਤੇ ਆ ਕੇ ਹੁੰਦੀ ਹੈ। ਸ (ਸਤਿਨਾਮ) ਨਾਲ ਆਦਿ ਅਤੇ ਭੋਗ ਰਾਗ ਮਾਲਾ ਦੀ ਅੰਤਲੀ ਪੰਕਤੀ ਵਿਚਲੇ ਸ (ਅਠਾਰਾਂ ਦਸ ਬੀਸ) ਨਾਲ ਪੈਂਦਾ ਹੈ।

ਆਦਿ ਗ੍ਰੰਥ ਦੀ ਸੰਪਾਦਨਾ ਵਿਚ (2) ਅਪੂਰਵਤਾ ਦਾ ਸਿਧਾਂਤ ਕੰਮ ਕਰਦਾ ਚਲਾ ਜਾਂਦਾ ਹੈ। ਭਾਵ ਕਿ ਵਿਲੱਖਣ ਸ਼ੈਲੀ ਹੈ। ਭਾਵਾਂ ਵਿਚ ਵੰਨ ਸਵੰਨਤਾ ਹੈ। ਭਾਵੇਂ ਭਾਵ ਇਕੋ ਹੈ ਪਰੰਤੂ ਪੇਸ਼ਕਾਰੀ ਅਨੂਠੇ ਅੰਦਾਜ਼ ਦੀ ਹੈ। ਜਿਵੇਂ—

(ੳ) ਜੈਸੀ ਮੈਂ ਆਵੇ ਖਸਮ ਕੀ ਬਾਣੀ
ਤੈਸੜਾ ਕਰੀ ਗਿਆਨ ਵੇ ਲਾਲੋ। (ਗੁਰੂ ਨਾਨਕ)

(ਅ) ਹਉ ਆਪਹੁ ਬੋਲ ਨ ਜਾਣਦਾ
ਮੈ ਕਹਿਆ ਸਭ ਹੁਕਮਾਓ ਜੀਓ। (ਗੁਰੂ ਰਾਮਦਾਸ)

(ੲ) ਧੁਰ ਕੀ ਬਾਣੀ ਆਈ
ਤਿਨ ਸਗਲੀ ਚਿੰਤ ਮਿਟਾਈ। (ਗੁਰੂ ਅਰਜਨ)

ਆਦਿ ਗ੍ਰੰਥ ਦਾ (3) **ਅਭਿਆਸ** ਬਾਰੰਬਾਰ ਕਰਨਾ ਕਲਿਆਣਕਾਰੀ ਹੈ।

(4) **ਸਿਧਾਂਤ**—ਗ੍ਰੰਥ ਤੋਂ ਪ੍ਰਾਪਤ ਹੋਣ ਵਾਲਾ ਫਲ। ਭਾਵ ਪਾਠੀ ਨੂੰ ਕੀ ਫਲ ਮਿਲੇਗਾ। ਇਹ ਗ੍ਰੰਥ ਭਵ ਸਾਗਰ ਤੋਂ ਪਾਰ ਉਤਾਰਦਾ ਹੈ—ਸਾਡੇ ਗੁਰਾਂ ਨੇ ਜਹਾਜ਼ ਬਣਾਇਆ ਆਓ ਜਿਨ੍ਹਾਂ ਪਾਰ ਲੰਘਣਾ। ਜਾਂ—

ਜਪਿ ਮਨ ਸਤਿਨਾਮ ਸਦਾ ਸਤਿਨਾਮ।
ਹਲਤ ਪਲਤ ਮੁਖ ਉਜਲ ਹੋਈ ਹੈ
ਨਿਤ ਧਿਆਈਐ ਹਰਿ ਪੁਰਖੁ ਨਿਰੰਜਨਾ।

ਇਸ ਦਾ ਪਾਠ 'ਲੋਕ ਸੁਖੀ ਪ੍ਰਲੋਕ ਸੁਹੇਲੇ' ਬਣਾਉਂਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

(5) **ਉਪਪਤਿ**—ਭਾਵ ਦਲੀਲ ਜਾਂ ਯੁਕਤੀ ਪੂਰਵਕ ਗੱਲ ਕਰਨੀ। ਸਿਧਾਂਤ ਪੇਸ਼ ਕਰਨਾ। ਆਦਿ ਗ੍ਰੰਥ ਵਿਚ ਇਸ ਦੀ ਪੂਰੀ ਤਰ੍ਹਾਂ ਪਾਲਣਾ ਕੀਤੀ ਗਈ ਹੈ—

ਇਨ੍ਹਾਂ ਉਪਰੋਕਤ ਪੰਜ ਸਿਧਾਂਤਾਂ ਤੋਂ ਬਿਨਾ (6) **ਅਰਥਵਾਦ** ਦੇ ਸਿਧਾਂਤ ਨੂੰ ਵੀ ਅਪਣਾਇਆ ਗਿਆ ਹੈ। ਸ਼ਬਦ ਹੀ ਆਦਿ ਗ੍ਰੰਥ ਦੀ ਉਤਕ੍ਰਿਸ਼ਟਤਾ ਹੈ। ਬਹੁਆਰਥਕ ਸ਼ਬਦਾਂ ਦੀ ਵਰਤੋਂ ਹੋਈ ਪਈ ਹੈ। ਇਸ ਤਰ੍ਹਾਂ ਭਾਵ ਦੀ ਗਹਿਰਾਈ ਪੈਦਾ ਕੀਤੀ ਗਈ ਹੈ। ਅਰਥਾਂ ਦੀਆਂ ਤਹਿਆਂ ਨਿਕਲਦੀਆਂ ਚਲੀਆਂ ਜਾਂਦੀਆਂ ਹਨ।

ਨਉਸਤ ਚਉਦਹ ਤੀਨਿ ਚਾਰਿ
(ਸ੍ਰਿਸ਼ਟੀ) ਕਰਿ 'ਮਹਿਲਤਿ' ਚਾਰਿ ਬਹਾਲੀ
ਚਾਰੇ ਦੀਵੇ ਚਹੁ ਹਥਿ ਦੀਏ
ਏਕਾ ਏਕਾ ਵਾਰੀ॥

ਪ੍ਰਿਥਵੀ ਦੇ 9 ਖੰਡ, 7 ਦੀਪ, 14 ਲੋਕ, ਮਾਇਆ ਤੇ ਤਿੰਨ ਗੁਣ (ਰਜੋ ਤਮੋ ਸਤੋ) 4 ਦਿਸ਼ਾਵਾਂ, 4 ਯੁਗ, 4 ਵੇਦ, 4 ਅਵਤਾਰ (ਸਤਿਯੁਗ ਦਾ ਹੰਸ, ਸ਼ਾਮਵੇਦ ਦੀਵਾ, ਦੁਆਪਰ ਦਾ ਕ੍ਰਿਸ਼ਨ—ਯਜੁਰਵੇਦ, ਕਲਕੀ ਕਲਯੁਗ ਦਾ ਅਰਥਵਵੇਦ, ਤ੍ਰੇਤੇ ਦਾ ਰਾਮ ਰਿਗ ਵੇਦ)

ਆਦਿ ਗ੍ਰੰਥ ਦਾ ਘਰ ਪ੍ਰਬੰਧ ਸੰਗੀਤ ਦੇ ਛੇ ਸੁਰ ਹਨ— ਸਾ ਰੇ ਗਾ ਮਾ ਪਾ ਧਾ ਨੀ ਇਹੀ ਛੇ ਘਰ ਹਨ। ਗਾਵਣ ਵਾਲਿਆਂ ਗੰਧਰਵਾਂ ਨੂੰ ਗਾਵਣਹਾਰੇ ਤੇ ਸਾਜ ਵਜਾਉਣ ਵਾਲਿਆਂ ਕਿੰਨਰਾਂ ਨੂੰ ਵਾਵਣਹਾਰੇ ਕਿਹਾ ਹੈ। ਸੰਗੀਤ ਵਿਚ ਰਹਾਓ ਦਾ ਵਿਸ਼ੇਸ਼ ਸਥਾਨ ਹੈ। ਡਾ. ਚਰਨ ਸਿੰਘ ਅਨੁਸਾਰ ਰਹਾਓ ਤੋਂ ਭਾਵ ਰਾਗ ਵਿਚ ਸਥਾਈ ਟੇਕ ਹੈ। ਭਾਈ ਕਾਨ੍ਹ ਸਿੰਘ ਵੀ ਇਸ ਦਾ ਅਰਥ ਇਸਥਿਤ ਜਾਂ ਵਿਸ੍ਰਾਮ, ਸੁਰ, ਪਾਠ ਦੀ ਧਾਰਨਾ, ਟੇਕ, ਸਥਾਈ, ਉਹ ਪਦ ਜੋ ਵਾਰ ਵਾਰ ਗਾਉਣ ਸਮੇਂ ਅੰਤਰੇ ਪਿਛੋਂ ਵਰਤਿਆ ਜਾਵੇ। ਰਹਾਓ ਕੇਂਦਰੀ ਭਾਵ ਲਈ ਵਰਤਿਆ ਗਿਆ ਹੈ।

ਆਦਿ ਗ੍ਰੰਥ ਵਿਚ ਅਨੇਕਾਂ ਹੀ ਕਾਵਿ-ਰੂਪਾਂ ਦੀ ਵਰਤੋਂ ਹੋਈ ਪਈ ਹੈ। ਮੁੰਦਾਵਣੀ ਪਤਲ ਲੋਕ ਗੀਤ ਹੈ। ਅੰਤਿਕਾ ਵੀ ਹੈ। ਸੰਪਾਦਨ ਕਲਾ ਨੂੰ ਪੇਸ਼ ਕਰਦੀ ਹੈ। ਅੰਜਲੀਆਂ ਕਾਵਿ ਰੂਪ ਅਰਜੋਈ ਹੈ। ਸੋਹਲੇ 16 ਪਦਾਂ ਵਾਲੇ ਸ਼ਬਦ ਹਨ। ਆਦਿ ਗ੍ਰੰਥ ਵਿਚ ਇਹ ਗਿਣਤੀ ਘਟ ਵਧ ਵੀ ਗਈ ਹੈ। ਹੈਰਤ ਹੈ ਕਿ ਇਕ ਰੂਪ ਦੇ ਵੀ ਅਗੋਂ ਅਨੇਕ ਰੂਪ ਮਿਲਦੇ ਹਨ। ਜਿਵੇਂ ਪਦਾ ਸਭ ਤੋਂ ਪਹਿਲਾਂ ਫ਼ਰੀਦ ਨੇ ਵਰਤਿਆ। ਗ੍ਰੰਥ ਵਿਚ ਇਕ ਪਦਾ, ਦੁਪਦਾ, ਤਿਪਦਾ, ਚਉਪਦਾ, ਪੰਚਪਦਾ, ਛਿਪਦ, ਅਸਟਪਦੀ, ਆਦਿ ਮਿਲਦੇ ਹਨ।

ਪਦਾ ਮੁਕਤਕ ਕਾਵਿ ਦਾ ਹੀ ਇਕ ਰੂਪ ਹੈ। ਇਹ ਰਾਗ ਬੱਧ ਹਨ! ਸਦ ਦਾ ਅਰਥ ਆਵਾਜ਼ ਹੈ। ਬਿਰਹਨ ਦਾ ਗੀਤ ਹੈ। ਛੰਤ ਕਾਵਿ ਰੂਪ ਮੁਕਤਕ ਹੈ। ਛੰਦ ਤਕਨੀਕ ਹੈ। ਛੰਤ ਛੰਦਾਂ ਨੂੰ ਰੂਪ ਦੇਂਦਾ ਹੈ। ਛੰਦ ਰੂਪਕ ਪਖੋਂ ਛੰਤਾਂ ਦੀ ਸੁੰਦਰਤਾ ਚਮਕਾਉਂਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ। ਛੰਤ ਅਨੰਦਾਤਮਕ ਰਚਨਾ ਹੈ। ਫੁਨਹੇ ਪੁਨਹੇ ਦਾ ਦੂਜਾ ਨਾਂ ਹੈ। ਛੰਦ ਰੂਪ ਹੈ। ਇਸ ਵਿਚ ਪੰਜਵੇਂ ਗੁਰੂ ਦੀ ਬਾਣੀ ਹੈ। ਆਦਿ ਗ੍ਰੰਥ ਦੀ ਬਾਣੀ ਨੂੰ ਕਈ ਤਰ੍ਹਾਂ ਨਾਲ ਵੰਡਿਆ ਜਾ ਸਕਦਾ ਹੈ—ਜਿਵੇਂ—ਗੁਰੂਆਂ ਦੀ ਬਾਣੀ ਤੇ ਭਗਤਾਂ ਦੀ ਬਾਣੀ, ਕਾਵਿ-ਰੂਪਾਂ ਅਨੁਸਾਰ ਜਾਂ ਰਾਗਾਂ ਅਨੁਸਾਰ, ਛੁਟੇਰੀਆਂ ਬਾਣੀਆਂ ਲੰਮੇਰੀਆਂ ਬਾਣੀਆਂ ਜਾਂ ਨਿਤਨੇਮ ਦੀਆਂ ਬਾਣੀਆਂ, ਰਾਗ ਬੱਧ ਬਾਣੀਆਂ, ਰਾਗ ਮੁਕਤ ਬਾਣੀਆਂ ਆਦਿ। ਯਾਦ ਰਹੇ ਕਿ ਆਦਿ ਗ੍ਰੰਥ ਮੁਕਤ ਬਾਣੀਆਂ ਵੀ ਹਨ। ਜਿਵੇਂ ਚਉ ਬੋਲੇ, ਫੁਨਹੇ, ਗਾਥਾ, ਆਦਿ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਰੂ ਨਾਨਕ (ਮੁਗਲ) ਕਾਲ ਪੰਜਾਬੀ ਸਾਹਿਤ ਦਾ ਸੁਨਹਿਰੀ ਸਮਾਂ

ਗੁਰੂ ਨਾਨਕ ਜਾਂ ਮੁਗਲ ਕਾਲ 1520 ਤੋਂ 1708 ਤਕ ਦਾ ਸਮਾਂ ਹੈ। ਡਾ. ਦੀਵਾਨਾ ਨੇ ਇਸ ਨੂੰ ਸੋਨ-ਯੁਗ ਕਿਹਾ ਹੈ; ਇਹ ਹੈ ਵੀ ਸੱਚ। ਜਿਸ ਵਿਚ ਕੋਈ ਸੰਦੇਹ ਨਹੀਂ। ਨਿਮਣ ਕਾਰਣ ਮਿਲ ਕੇ ਇਸ ਸਮੇਂ ਸਿਰ ਸੁਨਿਹਰੀ ਸਿਹਰਾ ਸਜਾਉਂਦੇ ਹਨ।

1. ਠੋਸ ਨੀਂਹ—ਹਮੇਸ਼ਾਂ ਗਹਿਰੀ ਨੀਂਹ ਤੇ ਉਚੇਰੀ ਮਮਟੀ ਉਸਰਦੀ ਹੈ। ਸੜਕ ਪੱਕੀ ਕਰਨ ਤੋਂ ਪਹਿਲਾਂ ਪੱਧਰੀ ਕਰਨੀ ਪੈਂਦੀ ਹੈ। ਸਾਨੂੰ ਗੌਰਵ ਹੈ ਸਾਡਾ ਪੰਜਾਬੀ ਸਾਹਿਤ ਡਾਵਾਂਡੋਲ ਨਹੀਂ ਹੈ। ਸਾਡਾ ਲੋਕ ਸਾਹਿਤ ਮਹੱਲ ਦਾ ਗਹਿਰਾ ਨੀਂਹ ਪੱਥਰ ਹੈ। ਨਾਨਕ ਕਾਲ ਸਾਹਿਤ ਇਕ ਮਹਾਨ ਗਹਿਰਾ ਸਾਗਰ ਹੈ ਕਿਉਂਕਿ ਲੋਕ ਸਾਹਿਤ ਇਸ ਦੀਆਂ ਕੂਲਾਂ ਹਨ। ਇਸ ਸਾਹਿਤ ਦੇ ਸੁਨਿਹਰੀਪਣ ਵਿਚ ਪੂਰਵ ਨਾਨਕ ਕਾਲ ਦੇ ਲੋਕ-ਗੀਤ ਨਿੱਗਰ ਹਿੱਸਾ ਪਾਉਂਦੇ ਹਨ। ਕਿਉਂਕਿ ਗੁਰੂ ਸਾਹਿਬਾਂ ਤੇ ਹੋਰ ਲੇਖਕਾਂ ਨੇ ਪੂਰਵ ਨਾਨਕ ਕਾਲ ਦੇ ਪ੍ਰਚਲਿਤ ਲੋਕ ਗੀਤਾਂ ਦੇ ਕਾਵਿ-ਰੂਪਾਂ ਨੂੰ ਗ੍ਰਹਿਣ ਕੀਤਾ ਹੈ। ਜਿਹਾ ਕਿ ਸਤਵਾਰਾ, ਅਠਵਾਰਾ, ਬਾਰਾਮਾਂਹ, ਘੋੜੀਆਂ, ਅਲਾਹੁਣੀਆਂ ਆਦਿ। ਸੋ ਨਾਨਕ ਕਾਲ ਸਾਹਿਤ ਦਾ ਸਵਰਨ ਮਹੱਲ ਹੈ ਕਿਉਂਕਿ ਨਿਸਚੇ ਹੀ ਉਸ ਦੀ ਉਸਾਰੀ ਵਿਚ ਲੋਕ ਸਾਹਿਤ ਦੀਆਂ ਗਹਿਰੀਆਂ ਸੰਗਮਰਮਰੀ ਸਿਲਾਂ ਲੱਗੀਆਂ ਹਨ। ਨਾ ਕੇਵਲ ਕਾਵਿ ਖੇਤਰ ਵਿਚ ਹੀ ਸਗੋਂ ਵਾਰਤਕ ਖੇਤਰ ਵਿਚ ਵੀ ਲੋਕ ਕਹਾਣੀਆਂ ਤੇ ਲੋਕ ਬਾਤਾਂ ਦੀ ਅਦੁੱਤੀ ਦੇਣ ਹੈ। ਸੋ ਨਾਨਕ ਕਾਲ ਦੇ ਸਾਹਿੱਤਕਾਰ ਤਾਰਿਆਂ ਵਾਂਙ ਚਮਕਦੇ ਹਨ ਕਿਉਂਕਿ ਇਹ ਲੋਕ-ਸਾਹਿਤ ਦੀ ਕਹਿ-ਕਸ਼ਾਂ (Milkey way) ਵਿਚੋਂ ਉਗਮੇ ਹਨ। ਪੂਰਵ ਨਾਨਕ ਕਾਲ ਦੇ ਪਹਿਲੇ ਪੜਾ ਦੇ ਸੂਫ਼ੀ ਕਵੀ ਬਾਬਾ ਫ਼ਰੀਦ ਨੇ ਨਾਨਕ ਕਾਲ ਦੇ ਦੂਜੇ ਪੜਾ ਦੇ ਸੂਫ਼ੀ ਸ਼ਾਹ ਹੁਸੈਨ ਨੂੰ ਸੂਫ਼ੀ ਪਰਪੱਕਤਾ ਦਾ ਵਿਕਾਸ-ਰਾਹ ਵਿਖਾਇਆ। ਕਬੀਰ, ਰਵੀਦਾਸ, ਨਾਮਦੇਵ ਤੇ ਧੰਨੇ ਨਾਲ ਪੂਰਵ ਨਾਨਕ ਕਾਲ ਵਿਚ ਭਗਤੀ ਲਹਿਰ ਦਾ ਜਨਮ ਹੋਇਆ। ਜਿਸ ਜਨਮ ਨੇ ਨਾਨਕ ਕਾਲ ਵਿਚ ਭਗਤੀ ਲਹਿਰ ਦਾ ਸਿਖਰ ਸਿਰਜਿਆ। ਸੋ ਨਿਸਚੇ ਹੀ ਇਸ ਸਰਵਣ ਯੁਗ ਵਿਚ ਪੂਰਵ ਨਾਨਕ ਸਹਿੱਤ ਪਰੰਪਰਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੇ ਚੋਖਾ ਹਿੱਸਾ ਪਾਇਆ ਹੈ । ਇਸ ਸਚਾਈ ਨੂੰ T. S. Eliot ਦਾ ਇਹ ਕਥਨ ਸਪਸ਼ਟ ਕਰਦਾ ਹੈ :

"No poet no artist of any art has his Complete meaning alone. His significance, his appreciation is the appreciation of his relation to the dead poets and artists."

2. ਸਮੇਂ ਦਾ ਸਹਿਯੋਗ :—ਨਾਨਕ ਕਾਲ, ਆਦਿ ਕਾਲ, ਅਧੋਗਤੀ ਕਾਲ ਤੇ ਰਣਜੀਤ ਕਾਲ ਦੇ ਵਿਪਰੀਤ ਸਾਂਤ ਵਾਤਾਵਰਣ ਦਾ ਸਮਾਂ ਸੀ । ਇਹ ਕਾਲ ਪੰਜਾਬੀ ਸਾਹਿਤ ਦੀ ਭਰਪੂਰ ਸਿਰਜਨਾ ਦੇ ਪੂਰਨ ਅਨੁਕੂਲ ਸੀ । ਇਸ ਸਮੇਂ ਨੇ ਪੰਜਾਬੀ ਸਾਹਿਤ ਦੇ ਸਿਰਜਨਹਾਰਾਂ ਨੂੰ ਚੋਖਾ ਸਾਂਤ ਵੇਲਾ ਤੇ ਵਿਹਲ ਸਹਿਯੋਗ ਵਜੋਂ ਅਰਪਣ ਕੀਤੀ ।

3. ਧਰਮ ਤੇ ਸਮਾਜ ਦਾ ਸਹਿਯੋਗ : - ਪੰਜਾਬੀ ਬੋਲੀ ਤੇ ਸਹਿਤ ਨੂੰ ਰਾਜ ਦਾ ਸਹਿਯੋਗ ਤਾਂ ਭਾਵੇਂ ਅੱਜ ਹੀ ਪ੍ਰਾਪਤ ਹੋਇਆ ਹੈ । ਪਰ ਨਾਨਕ ਕਾਲ ਵਿਚ ਧਰਮ ਤੇ ਲੋਕਾਂ ਦਾ ਸਹਿਯੋਗ ਜ਼ਰੂਰ ਪ੍ਰਾਪਤ ਹੋਇਆ ਹੈ । ਗੁਰੂ ਸਾਹਿਬਾਨ ਨੇ ਜਿਸ ਖਾਲਸ ਧਰਮ ਦੀ ਨੀਂਹ ਰੱਖੀ ਉਸ ਦੇ ਸਾਰੇ ਗ੍ਰੰਥ ਤੇ ਰਚਨਾਵਾਂ ਪੰਜਾਬੀ ਸਾਹਿਤ ਵਿਚ ਰਚੀਆਂ ਗਈਆਂ । ਗੁਰੂਆਂ ਤੇ ਭਗਤਾਂ ਦੇ ਪ੍ਰਭਾਵ ਸਦਕਾ ਆਮ ਲੋਕਾਂ ਵੀ ਪੰਜਾਬੀ ਬੋਲੀ ਤੇ ਸਹਿਤ ਨੂੰ ਹੱਸ ਕੇ ਅਪਣਾਇਆ ਤੇ ਇਉਂ ਇਸ ਦੇ ਪ੍ਰਫੁਲਨ ਵਿਚ ਸਹਿਯੋਗ ਦਿੱਤਾ ।

4. ਗਿਣਾਤਮਕ ਪੱਖ : ਨਾਨਕ ਕਾਲ ਦੀ ਸਹਿਤ ਸਿਰਜਨਾ ਨੇ ਗਿਣਾਤਮਕ ਪੱਖੋਂ ਵੀ ਕਮਾਲ ਕਰ ਵਿਖਾਇਆ ਹੈ । ਪੁਰਾਤਨ ਤਿੰਨ ਕਾਲਾਂ ਦਾ ਸਾਹਿਤ ਇਕੱਤ੍ਰ ਕਰ ਵੇਖੋ ਤੇ ਤੋਲੋ । ਉਨ੍ਹਾਂ ਵਿਚੋਂ ਇਕੱਲੇ ਨਾਨਕ ਕਾਲ ਦਾ ਸਾਹਿਤ ਵਧੇਰੇ ਤੇ ਭਾਰੀ ਹੋਵੇਗਾ । ਕਵਿਤਾ ਤੇ ਵਾਰਤਕ ਦੁਹਾਂ ਰੂਪਾ ਦੀ ਅਨੇਕਤਾ ਗਿਣਾਤਮਕ ਪੱਖ ਵਿਚ ਵਾਧਾ ਕਰਦੀ ਹੈ ।

ਆਦਿ ਗ੍ਰੰਥ ਤੋਂ ਬਾਹਰਲੇ ਭਗਤ ਕਵੀਆਂ ਦੀ ਭਗਤੀ ਕਵਿਤਾ ਵੀ ਮਿਲਦੀ ਹੈ ਜਿਵੇਂ ਪੀਲੂ, ਕਾਨ੍ਹਾ, ਸਾਧੂ, ਵਲੀਰਾਮ, ਦਾਦੂ, ਨਨੂਆਂ, ਦਰਸ਼ਨ, ਗੁਆਲ, ਸੁੰਦਰ ਦਾਸ, ਬਾਬਾ ਸ੍ਰੀ ਚੰਦ, ਦਿਆਲ ਅਨੇਮੀ, ਗਰੀਬ ਦਾਸ, ਰਜਬ ਆਦਿ । ਡਾ. ਗੋਬਿੰਦ ਸਿੰਘ ਲਾਂਬਾ ਨੇ 'ਆਦਿ ਗ੍ਰੰਥ ਤੋਂ ਬਾਹਰਲੇ ਭਗਤ ਤੇ ਉਨ੍ਹਾਂ ਦਾ ਸਾਹਿਤ' ਪੁਸਤਕ ਸੰਪਾਦਨ ਕੀਤੀ ਹੈ ।

5. ਗੁਣਾਤਮਕ ਪੱਖ :—ਨਾ ਕੇਵਲ ਗਿਣਾਤਮਕ ਪੱਖੋਂ ਸਗੋਂ ਗੁਣਾਤਮਕ ਪੱਖੋਂ ਵੀ ਇਹ ਸਹਿਤ ਵਡਾਣ ਪੈਦਾ ਕਰਦਾ ਹੈ । ਇਸ ਕਾਲ ਦੀਆਂ ਸਹਿਤਕ ਵੰਨਗੀਆਂ ਵਧੇਰੇ ਪਰਪੱਕ, ਕਲਾਤਮਕ, ਤੇ ਸੰਪੂਰਨ ਹਨ । ਇਸ ਸਮੇਂ ਦੀ ਸਾਹਿਤ ਸਿਰਜਨਾ ਦੀ ਉੱਚਤਾ, ਭਰਪੂਰਤਾ, ਅਨੇਕਤਾ, ਤੇ ਵਿਸ਼ਾਲਤਾ, ਰੂਪਕ ਸੁੰਦਰਤਾ ਤੇ ਪਰਪੱਕਤਾ, ਸੰਗੀਤ ਦੀ ਸੁਭਾਵਕਤਾ, ਬਲਵਾਨ ਕਲਪਨਾ, ਮਹਾਨ ਬਿੰਬਾਵਲੀ, ਅਨੁਭਵ ਦੀ ਪਰਪੱਕਤਾ ਤੇ ਪ੍ਰੋੜ੍ਹਤਾ, ਜੀਵਨ ਤੇ ਸਹਿਤਕ ਆਦਰਸ਼ਾਂ ਦੀ ਇਕਸੁਰਤਾ, ਦ੍ਰਿਸ਼ਟੀਕੋਣ ਦੀ ਮੌਲਿਕਤਾ, ਕਹਿਣ ਦੀ ਦਲੇਰੀ ਤੇ ਸਦਾਚਾਰਕ ਜੁੱਰਤ, ਰਚਨਾ ਦਾ ਸੁਭਾਵਕ ਅਤੇ ਅਖੁੱਟ ਪ੍ਰਵਾਹ, ਰੂਪ, ਰਸ, ਰਾਗ, ਛੰਦ ਤੇ ਸ਼ੈਲੀ ਦੀ ਵੰਨ ਸੁਵੰਨਤਾ, ਭਾਸ਼ਾ ਦਾ ਅਦੁੱਤੀ ਗਿਆਨ, ਬੁੱਧੀ ਤੇ ਭਾਵਾਂ ਦਾ ਸੁਮੇਲ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ਼ਾਸਤ੍ਰੀ ਤੇ ਰੁਮਾਂਟਿਕ ਪ੍ਰਵਿਰਤੀ ਦਾ ਸੁਮੇਲ, ਅਧਿਆਤਮਵਾਦ ਦੀ ਸਿਖਰਤਾ ਤੇ ਪ੍ਰਕਾਰਤਾ, ਲੋਕ ਜੀਵਨ ਦਾ ਭਰਪੂਰ ਅਨੁਭਵ, ਪ੍ਰਕਿਰਤਕ ਸੁੰਦਰਤਾ ਦਾ ਅਹਿਸਾਸ, ਉਦਾਤੀ ਕਰਣ (Sublimation), ਆਦਿ ਅਦੁੱਤੀ ਗੁਣ ਹੈਰਤ ਕੁਨ ਪੈਦਾ ਕਰਦੇ ਹਨ ।

ਇਹ ਸੱਚਾ ਸਾਹਿਤ ਏ ਜੋ ਮੁਕਤੀ ਦਾ ਦਾਤਾ ਹੈ .

"ਪੂਰਾ ਸਤਿਗੁਰ ਭੇਟਿਆ ਪੂਰੀ ਹੋਵੈ ਜੁਗਤ ।
ਹਸੰਦਿਆਂ, ਖਲੰਦਿਆਂ, ਪੈਨੰਦਿਆਂ ਵਿਚੇ ਹੋਵੈ ਮੁਕਤ ।"

ਇਹ ਕਾਵਿ-ਸਾਹਿਤ ਧੁਰ ਕੀ ਬਾਣੀ ਹੈ ।

ਇਹ ਸਾਹਿਤ ਵਿਸ਼ੇ ਤੇ ਰੂਪਕ ਪੱਖ ਦੋਹਾਂ ਵਿਚ ਮਹਾਨ ਹੈ, ਬਲਵਾਨ ਹੈ ਤੇ ਸਦੀਵੀ ਹੈ । ਇਹਨਾਂ ਸਾਹਿਤਕਾਰਾਂ ਦੀ ਪ੍ਰਤਿਭਾ ਉੱਚਤਮ ਦੈਵੀ ਪ੍ਰਤਿਭਾ ਹੈ। ਦੁਨੀਆਂ ਦਾ ਕੋਈ ਵੀ ਸਾਹਿਤਕ ਗ੍ਰੰਥ, ਆਦਿ ਗ੍ਰੰਥ ਤੇ ਦਸਮ ਗ੍ਰੰਥ ਨਾਲ ਨਹੀਂ ਤੁਲਦਾ । ਕਾਵਿ ਦੀਆ ਦੋਵੇਂ ਪ੍ਰਕਾਰਾਂ (ਆਵੇਸ਼ਮਈ ਤੇ ਅਵਰੁਦਮਈ) ਦੀ ਅਤਿ ਸੁੰਦਰ ਸਿਰਜਨਾ ਹੋਈ । ਗੁਰੂਆਂ ਤੇ ਭਗਤਾਂ ਦੀ ਬਾਣੀ ਆਵੇਸ਼ਮਈ ਤੇ ਭਾਈ ਗੁਰਦਾਸ ਦੀ ਅਵਰੁਦਮਈ ਹੈ । ਭਾਰਤੀ ਭਗਤੀ ਲਹਿਰ ਦਾ ਸਿਖਰ ਇਸੇ ਬਾਣੀ ਨੇ ਸਿਰਜਿਆ । ਨਾ ਕੇਵਲ ਅਧਿਆਤਮਵਾਦ ਹੀ ਸਗੋਂ ਸਮਾਜਕ, ਸਭਿਆਚਾਰਕ, ਸਦਾਚਾਰਕ, ਰਾਜਨੀਤਿਕ, ਮਿਥਿਹਾਸਕ, ਆਰਥਕ ਤੇ ਵਿਗਿਆਨਕ ਪੱਖ ਵੀ ਵਿਸ਼ੈ-ਪਕੜ ਵਿਚ ਆਏ । ਅਜੋਕੀ ਵਿਗਿਆਨਕ ਉੱਨਤੀ ਭਾਵੇਂ ਚੰਨ ਤਕ ਪਹੁੰਚ ਗਈ ਹੈ ਪਰ ਗੁਰੂ ਨਾਨਕ ਦੀ ਇਹ ਵਿਗਿਆਨਕ ਸਚਾਈ ਅਜੇ ਵੀ ਇਸ ਦੀ ਪਕੜ ਤੋਂ ਬਾਹਰ ਹੈ ।

1, "ਧਰਤੀ ਹੋਰ ਪਰੇ ਹੋਰ ਹੋਰ ।"

2. "ਪਤਾਲਾਂ ਪਤਾਲ ਲੱਖ ਅਗਾਸਾਂ ਅਗਾਸ ।
ਓੜਕ ਓੜਕ ਭਾਲ ਥਕੇ ।"

ਚੰਨ ਦੀ ਖੋਜ ਗੁਰੂ ਨਾਨਕ ਦੇਵ ਜੀ ਦੇ ਇਸ ਵਿਗਿਆਨਕ ਵਿਸ਼ੈ ਦੀ ਸਚਾਈ ਦੀ ਇਸ ਮਹਾਨਤਾ ਨੂੰ ਸਿਧ ਕਰਦੀ ਹੈ ।

ਕਵਿਤਾ ਦੇ ਨਾਲ ਵਾਰਤਕ ਦੇ ਵੀ ਕਈ ਗੁਣ ਆਪਣੇ ਨਿਖ਼ਰਵੇਂ ਰੂਪ ਵਿਚ ਚਮਕੇ।

6. ਪੰਜਾਬੀ ਬੋਲੀ ਨੂੰ ਮਾਂ ਬੋਲੀ ਦੀ ਮਹਾਨਤਾ ਮਿਲਣਾ :—ਇਸੇ ਕਾਲ ਵਿਚ ਪੰਜਾਬੀ ਨੂੰ ਮਾਂ ਬੋਲੀ ਮੰਨਿਆ ਗਿਆ ਤੇ ਮਾਂ ਬੋਲੀ ਦਾ ਮਾਨ ਮਿਲਿਆ । ਇਸੇ ਕਾਲ ਵਿਚ ਸੁੰਦਰ ਦਾਸ ਨੇ ਪੰਜਾਬੀ ਨੂੰ ਪੰਜਾਬੀ ਕਿਹਾ । ਹਾਫ਼ਜ਼ ਬਰਖ਼ੁਦਰਦਾਰ ਵੀ ਇਸ ਨੂੰ ਪੰਜਾਬੀ ਨਾਂ ਦਿੰਦੇ ਹਨ :

"ਹਜ਼ਰਤ ਮੋਮਨ ਦਾ ਫਰਮਾਇਆ,
ਇਸ ਵਿਚ ਇਹ ਮਸਾਇਲ ।
ਤੁਰਤ ਪੰਜਾਬੀ ਆਖ ਸੁਣਾਈ,
ਜੇ ਕੋਈ ਹੋਵੇ ਮੈਲ ।"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਰੂ ਨਾਨਕ ਨੇ ਮਾਂ ਬੋਲੀ ਨੂੰ ਛੱਡ ਵਿਦੇਸ਼ੀ ਬੋਲੀ ਤੇ ਫ਼ਖਰ ਕਰਨ ਤੇ ਅਪਣਾਉਣ ਉੱਤੇ ਸਖਤ ਟਕੋਰ ਕੀਤੀ :

"ਘਰ ਘਰ ਮੀਆਂ ਸਭਨਾਂ ਜੀਆਂ
ਬੋਲੀ ਅਵਰ ਤੁਮਾਰੀ ।"

7. **ਗੁਰਮੁਖੀ ਲਿਪੀ ਦੀ ਵਰਤੋਂ** :—ਕਿਸੇ ਵੀ ਭਾਸ਼ਾ ਦੀ ਪ੍ਰਫੁਲਤਾ ਤੇ ਪ੍ਰਮਾਣਿਕਤਾ ਉਸਦੀ ਲਿਪੀ ਦੀ ਵਰਤੋਂ ਕਰਕੇ ਹੁੰਦੀ ਹੈ । ਲਿਪੀ ਉਸੇ ਬੋਲੀ ਦਾ ਲਿਬਾਸ ਹੈ । ਹਰ ਬੋਲੀ ਦੀ ਲਿਪੀ ਉਸੇ ਬੋਲੀ ਨੂੰ ਹੀ ਸਹੀ ਤੇ ਪੂਰੀ ਮੇਚ ਆਉਂਦੀ ਹੈ । ਕਿਸੇ ਬੋਲੀ ਦੀ ਲਿਪੀ ਨੂੰ ਦੂਜੀ ਬੋਲੀ ਲਈ ਵਰਤਣਾ ਬੇਮੇਚਤਾ ਦੀ ਗੱਲ ਹੈ । ਸੋ ਇਹ ਗੌਰਵਤਾ ਦੀ ਗੱਲ ਹੈ ਕਿ ਨਾਨਕ ਕਾਲ ਵਿਚ ਪੰਜਾਬੀ ਬੋਲੀ ਦੀ ਗੁਰਮੁਖੀ ਲਿਪੀ ਦਾ ਪ੍ਰਯੋਗ ਹੋਇਆ । ਸਾਰੀਆਂ ਰਚਨਾਵਾਂ ਨੂੰ ਇਸੇ ਲਿਪੀ ਵਿਚ ਲਿਬਾਸਿਆ ਗਿਆ ਹੈ ।

8. **ਬੋਲੀ ਦੀ ਅਮੀਰੀ** :—ਪੂਰਵ ਨਾਨਕ ਕਾਲ ਦੇ ਸਾਹਿਤ ਦੀ ਬੋਲੀ ਰਲਗਡ ਹੈ । ਕੇਵਲ ਫ਼ਰੀਦ ਦੀ ਬੋਲੀ ਹੀ ਠੇਠ ਪੰਜਾਬੀ ਹੈ । ਨਾਨਕ ਕਾਲ ਵਿਚ ਪੰਜਾਬੀ ਬੋਲੀ ਦੇ ਮੂੰਹ ਮੁਹਾਂਦਰੇ ਤੇ ਨਿਖ਼ਾਰ ਆਇਆ । ਦੂਜੀਆਂ ਭਾਸ਼ਾਵਾਂ ਦਾ ਪ੍ਰਭਾਵ ਘਟਣ ਲੱਗਾ ।

9. **ਵਾਰਤਕ ਦਾ ਜਨਮ ਤੇ ਪ੍ਰਫੁਲਤਾ** :—ਇਸ ਕਾਲ ਵਿਚ ਕਵਿਤਾ ਤੇ ਵਾਰਤਕ ਸਾਹਿਤ ਦੇ ਦੋਵੇਂ ਰੂਪਾਂ ਵਿਚ ਸਾਹਿਤ ਸਿਰਜਨਾ ਨੇ ਜਨਮ ਲਿਆ । ਵਾਰਤਕ ਦਾ ਜਨਮ ਇਸੇ ਕਾਲ ਵਿਚ ਹੋਇਆ । ਪੰਜਾਬੀ ਦੀ ਪਹਿਲੀ ਵਾਰਤਕ ਰਚਨਾ ਪੁਰਾਤਨ ਜਨਮ ਸਾਖੀ ਇਸੇ ਕਾਲ ਦੀ ਕਿਰਤ ਹੈ ।

ਨਾ ਕੇਵਲ ਵਾਰਤਕ ਦਾ ਜਨਮ ਹੀ ਹੋਇਆ ਸਗੋਂ ਇਹ ਪ੍ਰਫੁਲਤ ਵੀ ਹੋਈ । ਇਸ ਦੇ ਕਈ ਰੂਪਾਂ ਨੇ ਕਰੂੰਬਲਾਂ ਕਢੀਆਂ ਤੇ ਵਧੇ ਫੁਲੇ । ਜਿਹਾ ਕਿ ਸਾਖੀਆਂ, ਗੋਸ਼ਟਾਂ, ਟੀਕੇ, ਮਹਾਤਮ, ਰਹਿਤਨਾਮੇ, ਬਚਨ, ਉਪਦੇਸ਼ ਆਦਿ ਆਕਾਰ ਪੱਖੋਂ ਚੋਖੀ ਮਾਤਰਾ ਵਿਚ ਵਾਰਤਕ ਰਚੀ ਗਈ । ਕਲਾ ਪੱਖੋਂ ਵੀ ਵਾਰਤਕ ਨੇ ਵਿਕਾਸ ਕੀਤਾ । ਡਾ. ਰਤਨ ਸਿੰਘ ਜਗੀ ਨੇ ਪੁਰਾਤਨ ਜਨਮ ਸਾਖੀ ਵਿਚ ਕਹਾਣੀ, ਜੀਵਨੀ ਤੇ ਨਾਟਕ ਅੰਗੜਾਈ ਲੈਂਦੇ ਦੱਸੇ ਹਨ ।

10. **ਆਲੋਚਨਾ ਦਾ ਜਨਮ** :—ਪੰਜਾਬੀ ਆਲੋਚਨਾ ਦਾ ਜਨਮ ਵੀ ਇਸੇ ਕਾਲ ਵਿਚ ਹੋਇਆ । ਗੁਰੂ ਨਾਨਕ ਤੇ ਗੁਰੂ ਅਮਰਦਾਸ ਜੀ ਨੇ ਬਾਬਾ ਫ਼ਰੀਦ ਦੇ ਕੁਝ ਸਲੋਕਾਂ ਦੀ ਅਲੋਚਨਾ ਕਰਕੇ ਪੰਜਾਬੀ ਪਰਖ ਪੜਚੋਲ ਦਾ ਮੁੱਢ ਬੰਨ੍ਹਿਆ । ਫ਼ਰੀਦ ਜੀ ਫ਼ਰਮਾਉਂਦੇ ਹਨ :

"ਤਨ ਤਪਾਇ ਤਨੂੰਰ ਜਿਉਂ ਬਾਲਣ ਹੱਡ ਬਲੰਨ ।
ਪੈਰੀ ਥਕਾਂ ਸਿਰ ਜੁਲਾਂ ਜੇ ਮੂੰ ਪਿਰੀ ਮਿਲੰਨ ।"

ਗੁਰੂ ਨਾਨਕ ਨੇ ਇਸ ਭਾਵ ਦਾ ਸੋਧਨ ਕੀਤਾ :

"ਤਨ ਨਾ ਤਪਾਇ ਤਨੂੰਰ ਜਿਉਂ ਬਾਲਣ ਹੱਡ ਨਾ ਬਾਲ ।
ਸਿਰ ਪੈਰੀਂ ਕਿਆ ਫੇੜਿਆ ਅੰਦਰ ਪਿਰੀ ਨਿਹਾਲ ।"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਰੂ ਅਰਜਨ ਨੇ ਬਾਣੀ ਦੀ ਸੰਪਾਦਨਾ ਕਰਦਿਆਂ ਇਕ ਵਿਸ਼ੇਸ਼ ਕਸਵੱਟੀ ਨਿਸ਼ਚਿਤ ਕੀਤੀ। ਸੱਚੀ ਤੇ ਕੱਚੀ ਬਾਣੀ ਦਾ ਨਿਰਣਾ ਕੀਤਾ। ਕਾਨ੍ਹਾ, ਪੀਲੂ ਤੇ ਛੱਜੂ ਭਗਤ ਦੀ ਬਾਣੀ ਨੂੰ ਅਪ੍ਰਵਾਨ ਵੀ ਕੀਤਾ। ਇਹ ਕਸਵੱਟੀ ਆਲੋਚਕ ਤੇ ਪਾਰਖੂ ਦਿਲ ਦਿਮਾਗ ਦੀ ਸੂਚਕ ਹੈ।

11. ਸੰਪਾਦਨਾ :—ਨਾ ਕੇਵਲ ਇਸ ਕਾਲ ਵਿਚ ਚੇਤੰਨ ਤੌਰ ਤੇ ਸਾਹਿਤ ਸਿਰਜਿਆ ਗਿਆ, ਸਗੋਂ ਇਸ ਦੀ ਸੰਭਾਲ ਕਰਕੇ ਇਸਨੂੰ ਸਦੀਵੀ ਬਣਾਉਣ ਦਾ ਚੇਤੰਨ ਖ਼ਿਆਲ ਵੀ ਕੀਤਾ ਗਿਆ। ਇਸ ਦੇ ਪ੍ਰਤੀਫਲ ਵਜੋਂ ਆਦਿ ਗ੍ਰੰਥ ਦੀ ਸੰਪਾਦਨਾ ਹੋਈ। ਭਾਰਤ ਦੇ ਵੱਖ ਵੱਖ ਕੋਨਿਆਂ ਤੋਂ ਸੱਚੇ, ਸੁੱਚੇ ਤੇ ਉੱਚੇ ਸਾਹਿਤ ਦੀ ਭਾਲ ਕਰਕੇ ਆਦਿ ਗ੍ਰੰਥ ਵਿਚ ਸੰਪਾਦਤ ਕੀਤਾ ਗਿਆ।

12. ਅਨੁਵਾਦ :—ਨਾ ਕੇਵਲ ਪੰਜਾਬੀ ਮੌਲਿਕ ਸਗੋਂ ਪੁਰਾਤਨ ਮਹਾਨ ਗ੍ਰੰਥਾਂ ਦੇ ਅਨੁਵਾਦ ਵੀ ਕੀਤੇ ਗਏ। ਗੁਰੂ ਗੋਬਿੰਦ ਸਿੰਘ ਜੀ ਨੇ ਭਗਵਤ ਗੀਤਾ ਦਾ ਅਨੁਵਾਦ ਗੋਬਿੰਦ ਗੀਤਾ ਦੇ ਰੂਪ ਵਿਚ ਕੀਤਾ। ਮਾਰਕੰਡੇ ਪੁਰਾਣ ਦਾ ਅਨੁਵਾਦਕ ਉਤਾਰਾ ਚੰਡੀ ਦੀ ਵਾਰ ਦੇ ਰੂਪ ਵਿਚ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ 52 ਕਵੀ ਵਧੇਰੇ ਮੌਲਿਕ ਸਾਹਿਤ ਦੀ ਰਚਨਾ ਕਰਦੇ ਸਨ ਤੇ ਪੰਜ ਨਿਰਮਲੇ ਸੰਤ ਵਧੇਰੇ ਅਨੁਵਾਦਕ ਰਚਨਾ ਦੀ ਸਿਰਜਨਾ ਕਰਦੇ ਸਨ।

13. ਪੂਰਵ ਧਾਰਾ ਦਾ ਵਿਕਾਸ :—ਸੂਫ਼ੀ, ਬੀਰ ਰਸੀ, ਭਗਤੀ ਤੇ ਹਾਸ ਰਸੀ ਧਾਰਾ ਪੂਰਵ ਨਾਨਕ ਕਾਲ ਵਿਚ ਜਨਮੀਆਂ, ਪਰ ਨਾਨਕ ਕਾਲ ਵਿਚ ਇਹ ਵਿਕਸਿਤ ਤੇ ਸੰਪੂਰਨ ਹੋਈਆਂ। ਬਾਬਾ ਫ਼ਰੀਦ ਬੰਧੇਜ ਦਾ ਸੂਫ਼ੀ ਹੈ। ਪਰ ਸ਼ਾਹ ਹੁਸੈਨ ਖੁਲ੍ਹ ਲੈਣ ਵਾਲਾ ਪਹਿਲਾ ਸੰਪੂਰਨ ਸੂਫ਼ੀ ਕਵੀ ਹੈ। ਫ਼ਰੀਦ ਖ਼ੁਦਾ ਤੋਂ ਡਰਦਾ ਤੇ ਸਹਿਮਦਾ ਹੈ। ਸ਼ਾਹ ਹੁਸੈਨ ਖੁਲ੍ਹ ਲੈਂਦਾ ਹੈ। ਉਹ ਸ਼ਰ੍ਹਾ ਸ਼ਰਮ ਦਾ ਘੁੰਗਟ ਖੋਲ੍ਹ ਕੇ ਨੱਚਣ ਲਗਦਾ ਹੈ :

"ਸਈਓ ਨੀ ਮੈਂ ਗਈ ਗੁਆਚੀ
ਖੋਲ੍ਹ ਘੁੰਘਟ ਮੁੱਖ ਨਾਚੀ।"

ਜਿਥੇ ਫ਼ਰੀਦ ਪੰਜੇ ਵਕਤ ਨਮਾਜ਼ਾਂ ਪੜ੍ਹਨ ਦੇ ਆਹਰ ਵਿਚ ਦੇਖਿਆ ਜਾਂਦਾ ਹੈ, ਸ਼ਾਹ ਹੁਸੈਨ ਅਲਮਸਤ ਹੋ ਗਲੀਆਂ ਬਜ਼ਾਰਾਂ ਵਿਚ ਗਾਉਂਦਾ ਸੁਣਿਆ ਗਿਆ ਹੈ :

"ਮਨ ਅਟਕਿਆ ਬੇ ਪ੍ਰਵਾਹ ਨਾਲ।
ਕਾਜ਼ੀ ਮੁਲਾਂ ਮਤਾਂ ਦੇਂਦੇ
ਖਰੇ ਸਿਆਣੇ ਰਾਹ ਦਸੇਂਦੇ
ਇਸ਼ਕ ਕੀ ਲਾਗੇ ਰਾਹ ਨਾਲ।"

ਵਾਰਾਂ ਪੂਰਵ ਨਾਨਕ ਕਾਲ ਵਿਚ ਰਚੀਆਂ ਗਈਆਂ। ਪਰ ਢੇਰ ਵਾਰਾਂ ਦੀ ਰਚਨਾ ਨਾਨਕ ਕਾਲ ਵਿਚ ਵੀ ਹੋਈ। ਆਦਿ ਗ੍ਰੰਥ ਵਿਚ 22 ਵਾਰਾਂ। ਭਾਈ ਗੁਰਦਾਸ ਦੀਆਂ 41 ਵਾਰਾਂ। ਭਾਈ ਜੀ ਨੇ ਵਾਰਾਂ ਦਾ ਪ੍ਰਮਾਣੀਕ ਰੂਪ ਨਿਸ਼ਚਿਤ ਕੀਤਾ। ਉਹਨਾਂ ਦੀਆਂ ਵਾਰਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਨੇਕੀ ਤੇ ਬਦੀ ਦੀ ਟੱਕਰ ਹੈ। ਗੁਰੂ ਗੋਬਿੰਦ ਸਿੰਘ ਜੀ ਦੀ ਚੰਡੀ ਦੀ ਵਾਰ ਬੀਰ ਰਸੀ ਧਾਰਾ ਦਾ ਅਤੀ ਸੁੰਦਰ ਤੇ ਉੱਤਮ ਨਮੂਨਾ ਹੈ। ਵਿਸ਼ੇ (ਬੀਰ ਰਸੀ ਤੇ ਰੂਪਕ) ਪੱਖੋਂ ਜਿੰਨੀ ਇਸ ਦੀ ਵਿਸ਼ੇਸ਼ਤਾ ਕੀਤੀ ਜਾਏ ਥੋੜ੍ਹੀ ਹੈ। ਇਹ ਨਾ ਕੇਵਲ ਪੰਜਾਬੀ ਸਾਹਿਤ ਵਿਚ ਹੀ ਸਗੋਂ ਸੰਸਾਰ ਸਾਹਿਤ ਵਿਚ ਬੀਰ ਰਸੀ ਕਾਵਿ ਦਾ ਸਿਖਰ ਹੈ। ਇਹ ਗਿਦੜੋਂ ਸ਼ੇਰ ਬਣਾਉਂਦੀ ਹੈ। ਚਿੜੀਓਂ ਬਾਜ ਤੁੜਾਉਂਦੀ ਹੈ। ਰਾਜਨ ਕੇ ਸੰਗ ਰੰਕ ਲੜਾਉਂਦੀ ਹੈ। ਨਾ ਕੇਵਲ ਇਹੀ ਸਗੋਂ ਸਵਾ ਲਾਖ ਸੇ ਏਕ ਲੜਾਉਂਦੀ ਹੈ।

3. ਗੁਰੂਆਂ ਤੇ ਭਗਤਾਂ ਦੀ ਬਾਣੀ ਭਾਰਤੀ ਭਗਤੀ ਧਾਰਾਂ ਦਾ ਵੀ ਸਿਖਰ ਹੈ।

4. ਹਾਸ-ਰਸੀ ਧਾਰਾ ਦਾ ਜਨਮ ਚਰਪਟ ਤੇ ਕਬੀਰ ਨਾਲ ਪੂਰਵ ਨਾਨਕ ਕਾਲ ਵਿਚ ਹੋਇਆ ਪਰ ਇਸ ਕਾਲ ਵਿਚ ਸੁਥਰੇ ਤੇ ਜਲ੍ਹਣ ਨਾਲ ਇਸ ਦਾ ਵਿਕਾਸ ਹੋਇਆ।

ਸੁਥਰੇ ਦਾ ਹਾਸ-ਰਸ :

1. "ਆਈ ਰੰਨ ਤਾਂ ਹੋਇਆ ਰੰਨ,
ਘਰ ਲੁਟਣ ਆਖੇ ਧੰਨ।"

2. "ਧੀਆਂ ਧਾੜ ਤੇ ਪੁੱਤਰ ਫ਼ਾਹ ਰੰਨ ਦੁਖਾਂ ਦਾ ਖੂਹ।
ਇਸ ਘਾਣੀ ਤੋਂ ਸੁਥਰਿਆ ਕੋਈ ਹਰ ਜਨ ਕਢੇ ਧੂਹ।"

ਜਲ੍ਹਣ ਦਾ ਹਾਸ-ਰੱਸ :

1. "ਦਾਗ ਦਿਲਾਂ ਤੋਂ ਬੈਠਾ ਧੋ
ਧੋ ਨਾ ਜਾਣੇ ਤਾਂ ਬੈਠਾ ਰੋ
ਰੋਣ ਧੋਣ ਦਾ ਵਲ ਨਾ ਆਵੀ
ਉਸ ਤੇ ਜਾ ਜੋ ਵਲ ਸਿਖਾਵੀ
ਜੋ ਪੜ੍ਹ ਗੁੜ੍ਹ ਕੇ ਆਖੇਂ ਹੂੰ
ਜਲ੍ਹਣ ਆਖੇ ਤੇਰਾ ਫਿਟੇ ਮੂੰਹ।"

2. "ਕਿੱਕਰ ਦਾ ਟੰਬਾ ਵੱਢ ਕੇ ਜਪਮਾਲ ਬਣਾਇਆ
ਉੱਚੇ ਟਿਬੇ ਬੈਠ ਕੇ ਠਾਹ ਠਾਹ ਵਜਾਇਆ
ਬੁੱਢੇ ਵਾਰੇ ਆਕੇ ਰਬ ਦਾ ਲਾਂਭਾ ਲਾਹਿਆ
ਲੋਕਾਂ ਦੀਆਂ ਜਪਮਾਲੀਆਂ ਜਲ੍ਹਣ ਦਾ ਜਪਮਾਲ
ਸਾਰੀ ਉਮਰ ਜਪੇਂਦਿਆਂ ਇਕ ਨਾ ਘੁਥਾਂ ਵਾਲ।"

14. **ਨਵੀਂ ਧਾਰਾ ਦਾ ਆਦਿ**—ਨਾ ਕੇਵਲ ਪੂਰਵ ਧਾਰਾਵਾਂ ਇਸ ਕਾਲ ਵਿਚ ਵਿਕਸਿਤ ਤੇ ਸੰਪੂਰਨ ਹੋਈਆਂ ਹਨ, ਸਗੋਂ ਕਿੱਸਾ ਧਾਰਾ ਦਾ ਆਦਿ ਵੀ ਇਸੇ ਕਾਲ ਤੋਂ ਹੋਇਆ, ਜਿਵੇਂ ਕਿੱਸਾ। ਪੰਜਾਬੀ ਵਿਚ ਪਹਿਲਾ ਕਿੱਸਾ ਰਚਣ ਦਾ ਸਿਹਰਾ ਦਮੋਦਰ ਸਿਰ ਬੱਝਿਆ। ਉਸ ਨੇ ਪਹਿਲੀ ਵਾਰ ਹੀਰ ਦਾ ਕਿੱਸਾ ਦਵੱਈਆ ਛੰਦ ਵਿਚ ਰਚਿਆ; ਪੀਲੂ ਨੇ ਮਿਰਜਾ ਸਾਹਿਬਾਂ ਦਾ ਕਿੱਸਾ ਲਿਖਿਆ। ਇਹ ਕਿੱਸਾਕਾਰ ਪਿਛੋਂ ਦੇ ਕਿੱਸਾਕਾਰਾਂ ਤੋਂ ਕਾਫ਼ੀ ਸਲਾਹਿਆ ਜਾਂਦਾ ਰਿਹਾ ਹੈ। ਹਾਫ਼ਜ਼ ਬਰਖ਼ੁਰਦਾਰ ਇਉਂ ਸਲਾਹੁੰਦਾ ਹੈ :

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"ਯਾਰੋ ਪੀਲੂ ਨਾਲ ਬਰਾਬਰੀ ਸ਼ਾਇਰ ਭੁੱਲ ਕਰੇਣ।
ਜਿਹਨੂੰ ਪੰਜਾਂ ਪੀਰਾਂ ਦੀ ਥਾਪਣਾ ਕੰਧੀ ਦਸਤ ਧਰੇਣਾ।"

ਅਹਿਮਦ ਯਾਰ ਇਉਂ ਸ਼ਰਧਾਂਜਲੀ ਅਰਪਣ ਕਰਦਾ ਹੈ :

"ਪੀਲੂ ਨਾਲ ਨਾ ਰੀਸ ਕਿਸੇ ਦੀ ਉਸ ਵਿਚ ਸੋਜ਼ ਇਲਾਹੀ।
ਮਤ ਨਿਗਾਹ ਕੀਤੀ ਉਸ ਪਾਸੇ ਕਿਸੇ ਫ਼ਕੀਰ ਬਲੀ ਦੀ।"

ਹੋਰ ਹਾਫਜ਼ ਨੇ 'ਯੂਸਫ਼ ਜ਼ੁਲੈਖ਼ਾ' ਤੇ ਅਹਿਮਦ ਗੁੱਜਰ ਨੇ 'ਹੀਰ' ਦਾ ਕਿੱਸਾ ਪਹਿਲੀ ਵਾਰ ਬੈਂਤਾਂ ਵਿਚ ਲਿਖਿਆ।

15. ਕਾਵਿ ਰੂਪਾਂ ਦੀ ਵੰਨ ਸੁਵੰਨਤਾ ਤੇ ਪਰਪੱਕਤਾ :— ਨਾਨਕ ਕਾਲ ਵਿਚ ਅਨੇਕਾਂ ਕਾਵਿ ਵੰਨਗੀਆਂ ਪ੍ਰਗਟ ਹੋਈਆਂ। ਸ਼ਾਇਦ ਹੀ ਟੋਨੀਆਂ ਕਿਸੇ ਹੋਰ ਕਾਲ ਵਿਚ ਹੋਈਆਂ ਹੋਣ ਇਹ ਕੇਵਲ ਪ੍ਰਗਟ ਹੀ ਨਹੀਂ ਹੋਈਆਂ ਸਗੋਂ ਪੂਰੇ ਜੋਬਨ ਤੇ ਆਈਆਂ। ਸਲੋਕ, ਕਾਫੀ, ਬਾਰਾਂਮਾਹ, ਸੀਹਰਫ਼ੀ, ਪੈਂਤੀ ਅੱਖਰੀ, ਵਾਰ ਪਉੜੀ, ਅਸਟਪਦੀ, ਬਿਸ਼ਨ ਪਦੇ, ਅਲਾਹੁਣੀ, ਚਓ ਬੋਲਾ, ਸੱਦ, ਘੋੜੀਆਂ, ਸਤਵਾਰਾ, ਛੰਤ, ਪਹਿਰੇ ਆਦਿ ਅਨੇਕ ਰੂਪਾਂ ਦੀ ਝਲਕ ਪਾ ਕੇ ਵਿਸਮਾਦ ਹੋਈਦਾ ਹੈ।

ਇਹਨਾਂ ਉਪ੍ਰੋਕਤ ਕਾਰਣਾਂ ਕਰਕੇ ਸਾਨੂੰ ਨਾਨਕ ਕਾਲ ਨੂੰ ਪੰਜਾਬੀ ਸਾਹਿਤ ਦਾ ਸਵਰਨ ਯੁਗ ਮੰਨਣਾ ਹੀ ਪੈਂਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਰਮਤਿ ਕਾਵਿ-ਧਾਰਾ

ਗੁਰਮਤ ਕਾਵਿ-ਧਾਰਾ ਦੇ ਕਵੀ ਇਹ ਹਨ—

1. ਗੁਰੂ ਨਾਨਕ
2. ਗੁਰੂ ਅੰਗਦ
3. ਗੁਰੂ ਅਮਰਦਾਸ
4. ਗੁਰੂ ਰਾਮਦਾਸ
5. ਗੁਰੂ ਅਰਜਨ
6. ਗੁਰੂ ਤੇਗ ਬਹਾਦਰ
7. ਗੁਰੂ ਗੋਬਿੰਦ ਸਿੰਘ
8. ਭਾਈ ਗੁਰਦਾਸ

ਗੁਰੂ ਨਾਨਕ (1469—1538 ਈ:)
(ਰਾਮ ਜੀ ਦੇਸਪੁਤ੍ਰ ਕੁਸ਼ ਵੰਸ਼ ਵਿਚੋਂ)

ਆਪ ਗੁਰਮਤ ਕਾਵਿ ਦੀ ਜੜ੍ਹ, ਥੰਮ ਤੇ ਸਿਖ਼ਰ ਹਨ। ਆਪ ਵਿਸ਼ਵ ਭਰ ਦੇ ਸਰਬ ਸਰੇਸ਼ਟ ਤੇ ਉੱਚਤਮ ਸਿਖ਼ਰ ਨੂੰ ਪਹੁੰਚੇ ਕਵੀ ਹਨ। ਮਹਾਨ ਗਾਇਕ, ਮਹਾਨ ਦਾਰਸ਼ਨਿਕ, ਅਦਭੁਤ ਰਹੱਸਵਾਦੀ ਕਵੀ। ਆਪ ਭਗਤੀ ਦੇ ਵੀ ਸਿਖ਼ਰ ਹਨ— ਲੋਕ ਗੀਤ ਸਾਖੀ ਭਰਦਾ ਹੈ—

ਬਾਬੇ ਨਾਨਕ ਜੇਡ ਭਗਤ ਨਾ ਕੋਈ
ਜਿਨ ਹਰ ਕਾ ਨਾਮ ਪਛਾਤਾ।

ਆਪ ਜੀ ਦੀਆਂ ਬਾਣੀਆਂ—ਜਪੁਜੀ ਸਾਹਿਬ, ਸਿਧ ਗੋਸ਼ਟਿ, ਦਖਣੀ ਓਂਕਾਰ, ਪੱਟੀ ਰਾਗ ਆਸਾ ਤਿੰਨ ਵਾਰਾਂ—ਆਸਾ ਮਾਝ ਤੇ ਮਲ੍ਹਾਰ ਰਾਗ ਵਿਚ, ਬਾਰ੍ਹਾਂ ਮਾਹ ਰਾਗ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੁਖ਼ਾਰੀ, ਬਾਰਹ ਬਾਣੀ, ਵਣਜਾਰੇ, ਕੁਚੱਜੀ ਤੇ ਸੁਚੱਜੀ, ਸੋਦਰ ਤੇ ਆਰਤੀ ਫੁਟਕਲ ਸ਼ਬਦ, ਪਦੇ, ਪਹਿਰੇ, ਅਸ਼ਟਪਦੀਆਂ, ਸੋਹਿਲੇ, ਛੰਦ, ਸਲੋਕ, ਆਦਿ ।

ਜਪੁਜੀ ਸਾਹਿਬ—ਉੱਤਮ ਬਾਣੀ ਹੈ । ਗਾਗਰ ਵਿਚ ਸਾਗਰ ਬੰਦ ਹੈ । ਉਤਕ੍ਰਿਸ਼ਟ ਰਚਨਾ ਹੈ । ਅਨੁਭਵ ਅਤੀ ਸੂਖ਼ਮ ਹੈ । ਪ੍ਰਬੰਧ ਕਾਵਿ ਹੈ । ਆਦਿ ਗ੍ਰੰਥ ਇਸੇ ਦੀ ਵਿਆ-ਖਿਆ ਕਰਦਾ ਆਪਣਾ ਭੋਗ ਪਾ ਜਾਂਦਾ ਹੈ । ਪੰਜ ਖੰਡ ਆਤਮਕ ਵਿਕਾਸ ਦੇ ਪੰਜ ਪੜਾਅ ਪੇਸ਼ ਹੋਏ ਹਨ । ਆਦਿ ਵਿਚ ਪਾਰਬ੍ਰਹਮ ਦੀ ਸੁੰਦਰ ਤੇ ਪੂਰਨ ਪਰਿਭਾਸ਼ਾ ਹੈ । ਆਦਿ ਤੇ ਅੰਤ ਤੇ ਇਕ ਇਕ ਸਲੋਕ ਹੈ । ਬ੍ਰਹਮ ਦੇ ਸਰਗੁਣ ਤੇ ਨਿਰਗੁਣ ਸਰੂਪ ਦਾ ਵਰਣਨ ਹੈ ਤੇ ਅਨੰਤਤਾ, ਬੇਅੰਤਤਾ, ਅਸਗਾਹਤਾ, ਵਿਸ਼ਾਲਤਾ ਪ੍ਰਗਟਾਈ ਗਈ ਹੈ । ਸਮਾਜਕ ਪ੍ਰਾਣੀਆਂ ਦੀਆਂ ਊਚ ਨੀਚ ਸ਼ਰੇਣੀਆਂ ਦਾ ਵਰਣਨ ਹੈ । ਦਾਰਸ਼ਨਿਕ ਰਚਨਾ ਹੈ । ਰਹੱਸਵਾਦ ਅਤੀ ਸੂਖ਼ਮ ਹੈ । ਕਿਵ ਸਚਿਆਰਾ ਹੋਈਐ ਇਸ ਦਾ ਕੇਂਦਰੀ ਭਾਵ ਹੈ । ਪਉੜੀਆਂ ਵਿਚ ਕਾਵਿ ਦੀ ਉਸਾਰੀ ਹੋਈ ਹੈ । 38 ਪਉੜੀਆਂ ਹਨ । ਸਵੇਰੇ ਗਾਈ ਜਾਣ ਵਾਲੀ ਬਾਣੀ ਹੈ। ਨਿਤਨੇਮ ਦੀ ਬਾਣੀ । ਗਾਇਤ੍ਰੀ ਮੰਤ੍ਰ ਇਸ ਦੇ ਮੂਲ ਮੰਤ੍ਰ ਵਿਚ ਸਮੋਇਆ ਪਿਆ ਹੈ। ਪ੍ਰਕਿਰਤੀ ਦੀ ਅਸਗਾਹਤਾ ਵੀ ਹੈ । ਪ੍ਰਕਿਰਤੀ ਦੀ ਰਚਨਾ ਪ੍ਰਤੀ ਵਿਚਾਰ ਹੈ ।

ਸਿਧ ਗੋਸ਼ਟਿ—ਦਾਰਸ਼ਨਿਕ ਹੈ । ਪ੍ਰਬੰਧ ਕਾਵਿ ਹੈ । ਨਾਥਾਂ ਤੇ ਗੁਰੂ ਜੀ ਦੇ ਰਹੱਸ ਦਾ ਅੰਤਰ ਹੈ । ਨਾਥਾਂ ਨੂੰ ਠੀਕ ਮਾਰਗ ਦਰਸਾਉਂਦੀ ਬਾਣੀ ਹੈ । ਨਾਥਾਂ ਨੂੰ ਉਪਦੇਸ਼ ਹੈ –

"ਨਾਨਕ ਜੀਂਵਦਿਆਂ ਮਰ ਰਹੀਐ ਯੋਗ ਜੁਗਤਿ ਇਵ ਪਾਈਐ ।"

ਇਹ ਪੰਕਤੀਆਂ ਇਸ ਦਾ ਕੇਂਦਰ ਬਣੀਆਂ ਹਨ—

"ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈਸਾਣੇ । (ਨਦੀ)
ਸੁਰਤਿ ਸ਼ਬਦਿ ਭਵ ਸਾਗਰ ਤਰੀਐ ਨਾਨਕ ਨਾਮੁ ਵਖਾਣੇ ।
ਰਹਹਿ ਇਕਾਂਤ ਏਕੋ ਮਨ ਵਸਿਆ ਆਸਾ ਮਾਹਿ ਨਿਰਾਸੋ ।
ਅਗਮੁ ਅਗੋਚਰੁ ਦੇਖਿ ਦਿਖਾਏ ਨਾਨਕੁ ਤਾ ਕਾ ਦਾਸੋ ।"

ਦ੍ਰਿਸ਼ਟਾਂਤ ਅਲੰਕਾਰ ਹੈ । ਗੁਰਮੁਖਤਾ ਦੀ ਵਿਆਖਿਆ ਹੈ । ਸੰਤ ਦੀ ਮਹਿਮਾ ਹੈ । ਸਮ-ਤੁਲਤ ਸਮਾਜ ਤੇ ਜ਼ੋਰ ਹੈ । ਮੰਗਣ ਦੀ ਨਿਖੇਧੀ ਹੈ ਅਤੇ ਗ੍ਰਹਿਸਤ ਆਸ਼ਰਮ ਤੇ ਜ਼ੋਰ ਹੈ। ਕਿਰਤ ਦੀ ਵਡਿਆਈ ਹੈ । ਨੈਤਿਕ ਗੁਣਾਂ ਦੀ ਵਿਆਖਿਆ ਹੋਈ ਹੈ । ਸ਼ਬਦ ਦੀ ਮਹਿਮਾ ਹੈ । ਮੁਕਤੀ ਦੀ ਵਿਆਖਿਆ ਹੈ । ਉੱਤਮ ਪ੍ਰਸ਼ਨੋਤਰੀ ਕਾਵਿ ਹੈ । ਮਨੁੱਖ ਬਣਨ ਤੇ ਜ਼ੋਰ ਹੈ । ਬ੍ਰਹਮ ਦਾ ਗਾਇਣ ਹੈ । ਹੇਠਲਾ ਸਿੱਟਾ ਕਢਿਆ ਹੈ—

"ਕਿਆ ਭਵੀਐ ਸਚਿ ਸੂਚਾ ਹੋਇ ।
ਸਾਚ ਸ਼ਬਦ ਬਿਨੁ ਮੁਕਤਿ ਨ ਕੋਇ ।"

ਦਖਣੀ ਓਂਕਾਰ—ਵਿਚ ਅਧਿਆਤਮਕ ਗਿਆਨ ਅਤੇ ਵਿੱਦਿਆ ਦੇ ਅਸਲ ਮਨੋਰਥ ਦੀ ਵਿਆਖਿਆ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"ਪਾਂਧਾ ਪੜ੍ਹਿਆ ਆਖੀਐ ਬਿਦਿਆ ਬਿਚਰੈ ਸਹਿਜ ਸੁਭਾਇ ।
ਬਿਦਿਆ ਸੋਧੈ ਤਤੁ ਲਹੈ, ਰਾਮ ਨਾਮ ਲਿਵ ਲਾਇ"

... ...

ਪਾਂਧਾ ਗੁਰਮੁਖਿ ਆਖੀਐ ਚਾਟੜਿਆਂ ਮਤ ਦੇਇ ।

... ...

ਸਚੀ ਪੱਟੀ ਸਚੁ ਮਨਿ, ਪੜੀਐ ਸਬਦੁ ਸੁ ਸਾਰੁ ।
ਨਾਨਕ ਸੋ ਪੜ੍ਹਿਆ ਸੋ ਪੰਡਿਤੁ ਬੀਨਾ,
ਜਿਸੁ ਰਾਮ ਨਾਮੁ ਗਲਿ ਹਾਰੁ ।"

ਇਸ ਬਾਣੀ ਉੱਤਮ ਉਪਦੇਸ਼ ਰੂਪੀ ਸੁੱਚੇ ਮੋਤੀ ਗੋਹਰ-ਹੀਰੇ ਪ੍ਰਗਟ ਹੋਏ ਹਨ—

ਬਿਨ ਸਾਚੇ ਜਗੁ ਕਾਚਾ,
ਏਕੰਕਾਰ ਅਵਰ ਨਹੀ ਦੂਜਾ ਨਾਨਕ ਏਕ ਸਮਾਈ ।
ਜਿਨ ਜਾਤਾ ਸੋ ਤਿਸ ਹੀ ਜੇਹਾ,

ਜੋਗ ਦੀ ਵੀ ਵਿਆਖਿਆ ਹੈ ਜੋ ਸਿਧ ਗੋਸਟਿ ਵਰਗੀ ਹੈ ।

"ਜੋਗ ਜੁਗਤਿ ਜਗ ਜੀਵਨੁ ਸੋਈ ।
ਕਰਿ ਆਚਾਰੁ, ਸਚੁ ਸੁਖ ਹੋਈ ।
ਨਾਮ ਵਿਹੂਣਾ ਮੁਕਤਿ ਕਿਵ ਹੋਈ ।"

ਅਟੱਲ ਸਚਾਈਆਂ ਹਨ—

3. ਮਿਲੀਐ ਜਾ ਲਏ ਮਿਲਾਈ ।
ਕਾਮੁ ਕ੍ਰੋਧ ਕਾਇਆ ਕਉ ਗਾਲੈ । (ਦ੍ਰਿਸ਼ਟਾਂਤ ਅਲੰਕਾਰ)
ਜਿਉਂ ਕੰਚਨ ਸੋਹਾਗਾ ਢਾਲੈ ।
ਕਾਚੇ ਗੁਰ ਤੇ ਮੁਕਤਿ ਨ ਹੂਆ ।
ਦਹ ਦਿਸ ਢੂਢਿ ਘਰੈ ਮਹਿ ਪਾਇਆ ।
ਗੁਰਮੁਖਿ ਆਵੈ ਜਾਇ ਨਿਸੰਗ,
ਨਿਰਮਲ ਸੂਚੇ ਸਾਚੋ ਭਾਵੈ,
ਪਾਪ ਬੁਰਾ ਪਾਪੀ ਕਉ ਪਿਆਰਾ ।
ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ

ਪਟੀ ਰਾਗ ਆਸਾ—ਵਿਚ ਸਾਹਿਬ ਦੀ ਮਹਿਮਾ ਹੈ ।

1. "ਸਸੈ ਸੋਇ ਸ੍ਰਿਸਟਿ ਜਿਨਿ ਸਾਜੀ,
ਸਭਨਾ ਸਾਹਿਬ ਏਕ ਭਇਆ ।
ਸੇਵਤ ਰਹੇ ਚਿਤ ਜਿਨ ਕਾ ਲਾਗਾ,
ਆਇਆ ਤਿਨ ਕਾ ਸਫਲ ਭਇਆ ।"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

2. ਦਦੈ ਦੋਸ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ।
ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ।

ਆਸਾ ਦੀ ਵਾਰ—ਪ੍ਰਭਾਤੀ ਬਾਣੀ ਹੈ । ਇਸ ਵਿਚ ਸਮਕਾਲੀਨ ਸਮਾਜਿਕ, ਇਤਿਹਾਸਕ, ਰਾਜਨੀਤਿਕ, ਧਾਰਮਿਕ, ਆਦਿ ਪਖੋਂ ਵਿਹਾਰਕ ਜੀਵਨ ਦੀ ਆਲੋਚਨਾ ਹੈ ।

ਬਾਰਾਂ ਮਾਹ—ਵਿਯੋਗ ਵਰਣਨ ਦੀ ਬਾਣੀ ਹੈ । ਪ੍ਰਭੂ-ਮਿਲਾਪ ਦੀ ਇਹ ਧਾਰਨਾ ਹੈ— "ਘਰਿ ਆਵਹੁ ਦਇਆ ਕਰਹਿ ।"

ਬਾਬਰ ਬਾਣੀ—ਇਤਿਹਾਸਕ ਬਾਣੀ ਹੈ । ਬਾਬਰ ਦੇ ਹਮਲੇ ਦਾ ਵਰਣਨ ਹੈ। ਜ਼ੁਲਮ ਤੇ ਹੜ੍ਹ ਦਾ ਬਿਆਨ ਹੈ । ਸੋਦਰ ਤੇ ਆਰਤੀ ਵਾਲੇ ਸ਼ਬਦਾਂ ਵਿਚ ਅਦਭੁਤ ਪ੍ਰਕਿਰਤੀ ਤੇ ਪ੍ਰਭੂ ਦਾ ਵਰਣਨ ਹੈ । ਨਿਰਗੁਨ ਸਰਗੁਨ ਬ੍ਰਹਮ ਦੇ ਸਰੂਪ ਦਾ ਬਿਆਨ ਹੈ । ਕਲਪਨਾ ਬਿੰਧ ਮਹਾਨ ਹਨ । ਆਰਤੀ ਦਾ ਉਪਦੇਸ਼ ਹੈ ਕਿ ਮਨੁੱਖ ਚਾਰ ਦੀਵਾਰੀ ਵਿਚ ਉਚਾਰਦਾ ਆਰਤੀ ਮਨ ਦੀ ਸੰਕੀਰਣਤਾ ਵਿਚ ਬੱਝਦਾ ਹੈ ਇਸ ਲਈ ਖੁਲ੍ਹੀ ਕੁਦਰਤ ਵਿਚ ਆਰਤੀ ਜੋ ਉਚਾਰੀ ਜਾ ਰਹੀ ਹੈ ਉਸ ਵਿਚ ਸ਼ਾਮਿਲ ਹੋਇਆ ਜਾਏ । ਗੁਰੂ ਜੀ ਦੀ ਬਾਣੀ ਰੂਪਕ ਪਖੋਂ ਵੀ ਮਹਾਨ ਹੈ

ਛੇਕੋਕਤੀ ਅਲੰਕਾਰ— ਸਭ ਕੋ ਨਿਵੈ ਆਪ ਕਉ ਪਰ ਕਉ ਨਿਵੈ ਨ ਕੋਇ ।
ਧਰ ਤਰਾਜੂ ਤੋਲੀਐ ਨਿਵੈ ਸੁ ਗਉਰਾਂ ਹੋਇ ।

ਰੂਪਕ ਅਲੰਕਾਰ— ਜਤ ਪਹਾਰਾ ਧੀਰਜ ਸੁਨਿਆਰ, ਮੁੰਦਾ ਸੰਤੋਖ

ਪ੍ਰਸ਼ਨੋਤਰੀ ਅਲੰਕਾਰ - ਤੈਂ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ ?

ਤੁਲਯੋਗਤਾ ਅਲੰਕਾਰ— ਸੁਣਿਐ ਸਿਧ ਪੀਰ ਸੁਰਨਾਥ ।
ਸੁਣਿਐ ਧਰਤ ਧਵਲ ਆਕਾਸ ।

ਯੁਕਤੀ ਅਲੰਕਾਰ— ਜੇ ਕਰ ਸੂਤਕ ਮੰਨੀਐ ਸਭ ਤੇ ਸੂਤਕ ਹੋਇ ।
ਗੋਹੇ ਅਤੇ ਲਕੜੀ ਅੰਦਰ ਕੀੜਾ ਹੋਇ ।
ਸੂਤਕ ਕਿਉਂ ਕਰ ਰਖੀਐ ਸੂਤਕ ਪਵੈ ਰਸੋਇ ।

ਵੀਪਸਾ ਅਲੰਕਾਰ— ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣ ਵਿਆਹੁ ।

ਕਾਵਿ ਲਿੰਗ ਅਲੰਕਾਰ— ਕੁੰਭੇ ਬੱਧਾ ਜਲ ਰਹੈ ਜਲ ਬਿਨੁ ਕੁੰਭੁ ਨ ਹੋਇ ।
ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨ ਨ ਹੋਇ ।

ਉਲੇਖ ਅਲੰਕਾਰ— ਕੂੜ ਰਾਜਾ ਕੂੜ ਪਰਜਾ ਕੂੜ ਸਭੁ ਸੰਸਾਰ ।

ਵਿਪਰਯੈ ਅਲੰਕਾਰ— ਵਾਇਨਿ ਚੇਲੈ ਨਚਨਿ ਗੁਰ ।

ਅਦਭੁਤ ਰਸ— ਵਿਸਮਾਦੁ ਨਾਦ ਵਿਸਮਾਦੁ ਵੇਦ ।

ਕਰੁਣਾ ਰਸ— ਵੱਡਾ ਹੋਆ ਦੁਨੀਦਾਰ ਗਲਿ ਸੰਗਲ ਘਤਿ ਚਲਾਇਆ ।

ਹਾਸ ਰਸ— ਉਡ ਉਡ ਰਾਵਾ ਝਾਟੈ ਪਾਇ ।
ਵੇਖੈ ਲੋਕ ਹਸੈ ਘਰ ਜਾਇ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵੀਭਤਸ ਰਸ— ਭਲਕੇ ਥੁਕ ਪਵੈ ਨਿਤ ਦਾੜ੍ਹੀ।
ਭਿਆਨਕ ਰਸ— ਦਰਿ ਲਏ ਲੇਖਾ ਪੀੜਿ ਛੁਟੈ ਨਾਨਕਾ ਜਿਉ ਤੇਲ।
ਬੋਲੀ ਅਰਬੀ ਫ਼ਾਰਸੀ, ਸੰਸਕ੍ਰਿਤ, ਹਿੰਦੀ, ਖੜੀ ਬੋਲੀ, ਬ੍ਰਜੀ, ਆਦਿ ਵਰਤੀ ਹੈ। ਕਾਵਿ-ਬਿੰਬ ਨਾਨਕ ਬਾਣੀ ਦੀ ਕਾਵਿ-ਸ਼ੈਲੀ ਦੀ ਅੰਤਰਾਤਮਾ ਹੈ। ਦਲੀਲ ਬਾਜੀ ਵੀ ਹੈ। ਬਾਣੀ 19 ਰਾਗਾਂ ਵਿਚ ਹੈ।

ਗੁਰੂ ਅੰਗਦ ਦੇਵ ਜੀ (1504-52 ਈ:)
(ਲਛਮਣ ਦੇ ਤੱਖਨਾਮੇ ਪੁੱਤ੍ਰ ਤੋਂ ਚਲੀ ਤ੍ਰੇਹਣ ਬੰਸ)

ਆਪ 28 ਵਰ੍ਹੇ ਦੀ ਆਯੂ ਵਿਚ ਗੁਰੂ ਨਾਨਕ ਨੂੰ ਮਿਲੇ।

ਗੁਰੂ ਅੰਗਦ ਦੇਵ ਜੀ ਦਾ ਜਨਮ ਪਿੰਡ ਮਤੇ ਦੀ ਸਰਾਏ ਜ਼ਿਲਾ ਫੀਰੋਜ਼ਪੁਰ ਵਿਚ ਹੋਇਆ। ਇਨ੍ਹਾਂ ਦਾ ਪਹਿਲਾ ਨਾਂ ਲਹਿਣਾ ਸੀ। ਪਿਤਾ ਫੇਰੂ ਮੱਲ ਮਾਂ ਸਭਰਾਈ ਜੀ ਸ਼ਾਦੀ ਖੀਵੀ ਜੀ ਨਾਲ ਹੋਈ। ਸੰਤਾਨ ਦਾਸੂ, ਦਾਤੂ ਪੁਤ੍ਰ ਤੇ ਧੀ ਬੀਬੀ ਅਮਰੋ। ਇਨ੍ਹਾਂ ਨੇ 63 ਸਲੋਕ ਰਚੇ ਹਨ। ਆਪ ਗੁਰੂ ਨਾਨਕ ਦੇਵ ਜੀ ਤੋਂ ਗੱਦੀ ਦੇ ਲਹਿਣੇਦਾਰ ਸਨ। ਆਪ ਗੁਰੂ ਦੀ ਮਹਿਮਾ ਨੂੰ ਗਾਉਂਦੇ ਹਨ—

"ਜੇ ਸਉ ਚੰਦਾ ਉਗਵਹਿ ਸੂਰਜ ਚੜ੍ਹੇ ਹਜ਼ਾਰ।
ਏ ਤੇ ਚਾਨਣ ਹੋਂਦਿਆਂ ਗੁਰ ਬਿਨ ਘੋਰ ਅੰਧਾਰ।
... ...
ਬਲਿਹਾਰੀ ਗੁਰ ਆਪਣੇ ਦਿਉਹਾਰੀ ਸਦਵਾਰ।
ਜਿਨ ਮਾਨਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ।"

ਆਪ ਹਉਮੈਂ ਨੂੰ ਦੀਰਘ ਰੋਗ ਸਮਝਦੇ ਹਨ। ਪਰ ਇਸ ਦਾ ਦਾਰੂ ਵੀ ਬਿਆਨ ਕਰਦੇ ਹਨ—

"ਹਉਮੈ ਦੀਰਘੁ ਰੋਗ ਹੈ, ਦਾਰੂ ਭੀ ਇਸ ਮਾਹਿ।
ਕਿਰਪਾ ਕਰੇ ਜੋ ਆਪਣੀ ਤਾਂ ਗੁਰ ਕਾ ਸ਼ਬਦ ਕਮਾਇ।
ਨਾਨਕ ਕਹੈ ਸੁਣਹੁ ਜਨਹੁ ਇਤ ਸੰਜਮਿ ਦੁਖ ਜਾਇ।"

ਆਪ ਜੀ ਦੇ ਸਲੋਕ ਨਾ ਤਾਂ ਬਹਿਰ ਵਿਚ ਤੇ ਨਾ ਹੀ ਤੁਕਾਂ ਵਿਚ ਇਕਸਾਰ ਹਨ। ਸਲੋਕ ਦੀਆਂ ਆਮ ਕਰਕੇ ਦੋ ਹੀ ਤੁਕਾਂ ਹੁੰਦੀਆਂ ਹਨ। ਪਰ ਆਪ ਜੀ ਦੇ ਸਲੋਕਾਂ ਦੀਆਂ ਵੱਧ ਘੱਟ ਗਈਆਂ ਹਨ—

"ਪਵਣੁ ਗੁਰੂ ਪਾਣੀ ਪਿਤਾ, ਮਾਤਾ ਧਰਤਿ ਮਹਤੁ॥
ਦਿਵਸੁ ਰਾਤਿ ਦੁਇ ਦਾਈ ਦਾਇਆ, ਖੇਲੈ ਸਗਅ ਜਗਤੁ॥
ਚੰਗਿਆਈਆਂ ਬੁਰਿਆਈਆਂ ਵਾਚੈ ਧਰਮ ਹਦੂਰਿ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ।।
ਜਿਨੀ ਨਾਮ ਧਿਆਇਆ ਗਏ ਮਸਕਤਿ ਘਾਲਿ ।।
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ।।''

ਕੋਈ ਸਲੋਕ ਆਪ ਜੀ ਦਾ ਬਾਬਾ ਫਰੀਦ ਦੇ ਸਲੋਕ ਨਾਲ ਵੀ ਮੇਲ ਖਾਂਦਾ ਹੈ—

'ਜੋ ਸਿਰਿ ਸਾਈ ਨ ਨਿਵੇ ਸੋ ਸਿਰਿ ਦੀਜੈ ਡਾਰ ।
ਨਾਨਕ ਜਿਸ ਪਿੰਜਰ ਮੈ ਬਿਰਹਾ ਨਹੀ ਸੋ ਪਿੰਜਰ ਲੈ ਜਾਰ ।

ਆਪ ਜੀ ਨੇ ਭਾਈ ਬਾਲੇ ਤੇ ਪੈੜੇ ਮੋਖੇ ਤੋਂ ਗੁਰੂ ਨਾਨਕ ਦੇਵ ਜੀ ਦੀ ਜਨਮ ਸਾਖੀ ਵੀ ਲਿਖਵਾਈ ਅਤੇ ਗੁਰਮੁਖੀ ਵਰਣਮਾਲਾ ਪ੍ਰਚਲਤ ਕੀਤੀ । ਇਉਂ ਵਾਰਤਕ ਦੀ ਰਚਨਾ ਵਿਚ ਵੀ ਵੱਡਾ ਹਿੱਸਾ ਪਾਇਆ । ਆਪ ਜੀ ਦੇ ਸਲੋਕ ਸੁੰਦਰ ਮੁਕਤਕ ਕਾਵਿ ਦਾ ਉੱਤਮ ਨਮੂਨਾ ਹਨ । ਆਪ ਜੀ ਨੇ ਪ੍ਰੇਮ, ਭਗਤੀ, ਨਾਮ ਸਿਮਰਨ, ਪਰਉਪਕਾਰ, ਗੁਰੂ ਤੇ ਸੰਗਤ ਸੇਵਾ, ਆਦਿ ਦਾ ਆਦਰਸ਼ ਸਥਾਪਿਤ ਕੀਤਾ ।

ਆਪ ਜੀ ਦਾ ਉਪਦੇਸ਼ ਹੈ ਕਿ ਮਨੁੱਖ ਦੀ ਵਾਗਡੋਰ ਪ੍ਰਭ ਦੇ ਹੱਥ ਹੈ । ਜਿਥੇ ਵੀ ਦਾਣਾ ਪਾਣੀ ਖਿਲਾਰਿਆ ਹੈ ਮਨੁੱਖ ਨੇ ਚੁਣਨਾ ਹੈ—

ਨਕਿ ਨਥ ਖਸਮ ਹਥ ਕਿਰਤ ਧਕੇ ਦੇ ।
ਜਹਾ ਦਾਣੇ ਤਹਾ ਖਾਣੇ ਨਾਨਕਾ ਸਚ ਹੇ ।

ਆਪ ਜੀ ਦੇ ਸਲੋਕਾਂ ਵਿਚ ਹੀਰੇ ਵਰਗੀਆਂ ਅਟੱਲ ਸਚਾਈਆਂ ਹਨ—

1. ਨਾਲਿ ਇਆਣੇ ਦੋਸਤੀ ਕਦੇ ਨ ਆਵੈ ਰਾਸਿ ।
2. ਬਧਾ ਚਟੀ ਜੋ ਭਰੇ ਨ ਗੁਣ ਨ ਉਪਕਾਰ ।
3. ਨਾਨਕ ਆਸਕ ਕਾਢੀਐ ਸਦ ਹੀ ਰਹੈ ਸਮਾਇ ।
4. ਵਸਤੂ ਅੰਦਰਿ ਵਸਤੁ ਸਮਾਵੈ ਦੂਜੀ ਹੋਵੈ ਪਾਸਿ ।
   ਸਾਹਿਬ ਸੇਤੀ ਹੁਕਮੁ ਨ ਚਲੈ ਕਹੀ ਬਣੈ ਅਰਦਾਸਿ ।
   ਕੂੜਿ ਕਮਾਣੈ ਕੂੜੋ ਹੋਵੈ ਨਾਨਕ ਸਿਫਤਿ ਵਿਗਾਸਿ ।

ਗੁਰੂ ਅਮਰ ਦਾਸ ਜੀ (1479–1574 ਈ:)
(ਭਰਥ ਦੇ ਪੁਤ੍ਰ ਭਲਣ ਤੋਂ ਬਣੀ ਭੱਲੇ ਬੰਸ ਵਿਚੋਂ)

72 ਸਾਲ ਦੀ ਆਯੂ ਵਿਚ ਗੱਦੀ ਤੇ ਬਿਰਾਜਮਾਨ ਹੋਏ ।

ਗੁਰੂ ਅਮਰਦਾਸ ਜੀ ਦਾ ਜਨਮ 1479 ਈ: ਨੂੰ ਪਿੰਡ ਬਾਸਰਕੇ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ । (ਪਿਤਾ ਤੇਜ ਭਾਨ ਮਾਂ ਲਛਮੀ । ਸ਼ਾਦੀ ਰਾਮ ਕੌਰ ਨਾਲ । ਸੰਤਾਨ ਮੋਹਣੀ ਤੇ ਮੋਹਰੀ ਤੇ ਧੀਆਂ ਦਾਨੀ ਤੇ ਭਾਨੀ) 'ਅਨੰਦ ਸਾਹਿਬ' ਆਪ ਜੀ ਦੀ ਸ੍ਰੇਸ਼ਟ ਰਚਨਾ ਹੈ । ਇਹ ਪ੍ਰਬੰਧ ਕਾਵਿ ਹੈ । ਆਪ ਜੀ ਦੀ ਬਾਣੀ ਦਾ ਵੇਰਵਾ ਇਉਂ ਹੈ—

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਨੰਦ ਸਾਹਿਬ (ਰਾਗ ਰਾਮਕਲੀ ਵਿਚ) ਪਟੀ, ਚਾਰ ਵਾਰਾਂ ਰਾਗ ਗੁਜਰੀ, ਸੂਹੀ, ਰਾਮਕਲੀ ਤੇ ਮਾਰੂ ਵਿਚ। ਸ਼ਬਦ, ਅਸਟਪਦੀਆਂ, ਸਲੋਕ, ਆਦਿ।

ਆਪ ਜੀ ਨੇ ਸਤੀ ਦੀ ਰਸਮ ਨੂੰ ਬੰਦ ਕੀਤਾ—

"ਸਤੀਆ ਏਹਿ ਨ ਆਖੀਅਨਿ ਜੋ ਮੜੀਆ ਲਗਿ ਜਲੰਨਿ।
ਨਾਨਕ ਸਤੀਆਂ ਜਾਣੀਅਨਿ ਜਿ ਬਿਰਹਾ ਚੋਟ ਮਰੰਨਿ।
ਭੀ ਸੋ ਸਤੀਆਂ ਜਾਣੀਅਨਿ ਸੀਲ ਸੰਤੋਖ ਰਹੰਨਿ।
ਸੇਵਨ ਸਾਈ ਆਪਣਾ ਨਿਤ ਉਠ ਸਮਾਲੀਅਨਿ।"

ਆਪ ਸੱਚੇ ਅਨੰਦ ਵਿਚ ਗਾ ਉਠਦੇ ਹਨ—

"ਅਨੰਦ ਅਨੰਦ ਸਭੁ ਕੋ ਕਹੈ ਅਨੰਦ ਗੁਰੂ ਤੇ ਜਾਣਿਆ।
ਜਾਣਿਆ ਅਨੰਦੁ ਸਦਾ ਗੁਰ ਤੇ ਕਿਰਪਾ ਕਰੇ ਪਿਆਰਿਆ।
ਕਰ ਕਿਰਪਾ ਕਿਲ ਵਿਖ ਕਟੇ ਗਿਆਨ ਅੰਜਨੁ ਸਾਰਿਆ।"

ਆਪ ਭਗਤ ਪੀਪਾ ਜੀ ਵਾਂਗ ਜੋ ਬ੍ਰਹਿਮੰਡੇ ਸੋਈ ਪਿੰਡੇ ਵਾਲੀ ਗੱਲ ਵੀ ਕਰਦੇ ਹਨ—

"ਕਾਇਆ ਅੰਦਰਿ ਸਭੁ ਕਿਛੁ ਵਸੈ।
ਖੰਡ ਮੰਡਲ ਪਾਤਾਲਾ।"

ਆਪ ਦੀ ਬਾਣੀ ਵਿਚ ਉਲੇਖ ਅਲੰਕਾਰ ਤੱਕੋ—

ਆਪੇ ਕਰਤਾ ਆਪੇ ਭੁਗਤਾ ਆਪੇ ਸੰਜਮ ਆਪੇ ਜੁਗਤਾ।

ਆਪ ਜੀ ਦਾ ਕਥਨ ਹੈ ਕਿ ਗੁਰਬਾਣੀ ਚਾਨਣ ਹੈ ਅਤੇ ਕਰਮਾਂ ਨਾਲ ਹੀ ਮਨ ਵਿਚ ਵੱਸਦੀ ਹੈ—

'ਗੁਰਬਾਣੀ ਇਸ ਜਗ ਮਹਿ ਚਾਨਣੁ।
ਕਰਮ ਵਸੈ ਮਨਿ ਆਏ।"

ਆਪ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਖਿਆਲਾਂ ਉੱਤੇ ਅਤੇ ਉਨ੍ਹਾਂ ਦੇ ਹੀ ਵਰਤੇ ਗਏ 19 ਰਾਗਾਂ ਵਿਚੋਂ 17 ਰਾਗਾਂ ਵਿਚ ਬਾਣੀ ਰਚੀ। ਆਪ ਜੀ ਨੇ ਰਲੇ ਤੋਂ ਬਚਾਣ ਲਈ ਸੱਚੀ ਤੇ ਕੱਚੀ ਬਾਣੀ ਦਾ ਨਿਰਣਾ ਕੀਤਾ—

"ਆਵਹੁ ਸਿਖ ਸਤਿਗੁਰ ਕੇ ਪਿਆਰਿਹੋ ਗਾਵਹੁ ਸਚੀ ਬਾਣੀ।
ਬਾਣੀ ਤਾਂ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ।
... ...
ਕਹੈ ਨਾਨਕੁ ਸਦਾ ਗਾਵਹੁ ਏਹ ਸਚੀ ਬਾਣੀ।
ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ।
... ...
ਕਹਦੇ ਕਚੇ ਸੁਣਦੇ ਕਚੇ ਕਚੀ ਆਖਿ ਵਖਾਣੀ।"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਨੰਦ ਸਾਹਿਬ—ਅੰਮ੍ਰਿਤ ਤੇ ਨਿਤਨੇਮ ਦੀ ਬਾਣੀ ਹੈ। ਚਾਲੀ ਪਉੜੀਆਂ ਅਨੰਦ ਦੇ ਚਾਲੀ ਸਰੂਪਾਂ ਨੂੰ ਪੇਸ਼ ਕਰਦੀਆਂ ਹਨ। ਅਨੰਦ ਪ੍ਰਾਪਤੀ ਦੀ ਬਾਣੀ ਹੈ। ਮਾਇਆ ਦਾ ਸਰੂਪ ਵੀ ਪੇਸ਼ ਕਰਦੀ ਹੈ—

"ਜੈਸੀ ਅਗਨਿ ਉਦਰ ਮਹਿ ਤੈਸੀ ਬਾਹਿਰ ਮਾਇਆ।
ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ।
ਲਿਵ ਛੁੜਕੀ ਲਗੀ ਤ੍ਰਿਸ਼ਨਾ ਮਾਇਆ ਅਮਰ ਵਰਤਾਇਆ।
ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ।
ਕਹੈ ਨਾਨਕ ਗੁਰ ਪਰਸਾਦੀ ਜਿਨਾ ਲਿਵ ਲਾਗੀ।
ਤਿਨੀ ਵਿਚੇ ਮਾਇਆ ਪਾਇਆ।" ਅੰਤਲਾ ਵਾਕ ਕਈ ਵਾਰ ਲੰਮੇਰਾ ਹੋ ਜਾਂਦਾ ਹੈ ਪਰੰਤੂ ਕਵਿਤਾ ਦੇ ਤਾਲ ਵਿਚ ਅੰਤਰ ਨਹੀਂ ਆਉਂਦਾ। ਆਪ ਜੀ ਧਾਰਮਿਕ ਤੇ ਸਮਾਜਿਕ ਵਿਸ਼ਿਆਂ ਉਤੇ ਚੋਖਾ ਵਿਅੰਗ ਤੇ ਕਟਾਖ਼ ਵੀ ਕਰਦੇ ਹਨ ਤਾਂ ਕਿ ਸੁਧਾਰ ਹੋ ਸਕੇ। ਸਦਾਚਾਰਕ ਗੁਣਾਂ ਨੂੰ ਗ੍ਰਹਿਣ ਕੀਤਾ ਜਾ ਸਕੇ। ਆਪ ਜੀ ਦੀ ਬਾਣੀ ਵਿਚ ਸਮੂਹ ਧਰਮ ਪ੍ਰੇਮ ਵਿਚ ਗਲਵਕੜੀ ਪਾਉਂਦੇ ਹਨ—

"ਜਗਤ ਜਲੰਦਾ ਰਾਖਿ ਲੈ ਆਪਣੀ ਕਿਰਪਾ ਧਾਰਿ।
ਜਿਤੁ ਦੁਆਰੈ ਉਬਰੈ ਤਿਤੈ ਲੇਹੁ ਉਬਾਰਿ।"

ਨਾਨਕ ਬਾਣੀ ਪੱਟੀ ਦੇ ਅੱਖਰ ਗੁਰਮੁਖੀ ਹਨ ਪਰ ਅਮਰਦਾਸ—**ਬਾਣੀ-ਪੱਟੀ** ਦੇ ਅੱਖਰ ਦੇਵ ਨਾਗਰੀ ਹਨ। ਸ਼ਬਦਾਰਥ ਅਨੁਸਾਰ ਇਨ੍ਹਾਂ ਦਾ ਤਰੀਕਾ ਲੰਡਿਆਂ ਦੀ ਮੁਹਾਰਨੀ ਵਾਲਾ ਹੈ। ਆਪਦੀ ਬਾਣੀ **ਵਾਰ ਸਤ** ਰਾਗ ਬਿਲਾਵਲ ਵਿਚ ਹੈ। ਇਸ ਵਿਚ ਸਤ ਦਿਨਾਂ ਉਤੇ ਕ੍ਰਮਵਾਰ ਬੰਦ ਰਚੇ ਗਏ ਹਨ। ਪਹਿਲਾ ਦਿਨ ਐਤਵਾਰ ਤੇ ਸਤਵਾਂ ਛਨਿਛਰ ਵਾਰ। ਤਿੰਨ ਬੰਦ ਵਾਧੂ ਹੋਣ ਕਾਰਣ ਇਸ ਦੀਆਂ ਪਉੜੀਆਂ ਦਸ ਹੋ ਗਈਆਂ ਹਨ। ਰੂਹਾਨੀ ਬਿਰਹਾ ਹੈ—

"ਮਿਲੁ ਮੇਰੇ ਪ੍ਰੀਤਮਾ ਜੀਉ, ਹਉ ਤੁਧ ਬਿਨ ਖਰੀ ਨਿਮਾਣੀ।
ਮੈਂ ਨੈਣੀ ਨੀਂਦ ਨ ਆਵੈ ਜੀਉ ਭਾਵੈ ਅੰਨ ਨ ਪਾਣੀ।"

ਗੁਰੂ ਰਾਮਦਾਸ ਜੀ (1534-1581)
(ਲਹੂ ਦੇ ਪੁਤ੍ਰ ਕਾਲ ਰਾਇ ਦੀ ਬੰਸ ਵਿਚੋਂ)

ਇਹਨਾਂ ਦਾ ਪਹਿਲਾ ਨਾਂ ਭਾਈ ਜੇਠਾ ਸੀ। ਜਨਮ 1534 ਵਿਚ ਚੂਨਾ ਮੰਡੀ ਲਾਹੌਰ ਹਰੀ ਦਾਸ ਦੇ ਘਰ ਦਯਾ ਕੌਰ ਦੀ ਕੁਖੋਂ। ਸ਼ਾਦੀ ਬੀਬੀ ਭਾਨੀ ਨਾਲ। ਸੰਤਾਨ ਪ੍ਰਿਥੀ ਚੰਦ, ਮਹਾਂਦੇਵ ਤੇ ਗੁਰੂ ਅਰਜਨ। ਆਪ ਜੀ ਨੇ ਅੰਮ੍ਰਿਤਸਰ ਸ਼ਹਿਰ ਵਸਾਇਆ ਤੇ ਅੰਮ੍ਰਿਤ ਸਰੋਵਰ ਦੀ ਉਸਾਰੀ ਕੀਤੀ। ਆਪ ਜੀ ਨੇ 30 ਰਾਗਾਂ ਵਿਚ ਬਾਣੀ ਰਚੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਹਨਾਂ ਦੀ ਬਾਣੀ ਦਾ ਵੇਰਵਾ—ਚੌਪਦੇ, ਅਸ਼ਟਪਦੀਆਂ, ਛੰਤ, ਸੋਹਲੇ, ਅਠ ਵਾਰਾਂ (ਸ੍ਰੀ ਰਾਗ, ਗਉੜੀ, ਬਿਹਾਗੜਾ, ਵਡਹੰਸ, ਸੋਰਠ, ਬਿਲਾਵਲ, ਸਾਰੰਗ, ਕਾਨੜਾ ਰਾਗਾਂ ਵਿਚ), ਸਲੋਕ, ਪਹਿਰੇ, ਵਣਜਾਰੇ, ਕਰਹਲੇ, ਘੋੜੀਆਂ ਆਦਿ। ਗੁਰੂ ਅਮਰਦਾਸ ਜੀ ਵਾਂਗ ਹੀ ਆਪ ਜੀ ਨੇ ਵੀ ਗੁਰੂ ਨਾਨਕ ਸਿਧਾਂਤ ਨੂੰ ਹੀ ਬਾਣੀ ਦਾ ਵਿਸ਼ਾ ਬਣਾਇਆ। ਆਪ ਜੀ ਦੀ ਕਾਵਿ ਸ਼ੈਲੀ ਅਦੁਤੀ ਲੈਅ ਵਾਲੀ, ਸਰੋਦੀ ਹੂਕ ਵਾਲੀ, ਵਾਯੂ ਮੰਡਲੀ ਤੋ ਵਿਲੱਖਣ ਹੈ। ਬੋਲੀ ਸਰਲ, ਸਾਦੀ, ਸੁਭਾਵਕ, ਠੇਠ ਤੇ ਜਾਦੂ ਭਰੀ ਹੈ। ਕਰਹਲੇ ਦਾ ਅਰਥ ਊਠ ਹੈ। ਊਠਾਂ ਵਾਲਿਆਂ ਵਾਂਗ ਮਨੁੱਖ ਵੀ ਪ੍ਰਦੇਸੀ ਹੈ।

ਗੁਰੂ ਅਮਰਦਾਸ ਜੀ ਵਾਂਗ ਆਪ ਵੀ ਫਰਮਾਉਂਦੇ ਹਨ ਕਿ ਹਰੀ ਆਪ ਹੀ ਆਪਣੀ ਬਾਣੀ ਭਗਤਾਂ ਦੇ ਮੂੰਹ ਵਿਚੋਂ ਕਢਵਾ ਰਿਹਾ ਹੈ। ਭਗਤਾਂ ਦੇ ਹਿਰਦੇ ਵਿਚ ਉਸ ਦਾ ਆਪਣਾ ਨਿਵਾਸ ਹੈ—

(ਉਲੇਖ ਅਲੰਕਾਰ)

"ਆਪੇ ਹਰਿ ਅਪਰੰਪਰ ਕਰਤਾ ਹਰਿ ਆਪੇ ਬੋਲਿ ਬੁਲਾਇ।
... ...
ਆਪੇ ਲੇਖਣ ਆਪਿ ਲਿਖਾਰੀ ਆਪੇ ਲੇਖ ਲੇਖਾਹਾ।"

ਪ੍ਰੋ: ਪੂਰਨ ਸਿੰਘ ਜੀ ਬਾਣੀ ਬਾਰੇ ਲਿਖਦੇ ਹਨ —

"The poetry of Ramdas flows like a stream of love whese coolling melody yearns for the Beloved and Sings of the magic spell of his glance." (Ten Great Masters)

ਆਪ ਜੀ ਦੀ ਦੁਹਰਾਅ ਸ਼ੈਲੀ ਅਦੁਤੀ ਹੈ। ਆਪ ਕੁਝ ਸ਼ਬਦਾਂ ਦਾ ਦੁਹਰਾਉ ਪੈਦਾ ਕਰਕੇ ਭਾਵ ਨੂੰ ਪ੍ਰਭਾਵਸ਼ਾਲੀ ਤੇ ਮਿਠਾਸ ਭਰਿਆ ਬਣਾ ਕੇ ਰਖ ਦੇਂਦੇ ਹਨ—

"ਹਰਿ ਧਿਆਵਹਿ ਹਰਿ ਧਿਆਵਹਿ ਤੁਧ ਜੀ, ਸੇ ਜਨ ਜੁਗ ਮਹਿ ਸੁਖ ਵਾਸੀ।
ਸੇ ਮੁਕਤ ਸੇ ਮੁਕਤੁ ਭਏ ਜਿਨ ਹਰਿ ਧਿਆਇਆ ਜੀ ਤਿਨ ਤੂਟੀ ਜਮ ਕੀ ਫਾਸੀ।
ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀ ਤਿਨ ਕਾ ਭਉ ਸਭ ਗਵਾਸੀ।
ਜਿਨ ਸੇਵਿਆ ਜਿਨ ਸੇਵਿਆ ਮੇਰਾ ਹਰਿ ਜੀ ਤੇ ਹਰਿ ਹਰਿ ਰੂਪ ਸਮਾਸੀ।
ਸੇ ਧੰਨੁ ਸੇ ਧੰਨੁ ਜਿਨ ਹਰਿ ਧਿਆਇਆ ਜੀ ਜਨੁ ਨਾਨਕੁ ਤਿਨ ਬਲਿ ਜਾਸੀ।"

ਆਪ ਸ਼ਰੋਮਣੀ ਸਰੋਦੀ ਕਵੀ ਹਨ। ਆਪ ਰਾਗ ਤੇ ਤਾਲ ਨੂੰ ਉਤੇਜਤ ਕਰਨ ਲਈ ਆਪਣੀਆਂ ਪੰਕਤੀਆਂ ਲੰਬੀਆਂ ਹੋਣ ਦੇਂਦੇ ਹਨ। ਸ਼ਬਦਾਂ ਨੂੰ ਗੁਰੂ ਅਮਰਦਾਸ ਜੀ ਵਾਂਗ ਦੁਹਰਾਈ ਜਾਂਦੇ ਹਨ। ਇਉਂ ਰਾਗ ਦੀ ਮਧੁਰਤਾ ਸਿਰਜਦੀ ਚਲੀ ਜਾਂਦੀ ਹੈ।

ਆਪ ਆਦਰਸ਼ਕ ਗੁਰਸਿਖੀ ਦਾ ਜੀਵਨ ਸੁਦ੍ਰਿੜ ਕਰਵਾਉਂਦੇ ਹਨ—

"ਗੁਰ ਸਤਿ ਗੁਰ ਕਾ ਜੋ ਸਿਖ ਅਖਾਵੇ।
ਸੁ ਭਲਕੇ ਉਠਿ ਹਰਿਨਾਮ ਧਿਆਵੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਦਮ ਕਰੇ ਭਲਕੇ ਪਰਭਾਤੀ
ਇਸਨਾਨ ਕਰੇ ਅੰਮ੍ਰਿਤਸਰ ਨਾਵੈ ।
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ।
ਸਭ ਕਿਲ ਵਿਖ ਪਾਪ ਦੋਖ ਲਹਿ ਜਾਵੈ ।
ਫਿਰ ਚੜੈ ਦਿਵਸ ਗੁਰਬਾਣੀ ਗਾਵੈ ।
ਬਹਿੰਦਿਆਂ ਉਠਦਿਆਂ ਹਰਿਨਾਮ ਧਿਆਵੈ ।
ਜੋ ਸਾਸ ਗਿਰਾਸਿ ਧਿਆਏ ਮੇਰਾ ਹਰਿ ਹਰਿ
ਸੋ ਗੁਰ ਸਿਖ ਗੁਰੂ ਮਨਿ ਭਾਵੈ ।"

ਆਪ ਜੀ ਦੇ ਅੰਮ੍ਰਿਤ ਬਚਨ ਹਨ ਕਿ ਬਾਣੀ ਤੇ ਗੁਰੂ ਇਕ ਸਰੂਪ ਹਨ –

"ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤ ਸਾਰੇ ।
ਗੁਰੁ ਬਾਣੀ ਕਹੈ ਸੇਵਕ ਜਨ ਮਾਨੈ ਪਰਤਖਿ ਗੁਰੂ ਨਿਸਤਾਰੇ ।"

ਆਸਾ ਰਾਗ ਦੇ ਸੋ ਪੁਰਖ ਵਾਲੇ ਸਬਦ ਵਿਚ ਪ੍ਰਭੂ— ਸਰੂਪ ਦਾ ਵਰਣਨ ਹੈ । ਆਪ ਜੀ ਨੇ ਤੋਲ ਤੁਕਾਂਤ ਪਖੋਂ ਖੁਲ੍ਹੀਆਂ ਉਡਾਰੀਆਂ ਵੀ ਮਾਰੀਆਂ ਹਨ । ਜਿਸ ਤੋਂ ਪ੍ਰਤਖ ਹੈ ਕਿ ਆਪ ਕੁਦਰਤੀ ਝੁਣ ਝਣਾਹਟ ਵਿਚ ਬਾਣੀ ਰਚਦੇ ਹਨ । ਬਾਣੀ ਜੋ ਅੰਮ੍ਰਿਤ ਹੈ। ਅੰਮ੍ਰਿਤ ਜੋ ਅਮਰ ਹੈ । ਮੁਕਤ ਹੈ । ਆਪ ਨੇ ਵਡਹੰਸ ਰਾਗ ਵਿਚ ਘੋੜੀਆਂ ਨਾਂ ਦੀ ਬਾਣੀ ਰਚੀ । ਮਨੁੱਖਾ ਦੇਹੀ ਨੂੰ ਘੋੜੀ ਅਤੇ ਆਤਮਾ ਨੂੰ ਸਵਾਰ ਦਸਿਆ ਹੈ । ਸਵਾਰ ਘੋੜੀ ਤੇ ਚੜ੍ਹਕੇ ਪ੍ਰਭੂ ਮਿਲਾਪ ਲਈ ਗੁਰੂ ਤੋਂ ਦਾਤਾਂ ਦਾ ਵਰ ਮੰਗਿਆ ਹੈ । ਛੰਤ ਬਾਣੀ ਵਿਚ ਸੂਹੀ ਰਾਗ ਫਿਰ ਲਾਵਾਂ ਹਨ । ਇਹ ਗੁਰਮਤਿ ਮਰਯਾਦਾ ਅਨੁਸਾਰ ਅਨੰਦ ਕਾਰਜ ਲਈ ਪੜ੍ਹੀਆਂ ਜਾਂਦੀਆਂ ਹਨ । ਇਨ੍ਹਾਂ ਵਿਚ ਅਸਲ ਵਿਚ ਆਤਮਾ ਤੇ ਪਰਮਾਤਮਾ ਦੀ ਇਕਮਿਕਤਾ ਦੇ ਅਨੰਦ ਨੂੰ ਗਾਵਿਆਂ ਹੈ । ਚਾਰ ਲਾਵਾਂ ਚਾਰ ਪ੍ਰਭੂ ਨਾਲ ਇਕਮਿਕਤਾ ਦੇ ਸਿਧਾਂਤ ਹਨ—

1. ਧਰਮ ਪਕੜਨਾ ਪਾਪ ਤਿਆਗਨਾ 2. ਨਿਰ ਭਉ ਭੈ ਤੇ ਨਿਰਮਲ ਭਉ ਪੈਦਾ ਕਰਨਾ । 3. ਪ੍ਰਭੂ ਪ੍ਰੀਤੀ ਦਾ ਚਾਉ ਮਨ ਬੈਰਾਗੀਆ ਵਿਚ ਰਖਣਾ । ਪੈਦਾ ਕਰਨਾ । 4. ਸਹਿਜ ਪ੍ਰੀਤ ਪਾਉਣੀ । ਸਹਿਜ ਅਵਸਥਾ ਸਦੀਵੀ ਅਵਸਥਾ ਹੈ । ਵਿਆਹ ਪ੍ਰਭੂ ਮਿਲਾਪ ਦਾ ਸਾਧਨ ਹੈ । ਇਸ ਕਰਕੇ ਲਾਵਾਂ ਵਿਆਹ ਤੇ ਗਾਈਆਂ ਜਾਂਦੀਆਂ ਹਨ ।

ਗੁਰੂ ਅਰਜਨ (1563—1606 ਈ:)

ਜਨਮ 15 ਅਪ੍ਰੈਲ 1563 ਈ: ਨੂੰ ਗੋਇੰਦਵਾਲ ਅੰਮ੍ਰਿਤਸਰ ਵਿਖੇ ਬੀਬੀ ਭਾਨੀ ਦੀ ਕੁਖੋਂ ਗੁਰੂ ਰਾਮਦਾਸ ਜੀ ਦੇ ਘਰ ਹੋਇਆ । ਆਪ ਗੁਰੂ ਅਮਰ ਦਾਸ ਜੀ ਦੇ ਦੂਹਤਰੇ ਹਨ। ਆਪ ਆਪਣੇ ਦੋ ਭਰਾਵਾਂ ਪ੍ਰਿਥੀ ਚੰਦ ਤੇ ਮਹਾਂਦੇਵ ਨਾਲੋਂ ਭਾਵੇਂ ਆਯੂ ਵਿਚ ਛੋਟੇ ਸਨ ਪਰ ਅਕਲ ਵਿਚ ਵੱਡੇ ਤੇ ਪੂਰੇ ਸਨ । ਇਸੇ ਲਈ ਆਪ ਨੂੰ 1581 ਵਿਚ ਗੁਰਗੱਦੀ ਪ੍ਰਾਪਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੋਈ। ਆਪ ਜੀ ਨੇ ਆਪਣੇ ਜੀਵਨ ਵਿਚ ਅਨੇਕ ਮਹਾਨ ਕਾਰਜ ਸੰਪੂਰਨ ਕੀਤੇ। ਉਨ੍ਹਾਂ ਸਭ ਵਿਚੋਂ ਮਹਾਨਤਮ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਸੀ ਜੋ ਘੋਰ ਘਾਲਣਾ ਦਾ ਫਲ ਸੀ। ਗੁਰਧਾਮਾਂ ਦੀ ਉਸਾਰੀ ਕੀਤੀ। ਹਰਿਮੰਦਰ ਸਾਹਿਬ ਦੀ ਸਥਾਪਨਾ ਕੀਤੀ ਤੇ ਸੰਤੋਖਸਰ ਮੁਕੰਮਲ ਕੀਤਾ। ਤਰਨਤਾਰਨ ਦੀ ਨੀਂਹ ਰਖੀ। ਜ਼ਲੰਧਰ ਵਿਚ ਕਰਤਾਰ ਪੁਰ ਵਸਾਇਆ। ਲਾਹੌਰ ਵਿਚ ਬਾਉਲੀ ਸਾਹਿਬ ਦੀ ਸਥਾਪਨਾ ਕੀਤੀ। ਇਹ ਸਭ ਕੁਝ ਗੁਰਮਤਿ ਦੇ ਪ੍ਰਚਾਰ ਲਈ ਅਤੀ ਅਵੱਸ਼ਕ ਸੀ। ਅਤੇ ਸ਼ਾਇਦ ਆਪ ਜੀ ਦੀ ਮਹਾਨ ਸ਼ਹੀਦੀ ਵੀ। 1606 ਨੂੰ ਆਪ ਜੀ ਦੀ ਸ਼ਹੀਦੀ ਜਬਰ ਵਿਰੁਧ ਸਬਰ ਦੀ ਜਿਤ ਸਿਧ ਕਰਦੀ ਹੈ। ਮਾਨੋ ਕਿ ਆਪ ਜੀ ਨੇ ਆਪਣੀ ਮਹਾਨ ਤੇ ਉੱਚਤਮ ਬਾਣੀ, ਜਿਸ ਨੂੰ ਆਦਿ ਗ੍ਰੰਥ ਦਾ ਸਿਖ਼ਰ ਕਿਹਾ ਜਾਂਦਾ ਹੈ, ਦੇ ਸਿਧਾਂਤ ਨੂੰ ਸ਼ਹੀਦੀ ਦੀ ਪ੍ਰਯੋਗ ਸ਼ਾਲਾ ਵਿਚ ਸਿਧ ਕਰਕੇ ਰੱਖ ਦਿੱਤਾ ਹੈ। ਆਪ ਜੀ ਨੂੰ ਦੈਵੀ ਮਾਪਿਆਂ ਦੀ ਮਿਠਾਸ, ਸ਼ਹਿਣਸ਼ੀਲਤਾ, ਸੇਵਾ, ਕੁਰਬਾਣੀ, ਆਦਿ ਵਿਰਸੇ ਵਿਚ ਮਿਲੀ ਹੋਈ ਸੀ। ਆਪ ਜੀ ਦੀ ਬਾਣੀ ਦਾ ਵੇਰਵਾ—

1. ਸੁਖਮਨੀ ਸਾਹਿਬ 2. ਬਾਵਨ ਅੱਖਰੀ (ਪ੍ਰਬੰਧ ਕਾਵਿ) 3. ਬਾਰਾਂ ਮਾਹ ਰਾਗ ਮਾਝ 4-6 ਵਾਰਾਂ 5. ਗਾਥਾ 6. ਸਹਿਸਕ੍ਰਿਤੀ 7. ਫੁਟਕਲ – ਪੁਨਹੇ, ਪਹਿਰੇ, ਸ਼ਬਦ, ਡਖਣੇ, ਅਸ਼ਟਪਦੀਆਂ, ਸਲੋਕ, ਆਦਿ। ਆਪ ਨੇ 30 ਰਾਗ ਵਰਤੇ।

ਆਪ ਬਾਣੀ ਦੇ ਬੋਹਿਥੇ ਅਰਥਾਤ ਜਹਾਜ ਹਨ। ਇਹ ਲੋਕ ਗੀਤ ਆਪ ਜੀ ਦੇ ਬਾਰੇ ਹੀ ਪ੍ਰਚਲਤ ਹੋਇਆ ਸੀ—

"ਸਾਡੇ ਗੁਰਾਂ ਨੇ ਜਹਾਜ ਬਣਾਇਆ ਆਓ ਜਿਨ੍ਹਾਂ ਪਾਰ ਲੰਘਣਾ।"

ਜੈਤਸਰੀ ਦੀ ਵਾਰ ਵਿਚ ਆਪ ਨੇ ਵੱਖ ਵੱਖ ਬੋਲੀਆਂ ਦੀ ਵਰਤੋਂ ਕੀਤੀ ਹੈ।

ਬਾਵਣ ਅੱਖਰੀ— ਇਹ ਲੋਕ ਗੀਤ ਤੇ ਆਧਾਰਿਤ ਹੈ। ਇਹ ਗਉੜੀ ਰਾਗ ਵਿਚ ਹੈ। ਇਹ ਸਲੋਕਾਂ ਤੇ ਪਉੜੀਆਂ ਵਿਚ ਹੈ। ਹਿੰਦੀ ਵਰਣਮਾਲਾ ਦੇ 52 ਅੱਖਰ ਹੁੰਦੇ ਹਨ। ਸੋ ਇਹ ਵੀ ਪਟੀ ਵਾਂਗ ਹੀ ਅੱਖਰਾਂ ਦੀ ਬਾਣੀ ਹੈ। 52 ਅੱਖਰਾਂ ਨੂੰ ਲੈ ਕੇ ਲਿਖੀ ਗਈ ਹੈ। ਸੋ ਇਸ ਵਿਚ 52 ਸਲੋਕ ਤੇ 52 ਪਉੜੀਆਂ ਹਨ। ਸਲੋਕਾਂ ਵਿਚ ਸੰਖੇਪਤਾ ਹੈ ਅਤੇ ਪਉ-ੜੀਆਂ ਵਿਚ ਵਿਸਤਾਰ। ਇਹ ਪ੍ਰਬੰਧ ਕਾਵਿ ਹੈ। ਸ਼ੁਰੂ ਵਿਚ ਦੋ ਸਲੋਕ ਹਨ—

ਪਹਿਲੇ ਵਿਚ ਗੁਰੂ ਦੀ ਵਡਿਆਈ ਦਾ ਗਾਇਣ ਹੈ—

"ਗੁਰਦੇਵ ਮਾਤਾ ਗੁਰਦੇਵ ਪਿਤਾ ਗੁਰਦੇਵ ਸੁਆਮੀ ਪਰਮੇਸੁਰਾ।
ਗੁਰਦੇਵ ਸਖਾ ਅਗਿਆਨ ਭੰਜਨੁ ਗੁਰਦੇਵ ਬੰਧਿਪ ਸਹੋਦਰਾ।"

ਪਹਿਲੇ ਸਲੋਕ ਦੀਆਂ ਪੰਕਤੀਆਂ ਦੋ ਤੋਂ ਵਧੀਕ ਹੋ ਗਈਆਂ ਹਨ। ਦੂਜੇ ਸਲੋਕ ਦੀਆਂ ਦੋ ਹੀ ਪੰਕਤੀਆਂ ਹਨ—

"ਆਪਹਿ ਕੀਆ ਕਰਾਇਆ ਆਪਹਿ ਕਰਨੈ ਜੋਗੁ।
ਨਾਨਕ ਏਕੋ ਰਵਿ ਰਹਿਆ ਦੂਸਰ ਹੋਆ ਨ ਹੋਗੁ।"

ਪਹਿਲੇ ਸਲੋਕ ਵਿਚ ਗੁਰੂ ਦੀ ਵਡਿਆਈ ਹੈ। ਦੂਜੇ ਵਿਚ ਪ੍ਰਭੂ ਦੀ ਮਹਿਮਾ ਹੈ ਅਤੇ ਇਸੇ ਸਲੋਕ ਦੇ ਖ਼ਿਆਲ ਦੁਆਰੇ ਇਹ ਸਾਰੀ ਬਾਣੀ ਘੁੰਮਦੀ ਹੈ। ਇਹੀ ਕੇਂਦਰੀ ਖ਼ਿਆਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ। ਇਸ ਦੀ ਪਹਿਲੀ ਪਉੜੀ ਓਅੰ ਅੱਖਰ ਤੋਂ ਆਦਿ ਹੁੰਦੀ ਹੈ। ਕਿਉਂਕਿ ਹਿੰਦੀ ਦਾ ਪਹਿਲਾ ਇਹੋ ਅੱਖਰ ਹੈ। ਇਸ ਵਿਚ ਵੀ ਪ੍ਰਭੂ ਦੀ ਸਿਫ਼ਤ ਸਲਾਹ ਹੈ। ਇਹ ਪ੍ਰੇਮ ਦੀ ਬਾਣੀ ਹੈ—

''ਕਰ ਕਿਰਪਾ ਪ੍ਰਭ ਦੀਨ ਦਇਆਲਾ।
ਤੇਰੇ ਸੰਤਨ ਕੀ ਮਨੁ ਹੋਇ ਰਵਾਲਾ।''

ਆਦਿ ਸਲੋਕ ਨੂੰ ਅੰਤ ਤੇ ਫਿਰ ਦਿੱਤਾ ਗਿਆ ਹੈ। ਮਾਨੋ ਕਿ ਆਦਿ ਦਾ ਸਲੋਕ ਇਸ ਬਾਣੀ ਦਾ ਮੰਗਲਾ ਚਰਨ ਹੈ। ਇਸ ਨੂੰ ਮਿਲਾਕੇ ਸਲੋਕਾਂ ਦੀ ਗਿਣਤੀ 53 ਹੋ ਜਾਂਦੀ ਹੈ।

ਸੁਖਮਨੀ—ਵਿਚ ਆਦਰਸ਼ਕ ਪੁਰਸ਼ ਦਾ ਬਿਆਨ ਹੈ। ਸਿਮਰਨ ਤੇ ਜ਼ੋਰ ਹੈ। ਸਾਧ, ਸੰਤ, ਭਗਤ, ਬ੍ਰਹਮ ਗਿਆਨੀ ਦੀ ਅਪਾਰ ਮਹਿਮਾ ਹੈ। ਸਿਮਰਨ ਨੂੰ ਹੀ ਸੁਖਾਂ ਦੀ ਮੀਣ ਕਿਹਾ ਗਿਆ ਹੈ। ਸਮਤੁਲਤ ਵਿਅਕਤੀ ਹੀ ਆਦਰਸ਼ ਪੁਰਸ਼ ਹੈ—

''ਰਾਜ ਮਹਿ ਰਾਜੁ ਜੋਗ ਮਹਿ ਜੋਗੀ।
ਤਪ ਮਹਿ ਤਪੀਸਰ ਗ੍ਰਿਹਿਸਤ ਮਹਿ ਭੋਗੀ।''

ਪਿਤਰੀ ਭਾਵ ਤੇ ਭ੍ਰਾਤਰੀ ਭਾਵ ਦੀ ਏਕਤਾ ਹੈ—

''ਤੁਮ ਮਾਤਾ ਪਿਤਾ ਹਮ ਬਾਰਿਕ ਤੇਰੇ।''

ਸੋ ਸਭ ਮਨੁੱਖ ਭਾਈ ਭਾਈ ਹਨ। ਰਸ ਬਿੰਬ ਹੈ—

ਚਾਖੜਿਆ ਚਾਖੜਿਆ ਮੈਂ ਹਰ ਰਸ ਮੀਠਾ ਰਾਮ।

ਗੁਰੂ ਤੇਗ਼ ਬਹਾਦਰ ਜੀ (1621—1675)
(ਬੰਸ ਗੁਰੂ ਰਾਮਦਾਸ ਸੋਢੀ)

ਚਿਤ ਚਰਨੁ ਕਮਲ ਕਾ ਆਸਰਾ, ਚਿਤ ਚਰਨ ਕਮਲ ਸੰਗ ਜੋੜੀਐ।
ਮਨ ਲੋਚੈ ਬੁਰਿਆਈਆਂ, ਗੁਰ ਸ਼ਬਦੀ ਇਹ ਮਨ ਹੋੜੀਐ।
ਬਾਹਿ ਜਿਨ੍ਹਾਂ ਦੀ ਪਕੜੀਐ, ਸਿਰ ਦੀਜੈ ਬਾਹਿ ਨ ਛੋੜੀਐ।
ਗੁਰੂ ਤੇਗ਼ ਬਹਾਦਰ ਬੋਲਿਆ, ਧਰ ਪਈਐ ਧਰਮ ਨ ਛੋੜੀਐ।
(ਇਕ ਭਟ ਕਵੀ)

ਇਹ ਆਪ ਜੀ ਦੀ ਮਹਾਨਤਾ ਹੈ। ਆਪ ਜੀ ਦਾ ਪਹਿਲਾ ਨਾਂ ਤਿਆਗ ਮਲ ਸੀ ਪਰ ਜਦ ਆਪ ਜੀ ਨੇ ਗੁਰੂ ਪਿਤਾ ਜੀ ਦੇ ਨਾਲ ਲੜਾਈ ਵਿਚ ਅਦੁਤੀ ਜੌਹਰ ਵਿਖਾਏ ਤਾਂ ਗੁਰੂ ਪਿਤਾ ਜੀ ਨੇ ਆਪ ਜੀ ਦਾ ਨਾਂ ਤੇਗ਼ ਬਹਾਦਰ ਰੱਖ ਦਿੱਤਾ। ਜਨਮ ਅੰਮ੍ਰਿਤਸਰ ਗੁਰੂ ਹਰਿਗੋਬਿੰਦ ਸਾਹਿਬ ਦੇ ਘਰ ਮਾਂ ਨਾਨਕੀ। ਸੰਤਾਨ ਗੁਰੂ ਗੋਬਿੰਦ ਸਿੰਘ ਜੀ। ਦੇਸ਼ ਲਈ ਸ਼ਹੀਦੀ 1675 ਈ:। ਗੁਰੂ ਜੀ ਦੀ ਬਾਣੀ ਦੇ 59 ਸ਼ਬਦ ਤੇ 56 ਸਲੋਕ ਹਨ। ਆਪ ਜੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੇ ਕੁਲ ਪੰਦਰਾਂ ਰਾਗ ਵਰਤੇ ਹਨ । ਆਪ ਜੀ ਦੇ ਸਲੋਕ ਸੱਚ-ਮੋਤੀ-ਨਿਰਣੇ ਪੇਸ਼ ਕਰਦੇ ਹਨ । ਇਹਨਾਂ ਵਿਚ ਸੱਚ ਦੀ ਚਮਕ ਤੇ ਵੈਰਾਗ ਦੀ ਲੇਸ ਹੈ —

"ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ।
ਕਹੁ ਨਾਨਕ ਸੁਣ ਰੇ ਮਨਾ ਗਿਆਨੀ ਤਾਹਿ ਬਖਾਨਿ ॥
... ...
ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ ।
ਕਹਿ ਨਾਨਕ ਥਿਰੁ ਨ ਰਹੈ ਜਿਉ ਬਾਲੂ ਕੀ ਭੀਤ ।"

(ਦ੍ਰਿਸਟਾਂਤ ਅਲੰਕਾਰ)

ਡਾ. ਤਾਰਨ ਸਿੰਘ ਦਾ ਆਪ ਜੀ ਦੇ ਸਲੋਕਾਂ ਬਾਰੇ ਵਿਚਾਰ ਬੜਾ ਸਾਰਥਕ ਹੈ— "ਇਹਨਾਂ ਸਲੋਕਾਂ ਵਿਚ ਜਿਥੇ ਉਪਰਾਮਤਾ ਹੈ ਓਥੇ ਕਹਿਰਾਂ ਦਾ ਬਲ ਵੀ ਹੈ । ਜਿਥੇ ਕਠੋਰ ਅਸਲੀਅਤ ਦਾ ਵਰਣਨ ਹੈ, ਓਥੇ ਮਿੱਠਾ ਕੋਮਲ ਸੰਗੀਤ ਵੀ ਹੈ, ਜਿਥੇ ਡੂੰਘਾ ਨਿਰਾਸ਼ਵਾਦ ਹੈ ਓਥੇ ਯਥਾਰਥਕ ਆਸ਼ਾਵਾਦ ਵੀ ਹੈ ।" ਆਪ ਵਾਰ ਵਾਰ ਮਨੁੱਖ ਚੇਤਾਵਨੀ ਕਰਵਾਂਦੇ ਹਨ ਕਿ –

1. ਸੁਖ ਮਹਿ ਬਹੁ ਸੰਗੀ ਭਏ ਦੁਖ ਮਹਿ ਸੰਗਨ ਕੋਇ ।
   ਕਹੁ ਨਾਨਕ ਹਰਿ ਭਜੁ ਮਨਾ ਅੰਤ ਸਹਾਈ ਹੋਇ ।
2. ਨਿਜ ਕਰ ਦੇਖਿਓ ਜਗਤੁ ਮੈ, ਕੋ ਕਾਹੂ ਕੋ ਨਾਹਿ ।
   ਨਾਨਕ ਥਿਰੁ ਹਰਿ ਭਗਤਿ ਹੈ ਤਿਹ ਰਾਖਹੁ ਮਨ ਮਾਹਿ ।

ਜਗ ਤਾਂ ਪ੍ਰਭੂ ਤੋਂ ਬਿਨਾ ਝੂਠਾ ਹੈ ਮਨੁੱਖ ਤੂੰ ਸਚਾ ਕਿਉਂ ਸਮਝਦਾ ਹੈਂ—

ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ ।
ਕਹੈ ਨਾਨਕ ਥਿਰ ਨ ਰਹੈ ਜਿਉਂ ਬਾਲੂ ਕੀ ਭੀਤ ।

ਆਪ ਜੀ ਦੇ ਸਲੋਕਾਂ ਤੇ ਸ਼ਬਦਾਂ ਵਿਚ ਕਮਾਲ ਦਾ ਸੰਜਮ ਹੈ । ਕਲਾਤਮਕ ਨਿਪੁੰਨਤਾ ਹੈ । ਬੋਲੀ ਸਰਲ ਤੇ ਸ਼ਾਂਤ ਹੈ । ਸ਼ਬਦ ਅਮਿਟ ਪ੍ਰਭਾਵ ਪਾਉਂਦੇ ਹਨ—

"ਸਾਧੋ ਮਨ ਕਾਮਾਨ ਤਿਆਗਉ
ਕਾਮ ਕ੍ਰੋਧ ਸੰਗਤਿ ਦੁਰਜਨਕੀ
ਤਾ ਤੇ ਅਹਿਨਿਸ ਭਗਾਉ ।"

ਗੁਰੂ ਗੋਬਿੰਦ ਸਿੰਘ ਜੀ
(ਬੰਸ ਗੁਰੂ ਰਾਮਦਾਸ ਸੋਢੀ)

ਥਾਨੇਸਰ ਦੇ ਨੇੜੇ ਥਸਕਾ ਦੇ ਮੁਸਲਮਾਨ ਪੀਰ ਭੀਖਣ ਸ਼ਾਹ ਨੇ ਭਾਰਤ ਦੇ ਮੱਧ ਵਿਚ ਗੰਗਾ, ਜਮਨਾ ਤੇ ਸਰਸਵਤੀ ਦੇ ਪਾਵਨ ਸੰਗਮ ਉਤੇ ਕੋਈ ਦੈਵੀ ਨੂਰ ਅਰਸ਼ਾਂ ਤੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਧਰਤੀ ਤੇ ਲਹਿੰਦਾ ਤੱਕਿਆ। ਇਹੀ ਗੁਰੂ ਗੋਬਿੰਦ ਸਿੰਘ ਦਾ ਜਨਮ 1666 ਈ: ਵਿਚ ਸੀ ਜੋ ਗੁਰੂ ਤੇਗ ਬਹਾਦਰ ਦੇ ਘਰ ਮਾਤਾ ਗੁਜਰੀ ਦੀ ਕੁਖੋਂ ਪਟਨੇ ਵਿਖੇ ਹੋਇਆ। ਉਸ ਪੀਰ ਨੇ ਪੂਰਬ ਵਲ ਸਿੱਜਦਾ ਕੀਤਾ ਅਤੇ ਪਟਨੇ ਵਲ ਚਲ ਪਿਆ। ਉਥੇ ਉਸ ਨੇ ਗੋਬਿੰਦ ਰਾਏ ਦੇ ਮਾਮਾ ਕਿਰਪਾਲ ਚੰਦ ਨੂੰ ਬੇਨਤੀ ਕੀਤੀ ਕਿ ਬੱਚੇ ਦੇ ਦਰਸ਼ਨ ਕਰਵਾਏ ਜਾਣ। ਜਦ ਦੀਦਾਰ ਹੋਏ ਤਾਂ ਪੀਰ ਨੇ ਹਿੰਦੂ ਦੁਕਾਨ ਤੇ ਮੁਸਲਮਾਨ ਦੁਕਾਨ ਤੋਂ ਖ਼੍ਰੀਦੀਆਂ ਮਿਸ਼ਰੀਆਂ ਇਕ ਇਕ ਹੱਥ ਵਿਚ ਲੈ ਕੇ ਅੱਗੇ ਕੀਤੀਆਂ ਤਾਂ ਦੈਵੀ ਬਾਲ ਨੇ ਆਪਣਾ ਇਕ ਹੱਥ ਪੀਰ ਦੇ ਇਕ ਹੱਥ ਉਤੇ ਤੇ ਦੂਜਾ ਹੱਥ ਦੂਜੇ ਹੱਥ ਉਤੇ ਰਖ ਦਿਤਾ। ਪੀਰ ਖੁਸ਼ ਹੋ ਗਿਆ ਕਿ ਇਹ ਪੈਗੰਬਰ ਹਿੰਦੂ ਤੇ ਮੁਸਲਮਾਨ ਦੁਹਾਂ ਦੀ ਹੀ ਰਖਿਆ ਕਰੇਗਾ। ਕੌਣ ਨਹੀਂ ਜਾਣਦਾ ਕਿ ਗੁਰੂ ਗੋਬਿੰਦ ਸਿੰਘ ਨੇ ਗੁਰੂ ਪਿਤਾ ਵਾਰ ਕੇ ਸਰਬੰਸ ਲੁਟਾ ਕੇ ਹਿੰਦੂ ਧਰਮ ਦੀ ਰਖਿਆ ਕੀਤੀ। ਪਟਨੇ ਵਿਚ ਬਿਰਧ ਸੰਸਕ੍ਰਿਤ-ਵਿਦਵਾਨ ਸ਼ਿਵ ਦੱਤ ਨੇ ਗੋਬਿੰਦ ਰਾਏ ਵਿਚੋਂ ਕ੍ਰਿਸ਼ਨ ਦੇ ਦਰਸ਼ਨ ਕੀਤੇ। ਬਾਅਦ ਵਿਚ ਰਾਜਾ ਫਤਹਿ ਚੰਦ ਮੈਣੀ ਤੇ ਰਾਣੀ ਕਿਸ਼ੋਰੀ ਦੇਵੀ ਨੂੰ ਵੀ ਐਸੇ ਦਰਸ਼ਨ ਹੋਏ। ਉਨ੍ਹਾਂ ਨੇ ਬੱਚੇ ਲਈ ਵਿਸ਼ਾਲ ਭਵਨ ਉਸਾਰਿਆ। ਕਿਸ਼ੋਰੀ ਦੇਵੀ ਨੇ ਉਸ ਨੂੰ ਆਪਣਾ ਬੱਚਾ ਬਣਾ ਲਿਆ। ਜਿਥੇ ਹਿੰਦੂਆਂ ਨੇ ਗੋਬਿੰਦ ਰਾਏ ਨੂੰ ਅਪਣਾਕੇ ਏਨਾ ਪਿਆਰ ਦਾ ਸਾਗਰ ਲੁਟਾਇਆ ਉਥੇ ਮੁਸਲਮਾਨ ਵੀ ਪਿੱਛੇ ਨਾ ਰਹੇ। ਸੋ ਨਵਾਬ ਰਹੀਮ ਬਖ਼ਸ਼ ਤੇ ਕਰੀਮ ਬਖ਼ਸ਼ ਨੇ ਇਕ ਬਾਗ ਤੇ ਜ਼ਮੀਨ ਬੱਚੇ ਨੂੰ ਖੇਡਣ ਤੇ ਕੌਤਕ ਕਰਨ ਹਿਤ ਦਾਨ ਕਰ ਦਿੱਤੀ। ਇਸੇ ਹੀ ਬਾਗ ਵਿਚ ਜਦ ਗੋਬਿੰਦ ਰਾਏ ਤੀਰਾਂ ਨਾਲ ਆਪਣੇ ਸਾਥੀਆਂ ਨਾਲ ਖੇਡ ਰਿਹਾ ਸੀ ਤਾਂ ਖਨੌਰ ਦੇ ਪੀਰ ਆਰਿਫ਼ ਦੀਨ ਜੋ ਉੱਚ ਦੇ ਪੀਰ ਸਨ ਪਾਲਕੀ ਵਿਚ ਓਧਰੋਂ ਦੀ ਲੰਘੇ। ਉਨ੍ਹਾਂ ਨੇ ਪਾਲਕੀ ਅਟਕਾਈ, ਥਲੇ ਉੱਤਰੇ ਅਤੇ ਬਾਲਕ ਨੂੰ ਚੁਕ ਕੇ ਕੁਝ ਸਮਾਂ ਇਕੱਠੇ ਬੈਠੇ ਤੇ ਦਿਲ ਦੀਆਂ ਗੱਲਾਂ ਕੀਤੀਆਂ। ਜਦ ਟੁਰਨ ਲੱਗੇ ਤਾਂ ਸਿੱਜਦਾ ਵੀ ਕੀਤਾ। ਉਸ ਵੇਲੇ ਉਨ੍ਹਾਂ ਦੇ ਸਾਥੀਆਂ ਪੁਛਿਆ ਕਿ ਆਪ ਨੇ ਇਕ ਹਿੰਦੂ ਬੱਚੇ ਨੂੰ ਸਿੱਜਦਾ ਕਿਉਂ ਕੀਤਾ ਹੈ ਤਾਂ ਆਪ ਨੇ ਨਿਰਮਤਾ ਸਹਿਤ ਜਵਾਬ ਦਿੱਤਾ, ਦੁਹਾਈ ਖੁਦਾ ਦੀ ਮੈਂ ਕਿਸੇ ਮੁਸਲਮਾਨ ਜਾਂ ਹਿੰਦੂ ਬੱਚੇ ਨੂੰ ਸਿਜਦਾ ਨਹੀਂ ਕੀਤਾ। ਮੈਂ ਤਾਂ ਆਪਣੇ ਅੱਲਾ ਨੂੰ ਸਿੱਜਦਾ ਕੀਤਾ ਹੈ। ਮੈਨੂੰ ਇਸ ਬੱਚੇ ਵਿਚੋਂ ਆਪਣਾ ਅੱਲਾ ਝਲਕਿਆ ਹੈ।

ਆਪ ਨੇ ਸਾਹਿਬ ਚੰਦ ਗ੍ਰੰਥੀ ਪਾਸੋਂ ਸੰਸਕ੍ਰਿਤ ਤੇ ਹਿੰਦੀ ਸਿਖੀ ਅਤੇ ਕਾਜ਼ੀ ਪੀਰ ਮੁਹੰਮਦ ਪਾਸੋਂ ਅਰਬੀ ਫ਼ਾਰਸੀ। ਆਪ ਦੀਆਂ ਸ਼ਾਦੀਆਂ ਬੀਬੀ ਅਜੀਤ ਕੌਰ, ਬੀਬੀ ਸੁੰਦਰੀ ਤੇ ਮਾਤਾ ਸਾਹਿਬ ਦੇਵਾਂ ਨਾਲ ਹੋਈਆਂ।

ਆਪ ਜੀ ਦੇ ਘਰ ਚਾਰ ਸਾਹਿਬਜ਼ਾਦਿਆਂ ਨੇ ਜਨਮ ਲਿਆ। ਅਜੀਤ ਸਿੰਘ, ਜੁਝਾਰ ਸਿੰਘ, ਜ਼ੋਰਾਵਰ ਸਿੰਘ ਤੇ ਫਤਿਹ ਸਿੰਘ।

ਆਪ ਨੇ ਨੌਂ ਸਾਲ ਦੀ ਉਮਰ ਵਿਚ ਆਪਣੇ ਪਿਤਾ ਨੂੰ ਕਸ਼ਮੀਰ ਦੇ ਪੰਡਤਾਂ ਦੀ ਬੇਨਤੀ ਤੇ ਹਿੰਦੂ ਧਰਮ ਦੀ ਰਖਿਆ ਲਈ ਦਿਲੀ ਔਰੰਗਜ਼ੇਬ ਦੇ ਜ਼ੁਲਮ ਵਿਰੁਧ ਵਿਦਰੋਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਲੋਂ ਸ਼ਹੀਦੀ ਦੇਣ ਟੋਰਿਆ। 13 ਵਿਸਾਖ 1699 ਈ: ਵਿਚ ਆਪ ਨੇ ਖਾਲਸਾ ਪੰਥ ਸਾਜਿਆ। ਇਹ ਜ਼ੁਲਮ ਦੇ ਨਾਲ ਟੱਕਰ ਲੈਣ ਲਈ ਸਿਰਲੱਥ ਜੁਆਨਾਂ ਦੀ ਡਾਢੀ ਫੌਜ ਜਾਂ ਫੋਰਸ ਸੀ। ਆਪ ਜੀ ਦੀ ਸਿੱਖੀ ਵਿਚ ਹਿੰਦੂ ਤੇ ਮੁਸਲਮਾਨ ਦੋਵੇਂ ਹੀ ਸ਼ਾਮਿਲ ਹੋਏ। ਪੀਰ ਬੁੱਧੂ ਸ਼ਾਹ ਆਪ ਦਾ ਅਨਿਨ ਸਿੱਖ ਸੀ। ਆਪ ਦੀ ਫ਼ੌਜ ਵਿਚ ਪੰਜ ਸੌ ਪਠਾਨ ਵੀ ਸਨ। ਆਪ ਔਰੰਗਜੇਬ ਦੇ ਖਿਲਾਫ਼ ਨਹੀਂ ਸਗੋਂ, ਉਸ ਦੇ ਜ਼ੋਰ ਜ਼ੁਲਮ ਦੇ ਵਿਰੁਧ ਸਨ। ਆਪ ਨੇ ਅਨੇਕਾਂ ਲੜਾਈਆਂ ਲੜੀਆਂ ਜਿਨ੍ਹਾਂ ਵਿਚ ਆਪ ਨੂੰ ਫਤਿਹ ਹੋਈ। ਆਪ ਮਹਾਨ ਮਾਨਵ-ਵਾਦੀ ਸਨ। ਆਪ ਲਈ ਸਰਬ ਮਾਨਵ ਜਾਤੀ ਵਿਸ਼ਵ ਭਰ ਵਿਚ ਇਕੋ ਜਾਤੀ ਦੀ ਹੈ—

"ਮਾਨਸ ਕੀ ਜਾਤ ਸਭੈ ਏਕੋ ਪਹਿਚਾਨਬੋ।"

ਆਪ ਲਈ ਦੇਹੁਰਾ ਤੇ ਮਸੀਤ ਇਕ ਸਮਾਨ ਸਨ।

"ਦੇਹੁਰਾ ਮਸੀਤ ਸੋਈ ਪੂਜਾ ਔ ਨਮਾਜ਼ ਓਈ,
ਦੂਸਰੋ ਨਾ ਭੇਦ ਕੋਈ ਭੂਲ ਭਰਮ ਮਾਨਬੋ।"

ਆਪ ਮਨੁੱਖਤਾ ਵਿਚ ਵੰਡੀਆਂ ਪਾਉਣ ਦੇ ਵਿਰੁਧ ਸਨ। ਇਸੇ ਤਰ੍ਹਾਂ ਹੀ ਜੋ ਉਨ੍ਹਾਂ ਦਾ ਸਿੱਖ ਹੈ ਉਹ ਸਾਰੀ ਮਨੁੱਖ ਜਾਤੀ ਨੂੰ ਜਾਤ ਧਰਮ ਅਸਲ ਨਸਲ, ਹੱਦਾਂ ਬੰਨਿਆਂ ਵਿਚ ਨਹੀਂ ਵੰਡਦਾ ਸਗੋਂ ਸਮੂਹ ਮਨੁੱਖਤਾ ਦੀ ਸੇਵਾ ਤੇ ਪਿਆਰ ਵਿਚੋਂ ਵਾਹਿਗੁਰੂ ਨੂੰ ਪਾਉਂਦਾ ਹੈ ਜਿਵੇਂ ਕਿ ਗੁਰੂ ਜੀ ਦਾ ਹੁਕਮ ਹੈ

"ਸਾਚ ਕਹੂੰ ਸੁਣ ਲਿਓ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।"

ਅੰਤ ਐਸਾ ਉਪਦੇਸ਼ ਕਰਦੇ ਹੋਏ ਆਪ 1708 ਈ: ਵਿਚ ਹਜ਼ੂਰ ਸਾਹਿਬ ਨੰਦੇੜ ਹੈਦਰਾਬਾਦ ਵਿਖੇ ਜੋਤੀ ਜੋਤ ਸਮਾ ਗਏ। ਪਿਛੋਂ ਉਨ੍ਹਾਂ ਦੇ ਵਰੋਸਾਏ ਬੰਦੇ ਨੇ ਜ਼ੁਲਮ ਦੀ ਇੱਟ ਨਾਲ ਇੱਟ ਖੜਕਾਈ।

ਆਪ ਜੀ ਤੋਂ ਪਿਛੋਂ ਤਾਂ ਗੁਰਮਤਿ ਕਾਵਿ ਆਪਣਾ ਭੋਗ ਪਾ ਜਾਂਦਾ ਹੈ। ਭਗਤੀ ਲਹਿਰ ਦਾ ਪ੍ਰਵਾਹ ਵੀ ਰੁਕਦਾ ਲਗਦਾ ਹੈ ਅਤੇ ਸੂਫ਼ੀ ਕਾਵਿ ਵੀ ਆਪਣੀ ਢਹਿੰਦੀ ਕਲਾ ਨੂੰ ਪ੍ਰਾਪਤ ਹੁੰਦਾ ਹੈ। ਆਪ ਦੈਵੀ ਲਹਿਰਾਂ ਦੇ ਸਮੁੰਦਰ ਦੇ ਸਮੁੰਦਰ ਹਨ। ਬਾਣੀ ਦਾ ਅਖੁਟ ਖ਼ਜਾਨਾ ਹਨ।

ਗੁਰੂ ਗੋਬਿੰਦ ਸਿੰਘ ਨੇ ਅਰਸ਼ੀ ਬਾਣੀ ਦਾ ਛਿੱਟਾ ਅੰਮ੍ਰਿਤ ਵਿਚ ਦਿੱਤਾ ਅਤੇ ਗੁਰਸਿਖ ਨੂੰ ਜ਼ੁਲਮ ਨਾਲ ਟੱਕਰ ਲੈਣ ਲਈ ਅੰਮ੍ਰਿਤ ਪਾਣ ਕਰਵਾਕੇ ਸੰਤ ਸਿਪਾਹੀ ਥਾਪ ਦਿੱਤੀ—

"ਪੀਓ ਪਾਹੁਲ ਖੰਡੇ ਧਾਰ ਹੋਇ ਜਨਮ ਸੁਹੇਲਾ।"

ਇਉਂ ਆਪ ਜੀ ਨੇ ਗੁਰਮਤਿ ਮਰਯਾਦਾ ਵਿਚ ਇਹ ਵਾਧਾ ਕੀਤਾ। ਨਾਲ ਹੀ ਗੁਰਮਤਿ ਮਰਯਾਦਾ ਨੂੰ ਦ੍ਰਿੜ ਕਰਵਾਉਂਦੀ ਬਾਣੀ ਰਚੀ। ਉਹ ਬਾਣੀ ਦਸਮ ਗ੍ਰੰਥ ਵਿਚ ਅੰਕਿਤ ਹੈ।

ਭਾਈ ਗੁਰਦਾਸ (1551—1637)

ਆਪ ਗੁਰੂ ਅਮਰਦਾਸ ਜੀ ਦੇ ਭਤੀਜੇ ਤੇ ਗੁਰੂ ਅਰਜਨ ਦੇ ਮਾਮਾ ਜੀ ਸਨ। ਸੋ ਘਰ ਨਾਲ ਆਪ ਦਾ ਰਿਸ਼ਤਾ ਨਿਕਟ ਵਰਤੀ ਹੈ। ਆਪ ਵਿਦਵਾਨ ਹੋਣ ਕਰਕੇ ਗੁਰਮਤਿ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇ ਪ੍ਰਚਾਰ ਲਈ ਲਾਹੌਰ, ਆਗਰਾ, ਚੰਬਾ, ਜੰਮੂ, ਕਸ਼ਮੀਰ, ਬੁਰਹਾਨਪੁਰ, ਬਨਾਰਸ, ਲਖਨਊ ਤੇ ਰਾਜਸਥਾਨ ਗਏ। ਅਕਬਰ ਦੇ ਦੀਨੇ ਇਲਾਹੀ ਸੰਮੇਲਨ ਵਿਚ ਆਪ ਨੇ ਮੂਲਮੰਤ ਦੀ ਵਿਆਖਿਆ ਕਰਕੇ ਹੈਰਾਨ ਕੀਤਾ। ਆਪ ਜੀ ਨੂੰ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਦਾ ਮਾਨ ਮਿਲਿਆ। ਆਪ ਜੀ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਦੀ ਕੁੰਜੀ ਕਹਿਕੇ ਗੁਰੂ ਅਰਜਨ ਦੇਵ ਜੀ ਨੇ ਵਡਿਆਇਆ। ਆਪ ਜੀ 41 ਕੁ ਵਾਰਾਂ ਤੇ 600 ਦੇ ਲਗਭਗ ਕਬਿਤ ਤੇ ਸੱਵਈਏ ਰਚੇ।

ਆਪ ਜੀ ਦੀ ਬਾਣੀ ਦਾ ਉਦੇਸ਼ ਗੁਰਬਾਣੀ ਦੀ ਵਿਆਖਿਆ ਹੈ। ਇਸ ਕਰਕੇ ਆਪ ਵੀ ਗੁਰਮਤਿ ਦੇ ਕਵੀ ਹਨ। ਭਾਸ਼ਾ ਸਰਲ ਹੈ। ਆਦਿ ਗ੍ਰੰਥ ਦੇ ਮਿਥਿਹਾਸਕ, ਇਤਿਹਾਸਕ ਹਵਾਲਿਆਂ ਨੂੰ ਸਪਸ਼ਟ ਕੀਤਾ। ਆਪ ਨੂੰ ਗੁਰਬਾਣੀ ਦਾ ਗਹਿਰਾ ਅਧਿਐਨ ਹੈ। ਆਪ ਨੇ ਗੁਰਮਤਿ ਦੀ ਵਿਚਾਰ-ਧਾਰਾ ਨੂੰ ਸਰਲ ਤੇ ਸਪਸ਼ਟ ਕਰਕੇ ਮਹਾਨ ਨਾਮਣਾ ਖੱਟਿਆ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਦਿ ਕਾਲੀਨ ਪੰਜਾਬੀ ਬੀਰ ਰਸੀ ਕਾਵਿ-ਧਾਰਾ

ਨੌਂ ਰਸਾਂ ਵਿਚੋਂ ਬੀਰ ਰਸ ਪ੍ਰਧਾਨ ਰਸ ਹੈ : ਬੀਰ ਰਸ ਦਾ ਜੀਵਨ ਵਿਚ ਬੜਾ ਮਹੱਤਵ ਹੈ। ਬੀਰ ਰਸ ਤੋਂ ਬਿਨਾ ਜੀਵਨ ਮੁਰਦਾ, ਦੁਰਬਲ, ਨਿਰਬਲ, ਆਲਸੀ ਦਲਿਦਰੀ ਬਣ ਕੇ ਰਹਿ ਜਾਂਦਾ ਹੈ। ਬੀਰ ਰਸ ਜੀਵਨ ਵਿਚ ਉਤਸ਼ਾਹ ਭਰਦਾ ਹੈ। ਬੀਰ ਰਸ ਕੁਝ ਕਰ ਗੁਜ਼ਰਨ ਦੀ ਪ੍ਰੇਰਣਾ-ਸ਼ਕਤੀ ਹੈ। ਜੀਵਨ ਲਈ ਹੌਂਸਲਾ ਹੈ। ਬੀਰ ਰਸ ਦੇ ਸਿਰ ਤੇ ਹੀ ਜੀਵਨ ਅਗੇਰੇ ਪੜਾਵਾਂ ਵਲ ਹੰਭਲੇ ਮਾਰਦਾ ਹੈ। ਸੋ ਸਾਹਿਤ ਵਿਚ ਵੀ ਬੀਰ ਰਸ ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਹੈ। ਬੀਰ ਰਸ ਪੰਜਾਬੀ ਸਾਹਿਤ ਦੇ ਹੇਠਲੇ ਕਾਵਿ ਰੂਪਾਂ ਵਿਚ ਆਮ ਆਉਂਦਾ ਹੈ—

(ੳ) ਵਾਰਾਂ ਵਿਚ (ਅ) ਜੰਗ ਨਾਮਿਆਂ ਵਿਚ (ੲ) ਭੇੜਾ (ਸ) ਗੁਰ ਬਿਲਾਸ (ਹ) ਕਿੱਸਿਆਂ ਵਿਚ (ਕ) ਆਮ ਕਵਿਤਾਵਾਂ ਵਿਚ।

ਵਾਰ ਬਾਹਰਮੁਖੀ ਕਵਿਤਾ ਦਾ ਰੂਪ ਹੈ। ਸ਼ਮਸ਼ੇਰ ਸਿੰਘ ਅਸ਼ੋਕ ਨੇ ਵਾਰ ਨੂੰ ਪੰਜਾਬੀ ਸਾਹਿਤ ਵਿਚ ਪੁਰਾਤਣ ਸਮੇਂ ਦਾ ਜੰਗੀ ਗੀਤ ਕਿਹਾ ਹੈ।

ਪੰਜਾਬੀ ਵਾਰ ਸਾਹਿਤ ਵਿਚ ਛੇ ਪੂਰਵ ਨਾਨਕ ਕਾਲ ਵਿਚ ਅਤੇ ਤਿੰਨ ਨਾਨਕ ਕਾਲ ਵਿਚ, (ਕੁੱਲ ਨੌਂ ਵਾਰਾਂ) ਲੋਕ ਵਾਰਾਂ ਜਾਂ ਧੁਨੀਆਂ ਦੀਆਂ ਵਾਰਾਂ ਕਰਕੇ ਪ੍ਰਸਿੱਧ ਹੋਈਆਂ। ਇਨ੍ਹਾਂ ਵਾਰਾਂ ਦੇ ਵਿਸ਼ੇ ਦਾ ਅਧਾਰ ਨਿੱਜੀ ਤੇ ਘਰੇਲੂ ਝਗੜੇ ਬਣਦੇ ਹਨ।

ਜੰਗ ਨਾਮਿਆਂ ਵਿਚ ਧਾਰਮਕ ਜੰਗ ਜੁੱਧ ਹੁੰਦੇ ਹਨ। ਧਰਮ ਹੇਤ ਲੜਿਆ ਜਾਂਦਾ ਹੈ। ਕਿੱਸਿਆਂ ਵਿਚ ਵੀ ਬੀਰ ਰਸ ਆਉਂਦਾ ਹੈ। ਦਮੋਦਰ ਨੇ ਹੀਰ ਦੇ ਕਿੱਸੇ ਤੇ ਪੀਲੂ ਨੇ ਮਿਰਜ਼ਾ ਸਾਹਿਬਾਂ ਦੇ ਕਿੱਸੇ ਵਿਚ ਬੀਰ ਰਸ ਲੈ ਆਂਦਾ ਹੈ।

ਪੂਰਵ ਨਾਨਕ ਕਾਲ (1500 ਈ: ਤਕ) ਦਾ ਵਾਰ ਸਾਹਿਤ—

ਪੂਰਵ ਨਾਨਕ ਕਾਲ ਵਿਚ ਕੁਝ ਲੋਕ ਵਾਰਾਂ ਵੀ ਰਚੀਆਂ ਗਈਆਂ। ਇਸ ਕਾਲ ਵਿਚ ਭਾਰਤ ਉੱਤੇ ਮੁਸਲਮਾਨੀ ਹਮਲੇ ਹੋਣੇ ਸ਼ੁਰੂ ਹੁੰਦੇ ਹਨ। ਰਾਜਪੂਤੀ ਰਾਜ ਦਾ ਅੰਤ ਇਸੇ ਸਮੇਂ ਹੁੰਦਾ ਹੈ। 'ਪੰਜਾਬ ਜੰਮੇ ਨੂੰ ਨਿਤ ਮੁਹਿੰਮਾਂ' ਦਾ ਅਖਾਣ ਵੀ ਇਸ ਸਮੇਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀ ਉਪਜ ਲਗਦਾ ਹੈ। ਸੋ ਇਸ ਸਮੇਂ ਵਾਰਾਂ ਦੀ ਰਚਨਾ ਸੁਭਾਵਕ ਤੇ ਕੁਦਰਤੀ ਹੈ। ਇਨ੍ਹਾਂ ਵਾਰਾਂ ਦੇ ਆਧਾਰ ਤੇ ਹੀ ਆਦਿ ਗ੍ਰੰਥ ਵਿਚਲੀਆਂ ਅਧਿਆਤਮਕ ਵਾਰਾਂ ਦੇ ਗਾਉਣ ਦਾ ਆਦੇਸ਼ ਹੈ । ਆਦਿ ਗ੍ਰੰਥ ਦੀਆਂ ਵਾਰਾਂ ਇਨ੍ਹਾਂ ਵਾਰਾਂ ਦੀਆਂ ਧੁਨੀਆਂ ਤੇ ਹੀ ਲਿਖੀਆਂ ਗਈਆਂ । ਸੰਭਵ ਹੈ ਕਿ ਇਹ ਵਾਰਾਂ ਗੁਰੂ ਕਾਲ ਵਿਚ ਕਾਫੀ ਪ੍ਰਚਲਤ ਹੋਣਗੀਆਂ। ਫਿਰ ਇਨ੍ਹਾਂ ਨੂੰ ਪ੍ਰਚਲਤ ਹੋਣ ਵਿਚ ਵੀ ਕਾਫੀ ਸਮਾਂ ਲੱਗਿਆ ਹੋਵੇਗਾ । ਸੋ ਸਪਸ਼ਟ ਹੈ ਕਿ ਇਹ ਵਾਰਾਂ ਪੁਰਾਣੀਆਂ ਕਾਫੀ ਹੋਣਗੀਆਂ । ਇਸ ਲਈ ਇਨ੍ਹਾਂ ਵਾਰਾਂ ਤੋਂ ਹੀ ਪੰਜਾਬੀ ਸਾਹਿਤ ਦੇ ਇਤਿਹਾਸ ਦਾ ਕਾਫੀ ਪੁਰਾਣਾ ਹੋਣਾ ਸਿੱਧ ਹੋ ਜਾਂਦਾ ਹੈ । ਇਨ੍ਹਾਂ ਵਾਰਾਂ ਦਾ ਜ਼ਿਕਰ ਇਉਂ ਹੈ—ਡਾ. ਮੋਹਣ ਸਿੰਘ ਦੀਵਾਨਾ ਨੇ ਵਾਰ ਸਾਹਿਤ ਦਾ ਆਰੰਭ ਮੀਰ ਖੁਸਰੋ ਦੀ 'ਤੁਗਲਕ ਦੀ ਵਾਰ' ਨਾਲ ਕੀਤਾ ਹੈ । ਪਰ ਅਜਿਹੀ ਕੋਈ ਵਾਰ ਨਹੀਂ ਮਿਲਦੀ । ਇਸ ਸਮੇਂ ਵਿਚ ਹੇਠ ਲਿਖੀਆਂ ਛੇ ਵਾਰਾਂ ਮਿਲਦੀਆਂ ਹਨ -

1. ਰਾਇ ਕਮਾਲ ਮਉਜ ਦੀ ਵਾਰ - ਗਉੜੀ ਵਾਰ ਮਹਲਾ 5 ਨੂੰ ਏਸੇ ਧੁਨੀ ਉੱਤੇ ਗਾਉਣ ਦਾ ਉਪਦੇਸ਼ ਹੈ। ਇਸ ਵਾਰ ਵਿਚ ਰਾਇ ਕਮਾਲ ਤੇ ਉਸ ਦੇ ਭਤੀਜੇ ਮਉਜ ਵਿਚਕਾਰ ਹੋਈ ਲੜਾਈ ਦਾ ਵਰਨਣ ਹੈ । ਮਉਜ ਆਪਣੇ ਪਿਤਾ ਦੀ ਮੌਤ ਦਾ ਬਦਲਾ ਲੈਂਦਾ ਹੈ । ਵਾਰ ਦਾ ਨਮੂਨਾ ਵੇਖੋ —

"ਰਾਣਾ ਰਾਇ ਕਮਾਲ ਦੀ, ਰਣ ਭਾਰਾ ਬਾਹੀ ।
ਮਉਜ ਦੀ ਤਲਵੰਡੀਓਂ, ਚੜ੍ਹਿਆ ਸਾਬਾਹੀ :
ਢਾਲੀ ਅੰਬਰ ਛਾਇਆ, ਫੁੱਲ ਅਕ ਕਾਹੀ ।
ਜੁਟੇ ਆਹਮੋ ਸਾਹਮਣੇ ਨੇਜ਼ੇ ਝਲਕਾਹੀ ।
ਮਉਜੇ ਘਰ ਵਧਾਈਆਂ, ਘਰ ਚਾਚੇ ਧਾਹੀਂ ।

ਇਸ ਲੋਕ ਵਾਰ ਦਾ ਜ਼ਿਕਰ ਕਰਦਿਆਂ ਪ੍ਰਿ. ਸੰਤ ਸਿੰਘ ਸੇਖੋਂ ਨੇ (ਪੰਜਾਬੀ ਸਾਹਿਤ ਦਾ ਇਤਿਹਾਸ) ਲਿਖਿਆ ਹੈ—

"ਰਾਏ ਕਮਾਲ ਤੇ ਮੌਜ ਦੀਨ ਸਿਧ ਹੈ ਕਿ ਰਾਜਪੂਤ ਮੁਸਲਮਾਨ ਸਨ । ਮੌਜ ਦੀ ਤਲਵੰਡੀ ਕਿਹੜੀ ਹੋ ਸਕਦੀ ਹੈ ? ਬੋਲ ਤੋਂ ਸਿਧ ਹੈ ਮਧ ਪੰਜਾਬ ਦਾ ਹੀ ਕੋਈ ਪ੍ਰਸਿਧ ਸਥਾਨ ਹੋ ਸਕਦਾ ਹੈ ।"

(ਭਾਸ਼ਾ ਵਿਭਾਗ ਜਿਲਦ ਪਹਿਲੀ ਪੰਨਾ 10)

2. ਟੁੰਡੇ ਅਸਰਾਜੇ ਦੀ ਵਾਰ—ਇਸ ਵਾਰ ਦੀ ਧਾਰਨਾ ਤੇ ਆਸਾ ਦੀ ਵਾਰ ਮਹਲਾ ੧ ਗਾਉਣ ਦਾ ਹੁਕਮ ਹੈ—

ਅਸਰਾਜੇ ਦੀ ਮਤਰੇਈ ਮਾਂ ਨੇ ਆਪਣਾ ਪਿਆਰ ਨਾ ਕਬੂਲਣ ਕਰਕੇ ਅਸਰਾਜੇ ਨੂੰ ਮੌਤ ਦੀ ਸਜ਼ਾ ਦਿਤੀ ਪਰ ਜਲਾਦਾਂ ਨੇ ਬਾਂਹ ਵੱਢ ਕੇ ਛੱਡ ਦਿਤਾ ਤੇ ਉਹ ਕਿਸੇ ਹੋਰ ਥਾਂ ਰਾਜਾ ਜਾ ਬਣਿਆ । ਬਾਂਹ ਵੱਢੇ ਜਾਣ ਕਾਰਣ ਟੁੰਡਾ ਕਿਹਾ ਜਾਣ ਲੱਗ ਪਿਆ । ਅੰਤ ਉਹ ਆਪਣੇ ਪਿਤਾ ਸਾਰੰਗ ਦੀ ਸਹਾਇਤਾ ਲਈ ਵੀ ਆਇਆ । ਇਸ ਵਿਚ ਬੀਰ ਰਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੂਹਣਾ ਪੇਸ਼ ਹੋਇਆ ਹੈ—

> "ਭੜਕਿਓ ਸ਼ੇਰ ਸਰਦੂਲ ਰਾਇ, ਰਣ ਮਾਰੂ ਬੱਜੇ,
> ਖਾਨ ਸੁਲਤਾਨ ਬਡ ਸੂਰਮੇ, ਵਿਚ ਰਣ ਦੇ ਗੱਜੇ।
> ਖਤ ਲਿਖੇ ਟੁੰਡੇ ਅਸਰਾਜ ਨੂੰ, ਪਾਤਸ਼ਾਹੀ ਅੱਜੇ।
> ਟਿਕਾ ਸਾਰੰਗ ਬਾਪ ਨੇ, ਦਿਤਾ ਭਰ ਲੱਜੇ।
> ਫਤਹ ਪਾਇ ਅਸਰਾਇ ਜੀ, ਸ਼ਾਹੀ ਘਰ ਸੱਜੇ।

3. ਸਿਕੰਦਰ ਇਬਰਾਹੀਮ ਦੀ ਵਾਰ—ਗੁਜਰੀ ਦੀ ਵਾਰ ਮਹਲਾ ੩ ਨੂੰ ਇਸੇ ਵਾਰ ਧੁਨੀ ਤੇ ਗਾਵਿਆ ਜਾਂਦਾ ਹੈ।

ਇਸ ਵਿਚ ਸਰਦਾਰ ਇਬਰਾਹੀਮ ਸਿਕੰਦਰ ਬਾਦਸ਼ਾਹ ਦੇ ਵਿਰੁਧ ਲੜਕੇ ਬ੍ਰਾਹਮਣ ਇਸਤਰੀ ਨੂੰ ਉਸ ਤੋਂ ਬਚਾਉਂਦਾ ਹੈ।

4. ਲੱਲਾ ਬਹਿਲੀਮਾ ਦੀ ਵਾਰ —ਇਸ ਦੀ ਧੁਨੀ ਤੇ ਗੁਰੂ ਰਾਮਦਾਸ ਜੀ ਦੀ ਵਡਹੰਸ ਦੀ ਵਾਰ ਗਾਈ ਜਾਂਦੀ ਹੈ। ਰਾਜਪੂਤ ਸਰਦਾਰਾਂ ਦੀ ਪਾਣੀ ਦੇ ਮਾਮਲੇ ਤੋਂ ਲੜਾਈ ਹੈ।

5. ਹਸਨੇ ਮਹਿਮੇ ਦੀ ਵਾਰ—ਇਸ ਦੀ ਧੁਨੀ ਤੇ ਗੁਰੂ ਰਾਮਦਾਸ ਜੀ ਦੀ ਸਾਰੰਗ ਦੀ ਵਾਰ ਗਾਉਣ ਦਾ ਉਪਦੇਸ਼ ਹੈ।

ਇਸ ਵਿਚ ਦੋ ਰਾਜਪੂਤ ਸਰਦਾਰਾਂ ਦੀ ਈਰਖਾ ਦਾ ਵਰਣਨ ਹੈ।

6. ਮੂਸੇ ਦੀ ਵਾਰ—ਇਸ ਦੀ ਧੁਨੀ ਤੇ ਗੁਰੂ ਰਾਮਦਾਸ ਜੀ ਦੀ ਕਾਨੜੇ ਦੀ ਵਾਰ ਚਲਦੀ ਹੈ। ਮੂਸੇ ਦੀ ਮੰਗੇਤਰ ਕਿਸੇ ਹੋਰ ਨਾਲ ਵਿਆਹੀ ਜਾਂਦੀ ਹੈ। ਮੂਸਾ ਲੜਾਈ ਕਰਕੇ ਖੋਹ ਲਿਆਉਂਦਾ ਹੈ। ਪਰ ਮੰਗੇਤਰ ਦਾ ਸਿਦਕ ਵੇਖ ਕੇ ਫਿਰ ਉਸ ਨਾਲ ਟੋਰ ਦੇਂਦਾ ਹੈ। ਇਸ ਤੋਂ ਮੂਸੇ ਦੇ ਸਦਾਚਾਰੀ ਗੁਣ ਦਾ ਵੀ ਪਤਾ ਲੱਗਦਾ ਹੈ।

> "ਤ੍ਰੈ ਸੈ ਸੱਠ ਮਰਾਤਬਾ, ਇਕ ਗੁਰੀਏ ਡੱਗੇ।
> ਚੜਿਆ ਮੂਸਾ ਪਾਤਸ਼ਾਹ, ਸੁਣਿਐ ਸਭ ਜੱਗੇ।
> ਰੁਤ ਪਛਾਤੀ ਬਗਲਿਆਂ, ਘੱਟ ਕਾਲੀ ਅੱਗੇ।"

'ਚੰਠੇ ਦੀ ਵਾਰ' ਦੀ ਬੋਲੀ ਇਸੇ ਵਾਰ ਦੀ ਬੋਲੀ ਤੋਂ ਪ੍ਰਭਾਵਤ ਲਗਦੀ ਹੈ।

ਇਨ੍ਹਾਂ ਵਾਰਾਂ ਉੱਤੇ ਡਾ. ਗੋਬਿੰਦ ਸਿੰਘ ਲਾਂਬਾ, 'ਆਦਿ ਕਾਲ ਦਾ ਪੰਜਾਬੀ ਸਾਹਿਤ' ਵਿਚ ਲਿਖਦਾ ਹੈ —"ਇਨ੍ਹਾਂ ਵਾਰਾਂ ਵਿਚ ਕਈ ਥਾਵਾਂ ਤੇ ਕਾਵਿ-ਕਲਾ ਸੋਹਣੀ ਉਘੜੀ ਹੈ ਅਤੇ ਕਈ ਪੰਕਤੀਆਂ ਲੋਕ ਉਕਤੀਆਂ ਦਾ ਰੂਪ ਧਾਰ ਸਕਦੀਆਂ ਹਨ ਭਾਵੇਂ ਇਨ੍ਹਾਂ ਦਾ ਵਿਸ਼ਾ ਵਸਤੂ ਸੀਮਤ ਸੀ।"

ਇਨ੍ਹਾਂ ਵਾਰਾਂ ਵਿਚ ਬੀਰ ਰਸ ਦਾ ਬੜਾ ਸੁੰਦਰ ਨਿਭਾ ਹੈ। ਇਨ੍ਹਾਂ ਨੂੰ ਪੜ੍ਹਦਿਆਂ ਰੋਹ ਚੜ੍ਹਦਾ ਤੇ ਡੌਲੇ ਫਰਕਦੇ ਹਨ। ਇਨ੍ਹਾਂ ਵਾਰਾਂ ਵਿਚਲੀਆਂ ਲੜਾਈਆਂ ਦਾ ਮੂਲ ਕਾਰਨ ਜ਼ਰ ਜੋਰੂ ਜ਼ਮੀਨ ਹੀ ਰਿਹਾ ਹੈ। ਸੰਤ ਸਿੰਘ ਸੇਖੋਂ ਇਨ੍ਹਾਂ ਵਾਰਾਂ ਬਾਰੇ ਲਿਖਦਾ ਹੈ—

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

''ਇਨ੍ਹਾਂ ਦੇ ਸਮੇਂ ਵਿਚ ਪੰਜਾਬੀ ਜੀਵਣ ਉੱਤੇ ਮੁਸਲਮਾਨ ਰਾਜਾ ਵਰਗ ਦੀ ਛਾਪ ਚੰਗੀ ਡੂੰਘੀ ਲੱਗ ਗਈ ਹੋਈ ਸੀ ਅਤੇ ਨਿੱਕੇ ਵੱਡੇ ਸਰਦਾਰ ਮੁਸਲਮਾਨ, ਰਾਜਪੂਤ ਪੰਜਾਬੀ ਜੰਤਾ ਦੇ ਸੁਭਾਵਕ ਆਗੂ ਬਣ ਚੁਕੇ ਸਨ। ਅੰਗਰੇਜ਼ੀ ਦੇ ਮੁਢਲੇ ਕਥਾ ਕਾਵਿ ਵਾਂਗ ਇਨ੍ਹਾਂ ਵਾਰਾਂ ਦੇ ਲੇਖਕ ਵੀ ਗੁੰਮਨਾਮ ਹਨ। ਇਨ੍ਹਾਂ ਵਾਰਾਂ ਨੂੰ ਢਾਡੀ ਜਾਂ ਭੱਟ ਇਕ ਥਾਂ ਤੋਂ ਦੂਜੇ ਥਾਂ ਗਾਉਂਦੇ ਫਿਰਦੇ ਸਨ। ਇਹ ਵਾਰਾਂ ਪੂਰੀਆਂ ਨਹੀਂ ਮਿਲਦੀਆਂ। ਵਾਰਕਾਰ ਬਿਰਤਾਂਤ ਰਾਹੀਂ ਬੀਰਤਾ ਭਰਿਆ ਵਾਤਾਵਰਣ ਪੈਦਾ ਕਰਦਾ, ਨਾਇਕ ਦੀ ਬਹਾਦੁਰੀ ਦਾ ਜਸ ਗਾਉਂਦਾ ਤੇ ਉਸ ਦੀ ਸ਼ਖ਼ਸੀਅਤ ਨੂੰ ਨਾਟਕੀ ਢੰਗ ਨਾਲ ਉਘਾੜਕੇ ਸਰਦਾਰਾਂ ਤੋਂ ਇਨਾਮ ਪ੍ਰਾਪਤ ਕਰਦਾ ਸੀ ਇਨ੍ਹਾਂ ਵਾਰਾਂ ਦੀ ਬੋਲੀ ਠੇਠ ਸਰਲ, ਜ਼ੋਰਦਾਰ, ਨਾਟਕੀ, ਖਰਵੀ ਹੁੰਦੀ ਹੈ। ਇਨ੍ਹਾਂ ਵਾਰਾਂ ਦਾ ਨਾਂ ਧੁਨੀਆਂ ਦੀਆਂ ਵਾਰਾਂ ਕਰਕੇ ਪ੍ਰਸਿਧ ਹੈ। ਕਿਉਂਕਿ ਆਦਿ ਗ੍ਰੰਥ ਵਿਚ ਰਚੀਆਂ ਗਈਆਂ 22 ਵਾਰਾਂ ਵਿਚੋਂ 9 ਵਾਰਾਂ ਜਿਨ੍ਹਾਂ ਦਾ ਜ਼ਿਕਰ ਉਪਰ ਨਾਲੋ ਨਾਲ ਕੀਤਾ ਗਿਆ ਹੈ, ਇਨ੍ਹਾਂ ਵਾਰਾਂ ਦੀਆਂ ਧੁਨੀਆਂ ਤੇ ਗਾਉਣ ਦਾ ਉਪਦੇਸ਼ ਹੈ। ਇਹ ਵਾਰਾਂ ਲਿਖਤੀ ਰੂਪ ਵਿਚ ਨਹੀਂ, ਸਗੋਂ ਢਾਡੀਆਂ ਰਾਹੀਂ ਹੀ ਲੋਕਾਂ ਤਕ ਪੁਜਦੀਆਂ ਸਨ। ਪੰਡਤ ਸੰਤ ਤਾਰਾ ਸਿੰਘ ਨਰੋਤਮ ਜੋ ਪੰਡਤ ਸੰਤ ਗੁਲਾਬ ਸਿੰਘ ਦਾ ਚੇਲਾ ਸੀ, ਨੇ ਸਭ ਤੋਂ ਪਹਿਲਾਂ ਆਪਣੀ ਪੁਸਤਕ 'ਗੁਰਮਤਿ ਨਿਰਣਯ ਸਾਗਰ' ਵਿਚ ਇਨ੍ਹਾਂ ਵਾਰਾਂ ਦੇ ਨਮੂਨੇ ਦਰਜ ਕੀਤੇ। 'ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ' (ਪ੍ਰੋ. ਕਸੇਲ, ਪਰਮਿੰਦਰ ਸਿੰਘ, ਡਾ. ਲਾਂਬਾ) ਵਿਚ ਇਨ੍ਹਾਂ ਵਾਰਾਂ ਬਾਰੇ ਇਉਂ ਆਇਆ ਹੈ—

''ਇਹ ਵਾਰਾਂ ਆਕਾਰ ਵਿਚ ਬਹੁਤੀਆਂ ਲੰਮੀਆਂ ਨਹੀਂ ਤੇ ਨਾ ਹੀ ਇਨ੍ਹਾਂ ਵਿਚ ਜੁੱਧ-ਖੇਤਰ ਦੇ ਨਜ਼ਾਰੇ, ਸੂਰਮਿਆਂ ਦੇ ਭੇੜ ਤੇ ਹਥਿਆਰਾਂ ਦੀ ਲਿਸ਼ਕ ਦਰਸਾਈ ਗਈ ਹੈ, ਜਿਹੜੀ ਚੰਡੀ ਦੀ ਵਾਰ ਜਾਂ ਨਜਾਬਤ ਦੀ ਵਾਰ ਵਿਚ ਸਾਡੀਆਂ ਅੱਖਾਂ ਸਾਹਮਣੇ ਆ ਖਲੋਂਦੀ ਹੈ। ਲਗਭਗ ਸਾਰੀਆਂ ਹੀ ਵਾਰਾਂ ਕੇਂਦਰੀ ਤੇ ਠੇਠ ਬੋਲੀ ਵਿਚ ਹਨ।''

ਇਨ੍ਹਾਂ ਵਾਰਾਂ ਦੇ ਬਹਿਰ ਹੀ ਅਗਲੀਆਂ ਵਾਰਾਂ ਵਿਚ ਵਰਤੇ ਗਏ ਹਨ। ਇਨ੍ਹਾਂ ਵਾਰਾਂ ਵਿਚ ਬਹੁਤ ਸਾਰੀਆਂ ਤਰੁਟੀਆਂ ਹਨ ਕਿਉਂਕਿ ਇਹ ਆਦਿ ਵਾਰਾਂ ਹਨ। ਫਿਰ ਇਹ ਪੂਰੀਆਂ ਮਿਲਦੀਆਂ ਵੀ ਤਾਂ ਨਹੀਂ।

ਗੁਰੂ ਕਾਲ ਦੀਆਂ ਵਾਰਾਂ (1500-1700)

ਗੁਰੂ ਕਾਲ ਦੀਆਂ ਵਾਰਾਂ ਨੂੰ ਤਿੰਨ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ।

1. ਲੋਕ ਵਾਰਾਂ 2. ਨਿਰੋਲ ਬੀਰ ਰਸੀ ਵਾਰਾਂ 3. ਅਧਿਆਤਮਕ ਵਾਰਾਂ।

1. ਲੋਕ ਵਾਰਾਂ— ਆਦਿ ਕਾਲ ਵਿਚ 9 ਲੋਕ ਵਾਰਾਂ ਰਚੀਆਂ ਗਈਆਂ। ਇਨ੍ਹਾਂ ਦੇ ਰਚਨਹਾਰ ਲੋਕ ਸਾਹਿਤ ਵਾਂਗ ਹੀ ਗੁੰਮਨਾਮ ਹਨ। ਛੇ ਵਾਰਾਂ ਪੂਰਵ ਨਾਨਕ ਕਾਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

(1500 ਈ: ਤਕ) ਰਚੀਆਂ ਗਈਆਂ ਅਤੇ ਤਿੰਨ ਨਾਨਕ ਕਾਲ ਵਿਚ। ਇਹ ਪੰਜਾਬੀ ਵਾਰ ਸਾਹਿਤ ਵਿਚ 9 ਲੋਕ ਧੁਨੀਆਂ ਦੀਆਂ ਵਾਰਾਂ ਕਰਕੇ ਪ੍ਰਸਿਧ ਹਨ।

1. ਮਲਕ ਮੁਰੀਦ ਤਥਾ ਚੰਦਰਹਾ ਸੋਹੀਆ ਦੀ ਵਾਰ—ਮਾਝ ਮਹਲਾ ਪੰਜ ਦੀ ਵਾਰ ਨੂੰ ਇਸ ਵਾਰ ਦੀ ਧੁਨੀ ਤੇ ਗੌਣ ਦਾ ਉਪਦੇਸ਼ ਹੈ। ਇਹ ਅਕਬਰ ਵੇਲੇ ਹੋਏ ਦੋ ਬਹਾਦਰ ਰਾਜਪੂਤ ਸਰਦਾਰ ਸਨ। ਲੋਕ ਕਵੀਆਂ ਨੇ ਇਨ੍ਹਾਂ ਦੀ ਵਾਰ ਰਚੀ।

2. ਜੋਧੇ ਵੀਰੇ ਪੂਰਬਾਣੀ ਦੀ ਵਾਰ – ਜੋਧਾ ਤੇ ਵੀਰਾ ਦੋ ਭਾਈ ਲਖੀ ਜੰਗਲ ਵਿਚ ਰਹਿੰਦੇ ਸਨ। ਇਹ ਸ਼ਾਹੀ ਖ਼ਜ਼ਾਨਿਆਂ ਨੂੰ ਲੁੱਟਦੇ ਸਨ। ਇਨ੍ਹਾਂ ਦੀ ਵਾਰ ਲੋਕ ਢਾਡੀਆਂ ਨੇ ਰਚੀ।

3. ਰਾਣੇ ਕੈਲਾਸ਼ ਤਥਾ ਮਾਲਦੇਵ ਦੀ ਵਾਰ ਕੈਲਾਸ਼ ਤੇ ਮਾਲਦੇਵ ਦੋ ਰਾਜਪੂਤ ਸਰਦਾਰ ਜਹਾਂਗੀਰ ਵੇਲੇ ਜੰਮੂ ਕਸ਼ਮੀਰ ਵਿਚ ਰਾਜ ਕਰਦੇ ਸਨ। ਇਹ ਆਪਸ ਵਿਚ ਲੜੇ।

6 ਪੂਰਵ ਨਾਨਕ ਕਾਲ ਸਮੇਂ ਦੀਆਂ ਲੋਕ ਵਾਰਾਂ ਵਾਂਗ ਹੀ ਇਨ੍ਹਾਂ ਤਿੰਨ ਵਾਰਾਂ ਦੇ ਲੜਾਈ ਦੇ ਕਾਰਣ ਵੀ ਜ਼ਰ, ਜ਼ੋਰੂ, ਜ਼ਮੀਨ ਹੀ ਰਹੇ ਹਨ। ਇਹ ਵਾਰਾਂ ਵੀ ਪੂਰੀਆਂ ਨਹੀਂ ਮਿਲਦੀਆਂ। ਪਰੰਤੂ ਇਨ੍ਹਾਂ ਵਿਚ ਵੀ ਬੀਰ ਰਸ ਚੰਗਾ ਬੰਨ੍ਹਿਆ ਗਿਆ ਹੈ।

2 ਨਿਰੋਲ ਬੀਰ ਰਸੀ ਵਾਰਾਂ—ਨਿਆਮਤ ਖਾਂ ਜਾਨ ਦੀ ਦੀਵਾਨ ਅਲਫ਼ ਖਾਂ ਦੀ ਵਾਰ, ਚੰਡੀ ਦੀ ਵਾਰ, ਢਾਡੀ ਅਬਦੁਲ ਤੇ ਨਥੂਮਲ ਦੀ ਗੁਰੂ ਹਰਿਗੋਬਿੰਦ ਸਾਹਿਬ ਦੀ ਵਾਰ, ਮਿਹਰਬਾਨ ਦੀ ਪੀਰਾਂ ਦੀ ਵਾਰ, ਦਰਬਾਰੀ ਕਵੀ ਮੀਰ ਮੁਸ਼ਕੀ ਤੇ ਮੀਰ ਛਬੀਲਾ ਦੀ ਭੰਗਾਣੀ ਦੀ ਵਾਰ, ਭਾਈ ਗੁਰਦਾਸ ਸਿੰਘ ਦੀ ਗੁਰ ਖਾਲਸੇ ਦੀ ਵਾਰ ਜਾਂ ਰਾਮਕਲੀ ਦੀ ਵਾਰ, ਪਾਤਸ਼ਾਹੀ ਦਸਵੀਂ ਦੀ ਪ੍ਰਸਿਧ ਹੈ। ਇਸ ਵਿਚ ਵੀ ਬਲਵੰਡ ਤੇ ਸੱਤੇ ਦੀ ਵਾਰ ਵਾਂਙ ਦਸਾਂ ਪਾਤਸ਼ਾਹੀਆਂ ਦਾ ਜਸ ਗਾਇਣ ਕੀਤਾ ਗਿਆ ਹੈ। ਪੀਰਾਂ ਦੀ ਵਾਰ ਦਾ ਨਾਂ ਪ੍ਰੋ. ਪਿਆਰਾ ਸਿੰਘ ਪਦਮ ਅਨੁਸਾਰ ਇਸ ਕਰਕੇ ਪਿਆ ਕਿਓਂ ਜੋ ਮਿਹਰਬਾਨ ਨੇ ਮੁਸਲਮਾਨ ਹਾਕਮਾਂ ਨੂੰ ਖੁਸ਼ ਕਰਨ ਲਈ ਰਚੀ ਜਾਂ ਮੁਸਲਮਾਨ ਕਵੀ ਤੋਂ ਲਿਖਵਾਈ। ਯਾਦ ਰਹੇ ਮਿਹਰਬਾਨ ਪ੍ਰਿਥੀ ਚੰਦ ਦਾ ਪੁਤਰ ਹੈ।

ਚੰਡੀ ਦੀ ਵਾਰ

ਬੀਰ ਰਸੀ ਪਖੋਂ ਇਹ ਸਰਵੋਤਮ ਵਾਰ ਹੈ। ਗੁਰੂ ਗੋਬਿੰਦ ਸਿੰਘ ਮਹਾਨ ਸੂਰਬੀਰ ਜੋਧੇ ਹਨ। ਉਨ੍ਹਾਂ ਨੇ ਮੁਗ਼ਲ ਸ਼ਾਹੀ ਧੱਕਾ, ਅਨਿਆਂ, ਜ਼ਬਰ ਜ਼ੁਲਮ, ਝੂਠ ਅਤੇ ਪੱਖ ਪਾਤ, ਅਧਰਮ ਵਿਰੁਧ ਸੰਘਰਸ਼ ਕਰਨ ਹਿਤ ਜਨਮ ਲਿਆ। ਉਨ੍ਹਾਂ ਦੀ ਚੰਡੀ ਦੀ ਵਾਰ ਚਿੜੀਆਂ ਤੋਂ ਬਾਜ ਤੇ ਸਵਾ ਲੱਖ ਨਾਲ ਇਕ ਨੂੰ ਲੜਾਣ ਦੀ ਸ਼ਕਤੀ ਰਖਦੀ ਹੈ। ਇਹ ਵਾਰ ਮੁਰਦੇ ਦਿਲਾਂ ਵਿਚ ਬੀਰ ਰਸ ਪੈਦਾ ਕਰਦੀ ਹੈ। ਗਿਦੜੋਂ ਸ਼ੇਰ ਬਣਾਉਂਦੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਨੂੰ ਪੜ੍ਹ ਕੇ ਰੋਸ ਤੇ ਜੋਸ਼ ਚੜ੍ਹਦਾ ਹੈ। ਰਣ ਖੇਤਰ ਵਿਚ ਜੂਝਣ ਨੂੰ ਜੀਅ ਕਰ ਆਉਂਦਾ ਹੈ। ਇਸ ਵਾਰ ਵਿਚ ਆਦਿ ਤੋਂ ਅੰਤ ਤਕ ਨਿਰੰਤਰ ਬੀਰ ਰਸ ਨਿਭਾਇਆ ਗਿਆ ਹੈ। ਕਿਧਰੇ ਵੀ ਬੀਰ ਰਸ ਫਿੱਕਾ ਨਹੀਂ ਪੈਣ ਦਿਤਾ ਗਿਆ। ਵਰਤੇ ਗਏ ਅਲੰਕਾਰ ਤੇ ਕਟਾਖ਼ਸ਼ ਬੀਰ ਰਸ ਨੂੰ ਸਿਖ਼ਰ ਤੇ ਲੈ ਜਾਂਦੇ ਹਨ। ਜੁੱਧ ਖੇਤ੍ਰ ਦਾ ਅਨੂਪਮ ਤੇ ਅਦੁੱਤੀ ਵਾਤਾਵਰਣ ਸਿਰਜਿਆ ਗਿਆ ਹੈ। ਇਹ ਪੰਜਾਬੀ ਦੀ ਪਹਿਲੀ ਲੰਮੇਰੀ ਤੇ ਪੂਰਨ ਅਤੇ ਪਰਮਾਣੀਕ ਵਾਰ ਹੈ। ਇਸ ਵਿਚ ਬੇ ਪਨਾਹ ਪ੍ਰੇਰਣਾ ਤੇ ਸ਼ਕਤੀ ਹੈ। ਇਸ ਦੀ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਦੈਤਾਂ ਦੀ ਬੀਰਤਾ ਨੂੰ ਵੀ ਨਿਰਪੱਖਤਾ ਸਹਿਤ ਪੇਸ਼ ਕੀਤਾ ਗਿਆ ਹੈ। ਕਿਤੇ ਕਿਤੇ ਤਾਂ ਇਹ ਬਿਲਕੁਲ ਉਨੀ ਇਕੀ ਦਾ ਅੰਤਰ ਰਹਿ ਜਾਂਦਾ ਹੈ।

ਬੱਦਲ ਜਿਉਂ ਮਹਿਖਾ ਸੁਰ, ਰਣ ਵਿਚ ਗੱਜਿਆ।
ਇੰਦਰ ਜਿਹਾ ਜੋਧਾ, ਮੈਥੋਂ ਭੱਜਿਆ।
ਇਹ ਕੌਣ ਵਿਚਾਰੀ ਦੁਰਗਾ, ਜਿਨ ਰਣ ਸੱਜਿਆ।

ਉਪਮਾ ਅਲੰਕਾਰ ਤੇ ਅਤਿਕਥਨੀ ਅਲੰਕਾਰ ਬੀਰ ਰਸ ਨੂੰ ਸੁਹਣਾ ਪੇਸ਼ ਕਰ ਜਾਂਦੇ ਹਨ।

ਇਹ ਵਾਰ ਕਿਉਂਕਿ ਨੇਕੀ ਤੇ ਬਦੀ ਦੀ ਵਾਰ ਵੀ ਹੈ। ਇਸ ਕਰਕੇ ਇਹ ਅਧਿਆਤਮਕ ਵਾਰਾਂ ਵਿਚ ਵੀ ਸ਼ੁਮਾਰ ਹੋਏਗੀ। ਕਿਉਂਕਿ ਇਸ ਵਿਚ ਅਸਲ ਵਿਚ ਪ੍ਰਭੂ ਦਾ ਹੀ ਜਸ ਗਾਇਣ ਕੀਤਾ ਗਿਆ ਹੈ—

ਤੈਂ ਹੀ ਦੁਰਗਾ ਸਾਜ ਕੇ, ਦੈਂਤਾਂ ਦਾ ਨਾਸ ਕਰਾਇਆ।

ਇਸ ਵਿਚਲਾ ਅਧਿਆਤਮਕਤਾ ਦਾ ਅੰਸ਼ ਹੇਠਲੀ ਪੰਕਤੀ ਵਿਚੋਂ ਵੀ ਪ੍ਰਗਟ ਹੁੰਦਾ ਹੈ—

ਅਭਿਮਾਨ ਉਤਾਰਨ ਦੇਵਤਿਆਂ, ਮਹਿਖ਼ਾਸੁਰ ਸੁੰਭ ਉਪਾਇਆ।

3. **ਅਧਿਆਤਮਕ ਵਾਰਾਂ**—ਜਿਹਾ ਕਿ ਅਧਿਆਤਮਕ ਵਾਰਾਂ, ਵਿਚ ਹੁੰਦਾ ਹੈ

ਭਾਈ ਗੁਰਦਾਸ ਦੀਆਂ ਵਾਰਾਂ ਵਿਚ ਵੀ ਨੇਕੀ-ਬਦੀ, ਗੁਰਮੁਖ-ਬੇਮੁਖ, ਗੁਰਮੁਖ-ਮਨਮੁਖ, ਸਾਧ-ਅਸਾਧ, ਸੰਤ-ਅਸੰਤ, ਦੇਵ ਦਾ ਨਵ, ਸਤ-ਅਸਤ, ਪੁੰਨ-ਪਾਪ, ਧਰਮ-ਅਧਰਮ, ਅਚੋਰ-ਚੋਰ, ਆਦਿ ਵਿਚਕਾਰ ਟੱਕਰ ਤੋਂ ਉਸਰਿਆ ਨੇਕ ਪਾਸੇ ਪ੍ਰੇਰਦਾ ਬੀਰ ਰਸ ਹੈ। ਉਨ੍ਹਾਂ ਨੇ ਗੁਰੂ ਨਾਨਕ ਵਾਂਗ ਹੀ ਇਤਿਹਾਸਿਕ, ਮਿਥਿਹਾਸਿਕ, ਸਦਾਚਾਰਿਕ ਤੇ ਸਮਾਜਿਕ ਵਿਸ਼ਿਆਂ ਨੂੰ ਲਿਆ ਹੈ। ਗੁਰੂ ਸਾਹਿਬਾਂ ਦੇ ਇਤਿਹਾਸ ਦਾ ਨਿਰਣਾ ਕਰਨ ਲਈ ਉਨ੍ਹਾਂ ਦੀਆਂ ਵਾਰਾਂ ਸਹਾਇਕ ਸਿਧ ਹੋ ਸਕਦੀਆਂ ਹਨ। ਉਨ੍ਹਾਂ ਦੀਆਂ ਵਾਰਾਂ ਤੋਂ ਗਿਆਨ ਹੁੰਦਾ ਹੈ ਕਿ ਗੁਰੂ ਨਾਨਕ ਦੇ ਗੱਦੀ ਕਾਰ ਸਹੀ ਹੱਕਦਾਰ ਸਨ। ਆਪ ਨੇ ਗੁਰਬਾਣੀ ਦੀ ਵਿਆਖਿਆ ਕੀਤੀ ਹੈ। ਭਾਸ਼ਾ ਸਰਲ, ਸਪਸ਼ਟ ਤੇ ਠੇਠ ਵਰਤੀ ਹੈ। ਗੁਰਬਾਣੀ ਵਿਚਲੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਤਿਹਾਸਿਕ ਤੇ ਮਿਥਿਹਾਸਿਕ ਹਵਾਲਿਆਂ ਨੂੰ ਸਪਸ਼ਟ ਕੀਤਾ ਹੈ। ਇਸ ਕਰਕੇ ਹੀ ਗੁਰੂ ਅਰਜਨ ਨੇ ਆਪ ਦੀਆਂ ਵਾਰਾਂ ਨੂੰ ਗੁਰਬਾਣੀ ਦੀ ਕੁੰਜੀ ਕਹਿ ਕੇ ਸਲਾਹਿਆ ਹੈ।

ਭਾਈ ਗੁਰਦਾਸ ਦੀਆਂ 41 ਕੁ ਵਾਰਾਂ ਮਿਲਦੀਆਂ ਹਨ। ਇਕ 'ਭੱਟ ਸੱਤੇ ਤੇ ਬਲਵੰਡ ਦੀ ਰਾਗ ਰਾਮਕਲੀ ਦੀ ਵਾਰ' ਵੀ ਆਦਿ ਗ੍ਰੰਥ ਵਿਚ ਅੰਕਿਤ ਹੈ। ਇਸ ਵਿਚ ਗੁਰੂਆਂ ਦਾ ਜਸ ਗਾਇਣ ਕੀਤਾ ਗਿਆ ਹੈ।

ਪੰਜਾਬੀ ਸਾਹਿਤ ਵਿਚ ਅਧਿਆਤਮਕ ਵਾਰਾਂ ਆਦਿ ਕਾਲ ਵਿਚ ਗੁਰੂ ਕਾਲ (1500-1700 ਈ: ਤਕ) ਸਮੇਂ ਰਚੀਆਂ ਗਈਆਂ। ਇਹ ਕਾਲ ਵਾਰ ਦਾ ਸੁਨਹਿਰੀ ਸ਼ਰੋਮਣੀ ਤੇ ਸਿਖ਼ਰ ਕਾਲ ਹੈ। ਗੁਰੂ ਨਾਨਕ ਕਾਲ ਵੈਸੈ ਵੀ ਹਰ ਪਖੋਂ ਸੋਨ-ਸੁਨਹਿਰੀ-ਸਮਾਂ ਹੈ। ਇਸ ਸਮੇਂ ਵਾਰ ਨੂੰ ਆਪਣੇ ਪਰਪੱਕ ਰੂਪ ਵਿਚ ਨਿਖਾਰਿਆ ਗਿਆ। ਵਾਰਾਂ ਨੂੰ ਪਉੜੀਆਂ ਵਿਚ ਹੀ ਰਚੇ ਜਾਣ ਦੀ ਪਰੰਪਰਾ ਭਾਈ ਗੁਰਦਾਸ ਜੀ ਨੇ ਪ੍ਰਚਲਤ ਕੀਤੀ। ਹੁਣ ਇਸ ਪਰਿਪਾਟੀ ਅਧੀਨ ਹੀ ਵਾਰਾਂ ਰਚੀਆਂ ਜਾਣਗੀਆਂ। ਭਾਵ ਪਉੜੀਆਂ ਤੋਂ ਬਿਨਾ ਵਾਰਾਂ ਨਹੀਂ ਰਚੀਆਂ ਜਾ ਸਕਦੀਆਂ। ਵਾਰਾਂ ਦੀ ਕਾਵਿ-ਕੌਸ਼ਲਤਾ ਆਪਣੇ ਚਰਮ ਦੀ ਸਿਖ਼ਰ-ਸੀਮਾ ਤੇ ਪੁੱਜਦੀ ਹੈ। ਗੁਣਾਂਤਮਕ ਤੇ ਗਿਣਾਤਮਕ-ਦੁਹਾਂ ਪਖੋਂ ਵਾਰਾਂ ਸਿਖ਼ਰ ਛੁਹਦੀਆਂ ਹਨ। ਇਸ ਸਮੇਂ ਸਭ ਤੋਂ ਵਧੇਰੇ ਵਾਰਾਂ ਰਚਨ ਵਾਲੇ ਭਾਈ ਗੁਰਦਾਸ ਜੀ ਹਨ। ਬੀਰ ਰਸੀ ਪਖੋਂ ਗੁਰੂ ਗੋਬਿੰਦ ਸਿੰਘ ਜੀ ਦੀ 'ਚੰਡੀ ਦੀ ਵਾਰ' ਸੰਸਾਰ ਭਰ ਵਿਚੋਂ ਪਹਿਲੇ ਨੰਬਰ ਤੇ ਹੈ।

ਗੁਰੂ ਅਧਿਆਤਮਕ ਵਾਰਾਂ—

ਗੁਰੂ ਨਾਨਕ ਦੀਆਂ ਤਿੰਨ ਵਾਰਾਂ—ਆਸਾ ਦੀ ਵਾਰ, ਮਾਝ ਦੀ ਵਾਰ, ਮਲ੍ਹਾਰ ਦੀ ਵਾਰ

ਗੁਰੂ ਅਮਰ ਦਾਸ ਦੀਆਂ ਚਾਰ ਵਾਰਾਂ—ਰਾਗ ਗੁਜਰੀ, ਸੂਹੀ, ਰਾਮ ਕਲੀ ਤੇ ਮਾਰੂ ਵਿਚ।

ਗੁਰੂ ਰਾਮ ਦਾਸ ਦੀਆਂ 8 ਵਾਰਾਂ—ਸ੍ਰੀ ਰਾਗ, ਗਉੜੀ, ਬਿਹਾਗੜਾ, ਵਡਹੰਸ, ਸੋਰਠ, ਬਿਲਾਵਲ, ਸਾਰੰਗ ਤੇ ਕਾਨੜਾ ਰਾਗਾਂ ਵਿਚ।

ਗੁਰੂ ਅਰਜਨ ਦੀਆਂ 8 ਵਾਰਾਂ—ਮਾਰੂ ਡਖਣੇ ਦੀ ਵਾਰ, ਗਉੜੀ ਦੀ ਵਾਰ, ਗੁਜਰੀ ਦੀ ਵਾਰ, ਜੈਤਸਰੀ ਦੀ ਵਾਰ, ਵਾਰ ਸੂਹੀ, ਵਾਰ ਬਿਲਾਵਲ ਵਾਰ ਰਾਮ ਕਲੀ, ਵਾਰ ਬਸੰਤ। ਪਰੰਤੂ ਵਾਰ ਸੂਹੀ ਤੇ ਵਾਰ ਬਿਲਾਵਲ ਆਦਿ ਗ੍ਰੰਥ ਤੋਂ ਬਾਹਰ ਹਨ।

ਆਸਾ ਦੀ ਵਾਰ ਤੇ ਹੋਰ ਅਧਿਆਤਮਕ ਵਾਰਾਂ

ਆਦਿ ਗ੍ਰੰਥ ਦੀਆਂ 22 ਵਾਰਾਂ ਵਿਚੋਂ 9 ਵਾਰਾਂ ਨੂੰ 9 ਲੋਕ ਧੁਨੀਆਂ ਦੀਆਂ ਵਾਰਾਂ ਤੇ ਗੌਣ ਦਾ ਉਪਦੇਸ਼ ਦਿੱਤਾ ਗਿਆ ਹੈ। ਗੁਰੂ ਨਾਨਕ ਦੀ ਆਸਾ ਦੀ ਵਾਰ ਨੂੰ ਟੁੰਡੇ ਅਸਰਾਜੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੀ ਵਾਰ ਦੀ ਧੁਨੀ ਤੇ ਗਾਉਣ ਦਾ ਆਦੇਸ਼ ਹੈ। ਇਸ ਦਾ ਅਰਥ ਇਹ ਹੋਇਆ ਕਿ ਸਾਹਿਤ ਦਾ ਇਤਿਹਾਸ ਸਦਾ ਲੋਕ ਸਾਹਿਤ ਦਾ ਆਸਰਾ ਤੇ ਇਸ ਤੋਂ ਪ੍ਰੇਰਣਾ ਲੈਂਦਾ ਹੈ ਅਤੇ ਇਸ ਤੇ ਆਧਾਰਿਤ ਹੁੰਦਾ ਹੈ।

ਵਾਰ ਕਵਿਤਾ ਦਾ ਬਾਹਰਮੁਖੀ ਕਾਵਿ-ਰੂਪ ਹੈ। ਇਸ ਵਿਚ ਆਮ ਕਰਕੇ ਕਹਾਣੀ, ਮਨੁੱਖੀ ਬੀਰਤਾ, ਦ੍ਰਿਸ਼, ਆਦਿ ਦਾ ਵਰਣਨ ਹੁੰਦਾ ਹੈ। ਪਰੰਤੂ ਅਧਿਆਤਮਕ ਵਾਰ ਅੰਦਰ ਮੁਖੀ ਹੈ। ਆਸਾ ਦੀ ਵਾਰ ਵੀ ਅੰਦਰ ਮੁਖੀ ਹੈ। ਸਾਰੀਆਂ ਅਧਿਆਤਮਕ ਵਾਰਾਂ ਅੰਦਰ ਮੁਖੀ ਹਨ। ਚੰਡੀ ਦੀ ਵਾਰ ਬਾਹਰਮੁਖੀ ਹੈ।

ਆਮ ਵਾਰਾਂ ਵਿਚ ਯੁਧ-ਖੇਤ੍ਰ ਬਾਹਰ ਰਣ-ਖੇਤ੍ਰ ਵਿਚ ਹੁੰਦਾ ਹੈ, ਪਰੰਤੂ ਅਧਿਆਤਮਕ ਵਾਰਾਂ ਵਿਚ ਯੁੱਧ-ਖੇਤ੍ਰ ਮਨੁੱਖ ਦੇ ਅੰਦਰ ਹੈ। ਹਾਰ ਜਿੱਤ ਵੀ ਮਨੁੱਖ ਦੇ ਅੰਦਰ ਹੈ। ਲੜਾਈ ਮਨੁੱਖ ਦੇ ਅੰਦਰ ਹੀ ਨੇਕੀ ਤੇ ਬਦੀ ਦੀ ਹੋ ਰਹੀ ਹੈ। ਕਿਉਂਕਿ ਜਸ ਅਪਜਸ ਦਾ ਕਾਰਣ ਮਨੁੱਖ ਨਹੀਂ ਹੈ, ਸਗੋਂ ਉਸ ਦੇ ਗੁਣ ਅਵਗੁਣ ਹਨ। ਅਧਿਆਤਮਕ ਵਾਰ ਨਿਰੋਲ ਘਟਨਾ, ਕਹਾਣੀ ਜਾਂ ਪਾਤਰ ਦੀ ਸ਼ਖ਼ਸੀਅਤ ਦੇ ਸਥੂਲ ਰੂਪ ਨੂੰ ਨਹੀਂ ਚਿਤਰਦੀ, ਸਗੋਂ ਉਸ ਦੀ ਅੰਦਰਲੀ ਸੂਖਮਤਾ ਨੂੰ ਪੇਸ਼ ਕਰਦੀ ਹੈ। ਆਸਾ ਦੀ ਵਾਰ ਵਿਚ ਵੀ ਐਸਾ ਹੀ ਹੈ—ਆਸਾ ਦੀ ਵਾਰ ਵਿਚ ਭਾਵੇਂ ਬਾਹਰਮੁਖੀ ਦ੍ਰਿਸ਼ ਵੀ ਅਨੇਕ ਚਿਤਰੇ ਗਏ ਹਨ, ਪਰੰਤੂ ਉਹ ਵੀ ਸਗੋਂ ਮਨੁੱਖ ਦੀ ਅੰਦਰਲੀ ਅਵਸਥਾ ਨੂੰ ਹੀ ਸਾਕਾਰ ਕਰਦੇ ਹਨ। ਜਿਵੇਂ—

1. ਪੜਿ ਪੜਿ ਗੱਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ।
ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ।
ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ।
ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ।

ਇਸ ਦੀ ਅੰਦਰ ਮੁਖਤਾ ਇਹ ਹੈ—

ਨਾਨਕ ਲੇਖੈ ਇਕ ਗੱਲ ਹੋਰ ਹਉਮੈ ਝਖਣਾ ਝਾਖ।
ਲਿਖਿ ਲਿਖਿ ਪੜ੍ਹਿਆ ਤੇਤਾ ਕੜਿਆ।

2. ਰਹੈ ਬੇਬਾਣੀ ਮੜੀ ਮਸਾਣੀ।
ਅੰਧੁ ਨ ਜਾਣੈ ਫਿਰ ਪਛੁਤਾਣੀ।

ਇਸ ਦੀ ਅੰਦਰ ਮੁਖਤਾ ਇਹ ਹੈ—

ਸਤਿਗੁਰ ਭੇਟੇ ਸੋ ਸੁਖੁ ਪਾਏ।
ਹਰਿ ਕਾ ਨਾਮੁ ਮੰਨਿ ਵਸਾਏ।

ਅਧਿਆਤਮਕ ਵਾਰਾਂ ਕਿਸੇ ਸੰਸਾਰਕ ਰਾਜੇ ਮਹਾਰਾਜੇ ਨੂੰ ਆਪਣਾ ਨਾਇਕ ਨਹੀਂ ਥਾਪਦੀਆਂ। ਇਹ ਤਾਂ ਪ੍ਰਭੂ ਦਾ ਜਸ ਗਾਇਣ ਕਰਦੀਆਂ ਹਨ—

1. ਬ੍ਰਹਮਾ ਬਿਸਨੁ ਮਹੇਸੁ ਦੇਵ ਉਪਾਇਆ।
... ...

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

2. ਈਸ ਮਹੇਸੁਰ ਸੇਵ ਤਿਨੀ ਅੰਤ ਨ ਪਾਇਆ।
ਸਚੀ ਕੀਮਤਿ ਪਾਇ ਤਖਤੁ ਰਚਾਇਆ।
ਦੁਨੀਆਂ ਧੰਧੈ ਲਾਇ ਆਪ ਛਪਾਇਆ।
ਧਰਮੁ ਕਰਾਏ ਕਰਮੁ ਧੁਰਹੁ ਫੁਰਮਾਇਆ।

(ਅਧਿਆਤਮਕ ਵਾਰਾਂ ਦੇ ਮੋਢੀ)

ਆਸਾ ਦੀ ਵਾਰ ਵਿਚ ਵੀ ਇਹੀ ਪਰੰਪਰਾ ਨਿਭਾਈ ਗਈ ਹੈ—ਪ੍ਰਭੂ ਦਾ ਜਸ ਹੈ- -ਜਿਵੇਂ—

1. ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ।
ਦੁਯੀ ਕੁਦਰਤਿ ਸਾਜੀਐ ਕਰ ਆਸਣੁ ਡਿਠੋ ਚਾਉ।
ਦਾਤਾ ਕਰਤਾ ਆਪ ਤੂੰ ਤੁਸਿ ਦੇਵਹਿ ਕਰਹਿ ਪਸਾਉ।
... ...

2. ਸਚੇ ਤੇਰੇ ਖੰਡ ਸਚੇ ਬ੍ਰਹਿਮੰਡ।
ਸਚੇ ਤੇਰੇ ਲੋਅ ਸਚੇ ਆਕਾਰ।
ਸਚੇ ਤੇਰੇ ਕਰਣੇ ਸਰਬ ਬੀਚਾਰ।
... ...

3. ਵਡੀ ਵਡਿਆਈ ਜਾ ਵਡਾ ਨਾਉ।
ਵਡੀ ਵਡਿਆਈ ਜਾ ਸਚੁ ਨਿਆਉ।

ਇਉਂ ਸਮੁੱਚੀ ਵਾਰ ਵਿਚ ਹੀ ਪਾਰਬ੍ਰਹਮ ਦੀ ਵਡਿਆਈ ਹੈ। ਸੋ ਅਧਿਆਤਮਕ ਵਾਰਾਂ ਵਿਚ ਪ੍ਰਭੂ ਨਾਇਕ ਹੁੰਦਾ ਹੈ। ਪ੍ਰਭੂ ਤੋਂ ਥੱਲੇ ਜੇ ਕੋਈ ਹੋਰ ਨਾਇਕ ਹੁੰਦਾ ਤਾਂ ਉਹ ਹੈ ਗੁਰਮੁਖ, ਸਾਧ, ਸੰਤ, ਬ੍ਰਹਮ ਗਿਆਨੀ। ਆਸਾ ਦੀ ਵਾਰ ਵਿਚ ਵੀ ਗੁਰੂ ਦੀ ਮਹਿਮਾ ਆਈ ਹੈ—

1. ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦਵਾਰ'
ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ।
... ...

2. ਸਤਿਗੁਰੂ ਹੈ ਬੋਹਿਥਾ ਵਿਰਲੈ ਕਿਨੈ ਵੀਚਾਰਿਆ।
ਕਰਿ ਕਿਰਪਾ ਪਾਰ ਉਤਾਰਿਆ।

ਸਤਿਗੁਰੂ ਧਰਤੀ ਉਤੇ ਪ੍ਰਭੂ ਦਾ ਪ੍ਰਤੀਨਿਧੀ ਹੁੰਦਾਂ ਹੈ।

ਅਧਿਆਤਮਕ ਵਾਰਾਂ ਵਿਚ ਯੁਧ ਖੇਤ੍ਰ ਦਾ ਦ੍ਰਿਸ਼ ਇਉਂ ਹੈ -

ਆਪੇ ਛਿੰਝ ਪਵਾਇ ਮਲਾ ਖਾੜਾ ਰਚਿਆ।
ਲਥੇ ਭੜਥੂ ਪਾਇ ਗੁਰਮੁਖਿ ਮਚਿਆ।
ਮਨਮੁਖਿ ਮਾਰੇ ਪਛਾੜਿ ਮੂਰਖ ਕਢਿਆ।
ਆਪਿ ਭਿੜੈ ਮਾਰੇ ਆਪਿ ਕਾਰਜੁ ਰਚਿਆ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਥੇ ਕੇਵਲ ਯੁਧ ਦੇ ਸੁਭਾਅ ਦਾ ਫ਼ਰਕ ਹੈ ।

ਆਮ ਵਾਰਾਂ ਵਿਚ ਨਾਇਕ ਲਈ ਕਸਵਟੀ ਇਹ ਹੈ ਕਿ ਉਹ ਰਾਜਾ, ਮਹਾਰਾਜਾ ਜ਼ਾਂ ਵੱਡੀ ਕੁਲ ਵਿਚੋਂ ਹੋਵੇ । ਪਰੰਤੂ ਅਧਿਆਤਮਕ ਵਾਰਾਂ ਵਿਚ ਐਸਾ ਜ਼ਰੂਰੀ ਨਹੀਂ ਹੁੰਦਾ। ਸ਼ਰਤ ਕੇਵਲ ਇਹੀ ਹੈ ਕਿ ਉਹ ਹੋਵੇ ਭਾਵੇਂ ਕਿਸੇ ਵੀ ਕੁਲ, ਜ਼ਾਤ, ਪਾਤ, ਅਸਲ ਨਕਲ਼ ਦਾ ਪਰ ਹੋਵੇ ਗੁਰਮੁਖ, ਪ੍ਰਭੂ ਪਿਆਰਾ । ਭਗਤ ਸੱਚਾ ।

ਪਰੰਤੂ ਅਸਲ ਨਕਲ ਦਾ ਨਿਰਣਾ ਅਧਿਆਤਮਕ ਵਾਰਾਂ ਵਿਚ ਅਵੱਛ ਕੀਤਾ ਹੁੰਦਾ ਹੈ । ਜਿਵੇਂ ਆਸਾ ਦੀ ਵਾਰ ਵਿਚ—

ਵਾਇਨਿ ਚੇਲੇ ਨਚਨਿ ਗੁਰ ।
ਪੈਰ ਹਿਲਾਇਨਿ ਫੇਰਨਿ ਸਿਰਿ ।
ਉਡਿ ਉਡਿ ਰਾਵਾ ਝਾਟੈ ਪਾਇ ।
ਵੇਖੈ ਲੋਕ ਹਸੈ ਘਰਿ ਜਾਇ ।
ਰੋਟੀਆ ਕਾਰਣਿ ਪੂਰਹਿ ਤਾਲ ।

ਇਹ ਦ੍ਰਿਸ਼ ਕਲਜੁਗੀ ਗੁਰੂ ਦਾ ਹੈ। ਇਸ ਉੱਤੇ ਵਿਅੰਗ ਉਡਾਇਆ ਗਿਆ ਹੈ। ਉਸ ਦਾ ਪਾਖੰਡ ਉਘਾੜਿਆ ਗਿਆ ਹੈ। ਉਸ ਨੂੰ ਨੰਗਿਆਂ ਕੀਤਾ ਗਿਆ ਹੈ। ਉਸ ਦਾ ਮਨੋਰਥ ਕੋਈ ਭਗਤੀ ਨਹੀਂ ਹੈ, ਸਗੋਂ ਰੋਟੀਆਂ ਦੀ ਖਾਤਰ ਉਹ ਇਹ ਪਾਖੰਡ ਰਚ ਰਿਹਾ ਹੈ । ਇਸੇ ਤਰ੍ਹਾਂ ਪਾਖੰਡੀ ਪਾਂਧੇ ਦਾ ਚਿਤ੍ਰ ਹੈ ।

ਅਧਿਆਤਮਕ ਵਾਰਾਂ ਵਿਚ ਝੂਠ ਸਦਾ ਹਾਰਦਾ ਅਤੇ ਨੇਕੀ ਜਿਤਦੀ ਹੈ।

ਭਗਤਿ ਤੇਰੇ ਮਨਿ ਭਾਂਵਦੇ ਦਰਿ ਸੋਹਨਿ ਕੀਰਤਿ ਗਾਵਦੇ ।

ਗੁਰੂ ਨਾਨਕ ਨੇ ਆਦਿ ਗ੍ਰੰਥ ਦੀਆਂ ਅਧਿਆਤਮਕ ਵਾਰਾਂ ਵਿਚ ਹਰਿ ਪਉੜੀ ਤੋਂ ਪਹਿਲਾਂ ਸਲੋਕ ਦੇਣ ਦੀ ਪਿਰਤ ਤੋਰੀ। ਪਰੰਤੂ ਇਹ ਬੇਮੇਲ ਤੇ ਬੇਜੁਰੇ ਨਹੀ ਹੁੰਦੇ ਸਗੋਂ ਸਲੋਕਾਂ ਤੇ ਪਉੜੀਆਂ ਦਾ ਆਪਸ ਵਿਚ ਸੰਬੰਧ ਹੁੰਦਾ ਹੈ। ਸਲੋਕਾਂ ਵਿਚ ਕੇਂਦਰੀ ਭਾਵ ਅੰਕਿਤ ਕੀਤਾ ਜਾਂਦਾ ਹੈ ਜਦ ਕਿ ਪਉੜੀਆਂ ਵਿਚ ਵਿਸਤਾਰ ਹੁੰਦਾ ਹੈ ਜਾਂ ਉਦਾਹਰਣਾਂ ਦਿਤੀਆਂ ਹੁੰਦੀਆਂ ਹਨ। ਆਸਾ ਦੀ ਵਾਰ ਵਿਚ ਵੀ ਏਵੇਂ ਹੀ ਹੈ। ਪਰੰਤੂ ਸੱਤੇ ਬਲਵੰਡ ਦੀ ਵਾਰ ਵਿਚ ਸਲੋਕ ਨਹੀਂ ਹਨ। ਨਾ ਹੀ ਭਾਈ ਗੁਰਦਾਸ ਦੀਆਂ ਵਾਰਾਂ ਵਿਚ।

ਵਾਰਾਂ ਸਦਾ ਪਉੜੀਆਂ ਵਿਚ ਹੀ ਰਚੀਆਂ ਜਾਂਦੀਆਂ ਹਨ। ਆਸਾ ਦੀ ਵਾਰ ਵੀ ਪਉੜੀਆਂ ਵਿਚ ਹੀ ਰਚੀ ਗਈ ਹੈ। ਚੰਡੀ ਦੀ ਵਾਰ ਵੀ ਪਉੜੀਆਂ ਵਿਚ ਹੀ ਹੈ - ਦੁਰਗਾ ਪਾਠ ਬਣਾਇਆ ਸਭੇ ਪਉੜੀਆਂ।

ਅਧਿਆਤਮਕ ਵਾਰਾਂ ਵਿਚ ਵਿਹਾਰਿਕ ਜੀਵਨ ਦੀ ਅਲੋਚਨਾ ਆਮ ਮਿਲਦੀ ਹੈ। ਜਿਵੇਂ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਵੀ ਹੈ—

ਚਾਰ ਵਰਣ ਚਾਰ ਮਜ਼ਹਬ, ਜਗ ਵਿਚ ਹਿੰਦੂ ਮੁਸਲਮਾਣੇ। ਖੁਲੀ ਬਖ਼ੀਲੀ ਤਕੱਬਰੀ, ਖਿਚੋਤਾਣ ਕਰੇਣ ਧਿਙਾਣੇ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਸਾ ਦੀ ਵਾਰ ਵਿਚ ਤਾਂ ਵਿਹਾਰਿਕ ਆਲੋਚਨਾ ਭਰਪੂਰ ਮਾਤਰਾ ਵਿਚ ਹੈ । ਸ਼ਾਇਦ ਹੀ ਕੋਈ ਸਮਕਾਲੀਨ ਵਿਹਾਰਿਕ ਖੇਤ੍ਰ ਰਹਿ ਗਿਆ ਹੋਵੇ ਜੋ ਆਸਾ ਦੀ ਵਾਰ ਦੀ ਪਕੜ ਵਿਚ ਨਾ ਲਿਆਂਦਾ ਗਿਆ ਹੋਵੇ ।

ਆਮ ਕਰਕੇ ਅਧਿਆਤਮਕ ਵਾਰਾਂ ਵਿਚ ਦਲੀਲ ਬਾਜੀ ਨਹੀਂ ਹੁੰਦੀ, ਪਰੰਤੂ ਆਸਾ ਦੀ ਵਾਰ ਵਿਚ ਦਲੀਲ ਬਾਜੀ ਬਹੁਤ ਵਧੇਰੇ ਹੈ ।

1. ਬੀਜੇ ਬਿਖ ਮੰਗੈ ਅੰਮ੍ਰਿਤੁ ਵੇਖਹੁ ਏਹੁ ਨਿਆਉ ।

2 ਖਸਮੈ ਕਰੇ ਬਰਾਬਰੀ ਫਿਰਿ ਗੈਰਤਿ ਅੰਦਰ ਪਾਇ ।
ਵਜਹੁ ਗਵਾਇ ਅਗਲਾ ਮੁਹੇ ਮੁਹਿ ਪਾਣਾ ਖਾਇ ।
ਜਿਸ ਦਾ ਦਿਤਾ ਖਾਵਣਾ ਤਿਸੁ ਕਹੀਐ ਸਾਬਾਸਿ ।
ਨਾਨਕ ਹੁਕਮੁ ਨ ਚਲਈ ਨਾਲਿ ਖਸਮ ਚਲੈ ਅਰਦਾਸਿ ।

ਕਿੱਸਿਆਂ ਵਾਂਙ ਵਾਰਾਂ ਵੀ ਮੰਗਲਾ ਚਰਣ ਨਾਲ ਆਰੰਭ ਹੁੰਦੀਆਂ ਹਨ । ਚੰਡੀ ਦੀ ਵਾਰ ਇਉਂ ਸ਼ੁਰੂ ਹੁੰਦੀ ਹੈ —

ੴ ਵਾਹਿਗੁਰੂ ਜੀ ਕੀ ਫਤਹਿ । ਸ੍ਰੀ ਭਗਉਤੀ ਜੀ ਸਹਾਇ । ਪ੍ਰਿਥਮ ਭਗਉਤੀ ਸਿਮਰਿਕੈ ਗੁਰ ਨਾਨਕ ਲਈਂ ਧਿਆਇ ।

ਆਸਾ ਦੀ ਵਾਰ ਨੂੰ ਗੁਰੂ ਨਾਨਕ ਨੇ ਮੂਲ ਮੰਤ੍ਰ ਨਾਲ ਆਦਿ ਕੀਤਾ ਹੈ । ਭਾਵ ਪਹਿਲੇ ਬ੍ਰਹਮ ਦੀ ਮਹਿਮਾ ਹੈ ਫਿਰ ਗੁਰੂ ਦੀ ਵਡਿਆਈ ਹੈ । ਬ੍ਰਹਮ ਤੇ ਸਤਿਗੁਰ ਦੀ ਵਡਿਆਈ ਸਾਰੀ ਵਾਰ ਵਿਚ ਹੀ ਕੀਤੀ ਗਈ ।

ਅਧਿਆਤਮਕ ਵਾਰਾਂ ਵਿਚ ਬੀਰ ਰਸ ਉਤਸਾਹਿਤ ਕਰਨ ਹਿਤ ਆਉਂਦਾ ਹੈ । ਇਹ ਬੀਰ ਰਸ ਮਨੁੱਖ ਨੂੰ ਬਦੀ ਵਲੋਂ ਮੂੰਹ ਮੋੜ ਕੇ ਨੇਕੀ ਪਾਸੇ ਚਲਣ ਲਈ ਪ੍ਰੇਰਤ ਕਰਦਾ ਹੈ । ਆਮ ਕਰਕੇ ਸਮੂਹ ਅਧਿਆਤਮਕ ਵਾਰਾਂ ਵਿਚ ਇਉਂ ਹੀ ਆਇਆ ਹੈ । ਆਸਾ ਦੀ ਵਾਰ ਵਿਚ ਵੀ ਮਨੁੱਖ ਨੂੰ ਠੀਕ ਪਾਸੇ ਪ੍ਰੇਰਤ ਕੀਤਾ ਗਿਆ ਹੈ—ਜਿਵੇਂ—

1. ਆਪਣੇ ਹਥੀਂ ਆਪਣਾ ਆਪੇ ਹੀ ਕਾਜੁ ਸਵਾਰੀਐ ।
... ...
2. ਮੰਦਾ ਕਿਸੈ ਨ ਆਖੀਐ ਪੜਿ ਅਖਰੁ ਏਹੋ ਬੁਝੀਐ ।
... ...
3. ਜਿਤੁ ਸੇਵਿਐ ਸੁਖੁ ਪਾਈਐ ਸੋ ਸਾਹਿਬੁ ਸਦਾ ਸਮਾਲੀਐ ।
4. ਜਾ ਰਹਿਣਾ ਨਾਹੀ ਐਤੁ ਜਗਿ ਤਾ ਕਾਇਤੁ ਗਾਰਬਿ ਹੰਢੀਐ ।
5. ਨਾਉ ਤੇਰਾ ਨਿਰੰਕਾਰੁ ਹੈ ਨਾਇ ਲਇਐ ਨਰਕਿ ਨ ਜਾਈਐ ।
6. ਜੇ ਕੀਤਾ ਪਾਈਐ ਆਪਣਾ ਤਾ ਘਾਲਿ ਬੁਰੀ ਕਿਉ ਘਾਲੀਐ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਮ ਅਧਿਆਤਮਕ ਵਾਰਾਂ ਵਿਚ ਸੰਜਮ ਤੇ ਸੰਕੋਚ ਏਨਾ ਹੁੰਦਾ ਹੈ ਕਿ ਪੰਕਤੀਆਂ ਮੁਹਾਵਰੇ ਬਣਨ ਦੀ ਸਮਰੱਥਾ ਰਖਦੀਆਂ ਹਨ। ਆਸਾ ਦੀ ਵਾਰ ਵਿਚ ਵੀ ਇਹ ਗੁਣ ਆਮ ਵੇਖਿਆ ਜਾ ਸਕਦਾ ਹੈ। ਜਿਵੇਂ ਉਪਰ ਉਦਾਹਰਣਾਂ ਤੋਂ ਸਪਸ਼ਟ ਹੈ।

ਆਮ ਵਾਰਾਂ ਦੀ ਬੋਲੀ ਸੰਜੋਗਾਤਮਕ ਹੁੰਦੀ ਹੈ। ਜਿਵੇਂ ਚੰਡੀ ਦੀ ਵਾਰ ਵਿਚ—

ਤਣਿ ਤਣਿ ਕੈਬਰ ਛਡਣ ਦੁਰਗਾ ਸਾਹਮਣੇ ਭਾਵ ਤਣ ਤਣ ਕੇ

ਆਸਾ ਦੀ ਵਾਰ ਦੀ ਬੋਲੀ ਵੀ ਸੰਜੋਗਾਤਮਕ ਹੀ ਹੈ। ਜਿਵੇਂ ਸਵਾਰੀਐ ਸ਼ਬਦ ਆਇਆ ਹੈ ਜਿਸ ਦਾ ਅਰਥ ਹੈ ਸਵਾਰੀ ਦਾ ਹੈ। ਇਸੇ ਤਰ੍ਹਾਂ ਆਖੀਐ, ਲੁਝੀਐ, ਵਾਰੀਐ ਆਦਿ ਸ਼ਬਦਾਵਲੀ ਵਿਚ।

ਆਮ ਵਾਰਾਂ ਵਿਚ ਅਟੱਲ ਸਚਾਈਆਂ ਦਾ ਬਿਆਨ ਹੁੰਦਾ ਹੈ। ਆਸਾ ਦੀ ਵਾਰ ਵਿਚ ਵੀ ਹੈ। ਭਾਈ ਗੁਰਦਾਸ ਦੀਆਂ ਵਾਰਾਂ ਵਿਚ ਵੀ ਹੈ। ਆਸਾ ਦੀ ਵਾਰ ਵਿਚੋਂ ਉਦਾਹਰਣਾਂ—1. ਅਪਰਾਧੀ ਦੂਣਾ ਨਿਵੈ। 2. ਹਉਮੈ ਦੀਰਘ ਰੋਗ ਹੈ।

3. ਮਿਠਤ ਨੀਵੀਂ ਨਾਨਕਾ ਗੁਣ ਚੰਗਿਆਈਆਂ ਤਤ।

4. ਕਪੜ ਰੂਪ ਸੁਹਾਵਣਾ ਛਡ ਦੁਨੀਆਂ ਅੰਦਰ ਜਾਵਣਾ।

5 ਜੋ ਆਇਆ ਸੋ ਚਲਸੀ ਸਭ ਕੋਈ ਆਈ ਵਾਰੀਐ।

6. ਸਭਨੀਂ ਛਾਲਾਂ ਮਾਰੀਆਂ ਕਰਤਾ ਕਰੇ ਸੁ ਹੋਇ।

ਅਧਿਆਤਮਕ ਵਾਰਾਂ ਦਾਰਸ਼ਨਿਕ ਹੁੰਦੀਆਂ ਹਨ। ਇਨ੍ਹਾਂ ਵਿਚ ਕੋਈ ਦਰਸ਼ਨ ਪੇਸ਼ ਕੀਤਾ ਹੁੰਦਾ ਹੈ। ਆਸਾ ਦੀ ਵਾਰ ਵਿਚ ਵੀ ਹੈ। ਭਾਈ ਗੁਰਦਾਸ ਦੀਆਂ ਵਾਰਾਂ ਵਿਚ ਵੀ ਹੈ। ਗੁਰੂਆਂ ਦੀਆਂ ਬਾਕੀ ਵਾਰਾਂ ਵਿਚ ਵੀ ਹੈ।

ਅਧਿਆਤਮਕ ਵਾਰਾਂ ਆਮ ਕਰਕੇ ਪ੍ਰਬੰਧ ਕਾਵਿ ਦੇ ਰੂਪ ਵਿਚ ਹੁੰਦੀਆਂ ਹਨ। ਇਨ੍ਹਾਂ ਵਿਚ ਇਕ ਕੇਂਦਰੀ ਬਿੰਦੂ ਨਿਰੰਤਰ ਰਾਹ ਦਿਖਾਂਦਾ ਚਲਦਾ ਹੈ ਅਤੇ ਅੰਤ ਤੇ ਨਿੱਗਰ ਸਿੱਟਾ ਕਢਿਆ ਜਾਂਦਾ ਹੈ। ਆਸਾ ਦੀ ਵਾਰ ਵੀ ਜਪੁਜੀ ਤੇ ਸਿਧ ਗੋਸਟਿ ਵਾਂਙ ਇਕ ਪ੍ਰਬੰਧ ਕਾਵਿ ਹੈ।

ਨਾਨਕ ਸਚੁ ਧਿਆਇਨ ਸਚੁ।

ਇਹ ਇਸ ਵਾਰ ਦਾ ਕੇਂਦਰੀ ਵਿਚਾਰ ਹੈ। ਇਸ ਦੇ ਨਾਮ ਤੋਂ ਬਿਨਾ ਸਭ ਕੁਝ ਮੈਲਾ ਮੈਲਾ ਹੈ। ਹਉਮੈ ਭਰਿਆ, ਜੂਠਾ, ਕੂੜਾ, ਕੂੜਾ ਹੈ।

1. ਕੂੜ ਰਾਜਾ ਕੂੜ ਪਰਜਾ।

2. ਨਾਨਕ ਵਖਾਣੈ ਬੇਨਤੀ ਤੁਧ ਬਾਝ ਕੂੜੋ ਕੂੜ।

ਅੰਤ ਸਿੱਟਾ ਕਢਿਆ ਹੈ—

ਸਾਈ ਕਾਰ ਕਮਾਵਣੀ ਧੁਰਿ ਛੋਡੀ ਤਿਨੈ ਪਾਇ।

ਨਾਨਕ ਏਕੀ ਬਾਹਰੀ ਹੋਰ ਦੂਜੀ ਨਾਹੀ ਜਾਇ।

ਆਦਿ ਗ੍ਰੰਥ ਦੀਆਂ ਹੋਰ ਵਾਰਾਂ ਵਿਚ ਮੰਗਲਾ ਚਰਣ—

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

1. ਤੂੰ ਕਰਤਾ ਪੁਰਖੁ ਅਗੰਮ ਹੈਂ ਆਪਿ ਸ੍ਰਿਸਟੀ ਉਪਾਤੀ ।
ਰੰਗ ਪਰੰਗ ਉਪਾਰਜਨਾ ਬਹੁ ਬਹੁ ਬਿਧਿ ਭਾਤੀ ।

(ਮਾਝ ਕੀ ਵਾਰ-ਨਾਨਕ)

2. ਤੂੰ ਸਚਾ ਸਚਿਆਰੁ ਜਿਨਿ ਸਚੁ ਵਰਤਾਇਆ ।
ਬੈਠਾ ਤਾੜੀ ਲਾਇ ਕਮਲ ਛਪਾਇਆ ।

(ਵਾਰ ਮਲਾਰ-ਨਾਨਕ)

3. ਆਪਣਾ ਆਪੁ ਉਪਾਇਓਨੁ ਤਦਹੁ ਹੋਰੁ ਨ ਕੋਈ ।
ਮਤਾ ਮਸੂਰਤਿ ਆਪਿ ਕਰੇ ਜੋ ਕਰੇ ਸੋ ਹੋਈ ।
ਤਦਹੁ ਆਕਾਸੁ ਨ ਪਾਤਾਲੁ ਹੈ ਨਾ ਤ੍ਰੈ ਲੋਈ ।
ਤਦਹੁ ਆਪੇ ਆਪਿ ਨਿਰੰਕਾਰੁ ਹੈ ਨ ਓ ਪਤਿ ਹੋਈ ।
ਜਿਉਂ ਤਿਸੁ ਭਾਵੈ ਤਿਵੈ ਕਰੇ ਤਿਸੁ ਬਿਨੁ ਅਵਰੁ ਨ ਕੋਈ ।

(ਗੂਜਰੀ ਕੀ ਵਾਰ-ਅਮਰਦਾਸ)

4. ਤੂੰ ਸਚਾ ਸਾਹਿਬੁ ਸਚੁ ਹੈ ਸਚੁ ਸਚਾ ਗੋਸਾਈ ।
ਤੁਧ ਨੋ ਸਭ ਧਿਆਇਦੀ ਸਭ ਲਗੈ ਤੇਰੀ ਪਾਈ ।
ਤੇਰੀ ਸਿਫਤਿ ਸੁਆਲਿਓ ਸਰੂਪ ਹੈ ਜਿਨਿ ਕੀਤੀ ਤਿਸੁ ਪਾਰਿ ਲਘਾਈ ।
ਗੁਰਮੁਖਾ ਨੋ ਫਲੁ ਪਾਇਦਾ ਸਚਿ ਨਾਮ ਸਮਾਈ ।
ਵਡੇ ਮੇਰੇ ਸਾਹਿਬਾ ਵਡੀ ਤੇਰੀ ਵਡਿਆਈ ।

(ਗਉੜੀ ਕੀ ਵਾਰ-ਰਾਮਦਾਸ)

5. ਤੂੰ ਆਪੇ ਸਿਸਟਿ ਕਰਤਾ ਸਿਰਜਣ ਹਾਰਿਆ ।
ਤੁਧ ਆਪੇ ਖੇਲੁ ਰਚਾਇ ਤੁਧ ਆਪ ਸਵਾਰਿਆ ।
ਦਾਤਾ ਕਰਤਾ ਆਪਿ ਆਪਿ ਭੋਗਣ ਹਾਰਿਆ ।
ਸਭੁ ਤੇਰਾ ਸ਼ਬਦੁ ਵਰਤੈ ਉਪਾਵਣ ਹਾਰਿਆ ।
ਹਉ ਗੁਰਮੁਖਿ ਸਦਾ ਸਲਾਹੀ ਗੁਰ ਕਉ ਵਾਰਿਆ ।

(ਸੋਰਠ ਕੀ ਵਾਰ-ਰਾਮਦਾਸ)

6 ਹਰਿ ਏਕੁ ਨਿਰੰਜਨ ਗਾਈਐ ਸਭ ਅੰਤਰਿ ਸੋਈ ।
ਕਰਣ ਕਾਰਣ ਸਮਰਥ ਪ੍ਰਭੁ ਜੋ ਕਰੇ ਸੋ ਹੋਈ ।
ਖਿਨ ਮਹਿ ਥਾਪ ਉਥਾਪਦਾ ਤਿਸੁ ਬਿਨੁ ਨਹੀਂ ਕੋਈ ।
ਖੰਡ ਬ੍ਰਹਮੰਡ ਪਾਤਾਲ ਦੀਪ ਰਵਿਆ ਸਭ ਲੋਈ ।
ਜਿਸੁ ਆਪਿ ਬੁਝਾਏ ਸੋ ਬੁਝਸੀ ਨਿਰਮਲ ਜਨ ਸੋਈ ।

(ਜੈਤਸਰੀ ਕੀ ਵਾਰ-ਅਰਜਨ)

7. ਅਕੁਲ ਨਿਰੰਜਨ ਪੁਰਖੁ ਅਗਮ ਅਪਾਰੀਐ ।
ਸਚੋ ਸਚਾ ਸਚ ਸਚੁ ਨਿਹਾਰੀਐ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੂੜ ਨ ਜਾਪੈ ਕਿਛੁ ਤੇਰੀ ਧਾਰੀਐ ।
ਸਭਸੈ ਦੇ ਦਾਤਾਰੁ ਜੇਤ ਉਪਾਰੀਐ ।
ਇਕਤੁ ਸੂਤਿ ਪਰੋਇ ਜੋਤਿ ਸੰਜਾਰੀਐ ।
ਹੁਕਮੇ ਭਵਜਲ ਮੰਝਿ ਹੁਕਮੇ ਤਾਰੀਐ ।
ਪ੍ਰਭ ਜੀਉ ਤੁਧੁ ਧਿਆਇ ਸੋਇ ਜਿਸੁ ਭਾਗੁ ਮਥਾਰੀਐ ।

(ਗੂਜਰੀ ਕੀ ਵਾਰ-ਅਰਜਨ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੀਰ ਰਸੀ ਕਾਵਿ ਦੀਆਂ ਵਿਸ਼ੇਸ਼ਤਾਵਾਂ

1. ਜਿਵੇਂ ਕਿ ਕਹਾਵਤਾਂ ਪ੍ਰਚਲਤ ਹਨ 'ਪੰਜਾਬ ਜੰਮੇ ਨੂੰ ਨਿਤ ਮੁਹਿੰਮਾ' ਤੇ 'ਮਰਦਾਂ ਤੇ ਘੋੜਿਆਂ ਕੰਮ ਪੈਣ ਅੱਵਲੇ'। ਪੰਜਾਬ ਉਤੇ ਬਾਹਰੀ ਆਕਰਮਣ ਹੁੰਦੇ ਰਹੇ। ਭਾਰਤ ਉੱਤੇ ਹਮਲਾਵਰ ਵੀ ਪੰਜਾਬ ਰਸਤੇ ਆਉਂਦੇ ਰਹੇ। ਇਸ ਕਰਕੇ ਪੰਜਾਬੀਆਂ ਨੂੰ ਉਨ੍ਹਾਂ ਨਾਲ ਲੋਹਾ ਲੈਣਾ ਪੈਂਦਾ ਰਿਹਾ ਸੋ ਬੀਰ ਰਸੀ ਜੰਗਾਂ ਜੁਧਾਂ ਨੇ ਬੀਰ ਬਹਾਦਰ ਪੰਜਾਬੀਆਂ ਨੂੰ ਪੈਦਾ ਕੀਤਾ। ਅਣਖੀ ਯੋਧਿਆਂ ਬਹਾਦਰਾਂ ਨੂੰ।

2. ਬੀਰ ਰਸ ਦਾ ਹੇਠਲੇ ਕਾਵਿ-ਰੂਪਾਂ ਨੂੰ ਉਤਪਨ ਕਰਨ ਵਿਚ ਹੱਥ ਹੈ—

ੳ) ਵਾਰ ਅ) ਜੰਗ ਨਾਮਾ ੲ) ਭੇੜਾ ਸ) ਗੁਰਬਿਲਾਸ ਢੇਰ ਸਾਰੀਆਂ ਵਾਰਾਂ ਲਿਖੀਆਂ ਗਈਆਂ। ਜੰਗ ਨਾਮੇ ਵੀ ਰਚੇ ਗਏ। ਪ੍ਰੋ. ਕਿਰਪਾਲ ਸਿੰਘ ਕਸੇਲ ਅਨੁਸਾਰ ਕਿਸੇ ਅਗਿਆਤ ਕਵੀ ਦਾ ਭੇੜਾ ਗੁਰੂ ਗੋਬਿੰਦ ਸਿੰਘ ਦਾ ਲਿਖਿਆ ਹੋਇਆ ਮਿਲਦਾ ਹੈ। ਇਸ ਵਿਚ ਅਨੰਦਪੁਰ ਤੇ ਚਮਕੌਰ, ਆਦਿ ਦੇ ਯੁਧਾਂ ਦਾ ਵਰਣਨ ਹੈ। ਇਸ ਰਚਨਾ ਦੀ ਸ਼ਬਦਾਵਲੀ ਬੜੀ ਜ਼ੋਰਦਾਰ ਤੇ ਕੜਕਵੀਂ ਹੈ —ਇਹ ਗੁਰੂ ਕਾਲ ਦਾ ਹੈ—

''ਭੇੜਾ ਪਿਆ ਚਮਕੌਰ ਵਿਚ, ਵਜਨਿ ਘਣਨਾਟਾਂ
ਕਰਵਾਈ ਅਰਣਾਟਾਂ, ਭੇਰੀਆਂ ਗੱਜੀਆਂ
ਓਥੇ ਬਰਛੇ ਛੋਡਨਿ ਲਾਟਾਂ, ਸੂਰਜ਼ ਸਾਹਮਣੇ
ਓਥੇ ਇਕ ਲੱਖ ਘੋੜਾ ਜਾਟਾ, ਦੋਇ ਲਖ ਮੋਗਲਾਂ
ਓਥੇ ਤੀਰੀ ਅੰਬਰ ਪਾਟਾ, ਲੜਦੇ ਸੂਰਮੇ''

ਮੱਧ ਕਾਲ ਵਿਚ ਸੁੱਖਾ ਸਿੰਘ ਦਾ ਸਿੰਘ ਸਭਾ ਲਹਿਰ ਤੋਂ ਪ੍ਰੇਰਤ ਹੋ ਕੇ ਲਿਖਿਆ ਗਿਆ ਗੁਰਬਿਲਾਸ ਵੀ ਮਿਲਦਾ ਹੈ। ਬੀਰ ਰਸੀ ਕਿੱਸਿਆ ਵਿਚ ਬੀਰ ਰਸ ਵੀ ਹੁੰਦਾ ਹੈ।

3. ਬੀਰ ਰਸ ਦੀ ਆਮ ਜੀਵਨ ਵਿਚ ਵੀ ਬੜੀ ਮਹਾਨਤਾ ਹੈ। 9 ਰਸਾ ਵਿਚੋਂ ਬੀਰ ਰਸ ਪ੍ਰਧਾਨ ਰਸ ਹੈ। ਬੀਰ ਰਸ ਤੋਂ ਬਿਨਾ ਜੀਵਨ ਮੁਰਦਾ, ਦੁਰਬਲ, ਨਿਰਬਲ, ਆਲਸੀ, ਦਲਿਦਰੀ ਬਣਕੇ ਰਹਿ ਜਾਂਦਾ ਹੈ। ਬੀਰ ਰਸ ਮਨੁੱਖ ਨੂੰ ਅਦੁਤੀ ਕਾਰਨਾਮੇ ਕਰ ਗੁਜਰਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਈ ਬੇਪਨਾਹ ਪ੍ਰੇਰਣਾ ਦੇਂਦਾ ਹੈ। ਤਿਸੇ ਲਈ ਬੀਰ ਰਸ ਦੀ ਸਾਹਿਤ ਵਿਚ ਕਾਫ਼ੀ ਥਾਂ ਹੈ।

4. ਪੰਜਾਬੀ ਵਿਚ ਮਿਲਦੀਆਂ ਪੂਰਵ ਨਾਨਕ ਕਾਲ ਦੀਆਂ 6 ਵਾਰਾਂ ਕਿਉਂਕਿ ਨਾਨਕ ਕਾਲ ਵਿਚ ਕਾਫ਼ੀ ਪ੍ਰਚਲਤ ਸਨ। ਇਸ ਤੋਂ ਅੰਦਾਜ਼ਾ ਲਗਦਾ ਹੈ ਕਿ ਪੰਜਾਬੀ ਵਿਚ ਇਹ ਬਹੁਤ ਸਮਾਂ ਪਹਿਲਾਂ ਹੀ ਲਿਖਿਆਂ ਗਈਆਂ ਹੋਣਗੀਆਂ, ਜਿਨ੍ਹਾਂ ਨੂੰ ਆਮ ਪ੍ਰਚਲਤ ਹੋਣ ਵਿਚ ਸਮਾਂ ਲੱਗਿਆ ਹੋਏਗਾ। ਇਸ ਕਰਕੇ ਇਨ੍ਹਾਂ ਵਾਰਾਂ ਤੋਂ ਸਾਨੂੰ ਪੰਜਾਬੀ ਸਾਹਿਤ ਦੇ ਬਹੁਤ ਪੁਰਾਣਾ ਹੋਣ ਦਾ ਸਬੂਤ ਮਿਲਦਾ ਹੈ।

ਆਦਿ ਕਾਲ ਦੀਆਂ ਨੌਂ ਵਾਰਾਂ ਲੋਕ ਧੁਨੀਆ ਤੇ ਲਿਖੀਆਂ ਗਈਆਂ ਹਨ। ਇਨ੍ਹਾਂ ਵਿਚ ਅਨੇਕਾਂ ਪੰਕਤੀਆਂ ਲੋਕ ਉਕਤੀਆਂ ਦਾ ਰੂਪ ਸਕਦੀਆਂ ਹਨ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਸਾਹਿਤ ਸਦਾ ਹੀ ਲੋਕ ਸਾਹਿਤ ਦੇ ਸਹਾਰੇ ਤੇ ਚਲਦਾ ਹੈ। ਆਦਿ ਗ੍ਰੰਥ ਦੀਆਂ 22 ਵਾਰਾਂ ਵਿਚੋਂ 9 ਵਾਰਾਂ ਇਨ੍ਹਾਂ 9 ਲੋਕ ਵਾਰਾਂ ਦੀਆਂ ਧੁਨੀਆਂ ਉਤੇ ਹੀ ਲਿਖੀਆਂ ਗਈਆਂ ਹਨ ਅਤੇ ਉਨ੍ਹਾਂ ਨੂੰ ਗੌਣ ਦਾ ਉਪਦੇਸ਼ ਵੀ ਇਨ੍ਹਾਂ ਵਾਰਾਂ ਦੀਆਂ ਧੁਨੀਆਂ ਉਪਰ ਹੀ ਹੈ।

5. ਵਾਰਾਂ ਤੇ ਜੰਗ ਨਾਮਿਆਂ ਵਿਚ ਬਿਰਤਾਂਤੀ ਕਾਵਿ ਦੇ ਉੱਤਮ ਨਮੂਨੇ ਮਿਲ ਜਾਂਦੇ ਹਨ। ਸਿਧ ਹੈ ਕਿ ਬਿਰਤਾਂਤੀ ਕਾਵਿ ਨੂੰ ਵਾਰਾਂ ਨੇ ਜਨਮ ਦਿੱਤਾ ਹੈ।

6. ਬੀਰ ਰਸ ਨੇ ਆਪਣੇ ਅਨੁਕੂਲ ਨਿਸ਼ਾਨੀ ਜਾਂ ਉਪਮਾਨ ਤੇ ਸਿਰਖੰਡੀ ਛੰਦਾਂ ਨੂੰ ਜਨਮ ਦਿੱਤਾ। ਨਿਸਚੇ ਹੀ ਇਹ ਬੀਰ ਰਸ ਦਾ ਪਿੰਗਲ ਵਿਚ ਵਾਧਾ ਹੈ।

7. ਬੀਰ ਰਸੀ ਕਾਵਿ ਵਿਚ ਬੀਰ ਰਸ ਤਾਂ ਪ੍ਰਧਾਨ ਹੁੰਦਾ ਹੀ ਹੈ। ਇਸ ਤੋਂ ਛੁਟ ਇਸ ਵਿਚ ਰੌਦਰ ਰਸ, ਭਿਆਨਕ ਰਸ, ਅਦਭੁਤ ਰਸ, ਤੇ ਕਰੁਣਾ ਰਸ ਵੀ ਆ ਜਾਂਦੇ ਹਨ। ਜਦੋਂ ਨਾਇਕ ਜ਼ੁਲਮ ਦੇ ਵਿਰੁਧ ਰੋਹ ਵਿਚ ਆਉਂਦਾ ਹੈ ਤਾਂ ਰੌਦਰ ਰਸ ਪੈਦਾ ਹੁੰਦਾ ਹੈ। ਜਦ ਨਾਇਕ ਜੰਗਾਂ ਜੁਧਾਂ ਦੀ ਭਿਆਨਕਤਾ ਵਿਚ ਫਸ ਜਾਂਦਾ ਹੈ ਤਾਂ ਭਿਆਨਕ ਰਸ ਪੈਦਾ ਹੁੰਦਾ ਹੈ। ਜਦ ਨਾਇਕ ਰਣ ਖੇਤ੍ਰ ਵਿਚ ਅਦੁਤੀ ਤੇ ਅਲੌਕਿਕ ਕਾਰਨਾਮੇ ਕਰ ਵਿਖਾਉਂਦਾ ਹੈ ਤਾਂ ਅਦਭੁਤ ਰਸ ਪੈਦਾ ਹੁੰਦਾ ਹੈ। ਪਰੰਤੂ ਜਦੋਂ ਨਾਇਕ ਵਿਰੋਧੀ ਦੈਂਤੀ ਸ਼ਕਤੀਆਂ ਵਲੋਂ ਘਿਰ ਜਾਂਦਾ ਹੈ ਤਾਂ ਕਰੁਣਾ ਰਸ ਪੈਦਾ ਹੁੰਦਾ ਹੈ। ਜਦ ਰਣ-ਖੇਤਰ ਵਿਚ ਸਿਰੀਆਂ, ਧੜ, ਮਿੱਝ, ਖੂਨ, ਆਦਿ ਨਾਲ ਸੜਿਹਾਂਦ ਪੈਦਾ ਹੁੰਦੀ ਹੈ ਤਾਂ ਵੀਭਤਸ ਰਸ ਪੈਦਾ ਹੋ ਜਾਂਦਾ ਹੈ।

8. ਕਵਿਤਾ ਤ੍ਰਿੰਨ ਗੁਣ ਯੁਕਤ ਹੁੰਦੀ ਹੈ—ਮਧੁਰ, ਪ੍ਰਸਾਦ ਤੇ ਓਜ। ਬੀਰ ਰਸੀ ਕਾਵਿ ਵਿਚ ਓਜ ਗੁਣ ਪ੍ਰਧਾਨ ਹੁੰਦਾ ਹੈ। ਸੋ ਇਹ ਓਜ ਗੁਣ ਯੁਕਤ ਕਵਿਤਾ ਹੈ।

9. ਬੀਰ ਰਸੀ ਕਾਵਿ ਵਿਚ ਠੇਠ, ਸਰਲ, ਟਕਸਾਲੀ ਬੋਲੀ ਵਰਤੀ ਜਾਂਦੀ ਹੈ। ਇਸ ਵਿਚ ਵਿਸ਼ੇਸ਼ ਤੌਰ ਤੇ ਖ਼ਰਵੇ ਤੇ ਦੀਰਘ ਵਿਅੰਜਨ ਭਾਵ ਝ, ਢ, ਘ, ੜ ਆਦਿ ਦੀ ਵਰਤੋਂ ਵਧੇਰੇ ਕੀਤੀ ਜਾਂਦੀ ਹੈ। ਇਹ ਬੋਲੀ ਬੀਰ ਰਸ ਤੇ ਓਜ ਗੁਣ ਨੂੰ ਪੈਦਾ ਕਰਨ ਵਿਚ ਸਹਾਇਕ ਸਿਧ ਹੁੰਦੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

10. ਬੀਰ ਰਸੀ ਕਾਵਿ ਵਿਚ ਤਿੱਖਾ ਤੇ ਝਟਪਟਾ ਪ੍ਰਭਾਵ ਪੈਦਾ ਕਰਨ ਲਈ ਰੂਪਕ, ਉਪਮਾ, ਦ੍ਰਿਸ਼ਟਾਂਤ ਤੇ ਅਤਿਕਥਨੀ, ਆਦਿ ਅਲੰਕਾਰਾਂ ਦੀ ਵਿਸ਼ੇਸ਼ ਰੂਪ ਵਿਚ ਵਰਤੋਂ ਕੀਤੀ ਜਾਂਦੀ ਹੈ।

ਉਪਮਾ ਅਲੰਕਾਰ—ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ,
ਵਾਂਗ ਨਿੰਬੂਆਂ ਲਹੂ ਨਿਚੋੜ ਸੁੱਟੇ। (ਸ਼ਾਹ ਮੁਹੰਮਦ)

ਰੂਪਕ ਅਲੰਕਾਰ—ਰੁਤ ਪਛਾਤੀ ਬਗਲਿਆਂ, ਘੱਟ ਕਾਲੀ ਅੱਗੇ। (ਮੂਸੇ ਦੀ ਵਾਰ)

ਦ੍ਰਿਸ਼ਟਾਂਤ ਅਲੰਕਾਰ—ਹੂਰਾਂ ਸ੍ਰਣਵਤ ਬੀਜ ਨੂੰ ਘਤ ਘੇਰ ਖਲੋਦੀਆਂ।
ਜਿਉਂ ਲਾਵਾਂ ਵੇਖਣ ਲਾੜੀਆਂ ਚੌਗਿਰਦੇ ਹੋਈਆਂ।
(ਹੂਰਾਂ ਤੇ ਲਾੜੀਆਂ ਰੂਪਕ ਅਲੰਕਾਰ ਵੀ)

ਅਤਿ ਕਥਨੀ ਅਲੰਕਾਰ—ਕੂਰਮ ਸਿਰ ਲਹਿਰਾਣੀ
ਦੁਸ਼ਮਨ ਮਾਰ ਕੇ। (ਚੰਡੀ ਦੀ ਵਾਰ)

11. ਵਾਰਾਂ ਨਿਸ਼ਚਿਤ ਵਾਟ ਸ਼ੈਲੀ ਵਿਚ ਗਾਈਆਂ ਜਾਂਦੀਆਂ ਹਨ। ਆਮ ਕਰਕੇ ਢਾਡੀ ਇਨ੍ਹਾਂ ਨੂੰ ਢੱਡਾਂ ਸਾਰੰਗੀਆਂ ਉਤੇ ਗਾਉਂਦੇ ਹਨ। ਕਈ ਪੁਰਾਤਨ ਗਵੱਈਏ ਤੇ ਆਮ ਲੋਕ ਵੀ ਇਨ੍ਹਾਂ ਨੂੰ ਇਕਤਾਰੇ, ਢੋਲਕੀ ਤੇ ਖੜਤਾਲ ਨਾਲ ਵੀ ਗਾਉਂਦੇ ਫਿਰਦੇ ਹਨ।

12. ਵਾਰਾਂ ਦੀ ਲਿਖਣ ਸ਼ੈਲੀ ਵੀ ਗਾਉਣ ਸ਼ੈਲੀ ਵਾਂਗ ਹੀ ਨਿਸ਼ਚਿਤ ਹੈ। ਵਾਰਾਂ ਪਉੜੀਆਂ ਵਿਚ ਹੀ ਰਚੀਆਂ ਜਾਂਦੀਆਂ ਹਨ।

ਦੁਰਗਾ ਪਾਠ ਬਣਾਇਆ ਸਭੇ ਪਉੜੀਆਂ।" (ਚੰਡੀ ਦੀ ਵਾਰ)

ਆਦਿ ਗ੍ਰੰਥ ਦੀਆਂ ਵਾਰਾਂ ਤੇ ਭਾਈ ਗੁਰਦਾਸ ਦੀਆਂ ਵਾਰਾਂ ਵੀ ਪਉੜੀਆਂ ਵਿਚ ਹੀ ਲਿਖੀਆਂ ਗਈਆਂ ਹਨ।

13. ਬੀਰ ਰਸੀ ਕਾਵਿ ਮੰਗਲਾ ਚਰਣ ਨਾਲ ਆਰੰਭ ਹੁੰਦਾ ਹੈ। ਰਚਨਾ ਦੇ ਆਦਿ ਵਿਚ, ਇਸ਼ਟ, ਗੁਰੂ, ਪ੍ਰਭੂ ਦਾ ਜਸ ਗਾਇਆ ਜਾਂਦਾ ਹੈ। ਇਉਂ ਰਚਨਾ ਦੇ ਸਫ਼ਲਤਾ ਸਾਹਿਤ ਸੰਪੂਰਨ ਹੋਣ ਦਾ ਵਰ ਵੀ ਮੰਗਿਆ ਜਾਂਦਾ ਹੈ।

"ਸਹੀ ਸੱਚ ਖ਼ੁਦਾਵੰਦ ਬਾਦਸ਼ਾਹ,
ਸੱਚੇ ਕੰਮ ਤੇਰੇ ਸੁਬਹਾਨਾ।" (ਨਜਾਬਤ ਦੀ ਵਾਰ)

14. ਬਣਤਰ ਦੇ ਪਖੋਂ ਵਾਰ ਨੂੰ ਤਿੰਨ ਭਾਗਾਂ ਵਿਚ ਵੰਡਿਆ ਜਾਂਦਾ ਹੈ। 1. ਸ਼ੰਖਾ ਪੱਖ 2. ਸੰਘਰਸ਼ ਪੱਖ 3. ਸਮਾਧਾਨ ਪੱਖ ਪਹਿਲੇ ਭਾਗ ਵਿਚ ਦੁਹਾਂ ਧਿਰ ਦੀ ਲੜਾਈ ਦਾ ਕਾਰਣ ਵਰਣਨ ਕੀਤਾ ਜਾਂਦਾ ਹੈ। ਦੂਜੇ ਵਿਚ ਲੜਾਈ ਦਾ ਵਰਣਨ ਤੇ ਵਿਸਤਾਰ। ਤੀਜੇ ਵਿਚ ਜਿਤ ਹਾਰ ਦਾ ਸਿੱਟਾ ਕਢਿਆ ਜਾਂਦਾ ਹੈ।

15. ਵਾਰਾਂ ਤੇ ਬੀਰ ਰਸੀ ਕਾਵਿ ਵਿਚ ਬੀਰਤਾ ਦਾ ਵਰਣਨ ਨਿਰਪੱਖ ਹੋ ਕੇ ਕੀਤਾ ਜਾਂਦਾ ਹੈ। ਜਿਵੇਂ ਗੁਰੂ ਗੋਬਿੰਦ ਸਿੰਘ ਨੇ ਦੁਰਗਾਂ ਦੀ ਬਹਾਦਰੀ ਤੇ ਦੈਂਤਾਂ ਦੀ ਬਹਾਦਰੀ ਦਾ ਬਿਆਨ ਨਿਰਪਖਤਾ ਸਾਹਿਤ ਕੀਤਾ ਹੈ। ਕਿਤੇ ਕਿਤੇ ਤਾਂ ਇਹ ਫਰਕ ਉੱਨੀ ਇੱਕੀ ਦਾ ਹੀ ਰਹਿ ਗਿਆ ਲਗਦਾ ਹੈ। ਤੱਕੋ ਦੈਂਤਾਂ ਦੀ ਬਹਾਦਰੀ ਦਾ ਨਿਰਪੱਖ ਵਰਣਨ –

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

1, ਗੱਜੇ ਦੁਰਗਾ ਘੇਰਿਕੈ ਜਣਿ ਘਣੀਅਰ ਕਾਲੇ
2. ਕਦੇ ਨ ਨੱਠੇ ਯੁਧ ਤੇ ਯੋਧੇ ਜੂਝਾਰੇ
3. ਇਕ ਜਾਤ ਨ ਜਾਣਨ ਭੱਜੇ ।
ਖੇਤ ਅੰਦਰ ਯੋਧੇ ਗੱਜੇ ।
4. ਬੱਦਲ ਜਿਉਂ ਮਹਿਖਾ ਸੁਰ ਰਣ ਵਿਚ ਗੱਜਿਆ ।
ਇੰਦਰ ਜੇਹਾ ਯੋਧਾ ਮੈਥੋਂ ਭੱਜਿਆ ।
ਇਹ ਕੌਣ ਵਿਚਾਰੀ ਦੁਰਗਾ ਜਿਨ ਰਣ ਸੱਜਿਆ ।

ਵੇਖੋ ਨਾ ਤਾਂ ਕਾਵਿ ਗੁਣ ਵਿਚ ਫ਼ਰਕ ਪੈਂਦਾ ਹੈ ਤੇ ਨਾ ਹੀ ਬੀਰ ਰਸ ਵਿਚ ਕੋਈ ਅੰਤਰ ਆਉਂਦਾ ਹੈ ।

16. ਬੀਰ ਰਸੀ ਕਾਵਿ ਵਿਚ ਫੌਜਾਂ ਦੀ ਚੜ੍ਹਤ ਦਾ ਵਰਣਨ ਵੀ ਖੁਲ੍ਹਕੇ ਕੀਤਾ ਜਾਂਦਾ ਹੈ—

ਘੋੜੇ ਹਿਣਕਦੇ ਤੇ ਮਾਰੂ ਵੱਜਦੇ ਨੀ,
ਧੂੜ ਉਡਕੇ ਘਟਾਂ ਹੋ ਚਲੀਆਂ ਨੀ । (ਸ਼ਾਹ ਮੁਹੰਮਦ)

17. ਰਣ-ਖੇਤ੍ਰ ਦਾ ਦ੍ਰਿਸ਼ ਵੀ ਖੂਬ ਚਿਤਰਿਆ ਜਾਂਦਾ ਹੈ । ਰਣ-ਭੂਮੀ ਵਿਚ ਬਹਾਦਰਾਂ ਦੀਆਂ ਕੱਟੀਆਂ ਹੋਈਆਂ ਮੁੰਡੀਆਂ ਤਰਬੂਜ ਲਗਦੀਆਂ ਹਨ । ਸਰੀਰਾਂ ਦੇ ਕੀਤੇ ਹੋਏ ਡੱਕਰੇ ਰੁੱਖਾਂ ਦੇ ਵੱਢਕੇ ਕੀਤੇ ਗਣੀ-ਤਰਖਾਨਾਂ ਵਲੋਂ ਮੋਛਿਆਂ ਦਾ ਭੁਲੇਖਾ ਪਾਉਂਦੇ ਹਨ । ਇਸ ਤੋਂ ਇਲਾਵਾ ਘੋੜਿਆਂ ਦੀ ਹਿਣਕਾਰ, ਹਾਥੀਆਂ ਦੀ ਝਿਣਕਾਰ, ਯੋਧਿਆਂ ਦੀ ਲਲਕਾਰ, ਧੌਂਸਿਆਂ ਦੀ ਧੁਣਕਾਰ ਤੇ ਤਲਵਾਰਾਂ ਨੇਜੇ ਭਾਲਿਆਂ ਬਰਛੀਆਂ ਦੀ ਖੜਕਾਰ ਵਿਲੱਖਣ—ਸ਼ੈਲੀ ਵਿਚ ਪੇਸ਼ ਕੀਤੀ ਜਾਂਦੀ ਹੈ ।

18. ਵਾਰ ਦਾ ਮਨੋਰਥ ਬੀਰ ਰਸ ਪੈਦਾ ਕਰਨਾ ਹੁੰਦਾ ਹੈ । ਇਸ ਤੋਂ ਇਲਾਵਾ ਦਿਲ ਪ੍ਰਚਾਵਾ ਵੀ ਹੁੰਦਾ ਹੈ । ਬੀਰ ਰਸੀ ਕਾਵਿ ਮਾਨਵ ਨੂੰ ਚੰਗੇਰੇ ਭਲੇਰੇ ਨੇਕ ਕੰਮ ਕਰਨ ਵਲ ਪ੍ਰੇਰਿਤ ਕਰਦਾ ਹੈ । ਧਰਮ ਯੁਧ ਦਾ ਚਾਅ ਪੈਦਾ ਕਰਦਾ ਹੈ । ਯੋਧਿਆਂ ਨੂੰ ਅਦੁੱਤੀ ਕਾਰ ਨਾਮਿਆਂ ਲਈ ਉਤਸਾਹਿਤ ਕਰਦਾ ਹੈ । ਯੋਧੇ ਯੁਧ ਵਿਚ ਜੂਝਕੇ ਸ਼ਹੀਦੀ ਪਾਉਂਦੇ ਬੀਰਗਤੀ ਨੂੰ ਪ੍ਰਾਪਤ ਹੁੰਦੇ ਹਨ ।

ਤਾਂ ਹੀ ਗੁਰੂ ਗੋਬਿੰਦ ਸਿੰਘ ਨੇ ਚੰਡੀ ਦੀ ਵਾਰ ਦੇ ਅੰਤ ਤੇ ਲਿਖਿਆ ਹੈ—

"ਫੇਰ ਨਾ ਜੋਨੀ ਆਇਆ, ਜਿਨ ਇਹ ਗਾਇਆ ।"

ਇਉਂ ਬੀਰ ਰਸੀ ਕਾਵਿ ਦੇਸ਼ ਪਿਆਰ ਦਾ, ਦੇਸ਼ ਤੋਂ ਮਰ ਮਿਟਣ ਦਾ ਸਬਕ ਵੀ ਦਿੰਦੀਆਂ ਹਨ ।

19 ਅਧਿਆਤਮਕ ਵਾਰਾਂ ਵਿਚ ਜੰਗ ਯੁਧ ਨਹੀਂ ਹੁੰਦਾ । ਉਨ੍ਹਾਂ ਵਿਚ ਨੇਕੀ ਬਦੀ ਵਿਚ ਟੱਕਰ ਹੁੰਦੀ ਹੈ । ਮਨੁੱਖ ਦੇ ਅੰਦਰ ਨੇਕੀ ਤੇ ਬਦੀ ਵਿਚਕਾਰ ਸਦਾ ਸੰਘਰਸ਼ ਚਲਦਾ ਰਹਿੰਦਾ ਹੈ । ਅਧਿਆਤਮਕ ਵਾਰ ਮਨ ਤੇ ਵਿਜੇ ਪਾਉਣ ਲਈ ਪ੍ਰੇਰਿਤ ਕਰਦੀਆਂ ਹਨ । ਇਨ੍ਹਾਂ ਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਯੁਧ ਖੇਤ੍ਰ ਮਨੁੱਖ ਦਾ ਅੰਦਰਲਾ ਸੰਸਾਰ ਹੈ। ਇਨ੍ਹਾਂ ਵਿਚ ਉਪਮਾ ਪ੍ਰਭੂ ਨਾਇਕ ਦੀ ਹੁੰਦੀ ਹੈ। ਜਾਂ ਗੁਰਮੁਖਿ ਪਿਆਰੇ, ਸੰਤ, ਸਾਧ, ਬ੍ਰਹਮ ਗਿਆਨੀ, ਭਗਤ, ਧਰਮੀ ਪੁਰਸ਼ ਦੀ।

20. ਅਜੋਕੀਆਂ ਵਾਰਾਂ ਵਿਚ, ਆਧੁਨਿਕ ਬੀਰ ਰਸੀ ਕਾਵਿ ਵਿਚ ਜਿਹਾ ਕਿ ਹਰਿੰਦਰ ਸਿੰਘ ਰੂਪ ਨੇ ਬਿਨਾਂ ਜੰਗਾਂ ਯੁਧਾਂ ਦੇ ਬੀਰ ਰਸ ਪੈਦਾ ਕਰ ਵਿਖਾਇਆ ਹੈ। ਉਸ ਨੇ ਪ੍ਰਕਿਰਤੀ ਵਰਣਨ ਵਿਚ ਵੀ ਬੀਰ ਰਸ ਪੈਦਾ ਕਰਕੇ ਰਖ ਦਿੱਤਾ ਹੈ। ਅਜੋਕਾ ਬੀਰ ਰਸੀ ਕਾਵਿ ਇਹ ਸਿਖਿਆ ਦੇਂਦਾ ਹੈ ਕਿ ਜੀਵਨ ਵੀ ਇਕ ਰਣ-ਖੇਤ੍ਰ ਹੈ। ਮਨੁੱਖ ਇਸ ਵਿਚੋਂ ਜੇਤੂ ਹੋਕੇ ਨਿਤਰੇ। ਹਾਰਕੇ ਮਿੱਟੀ ਵਿਚ ਨਾ ਮਿਲ ਜਾਏ। ਇਉਂ ਗੀਦ ਨਾ ਸਗੋਂ, ਸ਼ੇਰ ਬਣਕੇ ਬਿਫਰੇ।

"ਸੂਰਾ ਸੋ ਪਹਿਚਾਨੀਐ ਜੋ ਲਰੈ ਦੀਨ ਕੇ ਹੇਤ
ਪੁਰਜਾ ਪੁਰਜਾ ਕਟ ਮਰੈ, ਕਬਹੁ ਨਾ ਛਾਡੈ ਖੇਤ।"

(ਕਬੀਰ ਜੀ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਦਿ ਕਾਲੀਨ ਕਿੱਸਾ ਕਾਵਿ–ਧਾਰਾ

ਕਿੱਸਾ ਅਰਬੀ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਅਰਥ ਹੈ ਕਹਾਣੀ। ਕਿੱਸਾ ਫ਼ਾਰਸੀ ਦੇ ਕਾਵਿ–ਰੂਪ ਮਸਨਵੀ ਦੇ ਵਧੇਰੇ ਨੇੜੇ ਹੈ ਕਿਉਂਕਿ ਮਸਨਵੀ ਕਵਿਤਾ ਵਿਚ ਕਹਾਣੀ ਕਹਿਣ ਦਾ ਮਾਧਿਅਮ ਸੀ। ਭਾਸ਼ਾ ਵਿਭਾਗ ਦੇ ਪੰਜਾਬੀ ਕੋਸ਼ ਅਨੁਸਾਰ ਵੀ ਕਿੱਸਾ ਸ਼ਬਦ ਦਾ ਅਰਥ ਅਫ਼ਸਾਨਾ। ਕਹਾਣੀ ਹੈ। ਭਾਈ ਕਾਨ੍ਹ ਸਿੰਘ ਨੇ ਵੀ ਆਪਣੇ ਮਹਾਨ ਕੋਸ਼ ਵਿਚ ਕਿੱਸੇ ਦਾ ਅਰਥ ਕਹਾਣੀ ਹੀ ਲਿਆ ਹੈ। ਪ੍ਰੋ. ਕਿਰਪਾਲ ਸਿੰਘ ਕੋਮਲ ਪੁਰਾਤਨ ਕਾਵਿ (ਪੰਜਾਬ ਯੂਨੀਵਰਸਿਟੀ) ਦੀ ਸੰਪਾਦਨਾ ਵਿਚ ਰੱਬ ਦੀ ਮੁਨਕਰਤਾ ਤੋਂ ਕਿੱਸੇ ਦੀ ਉਪਜ ਦਸਦਾ ਲਿਖਦਾ ਹੈ—''ਜਦੋਂ ਰੱਬ ਭਗਤੀ ਅਤੇ ਰਬ ਪ੍ਰੀਤ ਦੇ ਤਰਾਨੇ ਗਾ ਗਾ ਕੇ ਜ਼ਿੰਦਗੀ ਹੁਟ ਗਈ ਉਦੋਂ ਕਿੱਸਾ–ਕਾਵਿ ਦਾ ਆਰੰਭ ਹੋਇਆ।''

ਪੰਜਾਬੀ ਕਿੱਸਾ–ਕਲਾ ਦੀ ਪਰੰਪਰਾ ਬੜੀ ਵਿਸ਼ਾਲ, ਬਲਵਾਨ, ਹਰਮਨ, ਪਿਆਰੀ, ਭਰਪੂਰ, ਪੁਰਾਣੀ, ਸੁੰਦਰ ਤੇ ਆਕਰਸ਼ਕ ਹੈ।

ਇਕ ਪੂਰੀ ਦੀ ਪੂਰੀ ਕਹਾਣੀ ਬਹਿਰ ਬੱਧ ਹੋਏ ਬਿਆਨ ਵਿਚ 'ਕਿੱਸਾ' ਸ਼ਬਦ ਦਾ ਅਰਥ ਬਣਦੀ ਹੈ। ਕਿੱਸਾ ਕਲਾਸਕੀ ਪ੍ਰਵਿਰਤੀ ਦੀ ਰਚਨਾ ਹੈ। ਅਜਿਹੀਆਂ ਰਚਨਾਵਾਂ ਲਗ ਭਗ ਹਰ ਦੇਸ਼ ਪ੍ਰਾਂਤ ਦੀਆਂ ਬੋਲੀਆਂ ਦੇ ਸਾਹਿਤ ਵਿਚ ਕਿਸੇ ਨਾ ਕਿਸੇ ਰੂਪ ਵਿਚ ਮਿਲਦੀਆਂ ਹਨ। ਪੰਜਾਬੀ ਕਿੱਸੇ ਕਹਾਣੀਆਂ ਦਾ ਸਰੋਤ ਵੀ ਬੜਾ ਵਿਸਤ੍ਰਤ ਹੈ ਸੱਸੀ ਪੁੰਨੂੰ ਯੂਨਾਨ ਦੀ ਕਹਾਣੀ ਹੈ। ਯੂਸਫ਼ ਜ਼ੁਲੈਖ਼ਾ, ਸ਼ੀਰੀ ਫ਼ਰਿਹਾਦ, ਆਦਿ ਯਹੂਦੀ ਅਰਬੀ ਤੇ ਈਰਾਨੀ ਕਹਾਣੀਆਂ ਹਨ। ਢੋਲ ਤੇ ਸਸੀ ਰਾਜਪੂਤਾਨਾ ਕਹਾਣੀ ਹੈ। ਹਰੀ ਚੰਦ, ਮੈਨਾ ਵੰਤੀ ਬੰਗਾਲੀ ਕਹਾਣੀ ਹੈ। ਕਾਮ ਕੰਦਲਾਂ ਬਿਹਾਰ ਦੀ ਕਹਾਣੀ ਹੈ। ਨਲ ਦਮਯੰਤੀ ਭਾਰਤੀ ਮਿਥਿਹਾਸ ਵਿਚੋਂ ਲਈ ਗਈ ਹੈ। ਰੂਪ ਬਸੰਤ, ਪੂਰਨ ਭਗਤ, ਰਾਜਾ ਭਰਥਰੀ, ਰਾਜਾ ਰਸਾਲੂ, ਕੌਲਾਂ ਆਦਿ ਪੰਜਾਬੀ ਭਾਰਤੀ ਕਹਾਣੀਆਂ ਹਨ। ਹੀਰ ਰਾਂਝਾ, ਮਿਰਜ਼ਾ ਸਾਹਿਬਾਂ, ਪੁਰਾਤਨ ਪੰਜਾਬ ਦੇ ਸਿਆਲ ਦੀਆਂ ਮੁਸਲੱਕੀਆਂ ਕਹਾਣੀਆਂ ਹਨ। ਪੰਜਾਬੀ ਦੇ ਮੁਸਲਮਾਨ ਕਵੀਆਂ ਦੀ ਬੋਲੀ ਫ਼ਾਰਸੀ ਪ੍ਰਭਾਵ ਵਾਲੀ ਹੈ। ਅਤੇ ਉਨ੍ਹਾਂ ਦੀ ਵਿਉਂਤ ਤਕਨੀਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੇ ਕਥਾ ਵਸਤੂ ਦੀ ਚਾਲ ਢਾਲ ਈਰਾਨੀ ਹੈ। ਪਰ ਇਹ ਗੱਲ ਵਿਸ਼ੇਸ਼ ਹੈ ਕਿ ਹਿੰਦੂ ਕਿੱਸਾਕਾਰਾਂ ਦੀ ਰਚਨਾ ਵਧੇਰੇ ਬਲਵਾਨ ਤੇ ਉਚੇਰੀ ਪਕੇਰੀ ਹੈ। ਹਿੰਦੂ ਕਿੱਸਾਕਾਰਾਂ ਨੇ ਆਮ ਕਰਕੇ ਆਮ ਪ੍ਰਚਲਤ ਭਾਰਤੀ ਕਹਾਣੀਆਂ ਨੂੰ ਲਿਆ ਹੈ ਅਤੇ ਫਿਰ ਉਨ੍ਹਾਂ ਨੂੰ ਭਾਰਤੀ ਪਰੰਪਰਾ ਅਨੁਸਾਰ ਹੀ ਬਿਆਨਿਆ ਹੈ।

ਇਸ ਕਾਲ ਵਿਚ ਅਸੀਂ 1700 ਤਕ ਦਾ ਕਿੱਸਾ-ਇਤਿਹਾਸ ਲੈਂਦੇ ਹਾਂ

ਇਸ ਕਾਲ ਵਿਚ ਦਮੋਦਰ, ਪੀਲੂ, ਹਾਫ਼ਿਜ਼ ਬਰਖੁਰਦਾਰ ਤੇ ਅਹਿਮਦ ਗੁੱਜਰ, ਆਦਿ ਕਿੱਸਾਕਾਰ ਹੋਏ।

ਦਮੋਦਰ ਦੇ ਸੁੰਦਰ ਅਲੰਕਾਰ ਹਨ—

1. ਅੱਗ ਰਹੇ ਰੂਈਂ ਵਿਚ ਕੀਕਣ ਮੱਥੇ ਇਸ਼ਕ ਜਣਾਇਆ।
2. ਅੰਬਰ ਕਾਲਾ ਇਤ ਬਿਧ ਹੋਇਆ ਅਸੀਂ ਦਰਦ ਮੰਦਾਂ ਦੀਆਂ ਆਂਹੀ

ਅਰਥ ਅਲੰਕਾਰ ਹੈ—ਅਰਥਾਂ ਦੀ ਖਾਸ ਖੂਬੀ ਹੈ।

3. ਪਾਟਾ ਪੇਟ ਕੀ ਪੱਟੀ ਬੱਝੇ ਕੈਨੂੰ ਆਖ ਸੁਣਾਈਂ।

ਡਾ. ਮੋਹਨ ਸਿੰਘ ਦੀਵਾਨਾ ਪੰਜਾਬੀ ਕਿੱਸਾ ਇਤਿਹਾਸ ਦਾ ਆਰੰਭ ਪ੍ਰਸ਼ਯ ਦੇ 'ਸੱਸੀ ਪੁਨੂੰ' ਕਿੱਸੇ ਨਾਲ ਕਰਦਾ ਹੈ। ਪਰੰਤੂ ਇਹ ਕਿੱਸਾ ਮਿਲਿਆ ਨਹੀਂ ਹੈ। ਇਸ ਕਰਕੇ ਪਹਿਲਾ ਕਿੱਸਾਕਾਰ ਦਮੋਦਰ ਹੀ ਮੰਨਿਆ ਗਿਆ ਹੈ। ਦਮੋਦਰ ਨੇ ਕਿੱਸਾ 'ਹੀਰ' ਲਿਖਕੇ ਬਹੁਤ ਵੱਡੀ ਪਰੰਪਰਾ ਨੂੰ ਜਨਮ ਦਿੱਤਾ। ਉਸ ਨੇ ਪਹਿਲੀ ਵਾਰ ਇਸਤਰੀ ਜਾਤੀ ਦੀ ਵਕੀਲੀ ਕੀਤੀ ਹੈ ਕਿ ਔਰਤ ਨੂੰ ਆਪਣੇ ਭਾਵਾਂ ਅਨੁਸਾਰ ਪਤੀ ਦੀ ਚੋਣ ਦਾ ਪੂਰਾ ਹੱਕ ਹੋਣਾ ਚਾਹੀਦਾ ਹੈ। ਉਸ ਨੇ ਦਾਹਵਾ ਕੀਤਾ ਹੈ ਕਿ ਕਿੱਸਾ ਉਸ ਨੇ ਅੱਖੀਂ ਡਿੱਠਾ ਲਿਖਿਆ ਹੈ—"ਅੱਖੀਂ ਡਿੱਠਾ ਕਿੱਸਾ ਕੀਤਾ।" ਕਿੱਸੇ ਦਾ ਆਰੰਭ ਸੰਖੇਪ ਮੰਗਲਾਚਰਣ ਨਾਲ ਕਰਦਾ ਹੈ—

"ਅਵੱਲ ਨਾਮ ਸਾਹਿਬ ਦਾ ਲਈਏ, ਜਿਨ ਇਹ ਜਗਤ ਉਪਾਇਆ।
ਜ਼ਿਮੀਂ ਅਸਮਾਨ ਫ਼ਲਕ ਦੁਰਸੀਤੀ, ਕੁਦਰਤ ਨਾਲ ਟਿਕਾਇਆ।

ਦਮੋਦਰ ਹਿੰਦੂ ਕਿੱਸਾਕਾਰ ਹੋਣ ਕਰਕੇ ਕਿੱਸੇ ਦਾ ਅੰਤ ਸੁਖਾਂਤ ਵਿਚ ਕਰਦਾ ਹੈ। ਇਉਂ ਉਹ ਹਿੰਦੂ ਪਰੰਪਰਾ ਨੂੰ ਪਾਲਦਾ ਹੈ—

"ਪੰਦਰਾਂ ਸੌ ਉਨੱਤਰੀ ਆਹਾ ਸੰਮਤ ਬਿਕਰਮ ਰਾਏ।
ਹੀਰ ਤੇ ਰਾਂਝਾ ਹੋਏ ਇਕੱਠੇ ਝੇੜੇ ਰਬ ਮੁਕਾਏ।"

ਦਮੋਦਰ ਤੋਂ ਪਿਛੋਂ ਦੇ ਕਿੱਸਾ-ਕਵੀ ਅਹਿਮਦ ਗੁੱਜਰ ਤੇ ਮੁਕਬਲ ਨੇ ਵੀ ਦਮੋਦਰ ਅਨੁਸਾਰ ਹੀ ਆਪਣੀ ਹੀਰ ਦੇ ਕਿੱਸੇ ਦਾ ਅੰਤ ਕੀਤਾ ਹੈ। ਦਮੋਦਰ ਨੇ ਕਿੱਸਾ ਝੰਗ ਸਿਆਲਾਂ ਦੀ ਬੋਲੀ ਵਿਚ ਦਵੱਈਆ ਛੰਦ ਵਿਚ ਬਹੁਤ ਸੰਖੇਪ ਬਿਆਨ ਵਿਚ ਰਚਿਆ। ਉਹ ਇਕ ਸਾਊ ਕਵੀ ਹੈ।

ਦਮੋਦਰ ਤੋਂ ਅਗਲਾ ਕਿੱਸਾਕਾਰ ਪੀਲੂ ਹੈ। ਉਸ ਨੇ ਥੋੜਾ ਚਿਰ ਪਿਛੋਂ ਮਿਰਜ਼ਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਹਿਬਾਂ ਦਾ ਕਿੱਸਾ ਰਚਿਆ। ਪ੍ਰੋ. ਕਿਰਪਾਲ ਸਿੰਘ ਕਸੇਲ ਅਨੁਸਾਰ ਪੀਲੂ ਦਮੋਦਰ ਤੋਂ ਪਿੱਛੋਂ 1676 ਈ. ਵਿਚ ਹਾਫ਼ਜ਼ ਬਰਖ਼ੁਰਦਾਰ ਤੋਂ ਪਹਿਲੋਂ ਹੋਇਆ। ਡਾ. ਗੋਪਾਲ ਸਿੰਘ ਦਰਦੀ ਨੇ ਪੀਲੂ ਨੂੰ ਮਾਝੇ ਦਾ ਮੁਸਲਮਾਨ ਮੰਨਿਆਂ ਹੈ। ਮੌਲਾ ਬਖਸ਼ ਕੁਸ਼ਤਾ ਨੇ ਉਸ ਨੂੰ ਫ਼ਕੀਰਾਨਾ ਤਬੀਅਤ ਦਾ ਮਾਲਕ ਮੰਨਿਆ ਹੈ। ਪੀਲੂ ਗੁਰੂ ਅਰਜਨ ਦੇਵ ਜੀ ਨੂੰ ਵੀ ਮਿਲਿਆ।

ਅਗਲੇਰੇ ਕਵੀਆਂ ਨੇ ਪੀਲੂ ਦੀ ਕਾਫ਼ੀ ਸਿਫ਼ਤ ਲਿਖੀ ਹੈ—

''ਯਾਰੋ ਪੀਲੂ ਨਾਲ ਬਰਾਬਰੀ ਸ਼ਾਇਰ ਭੁਲ ਕਰੇਣ।
ਜਿਨ੍ਹੂੰ ਪੰਜਾ ਪੀਰਾਂ ਦੀ ਥਾਪਨਾ ਕੰਧੀ ਦਸਤ ਧਰੇਣ।''

(ਹਾਫਜ਼ ਬਰਖ਼ੁਰਦਾਰ)

''ਪੀਲੂ ਨਾਲ ਨਾ ਰੀਸ ਕਿਸੇ ਦੀ ਉਸ ਵਿਚ ਸੋਜ਼ ਇਲਾਹੀ।
ਮਤ ਨਿਗਾਹ ਕੀਤੀ ਉਸ ਵਲੇ ਕਿਸੇ ਫ਼ਕੀਰ ਵਲੀ ਦੀ।''

(ਅਹਿਮਦ ਯਾਰ)

ਪੀਲੂ ਮਿਰਜ਼ੇ ਦੀ ਹਾਰ ਦਾ ਕਾਰਣ ਉਸ ਦਾ ਘੁਮੰਡ ਦਸਦਾ ਹੈ ਜਿਸ ਕਰਕੇ ਉਸ ਦੇ ਮੱਥੇ ਵਿਚ ਕਲਜੋਗਨਾਂ ਨੇ ਆ ਵਾਸ ਕੀਤਾ—

''ਮੱਥੇ ਵਿਚ ਕਲਜੋਗਨਾਂ ਫਤਿਹ ਨਾ ਦਿੱਤੀ ਹੋਣ।''

ਪੀਲੂ ਦਾ ਸੰਜਮ ਕਮਾਲ ਦਾ ਹੈ। ਵਾਰਤਾਲਾਪ ਵਿਚ ਨਾਟਕੀ ਚੁਸਤੀ ਹੈ। ਸਰਲਤਾ ਵਿਚ ਸੁੰਦਰਤਾ ਉਸ ਦਾ ਗੁਣ ਹੈ। ਉਸ ਨੇ ਲੋਕ ਬੋਲੀ ਨੂੰ ਅਪਣਾਇਆ ਹੈ। ਬੰਦਾਂ ਵਿਚ ਪਾਬੰਦੀ ਨਹੀਂ। ਕਿਤੇ ਬੰਦ ਚਾਰ ਤੁਕੀਆ, ਕਿਤੇ ਦੋ, ਕਿਤੇ ਤਿੰਨ ਤੇ ਕਿਤੇ ਚਾਰ ਤੋਂ ਵੀ ਵਧ ਤੁਕੀਆ ਹੋ ਗਿਆ ਹੈ। ਬੀਰ ਰਸ ਤੇ ਕਰੁਣਾ ਰਸ ਲਈ ਪੀਲੂ ਦਾ ਲੋਕ ਰੂਪ 'ਸੱਦ' ਅਨੁਕੂਲ ਛੰਦ ਅਤੀ ਢੁਕਵਾਂ ਹੈ। ਕਵੀ ਦੀ ਸਾਦਗੀ ਵਿਚ ਸੁੰਦਰਤਾ ਦੀ ਇਕ ਉਦਾਹਰਣ ਵੇਖੋ—

''ਸਾਹਿਬਾਂ ਪੜ੍ਹੇ ਪਟੀਆਂ ਮਿਰਜ਼ਾ ਪੜ੍ਹੇ ਕੁਰਾਨ।
ਵਿਚ ਮਸੀਤ ਦੇ ਲਗੀਆਂ ਜਾਣੇ ਕੁਲ ਜਹਾਨ।''

ਭਗਤੀ ਕਾਲ ਦਾ ਇਕ ਹੋਰ ਪ੍ਰਮੁਖ ਕਿੱਸਾਕਾਰ ਹਾਫਿਜ਼ ਬਰਖ਼ੁਰਦਾਰ ਹੈ। ਉਹ ਮੁਗਲ ਬਾਦਸ਼ਾਹ ਸ਼ਾਹ ਜਹਾਨ ਤੇ ਔਰੰਗਜ਼ੇਬ ਦਾ ਸਮਕਾਲੀ ਸੀ। ਇਸ ਤੋਂ ਇਲਾਵਾ ਹੋਰ ਕੋਈ ਜਾਣਕਾਰੀ ਪ੍ਰਾਪਤ ਨਹੀਂ ਹੁੰਦੀ। ਉਹ ਇਲਾਕਾ ਲਾਹੌਰ ਦਾ ਵਾਸੀ ਹੋਣ ਕਰਕੇ ਉਸ ਨੇ ਕਿੱਸਿਆਂ ਦੀ ਰਚਨਾ ਕੇਂਦਰੀ ਪੰਜਾਬੀ ਬੋਲੀ ਵਿਚ ਕੀਤੀ ਹੈ। ਉਸ ਦੀਆਂ ਰਚਨਾਵਾਂ ਇਹ ਹਨ— 1. ਮਿਰਜ਼ਾ ਸਾਹਿਬਾਂ 2. ਸੱਸੀ ਪੁਨੂੰ 3. ਯੂਸਫ਼ ਜ਼ੁਲੈਖਾਂ ਤੀਜੀ ਰਚਨਾ 1090 ਹਿਜ਼ਰੀ ਵਿਚ ਲਿਖੀ ਗਈ ਅਤੇ ਇਸ ਦੇ ਬਦਲੇ ਪ੍ਰਸੰਸਾ ਵਜੋਂ ਨਵਾਬ ਜਾਫ਼ਰ ਖਾਂ ਨੇ ਉਸ ਨੂੰ ਇਨਾਮ ਦਿੱਤਾ। ਇਹ ਕਿੱਸਾ ਦਵੱਈਆ ਛੰਦ ਵਿਚ ਹੈ। ਪਹਿਲੇ ਦੋ ਕਿੱਸੇ ਸਦ ਦੀ ਤਰਜ਼ ਵਿਚ ਹਨ। ਇਸ ਕਵੀ ਨੇ ਪਹਿਲੀ ਵਾਰ ਮੰਗਲਾਚਰਣ ਤੋਂ ਇਲਾਵਾ ਇਸ਼ਕ ਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਸ਼ਕੀ ਬਾਰੇ ਬਿਆਨ, ਕਿੱਸਾ ਰਚਨ ਦਾ ਕਾਰਣ ਦਸਣਾ, ਆਦਿ ਪਿਰਤਾਂ ਤੋਰੀਆਂ ਜੋ ਬਾਦ ਦੇ ਕਵੀਆਂ ਨੇ ਖੂਬ ਅਨੁਕਰਣ ਕੀਤੀਆਂ। ਮਿਰਜ਼ਾ ਸਾਹਿਬਾਂ ਦੇ ਕਿੱਸੇ ਲਈ ਉਸ ਨੇ ਪੀਲੂ ਤੋਂ ਕਾਫ਼ੀ ਪ੍ਰੇਰਣਾ ਲਈ ਜਾਪਦੀ ਹੈ। ਪਰ ਯੂਸਫ ਜ਼ੁਲੈਖਾਂ ਦਾ ਕਿੱਸਾ ਉਸ ਨੇ ਪਹਿਲੀ ਵਾਰ ਹੀ ਰਚਿਆ ਹੈ। ਪੀਲੂ ਦਾ ਮਿਰਜ਼ਾ ਸਾਹਿਬਾਂ ਜਿਥੇ ਸੰਜਮੀ ਹੈ ਉਥੇ ਇਸ ਦਾ ਵਿਸਤਾਰ ਮਈ ਸ਼ੈਲੀ ਵਿਚ ਹੈ।

ਔਰੰਗਜ਼ੇਬ ਕਾਲ ਦਾ ਇਕ ਹੋਰ ਕਵੀ ਅਹਿਮਦ ਗੁੱਜਰ ਹੈ। ਕਿੱਸੇ ਵਿਚ ਰਵਾਨਗੀ ਹੈ। ਉਸ ਨੇ ਹੀਰ ਦਾ ਕਿੱਸਾ ਲਿਖਿਆ ਹੈ। ਉਸ ਦੀ ਰਚਨਾ ਤੋਂ ਇਸ ਦਾ ਰਚਨ ਕਾਲ 1693 ਈ. ਹੈ। ਉਸ ਨੇ ਪਹਿਲੀ ਵਾਰ ਹੀਰ ਦਾ ਕਿੱਸਾ ਬੈਂਤ ਛੰਦ ਵਿਚ ਲਿਖਿਆ। ਇਸੇ ਛੰਦ ਵਿਚ ਵਾਰਸ ਨੇ ਸਿਖਰਾਂ ਛੁਹੀਆਂ। ਕਵੀ ਨੇ ਆਪਣੇ ਕ੍ਰਿੱਸੇ ਵਿਚ ਸਭਿਆਚਾਰ ਦੇ ਅੰਸ਼ ਨੂੰ ਕਾਫ਼ੀ ਲਿਆਂਦਾ ਹੈ। ਅਹਿਮਦ ਗੁੱਜਰ ਨੇ ਦਮੋਦਰ ਵਾਂਙ ਹੀ ਆਪਣੇ ਕਿੱਸੇ ਨੂੰ ਸੁਖਾਂਤ ਵਿਚ ਅੰਤ ਕੀਤਾ ਹੈ। ਬੈਂਤ ਦੇ ਤੋਲ ਵਿਚ 20+20 ਤੇ ਵਿਸਰਾਮ ਹੈ। ਇਹ ਆਮ ਵਰਤਿਆ ਜਾਣ ਵਾਲਾ ਹਰਮਨ ਪਿਆਰਾ ਤੋਲ ਹੈ—

"ਡਿਠੇ ਹਾਜੀਆਂ ਮਕੇ ਦੀ ਰਾਹ ਜਾਂਦੇ,
ਤਿੰਨੇ ਹੀਰ ਰਾਂਝਾ ਤੇ ਮੱਝ ਬੂਰੀ।
ਰਾਂਝਾ ਰਾਹ ਵਿਖਾਲਦਾ ਹਾਜੀਆਂ ਨੂੰ, (ਅਨੁਪਰਾਸ ਅਲੰਕਾਰ)
ਹੀਰ ਵੰਡਦੀ ਲੰਗਰ ਵਿਚ ਤੰਦੂਰੀ।"

ਉਸ ਦੀ ਬੋਲੀ ਠੇਠ ਹੈ ਅਤੇ ਉਸ ਦੇ ਬਿਆਨ ਵਿਚ ਸਾਦਗੀ ਹੈ। ਉਹ ਆਪਣੇ ਕਿੱਸੇ ਵਿਚ ਵਿਦਵਤਾ ਦਾ ਭੁਲੇਖਾ ਨਹੀਂ ਪਾਉਂਦਾ। ਉਹ ਸਿਧਾ ਸਾਦਾ ਹੈ। ਸਾਦਗੀ ਹੀ ਉਸ ਦੀ ਸੁੰਦਰਤਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿੱਸਾਕਾਰ ਹਾਫ਼ਿਜ਼ ਬਰਖ਼ੁਰਦਾਰ

ਬਾਵਾ ਜੀ (ਕੋਇਲ ਕੂ) ਅਨੁਸਾਰ ਹਾਫ਼ਿਜ਼ ਬਰਖ਼ੁਰਦਾਰ ਆਲਮਗੀਰੀ ਸਮੇਂ ਦੇ ਮਸ਼ਹੂਰ ਕਵੀ ਸਨ। ਇਹਨਾਂ ਦੀ ਪੈਦਾਇਸ਼ ਮੁਸਲਮਾਨੀ ਨਾਂ ਦੇ ਪਿੰਡ ਦੀ ਹੈ, ਜਿਹੜਾ ਚੀਮੇ ਚੱਠੇ ਦੇ ਪਰਗਣੇ, ਸੂਬਾ ਲਾਹੌਰ ਵਿਚ ਸੀ। ਜ਼ਾਤ ਦੇ ਰਾਂਝਾ ਜੱਟ ਸਨ। ਮੁਸਲਮਾਣੀ ਪਿੰਡ ਤਖ਼ਤ ਹਜ਼ਾਰੇ ਤੋਂ ਚੜ੍ਹਦੇ ਵਲ ਨਿੱਕਾ ਜਿਹਾ ਗਰਾਉਂ ਸੀ। ਹਾਫ਼ਿਜ਼ ਆਪ ਲਿਖਦੇ ਹਨ—

ਮੈਂ ਵੀ ਵਤਨ ਪੰਜਾਬ ਏ, ਕਿਸਮਤ ਆਂਦਾ ਟੋਰ।
ਚੀਮਾ ਚੱਠਾ ਪਰਗਣਾ, ਮੂਜ਼ਾਫ਼ ਸੂਬੇ ਲਾਹੌਰ।
ਹਾਫ਼ਿਜ਼ ਦੇ ਮਨ ਬਹਿਸ਼ਤ ਹੈ, ਕਲਮਾ ਵਿਚ ਗਰਾਉਂ।
ਕਸਬਿਓਂ ਚੜ੍ਹਦੇ ਪਿੰਡ ਹੈ, ਮੁਸਲਮਾਣੀ ਨਾਉਂ।
ਜੱਦ ਦਾ ਰੱਬ ਛੁਡਾ ਲਿਆ, ਹਾਫ਼ਿਜ਼ ਨੂੰ ਉਹ ਥਾਂ।
ਨ ਉਹ ਯਾਰ ਨ ਮਜਲਿਸਾਂ ਨ ਵੇ ਉਹ ਹਵਾਂ।

ਹਾਫ਼ਿਜ਼ ਸਾਹਿਬ ਦੀਆਂ ਰਚਨਾਵਾਂ ਇਹ ਹਨ—

1. ਮਿਰਜ਼ਾ ਸਾਹਿਬਾਂ। 2. ਸੱਸੀ ਪੁੰਨੂ। 3. ਯੂਸਫ਼ ਜ਼ੁਲੈਖਾਂ। 4. ਬਾਰਾਂ ਮਾਹ। 5. ਹੋਰ ਅਨੇਕ ਰਚਨਾਵਾਂ ਅਰਬੀ ਫ਼ਾਰਸੀ ਵਿਚ। ਹਾਫ਼ਿਜ਼ ਅਰਬੀ ਫ਼ਾਰਸੀ ਦਾ ਚੰਗਾ ਗਿਆਤਾ ਸੀ। ਇਸੇ ਕਰਕੇ ਉਸ ਦੀਆਂ ਰਚਨਾਵਾਂ ਵਿਚ ਅਰਬੀ ਫ਼ਾਰਸੀ ਦੀ ਚੰਗੀ ਭਰਮਾਰ ਦੇਖੀ ਜਾ ਸਕਦੀ ਹੈ। ਪ੍ਰੀਤਮ ਸਿੰਘ ਜੀ ਠੀਕ ਲਿਖਦੇ ਹਨ—

"ਹਾਫ਼ਿਜ਼ ਬਰਖ਼ੁਰਦਾਰ ਪੰਜਾਬੀ ਦੇ ਮੁਸਲਮਾਨ ਕਵੀਆਂ ਦੀ ਉਸ ਸ਼ਰੇਣੀ ਦਾ ਮੋਢੀ ਹੈ, ਜਿਨ੍ਹਾਂ ਨੇ ਪੰਜਾਬੀ ਨੂੰ ਅਰਬੀ ਫਾਰਸੀ ਦੇ ਸੰਘਣੇ ਨੀਲੇ ਮੱਟ ਵਿਚ ਚੰਗੇ ਡੋਬੂ ਦਿੱਤੇ। ਯੂਸਫ-ਜ਼ੁਲੈਖਾਂ ਵਿਚ ਫ਼ਾਰਸੀ ਸਾਹਿਤ ਵਿਚੋਂ ਲਈਆਂ ਹੋਈਆਂ ਉਪਮਾਵਾਂ ਦੀ ਭਰਮਾਰ ਹੈ। ਬਹੁਤ ਥੋੜੀਆਂ ਥਾਵਾਂ ਉਤੇ ਕਵੀ ਆਪਣੇ ਬਿਆਨ ਨੂੰ ਰੋਚਕ ਬਣਾ ਸਕਿਆ ਹੈ।"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਯੂਸਫ਼-ਜ਼ੁਲੈਖਾਂ ਤੀਜੀ ਰਚਨਾ 1090 ਹਿਜਰੀ ਵਿਚ ਲਿਖੀ ਗਈ ਅਤੇ ਇਸ ਦੇ ਬਦਲੇ ਪ੍ਰਸੰਸਾ ਵਲੋਂ ਨਵਾਬ ਜਾਫ਼ਰ ਖਾਂ ਨੇ ਉਸ ਨੂੰ ਇਨਾਮ ਦਿਤਾ—

''ਨਵਾਬ ਜਾਫ਼ਰ ਖਾਨ ਇਹ ਖਾਹਿਸ਼ ਕੀਤੀ, ਤਾਂ ਇਹ ਕ੍ਰਿੱਸਾ ਬਣਿਆ।
ਜ਼ਾਹਰ ਬਾਤਨ ਰਾਜ਼ੀ ਹੋਇਆ, ਜਾਂ ਇਹ ਪੜ੍ਹਿਆ ਸੁਣਿਆ।
ਇਕ ਜ਼ਮੀਨ ਅਨਾਇਤ ਕੀਤੀ, ਬੀਗਾ ਸਤ ਪਛਾਨੀ।
ਜੋੜਾ ਘੋੜਾ ਨਕਦ ਦਵਾਇਆ, ਸੌ ਰੁਪਇਆ ਜਾਨੀ।''

ਇਹ ਕਿੱਸਾ ਦਵਈਆ ਛੰਦ ਵਿਚ ਹੈ। ਪਹਿਲੇ ਦੋ ਕਿੱਸੇ ਸਦ ਦੀ ਤਰਜ਼ ਵਿਚ ਹਨ। ਇਸ ਕਵੀ ਨੇ ਪਹਿਲੀ ਵਾਰ ਮੰਗਲਾ ਚਰਣ ਦੀ ਰੀਤ ਤੋਰੀ—

''ਅੱਲਾ ਵਾਹਿਦ ਖ਼ਾਲਿਕ ਰਾਜ਼ਿਕ ਰੋਜ਼ੀ ਦੇਵਣਹਾਰਾ।
ਉਹੋ ਆਹਾ ਦਾਇਮ ਹੋਸੀ, ਦੂਨੀਆਂ ਝੂਠ ਪਸਾਰਾ।''

ਮੰਗਲਾ ਚਰਣ ਤੋਂ ਇਲਾਵਾ ਆਸ਼ਕੀ ਬਾਰੇ ਬਿਆਨ, ਕਿੱਸਾ ਰਚਨ ਦਾ ਕਾਰਣ ਦਸਣਾ, ਆਦਿ ਹੋਰ ਪਿਰਤਾਂ ਪਾਈਆਂ।

ਯੂਸਫ਼-ਜ਼ੁਲੈਖਾਂ ਦਾ ਕਿੱਸਾ ਉਸ ਨੇ ਪਹਿਲੀ ਵਾਰ ਹੀ ਰਚਿਆ ਹੈ। ਇਹ ਇਕ ਅਮੀਰ ਵਿਆਹੁਤਾ ਨਾਰੀ ਜ਼ੁਲੈਖਾਂ ਦੇ ਆਪਣੇ ਗੁਲਾਮ ਯੂਸਫ਼ ਨਾਲ ਇਸ਼ਕ ਦੀ ਕਥਾ ਹੈ। ਇਸ ਕਥਾ ਦਾ ਜ਼ਿਕਰ ਯਹੂਦੀਆਂ, ਈਸਾਈਆਂ ਤੇ ਮੁਸਲਮਾਨਾਂ ਦੇ ਧਰਮ-ਗ੍ਰੰਥਾਂ ਵਿਚ ਮਿਲਦਾ ਹੈ। ਤੌਰਾਤ (ਪੁਰਾਣੀ ਅੰਜੀਲ) ਤੇ ਕੁਰਾਨ ਵਿਚ ਇਸ ਨੂੰ ਸਰਬੋਤਮ ਕਿੱਸਾ ਮੰਨਿਆ ਹੈ। ਜ਼ੁਲੈਖਾਂ ਦਾ ਹੁਸਨ ਖ਼ੂਬ ਬਿਆਨ ਕੀਤਾ ਹੈ—

''ਨਾਉਂ ਜ਼ੁਲੈਖਾਂ ਸਿਫ਼ਤ ਪਰੀ ਦੀ, ਮਗਰਿਬ ਦੀ ਸ਼ਹਿਜ਼ਾਦੀ।
ਸੂਰਤ ਓਸ ਹਿਸਾਬੋਂ ਬਾਹਿਰ, ਕਿਆ ਤਾਰੀਫ਼ ਕਜੀਵੇ।
ਮੂੰਹ ਮਹਿਤਾਬ, ਸਨੌਬਰ ਕਾਮਤ, ਅਖੀਂ ਰੌਸ਼ਨ ਦੀਵੇ।
ਪਲਕਾਂ ਤੀਰ ਕਮਾਨਾਂ ਅਬਰੂ, ਦੰਦ ਚੰਬੇ ਦੀਆਂ ਕਲੀਆਂ।
ਨਾਜ਼ੁਕ ਲੱਕ, ਸੁਰਾਹੀ ਗਰਦਨ, ਉਂਗਲੀਆਂ ਜਿਉਂ ਫਲੀਆਂ।
ਠੋਡੀ ਸੇਬ, ਅਲਫ਼ ਜਿਉਂ ਬੀਨੀ, ਲੌਂਗ ਨਾ ਵਾਤ ਸਮਾਵੇ।
ਗੁਲ ਲਾਲਾਂ ਥੀਂ ਰੰਗ ਸਵਾਇਆ, ਦੇਖ ਪਰੀ ਸ਼ਰਮਾਵੇ।''

ਇਸ ਕਿੱਸੇ ਨੂੰ ਪੜ੍ਹਨਾ ਤੇ ਸੁਣਨਾ ਪੁੰਨ ਸਮਝਿਆ ਜਾਂਦਾ ਹੈ।

ਬਾਵਾ ਬੁੱਧ ਸਿੰਘ ਨੇ ਹਾਫ਼ਿਜ਼ ਨੂੰ ਕਵਿਤਾ ਦੇ ਗੂਹੜੇ ਰੰਗ ਰੰਗਣ, ਨਵੀਆਂ ਤਸ਼ਬੀਹਾਂ ਵਰਤਣ ਤੇ ਕਿੱਸੇ ਕਹਾਣੀ ਨੂੰ ਸਾਦੀ ਪਰ ਜੀਅ ਤੇ ਅਸਰ ਕਰਨ ਵਾਲੀ ਬੋਲੀ ਵਿਚ ਬੰਨ੍ਹਣ ਦਾ ਉਸਤਾਦ ਮੰਨਿਆ ਹੈ।

ਥੋੜੇ ਜਿਹੇ ਸ਼ਬਦਾਂ ਵਿਚ ਬਹੁਤ ਕੁਝ ਸੁਝਾ ਦੇਣਾ ਉਸ ਦੀ ਕਵਿਤਾ ਦਾ ਵਿਸ਼ੇਸ਼ ਲੱਛਣ ਹੈ। ਕਾਰਜ ਨੂੰ ਦੋ ਚਾਰ ਕਲਮ ਛੁਹਾਂ ਨਾਲ ਹੀ ਅੱਖਾਂ ਅੱਗੇ ਲਿਆ ਦੇਣਾ ਕਵੀ ਦਾ ਕਮਾਲ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਯੂਸਫ਼ ਜ਼ੁਲੈਖਾਂ ਦਾ ਕਿੱਸਾ ਬਹੁਤ ਸਾਰਾ ਮਹਾਤਮ ਰਖਦਾ ਹੈ। ਕਵੀ ਕਿੱਸਾ ਲਿਖ ਕੇ ਬਹੁਤ ਵੱਡੀ ਮੁਰਾਦ ਮੰਗਦਾ ਹੈ—

"ਰੱਬਾ! ਅਹਸਨ ਕਿੱਸਾ ਤਮ ਕੀਤੋਈ, ਬਰਕਤ ਏਸ ਕਿੱਸੇ ਦੀ।
ਇੱਥੇ ਓਥੇ ਦੋਹੀਂ ਜਹਾਨੀਂ, ਦੇਹ ਮੁਰਾਦ ਬੰਦੇ ਦੀ।"

ਮੁਸਲਮਾਨ ਤਾਂ ਯੂਸਫ਼ ਤੇ ਮੁਹੰਮਦ ਸਾਹਿਬ ਵਿਚ ਬਹੁਤ ਸਮਾਨਤਾ ਕਰਕੇ ਇਕੋ ਰੂਪ ਸਮਝਦੇ ਹਨ।

ਹਾਫ਼ਿਜ਼ ਰੱਬ ਨੂੰ ਦੁਹਾਂ ਜਹਾਨਾਂ ਵਿਚ ਗੁਪਤ ਪਰਗਟ ਸਮਝਦਾ ਹੈ। ਬੰਦੇ ਦੀ ਮੁਸ਼ਕਲ ਉਸ ਤੋਂ ਬਿਨਾਂ ਹੋਰ ਕੋਈ ਆਸਾਨ ਨਹੀਂ ਕਰ ਸਕਦਾ—

"ਰੱਬ ਇਥੇ ਓਥੇ ਜ਼ਾਹਿਰ ਬਾਤਨ, ਅੰਦਰ ਦੋਹੀਂ ਜਹਾਨੀ।
ਬਾਝ ਖੁਦਾ ਬੰਦੇ ਦੀ ਸ਼ਕਲ, ਕੌਣ ਕਰੇ ਆਸਾਨੀ।"

ਉਸ ਦੀ ਕਵਿਤਾ ਵਿਚ ਨਾਦ ਬਿੰਬ ਚੰਗਾ ਹੈ—

"ਗੁਲ ਖ਼ੈਰੇ ਸ਼ਿਗੁਫ਼ਤਾ ਹੋਏ, ਵਿਚੇ ਪ੍ਰਿੰਦੇ ਕੂਕਣ।
ਤੂਤੀ ਕੁਮਰੀ ਬੁਲਬੁਲ ਬੋਲੇ, ਘੁੱਗੀ ਕੂਕੇ ਕੂ ਕੂ।
ਲਾਟਾਂ ਹੁਦ ਹੁਦ ਵਸਦੀ ਆਹੀ, ਮੈਨਾ ਬੋਲਣ ਹੂ ਹੂ।"

ਸੱਸੀ ਪੁੰਨੂੰ ਦੇ ਕਿੱਸੇ ਵਿਚ ਸੱਸੀ ਦੀ ਸੁੰਦਰਤਾ ਇਉਂ ਪੇਸ਼ ਕਰਦਾ ਹੈ—

"ਉਸ ਦੇ ਤਿੱਖੇ ਨੈਣ ਕਟਾਰੀਆਂ,
ਬਿਰਹੋਂ ਚੜ੍ਹਾਈ ਕਮਾਨ।
ਅਤੇ ਧੁੱਪੇ ਡਿੱਠੀ ਲਿਸ਼ਕਦੀ,
ਜਿਉ ਬਿਜਲੀ ਅਸਮਾਨ।"

ਉਪਮਾ ਅਲੰਕਾਰ ਕਮਾਲ ਦਾ ਹੈ। ਸ਼ਿੰਗਾਰ ਰਸ ਹੈ।

ਸਾਹਿਬਾਂ ਦੀ ਸੁੰਦਰਤਾ ਦਾ ਕਮਾਲ ਵੇਖੋ—

"ਉਹਦੀਆਂ ਸੁਰਖ ਲਬਾਂ ਦੰਦ ਉਜਲੇ, ਜਿਉਂ ਮੋਤੀ ਲਾਲ ਭਖੰਨ।
ਜਾਂ ਗੱਲਾਂ ਕਰੇਂਦੀ ਹੱਸਕੇ, ਮੁਖਹੁ ਫੁਲ ਝੜੰਨ।
ਸਾਹਿਬਾਂ ਦੇ ਤਿੱਖੇ ਨੈਣ ਕਟਾਰੀਆਂ ਦੁੱਸਰ ਘਾਹ ਕਰੰਨ।
ਜਿਉਂ ਤੇਜੀ ਸੂਰਜ ਸਾਹਮਣੇ, ਲਾਟਾਂ ਨੈਣ ਮਚੰਨ।
ਉਹਦੇ ਪੱਟ ਚੰਦਨ ਦੀਆਂ ਗੇਲੀਆਂ, ਚੰਗੇ ਮੁਸ਼ਕ ਛੜੰਨ।
ਉਸਦੀ ਧੁਨੀ ਤੁੰਗ ਸ਼ਰਾਬ ਦੀ, ਆਸ਼ਕ ਘੁਟ ਪੀਵੰਨ।"

ਪਰ ਹਾਫ਼ਿਜ਼ ਏਥੇ ਹੀ ਬਸ ਨਹੀਂ ਕਰਦਾ, ਸਗੋਂ ਰੰਨ ਭੰਡੀ ਵੀ ਰੱਜ ਕੇ ਕਰਦਾ ਹੈ—

1. ਭੱਠ ਰੰਨਾਂ ਭੱਠ ਇਸ਼ਕ ਰੰਨਾਂ ਦਾ ਹਾਫ਼ਿਜ਼ ਆਖ ਪਸਾਰੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

2. ਜੇ ਯੂਸਫ਼ ਦਾ ਵਿਸਾਹ ਨਾ ਕਰਦੀ
ਕੈਦ ਕਰਾਇਓ ਸੂ ਆਪੇ।
ਆਪੇ ਰੰਨਾ ਮਹੁਰਾ ਦੇਵਣ
ਆਪੇ ਕਰਨ ਸਿਆਪੇ।

ਉਸ ਦੇ ਬਾਰਾਂ ਮਾਹ ਵਿਚੋਂ ਵੰਨਗੀ—

"ਜਬ ਚੜ੍ਹਿਆ ਮਾਹ ਵੈਸਾਖ, ਮਿਲਣ ਕੀ ਆਸ, ਪੱਕੀ ਘਰ ਦਾਖ।
ਨ ਚਲੀਓ (ਰਾਤ) ਰਹੀ ਮੈਂ ਰਾਖ, ਨਸੀਹਤ ਕਰਾਂ ਲਾਖ।
ਰਹੀਂ ਮੇਰੇ ਪਾਸ, ਕੂਕੇਂਦੀ ਸਿਆਮ ਜੀ।
ਜਬ ਬਨ ਤਿਣ ਫੂਲੇ ਫੂਲ, ਮੇਰੇ ਤਨ ਲਗ ਬਿਰਹੋਂ ਦੀ ਸੂਲ,
(ਬਦਿੱਲੇ) ਰੰਜੂਲ, ਅਕਲ ਗਈ ਭੂਲ
ਨ ਰਹਿੰਦੇ ਮੂਲ, ਚਲੇ ਭਗਵਾਨ ਜੀ।"

ਹਾਫਿਜ਼ ਹਿੰਦੂ ਧਰਮ ਦੇ ਸ਼ਬਦ ਵੀ ਅਪਣਾ ਗਿਆ ਹੈ ਜਿਵੇਂ ਰਾਮ, ਭਗਵਾਨ, ਸ਼ਿਆਮ, ਆਦਿ।

ਜ਼ਿਆਰਤ ਦੇ ਸਾਜ਼-ਸਮਾਨ ਨੂੰ ਬੜੇ ਲੱਛੇਦਾਰ ਸ਼ਬਦਾਂ ਵਿਚ ਪੇਸ਼ ਕਰਦਾ ਹੈ। ਪੜ੍ਹਦਿਆਂ ਮੂੰਹ ਵਿਚ ਪਾਣੀ ਭਰ ਆਉਂਦਾ ਹੈ—

"ਕਰ ਦਾਅਵਤ ਸਦਵਾਈਆਂ ਰੰਨਾਂ, ਫਰਸ਼ ਫਰੂਸ਼ ਵਿਛਾਏ।
ਹਰ ਅਨਵਾਅ ਤੁਆਮ ਪਕਾਏ, ਸ਼ਰਬਤ ਸਾਫ਼ ਛਣਾਏ।
ਸ਼ਕਰ ਤਰੀ ਮਿਸਰੀ ਦਾ ਹਲਵਾ, ਫਿਰਨੀ ਹੋਰ ਫਲੂਦਾ।
ਜ਼ਰਦ ਪੁਲਾਓ ਮੁਰੱਬਾ ਖੁਸ਼ਕ, ਜਿਉਂ ਆਹ ਫਿਰਮੂਦਾ।

ਯੂਸਫ਼ ਜ਼ੁਲੇਖਾਂ ਦੇ ਕਿੱਸੇ ਵਿਚ ਸੁਫਨਿਆਂ ਬੜੀ ਮਹੱਤਾ ਦਸੀ ਹੈ। ਇਸ ਵਿਚ ਪਰਾਸਰੀਰਕ ਅੰਸ਼ ਵੀ ਆਇਆ ਹੈ। ਹਜ਼ਰਤ ਯਾਕੂਬ ਦੀ ਦੁਆ ਨਾਲ ਜ਼ੁਲੈਖਾਂ ਜਵਾਨ ਹੋ ਜਾਂਦੀ ਹੈ ਅਤੇ ਉਸ ਦੀ ਸ਼ਾਦੀ ਯੂਸਫ਼ ਨਾਲ ਹੋ ਜਾਂਦੀ ਹੈ। ਯੂਸਫ਼ ਦੇ ਮਤਰਏ ਭਾਈ ਯੂਸਫ਼ ਦੇ ਕਪੜੇ ਬੱਕਰੇ ਦੇ ਖੂਨ ਵਿਚ ਰੰਗ ਕੇ ਲੈ ਜਾਂਦੇ ਹਨ ਅਤੇ ਨਾਲ ਇਕ ਬਘਿਆੜ ਬੰਨ੍ਹ ਖੜਦੇ ਹਨ, ਆਪਣੇ ਪਿਤਾ ਯਾਕੂਬ ਨੂੰ ਵਿਸ਼ਵਾਸ ਦੁਆਉਣ ਲਈ।

ਉਹ ਬਘਿਆੜ ਬੋਲਦਾ ਹੈ ਕਿ ਉਸ ਨਾਲ ਫਰੇਬ ਕੀਤਾ ਗਿਆ ਹੈ। ਉਸ ਦਾ ਭਾਈ ਗੁਆਚ ਗਿਆ ਸੀ ਅਤੇ ਉਹ ਉਸ ਦੀ ਭਾਲ ਕਰ ਰਿਹਾ ਸੀ ਕਿ ਤੁਹਾਡੇ ਪੁੱਤਰ ਮੈਨੂੰ ਦੁਖਿਆਰੇ ਨੂੰ ਬੰਨ੍ਹ ਕੇ ਲੈ ਆਏ ਹਨ। ਫਿਰ ਇਸ ਵਿਚ ਮਨੁੱਖ ਜਾਨਵਰਾਂ ਤੋਂ ਵੀ ਹੀਣੇ ਦਸੇ ਗਏ ਹਨ। ਜਾਨਵਰ ਬਘਿਆੜ ਤਾਂ ਆਪਣੇ ਚਚੇਰੇ ਭਾਈ ਨੂੰ ਲਭਦਾ ਹੈ, ਪਰ ਮਨੁੱਖ-ਭਰਾ ਆਪਣੇ ਭਰਾ ਨੂੰ ਖੂਹ ਵਿਚ ਸੁਟ ਆਏ ਹਨ। ਉਪਰਾਂਤ ਜੰਗਲ ਦੇ ਸਾਰੇ ਬਘਿਆੜ ਇਕੱਠੇ ਹੋ ਯਾਕੂਬ ਦੇ ਸਾਹਮਣੇ ਹਾਜ਼ਰ ਹੋ ਕੇ ਸੱਚਾਈ ਪ੍ਰਗਟ ਕਰ ਦੇਂਦੇ ਹਨ ਤਾਂ ਕਿ ਬਘਿਆੜਾਂ ਦੀ ਜ਼ਾਤ ਬਦਨਾਮ ਨਾ ਹੋ ਜਾਏ। ਉਹ ਦਸਦੇ ਹਨ ਕਿ ਪੈਗੰਬਰਾਂ ਦਾ ਮਾਸ ਖਾਣਾ ਸਾਡੇ ਹਰਾਮ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

1. ਸੁਣ ਬਘਿਆੜ ਇਹ ਹਾਲ ਹਕੀਕਤ ਰੋਵੇ ਮਾਰੇ ਧਾਹੀਂ।
ਮੈਂ ਬੇਦਰਦ ਮੁਸੀਬਤ ਕੁੱਠਾ, ਸੁਣ ਯਾਕੂਬ ਤੁਧਾਹੀਂ।
ਪੈਗੰਬਰ ਦਾ ਗੋਸ਼ਤ ਸਾਡੇ ਮਜ਼ਹਬ ਵਿਚ ਹਰਾਮ ਏ।
ਹਾਲ ਹਕੀਕਤ ਆਪਣੀ ਸਾਰੀ ਤੁਧ ਪਨ ਕਹੀ ਤਮਾਮ ਏਂ।

2. ਕੁਲ ਬਘਿਆੜ ਇਕੱਠੇ ਹੋਏ ਸੁਧ ਨਾ ਕੀਤੀ ਕਾਈ।
ਉਸ ਬਘਿਆੜਾਂ ਤੇ ਕੈਫੀਅਤ ਜ਼ਾਹਿਰ ਆਖ ਸੁਣਾਈ।
ਸਭ ਬਘਿਆੜ ਇਕੱਠੇ ਹੋ ਕੇ ਵਲ ਕਨਿਆਨ ਧਾਏ।
ਸ਼ਹਿਰ ਤਅਜੁਬ ਹੋਇਆ ਸਾਰਾ ਜਾਂ ਪਾਸ ਨਬੀ ਦੇ ਆਏ।

ਯੂਸਫ ਜ਼ੁਲੇਖਾਂ ਦੀ ਕਹਾਣੀ ਸਾਨੂੰ ਇਹ ਸਬਕ ਦੇਂਦੀ ਹੈ ਕਿ ਰੱਬ ਆਪਣੇ ਪਿਆਰਿਆਂ ਦੀ ਬੜੀ ਸਖਤ ਪ੍ਰੀਖਿਆ ਲੈਂਦਾ ਹੈ, ਪਰ ਉਸ ਦੇ ਪ੍ਰੇਮੀ ਆਸ਼ਕ ਡੋਲਦੇ ਨਹੀਂ ਹਨ ਅਤੇ ਪ੍ਰੀਖਿਆ ਵਿਚ ਪੂਰੇ ਉਤਰਦੇ ਹਨ। ਯੂਸਫ ਉੱਚੇ ਆਹੁਦੇ ਤੇ ਪਹੁੰਚਦਾ ਹੈ ਅਤੇ ਉਸ ਦੇ ਭਾਈਆਂ ਦੇ ਦੇਸ਼ ਕਾਲ ਪੈ ਜਾਂਦਾ ਹੈ। ਉਹ ਅੰਨ ਦੀ ਭਾਲ ਵਿਚ ਯੂਸਫ ਦੇ ਦੇਸ਼ ਪਹੁੰਚਦੇ ਹਨ। ਯੂਸਫ ਉਨ੍ਹਾਂ ਤੋਂ ਬਦਲਾ ਨਹੀਂ ਲੈਂਦਾ ਸਗੋਂ ਉਨ੍ਹਾਂ ਨੂੰ ਅਨਾਜ ਦੇਂਦਾ ਹੈ। ਸੋ ਸਾਨੂੰ ਵੀ ਚਾਹੀਦਾ ਹੈ ਕਿ ਬਦੀ ਦਾ ਜੁਆਬ ਨੇਕੀ ਵਿਚ ਦੇਈਏ।

ਹਾਫ਼ਿਜ਼ ਬਰਖ਼ੁਰਦਾਰ ਇਸ਼ਕ ਤੋਂ ਹੀਣਾ ਜੀਵਨ ਕੂੜਾ ਸਮਝਦਾ ਹੈ।

"ਪਾਇਓ ਸੁ ਚਿਣਗ-ਚੁਆਤੀ ਚੋਲੀ, ਬਿਰਹੋਂ ਪਤੀਲਾ ਲਾਇਆ।
ਇਸ਼ਕੇ ਬਾਝੋਂ ਜੀਵਨ ਕੂੜਾ, ਹਾਫ਼ਿਜ਼ ਬਰਖ਼ੁਰਦਾਰਾ।
ਇਸ਼ਕੇ ਜੇਡੀ ਲੱਜ਼ਤ ਨਾ ਕੋਈ, ਜੇ ਜਗ ਢੂੰਡਣ ਸਾਰਾ।
ਕਿਸੇ ਮਜ਼ਾਜ਼ੀ ਕਿਸੇ ਹਕੀਕੀ, ਖਾਲੀ ਰਹਿਆ ਨਾ ਕੋਈ।"

ਇਸ਼ਕ ਵਰਗੀ ਅਨੰਦ ਵਾਲੀ ਵਸਤ ਕੋਈ ਨਹੀਂ ਹੈ ਜੇ ਸਾਰਾ ਜਗ ਢੂੰਡਣ ਤੇ ਵੀ ਮਿਲ ਸਕੇ ਤਾਂ। ਏਥੇ ਚਿਣਗ-ਚੁਆਤੀ ਸਮਾਸ ਅਲੰਕਾਰ ਹੈ ਅਤੇ ਚਿਣਗ-ਚੁਆਤੀ ਚੋਲੀ ਅਨੁਪਰਾਸ ਅਲੰਕਾਰ। ਹਾਫ਼ਿਜ਼ ਵਿਚ ਕਲਪਨਾ ਦੀ ਸੁੰਦਰਤਾ ਤੇ ਵਰਣਨੀ ਅੰਦਾਜ਼ ਖ਼ੂਬ ਹੈ।

ਸੱਸੀ ਪੁੰਨੂੰ ਵਿਚ ਸੱਸੀ ਦਾ ਮਾਤਮ ਜੰਗਲ ਦੇ ਜਾਨਵਰ, ਪਸ਼ੂ ਤੇ ਪੰਛੀ ਕਰਦੇ ਹਨ · ਏਥੇ ਵੀ ਪਰਾਸਰੀਰਕ ਅੰਸ਼ ਹੈ।

"ਸੱਸੀ ਦਾ ਮਾਤਮ ਬਘਿਆੜਾਂ ਗਿਦੜਾਂ ਕੀਤਾ ਆ।
ਅਤੇ ਲੂਬੜੀਆਂ ਤੇ ਪਾਹੜੇ ਉਹਨੂੰ ਰੋਵਨ ਪਲੂ ਪਾ।
ਉਹ ਮੋਰ ਜੰਗਲ ਤੇ ਝਾਗਰੀ ਕੁਰਲਾਵਣ ਕੂੰਜਾ ਆ।"

ਹਾਫ਼ਿਜ਼ ਸਮੇਂ ਦਾ ਦ੍ਰਿਸ਼ ਚੰਗਾ ਚਿਤ੍ਰ ਸਕਦਾ ਹੈ—

"ਰੌਸ਼ਨ ਰਾਤ ਦਿਹੇਂ ਤੋਂ ਆਹੀ, ਤੁਰ ਤੁਰ ਤੱਕਣ ਤਾਰੇ।
ਚੋਰ ਨਾ ਜਾਗੈ, ਨਾ ਸਗ ਭੌਂਕੇ, ਨਾ ਦਰਬਾਨ ਪੁਕਾਰੇ।"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵੇਖੋ ਪਹਿਲੀ ਅਰਧ ਪੰਕਤੀ ਵਿਚ ਉਹ ਕਿਵੇਂ ਰਵਾਨਗੀ ਭਰੀ ਸ਼ੈਲੀ ਪੇਸ਼ ਕਰ ਜਾਂਦਾ ਹੈ। ਇਸੇ ਤਰ੍ਹਾਂ ਹੀ ਕਿਸੇ ਮਜ਼ਾਜੀ ਕਿਸੇ ਹਕੀਕੀ ਵਿਚ। ਰੌਸ਼ਨ ਰਾਤ ਤੇ ਤੁਰ ਤੁਰ ਤਕਣ ਤਾਰੇ ਵਿਚ ਸ਼ਬਦ ਅਲੰਕਾਰ ਹੈ।

ਮੀਆਂ ਮੁਹੰਮਦ ਬਖ਼ਸ਼ ਆਪ ਨੂੰ ਸ਼ਰਧਾਂਜਲੀ ਪੇਸ਼ ਕਰਦਾ ਲਿਖਦਾ ਹੈ—

''ਹਾਫ਼ਿਜ਼ ਬਰਖ਼ੁਰਦਾਰ ਮੱਸਨਿਫ਼ ਗੋਰ ਜਿਨ੍ਹਾਂ ਦੀ ਚਿੱਟੀ।
ਹਰ ਹਰ ਬੈਂਤ ਉਨ੍ਹਾਂ ਦਾ ਮਿੱਠਾ, ਜਿਉਂ ਮਿਸ਼ਰੀ ਦੀ ਖਿੱਟੀ।''

(ਮੀਰ ਮੁਹੰਮਦ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਿੱਸਾ ਕਾਵਿ ਦੀਆਂ ਵਿਸ਼ੇਸ਼ਤਾਵਾਂ

1. ਕਿੱਸਾ ਕਹਾਣੀ ਹੈ। ਕਿੱਸਾ ਸ਼ਬਦ ਅਰਬੀ ਭਾਸ਼ਾ ਦਾ ਹੈ ਜਿਸ ਦਾ ਅਰਥ ਕਹਾਣੀ ਹੈ। ਭਾਸ਼ਾ ਵਿਭਾਗ ਦੇ ਪੰਜਾਬੀ ਕੋਸ਼ ਅਨੁਸਾਰ ਵੀ ਕਿੱਸਾ ਸ਼ਬਦ ਦਾ ਅਰਥ ਅਫ਼ਸਾਨਾ (ਕਹਾਣੀ) ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ ਵੀ ਆਪਣੇ ਮਹਾਨ ਕੋਸ਼ ਵਿਚ ਕਿੱਸੇ ਦਾ ਅਰਥ ਕਹਾਣੀ ਹੀ ਲਿਆ ਹੈ।

2. ਕਿੱਸਾ ਫ਼ਾਰਸੀ ਦੇ ਕਾਵਿ-ਰੂਪ ਮਸਨਵੀ ਦੇ ਵਧੇਰੇ ਨੇੜੇ ਹੈ। ਕਿਉਂਕਿ ਮਸਨਵੀ ਕਵਿਤਾ ਵਿਚ ਕਹਾਣੀ ਕਹਿਣ ਦਾ ਮਾਧਿਅਮ ਸੀ।

3. ਪੰਜਾਬੀ ਕਿੱਸਾ ਕਲਾ ਦੀ ਪਰੰਪਰਾ ਬੜੀ ਵਿਸ਼ਾਲ, ਬਲਵਾਨ, ਹਰਮਨ ਪਿਆਰੀ, ਭਰਪੂਰ, ਪੁਰਾਣੀ ਤੇ ਆਕਰਸ਼ਕ ਹੈ।

4. ਕਿੱਸੇ ਦੀ ਪਰਿਭਾਸ਼ਾ ਇਹ ਹੈ—ਇਕ ਪੂਰੀ ਦੀ ਪੂਰੀ ਕਹਾਣੀ ਬਹਿਰ (ਛੰਦ) ਬੱਧ ਹੋਏ ਬਿਆਨ ਵਿਚ ਕਿਸੇ ਸੁਹਜ ਸੁਆਦ ਦੀ ਭੁੱਖ ਤ੍ਰਿਪਤ ਕਰਦੇ ਰਹੇ ਹਨ। ਦਿਲ ਪਰਚਾਵੇ ਦਾ ਸੁੰਦਰ ਸਾਧਨ ਰਹੇ ਹਨ। ਰੋਮਾਂਟਿਕ ਦਿਲਚਸਪ ਕਹਾਣੀ ਕਰਕੇ।

5. ਕਿੱਸਾ ਕਲਾਸਕੀ ਪ੍ਰਵਿਰਤੀ ਦੀ ਰਚਨਾ ਹੈ। ਅਜਿਹੀਆਂ ਰਚਨਾਵਾਂ ਲਗ ਭਗ ਹਰ ਦੇਸ਼ ਪ੍ਰਾਂਤ ਦੀਆਂ ਬੋਲੀਆਂ ਦੇ ਸਾਹਿਤ ਵਿਚ ਕਿਸੇ ਨਾ ਕਿਸੇ ਰੂਪ ਵਿਚ ਮਿਲ ਜਾਂਦੀਆਂ ਹਨ।

6. ਕਿੱਸਾ ਬਾਹਰਮੁਖੀ ਕਾਵਿ-ਵੰਨਗੀ ਹੈ।

7. ਕਿੱਸਾ ਬਿਰਤਾਂਤੀ ਕਾਵਿ ਦਾ ਸੁੰਦਰ ਨਮੂਨਾ ਹੈ।

8. ਕਿੱਸੇ ਦਾ ਵਰਗੀਕਰਣ ਇਉਂ ਹੈ—

ੳ) ਬੀਰ ਰਸੀ ਕਿੱਸੇ—ਬੀਰ ਰਸ ਦਾ ਵਰਣਨ ਪ੍ਰਧਾਨ ਰੂਪ ਵਿਚ ਕੀਤਾ ਜਾਂਦਾ ਹੈ। ਜੰਗ ਯੁਧ ਆ ਜਾਂਦਾ ਹੈ। ਜਿਵੇਂ ਸ਼ਾਹ ਮੁਹੰਮਦ ਦਾ ਕਿੱਸਾ, ਕਾਦਰ ਯਾਰ ਦਾ ਕਿੱਸਾ ਹਰੀ ਸਿੰਘ ਨਲੂਆ, ਆਦਿ ਇਸੇ ਸ਼ਰੇਣੀ ਦੇ ਕਿੱਸੇ ਹਨ।

ਅ) ਇਸ਼ਕੀਆ ਕਿੱਸੇ—ਪ੍ਰੀਤ ਜੋੜਿਆਂ ਦਾ ਵਰਣਨ ਪ੍ਰੀਤ ਦੇ ਪੱਖ ਤੋਂ ਕੀਤਾ ਹੁੰਦਾ ਹੈ। ਹੀਰ ਰਾਂਝਾ, ਸੋਹਣੀ ਮਹੀਂਵਾਲ, ਸਸੀ ਪੁੰਨੂੰ, ਆਦਿ ਇਸ ਕਿਸਮ ਦੇ ਕਿੱਸੇ ਹਨ।

ੲ) ਅਧਿਆਤਮਕ ਕਿੱਸੇ—ਇਹ ਧਾਰਮਿਕ ਕਿੱਸੇ ਹਨ। ਇਨ੍ਹਾਂ ਵਿਚ ਰਹੱਸਵਾਦੀ ਚਮਤਕਾਰ, ਅਧਿਆਤਮਕ ਵਾਤਾਵਰਣ, ਕਰਾਮਾਤਾਂ, ਆਦਿ ਵਿਸ਼ੇ ਆ ਜਾਂਦੇ ਹਨ। ਪੂਰਨ ਭਗਤ, ਭਰਥਰੀ, ਹਰੀ ਚੰਦ, ਗੋਪੀ ਚੰਦ, ਰੂਪ ਬਸੰਤ, ਆਦਿ ਇਸ ਪ੍ਰਕਾਰ ਦੇ ਕਿੱਸੇ ਹਨ।

ਸ) ਰੋਮਾਂਟਿਕ ਕਿੱਸੇ—ਇਨ੍ਹਾਂ ਵਿਚ ਪ੍ਰੀਤ ਮੁੱਖ ਵਿਸ਼ੇ ਨਹੀਂ ਹੁੰਦਾ। ਸਗੋਂ ਮੁੱਖ ਵਿਸ਼ੇ ਹੁੰਦਾ ਹੈ ਰੋਮਾਂਸ, ਅਦਭੁਤ ਕਾਰਨਾਮੇ। ਮੁਹੰਮਦ ਬਖ਼ਸ਼ ਦਾ ਸੈਫ਼ਲ ਮਲੂਕ, ਅਲਫ ਲੈਲਾ, ਰਾਜਾ ਰਸਾਲੂ, ਆਦਿ ਇਸ ਵੰਨਗੀ ਦੇ ਕਿੱਸੇ ਹਨ। ਅਸਲ ਵਿਚ ਇਸ ਪ੍ਰਕਾਰ ਦੇ ਕਿੱਸੇ ਹੀ ਨਿਰੋਲ ਕਿੱਸੇ ਕਹੇ ਜਾ ਸਕਦੇ ਹਨ। ਕਿਉਂਕਿ ਕਹਾਣੀ ਰਸ ਨੂੰ ਇਨ੍ਹਾਂ ਵਿਚ ਹੀ ਮੁੱਖ ਰਖਿਆ ਜਾਂਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

9. ਕਿੱਸਿਆਂ ਵਿਚ ਦੋ ਸ਼ੈਲੀਆਂ ਪ੍ਰਧਾਨ ਰਹੀਆਂ ਹਨ ।

ੳ) ਵਿਸਤ੍ਰਿਤ ਸ਼ੈਲੀ—ਇਸ ਵਿਚ ਮਨੁੱਖੀ ਸਮਾਜ ਦੀ ਸਮਕਾਲੀਨ ਪੂਰਨ ਤਸਵੀਰ ਖਿੱਚੀ ਮਿਲਦੀ ਹੈ । ਇਹ ਮਹਾਂ ਕਾਵਿ ਦੀ ਸ਼ੈਲੀ ਨਾਲ ਜਾ ਮੇਲ ਖਾਂਦੀ ਹੈ । ਅੰਤਰ ਕੇਵਲ ਇਹੀ ਹੁੰਦਾ ਹੈ ਕਿ ਮਹਾਂਕਾਵਿ ਨੂੰ ਕਾਂਡਾਂ ਵਿਚ ਵੰਡਿਆ ਜਾਂਦਾ ਹੈ ਜਦ ਕਿ ਅਜਿਹੇ ਕਿੱਸਿਆਂ ਨੂੰ ਸਿਰਲੇਖਾਂ ਤੇ ਉਪਸਿਰਲੇਖਾਂ ਵਿਚ । ਦਮੋਦਰ ਤੇ ਵਾਰਸ ਇਸ ਸ਼ੈਲੀ ਦੇ ਸ਼ੈਲੀਕਾਰ ਹਨ । ਇਸ ਨੂੰ ਵਿਆਸ ਸ਼ੈਲੀ ਵੀ ਕਿਹਾ ਜਾਂਦਾ ਹੈ ।

ਅ) ਸੂਤਰਕ ਸ਼ੈਲੀ— ਇਹ ਸੰਜਮੀ ਸ਼ੈਲੀ ਹੈ ਇਸ ਨੂੰ ਸਮਾਜ ਸ਼ੈਲੀ ਵੀ ਕਿਹਾ ਜਾਂਦਾ ਹੈ। ਪੀਲੂ, ਹਾਫ਼ਜ਼ ਬਰਖ਼ੁਰਦਾਰ, ਹਾਸ਼ਮ, ਆਦਿ ਸੂਤਰਕ ਜਾਂ ਸਮਾਜ ਸ਼ੈਲੀਏ ਹਨ ।

10. ਕਿੱਸੇ ਲੋਕ—ਪ੍ਰਿਯ ਛੰਦਾਂ ਜਿਹਾ ਕਿ ਸਦ, ਦਵੱਈਆ, ਬੈਂਤ, ਆਦਿ ਨੂੰ ਮੁਖ ਰੂਪ ਵਿਚ ਅਪਣਾਕੇ ਇਨ੍ਹਾਂ ਵਿਚ ਲਿਖੇ ਗਏ ਹਨ ।

11. ਕਿੱਸੇ ਲੋਕ—ਭਾਸ਼ਾ ਦਾ ਪ੍ਰਯੋਗ ਕਰਦੇ ਹਨ । ਲੋਕ ਭਾਸ਼ਾ ਦੀ ਸਾਹਿਤਕ ਵਰਤੋਂ ਇਨ੍ਹਾਂ ਕਿੱਸਿਆਂ ਦੀ ਵੱਡੀ ਵਿਸ਼ੇਸ਼ਤਾ ਹੈ ।

12. ਕਿੱਸਿਆਂ ਵਿਚ ਸਦਾਚਾਰਕ ਅੰਸ਼ ਪ੍ਰਧਾਨ ਰਹਿੰਦੇ ਹਨ । ਉੱਚੀ , ਸੁੱਚੀ ਤੇ ਸੱਚੀ ਪ੍ਰੀਤ ਦਾ ਪ੍ਰਗਟਾਵਾ ਕਿੱਸਿਆਂ ਦਾ ਵਿਸ਼ੈ ਬਣਿਆ ਹੈ । ਭਰਿਸ਼ਟ ਇਸ਼ਕ ਨਹੀਂ । ਇਸੇ ਲਈ ਹੀ ਜਦ ਹੀਰ ਫ਼ੀਰੋਜ਼ ਦੀਨ ਸ਼ਰਫ਼ ਦੇ ਸ਼ਬਦਾਂ ਵਿਚ ਰਾਂਝੇ ਨੂੰ ਕਹਿੰਦੀ ਹੈ—

"ਸੁਣ ਸੁਣ ਗੱਲਾਂ ਦਿਲ ਨੂੰ ਠੱਲ੍ਹਾਂ,
ਰੋਵਾਂ ਨੀਰ ਉਛੱਲ ।
ਜਿਥੇ ਹੋਵੇ ਕੋਈ ਨਾ ਵੈਰੀ,
ਉਸ ਨਗਰ ਨੂੰ ਚੱਲਾਂ ।"

ਤਾਂ ਰਾਂਝਾ ਵਾਰਸ ਸ਼ਾਹ ਦੇ ਸ਼ਬਦਾਂ ਵਿਚ ਜਵਾਬ ਦੇਂਦਾ ਹੈ—

"ਹੀਰੇ ਇਸ਼ਕ ਨਾ ਕਦੇ ਸੁਆਦ ਦੇਂਦੇ
ਨਾਲ ਚੋਰੀਆਂ ਅਤੇ ਉਧਾਲਿਆਂ ਦੇ ।"

ਅਤੇ ਵਾਰਸ ਦੀ ਕਹਾਣੀ ਵਿਚ ਹੀ ਜਦ ਰਾਂਝਾ ਕੋਟ ਕਪੂਰੇ ਦੀ ਕਰਾਮਾਤੀ ਘਟਨਾ ਤੋਂ ਹੀਰ ਪ੍ਰਾਪਤ ਕਰ ਲੈਂਦਾ ਹੈ ਤਾਂ ਉਸ ਨੂੰ ਜਦ ਤਖਤ ਹਜ਼ਾਰੇ ਲਿਜਾਣ ਲਗਦਾ ਹੈ—

"ਲੈ ਕੇ ਚਲਿਆ ਆਪਣੇ ਦੇਸ਼ ਤਾਈਂ, ਚਲ ਨਢੀਏ ਰਬ ਦਿਵਾਈਏ ਨੀ ।
ਚੌਧਰਾਣੀਏ ਤਖਤ ਹਜ਼ਾਰੇ ਦੀਏ, ਪੰਜਾਂ ਪੀਰਾਂ ਨੇ ਆਣ ਰਹਾਈਏ ਨੀ ।
ਕਢ ਖੇੜਿਆਂ ਥੀਂ ਰਬ ਦਿਤੀਏ ਨੀ, ਅਤੇ ਮੁਲਕ ਪਹਾੜ ਪਹੁੰਚਾਈਏ ਨੀ ।

ਤਾਂ ਹੀਰ ਜੋ ਸਦਾ ਉਧਲ ਜਾਣ ਲਈ ਤਤਪਰ ਸੀ ਹੁਣ ਅੜ ਖਲੋਂਦੀ ਹੈ —

ਹੀਰ ਆਖਿਆ ਏਵੇਂ ਜੇ ਜਾਇ ਵੜਸਾ, ਰੰਨਾਂ ਕਹਿਣ ਉਧਾ ਹੀ ਆਈਏ ਨੀ ।
ਪੇਕੇ ਸਹੁਰੇ ਡੋਬ ਕੇ ਗਾਲਿਓ ਨੇ, ਖੋਇ ਕੌਣ ਨਿਵਾਲਿਆਂ ਆਈਏ ਨੀ ।
ਲਾਵਾਂ ਫੇਰਿਆਂ ਅਕਦ ਨਿਕਾਹ ਬਾਝੋਂ, ਹੂਰ ਆਦਮੀ ਦੇ ਹੱਥ ਆਈਏ ਨੀ ।

ਕਾਦਰ ਯਾਰ ਦੇ ਕਿੱਸੇ ਵਿਚ ਪੂਰਨ ਅਡੋਲ ਕਹਿੰਦਾ ਹੈ । ਮੁਹੰਮਦ ਬਖ਼ਸ਼ ਦੇ ਕਿੱਸੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੈਫ਼ੁਲ ਮਲੂਕ ਵਿਚ ਸੈਫੁਲ ਮਲੂਕ ਨਾਇਕ ਪਰੀ ਬਦੀਅ ਜਮਾਲ ਦੇ ਇਸ਼ਕ ਤੋਂ ਬਿਨਾਂ ਕਿਸੇ ਹੋਰ ਇਸ਼ਕ ਨੂੰ ਕਬੂਲਦਾ ਹੀ ਨਹੀਂ। ਸਾਹਿਬਾਂ ਕੰਮੂ ਦਾ ਇਸ਼ਕ ਠੁਕਰਾਉਂਦੀ ਹੈ। ਸੋਹਣੀ ਵਿਆਹੀ ਜਾ ਕੇ ਵੀ ਮਹੀਂਵਾਲ ਦੀ ਹੀ ਹੋਕੇ ਰਹਿੰਦੀ ਹੈ ਹੀਰ ਵਾਂਗ। ਸਸੀ ਥਲਾਂ ਵਿਚ ਸੜ ਮਰਦੀ ਹੈ।

13. ਕਿੱਸਿਆਂ ਦਾ ਆਰੰਭ ਮੰਗਲਾਚਰਣ ਤੋਂ ਹੁੰਦਾ ਹੈ—

1. "ਅੱਵਲ ਨਾਮ ਸਾਹਿਬ ਦਾ ਲਈਏ,
ਜਿਨ ਇਹ ਜਗਤ ਉਪਾਇਆ।" (ਦਮੋਦਰ)

2. "ਅੱਵਲ ਹਮਦ ਖੁਦਾਇ ਦਾ ਵਿਰਦ ਕੀਚੈ,
ਇਸ਼ਕ ਕੀਤਾ ਸੂ ਜਗ ਦਾ ਮੂਲ ਮੀਆਂ।" (ਵਾਰਸ)

3. ਅੱਵਲ ਹਮਦ ਜਨਾਬ ਅੱਲਾ ਦੀ ਨੂੰ
ਕਿਹੜਾ ਕੁਦਰਤੀ ਖੇਲ ਬਣਾਂਵਦਾ ਈ। (ਸ਼ਾਹ ਮੁਹੰਮਦ)

14. ਪ੍ਰੋ. ਕਿਰਪਾਲ ਸਿੰਘ ਕੋਮਲ(ਪੁਰਾਤਨ ਕਾਵਿ,ਸੰਪਾਦਨਾਂ ਪੰਜਾਬ ਯੂਨੀਵਰਸਿਟੀ) ਰੱਬ ਦੀ ਮੁਨਕਰਤਾ ਤੋਂ ਕਿੱਸਿਆਂ ਦਾ ਆਰੰਭ ਮੰਨਦਾ ਹੈ, ਪਰੰਤੂ ਇਹ ਗੱਲ ਨਹੀਂ ਹੈ। ਅਸਾਂ ਉਪਰ ਉਦਾਹਰਣਾਂ ਵਿਚ ਵੇਖਿਆ ਹੈ ਕਿੱਸੇ ਮੰਗਲਾਚਰਣ ਨਾਲ ਆਰੰਭ ਹੁੰਦੇ ਹਨ। ਕਿੱਸੇ ਰੱਬ ਦੇ ਭਰੋਸੇ ਵਿਸ਼ਵਾਸ ਤੇ ਉਸਰਦੇ ਹਨ। ਦਮੋਦਰ ਤੇ ਵਾਰਸ ਵਰਗੇ ਆਤਮਕ ਭੇਦ ਪ੍ਰਗਟਾ ਜਾਂਦੇ ਹਨ ਕਿੱਸਿਆਂ ਵਿਚ। ਕਿੱਸੇ ਤਾਂ ਔਰਤ ਦੀ ਵਕੀਲੀ ਕਰਨ ਲਈ ਸ਼ੁਰੂ ਹੋਏ ਸਨ ਪਰ ਹੈਰਾਨੀ ਵਾਲੀ ਗੱਲ ਇਹ ਹੈ ਕਿ ਜਦ ਕਿੱਸਿਆਂ ਵਿਚ ਰੰਨ ਭੰਡੀ ਵਧ ਗਈ ਤਾਂ ਇਨ੍ਹਾਂ ਦਾ ਭੋਗ ਪੈ ਗਿਆ।

15. ਕਿੱਸਿਆਂ ਵਿਚ ਅਟੱਲ ਸਚਾਈਆਂ ਦਾ ਬਿਆਨ ਹੁੰਦਾ ਹੈ—

1. "ਇਸ਼ਕ ਲਤਾੜੇ ਆਦਮੀ, ਬਰਫ਼ ਲਤਾੜੇ ਰੁੱਖ।
ਨੀਂਦ ਨ ਆਉਂਦੀ ਚੋਰ ਨੂੰ, ਆਸ਼ਕ ਨਾ ਲੱਗੇ ਭੁੱਖ।" (ਪੀਲੂ)

2. ਏਥੇ ਆਇਆਂ ਨੂੰ ਦੁਨੀਆਂ ਮੋਹ ਲੈਂਦੀ,
ਦਗੇ ਬਾਜ ਦਾ ਧਾਰਕੇ ਭੇਸ ਮੀਆਂ।
ਸਦਾ ਨਹੀਂ ਜਵਾਨੀ ਤੇ ਐਸ਼ ਮਾਪੇ,
ਸਦਾ ਨਹੀਂ ਜੇ ਵਾਲ ਵਰੇਸ ਮੀਆਂ।
ਸ਼ਾਹ ਮੁਹੰਮਦਾ ਸਦਾ ਨਾ ਰੂਪ ਦੁਨੀਆਂ,
ਸਦਾ ਰਹਿਣ ਨਾ ਕਾਲੜੇ ਕੇਸ ਮੀਆਂ।

16. ਕਿੱਸਿਆਂ ਵਿਚ ਤਸੱਵਫ਼ ਦਾ ਰੰਗ ਦਿਸ ਪੈਂਦਾ ਹੈ। ਦਮੋਦਰ ਦੀ ਹੀਰ ਵਿਚ ਇਸ਼ਕ ਮਜ਼ਾਜੀ ਤੇ ਇਸ਼ਕ ਹਕੀਕੀ ਗਲਵਕੜੀ ਪਾਉਂਦੇ ਹਨ—

ਉਲਟੀ ਹੀਰ ਹੀਰੇ ਵਿਚ ਰਾਂਝਾ, ਹਾਲ ਨਾ ਜਾਣੇ ਕੋਈ।
ਰਾਂਝਾ ਰਾਂਝਾ ਮੈਂ ਕੈਨੂੰ ਆਖਾਂ, ਆਪੇ ਰਾਂਝਾ ਹੋਈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਾਰਸ ਵੀ ਆਪਣੇ ਕਿੱਸੇ ਨੂੰ ਦੁਆਰਥੀ ਬਣਾ ਜਾਂਦਾ ਹੈ —

ਹੀਰ ਰੂਹ ਤੇ ਰਾਂਝਾ ਕਲਬੂਤ ਜਾਣੋ ।

17. ਕਿੱਸਿਆਂ ਵਿਚ ਸਵੈ ਜੀਵਨੀ ਦੇ ਅੰਸ਼ ਮਿਲਦੇ ਹਨ । ਕਿੱਸਾਕਾਰ ਆਪਣਾ ਹੀ ਦਰਦ ਗਾ ਰਹੇ ਹਨ । ਗੁਲਾਮ ਰਸੂਲ ਲਿਖਦਾ ਹੈ—

1. ਲਿਖਾਂ ਮੈਂ ਦਰਦ ਆਪਣੇ ਦਾ ਫ਼ਸਾਨਾ ।
ਸਸੀ ਪੁੰਨੂੰ ਦਾ ਕਰ ਬਹਾਨਾ ।

2. ਹੱਥ ਪਕੜ ਜੁਤੀ ਮੋਢੇ ਮਾਰ ਬੁਕਲ,
ਰਾਂਝਾ ਹੋ ਟੁਰਿਆ ਵਾਰਸ ਸ਼ਾਹ ਜੇਹਾ ।

3. ਹਾਸ਼ਮ ਨਾਲ ਤੇਰੇ ਕੀ ਬੀਤੀ ਤੂੰ ਨ ਕਰ ਬਾਤ ਪਰਾਈ ।

18. ਕਿੱਸੇ ਵਿਚ ਨਾਇਕ ਤੇ ਨਾਇਕਾ ਅਤੇ ਉਨ੍ਹਾਂ ਨਾਲ ਸੰਬੰਧਤ ਪਾਤਰਾਂ ਦਾ ਪਾਤਰ ਚਿਤਰਨ ਕੀਤਾ ਜਾਂਦਾ ਹੈ । ਇਹ ਉੱਚ ਪੱਧਰ ਦਾ ਹੋਣਾ ਚਾਹੀਦਾ ਹੈ ਅਤੇ ਹੁੰਦਾ ਵੀ ਹੈ । ਜੀਵਨ ਵਿਚ ਔਕੜਾਂ ਬੜੀਆਂ ਭਿਆਣਕ ਰੂਪ ਧਾਰ ਕੇ ਆਉਂਦੀਆਂ ਹਨ ਅਤੇ ਨਾਇਕ ਨਾਇਕਾ ਉਨ੍ਹਾਂ ਦਾ ਡੱਟ ਕੇ ਮੁਕਾਬਲਾ ਕਰਦੇ ਹਨ । ਇਹੀ ਪ੍ਰਣ ਦ੍ਰਿੜਾਇਆ ਜਾਂਦਾ ਹੈ —

ਵਾਰਸ ਸ਼ਾਹ ਨਾ ਮੁੜਾਂਗੀ ਰਾਂਝਣੇ ਤੋਂ
ਭਾਵੇਂ ਬਾਪ ਦੇ ਬਾਪ ਦਾ ਬਾਪ ਆਵੇ ।

ਪੀਲੂ ਦੀ ਸਾਹਿਬਾਂ, ਹਾਸ਼ਮ ਦੀ ਸਸੀ, ਫ਼ਜ਼ਲ ਸ਼ਾਹ ਦੀ ਸੋਹਣੀ ਇਸੇ ਪੱਖ ਤੋਂ ਉਸਾਰੀਆਂ ਗਈਆਂ ਹਨ ।

19. ਕ੍ਰਿੱਸਿਆਂ ਵਿਚ ਪੰਜਾਬੀ ਆਲੋਚਨਾ ਨੇ ਜਨਮ ਲਿਆ ਹੈ । ਅਹਿਮਦਯਾਰ, ਮੁਹੰਮਦ ਬਖਸ਼, ਆਦਿ ਨੇ ਆਪਣੇ ਤੋਂ ਪਹਿਲਾਂ ਹੋਏ ਕ੍ਰਿਸਾਕਾਰਾਂ ਦੀ ਸਮਾਲੋਚਨਾ ਦਿਤੀ ਹੈ ।

20. ਕਿੱਸਿਆਂ ਵਿਚ ਸਮਾਜਿਕ ਯਥਾਰਥ ਦਾ ਵਰਣਨ, ਆਰਥਿਕ ਤੇ ਸਭਿਆ-ਚਾਰਕ ਪੱਖ ਉਘੜ ਕੇ ਸਾਹਮਣੇ ਆਉਂਦੇ ਹਨ । ਕਿੱਸੇ ਸਭਿਆਚਾਰ ਦਾ ਦਰਪਣ ਹਨ ।

21. ਕਿੱਸਾ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਬਹੁਤ ਦੂਰ ਤਕ ਚਲਿਆ ਹੈ । ਆਧੁਨਿਕ ਕਾਲ ਤਕ ਆ ਪਹੁੰਚਦਾ ਹੈ । ਅੰਤ ਸਮੇਂ ਦਾ ਰੰਗ ਪਛਾਣਦਾ ਹੋਇਆ ਆਪਣੀ ਗੱਦੀ ਮਹਾਂ ਕਾਵਿ ਨੂੰ ਸੌਂਪ ਕੇ ਅਤੇ ਬਹੁਤ ਸਾਰੇ ਆਪਣੇ ਚੇਲੇ ਚਾਟੜੇ ਹੋਰ ਵੀ ਥਾਪ ਕੇ ਅਲੋਪ ਹੋ ਜਾਂਦਾ ਹੈ । ਭਾਵ ਕਈ ਸਾਹਿਤਕ ਰੂਪਾਂ ਨੂੰ ਜਨਮ ਦੇ ਜਾਂਦਾ ਹੈ । ਜਿਹਾ ਕਿ ਕਿੱਸਿਆਂ ਵਿਚਲੇ ਜੀਵਨੀ ਤੇ ਸਵੈ ਜੀਵਨੀ ਦੇ ਅੰਸ਼ਾਂ ਨੇ ਜੀਵਨੀ ਤੇ ਸਵੈ ਜੀਵਨੀ ਨੂੰ, ਕਿੱਸਿਆਂ ਵਿਚਲੀ ਨਾਟਕੀ ਵਾਰਤਾ ਲਾਪ ਨੇ ਨਾਟਕ ਨੂੰ, ਪਾਤਰ ਉਸਾਰੀ ਨੇ ਮਹਾਂ ਕਾਵਿ ਨੂੰ, ਲੰਮੀ ਕਹਾਣੀ ਨੇ ਨਾਵਲ ਕਹਾਣੀ ਨੂੰ, ਆਦਿ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਦਿ ਕਾਲ ਦੀ ਵਾਰਤਕ

ਆਦਿ ਕਾਲ ਵਿਚ ਵਾਰਤਕ ਵੀ ਕਵਿਤਾ ਦੇ ਨਾਲ ਨਾਲ ਵਿਕਸਿਤ ਹੋਈ ਹੈ।

ਕਿਸੇ ਭਾਸ਼ਾ ਦੀ ਅਮੀਰੀ ਦਾ ਅਨੁਮਾਨ ਉਸ ਦੀ ਵਾਰਤਕ ਤੋਂ ਲਗਾਇਆ ਜਾਂਦਾ ਹੈ। ਸੋ ਵਾਰਤਕ ਦੀ ਮਹਾਨਤਾ ਸਾਹਿਤ ਵਿਚ ਬਹੁਤ ਵਡੇਰੀ ਹੈ।

ਭਾਸ਼ਾ ਵਿਚ ਕਵਿਤਾ ਪਹਿਲਾਂ ਹੋਂਦ ਵਿਚ ਆਉਂਦੀ ਹੈ ਅਤੇ ਵਾਰਤਕ ਪਿਛੋਂ। ਇਹ ਸ਼ਾਇਦ ਇਸ ਕਰਕੇ ਕਿ ਕਵਿਤਾ ਨਾਲੋਂ ਵਾਰਤਕ ਲਿਖਣੀ ਔਖੀ ਹੁੰਦੀ ਹੈ। ਪ੍ਰੋ. ਪੂਰਨ ਸਿੰਘ ਵੀ ਇਸੇ ਖਿਆਲ ਨੂੰ ਪੇਸ਼ ਕਰਦਾ ਲਿਖਦਾ ਹੈ—

"ਪੁਰਾਤਨ ਜਨਮ ਸਾਖੀ ਜਿਹੜੀ ਕੋਲ ਬ੍ਰੂਕ ਸਾਹਿਬ ਨੇ ਈਸਟ ਇੰਡੀਆ ਕੰਪਨੀ ਨੂੰ ਲੱਭ ਕੇ ਭੇਟ ਕੀਤੀ ਅਰ ਹੁਣ ਸੋਧ ਕੇ ਵਜ਼ੀਰ ਹਿੰਦ ਪ੍ਰੈਸ ਵਿਚ ਭਾਈ ਸਾਹਿਬ ਨੇ ਛਾਪੀ ਹੈ, ਦੇ ਪੜ੍ਹਨ ਨਾਲ ਪਤਾ ਲਗਦਾ ਹੈ ਕਿ ਨਸਰ ਲਿਖਣੀ ਕਿੱਡੀ ਮੁਸ਼ਕਲ ਹੈ। ਨਜ਼ਮ ਵਿਚ ਤਾਂ ਤੁਕਬੰਦੀ ਯਾ ਰਾਗ ਅਲਾਪ ਦੀ ਸਹਾਇਤਾ ਮਿਲਕੇ ਮਾਮੂਲੀ ਖ਼ਿਆਲ ਵੀ ਪਰ ਲਾ ਉੱਡ ਪੈਂਦੇ ਹਨ ਤੇ ਰਹਿਣੀ ਕਰਨੀ ਥੀਂ ਵਾਂਜੇ ਲਫਜ਼ਾਂ ਨੂੰ ਹੇਰ ਫੇਰ ਜੋੜਨ ਵਾਲੇ ਵੀ ਕਵੀ ਕਹਿਲਾ ਸਕਦੇ ਹਨ, ਪਰ ਨਸਰ ਲਿਖਣੀ ਕਠਿਨ ਹੈ, ਕਿਉਂਕਿ ਇਥੇ ਰੂਹ ਤੇ ਦਿਮਾਗ ਦੀ ਨੰਗੀ ਤਸਵੀਰ ਖਿੱਚੀਂਦੀ ਹੋਈ।"

ਗੋਰਕੀ ਲਿਖਦਾ ਹੈ ਕਿ ਕਿਸੇ ਭਾਸ਼ਾ ਦੇ ਸਾਹਿਤ ਦਾ ਇਤਿਹਾਸ ਉਸ ਦੇ ਲੋਕ ਸਾਹਿਤ ਤੋਂ ਸ਼ੁਰੂ ਹੁੰਦਾ ਹੈ। ਜਿੱਥੇ ਇਹ ਕਥਨ ਪੰਜਾਬੀ ਕਾਵਿਤਾ ਉੱਤੇ ਢੁਕਦਾ ਹੈ ਉੱਥੇ ਪੰਜਾਬੀ ਵਾਰਤਕ ਵੀ ਇਸ ਕਥਨ ਅਨੁਸਾਰ ਲੋਕ ਕਥਾਵਾਂ, ਲੋਕੋਕਤੀਆਂ, ਪੁਰਾਣ-ਕਥਾ, ਦੰਦ-ਕਥਾ, ਬਾਤਾਂ, ਅਖਾਣ, ਮੁਹਾਵਰੇ ਆਦਿ ਤੋਂ ਹੀ ਆਰੰਭ ਹੁੰਦੀ ਹੈ।

ਆਦਿ ਕਾਲ ਦੀਆਂ ਹੇਠ ਲਿਖੀਆਂ ਵਾਰਤਕ ਰਚਨਾਵਾਂ ਪ੍ਰਾਪਤ ਹਨ—

1. ਗੋਰਖ ਉਪਨਿਸ਼ਦ — ਇਸ ਦੀ ਭਾਸ਼ਾ ਪੰਜਾਬੀ ਨਹੀਂ ਲੱਗਦੀ। ਨਰਿੰਦਰ ਧੀਰ ਨੇ ਇਸ ਨੂੰ ਗੋਰਖ ਨਾਥ ਦੀ ਰਚਨਾ ਮੰਨਿਆ ਹੈ। ਪਰ ਇਹ ਰਚਨਾ ਅਜੇ ਖੋਜ ਦੀ ਮੁਹਥਾਜ ਹੈ। ਬੋਲੀ ਅਪਭ੍ਰੰਸ਼ ਹੈ।

2. ਸ਼ੇਖ ਫ਼ਰੀਦ ਦਾ ਪੱਧਤੀ ਨਾਮਾ—ਇਸ ਰਚਨਾ ਦਾ ਖਰੜਾ ਪਹਿਲੀ ਵਾਰ ਪ੍ਰੋ. ਪ੍ਰੀਤਮ ਸਿੰਘ ਨੇ ਕਾਂਸ਼ੀ ਵਿਚੋਂ ਪ੍ਰਾਪਤ ਕਰਕੇ ਪੇਸ਼ ਕੀਤਾ। ਇਸ ਰਚਨਾ ਵਿਚ ਰੰਗਨ ਮੁਲਤਾਨੀ ਹੈ ਅਤੇ ਉਰਦੂ ਸ਼ਬਦਾਵਲੀ ਦੀ ਭਰਮਾਰ। ਵਿਚਾਰਧਾਰਾ ਫ਼ਰੀਦ ਨਾਲ ਮੇਲ ਖਾਂਦੀ ਹੈ। ਬੋਲੀ ਵਿਚ ਫ਼ਾਰਸੀ ਪ੍ਰਧਾਨ ਹੈ।

3. ਪ੍ਰਾਣ ਸੰਗਲੀ—ਇਸ ਰਚਨਾ ਨੂੰ ਗੁਰੂ ਨਾਨਕ ਦੇਵ ਜੀ ਦੇ ਨਾਂ ਨਾਲ ਜੋੜਿਆ ਗਿਆ ਹੈ। ਇਸ ਵਿਚ ਕਵਿਤਾ ਦੇ ਨਾਲ ਵਾਰਤਕ ਦੇ ਵੀ ਕੁਝ ਨਮੂਨੇ ਮਿਲਦੇ ਹਨ। ਰਵਾਇਤ ਹੈ ਕਿ ਗੁਰੂ ਅਰਜਨ ਦੇਵ ਜੀ ਦੀ ਪਰਖ ਕਸਵਟੀ ਨੂੰ ਇਸ ਨੇ ਗੁਰੂ ਜੀ ਦੀ ਰਚਨਾ ਨਹੀਂ ਮੰਨਿਆ। ਡਾ. ਸੁਰਿੰਦਰ ਸਿੰਘ ਕੋਹਲੀ ਨੇ ਇਸ ਵਿਚੋਂ ਆਪਣੀ ਪੁਸਤਕ 'ਪੁਰਾਤਨ ਪੰਜਾਬੀ ਵਾਰਤਕ' ਵਿਚ 'ਸਾਖੀ ਵੇਦ ਸਦਾਏ' ਦੀ ਟੂਕ ਵੀ ਦਿੱਤੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

4. ਏਕਾਦਸ਼ੀ ਮਹਾਤਮ—ਡਾ. ਤਰਲੋਚਨ ਸਿੰਘ ਬੇਦੀ ਨੇ ਇਸ ਦਾ ਹਵਾਲਾ ਦੇਂਦਿਆਂ ਇਸ ਨੂੰ 13ਵੀਂ ਸਦੀ ਦੀ ਰਚਨਾ ਮੰਨਿਆ ਹੈ। ਕਈ ਵਿਦਵਾਨ ਇਸ ਨਾਲ ਸਹਿਮਤ ਨਹੀਂ ਹਨ। ਪਰ ਫਿਰ ਵੀ ਇਸ ਦੀ ਰਚਨਾ ਪੁਰਾਤਨ ਹੈ। ਗੋਰਖ ਉਪਨਿਸ਼ਦ ਤੇ ਪਧਤੀ ਨਾਮਾ ਤੋਂ ਵੀ ਪਹਿਲਾਂ ਦੀ ਬੋਲੀ। ਇਸ ਵਿਚ ਲਹਿੰਦੀ ਪੰਜਾਬੀ ਤੇ ਪਹਾੜੀ ਬੋਲੀ ਹੈ। ਪੋਠੋਹਾਰੀ ਰੰਗ ਵੀ ਹੈ।

5. ਸਾਖੀਆਂ—ਸਾਖੀ ਵਾਰਤਕ ਦਾ ਵਿਸ਼ੇਸ਼ ਰੂਪ ਹੈ।

1. ਪੁਰਾਤਨ ਜਨਮ ਸਾਖੀ—ਇਹ ਲਹਿੰਦੀ ਉਪਭਾਸ਼ਾ ਵਿਚ ਹੈ। ਵਾਰਤਕ ਵਿਚ ਕਾਵਿਕ ਗੁਣ ਹੈ। ਭਾਸ਼ਾ ਵਿਚ ਸੰਜਮ ਤੇ ਸਰਲਤਾ ਹੈ। ਇਸ ਦੇ ਕਰਤਾ ਬਾਰੇ ਕੋਈ ਗਿਆਨ ਨਹੀਂ। ਇਸ ਵਿਚ 57 ਸਾਖੀਆਂ ਹਨ। ਭਾਈ ਵੀਰ ਸਿੰਘ ਨੇ ਇਸਦੀ ਸੰਪਾਦਨਾ ਕੀਤੀ ਹੈ। ਆਖੋ ਭਾਈ ਜੀ ਵਾਹਿਗੁਰੂ ਆਮ ਸਾਖੀਆਂ ਵਿਚ ਦੁਹਰਾਇਆ ਹੈ।

2. ਸੋਢੀ ਮਿਹਰਬਾਨ ਵਾਲੀ ਜਨਮ ਸਾਖੀ—ਇਹ 1640 ਦੀ ਰਚਨਾ ਹੈ ਅਤੇ ਇਸ ਦੇ 575 ਪ੍ਰਸੰਗ ਹਨ। ਇਹ ਰਚਨਾ ਪ੍ਰਿਥੀ ਚੰਦ ਦੇ ਸਪੁੱਤਰ ਮਿਹਰਬਾਨ ਦੀ ਰਚਨਾ ਹੈ। ਇਸ ਦੇ ਅੱਧੇ ਪ੍ਰਸੰਗ ਹੀ ਪ੍ਰਾਪਤ ਹਨ। ਇਸ ਦੀਆਂ ਸਾਖੀਆਂ ਪੁਰਾਤਨ ਜਨਮ ਸਾਖੀਆਂ ਨਾਲ ਮਿਲਦੀਆਂ ਹਨ।

3. ਭਾਈ ਬਾਲੇ ਵਾਲੀ ਜਨਮ ਸਾਖੀ—ਡਾ. ਸੁਰਿੰਦਰ ਸਿੰਘ ਕੋਹਲੀ ਇਸਨੂੰ ਸਰਵ ਪ੍ਰਥਮ ਖਿਆਲ ਕਰਦੇ ਹਨ। ਭਾਈ ਬਾਲਾ ਗੁਰੂ ਨਾਨਕ ਦੇਵ ਜੀ ਦਾ ਨਿਕਟ ਵਰਤੀ ਸੀ। ਗੁਰੂ ਅੰਗਦ ਦੇਵ ਜੀ ਨੇ ਆਪਣੀ ਹਜ਼ੂਰੀ ਵਿਚ ਇਸ ਨੂੰ ਪੈੜੇ ਮੋਖੇ ਤੋਂ ਲਿਖਵਾਇਆ।

4. ਜਨਮ ਸਾਖੀ ਭਾਈ ਕਬੀਰ ਜੀ ਵਿਚ 25 ਸਾਖੀਆਂ ਹਨ।

5. ਸ਼ੰਭੂ ਨਾਥ ਵਾਲੀ ਜਨਮ ਪਤ੍ਰੀ (ਆਦਿ ਸਾਖੀਆਂ)

6. ਭਾਈ ਬਿਧੀ ਚੰਦ ਵਾਲੀ ਜਨਮ ਸਾਖੀ (ਹੰਦਾਲੀਆਂ ਦੀ ਜਨਮ ਸਾਖੀ)

7. ਗੋਸ਼ਟਾਂ—ਇਸ ਵਿਚ ਗੁਰੂ ਨਾਨਕ ਦੇਵ ਜੀ ਦੀਆਂ ਅਜਿਤੇ ਰੰਧਾਵੇ, ਰਾਜਾ ਜਨਕ, ਨਿਰੰਕਾਰ, ਕਲਜੁਗ ਅਤੇ ਕਾਰੂੰ ਨਾਲ ਇਤਿਹਾਸਕ ਤੇ ਕਲਪਤ ਗੋਸ਼ਟਾਂ ਹਨ। ਬਾਬੇ ਲਾਲ ਤੇ ਦਾਰਾ ਸ਼ਕੋਹ ਵਿਚਕਾਰ ਵੀ ਗੋਸ਼ਟ ਮਿਲਦੀ ਹੈ। ਭਾਰਤੀ ਸਾਹਿਤ ਵਿਚ ਗੋਸ਼ਟਾਂ ਦਾ ਵਿਸ਼ੇਸ਼ ਸਥਾਨ ਹੈ।

8. ਜਪ ਪਰਮਾਰਥ

9. ਮਸਲੇ ਸ਼ੇਖ ਫ਼ਰੀਦ ਕੇ ਵਿਚ ਫਰੀਦ ਜੀ ਦੇ ਜੀਵਨ ਦੀਆਂ ਕੁਝ ਝਾਕੀਆਂ ਦਿੱਤੀਆਂ ਗਈਆਂ ਹਨ। ਇਹ ਸਿਖਿਆ ਦਾਇਕ ਹਨ।

10. ਹਾਜ਼ਰਨਾਮਾ

11. ਗੀਤਾ ਮਹਾਤਮ (ਛਜੂ ਭਗਤ ਦਾ) ਵਾਰਤਕ ਦੀ ਉੱਤਮ ਵੰਨਗੀ ਹੈ।

12. ਹੁਕਮਨਾਮੇ ਆਦਿ।

13. ਨਸੀਹਤ ਨਾਮੇ ਵੀ ਪੰਜਾਬੀ ਸਾਹਿਤ 'ਚ ਵਿਸ਼ੇਸ਼ ਥਾਂ ਰਖਦੇ ਹਨ।

ਇਸ ਉਪਰੋਕਤ ਵਾਰਤਕ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਇਹ ਹਨ—ਇਹ ਵਾਰਤਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬੋਲਚਾਲ ਦੇ ਨੇੜੇ ਹੈ। ਸ਼ਬਦਾਵਲੀ ਲੋਕ-ਭਾਸ਼ਾ ਨਾਲ ਮੇਲ ਖਾਂਦੀ ਹੈ। ਸਥਾਨਕ ਬੋਲੀ ਤੇ ਉਪ ਭਾਸ਼ਾ ਦੇ ਸ਼ਬਦ ਮਿਲਦੇ ਹਨ। ਵਾਕ ਛੁਟੇਰੇ ਹਨ ਤੇ ਚੁਸਤ ਹਨ। ਕੁਝ ਸ਼ਬਦਾਂ ਦਾ ਦੁਹਰਾਉ ਹੈ। ਇਹਨਾਂ ਵਿਚ ਬਿਰਤਾਂਤੀ ਤੇ ਵਾਰਤਾਲਾਪੀ ਸ਼ੈਲੀ ਦੇ ਨਮੂਨੇ ਮਿਲਦੇ ਹਨ।

ਪੰਜਾਬੀ ਵਾਰਤਕ ਦੇ ਮੁੱਢ ਬਾਰੇ ਅਸੀਂ ਪ੍ਰੋ. ਪੂਰਨ ਸਿੰਘ ਦੇ ਸ਼ਬਦ ਚੇਤੇ ਕਰਦੇ ਹਾਂ ਜੋ ਬੜੇ ਢੁਕਦੇ ਹਨ।

"ਪੰਜਾਬੀ ਦਾ ਸਾਹਿਤਯ ਗੁਰੂ ਨਾਨਕ ਦੇਵ ਜੀ ਦੇ ਮੰਦਰਾਂ ਦੇ ਆਲੇ-ਦੁਆਲੇ ਬ੍ਰਿਛਾਂ ਦੀਆਂ ਛਾਵਾਂ ਵਿਚ ਪਲਿਆ। ਨਸਰ ਉਨ੍ਹਾਂ ਲੋਕਾਂ ਨੇ ਪਹਿਲੀ ਵਾਰ ਲਿਖੀ ਜਿਨ੍ਹਾਂ ਦੇ ਹੋਂਠ ਗੁਰੂ ਸਾਹਿਬ ਦੇ ਪਿਆਰ-ਅੰਮ੍ਰਿਤ ਨਾਲ ਸਿੰਜੇ ਗੁਲਾਬਾਂ ਦੀਆਂ ਪੱਤੀਆਂ ਵਾਂਙ ਸਿਫ਼ਤ-ਸ਼ਮੀਰ ਨਾਲ ਹਿਲਦੇ ਸਨ।"

ਆਦਿ ਕਾਲ ਦੀ ਵਾਰਤਕ ਦੀ ਮੁਖ ਸੁਰ ਅਧਿਆਤਮਕ ਤੇ ਉਪਦੇਸ਼ਾਤਮਕ ਹੈ। ਗੁਰੂ ਸਾਹਿਬਾਂ ਦੀ ਬਾਣੀ ਦੇ ਟੀਕੇ ਤੇ ਪਰਮਾਰਥ ਉਨ੍ਹਾਂ ਦੇ ਸ਼ਬਦਾਂ ਦੇ ਅੰਤ੍ਰੀਵ ਭਾਵਾਂ ਨੂੰ ਪੇਸ਼ ਕਰਦੇ ਹਨ। ਬਚਨ, ਕੌਲ, ਸੁਖਨ, ਆਦਿ ਤੇ ਸੱਤ ਬਚਨ ਹਨ। 'ਟੀਕਾ ਵੇਦਾਂਤ ਸਾਰ' ਰਚਨਾ ਵੀ ਅਨੁਵਾਦਿਤ ਵਾਰਤਕ ਦੀ ਉੱਤਮ ਕਿਰਤ ਹੈ। ਗੋਸ਼ਟਾਂ ਜਗਿਆਸੂਆਂ ਦੇ ਸ਼ੰਕਿਆਂ ਦੀ ਨਿਸ਼ਾ ਕਰਦੀਆਂ ਹਨ। ਵਿਆਖਿਆ ਮਈ ਵਾਰਤਕ ਦਾ ਉੱਤਮ ਨਮੂਨਾ ਹਨ। ਗੁਰੂ ਸਾਖੀਆਂ ਵਿਚ ਗੁਰੂ ਨਾਨਕ ਦੇਵ ਜੀ ਦੇ ਜੀਵਨ ਤੇ ਬਚਨਾਂ ਦੀ ਵਿਆਖਿਆ ਮਿਲਦੀ ਹੈ। ਅਨੇਕਾਂ ਉਲੇਖ ਕੀਤੇ ਮਿਲਦੇ ਹਨ। ਜਨਮ ਪਤਰੀਆਂ ਪਰਚੀਆਂ ਵੀ ਪ੍ਰਾਪਤ ਹੋਈਆਂ ਹਨ।

ਨਾ ਕੇਵਲ ਇਸ ਕਾਲ ਵਿਚ ਵਾਰਤਕ ਦਾ ਜਨਮ ਹੀ ਹੋਇਆ, ਸਗੋਂ ਪੰਜਾਬੀ ਵਾਰਤਕ ਪ੍ਰਫੁਲਤ ਵੀ ਹੋਈ। ਵਾਰਤਕ ਦੀਆਂ ਅਨੇਕ ਵੰਨਗੀਆਂ ਹੋਂਦ ਵਿਚ ਆਈਆਂ। ਇਸ ਦੇ ਕਈ ਰੂਪਾਂ ਦੇ ਕਰੂੰਬਲਾ ਕਢੀਆਂ ਤੇ ਵਧੇ ਫੁਲੇ ਵੀ। ਚੋਖੀ ਮਾਤਰਾ ਵਿਚ ਵਾਰਤਕ ਦੀ ਰਚਨਾ ਹੋਈ। ਨਾ ਕੇਵਲ ਰਚਨਾਹੀ ਹੋਈ, ਸਗੋਂ ਕਲਾ ਪੱਖੋਂ ਵੀ ਵਾਰਤਕ ਨੇ ਵਿਕਾਸ ਵਿਖਾਇਆ ਹੈ। ਡਾ. ਰਤਨ ਸਿੰਘ ਜੱਗੀ ਨੇ ਪੁਰਾਤਨ ਜਨਮ ਸਾਖੀ ਵਿਚ ਕਹਾਣੀ, ਜੀਵਨੀ ਤੇ ਨਾਟਕ ਅੰਗੜਾਈ ਲੈਂਦੇ ਦਸੇ ਹਨ। ਜਨਮ ਸਾਖੀਆਂ ਵਿਚੋਂ ਹੀ ਕਹਾਣੀਆਂ, ਜੀਵਨੀਆਂ ਤੇ ਨਾਟਕ ਫੁੱਟੇ ਹਨ। ਕਿਉਂਕਿ ਜਨਮ ਸਾਖੀਆਂ ਦੀ ਵਾਰਤਕ ਵਾਰਤਾਲਾਪੀ ਹੈ, ਨਾਟਕੀ ਹੈ, ਕਹਾਣੀ ਰੂਪਾਂ ਵਿਚ ਹੈ। ਵਾਰਤਕ ਸੰਬੋਧਨੀ ਹੈ। ਪਾਠਕਾਂ ਨਾਲ ਸਿੱਧਾ ਰਿਸ਼ਤਾ ਜੋੜਦੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਰੂ ਨਾਨਕ ਬਾਣੀਆਂ

ਗੁਰੂ ਨਾਨਕ ਦੀ ਸਾਹਿਤਕ ਪਰੰਪਰਾ

ਗੁਰੂ ਨਾਨਕ ਬਾਣੀ ਸਾਹਿਤ ਦਾ ਗਹਿਰਾ ਸਾਗਰ ਹੈ ਜੋ ਸਾਹਿਤ ਰਤਨਾਂ ਨਾਲ ਮਾਲਾ ਮਾਲ ਹੈ। ਸਾਹਿਤਕ ਪਰੰਪਰਾਵਾਂ ਦੀ ਇਸ ਵਿਚ ਬੜੀ ਭਰਪੂਰ ਤੇ ਅਮੀਰ ਪ੍ਰਵਾਹ ਗਤੀ ਵੇਖਣ ਨੂੰ ਮਿਲਦੀ ਹੈ।

ਭਾਰਤ ਇਕ ਵਿਸ਼ਾਲ ਅਧਿਆਤਮਕ ਪਰੰਪਰਾ ਦਾ ਧਾਰਨੀ ਹੈ। ਇਸ ਵਿਚ ਪੰਜਾਬ ਸਭ ਤੋਂ ਅੱਗੇ ਹੈ। ਪੰਜਾਬ ਵਿਚ ਹੀ ਚਾਰ ਵੇਦਾਂ, 6 ਸ਼ਾਸਤਰਾਂ, ਉਪਨਸਿਧਾਂ ਤੇ ਗੀਤਾ ਦਾ ਨਿਰਮਾਣ ਹੋਇਆ। ਇਸੇ ਅਧਿਆਤਮਕ ਅਮੀਰ ਪਰੰਪਰਾ ਨੂੰ ਲੈ ਕੇ ਗੁਰੂ ਜੀ ਵਿਸ਼ਵ ਭਰ ਵਿਚ ਵਿਚਰੇ ਅਤੇ ਆਪਣੀ ਬਾਣੀ ਦਾ ਪ੍ਰਵਾਹ ਚਲਾਇਆ। ਗੁਰੂ ਜੀ ਤੋਂ ਪਹਿਲਾਂ ਗੋਰਖ, ਚਰਪਟ, ਰਤਨ, ਫ਼ਰੀਦ ਅਤੇ ਕਬੀਰ, ਰਵਿਦਾਸ, ਜੈਦੇਵ, ਆਦਿ ਅਨੇਕਾਂ ਭਗਤ ਕਵੀ ਹੋ ਚੁਕੇ ਸਨ। ਸੋ ਗੁਰੂ ਨਾਨਕ ਤੋਂ ਪਹਿਲਾਂ ਦਾਰਸ਼ਨਿਕ ਤੇ ਧਾਰਮਿਕ ਬਾਣੀ ਲਿਖੀ ਜਾ ਚੁਕੀ ਸੀ। ਬੁਧ ਤੇ ਜੈਨ ਧਰਮਾਂ ਵਿਚ ਗੋਸ਼ਟਾਂ ਹੋ ਚੁਕੀਆਂ ਸਨ। ਗੁਰੂ ਜੀ ਦੀ ਸਿਧ ਗੋਸ਼ਟਿ ਬਾਣੀ ਬਹੁਤ ਪ੍ਰਸਿਧ ਹੈ। ਇਲਹਾਮ ਬਾਣੀ ਵੀ ਮੁਹੰਮਦ ਕਹਿ ਚੁਕਿਆ ਸੀ ਮੱਕੇ ਵਿਚ। ਉਪਨਸਿਧਾਂ, ਪੁਰਾਣਾਂ, ਗੀਤਾ, ਆਦਿ ਦੀ ਬਾਣੀ ਵੀ ਇਲਹਾਮ ਹੈ। ਬਾਬੇ ਨੇ ਵੀ ਇਲਹਾਮ ਬਾਣੀ ਰਚੀ—

ਜੈਸੀ ਮੈਂ ਆਵੈ ਖਸਮ ਕੀ ਬਾਣੀ ਤੈਸੜਾ ਕਰੀਂ ਗਿਆਨ ਵੇ ਲਾਲੋ।

ਇਹ ਕਲਾ ਦਾ ਸਿਧਾਂਤ ਅਪਣਾਇਆ ਹੈ। ਸੱਚੀ ਬਾਣੀ ਧੁਰ ਕੀ ਹੈ ਤੇ ਇਸ ਵਿਚ ਪ੍ਰਸਾਦਿ ਗੁਣ ਵੀ ਹੈ— ਭਾਵ ਸੁਹਜਮਈ ਹੈ। ਕਲਾਤਮਕ ਚਮਤਕਾਰ ਹੈ। ਪੂਰਨ ਗਿਆਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੈ। ਧੁਰ ਕੀ ਬਾਣੀ ਤੋਂ ਭਾਵ ਹੈ ਸਮਾਜਿਕ ਕਲਿਆਣ ਲਈ ਉਚਾਰੀ ਸਾਹਿਤਕ ਪਰੰਪਰਾ ਤੋਂ ਪ੍ਰੇਰਕ ਹੋ ਕੇ। ਸ਼ਲੋਕ—ਗੁਰੂ ਨਾਨਕ ਨੇ 258 ਸ਼ਲੋਕ ਰਚੇ। ਇਹ ਪਹਿਲਾਂ ਵੀ ਰਚੇ ਜਾ ਚੁਕੇ ਸਨ। ਬਾਬਾ ਫਰੀਦ 112 ਸ਼ਲੋਕ ਰਚ ਚੁਕੇ ਸਨ। ਕਬੀਰ ਜੀ ਵੀ। ਆਪ ਨੇ ਸ਼ਲੋਕਾਂ ਵਿਚ ਵਿਸ਼ੇ ਅਨੁਸਾਰ ਵੰਡ ਕੀਤੀ—1. ਪ੍ਰਭੂ ਉਸਤਤ ਦੇ ਸ਼ਲੋਕ। 2. ਸਮਾਜਿਕ, ਰਾਜਸੀ, ਧਾਰਮਿਕ ਹਾਲਾਤਾਂ ਦੀ ਆਲੋਚਨਾ ਹਿਤ ਸ਼ਲੋਕ ਰਚੇ। 3. ਪੁਰਾਤਨ ਰਸਮਾਂ ਤੇ ਕਰਮਕਾਂਡਾਂ ਦੀ ਆਲੋਚਨਾ, 4. ਸਦਾਚਾਰਕ ਪ੍ਰਚਾਰ 5. ਪ੍ਰਭੂ ਪਿਆਰ, 6 ਭਗਤੀ ਭਾਵ ਦੇ ਸ਼ਲੋਕ। ਸਲੋਕ ਆਮ ਕਰਕੇ ਭਗਤੀ ਭਾਵ ਦੇ ਨਹੀਂ ਹਨ। ਸਗੋਂ ਸਮਾਜਿਕ ਤੇ ਧਾਰਮਿਕ ਆਲੋਚਨਾ ਦੇ ਹਨ। ਇਸ ਲਈ ਇਹ ਸਰੋਦੀ ਨਹੀਂ ਹਨ। ਜਿਵੇਂ ਫ਼ਰੀਦ ਤੇ ਕਬੀਰ ਜੀ ਦੇ ਸ਼ਲੋਕ। ਰਹਾਓ ਪਰੰਪਰਾ ਪਹਿਲੀਆਂ ਬਾਣੀਆਂ ਵਿਚ ਆ ਚੁਕਾ ਹੈ। ਕਬੀਰ ਜੀ, ਰਵਿਦਾਸ, ਨਾਮਦੇਵ, ਆਦਿ ਭਗਤਾਂ ਦੀਆਂ ਬਾਣੀਆਂ ਵਿਚ। ਗੁਰੂ ਨਾਨਕ ਦੇਵ ਜੀ ਨੇ ਵੀ ਲਿਆਂਦਾ। ਇਹ ਕੇਂਦਰੀ ਭਾਵ ਨੂੰ ਪ੍ਰਗਟ ਕਰਦਾ ਹੈ।

ਬਾਣੀ ਰਾਗਾਂ ਵਿਚ ਪਹਿਲੇ ਹੀ ਲਿਖੀ ਜਾਣ ਲਗ ਪਈ ਸੀ। ਰਵੀਦਾਸ, ਕਬੀਰ, ਫਰੀਦ ਨੇ ਰਾਗ ਸੂਹੀ ਤੇ ਰਾਗ ਆਸ਼ਾ ਨੂੰ ਲਿਆ। ਆਸਾ ਰਾਗ ਨੂੰ ਹੀ ਗੁਰੂ ਜੀ ਨੇ ਪੱਟੀ ਰਾਗ ਆਸਾ ਵਿਚ ਲਿਆ। ਪੱਟੀ—52 ਅੱਖਰੀ ਹੈ। ਸੰਸਕ੍ਰਿਤ ਤੇ ਹਿੰਦੀ ਵਿਚ ਇਹ ਪਰੰਪਰਾ ਚਲੀ ਆ ਰਹੀ ਸੀ। ਫ਼ਾਰਸੀ ਵਿਚ ਵੀ ਸੀਹਰਫੀ ਪ੍ਰਚਲਤ ਸੀ। ਜਪੁ—ਸ਼ਬਦ ਵੀ ਪੁਰਾਣੀ ਸੰਸਕ੍ਰਿਤ ਵਿਚ ਹੈ। ਇਸ ਦੇ ਅਰਥ ਹਨ ਕੰਨ ਵਿਚ ਕੁਝ ਕਹਿਣਾ। ਕਰਣੇ ਜਪਾ ਅਰਥਾਤ ਕੰਨ ਵਿਚ ਕੁਝ ਕਹਿਣ ਵਾਲਾ। ਇਸੇ ਤਰ੍ਹਾਂ ਗੁਰਮੁਖਿ ਸ਼ਬਦ ਨਾਨਕ ਤੋਂ ਪਹਿਲਾਂ ਪ੍ਰਚਲਤ ਸੀ। ਗੁਰੂ ਜੀ ਨੇ ਇਸ ਸ਼ਬਦ ਦੀ ਭਰਪੂਰ ਵਰਤੋਂ ਕੀਤੀ। ਇਸੇ ਤਰ੍ਹਾਂ ਓਅੰਕਾਰ ਸ਼ਬਦ ਪਹਿਲਾਂ ਦਾ ਹੈ। ਵੇਦਾਂ ਸਮੇਂ ਦਾ ਹੈ। ਓਅੰਕਾਰ ਧਾਰਨ ਕਰਕੇ ਹੀ ਵੇਦ ਰਚੇ ਗਏ।

ਆਸਾ ਪੱਟੀ

ਨਾ ਨਾ ਖਿਆਨ ਪੁਰਾਨ, ਬੇਦ ਬਿਧਿ, ਚਉਤੀਸ ਅੱਖਰ ਮਾਂਹੀ।
ਬਿਆਸ ਬਿਚਾਰਿ ਰਹਿਓ ਪਰਮਾਰਥ, ਰਾਮ ਨਾਮ ਸਰਿ ਨਾਂਹੀ।

(ਰਵਿਦਾਸ, ਸੋਰਠ, ਪੰਨਾ 658)

ਭਗਤ ਰਵਿਦਾਸ ਦਾ ਇਹ ਸੰਕੇਤ ਦਸਦਾ ਹੈ ਕਿ ਨਾਨਕ ਤੋਂ ਪਹਿਲਾਂ ਬ੍ਰਜ ਭਾਸ਼ਾ ਵਿਚ ਚੌਂਤੀ ਅੱਖਰ ਅਤੇ ਪੰਜਾਬੀ ਵਿਚ ਪੈਂਤੀ ਅੱਖਰ ਪ੍ਰਚਲਤ ਸਨ। ਪੈਂਤੀ ਅੱਖਰੀ ਨੂੰ ਹੀ ਅੱਖਰਿਕਾ, ਅਖਰਾਵਟ ਤੇ ਪੱਟੀ ਕਿਹਾ ਜਾਂਦਾ ਰਿਹਾ ਹੈ। ਫ਼ਾਰਸੀ ਵਾਲੇ ਕਵੀ ਸੀਹਰਫੀ ਅਰਥਾਤ ਤੀਹ ਅੱਖਰ ਲਿਖਦੇ ਰਹੇ ਹਨ। ਪੰਜਾਬ ਵਿਚ ਹੁਣ ਤਕ ਪੱਟੀ ਨਾਓਂ ਵਧੇਰੇ ਪ੍ਰਚਲਤ ਹੈ। ਓਥੋਂ ਹੀ ਬਾਵਨ ਅੱਖਰੀ ਹਿੰਦੀ ਵਿਚ ਆਈ। ਏਥੋਂ ਹੀ ਪ੍ਰਭਾਵਿਤ ਹੋ ਕੇ ਗੁਰੂ ਅਰਜਨ ਨੇ ਬਾਵਣ ਅੱਖਰੀ ਬਾਣੀ ਰਚੀ। ਸੰਸਕ੍ਰਿਤ ਸ਼ਬਦ ਪਟਕ, ਪਟਿਕਾ ਤੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜਾਬੀ ਸ਼ਬਦ ਪੱਟਾ, ਪੱਟੀ, ਪਟੜਾ, ਪਟੜੀ, ਫੱਟਾ, ਫੱਟੀ, ਆਦਿ ਸ਼ਬਦ ਬਣੇ। ਏਥੋਂ ਹੀ ਪੱਟੀ ਪੜ੍ਹਾਉਣਾ ਮੁਹਾਵਰਾ ਬਣ ਗਿਆ। ਪੱਟੀ ਇਕ ਕਾਵਿ ਭੇਦ ਹੈ ਜਿਸ ਵਿਚ ਅੱਖਰਾਂ ਨੂੰ ਕ੍ਰਮਵਾਰ ਲੈ ਕੇ ਉਪਦੇਸ਼ ਦਿਤਾ ਜਾਂਦਾ ਹੈ। ਇਸ ਸਾਹਿਤਕ ਰੂਪ ਦੀ ਪਰੰਪਰਾ ਸਕੰਦ ਪੁਰਾਣ ਵਿਚ ਵੀ ਮਿਲਦੀ ਹੈ। ਪੁਰਾਤਨ ਅਕਸ਼ਰਿਕਾ ਜਾਂ ਅਕਸ਼ਰਾਵਰਤਕ ਨੂੰ ਪਾਲੀ ਵਿਚ ਅੱਖਰਾ ਵੱਠਨ ਆਖਦੇ ਸਨ। ਅਪਭ੍ਰੰਸ਼ ਵਿਚ ਅਖਰਾਵਟ ਚਲਿਆ। ਸੰਤ ਕਾਵਿ ਵਿਚ ਬਾਵਣ ਅਖਰੀਂ ਚਲੀ। ਸੂਫੀਆਂ ਨੇ ਵੀ ਸੀਹਰਫੀਆਂ ਲਿਖੀਆਂ। ਜਿਵੇਂ ਅਲੀ ਹੈਦਰ ਨੇ। ਯਹੂਦੀਆਂ ਨੇ 119 ਵੇਂ ਸ਼ਾਮ **(Psalm)** ਗਾਨ ਦੀ ਸ਼ੈਲੀ ਵਿਚ ਅਤੇ ਚਾਸਰ ਦੀ **A.B.C.** ਕਵਿਤਾ ਦੀ ਧਾਰਨਾ ਨੇ ਇਸ ਅਖਰਾਵਟ ਨੂੰ **Acrostic** ਦਾ ਨਾਂ ਦਿਤਾ।

ਆਰਤੀ - ਸਾਰੇ ਭਗਤ ਕਵੀਆਂ ਨੇ ਆਰਤੀ ਉਚਾਰੀ ਹੈ। ਆਰਤੀ ਲੋਕ ਕਾਵਿ ਰੂਪ ਹੈ। ਇਹ ਵੈਦਿਕ ਕਾਲ ਤੋਂ ਚਲਿਆ ਆ ਰਿਹਾ ਹੈ। ਗੁਰੂ ਜੀ ਨੇ ਵੀ ਆਰਤੀ ਉਚਾਰੀ। ਆਰਤੀ ਨੂੰ ਵਿਸ਼ਾਲ ਅਰਥਾਂ ਵਿਚ ਲਿਆ ਹੈ।

ਵਾਰ ਪਰੰਪਰਾ—ਵਾਰ ਰੂਪ ਵੀ ਪੁਰਾਤਨ ਹੈ। ਲੋਕ ਸਾਹਿਤ ਵਿਚ ਵੀ ਲੋਕ ਵਾਰਾਂ ਰਚੀਆਂ ਮਿਲਦੀਆਂ ਹਨ। ਇਹ ਪੂਰਵ ਤੇ ਨਾਨਕ ਕਾਲ ਵਿਚ ਰਚੀਆਂ ਗਈਆਂ। ਇਹ ਸਮਾਜਿਕ ਵਾਰਾਂ ਹਨ। ਗੁਰੂ ਨਾਨਕ ਦੇਵ ਜੀ ਨੇ ਅਧਿਆਤਮਕ ਵਾਰਾਂ ਰਚੀਆਂ। ਨਵੀਂ ਪਰੰਪਰਾ ਤੋਰੀ। ਆਪ ਜੀ ਨੇ ਪਹਿਲੀ ਵਾਰ ਵਾਰਾਂ ਦੀਆਂ ਪਉੜੀਆਂ ਦੇ ਨਾਲ ਨਾਲ ਸ਼ਲੋਕ ਵੀ ਦਰਜ ਕੀਤੇ। ਸ਼ਲੋਕਾਂ ਤੇ ਪਉੜੀਆਂ ਦਾ ਆਪਸੀ ਗੂੜ੍ਹਾ ਸੰਬੰਧ ਹੈ। ਇਨ੍ਹਾਂ ਵਿਚਲੇ ਖ਼ਿਆਲਾਂ, ਭਾਵਾਂ, ਵਿਸ਼ੈ ਵਿਚ ਸੁਮੇਲਤਾ ਹੈ। ਸ਼ਲੋਕਾਂ ਵਿਚ ਕੇਂਦਰੀ ਭਾਵ ਹੈ ਅਤੇ ਪਉੜੀਆਂ ਵਿਚ ਵਿਸਤਾਰ ਹੈ। ਇਹ ਸਾਹਿਤਕ ਪਰੰਪਰਾ ਗੁਰੂ ਨਾਨਕ ਦੇਵ ਜੀ ਨੇ ਸਥਾਪਿਤ ਕੀਤੀ ਅਤੇ ਅਗੋਂ ਦੂਜੇ ਗੁਰੂਆਂ ਨੇ ਕਾਇਮ ਰਖਿਆ। ਭਾਈ ਗੁਰਦਾਸ ਨੇ ਇਸੇ ਪਰੰਪਰਾ ਨੂੰ ਕਿ ਵਾਰਾਂ ਸਦਾ ਪਉੜੀਆਂ ਵਿਚ ਹੋਣੀਆਂ ਚਾਹੀਦੀਆਂ ਹਨ, ਸਦਾ ਲਈ ਸਥਾਪਿਤ ਕਰ ਦਿਤਾ।

ਬਾਰਾਂ ਮਾਹ—ਇਹ ਕਾਵਿ ਰੂਪ ਵੀ ਪੂਰਵ ਨਾਨਕ ਕਾਲ ਦਾ ਹੈ। ਇਹ ਵੀ ਲੋਕ ਕਾਵਿ ਰੂਪ ਹੈ। ਬਾਰਾਂ ਮਹੀਨਿਆਂ ਅਨੁਸਾਰ ਰੁਤਾਂ ਸਮਿਆਂ ਦੇ ਬਦਲਨ ਨਾਲ ਮਨ ਦੇ ਹਾਵ ਭਾਵ ਬਦਲਦੇ ਹਨ। ਇਹ ਬਿਰਹਾ ਵਰਣਨ ਦਾ ਕਾਵਿ ਹੈ। ਗੁਰੂ ਜੀ ਨੇ ਬਾਰਾਂ ਮਾਹ ਤੁਖ਼ਾਰੀ ਵਿਚ ਰਚਿਆ। ਆਪ ਜੀ ਨੇ ਅਧਿਆਤਮਕ ਭੇਦ ਭਾਵ ਇਸ ਵਿਚ ਪ੍ਰਗਟਾਏ। ਪ੍ਰਭੂ ਪਤੀ ਦੇ ਜੀਵਾਤਮਾ ਰੂਪੀ ਬਿਰਹਨ ਪਤਨੀ ਦੇ ਮੇਲ ਤੇ ਬਿਰਹਾ ਨੂੰ ਗਾਂਵਿਆਂ ਹੈ। 'ਆਓ ਦਇਆ ਕਰੇ' ਦੇ ਸਿਧਾਂਤ ਨੂੰ ਸਥਾਪਿਤ ਕੀਤਾ ਹੈ।

ਇਸੇ ਤਰ੍ਹਾਂ ਵਣਜਾਰੇ, ਕੁਚਜੀ, ਸੁਚਜੀ, ਪਦੇ, ਪਹਿਰੇ, ਅਸ਼ਟਪਦੀਆਂ, ਸੋਹਿਲੇ, ਛੰਦ, ਆਦਿ ਵੀ ਲੋਕ ਗੀਤ—ਕਾਵਿ ਰੂਪ ਹਨ। ਸੋ ਇਹ ਲੋਕ-ਕਾਵਿ-ਪਰੰਪਰਾ ਵਿਚੋਂ ਲਏ ਗਏ ਹਨ। ਇਉਂ ਇਨ੍ਹਾਂ ਦੀ ਕਾਵਿ-ਪਰੰਪਰਾ ਸਦਾ ਜੀਵਤ ਰਖੀ ਗਈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਰੂ ਨਾਨਕ ਤੋਂ ਪਹਿਲਾਂ ਗੀਤਾ ਲਿਖੀ ਜਾ ਚੁਕੀ ਸੀ। ਉਨ੍ਹਾਂ ਦੇ ਨਾਂ ਨਾਲ ਵੀ ਨਾਨਕ ਗੀਤਾ, ਅਰਧ ਗੀਤਾ, ਆਦਿ ਰਚਨਾਵਾਂ ਜੋੜੀਆਂ ਜਾਂਦੀਆਂ ਹਨ। ਗੁਰੂ ਨਾਨਕ ਤੋਂ ਪਹਿਲਾਂ ਭਗਤ ਜੈ ਦੇਵ ਗੀਤਾ ਲਿਖ ਚੁਕਿਆ ਸੀ। ਗੁਰੂ ਗੋਬਿੰਦ ਸਿੰਘ ਨੇ ਵੀ ਗੋਬਿੰਦ ਗੀਤਾ ਰਚੀ। ਇਸ ਵਿਚ ਉਨ੍ਹਾਂ ਗੀਤਾ ਦਾ ਹੀ ਉਤਾਰਾ ਦਿਤਾ।

ਦਖਣੀ ਓਅੰਕਾਰ—ਓਅੰਕਾਰ ਵੇਦਿਕ ਸ਼ਬਦ ਹੈ। ੧ੴ ਵਿਚ ਓਅੰਕਾਰ ਆ ਜਾਂਦਾ ਹੈ। ਓਮ ਦਾ ਅਰਥ ਹੈ ਪ੍ਰਭੂ। ਕਾਰ ਦਾ ਅਰਥ ਬਾਕੀ ਉਸ ਦਾ ਪਸਾਰਾ ਹੈ। ਰਾਗ ਵੀ ਨਾਨਕ ਤੋਂ ਪਹਿਲਾਂ ਬਾਣੀਆਂ ਵਿਚ ਆ ਚੁਕਾ ਸੀ। ਸੂਫ਼ੀ ਕਵੀ ਤੇ ਭਗਤ ਕਵੀ ਰਾਗ ਨੂੰ ਬਾਣੀਆਂ ਵਿਚ ਬੰਨ੍ਹ ਚੁਕੇ ਸਨ। ਗੁਰੂ ਨੇ 31 ਰਾਗਾਂ ਵਿਚੋਂ 19 ਰਾਗਾਂ ਵਿਚ ਬਣੀ ਰਚੀ। ਲਹਿਰਾਂ ਦਾ ਪ੍ਰਭਾਵ—ਗੁਰੂ ਨਾਨਕ ਨੇ ਸਮਕਾਲੀਨ ਤੇ ਪੂਰਵ ਵਰਤੀ ਲਹਿਰਾਂ ਦਾ ਪ੍ਰਭਾਵ ਆਪਣੀ ਬਾਣੀ ਵਿਚ ਲਿਆ ਹੈ। ਇਹ ਲਹਿਰਾਂ ਹਨ ਸਾਹਿਤਕ, ਸਮਾਜਿਕ, ਧਾਰਮਿਕ ਤੇ ਰਾਜਸੀ, ਆਦਿ।

ਸਾਹਿਤਕ ਲਹਿਰਾਂ—ਬ੍ਰਹਮ ਦੀ ਵਿਆਖਿਆ। ਆਤਮਾ ਪ੍ਰਮਾਤਮਾ ਦੀ ਗੱਲ। ਰਹੱਸਵਾਦੀ ਲਹਿਰ, ਧਾਰਮਿਕ ਲਹਿਰ ਕਰਕੇ ਅਧਿਆਤਮਕ ਸਾਹਿਤ ਰਚਿਆ ਜਾ ਰਿਹਾ ਸੀ। ਭਗਤੀ ਲਹਿਰ ਜ਼ੋਰਾਂ ਤੇ ਸੀ। ਇਸ ਨੂੰ ਰਾਮਾ ਨੰਦ ਨੇ ਚਲਾਇਆ। ਕਬੀਰ ਨੇ ਕਾਫ਼ੀ ਅਗੇ ਖੜਿਆ ਪਰ ਗੁਰੂ ਨਾਨਕ ਨਾਲ ਇਹ ਲਹਿਰ ਸਿਖ਼ਰ ਤੇ ਪਹੁੰਚ ਗਈ।

"ਬਾਬੇ ਨਾਨਕ ਜੇਡ ਭਗਤ ਨਾ ਕੋਈ ਜਿਨ ਹਰਿ ਕਾ ਨਾਮੁ ਪਛਾਤਾ।"

ਭਗਤੀ ਲਹਿਰ ਸਮਾਜਿਕ ਪ੍ਰਾਣੀਆਂ ਵਿਚੋਂ ਕੁਰੀਤੀਆਂ ਕੱਢ ਕੇ ਉਨ੍ਹਾਂ ਨੂੰ ਚੰਗੇ ਪਾਸੇ ਭਗਤੀ ਵਲ ਪ੍ਰੇਰਦੀ ਸੀ। ਸਮਾਜਿਕ ਕਲਿਆਣ ਦੀ ਖਾਤਰ ਸਾਹਿਤ-ਬਾਣੀ ਰਚਦੀ ਸੀ। ਇਵੇਂ ਹੀ ਗੁਰੂ ਨਾਨਕ ਦੇਵ ਜੀ ਨੇ ਕੀਤਾ। ਸਿਧਾਂ ਨਾਥਾਂ ਦੇ ਮੱਤਾਂ ਵਿਚ ਸੁਧਾਰ ਲਿਆਂਦਾ। ਇਸੇ ਕਰਕੇ ਹੀ ਸਿਧਾਂ ਨਾਥਾਂ ਜੋਗੀਆਂ ਦੀ ਪਰੰਪਰਾ ਦੇ ਸਿਧਾਂਤਕ ਸ਼ਬਦ ਕਾਫ਼ੀ ਮਾਤਰਾ ਵਿਚ ਨਾਨਕ ਬਾਣੀ ਵਿਚ ਆ ਜਾਣੇ ਸੁਭਾਵਿਕ ਸਨ। ਮੁਸਲਮਾਨਾਂ ਨੂੰ ਵੀ ਸੱਚਾ ਮੁਸਲਮਾਨੀ ਧਰਮ ਦਸਿਆ। ਉਹ ਮੱਕੇ ਨੂੰ ਹੀ ਰੱਬ ਸਮਝ ਬੈਠੇ ਸਨ। ਉਨ੍ਹਾਂ ਨੂੰ ਉਪਦੇਸ਼ ਦਿਤਾ ਕਿ ਰੱਬ ਹਰ ਪਾਸੇ ਹੈ। ਗੁਰੂ ਜੀ ਮੱਕੇ ਗਏ। ਬ੍ਰਾਹਮਣ ਭਟਕ ਚੁਕੇ ਸਨ। ਉਨ੍ਹਾਂ ਨੂੰ ਠੀਕ ਮਾਰਗ ਤੇ ਚਲਾਇਆ। ਸਮਾਜਿਕ ਧਾਰਮਿਕ ਕੁਰੀਤੀਆਂ ਨੂੰ ਦੂਰ ਕੀਤਾ।

ਸਾਹਿਤਕ ਆਲੋਚਨਾ ਦੀ ਪਰੰਪਰਾ ਨੂੰ ਤੋਰਨਾ ਬਾਬਾ ਫ਼ਰੀਦ, ਕਬੀਰ, ਆਦਿ ਦੇ ਅਨੇਕਾਂ ਸ਼ਲੋਕਾਂ, ਜਿਨ੍ਹਾਂ ਦੇ ਭਾਵ ਵਧੇਰੇ ਸਪਸ਼ਟ ਨਹੀਂ ਸਨ, ਉਨ੍ਹਾਂ ਦੇ ਭਾਵ ਸਪਸ਼ਟ ਕਰਕੇ ਉਨ੍ਹਾਂ ਦੇ ਹੀ ਨਾਂ ਅਧੀਨ ਹੋਰ ਸ਼ਲੋਕ ਰਚੇ। ਇਸੇ ਤਰ੍ਹਾਂ ਆਗਾਮੀ ਗੁਰੂਆਂ ਨੇ ਵੀ ਕੀਤਾ। ਇਉਂ ਸਾਹਿਤਕ ਆਲੋਚਨਾ ਦੀ ਪਰੰਪਰਾ ਚਲ ਪਈ। ਇਸੇ ਕਰਕੇ ਹੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਾਬਾ ਫ਼ਰੀਦ ਦੇ 112 ਸ਼ਲੋਕਾਂ ਦੀ ਥਾਂ ਆਦਿ ਗ੍ਰੰਥ ਵਿਚ 132 ਸ਼ਲੋਕ ਦਰਜ ਹਨ। 20 ਸ਼ਲੋਕ ਗੁਰੂਆਂ ਦੁਆਰਾ ਰਚੇ ਗਏ ਹਨ।

ਗੁਰੂ ਨਾਨਕ ਤੋਂ ਪਹਿਲਾਂ ਭਗਤਾਂ ਨੇ ਦਾਰਸ਼ਨਿਕ ਤੇ ਧਾਰਮਿਕ ਬਾਣੀ ਰਚੀ। ਗੁਰੂ ਨਾਨਕ ਨੇ ਇਸ ਪਰੰਪਰਾ ਨੂੰ ਕਾਇਮ ਰਖਿਆ। ਉਨ੍ਹਾਂ ਦੀ ਰਚੀ ਬਾਣੀ ਦਾਰਸ਼ਨਿਕ ਹੈ। ਮਾਨਵਵਾਦੀ ਗੁਣ ਵੀ ਪੂਰਵ ਨਾਨਕ ਕਾਲ ਦਾ ਹੈ। ਗੁਰੂ ਨਾਨਕ ਬਾਣੀ ਦੀ ਮਾਨਵਵਾਦੀ ਹੈ। ਸਦਾ ਕਾਵਿ ਵਿਚ ਤਿੰਨ ਤੱਤ ਪ੍ਰਧਾਨ ਰਹਿਣ ਦੀ ਪਰੰਪਰਾ ਚਲੀ ਆਈ ਹੈ। ਰੱਬ, ਮਨੁੱਖ ਤੇ ਪ੍ਰਕ੍ਰਿਤੀ। ਇਨ੍ਹਾਂ ਤਿੰਨਾਂ ਦਾ ਸੰਬੰਧ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਸਪਸ਼ਟ ਕੀਤਾ। ਪ੍ਰਕ੍ਰਿਤੀ ਦੇ ਰਹੱਸ ਨੂੰ ਬਿਆਨ ਕੀਤਾ। ਨਾਨਕ ਬਾਣੀ ਵਿਚ ਅਨੇਕ ਪ੍ਰਕਾਰ ਦਾ ਰਹੱਸ ਹੈ। ਗੁਰੂ ਨਾਨਕ ਦੇਵ ਜੀ ਨੇ ਮਨੁੱਖਤਾ ਨੂੰ ਪਹਿਲਕੇ ਸਾਹਿਤ ਨਾਲ, ਮੁੱਢਲੇ ਧਰਮ ਨਾਲ ਜੋੜਨ ਦਾ ਜਤਨ ਕੀਤਾ। ਪਹਿਲਕੇ ਧਰਮ ਗ਼ਲਤ ਨਹੀਂ ਸਨ। ਕੇਵਲ ਉਨ੍ਹਾਂ ਤੋਂ ਦੁਨੀਆਂ ਭਟਕ ਚੁਕੀ ਸੀ। ਉਨ੍ਹਾਂ ਨੂੰ ਗ਼ਲਤ ਸਮਝ ਚੁੱਕੀ ਸੀ। ਚਾਰੇ ਵੇਦਾਂ ਦਾ ਜਸ ਆਪ ਜੀ ਨੇ ਗਾਇਆ—

ਚਾਰੇ ਵੇਦ ਹੋਏ ਸਚਿਆਰ,
ਪੜਹਿ ਗੁਣਹਿ ਤਿਨ ਚਾਰ ਵੀਚਾਰ।
(ਆਸਾ ਦੀ ਵਾਰ)

ਇਹੀ ਪਰੰਪਰਾ ਬਾਕੀ ਗੁਰੂਆਂ ਅਪਣਾਈ।

ਵੇਦਾ ਮਹਿ ਨਾਮੁ ਉਤਮ ਸੋ ਸੁਣੇ ਨਾਹੀ ਫਿਰੇ ਜਿਉ ਬੇਤਾਲਿਆ।
(ਗੁਰੂ ਅਮਰਦਾਸ, ਆਨੰਦ ਸਾਹਿਬ)

ਛੰਦ—ਗੁਰੂ ਨਾਨਕ ਦੇਵ ਜੀ ਨੇ ਛੰਦਾਂ ਨੂੰ ਰਾਗਾਂ ਦੇ ਅਧੀਨ ਰੱਖ ਕੇ ਵਰਤਿਆ ਹੈ। ਲੋਕ-ਛੰਦਾਂ ਨੂੰ ਲਿਆ ਹੈ। ਛੰਦਾਂ ਵਿਚ ਨਵੇਂ ਪ੍ਰਯੋਗ ਵੀ ਕੀਤੇ ਹਨ। ਛੰਦਾਂ ਤੋਂ ਖੁਲ੍ਹ ਵੀ ਲਈ ਹੈ। ਇਕ ਦੋ ਛੰਦ ਮਿਲਾ ਕੇ ਵੀ ਵਰਤੇ ਹਨ। ਜਿਵੇਂ ਜਪੁਜੀ ਵਿਚ ਹੀ ਵੇਖੋ। ਛੰਦ ਬਦਲ ਦਿਤੇ ਹਨ। ਤੋੜ ਮਰੋੜ ਲਏ ਹਨ। ਰਾਗ ਅਨੁਸਾਰ ਤੁਕਾਂ ਵਧ ਘਟ ਗਈਆਂ ਹਨ। ਉਨ੍ਹਾਂ ਦੇ ਕਈ ਛੰਦ ਪਿੰਗਲ ਦੇ ਛੰਦਾਂ ਦੇ ਨੇੜੇ ਤੇੜੇ ਕਹੇ ਜਾ ਸਕਦੇ ਹਨ। ਜਿਵੇਂ ਸੁਣਿਆਂ ਦੀਆਂ ਪਉੜੀਆਂ ਅੜਿਲ ਛੰਦ ਦੇ ਨੇੜੇ ਤੇੜੇ ਹਨ। ਅਮੁਲ ਦੀਆਂ ਪਉੜੀਆਂ ਕਾਜਲ ਛੰਦ ਦੇ ਨੇੜੇ ਤੇੜੇ ਹਨ। ਸਿਰੀ ਰਾਗ ਦਾ ਚਉਪਦਾ ਝੋਕ ਛੰਦ ਦੇ ਨੇੜੇ ਤੇੜੇ ਹੈ। ਛੰਦ ਛੋਟੇ ਵਰਤੇ ਹਨ।

ਬੋਲੀ—ਆਮ ਕਰਕੇ ਪਰੰਪਰਾਵਾਦੀ ਹੈ। ਕਠਿਨ ਹੈ। ਧਰਮ, ਸਥਾਨ, ਪਾਤਰ, ਰਾਗ ਦੇ ਅਧੀਨ ਬੋਲੀ ਦਾ ਪ੍ਰਯੋਗ ਹੈ। ਜੇ ਨਾਥ ਜੋਗੀਆਂ ਨਾਲ ਗੋਸ਼ਟਿ ਚਲ ਰਹੀ ਹੈ ਤਾਂ ਨਾਥਾਂ ਦੀ ਸ਼ਬਦਾਵਲੀ ਹੈ।

ਹਾਸ ਰਸ ਪਰੰਪਰਾ—ਇਹ ਪਰੰਪਰਾ ਲੋਕ ਗੀਤਾਂ ਵਿਚੋਂ ਚਲੀ ਆ ਰਹੀ ਹੈ। ਇਸ ਨੂੰ ਕਬੀਰ ਜੀ ਨੇ ਵੀ ਨਿਭਾਇਆ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਮ ਕਿਉਂ ਸੂਦਰ ਤੁਮ ਕਿਉ ਬਾਹਮਣ ?

ਗੁਰੂ ਨਾਨਕ ਨੇ ਇਸ ਪਰੰਪਰਾ ਨੂੰ ਵੀ ਅਪਣਾਇਆ। ਉਨ੍ਹਾਂ ਨੇ ਜਿਥੇ ਧਾਰਮਿਕ ਆਗੂਆਂ ਤੇ ਚੋਟ ਕੀਤੀ ਹੈ ਉਥੇ ਹਾਸ ਰਸ ਆਇਆ ਹੈ। ਜਿਵੇਂ—

ਅਭਾਖਿਆ ਕਾ ਕੁਠਾ ਬਕਰਾ ਖਾਣਾ।
ਚਉਕੇ ਉਪਰ ਕਿਸੇ ਨ ਜਾਣਾ।

1. "ਦੇਕੇ ਚਉਕਾ ਕਢੀ ਕਾਰ। ਉਪਰ ਆਇ ਬੈਠੇ ਕੂੜਿਆਰ।
ਮਤ ਭਿਟੇ ਵੇ ਮਤ ਭਿਟੇ। ਇਹ ਅੰਨ ਅਸਾੜਾ ਫਿਟੇ।
ਤਨ ਫਿਟੇ ਫੇੜ ਕਰੇ ਨ। ਮਨ ਜੂਠੇ ਚੂਲੀ ਭਰੇ ਨ।"

2. ਕਾਜੀ ਹੋਇਕੇ ਬਹੇ ਨਿਆਇ। ਫੇਰੇ ਤਸਬੀ ਕਰੇ ਖੁਦਾਇ।
ਵਢੀ ਲੈਕੇ ਹਕ ਗੁਆਏ। ਜੇ ਪੁਛੇ ਤਾਂ ਪੜ੍ਹ ਸੁਣਾਏ।

ਨਿਰਗੁਣ ਸਰਗੁਣ ਸਰੂਪ ਦਾ ਵਰਣਨ—ਬ੍ਰਹਮ ਦੀ ਭਰਪੂਰ ਵਿਆਖਿਆ ਹੈ। ਨਿਰਗੁਣ ਤੇ ਸਰਗੁਣ ਸਰੂਪ ਦਾ ਵਰਣਨ ਹੈ। ਜਪੁਜੀ ਸਾਹਿਬ ਵਿਚ ਵੀ ਹੈ।

ਮਿਥਿਹਾਸਕ ਇਤਿਹਾਸਿਕ ਹਵਾਲਿਆਂ ਦੀ ਪਰੰਪਰਾ ਭਗਤ ਬਾਣੀ ਵਿਚ ਚਲੀ ਹੈ। ਗੁਰੂ ਨਾਨਕ ਨੇ ਆਪਣੀ ਬਾਣੀ ਵਿਚ ਇਸ ਪਰੰਪਰਾ ਨੂੰ ਅੱਗੇ ਤੋਰਿਆ।

1. ਬਾਬਰ ਬਾਣੀ ਫਿਰ ਗਈ ਕੁਇਰ ਨਾ ਰੋਟੀ ਖਾਇ।
2. ਗੁਰ ਈਸਰ, ਗੁਰ ਗੋਰਖ ਬਰਮਾ, ਗੁਰ ਪਾਰਬਤੀ ਮਾਈ।

ਇਸਤਰੀ ਦਾ ਉਥਾਨ—ਇਸਤਰੀ ਦੀ ਬੜੀ ਦੁਰਦਸ਼ਾ ਸੀ। ਪੈਰ ਦੀ ਜੁਤੀ ਸਮਝਿਆ ਜਾਂਦਾ ਸੀ। ਨਾਥ ਜੋਗੀ ਇਸਤਰੀ ਨੂੰ ਬਾਘਣ ਕਹਿਕੇ ਭੰਡਦੇ ਸਨ। ਗੁਰੂ ਜੀ ਨੇ ਇਸਤਰੀ ਨੂੰ ਵਡਿਆਇਆ।

"ਭੰਡ ਜੰਮੀਐ, ਭੰਡ ਨਿੰਮੀਐ, ਭੰਡ ਮੰਗਣ ਵਿਆਹ
ਭੰਡੋ ਹੋਵੈ ਦੋਸਤੀ, ਭੰਡੋ ਚਲੈ ਰਾਹ।
ਭੰਡ ਮੂਆ ਭੰਡ ਭਾਲੀਐ ਭੰਡੋ ਚਲੇ ਬੰਧਾਨ।
ਸੋ ਕਿਉਂ ਮੰਦਾ ਆਖੀਐ ਜਿਤ ਜੰਮੇ ਰਾਜਾਨ।"

ਸੂਫ਼ੀ ਪਰੰਪਰਾ—ਬਾਬਾ ਫ਼ਰੀਦ ਨੇ ਚਲਾਈ। ਨਾਨਕ ਕਾਲ ਦਾ ਸੂਫ਼ੀ ਸ਼ਾਹ ਹੁਸੈਨ ਹੈ। ਗੁਰੂ ਨਾਨਕ ਬਾਣੀ ਉਤੇ ਵੀ ਸੂਫ਼ੀ ਪ੍ਰਭਾਵ ਹੈ। ਪ੍ਰਤਖ ਹੈ।

ਪੰਜਾਬੀ ਹਿੰਦੀ ਰੰਗਾ ਸਾਹਿਤ—ਨਾਨਕ ਤੋਂ ਪਹਿਲਾਂ ਗੋਰਖ, ਚਾਂਦ ਬਰਦਾਈ, ਮੂਲਾਂ ਦਉਦ, ਅਮੀਰ ਖੁਸਰੋ, ਆਦਿ ਨੇ ਹਿੰਦੀ ਫ਼ਾਰਸੀ ਰੰਗਾ ਸਾਹਿਤ ਰਚਿਆ। ਕਬੀਰ, ਰਵਿਦਾਸ ਜੈਦੇਵ, ਆਦਿ ਨੇ ਸੰਸਕ੍ਰਿਤ ਹਿੰਦੀ ਰੰਗਣ ਵਾਲਾ ਸਾਹਿਤ ਰਚਿਆ। ਨਾਨਕ ਨੇ ਵੀ ਹਿੰਦੀ ਪੰਜਾਬੀ ਰੰਗਣ ਦਾ ਸਾਹਿਤ ਰਚਿਆ ਜਿਸ ਵਿਚ ਸੰਸਕ੍ਰਿਤ ਸ਼ਬਦਾਂ ਦੀ ਵੀ ਭਰਮਾਰ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਰਮੁਖੀ ਲਿਪੀ ਦੀ ਵਰਤੋਂ—ਨਾਨਕ ਕਾਲ ਵਿਚ ਗੁਰਮੁਖੀ ਦੀ ਵਰਤੋਂ ਕੀਤੀ ਗਈ। ਇਹ ਲਿਪੀ ਨਾਨਕ ਕਾਲ ਤੋਂ ਪਹਿਲਾਂ ਦੀ ਹੈ। ਇਸ ਦੀ ਵਰਤੋਂ ਦੀ ਪਰੰਪਰਾ ਨਾਨਕ ਨੇ ਚਲਾਈ। ਅਗੋਂ ਅਗਲੇ ਗੁਰੂਆਂ ਨੇ ਅਪਣਾਈ। ਆਦਿ ਗ੍ਰੰਥ ਦੀ ਸੰਪਾਦਨਾ ਇਸੇ ਲਿਪੀ ਵਿਚ ਹੋਈ।

ਬਾਣੀ ਵਿਚ ਮੂਲ ਸ਼ਬਦ ਦੇ ਦੁਹਰਾਓ ਦੀ ਪਰੰਪਰਾ—ਗੁਰੂ ਨਾਨਕ ਜੀ ਨੇ ਇਸ ਨੂੰ ਚਲਾਇਆ। ਆਪ ਮਹਾਨ ਚਿੰਤਕ ਸਨ। ਆਪ ਜੀ ਨੇ ਬਾਣੀ ਦੇ ਮੂਲ ਸ਼ਬਦ ਨੂੰ ਹਰ ਪੰਕਤੀ ਦੇ ਸ਼ੁਰੂ ਵਿਚ ਦੁਹਰਾਇਆ ਹੈ। ਇਸ ਤਰ੍ਹਾਂ ਇਕ ਤਾਂ ਵਿਸ਼ੈ ਸਪਸ਼ਟ ਹੁੰਦਾ ਹੈ। ਦੂਜਾ ਹਰ ਵਾਰ ਅੱਖਰ ਦਾ ਅਰਥ ਵਖਰਾ ਹੀ ਨਿਖਰਦਾ ਹੈ। ਇਹ ਪਰੰਪਰਾ ਅਗੋਂ ਗੁਰੂਆਂ ਨੇ ਅਪਣਾਈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਗਤੀ ਲਹਿਰ ਤੇ ਗੁਰੂ ਨਾਨਕ

ਗੁਰੂ ਨਾਨਕ ਅਤੇ ਉਨ੍ਹਾਂ ਤੋਂ ਪਹਿਲੇ ਭਗਤਾਂ ਦੀ ਸਿਖਿਆ ਤੇ ਧਿਆਨ ਪੂਰਵਕ ਵਿਚਾਰ ਕਰਨ ਤੋਂ ਬਾਦ ਸ੍ਰੀ ਗੋਕਲ ਚੰਦ ਨਾਰੰਗ ਤੇ ਪੇਨ (Payne) ਇਸ ਸਿੱਟੇ ਤੇ ਪੁਜਦੇ ਹਨ ਕਿ ਗੁਰੂ ਨਾਨਕ ਦੇਵ ਜੀ ਵੀ ਭਗਤੀ ਲਹਿਰ ਨਾਲ ਸਬੰਧ ਰਖਦੇ ਸਨ ਅਤੇ ਇਸ ਤਰ੍ਹਾਂ ਇਕ ਸੁਧਾਰਕ ਗੁਰੂ ਸਨ। ਬੁਨਿਆਦੀ ਗੱਲਾਂ ਵਿਚ ਵੀ ਗੁਰੂ ਜੀ ਦੀ ਸਿਖਿਆ ਤੇ ਭਗਤਾਂ ਦੀ ਸਿਖਿਆ ਵਿਚ ਬਹੁਤ ਥੋੜਾ ਅੰਤਰ ਹੈ। ਜੇ ਆਪ ਜੀ ਨੇ ਜਾਤ ਪਾਤ ਵਿਰੁੱਧ ਆਵਾਜ਼ ਉਠਾਈ ਤਾਂ ਇਹ ਕੋਈ ਬਹੁਤ ਕ੍ਰਾਂਤੀ ਵਾਲੀ ਗੱਲ ਨਹੀਂ ਸੀ ਕਿਉਂਕਿ ਉਨ੍ਹਾਂ ਤੋਂ ਪਹਿਲਾਂ ਇਹ ਆਵਾਜ਼ ਭਗਤ ਕਬੀਰ ਜੀ ਉਠਾ ਚੁੱਕੇ ਸਨ। ਗੁਰੂ ਨਾਨਕ ਦੇਵ ਜੀ ਲਿਖਦੇ ਹਨ—

1. ਜਾਤ ਮਹਿ ਜੋਤ ਜੋਤ ਮਹਿ ਜਾਤਾ ਅਕਲ ਕਲਾ ਭਰਪੂਰ ਰਹਿਆ।
2. ਨੀਚਾਂ ਅੰਦਰ ਨੀਚ ਜਾਤ ਨੀਚੀਂ ਹੂੰ ਅਤ ਨੀਚ
   ਨਾਨਕ ਤਿਨਕੇ ਸੰਗ ਸਾਥ ਹਉਂ ਵਡਿਆਂ ਸਿਉਂ ਕਿਆ ਰੀਸ।
3. ਜਾਤਿ ਜਨਮੁ ਨਹ ਪੁਛੀਐ ਸਚਘਰੁ ਲੇਹੁ ਬਤਾਇ।
   ਸਾ ਜਾਤਿਸਾ ਪਾਤਿ ਹੈ ਜੇਹੇ ਕਰਮ ਕਮਾਇ।
4. ਜੇਵੇਹਾ ਘਾਲੈ ਘਾਲਣਾ ਤੇ ਵੇਹੋ ਨਾਮ ਪਚਾਈਐ।

ਭਗਤ ਕਬੀਰ ਜੀ ਜਾਤ ਪਾਤ ਦਾ ਖੰਡਨ ਇਉਂ ਕਰ ਚੁਕੇ ਸਨ।

"ਜੇ ਤਉ ਬਾਹਮਣ ਬਾਹਮਣੀ ਜਾਇਆ।
ਆਣ ਬਾਟ ਕਾਹੇਂ ਨਹੀਂ ਆਇਆ।"

ਬਾਬਾ ਫ਼ਰੀਦ ਵੀ ਗੁਰੂ ਨਾਨਕ ਵਰਗੀ ਹੀ ਗਲ ਪਹਿਲਾਂ ਕਰ ਚੁਕੇ ਸਨ—

"ਫਰੀਦਾ ਖਾਲਕ ਖਲਕ ਮਹਿ ਖਲਕ ਵਸੇ ਰਬ ਮਾਹਿ।
ਮੰਦਾ ਕਿਸ ਨੋ ਆਖੀਐ ਜਾ ਤਿਸ ਬਿਨ ਕੋਈ ਨਾਹਿ।"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸੇ ਤਰ੍ਹਾਂ ਜਦ ਗੁਰੂ ਨਾਨਕ ਦੇਵ ਜੀ ਨੇ ਤੀਰਥ ਯਾਤਰਾ, ਵਰਤਨੇਮ, ਤਪੱਸਿਆ ਆਦਿ ਦਾ ਖੰਡਨ ਕੀਤਾ ਤਾਂ ਉਸ ਵੇਲੇ ਵੀ ਗੁਰੂ ਜੀ ਦਾ ਭਾਵ ਇਨ੍ਹਾਂ ਚੀਜ਼ਾਂ ਨਾਲ ਵਹਿਮਾ ਭਰਮਾਂ ਦੇ ਖੰਡਨ ਤੋਂ ਸੀ ਨਾ ਕਿ ਹਿੰਦੂ ਧਰਮ ਦੇ ਬੁਨਿਆਦੀ ਅਸੂਲਾਂ ਤੋਂ। ਗੁਰੂ ਜੀ ਨੇ ਪ੍ਰੇਮ-ਭਗਤੀ ਅਸੂਲ ਦਾ ਪ੍ਰਚਾਰ ਕੀਤਾ ਤੇ ਸਮੇਂ ਦੀਆਂ ਪ੍ਰਚਲਤ ਰਸਮਾਂ ਰੀਤਾਂ ਦੀਆਂ ਉਦਾਹਰਣਾਂ ਦੇ ਕੇ ਉਨ੍ਹਾਂ ਉਪਰ ਨਾ ਚਲਣ ਲਈ ਪ੍ਰੇਰਿਆ। ਆਪ ਨੇ ਆਪਣੇ ਸਿਖਾਂ ਨੂੰ ਇਹ ਕਦਾਚਿਤ ਨਹੀਂ ਕਿਹਾ ਕਿ ਉਹ ਵਰਤ ਨਾ ਰਖਣ, ਜਾਂ ਤੀਰਥਾਂ ਤੇ ਨਾ ਜਾਣ। ਆਪ ਜੀ ਨੇ ਕੇਵਲ ਇਸ ਗੱਲ ਤੇ ਜ਼ੋਰ ਦਿਤਾ ਕਿ ਈਸ਼ਵਰ ਦੀ ਭਗਤੀ ਤੇ ਪ੍ਰੇਮ ਦੇ ਟਾਕਰੇ ਤੇ ਸੰਸਾਰਕ ਰਸਮਾਂ ਰੀਤਾਂ ਤੇ ਹੋਰ ਸੰਸਕਾਰਾਂ ਦਾ ਕੋਈ ਮੁਲ ਨਹੀਂ।

ਗੁਰੂ ਨਾਨਕ ਦੇਵ ਜੀ ਭਗਤੀ ਲਹਿਰ ਨੂੰ ਪੇਸ਼ ਕਰਦੇ ਹੋਏ ਕਹਿੰਦੇ ਹਨ—

"ਭਗਤਾਂ ਤੇ ਸੰਸਾਰੀਆਂ, ਜੋੜ ਕਦੇ ਨਾ ਆਇਆ।"

(ਵਾਰ ਮਾਝ ਮਹਲਾ ੧)

ਨਾਰਦ ਭਗਤੀ ਸੂਤਰ ਅਤੇ ਸਾਂਡਿਲਯ ਭਗਤੀ ਸੂਤਰ ਵਿਚ ਭਗਤੀ ਨੂੰ ਪਰਮ ਪ੍ਰੇਮ ਰੂਪਾਂ ਅਤੇ ਉਸ ਵਿਚ ਵਧ ਤੋਂ ਵਧ ਅਨੁਰਕਤੀ ਕਿਹਾ ਹੈ। ਭਾਗਵਤ ਵਿਚ ਵੀ ਭਗਤੀ ਦੀ ਪਰਿਭਾਸ਼ਾ ਦਿੰਦਿਆਂ ਹੋਇਆ ਕਿਹਾ ਗਿਆ ਹੈ ਕਿ ਭਗਵਾਨ ਵਿਚ ਹੇਤੂ ਰਹਿਤ ਨਿਸ਼ਕਾਮ, ਇਕ ਨਿਸ਼ਠਾ ਯੁਕਤ ਅਤੇ ਅਨੁਵਰਤ ਪ੍ਰੇਮ ਦਾ ਨਾਂ ਹੀ ਭਗਤੀ ਹੈ। ਗੁਰੂ ਨਾਨਕ ਬਾਣੀ ਵਿਚ ਪ੍ਰੇਮਾ ਭਗਤੀ ਦਾ ਵਰਣਨ ਇਉਂ ਹੈ —"ਪ੍ਰੇਮ ਭਗਤ ਕਰਿ ਸਹਿਜ ਸਮਾਇ।" ਪਰੰਤੂ ਇਹ ਪ੍ਰੇਮਾ ਭਗਤੀ ਕੇਵਲ ਫੁਲ ਤੇ ਭੌਰੇ ਵਾਲਾ ਪ੍ਰੇਮ ਨਹੀਂ, ਸਗੋਂ ਇਹ ਪ੍ਰੇਮ ਸਿਰ ਧੜ ਦੀ ਬਾਜ਼ੀ ਹੈ। ਜਿਸ ਨੂੰ ਇਹ ਪ੍ਰੇਮ ਖੇਡਣ ਦਾ ਚਾਅ ਹੋਵੇ ਉਸ ਨੂੰ ਹੀ ਪ੍ਰੇਮ ਗਲੀ ਵਲ ਸਿਰ ਤਲੀ ਤੇ ਰਖ ਕੇ ਆਉਣਾ ਪੈਂਦਾ ਹੈ—

"ਜਉ ਤਉ ਪ੍ਰੇਮ ਖੇਲਣ ਕਾ ਚਾਉ।
ਸਿਰੁ ਧਰਿ ਤਲੀ ਗਲੀ ਮੇਰੀ ਆਉ।
ਇਤ ਮਾਰਗ ਪੈਰੁ ਧਰੀਜੈ।
ਸਿਰ ਦੀਜੈ ਕਾਣ ਨਾ ਕੀਜੈ।"

(ਸਲੋਕ ਵਾਰਾਂ ਤੋਂ ਵਧੀਕ, ਗੁਰੂ ਨਾਨਕ)

ਮਹਾਂ ਪੁਰਖਾਂ ਦੀ ਕਿਰਪਾ ਭਗਵਾਨ ਦੀ ਕਿਰਪਾ ਹੁੰਦੀ ਹੈ ਅਤੇ ਭਗਵਾਨ ਦੀ ਮਿਹਰ ਮਹਾਂ ਪੁਰਖਾਂ ਦੀ ਮਿਹਰ ਹੁੰਦੀ ਹੈ। ਡਾ: ਰਾਮ ਨਾਰਾਯਣ ਪਾਂਡੇਯ ਲਿਖਦੇ ਹਨ ਕਿ ਵੇਦਾਂ ਤੋਂ ਚਲੀ ਆ ਰਹੀ ਗੁਰੂ ਭਗਤੀ ਦੀ ਧਾਰਾ ਬੁਧ ਧਰਮ ਤੇ ਦਰਸ਼ਨ ਦੇ ਉਥਾਨ ਤਕ ਵੀ ਅਟੁਟ ਬਣੀ ਰਹੀ ਮੁੰਡ ਕੋਪਨਿਸ਼ਦ ਵਿਚ ਸਪਸ਼ਟ ਲਿਖਿਆ ਹੈ, ਉਸ ਨਿੱਤ-ਵਸਤੂ ਦਾ ਸਾਖਿਆਤ ਗਿਆਨ ਪ੍ਰਾਪਤ ਕਰਨ ਲਈ ਹੱਥ ਵਿਚ ਸਮਿਧਾ ਲੈ ਕੇ ਬ੍ਰਹਮ-ਨਿਸ਼ਠ ਗੁਰੂ ਕੋਲ ਜਾਣਾ ਚਾਹੀਦਾ ਹੈ। ਘੇਰੰਡ ਸੰਹਿਤਾ ਵਿਚ ਗੁਰੂ ਪ੍ਰਦੱਤ ਵਿਦਿਆ ਗੁਰੂ-ਪੂਜਾ ਅਤੇ ਗੁਰੂ ਸੇਵਾ ਦੇ ਸੰਬੰਧ ਵਿਚ ਸਪਸ਼ਟ ਅਤੇ ਪ੍ਰਮਾਣੀਕ ਪ੍ਰਸੰਗ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੰਹਿਤਾਕਾਰ ਨੇ ਉਹੀ ਗਿਆਨ ਉਪਯੋਗੀ ਅਤੇ ਸ਼ਕਤੀਸ਼ਾਲੀ ਮੰਨਿਆ ਹੈ ਜੋ ਗੁਰੂ ਦੇ ਮੁਖ ਤੋਂ ਪ੍ਰਾਪਤ ਹੋਵੇ, ਨਹੀਂ ਤਾਂ ਗਿਆਨ ਨਿਰਾਰਥਕ, ਅਸ਼ਕਤ ਅਤੇ ਦੁਖਦਾਈ ਹੋ ਜਾਂਦਾ ਹੈ—

ਇਸ ਲਈ ਗੁਰੂ ਦੀ ਕਿਰਪਾ ਨਾਲ ਸ਼ੁਭ ਵਸਤੂਆਂ ਦੀ ਪ੍ਰਾਪਤੀ ਹੋ ਜਾਂਦੀ ਹੈ। ਇਸ ਲਈ ਗੁਰੂ ਦੀ ਸੇਵਾ ਨਿਤ ਕਰਨੀ ਚਾਹੀਦੀ ਹੈ। ਨਹੀਂ ਤੇ ਮੰਗਲ ਹੋਣ ਦੀ ਸੰਭਾਵਨਾ ਨਹੀਂ—ਇਸੇ ਕਰਕੇ ਆਮ ਭਗਤਾਂ ਵਾਂਗ ਗੁਰੂ ਨਾਨਕ ਵੀ ਗੁਰੂ ਦੀ ਲੋੜ ਤੇ ਜ਼ੋਰ ਦੇਂਦੇ ਹਨ—

1. "ਬਿਨ ਸਤਿਗੁਰ ਕਿਨੈ ਨ ਪਾਇਓ,
ਬਿਨ ਸਤਿਗੁਰ ਕਿਨੈ ਨ ਪਾਇਆ।
ਸਤਿਗੁਰ ਵਿਚਿ ਆਪੁ ਰਖਿਓ ਨੁ,
ਕਰਿ ਪਰਗਟੁ ਆਖਿ ਸੁਣਾਇਆ।"
2. ਭੁਲਣ ਅੰਦਰ ਸਭੁ ਕੋ ਅਭੁਲ ਗੁਰੂ ਕਰਤਾਰ।
3. ਗੁਰ ਪਰਸਾਦੀ ਬੂਝਿ ਲੇ ਤਉ ਹੋਇ ਨਿਬੇਰਾ।
4. ਵਡੈ ਭਾਗਿ ਸਤਿਗੁਰੁ ਮਿਲੈ ਪਾਈਐ ਪਦ ਨਿਰਬਾਣੀ।

ਬਾਬਾ ਫਰੀਦ ਵੀ ਗੁਰੂ ਤੇ ਜ਼ੋਰ ਦੇਂਦਾ ਹੈ—

"ਬੋਲੀਐ ਸਚ ਧਰਮ ਝੂਠ ਨਾ ਬੋਲੀਐ
ਜੋ ਗੁਰ ਦਸੇ ਵਾਟ ਮੁਰੀਦਾ ਜੋਲੀਐ।"

ਕਬੀਰ ਜੀ ਵੀ ਰਾਮਾ ਨੰਦ ਆਪਣੇ ਗੁਰੂ ਦੇ ਗੁਣ ਗਾਉਂਦਾ ਹੈ—

"ਪ੍ਰੇਮ-ਭਗਤਿ ਰਾਮਾ ਨੰਦ ਜਾਣੇ।"

ਨਾਮ ਜਾਪ ਆਦਿ ਗ੍ਰੰਥ ਦੇ ਸੰਤਾਂ ਅਤੇ ਭਗਤਾਂ ਦੀ ਸਾਧਨਾ ਦਾ ਇਕ ਮਹਤਵ ਪੂਰਨ ਅੰਗ ਹੈ। ਨਾਮ ਦੀ ਮਹੱਤਾ ਦੇ ਵਿਸ਼ੇ ਵਿਚ ਡਾ. ਸ਼ੇਰ ਸਿੰਘ ਕਹਿੰਦੇ ਹਨ ਦਰ ਅਸਲ ਗੁਰੂ ਸਾਹਿਬਾਨ ਨੇ ਮੋਕਸ਼ ਦੇ ਇਕ ਨਵੇਂ ਮਾਰਗ ਦਾ ਅਵਿਸ਼ਕਾਰ ਕੀਤਾ। ਇਹ ਮਾਰਗ ਨਾਮ ਮਾਰਗ ਹੈ। ਨਾਮ ਮਾਰਗ ਦੀ ਵਿਲੱਖਣਤਾ ਅਤੇ ਅਨੁਸਰਨ ਦਾ ਵਿਹਾਰਕ ਸਰੂਪ ਜੋ ਗੁਰੂ ਨਾਨਕ ਅਤੇ ਉਨ੍ਹਾਂ ਦੇ ਅਨੁਯਾਈਆਂ ਨੇ ਦਰਸਾਇਆ ਹੈ ਉਹ ਬਹੁਤ ਪ੍ਰਾਚੀਨ ਸਾਧਨਾ ਪੱਧਤੀ ਹੈ। ਜਿਵੇਂ ਗੁਰੂ ਅਮਰਦਾਸ ਜੀ ਦਰਸਾਉਂਦੇ ਹਨ—

"ਵੇਦਾ ਮਹਿ ਨਾਮ ਉਤਮ ਸੋ ਸੁਣੇ ਨਾਹੀ ਫਿਰੇ ਜਿਉਂ ਬੇਤਾਲਿਆ।"

ਨਾਮ ਜਾਪੁ ਦੀ ਪਰੰਪਰਾ ਦੇ ਸੰਬੰਧ ਵਿਚ ਡਾ: ਜਯ ਰਾਮ ਮਿਸ਼੍ਰ ਲਿਖਦੇ ਹਨ—ਨਾਮ ਜਾਪ ਦੀ ਵਡਿਆਈ ਭਾਗਵਤ ਆਦਿ ਲਗ ਭਗ ਸਾਰੇ ਪੁਰਾਣਾਂ ਵਿਚ ਮਿਲਦੀ ਹੈ। ਪਰ ਮਧ ਯੁਗੀ ਭਗਤਾਂ ਦੀ ਬਾਣੀ ਵਿਚ ਇਸ ਦਾ ਵਿਕਾਸ ਸਿਖ਼ਰ ਸੀਮਾ ਤਕ ਪਹੁੰਚ ਗਿਆ ਸੀ। ਗੁਰਮਤ ਸਾਧਨਾ ਵਿਚ ਨਾਮ ਜਾਪੁ ਦੀ ਜੋ ਮਹਾਨਤਾ ਹੈ ਉਸ ਦਾ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਇਸ ਪ੍ਰਕਾਰ ਵਰਣਨ ਆਉਂਦਾ ਹੈ—

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"ਗੁਰ ਸਾਗਰ ਅੰਮ੍ਰਿਤਸਰੁ
ਜੋ ਇੱਛੇ ਸੋ ਫਲ ਪਾਏ।
ਨਾਮ ਪਦਾਰਥੁ ਅਮਰੁ ਹੈ
ਹਿਰਦੈ ਮਨਿ ਵਸਾਏ।"

ਵੱਡੇ ਵੱਡੇ ਲਿਖਾਰੀ ਵਿਦਵਾਨ ਇਹੀ ਸਿਧ ਕਰਨ ਦਾ ਜਤਨ ਕਰਦੇ ਆਏ ਹਨ ਕਿ ਗੁਰੂ ਨਾਨਕ ਦੇਵ ਜੀ ਦੇ ਮੱਤ ਦੇ ਵੱਡੇ ਵੱਡੇ ਅਸੂਲ ਉਹੀ ਹਨ ਜਿਨ੍ਹਾ ਦਾ ਮਧਕਾਲ ਦੇ ਹਿੰਦੂ ਭਗਤਾਂ ਸੁਧਾਰਕਾਂ ਨੇ ਪ੍ਰਚਾਰ ਕੀਤਾ। ਮਨੁੱਖੀ ਖੁਸ਼ੀ ਨੂੰ ਪ੍ਰਭੂ ਦੀ ਰਜ਼ਾ ਤੋਂ ਕੁਰਬਾਨ ਕਰਨਾ, ਪ੍ਰਾਪਤੀ ਦੇ ਪੁਰਾਤਨ ਅਸੂਲ ਨੂੰ ਦੁਹਰਾਉਣਾ, ਪ੍ਰੇਮ ਭਗਤੀ, ਕਰਮ ਫਿਲਾਸਫ਼ੀ ਵਿਚ ਨਿਸਚਾ, ਜਾਤ ਪਾਤ ਦਾ ਖੰਡਨ, ਪ੍ਰਭੂ ਵਿਆਖਿਆ, ਨਿਰਗੁਣ ਸਰਗੁਣ ਦਾ ਬਿਆਨ, ਪ੍ਰਕ੍ਰਿਤੀ ਸਿਰਜਨਾ, ਗੁਰੂ ਦੀ ਮਹਿਮਾ, ਆਵਾਗਵਨ, ਪ੍ਰਭੂ ਲੋਕ-ਸੇਵਾ, ਆਦਿ ਸਭ ਗੱਲਾਂ ਉਪਰ ਪਹਿਲਾਂ ਤੋਂ ਜ਼ੋਰ ਦਿਤਾ ਜਾਂਦਾ ਸੀ। ਪਰ ਵਧੇਰੇ ਸਪਸ਼ਟ ਤੌਰ ਤੇ ਅਤੇ ਵਧੇਰੇ ਜ਼ੋਰ ਗੁਰੂ ਨਾਨਕ ਨੇ ਦਿਤਾ। ਨਾਮਦੇਵ, ਕਬੀਰ, ਰਵਿਦਾਸ, ਪੀਪਾ, ਜੈਦੇਵ, ਧੰਨਾ, ਸਦਨਾ, ਸੈਣ, ਆਦਿ ਬਹੁਤ ਸਾਰੇ ਹਿੰਦੂ ਭਗਤਾਂ ਦੀ ਬਾਣੀ ਆਦਿ ਗ੍ਰੰਥ ਵਿਚ ਚੜ੍ਹਾਏ ਜਾਣ ਤੋਂ ਵੀ ਇਹੀ ਸਿਧ ਹੁੰਦਾ ਹੈ ਕਿ ਗੁਰੂ ਨਾਨਕ ਦੀ ਸਿਖਿਆ ਨਾਲ ਉਨ੍ਹਾਂ ਭਗਤਾਂ ਦੀ ਬਾਣੀ ਮਿਲਦੀ ਜੁਲਦੀ ਹੈ।

ਗੁਰੂ ਨਾਨਕ ਦੀ ਬਾਣੀ ਸਿਧ ਨਾਥ-ਸੰਤ ਪਰੰਪਰਾ ਨਾਲ ਸੰਬੰਧਿਤ ਹੋਣ ਅਤੇ ਇਸ ਦੇ ਭਾਰਤੀ ਲੋਕ-ਧਾਰਾ ਦਾ ਅੰਗ ਹੋਣ ਦਾ ਪ੍ਰਮਾਣ ਇਸ ਗੱਲ ਤੋਂ ਵੀ ਮਿਲਦਾ ਹੈ ਕਿ ਇਹ ਕਾਵਿ ਪ੍ਰਵਿਰਤੀ ਬ੍ਰਾਹਮਣਵਾਦੀ ਕਰਮ ਕਾਂਡ ਅਤੇ ਜਾਤੀ ਪ੍ਰਥਾ ਦੇ ਵੇਦਿਕ ਵਿਰਸੇ ਨੂੰ ਰੱਦ ਕਰਦੀ ਹੈ। ਇਹ ਵੀ ਆਪਣੀ ਪੂਰਬਲੀ ਕਾਵਿ-ਪ੍ਰਵਿਰਤੀ ਦੀਆਂ ਮੁਢਲੀਆਂ ਸਿਧਾਂਤਕ ਧਾਰਨਾਵਾਂ ਨੂੰ ਸਵੀਕਾਰ ਕਰਕੇ ਤੁਰਦੀ ਹੈ। ਉਦਾਹਰਣ ਵਜੋਂ ਪੁਸਤਕ ਨਾਲੋਂ ਵਧੇਰੇ ਗੁਰੂ ਦਾ ਮਹਤਵ ਸਵੀਕਾਰ ਕਰਨਾ ਅਤੇ ਪਿੰਡ ਵਿਚ ਬ੍ਰਹਿਮੰਡ ਨੂੰ ਵੇਖਣਾ, ਕਾਇਆਂ-ਤੀਰਥ ਦਾ ਸੰਕਲਪ, ਆਦਿ ਸਭ ਇਸ ਪੂਰਬਲੀ ਪਰੰਪਰਾ ਨਾਲ ਇਸ ਦੀ ਸਾਂਝ ਸੰਕਲਪੀ ਸ਼ਬਦਾਵਲੀ ਦੀ ਵਰਤੋਂ ਵਿਚ ਪ੍ਰਤੱਖ ਤੌਰ ਤੇ ਨਜ਼ਰ ਆਉਂਦੀ ਹੈ। ਉਦਾਹਰਣ ਵਜੋਂ—ਗੁਰੂ, ਗੁਰਮੁਖ, ਸੁੰਨ, ਸਹਿਜ, ਨਿਰਵਾਣ, ਸ਼ਬਦ-ਸੁਰਤਿ, ਨਾਦ-ਬਿੰਦ, ਆਦਿ ਮਹਤਵ ਪੂਰਨ ਸੰਕਲਪ ਸਿਧ ਨਾਥ-ਸੰਤ ਪਰੰਪਰਾ ਦੇ ਵਿਰਸੇ ਨਾਲ ਡੂੰਘੀ ਤਰ੍ਹਾਂ ਜੁੜੇ ਹੋਏ ਹਨ। ਨਾਨਕ ਬਾਣੀ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਨੇ ਇਨ੍ਹਾਂ ਸੰਕਲਪੀ ਸ਼ਬਦਾਂ ਨੂੰ ਵਿਚਾਰਧਾਰਾ ਵਿਚ ਹੋ ਰਹੇ ਵਿਕਾਸ ਦੀ ਰੌਸ਼ਨੀ ਵਿਚ ਨਵੇਂ ਸਿਰੇ ਤੋਂ ਪਰਿਭਾਸ਼ਿਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਦੇ ਫਲ ਸਰੂਪ ਸੁੰਨ ਨਿਰੰਜਨ, ਵਰਗੇ ਅਣਈਸ਼ਵਰਵਾਦੀ ਸੰਕਲਪ ਨਿਰਾਕਾਰ ਬ੍ਰਹਮ ਦੇ ਪ੍ਰਤੀਕ ਬਣ ਗਏ। ਇਸ ਪ੍ਰਕਾਰ ਦਾ ਅਰਥ ਪਰਿਵਰਤਕ ਸਿਧਾਂ ਅਤੇ ਨਾਥਾਂ ਦੀ ਮੂਲ ਸੰਕਲਪੀ ਸ਼ਬਦਾਵਲੀ ਦੇ ਪ੍ਰਸੰਗ ਵਿਚ ਹੋਇਆ ਹੈ। ਇਹ ਤੱਥ ਸਾਨੂੰ ਜਿਥੇ ਪੁਰਾਣੀ ਪਰੰਪਰਾ ਦੀ ਨਿਰੰਤਰਤਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾਲ ਜਾਣੂ ਕਰਵਾਉਂਦਾ ਹੈ, ਓਥੇ ਇਸ ਗੱਲ ਵੱਲ ਵੀ ਧਿਆਨ ਦਿਵਾਉਂਦਾ ਹੈ ਕਿ ਨਾਨਕ ਬਾਣੀ ਵਿਚ ਵਰਤੇ ਗਏ ਇਹ ਸੰਕਲਪ ਅਰਥਾਂ ਦੇ ਪਰਿਵਰਤਨ ਵਿਚੋਂ ਲੰਘ ਕੇ ਉਸ ਦੇ ਮੌਲਿਕ ਚਰਿਤ੍ਰ ਨੂੰ ਵੀ ਉਘਾੜਦੇ ਹਨ।

ਨਾਨਕ ਬਾਣੀ ਆਪਣੀ ਪੂਰਬਵਰਤੀ ਸਿਧ-ਨਾਥ, ਸੰਤ ਪਰੰਪਰਾ ਦੇ ਅਨੁਸਾਰ ਹੀ ਪ੍ਰਮੁਖ ਰੂਪ ਵਿਚ ਪ੍ਰਗੀਤ ਅਤੇ ਉਪਦੇਸ਼ਾਤਮਕ ਕਾਵਿ-ਰੂਪਾਂ ਨੂੰ ਆਪਣੇ ਸਿਰਜਨ ਦਾ ਆਧਾਰ ਬਣਾਉਂਦੀ ਹੈ। ਨਾਨਕ ਬਾਣੀ ਦੇ ਪ੍ਰਗੀਤਾਂ ਦੀ ਮੂਲ ਸੁਰ ਮਨੁੱਖੀ ਜੀਵਨ ਦੇ ਸੰਕਟ ਭਰਪੂਰ ਪ੍ਰਸੰਗ ਵਿਚੋਂ ਪੈਦਾ ਹੁੰਦੀ ਹੈ। ਦੁਖ ਕਲੇਸ਼ ਅਤੇ ਮੌਤ ਮਨੁੱਖ ਦੀ ਹੋਂਦ ਅਵਸਥਾ ਦੇ ਲਾਜ਼ਮੀ ਅੰਗ ਹਨ। ਇਨ੍ਹਾਂ ਦੇ ਸਾਹਮਣੇ ਮਨੁੱਖ ਨੂੰ ਆਪਣੇ ਜੀਵਨ ਦੀ ਅਰਥ ਹੀਣਤਾ ਦਾ ਅਹਿਸਾਸ ਪੈਦਾ ਹੁੰਦਾ ਹੈ। ਕਿਉਂ ਜੋ ਆਪਣੀ ਮਰਣਸ਼ੀਲ ਹੋਣੀ ਨੂੰ ਉਹ ਭਾਵੁਕ ਤੌਰ ਤੇ ਕਿਸੇ ਵੀ ਹਾਲਤ ਵਿਚ ਪ੍ਰਵਾਨ ਨਹੀਂ ਕਰ ਸਕਦਾ। ਨਾਨਕ ਬਾਣੀ ਵਿਚਲੇ ਪ੍ਰਗੀਤ ਇਸੇ ਸੰਕਟ ਦੇ ਕੰਢੇ ਖਲੋਤੇ ਮਨੁੱਖ ਦੀ ਭਾਵੁਕ ਅਵਸਥਾ ਤੋਂ ਆਪਣਾ ਸੁਰ ਉਚਾਰਦੇ ਹਨ। ਇਨ੍ਹਾਂ ਵਿਚ ਸੰਬੋਧਨ ਦੀ ਧਿਰ ਜਾਂ ਤਾਂ ਖ਼ੁਦ ਬ੍ਰਹਮ ਹੈ ਜੋ ਮਾਨਵ ਦਾ ਸਿਰਜਣਹਾਰ ਪ੍ਰਭੂ ਹੈ ਅਤੇ ਜਾਂ ਫਿਰ ਇਨ੍ਹਾਂ ਵਿਚ ਆਪਣੇ ਮਨ ਨੂੰ ਸੰਬੋਧਨ ਕੀਤਾ ਗਿਆ ਹੈ – ਇਹ ਸੰਬੋਧਨ ਕਿਧਰੇ ਕਿਧਰੇ ਸਾਧੋ, ਭਾਈ ਰੇ, ਸੰਤੋ, ਆਦਿ ਦਾ ਰੂਪ ਵੀ ਧਾਰ ਲੈਂਦਾ ਹੈ—ਜਿਵੇਂ

1. ਕਹੇ ਕਬੀਰ ਸੁਣੋ ਰੇ ਸਾਧੋ —ਇਸੇ ਤਰ੍ਹਾਂ—
2. ਸਾਧੋ ਮਨ ਕਾ ਮਾਨ ਤਿਆਗੋ।
1 ਕਹੇ ਨਾਨਕ ਸੁਣੋ ਸੰਤੋ –
2. ਭਾਈ ਰੇ ਗੁਰ ਬਿਨ ਗਿਆਨ ਨ ਹੋਇ।

ਭਗਤੀ ਲਹਿਰ ਰਾਮਾ ਨੰਦ ਨੇ ਚਲਾਈ। ਕਬੀਰ ਜੀ ਨੇ ਕਾਫ਼ੀ ਅਗੇ ਖੜੀ। ਰਾਮਾ ਨੰਦ ਦੇ ਬਹੁਤ ਸਾਰੇ ਚੇਲੇ ਹੋਏ। ਕਬੀਰ, ਰਵਿਦਾਸ ਉਨ੍ਹਾਂ ਦੇ ਚੇਲਿਆਂ ਵਿਚੋਂ ਹਨ। ਗੁਰੂ ਨਾਨਕ ਬਾਰੇ ਤਾਂ ਲੋਕ ਗੀਤਾਂ ਵਿਚ ਆਇਆ ਹੈ—

ਨਾਨਕ ਜੇਡ ਭਗਤ ਨਾ ਕੋਈ ਜਿਨ ਹਰਿ ਕਾ ਨਾਮ ਪਛਾਤਾ।

ਸੋ ਆਮ ਲੋਕ ਬਾਬਾ ਨਾਨਕ ਨੂੰ ਸ਼ਿਰੋਮਣੀ ਭਗਤ ਗਿਣਦੇ ਸਨ। ਗੁਰੂ ਨਾਨਕ ਨਿਸਚੇ ਹੀ ਭਗਤੀ ਲਹਿਰ ਦਾ ਸਿਖ਼ਰ ਸੂਰਜ ਹੈ—

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ।
ਜਿਉਂ ਕਰ ਸੂਰਜ ਨਿਕਲਿਆ ਤਾਰੇ ਛੁਪੇ ਅੰਧੇਰ ਪਲੋਆ।
ਸਿੰਘ ਬੁਕੇ ਮਿਰਗਾਵਲੀ ਭੰਨੀ ਜਾਇ ਨਾ ਧੀਰ ਧਰੋਆ।
ਜਿਥੇ ਬਾਬਾ ਪੈਰ ਧਰੇ ਪੂਜਾ ਆਸਣ ਥਾਪਣ ਸੋਆ।
ਸਿਧ ਆਸਣ ਸਭ ਜਗਤ ਦੇ ਨਾਨਕ ਆਦਿ ਮਤੇ ਜੇ ਕੋਆ,
ਘਰ ਅੰਦਰ ਧਰਮ ਸਾਲ ਹੋਏ ਕੀਰਤਨ ਸਦਾ ਵਿਸੋਆ।
ਗੁਰਮੁਖ ਕਲ ਵਿਚ ਪ੍ਰਗਟ ਹੋਆ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਾਬਾ ਨਾਨਕ ਨੇ ਇਨ੍ਹਾਂ ਸੁਧਾਰ ਕੀਤਾ ਕਿ ਸਾਰੇ ਭਗਤ ਰਲ ਕੇ ਨਾ ਕਰ ਸਕੇ।

''ਕਲਯੁਗ ਬਾਬੇ ਤਾਰਿਆ ਸਤਿਨਾਮ ਪੜ੍ਹ ਮੰਤ੍ਰ ਸੁਣਾਇਆ।''

ਬਾਬਾ ਨਾਨਕ ਇਕ ਰਹਿਬਰ ਬਣ ਕੇ ਆਇਆ ਜਿਸ ਨੇ ਕੁਲ ਲੋਕਾਈ ਨੂੰ ਤਾਰਿਆ। ਚਾਰ ਉਦਾਸੀਆਂ ਕੀਤੀਆਂ। ਭਗਤ ਕਵੀ ਇਕ ਥਾਂ ਤੋਂ ਦੂਜੇ ਥਾਂ ਜਾਇਆ ਕਰਦੇ ਸਨ ਥਾਂ ਥਾਂ ਧਰਮ ਦਾ ਪ੍ਰਚਾਰ ਕਰਦੇ ਫਿਰਦੇ ਸਨ। ਬਾਬੇ ਨੇ ਵੀ ਖੂਬ ਚਾਰ ਉਦਾਸੀਆਂ ਵਿਚ ਧਰਮ ਦਾ ਪ੍ਰਚਾਰ ਕੀਤਾ। ਬਹੁਤ ਵੱਡੇ ਵੱਡੇ ਕੌਡੇ ਵਰਗੇ ਰਾਖਸ਼ਾਂ ਨੂੰ ਦੇਵਤਾ ਬਣਾਇਆ। ਸਜਣ ਠੱਗਾਂ ਵਰਗਿਆਂ ਨੂੰ ਸੁਧਾਰ ਕੇ ਅਸਲੀ ਸਜਨ ਬਣਾ ਦਿਤਾ। ਵਲੀਆਂ ਕੰਧਾਰੀਆਂ ਦਾ ਮਾਨ ਤੋੜਿਆ। ਐਸਾ ਹੋਰ ਕੋਈ ਭਗਤ ਨਹੀਂ ਕਰ ਸਕਿਆ। ਇਹੀ ਕਾਰਣ ਹੈ ਕਿ ਡਾ: ਇਕਬਾਲ ਗਾ ਉਠਿਆ—

''ਸਦਾ ਉਠੀ ਤੋਹੀਦ ਕੀ ਇਕ ਵਾਰ ਫਿਰ ਪੰਜਾਬ ਸੇ
ਹਿੰਦ ਕੋ ਇਕ ਮਰਦਿ ਕਾਮਲ ਨੇ ਜਗਾਇਆ ਖਾਬ ਸੇ।''

ਅਤੇ ਇਕ ਮੁਸਲਮਾਨ ਫਕੀਰ ਕਹਿ ਉਠਿਆ—

''ਨਦਰੇ ਰਹਿਮਤ ਸੇ ਜਿਸ ਤਰਫ ਨਾਨਕ ਇਸ਼ਾਰਾ ਕਰ ਦੀਆ
ਹਿੰਦ ਕੀ ਕਿਆ ਬਾਤ ਹੈ ਜ਼ਾਹਿਦ ਦੀਵਾਨਾ ਕਰ ਦੀਆ।''

ਨਿਸਚੇ ਹੀ ਨਾਨਕ ਭਗਤੀ ਲਹਿਰ ਦਾ ਸਿਖ਼ਰ ਹੋ ਨਿਬੜਿਆ। ਭਗਤੀ ਲਹਿਰ ਗੁਰੂਆਂ ਵੇਲੇ ਵੀ ਸਿਖਰ ਤੇ ਰਹੀ ਅਤੇ ਗੁਰੂ ਗੋਬਿੰਦ ਸਿੰਘ ਤੋਂ ਬਾਦ ਨਿਘਰਦੀ ਚਲੀ ਗਈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਰੂ ਨਾਨਕ ਸਮੇਂ ਦੀ ਧਾਰਮਿਕ ਸਥਿਤੀ

ਨਾਨਕ ਕਾਲ ਦੀ ਧਾਰਮਿਕ ਸਥਿਤੀ ਦਾ ਚਿਤ੍ਰ ਭਾਈ ਗੁਰਦਾਸ ਜੀ ਨੇ ਇਸ ਤਰ੍ਹਾਂ ਖਿਚਿਆ ਹੈ—

"ਚਾਰ ਵਰਣ ਚਾਰ ਮਜ਼ਹਬ ਜਗ ਵਿਚ ਹਿੰਦੂ ਮੁਸਲਮਾਣੇ।
ਖੁਦੀ ਬਖ਼ੀਲੀ ਤਕੱਬਰੀ ਖਿਚੋਤਾਣ ਕਰੇਨਿ ਧਿਙਾਣੇ।
ਗੰਗਾ ਬਨਾਰਸ ਹਿੰਦੂ ਆਂ ਮੱਕਾ ਕਾਬਾ ਮੁਸਲਮਾਣੇ।
ਸੁਨਤ ਮੁਸਲਮਾਨ ਦੀ ਤਿਲਕ ਜੰਞੂ ਹਿੰਦੂ ਲੋਭਾਣੇ।
ਰਾਮ ਰਹੀਮ ਕਹਾਇੰਦੇ ਇਕ ਨਾਮ ਦੁਇ ਰਾਹ ਭੁਲਾਣੇ।
ਵੇਦ ਕਤੇਬ ਭੁਲਾਇਕੇ ਮੋਹੈ ਲਾਲਚ ਦੁਨੀ ਸ਼ੈਤਾਣੇ।
ਸਿਰੋਂ ਨਾ ਮਿਟੈ ਆਵਣ ਜਾਣੇ।"

ਧਰਮ ਆਪਸ ਵਿਚ ਲੜ ਝਗੜ ਤੇ ਖਹਿਬੜ ਰਹੇ ਸਨ। ਹਿੰਦੂ ਆਪਣੇ ਆਪ ਨੂੰ ਅਤੇ ਮੁਸਲਮਾਨ ਆਪਣੇ ਆਪ ਨੂੰ ਵੱਡਾ ਖ਼ਿਆਲ ਕਰ ਰਹੇ ਸਨ। ਮੱਕੇ ਵਲ ਮੂੰਹ ਕਰਕੇ ਮੁਸਲਮਾਨ ਨਮਾਜ਼ ਪੜ੍ਹਦੇ ਅਤੇ ਮੱਕੇ ਨੂੰ ਹੀ ਰੱਬ ਸਮਝ ਰਹੇ ਸਨ—ਜਦ ਗੁਰੂ ਨਾਨਕ ਦੇਵ ਜੀ ਮੱਕੇ ਮੁਸਲਮਾਨਾਂ ਦੇ ਸੁਧਾਰ ਲਈ ਗਏ ਤਾਂ ਮੁਸਲਮਾਨਾਂ ਕਾਜ਼ੀਆਂ ਮੁਲਾਂ ਮੁਲਾਣਿਆਂ ਨੇ ਪਹਿਲਾਂ ਸੁਆਲ ਹੀ ਇਹ ਕੀਤਾ—ਭਾਈ ਗੁਰਦਾਸ ਜੀ ਫੁਰਮਾਂਦੇ ਹਨ—

"ਪੁਛਣ ਗੱਲ ਈਮਾਨ ਕਾਜ਼ੀ ਮੁੱਲਾਂ ਇਕੱਠੇ ਹੋਈ।
ਵੱਡਾ ਕੌਤਕ ਵਰਤਿਆ ਲੱਖ ਨਾ ਸਕੈ ਕੁਦਰਤ ਕੋਈ।
ਪੁਛਣ ਖੋਲ੍ਹ ਕਿਤਾਬ ਨੂੰ ਵੱਡਾ ਹਿੰਦੂ ਕਿ ਮੁਸਲਮਣੋਈ।
ਬਾਬਾ ਆਖੇ ਹਾਜੀਆਂ ਸ਼ੁਭ ਅਮਲਾਂ ਬਾਝੋਂ ਦੋਵੇਂ ਰੋਈ।"

ਗੁਰੂ ਨਾਨਕ ਦੇਵ ਜੀ ਨੇ ਉਤਰ ਦਿਤਾ ਇਸ ਵੇਲੇ ਹਿੰਦੂ ਤੇ ਮੁਸਲਮਾਨ ਦੋਵੇਂ ਹੀ ਸ਼ੁਭ ਅਮਲਾਂ ਤੋਂ ਹੀਣੇ ਹਨ ਅਤੇ ਦੋਵੇਂ ਹੀ ਰੋ ਰਹੇ ਹਨ। ਵੱਡਾ ਹਿੰਦੂ ਜਾਂ ਮੁਸਲਮਾਨ ਨਹੀਂ ਹੈ, ਸਗੋਂ ਵੱਡਾ ਉਹ ਹੈ ਜਿਸ ਦੇ ਕਰਮ ਸ਼ੁਭ ਹਨ। ਬਾਬਾ ਨਾਨਕ ਨੇ ਤਾਂ ਇਹ ਨਾਹਰਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਾਇਆ ਸੀ ਕਿ ਹਿੰਦੂ ਜਾਂ ਮੁਸਲਮਾਨ ਰੱਬ ਨਹੀਂ ਬਣਾਉਂਦਾ, ਸਗੋਂ ਮਨੁੱਖ ਖੁਦ ਹਿੰਦੂ ਜਾਂ ਮੁਸਲਮਾਨ ਬਣਦਾ ਹੈ —"ਨਾ ਕੋ ਹਿੰਦੂ ਨਾ ਮੁਸਲਮਾਨ"

ਜਦ ਮੁਸਲਮਾਨ ਗੁਰੂ ਨਾਨਕ ਨੂੰ ਪੁਛਦੇ ਹਨ ਕਿ ਤੁਸੀਂ ਹਿੰਦੂ ਹੋ ਜਾਂ ਮੁਸਲਮਾਨ ਤਾਂ ਵੀ ਗੁਰੂ ਜੀ ਇਹੀ ਕਹਿੰਦੇ ਹਨ ਕਿ—

"ਹਿੰਦੂ ਹੋ ਤੋਂ ਮਾਰੀਐ ਮੁਸਲਮਾਨ ਭੀ ਨਾ।
ਪੰਜ ਤਤ ਕਾ ਪੁਤਲਾ ਬਣਿਆ ਨਾਨਕ ਮੇਰਾ ਨਾਂ।"

ਮੁਸਲਮਾਨ ਹਿੰਦੂਆਂ ਨੂੰ ਮਾਰਦੇ ਸਨ। ਉਹ ਭੁਲ ਜਾਂਦੇ ਸਨ ਕਿ ਉਹ ਨਾ ਤਾਂ ਮੁਸਲਮਾਨ ਹਨ ਅਤੇ ਨਾ ਹੀ ਹਿੰਦੂ ਕਿਉਂਕਿ ਮਨੁੱਖਤਾਂ ਮਨੁੱਖ ਹੈ ਕੇਵਲ ਮਨੁੱਖ ਜੋ ਪੰਜਾਂ — ਤਤਾਂ 1. ਅੱਗ, 2. ਹਵਾ, 3. ਮਿੱਟੀ, 4. ਪਾਣੀ ਤੇ 5. ਅਕਾਸ਼ ਤੋਂ ਬਣਿਆ ਹੈ।

ਉਸ ਵੇਲੇ ਸ਼ਰਮ ਤੇ ਧਰਮ ਦੋਵੇਂ ਪਰ ਲਾ ਕੇ ਉਡ ਚੁਕੇ ਸਨ—

"ਸ਼ਰਮ ਧਰਮ ਕਾ ਡੇਰਾ ਦੂਰ
ਨਾਨਕ ਕੂੜ ਰਿਹਾ ਭਰਪੂਰ।"

ਸ਼ੈਤਾਨ ਦਾ ਹੀ ਰਾਜ ਸੀ—ਕਾਜ਼ੀਆਂ ਬਾਹਮਣਾਂ ਨੂੰ ਕੋਈ ਨਹੀਂ ਸੀ ਪੁਛਦਾ—

"ਕਾਜੀਆਂ ਬਾਹਮਣਾਂ ਕੀ ਗੱਲ ਥਕੀ
ਅਗਦ ਪੜ੍ਹੇ ਸ਼ੈਤਾਨ ਵੇ ਲਾਲੋ।"

ਭਾਈ ਗੁਰਦਾਸ ਜੀ ਠੀਕ ਫੁਰਮਾਂਦੇ ਹਨ—

"ਸਚ ਕਿਨਾਰੇ ਰਹਿ ਗਿਆ ਖਹਿ ਮਰਦੇ ਬਾਹਮਣ ਮੌਲਾਣੇ।"

ਆਸਾ ਦੀ ਵਾਰ 'ਚ ਗੁਰੂ ਨਾਨਕ ਦੇਵ ਜੀ ਲਿਖਦੇ ਹਨ ਕਿ ਸੰਸਾਰਿਕ ਜੀਵਾਂ ਦੇ ਹਿਰਦੇ ਵਿਚੋਂ ਸੱਚ ਉਡ ਗਿਆ ਹੈ ਅਤੇ ਕੂੜ ਹੀ ਕੂੜ ਪ੍ਰਧਾਨ ਰਹਿ ਗਿਆ ਹੈ। ਕਲਯੁਗ ਦੀ ਪਾਪਾਂ ਦੀ ਕਾਲਖ ਕਾਰਣ ਜੀਵ ਭੂਤਣੇ ਬਣਦੇ ਜਾ ਰਹੇ ਹਨ—

"ਸਚਿ ਕਾਲੁ ਕੂੜ ਵਰਤਿਆ ਕਲ ਕਾਲਖਿ ਬੇਤਾਲ।"

ਕਲਯੁਗ ਵਿਚ ਲਾਲਚ ਰਾਜਾ ਬਣ ਬੈਠਾ ਹੈ ਅਤੇ ਪਾਪ ਵਜ਼ੀਰ ਕੂੜ ਪ੍ਰਧਾਨ ਹੋ ਗਿਆ ਹੈ—ਕਾਮ ਵਾਸ਼ਨਾ ਨਾਇਬ ਬਣ ਗਈ ਹੈ। ਜੰਤਾ ਵੀ ਅੰਨ੍ਹੀ ਹੋ ਗਈ ਹੈ ਜੋ ਪਰਾਇਆ ਹੱਕ ਖਾਣ ਵਾਲਿਆਂ ਦੀ ਚੋਟੀ ਭਰ ਰਹੀ ਹੈ—

"ਲਬੁ ਪਾਪੁ ਦੁਇ ਰਾਜਾ ਮਹਿਤਾ ਕੂੜ ਹੋਆ ਸਿਕਦਾਰ।
ਕਾਮ ਦੇਣਾ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰ।
ਅੰਧੀ ਰਈਅਤ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰ।"

ਨਾਨਕ ਦੇਵ ਜੀ ਲਿਖਦੇ ਹਨ ਕਿ ਕਲਯੁਗ ਵਿਚ ਧਾਰਮਿਕ ਹਾਲਤ ਹਾਸੋਹੀਣੀ ਹੋ ਗਈ ਹੈ—ਗੁਰੂ ਨਚਦੇ ਹਨ ਅਤੇ ਚੇਲੇ ਸਾਜ਼ ਬਜਾਂਦੇ ਹਨ। ਉਲਟ ਪੁਲਟ ਹੋ ਰਿਹਾ ਹੈ। ਖਾਕ ਤੇ ਖੇਹ ਉਡਦੀ ਹੈ ਅਤੇ ਸਿਰਾਂ ਦੇ ਖਿਲਰੇ ਵਾਲਾਂ ਵਿਚ ਪੈਂਦੀ ਹੈ ਲੋਕ ਵੇਖ ਵੇਖ ਹੱਸਦੇ ਹਨ। ਰੋਟੀਆਂ ਦੀ ਖਾਤਰ ਲੋਕ ਐਸਾ ਸਾਂਗ ਵਰਤਾ ਰਹੇ ਹਨ—

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"ਵਾਇਨ ਚੇਲੇ ਨਚਨਿ ਗੁਰ ।
ਪੈਰ ਹਲਾਇਨ ਫੇਰਨਿ ਸਿਰ ।
ਉਡਿ ਉਡਿ ਰਾਵਾ ਝਾਟੈ ਪਾਇ ।
ਵੇਖੈ ਲੋਕੁ ਹਸੈ ਘਰਿ ਜਾਇ ।
ਰੋਟੀਆਂ ਕਾਰਣਿ ਪੂਰਹਿ ਤਾਲ ।"

ਧਾਰਮਿਕ ਲੋਕ ਪੌਣ ਅਹਾਰੀ ਬਣਨ ਦੀ ਕੋਸ਼ਿਸ਼ ਕਰਦੇ ਹਨ। ਤੀਰਥਾਂ ਤੇ ਘੁੰਮਦੇ ਹਨ ਤਾਂ ਹਉਮੈ ਵਿਚ ਬੋਲਦੇ ਹਨ ਕਿ ਮੈਂ ਫਲਾਣੇ ਤੀਰਥ ਦੀ ਯਾਤਰਾ ਕਰਕੇ ਆਇਆ ਹਾਂ। ਲੋਕ ਨਗਨ ਰਹਿੰਦੇ ਹਨ। ਮੌਨ ਧਾਰਨ ਕਰਦੇ ਹਨ। ਨੰਗੇ ਪੈਰ ਚਲਦੇ ਹਨ। ਮੜੀਆਂ ਮਸਾਣਾਂ ਵਿਚ ਰਹਿੰਦੇ ਹਨ—ਨਾਮ ਤੋਂ ਬਿਨਾਂ ਭਟਕ ਰਹੇ ਹਨ—

"ਬਹੁ ਤੀਰਥ ਭਵਿਆ ਤੇਤੋ ਲਵਿਆ ।
ਬਹੁ ਭੇਖ ਕੀਆ ਦੇਹੀ ਦੁਖ ਦੀਆ ।
ਸਹੁ ਵੇ ਜੀਆ ਅਪਣਾ ਕੀਆ ।
ਅੰਨ ਨ ਖਾਇਆ ਸਾਦੁ ਗਵਾਇਆ ।
ਬਹੁ ਦੁਖ ਪਾਇਆ ਦੂਜਾ ਭਾਇਆ ।
ਮੋਨਿ ਵਿਗੂਤਾ ਕਿਉਂ ਜਾਗੈ ਗੁਰ ਬਿਨ ਸੂਤਾ ।
ਪਗ ਉਪੇਤਾਣਾ ਅਪਣਾ ਕੀਆ ਕਮਾਣਾ ।
ਅਲ ਮਲ ਖਾਈ ਸਿਰਿ ਛਾਈ ਪਾਈ ।
ਮੂਰਖ ਅੰਧੈ ਪਤਿ ਗਵਾਈ ।
ਵਿਣੁ ਨਾਵੈ ਕਿਛੁ ਥਾਇ ਨ ਪਾਈ ।
ਰਹੈ ਬੇਬਾਣੀ ਮੜੀ ਮਸਾਣੀ ।"

ਪੰਡਤ ਜੋ ਧਾਰਮਿਕ ਆਗੂ ਮੰਨਿਆ ਗਿਆ ਹੈ ਵੇਦ ਤੇ ਹੋਰ ਧਾਰਮਿਕ ਪੁਸਤਕਾਂ ਪੜ੍ਹ ਕੇ ਸੰਧਿਆ ਕਰਦਾ ਅਤੇ ਹੋਰਾਂ ਨਾਲ ਚਰਚਾ ਛੇੜਦਾ ਹੈ। ਮੂਰਤੀ ਪੂਜਦਾ ਹੈ ਅਤੇ ਬਗਲੇ ਵਾਂਗ ਸਮਾਧੀ ਲਗਾਂਦਾ ਹੈ ਮੂੰਖੋਂ ਝੂਠ ਬੋਲਦਾ ਹੈ। ਗਇਤ੍ਰੀ ਮੰਤ੍ਰ ਉਚਾਰਦਾ ਹੈ। ਗਲ ਵਿਚ ਮਾਲਾ ਰਖਦਾ ਹੈ ਮਥੇ ਉਤੇ ਤਿਲਕ ਲਗਾਂਦਾ ਹੈ। ਦੋ ਧੋਤੀਆਂ ਪਾਸ ਰਖਦਾ ਹੈ। ਉਹ ਬ੍ਰਹਮ ਦਾ ਕਰਮ ਨਹੀਂ ਜਾਣਦਾ। ਫੋਕੇ ਕਰਮਾਂ ਕਾਂਡਾਂ ਵਿਚ ਪੈ ਕੇ ਸਭ ਕੁਝ ਵਿਅਰਥ ਕਰ ਰਿਹਾ ਹੈ—

"ਪੜਿ ਪੁਸਤਕ ਸੰਧਿਆ ਬਾਦੰ ।
ਸਿਲ ਪੂਜਸਿ ਬਗੁਲ ਸਮਾਧੰ ।
ਮੁਖਿ ਝੂਠ ਬਿਭੂਖਣ ਸਾਰੰ ।
ਤ੍ਰੈਪਾਲ ਤਿਹਾਲ ਬਿਚਾਰੰ ।
ਗਲਿ ਮਾਲਾ ਤਿਲਕ ਲਿਲਾਟੰ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੁਇ ਧੋਤਿ ਬਸਤ੍ਰ ਕਪਾਟੰ ।
ਜੇ ਜਾਵਸਿ ਬ੍ਰਹਮੰ ਕਰਮੰ ।
ਸਭਿ ਫੋਕਟ ਨਿਸਚਉ ਕਰਮੰ ।"

ਪੰਡਤ ਚਾਰ ਉਡੀਆਂ ਤੋਂ ਮੁਲ ਲੈ ਕੇ ਜਨੇਊ ਮਨੁੱਖ ਦੇ ਗਲ ਵਿਚ ਪਾਉਂਦਾ ਹੈ ਅਤੇ ਉਸ ਦੇ ਕੰਨ ਵਿਚ ਸਿਖਿਆ ਦੇਂਦਾ ਹੈ। ਚੇਲਾ ਮਰਦਾ ਹੈ ਤਾਂ ਜਨੇਊ ਸੜ ਜਾਂਦਾ ਹੈ। ਬੇਤਗਾ ਭਾਵ ਜਨੇਊ ਤੋਂ ਹੀਣਾ ਹੀ ਜਾਂਦਾ ਹੈ।

"ਓਹੁ ਮੂਆ ਓਹੁ ਝੜ ਪਇਆ ਵੇਤਗਾ ਗਇਆ ।" ਬ੍ਰਾਹਮਣ ਆਪ ਤਾਂ ਵੇ ਤਗਾ ਹੈ। ਉਸ ਦੀ ਦੁਰਦਸ਼ਾ ਇਹ ਹੈ—

"ਤਗੁ ਨ ਇੰਦ੍ਰੀ ਤਗੁ ਨ ਨਾਰੀ ।
ਭਲ ਕੇ ਥੁਕ ਪਵੈ ਨਿਤੁ ਦਾੜੀ ।
ਤਗੁ ਨ ਪੈਰੀ ਤਗੁ ਨ ਹਥੀ ।
ਤਗੁ ਨ ਜਿਹਵਾ ਤਗੁ ਨ ਅਖੀ ।
ਵੇਤਗਾ ਆਪੇ ਵਤੈ ।
ਵਟਿ ਧਾਗੇ ਅਵਰਾ ਘਤੈ ।
ਲੈ ਭਾੜਿ ਕਰੇ ਵਿਆਹੁ ।
ਕਢ ਕਾਮਲੁ ਦਸੇ ਰਾਹੁ ।
ਸੁਣਿ ਵੇਖਹੁ ਲੋਕਾਂ ਏਹੁ ਵਿਡਾਣੁ ।
ਮਨ ਅੰਧਾ ਨਾਉ ਸੁਜਾਣ ।"

ਬ੍ਰਾਹਮਣ ਆਪ ਤਾਂ ਅੰਧਾ ਹੈ । ਪਰ ਆਪਣੇ ਆਪ ਨੂੰ ਸੁਜਾਨ—ਸਿਆਣਾ ਅਖਵਾਉਂਦਾ ਹੈ । ਉਸ ਦਾ ਆਪਣੇ ਆਪ ਉਤੇ ਸੰਜਮ ਨਹੀਂ ਹੈ । ਅੱਖਾਂ ਉਤੇ, ਇੰਦ੍ਰੀ ਉਤੇ, ਨਾੜੀਆਂ ਉਤੇ । ਪੈਰ ਉਸ ਦੇ ਪਾਪਾਂ ਵਲ ਵਧਦੇ ਹਨ । ਹੱਥ ਪਰਾਈ ਕਮਾਈ ਵਲ ਤੇ ਪਾਪਾਂ ਵਲ ਵਧਦੇ ਹਨ।

ਕਾਜ਼ੀ ਤੇ ਮੁਸਲਮਾਨ ਹਾਕਮ ਵਢੀ ਖੋਰੇ ਹਨ ਨਮਾਜ਼ਾਂ ਪੜ੍ਹਦੇ ਹਨ । ਛੁਰੀਆਂ ਚਲਾਂਦੇ ਹਨ । ਜ਼ੁਲਮ ਕਰਦੇ ਹਨ । ਬ੍ਰਾਹਮਣ ਇਨ੍ਹਾਂ ਦੇ ਘਰਾਂ ਵਿਚ ਵੀ ਜਾ ਕੇ ਸੰਖ ਵਜਾਉਂਦੇ ਹਨ । ਨਮਾਜ਼ਾਂ ਪੜ੍ਹਦੇ ਹਨ । ਖਤ੍ਰੀ ਲੋਕ ਤਿਲਕ ਲਗਾਂਦੇ ਹਨ । ਤੇੜ ਧੋਤੀ ਗੇਰੂ ਦੇ ਰੰਗ ਦੀ ਪਹਿਨਦੇ ਹਨ—ਪਰ ਜੰਤਾਂ ਉਤੇ ਛੁਰੀਆਂ ਚਲਾਂਦੇ ਹਨ – ਨੀਲੇ ਬਸਤ੍ਰ ਪਾ ਕੇ ਤੁਰਕ ਹਾਕਮਾਂ ਪਾਸ ਜਾਂਦੇ ਹਨ। ਬ੍ਰਾਹਮਣ ਮੁਸਲਮਾਨਾਂ ਦਾ ਕੁਰਾਨ ਦੀਆਂ ਆਇਤਾਂ ਪੜ੍ਹ ਕੇ ਕੁਹਿਆ ਬਕਰਾ ਖਾਂਦੇ ਹਨ ਅਤੇ ਫਿਰ ਵੀ ਆਪਣੇ ਆਪ ਨੂੰ ਸੁੱਚਾ ਸਮਝਦੇ ਹਨ । ਘਰ ਆ ਕੇ ਚੁਲਾ ਚੌਂਕਾ ਕਰਕੇ ਦੁਆਲੇ ਲਕੀਰ ਖਿੱਚ ਦੇਂਦੇ ਹਨ ਕਿ ਇਸ ਲਕੀਰ ਨੂੰ ਪਾਰ ਕਰਕੇ ਕੋਈ ਉਨ੍ਹਾਂ ਪਾਸ ਨਾ ਆ ਜਾਏ । ਪਰ ਉਹ ਭੁਲਦੇ ਹਨ ਕਿ ਉਹ ਬ੍ਰਾਹਮਣ ਤਾਂ ਖੁਦ ਕੂੜੇ ਹਨ ਉਨ੍ਹਾਂ ਨੇ ਆਪਣਾ ਚੌਂਕਾ ਤਾਂ ਖੁਦ ਭਿਟ ਲਿਆ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਫਿਰ ਸੂਦਰਾਂ ਨੇ ਉਨ੍ਹਾਂ ਦਾ ਚੌਂਕਾ ਕੀ ਭਿਟਣਾ ਹੋਇਆ ਇਉਂ ਬ੍ਰਾਹਮਣ ਛੂਤ ਛਾਤ ਵਿਚ ਪਏ ਹੋਏ ਹਨ—ਮਨੁੱਖਾਂ ਮਨੁੱਖਾਂ ਵਿਚ ਫਰਕ ਪਾਉਂਦੇ ਫਿਰਦੇ ਹਨ—

ਮਾਣਸ ਖਾਣੇ ਕਰਹਿ ਨਿਵਾਜ।
ਛੁਰੀ ਵਗਾਇਨਿ ਤਿਨ ਗਲਿ ਤਾਗ।
ਤਿਨ ਘਰ ਬ੍ਰਹਮਣ ਪੂਰਹਿ ਨਾਦ।
ਮਥੈ ਟਿਕਾ ਤੇੜਿ ਧੋਤੀ ਕਖਾਈ।
ਹਥ ਛੁਰੀ ਜਗਤ ਕਸਾਈ।
ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣ।
ਮਲੇਛ ਧਨ ਲੇ ਪੂਜਹਿ ਪੁਰਾਣੁ।
ਅਭਾਖਿਆ ਕਾ ਕੁਠਾ ਬਕਰਾ ਖਾਣਾ।
ਚਉਕੇ ਉਪਰ ਕਿਸੈ ਨ ਜਾਣਾ।
ਦੇ ਕੈ ਚਉਕਾ ਕਢੀ ਕਾਰ।
ਉਪਰ ਆਇ ਬੈਠੇ ਕੂੜਿਆਰ।
ਮਤ ਭਿਟੈ ਵੇ ਮਤ ਭਿਟੈ।
ਇਹੁ ਅੰਨੁ ਅਸਾਡਾ ਫਿਟੈ।
ਤਨ ਫਿਟੈ ਫੇੜ ਕਰੇਨਿ।
ਮਨਿ ਜੂਠੈ ਚੁਲੀ ਭਰੇਨਿ।"

ਸੁੱਚੇ ਉਹ ਨਹੀਂ ਹਨ ਜੋ ਤੀਰਥਾਂ ਉਤੇ ਜਾ ਕੇ ਇਸ਼ਨਾਨ ਕਰਦੇ ਹਨ। ਸਗੋਂ ਸੁੱਚੇ ਉਹ ਹਨ ਜੋ ਮਨ ਵਿਚ ਸੱਚੇ ਪ੍ਰਭੂ ਨੂੰ ਵਸਾਉਂਦੇ ਹਨ।

"ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ।
ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ।"

ਬ੍ਰਾਹਮਣ ਚੋਰਾਂ ਦਾ ਮਾਲ ਪਿਤਰਾਂ ਨੂੰ ਪਹੁੰਚਾਂਦਾ ਹੈ ਤਾਂ ਅੱਗੇ ਧਰਮ ਰਾਜ ਦੇ ਦਰਬਾਰ ਵਿਚ ਉਹ ਚੋਰੀ ਦਾ ਮਾਲ ਪਹਿਚਾਣ ਲਿਆ ਜਾਂਦਾ ਹੈ ਤਾਂ ਬ੍ਰਾਹਮਣ ਦੇ ਹੱਥ ਐਸੇ ਜ਼ੁਲਮ ਦੀ ਸਜਾ ਵਾਸਤੇ ਕੱਟ ਦਿਤੇ ਜਾਂਦੇ ਹਨ।

ਲੋਕ ਜੰਮੇ ਅਤੇ ਮਰੇ ਦਾ ਸੂਤਕ ਮਨਾਂਦੇ ਹਨ। ਪਰ ਅਸਲੀ ਸੂਤਕ ਦੀ ਉਨ੍ਹਾਂ ਨੂੰ ਪਹਿਚਾਣ ਨਹੀਂ ਹੈ। ਜੰਮਣਾ ਮਰਨਾ ਤਾਂ ਰੱਬ ਦੇ ਹੁਕਮ ਵਿਚ ਹੋਇਆ। ਸੋ ਇਹ ਸੂਤਕ ਵਾਲੀਆਂ ਗੱਲਾਂ ਨਹੀਂ ਹਨ। ਸਗੋਂ ਸੂਤਕ ਵਾਲੀਆਂ ਗੱਲਾਂ ਇਹ ਹਨ—ਜਿਨ੍ਹਾਂ ਦਾ ਲੋਕਾਂ ਨੂੰ ਗਿਆਨ ਨਹੀਂ ਹੈ—

"ਮਨ ਕਾ ਸੂਤਕੁ ਲੋਭੁ ਹੈ ਜਿਹਬਾ ਸੂਤਕ ਕੂੜੁ।
ਅਖੀਂ ਸੂਤਕੁ ਵੇਖਣਾ ਪਰ ਤ੍ਰਿਅ ਪਰ ਧਨ ਰੂਪੁ।
ਕੰਨੀ ਸੂਤਕੁ ਕੰਨਿ ਪੈ ਲਾਇਤਬਾਰੀ ਖਾਹਿ।
ਨਾਨਕ ਹੰਸਾ ਆਦਮੀ ਬਧੇ ਜਮਪੁਰਿ ਜਾਹਿ।"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਲੇਛ ਗਊ ਬ੍ਰਾਹਮਣਾਂ ਨੂੰ ਟੈਕਸ ਲਾਉਂਦੇ ਫਿਰਦੇ ਹਨ। ਪਰ ਆਪਣੇ ਘਰਾਂ ਵਿਚ ਗਊ ਦੇ ਗੋਬਰ ਦਾ ਲੇਪਣ ਫੇਰਦੇ ਹਨ। ਬ੍ਰਾਹਮਣ ਮਲੇਛਾਂ ਦਾ ਮਾਲ ਖਾਂਦੇ ਹਨ। ਤੁਰਕਾਂ ਵਾਲੀ ਰਹਿਣੀ ਬਹਿਣੀ ਬਹਿੰਦੇ ਹਨ—ਮੁਸਲਮਾਨੀ ਪੁਸਤਕਾਂ ਪੜ੍ਹਦੇ ਹਨ।

"ਗਊ ਬ੍ਰਾਹਮਣ ਕਉ ਕਰ ਲਾਵਹੁ।
ਗੋਬਰਿ ਤਰਣੁ ਨ ਜਾਈ।
ਧੋਤੀ ਟਿਕਾ ਤੇ ਜਪ ਮਾਲੀ
ਧਾਨ ਮਲੇਛਾਂ ਖਾਈ।
ਅੰਤਰ ਪੂਜਾ ਪੜਹਿ ਕਤੇਬਾ
ਸੰਜਮ ਤੁਰਕਾਂ ਭਾਈ।"

ਪੰਡਤਾਂ ਦਾ ਹੀ ਕੀ ਕਹਿਣਾ, ਸਾਰੇ ਹਿੰਦੂ ਹੀ ਮੁਸਲਮਾਨ ਬਣ ਬਣ ਬੈਠਦੇ ਸਨ—

"ਨੀਲ ਬਸਤ੍ਰ ਲੇ ਕਪੜੇ ਪਹਿਰੇ।
ਤੁਰਕ ਪਠਾਣੀ ਅਮਲ ਕੀਆ।"

ਕਲ ਜੁਗ ਕੈਂਚੀ ਬਣ ਗਿਆ ਸੀ। ਰਾਜੇ ਕਸਾਈ ਬਣ ਚੁਕੇ ਸਨ। ਧਰਮ ਦਾ ਪੰਛੀ ਖੰਭ ਲਾ ਕੇ ਉਡ ਚੁਕਾ ਸੀ। ਕੂੜ ਦਾ ਹਨੇਰਾ ਪਸਰਿਆ ਹੋਇਆ ਸੀ ਸਚ ਦਾ ਚੰਦਰਮਾ ਕਿਧਰੇ ਵੀ ਚੜ੍ਹਿਆ ਨਹੀਂ ਦਿਸਦਾ ਸੀ।

ਅਗਿਆਨਤਾ ਦੇ ਹਨੇਰੇ ਵਿਚ ਕਿਸੇ ਨੂੰ ਵੀ ਕੋਈ ਰਾਹ ਨਹੀਂ ਦਿਸ ਰਿਹਾ ਸੀ—

"ਕਲਿਕਾਤੀ ਰਾਜੇ ਕਸਾਈ।
ਧਰਮ ਪੰਖ ਕਰ ਉਡਰਿਆ।
ਕੂੜ ਅਮਾਵਸ ਸਚੁ ਚੰਦਰਮਾ।
ਦੀਸੈ ਨਾ ਹੀ ਕਹਿ ਚੜ੍ਹਿਆ।
ਹਉ ਭਾਲਿ ਵਿਕੁੰਨੀ ਹੋਈ
ਵਿਚ ਅੰਧੇਰੇ ਰਾਹੁ ਨ ਕੋਈ।"

ਕਾਜ਼ੀ, ਬਾਹਮਣ ਤੇ ਨਾਥ ਜੋਗੀ ਤਿੰਨੇ ਹੀ ਸੱਚੀ ਜੁਗਤ ਭੁਲ ਚੁਕੇ ਸਨ—

"ਕਾਜੀ ਕੂੜ ਬੋਲ ਮਲੁ ਖਾਇ।
ਬਾਹਮਣ ਨਾਵੈ ਜੀਆ ਘਾਇ।
ਜੋਗੀ ਜੁਗਤ ਨਾ ਜਾਣੈ ਅੰਧ।
ਤੀਨੇ ਉਜਾੜੇ ਕਾ ਬੰਧ"।

ਸ੍ਰੀ ਰਾਗ ਵਿਚ ਗੁਰੂ ਨਾਨਕ ਲਾਲਚ ਨੂੰ ਕੁੱਤਾ ਝੂਠ ਨੂੰ ਚੂਹੜਾ ਕਹਿੰਦੇ ਹਨ। ਪਰ ਨਿੰਦਿਆ ਵਿਚ ਲੋਕ ਲੱਗੇ ਹੋਏ ਸਨ ਕ੍ਰੋਧ ਨਾਲ ਲੜਦੇ ਝਗੜਦੇ—

ਲਬੁ ਕੁਤਾ ਚੂੜ ਚੂਹੜਾ ਠਗ ਖਾਧਾ ਮੁਰਦਾਰੁ।
ਪਰ ਨਿੰਦਾ ਪਰ ਮਲੁ ਮੁਖ ਸੁਧੀ ਅਗਨਿ ਕ੍ਰੋਧ ਚੰਡਾਲੁ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਸ ਕਸ ਆਪੁ ਸਲਾਹਣ ਦੇ ਕਰਮ ਮੇਰੇ ਕਰਤਾਰ।''

ਜੋਗੀ ਗੱਲਾਂ ਗੱਲਾਂ ਵਿਚ ਹੀ ਜੋਗ ਕਮਾ ਰਹੇ ਸਨ। ਫੋਕੇ ਕਰਮ ਕਾਂਡਾਂ ਭੇਸਾਂ ਪਹਿਰਾਵਿਆਂ ਧੂੜ ਮਲ ਕੇ ਮੰਗ ਖਾ ਕੇ ਜੋਗ ਕਮਾਂਦੇ ਫਿਰਦੇ ਸਨ। ਇਸਤ੍ਰੀ ਨੂੰ ਬਾਘਣ ਕਹਿ ਕੇ ਨਿੰਦਦੇ ਘਰ ਬਾਹਰ ਤਿਆਗਦੇ ਪਰ ਫਿਰ ਗ੍ਰਿਹਸਥੀਆਂ ਦੇ ਹੀ ਘਰ ਮੰਗਣ ਚਲੇ ਜਾਂਦੇ ਸਨ। ਐਸੀ ਹਾਸੋ-ਹੀਣੀ ਦਸ਼ਾ ਸੀ ਧਰਮ ਦੀ ਉਸ ਵੇਲੇ—

''ਗਲੀਂ ਜੋਗ ਨਾ ਹੋਈ
ਏਕ ਦਰਿਸ਼ਟ ਕਰ ਸਮਸਰ ਜਾਣੈ ਜੋਗੀ ਕਹੀਅਹਿ ਸੋਈ।''

ਜਦ ਸੁਮੇਰ ਪਰਬਤ ਉਤੇ ਸਿਧ ਨਾਥ ਜੋਗੀ ਗੁਰੂ ਨਾਨਕ ਨੂੰ ਸੰਸਾਰ ਦਾ ਹਾਲ ਪੁਛਦੇ ਹਨ ਤਾਂ ਗੁਰੂ ਜੀ ਇਹ ਜੁਆਬ ਦੇਂਦੇ ਹਨ—

''ਸਚ ਚੰਦਰਮਾ ਕੂੜ ਅੰਧਾਰਾ
ਕੂੜ ਅਮਾਵਸ ਵਰਤਿਆ
ਪਾਪ ਮਿਰਾਸੀ ਪ੍ਰਿਥਮੀ
ਧਉਲ ਖੜਾ ਧਰਿ ਹੇਠਿ ਪੁਕਾਰਾ।
ਸਿਧ ਛੁਪ ਬੈਠੇ ਪਰਬਤੀ
ਕਉਣ ਜਗਤ ਕਉ ਪਾਰ ਉਤਾਰਾ।
ਜੋਗੀ ਗਿਆਨ ਵਿਹੂਣਿਆ
ਨਿਸਦਿਨ ਅੰਗ ਲਗਾਇਣ ਛਾਰਾ।
ਬਾਝ ਗੁਰੂ ਡੁੱਬਾ ਸੰਸਾਰਾ।''

(ਭਾਈ ਗੁਰਦਾਸ)

ਸਚ ਹੈ ਉਸ ਵੇਲੇ ਦੇ ਸਾਰੇ ਹੀ ਧਾਰਮਿਕ ਆਗੂ ਐਸੇ ਸਨ—

''ਮੁਠਾ ਆਪਿ ਮੁਹਾਏ ਸਾਥੈ।
ਨਾਨਕ ਐਸਾ ਆਗੂ ਜਾਪੈ।''

ਆਪ ਮੁਠਾ (ਠੱਗਿਆ) ਹੋਇਆ ਸੀ ਅਤੇ ਸੰਗੀਆਂ ਸਾਥੀਆਂ ਨੂੰ ਵੀ ਠੱਗਾ ਦੇਂਦਾ ਸੀ। ਗੁਰੂ ਨਾਨਕ ਨੇ ਜੋਗੀਆਂ ਨੂੰ ਸੱਚਾ ਜੋਗ ਮਾਰਗ ਇਹ ਦਸਿਆ—

ਜੋਗ ਨ ਖਿੰਥਾ ਜੋਗ ਨ ਡੰਡੈ।
ਜੋਗ ਨ ਭਸਮ ਚੜਾਈਐ।
ਜੋਗ ਨ ਮੁੰਦੀ ਮੂੰਡਿ ਮੁੰਡਾਈਐ।
ਜੋਗ ਨ ਸਿਙੀ ਵਾਈਐ।
ਅੰਜਨ ਮਾਹਿ ਨਿਰੰਜਨ ਰਹੀਐ
ਜੋਗ ਜੁਗਤਿ ਇਵ ਪਾਈਐ।''

ਮੁਸਲਮਾਨਾਂ ਨੂੰ ਸੱਚਾ ਰਾਹ ਇਉਂ ਦਰਸਾਇਆ—

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

''ਮੁਸਲਮਾਣੁ ਕਹਾਵਣ ਮੁਸ਼ਕਲੁ ਜਾ ਹੋਇ ਤਾਂ ਮੁਸਲਮਾਣ ਕਹਾਵੈ।
ਅਵਲਿ ਅਉਲਿ ਦੀਨ ਕਰਿ ਮਿਠਾ ਮਸਕਲ ਮਾਨਾ ਮਾਲੁ ਮੁਸਾਵੈ।
ਹੋਇ ਮੁਸਲਿਮ ਦੀਨ ਮੁਹਾਣੈ ਮਰਨ ਜੀਵਣ ਕਾ ਭਰਮੁ ਚੁਕਾਵੈ।
ਰਬ ਕੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪੁ ਗਵਾਵੈ।
ਤਉ ਨਾਨਕ ਸਰਬ ਜੀਆ ਮਿਹ ਰੰਮਤਿ ਹੋਇਤ ਮੁਸਲਮਾਣੁ ਕਹਾਵੈ।''

ਗੁਰੂ ਜੀ ਨੇ ਮੁਸਲਮਾਨਾਂ ਦੀਆਂ ਪੰਜ ਵਕਤ ਦੀਆਂ ਨਮਾਜ਼ਾਂ ਦਾ ਅਰਥ ਇਉਂ ਫੁਰਮਾਇਆ —

1. ''ਪੰਜ ਨਿਵਾਜਾ ਵਖਤ ਪੰਜਿ
ਪੰਜ ਪੰਜੇ ਨਾਉ।
ਪਹਿਲਾ ਸਚ ਹਲਾਲ ਦੁਇ
ਤੀਜਾ ਖੈਰ ਖੁਦਾਇ।
ਚਉਥੀ ਨੀਅਤਿ ਰਾਸਿ ਮਨੁ,
ਪੰਜਵੀ ਸਿਫਤਿ ਸਨਾਇ।
ਕਰਣੀ ਕਲਮਾ ਆਖ ਕੈ
ਤਾ ਮੁਸਲਮਾਣੁ ਸਦਾਇ।''

2. ''ਮਿਹਰ ਮਸੀਤ ਸਿਦਕੁ ਮੁਸਲਾ
ਹੱਕ ਹਲਾਲ ਕੁਰਾਣੁ।
ਸ਼ਰਮ ਸੁੰਨਤ ਸ਼ੀਲੁ ਰੋਜ਼ਾ
ਹੋਹੁ ਮੁਸਲਮਾਣੁ।
ਕਰਣੀ ਕਾਬਾ, ਸਚ ਪੀਰ,
ਕਲਮਾ ਕਰਮ ਨਿਵਾਜ।
ਤਸਬੀ ਜਾ ਤਿਸ ਭਾਵਸੀ
ਨਾਨਕ ਰਖੈ ਲਾਜ।''

ਉਸ ਵੇਲੇ ਦੇ ਜੈਨ ਧਰਮ ਵਿਚ ਬਾਹੀਆ ਚਾਰ ਦਾ ਰੂਪ ਦਸਦਿਆਂ ਹੋਇਆਂ ਲਿਖਿਆ ਹੈ ਕਿ ਇਹ ਲੋਕ ਹੱਥਾਂ ਨਾਲ ਸਿਰ ਦੇ ਵਾਲ ਪੁੱਟਦੇ ਸਨ। ਮੈਲ ਪੀਂਦੇ ਅਤੇ ਜੂਠਾ ਮੰਗ ਮੰਗ ਕੇ ਖਾਂਦੇ ਸਨ; ਪਾਣੀ ਨੂੰ ਵੇਖ ਕੇ ਸੰਗਦੇ ਅਰਥਾਤ ਇਸ਼ਨਾਨ ਨਹੀਂ ਕਰਦੇ ਸਨ—

''ਸਿਰ ਖੋਹਾਇ ਪੀਅਹਿ ਮਲਵਾਣੀ
ਜੂਠਾ ਮੰਗ ਮੰਗ ਖਾਹੀ।
ਫੋਲਿ ਫਦੀਹਤਿ ਮੁਹਿ ਲੈਣ ਭੜਾਸਾ
ਪਾਣੀ ਦੇਖ ਸਗਾਹੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭੇਡਾਂ ਵਾਗੀ ਸਿਰੁ ਖੋਹਾਇਣ
ਭਰੀਅਨਿ ਹਥ ਸੁਆਹੀ ।
ਮੁਇਆ ਜੀਂਵਦਿਆਂ ਗਤਿ ਹੋਵੈ
ਜਾ ਸਿਰ ਪਾਈਐ ਪਾਣੀ ।
ਨਾਨਕ ਸਿਰ ਖੁਥੈ ਸ਼ੈਤਾਨੀ
ਏਨਾ ਗੱਲ ਨਾ ਭਾਣੀ ।''

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਰੂ ਨਾਨਕ ਸਮੇਂ ਦੀ ਸਮਾਜਿਕ ਤੇ ਰਾਜਨੀਤਕ ਸਥਿਤੀ

ਗੁਰੂ ਨਾਨਕ ਸਮੇਂ ਕਲ ਯੁਗ ਕੈਂਚੀ ਬਣ ਚੁਕਿਆ ਸੀ ਅਤੇ ਰਾਜੇ ਕਸਾਈ, ਧਰਮ ਖੰਭ ਲਾ ਕੇ ਕਿਧਰੇ ਉਡ ਚੁਕਿਆ ਸੀ। ਕੂੜ ਦੀ ਮਸਿਆ ਦੀ ਕਾਲੀ ਰਾਤ ਸ਼ੂਕਦੀ ਸੀ। ਸੱਚ ਦਾ ਚੰਦਰਮਾ ਕਿਧਰੇ ਵੀ ਚੜ੍ਹਿਆ ਵਿਖਾਈ ਨਹੀਂ ਸੀ ਦੇਂਦਾ—ਐਸੇ ਅੰਧੇਰੇ ਵਿਚ ਰਾਹ ਨਹੀਂ ਸੀ ਵਿਖਾਈ ਦੇ ਰਿਹਾ—

''ਕਲਿ ਕਾਤੀ ਰਾਜੇ ਕਸਾਈ
ਧਰਮ ਪੰਖ ਕਰ ਉਡਰਿਆ।
ਕੂੜ ਅਮਾਵਸ ਸਚੁ ਚੰਦਰਮਾ
ਦੀਸੈ ਨਾਹੀ ਕਹ ਚੜ੍ਹਿਆ।
ਹਉ ਭਾਲਿ ਵਿਕੁੰਨੀ ਹੋਈ
ਵਿਚ ਅੰਧੇਰੇ ਰਾਹ ਨ ਕੋਈ।''

ਸਮਾਜ ਨੀਚ ਊਚ ਦੇ ਵਿਤਕਰਿਆਂ ਵਿਚ ਫਸਿਆ ਹੋਇਆ ਸੀ—

''ਨੀਚਾਂ ਅੰਦਰਿ ਨੀਚਿ ਜਾਤੀ ਨੀਚੀ ਹੂ ਅਤਿ ਨੀਚ।
ਨਾਨਕ ਤਿਨਕੇ ਸੰਗਿ ਸਾਥਿ ਹਉ ਵਡਿਆਂ ਸਿਉਂ ਕਿਆ ਰੀਸ।''

ਸਮਾਜ ਇਸ ਪਤਨ ਦੀ ਦੁਰਦਸ਼ਾ ਤਕ ਪਹੁੰਚ ਕੇ ਨਿਘਰ ਚੁਕਾ ਸੀ—

''ਜੇ ਜੀਵੈ ਪਤਿ ਲਥੀ ਜਾਇ
ਸਭੁ ਹਰਾਮੁ ਜੇਤਾ ਕਿਛੁ ਖਾਇ।''

ਇਕ ਦੂਸਰੇ ਦਾ ਹੱਕ ਖਾਂਦੇ ਸਨ -ਹਿੰਦੂ ਵੀ ਤੇ ਮੁਸਲਮਾਨ ਵੀ—

''ਹੱਕ ਪਰਾਇਆ ਨਾਨਕਾ, ਉਸ ਸੂਅਰ ਉਸ ਗਾਇ।''

ਬਾਬਰ ਦੇ ਹਮਲੇ ਸਮੇਂ ਘੋਰ ਜ਼ੁਲਮ ਹੋਏ। ਇਸਤ੍ਰੀ ਇਸ ਵਿਚ ਨਪੀੜੀ ਗਈ। ਉਸ ਦੀ ਪਤ ਲੁੱਟੀ ਗਈ—

''ਕਾਜੀਆਂ ਬਾਮਣਾ ਕੀ ਗਲ ਥਕੀ
ਅਗਦੁ ਪੜੈ ਸ਼ੈਤਾਨ ਵੇ ਲਾਲੋ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੁਸਲਮਾਨੀਆਂ ਪੜਹਿ ਕਤੇਬਾਂ
ਕਸਟ ਮਹਿ ਕਰਹਿ ਖੁਦਾਇ ਵੇ ਲਾਲੋ ।
ਜਾਤਿ ਸਨਾਤਿ ਹੋਰ ਹਿੰਦਵਾਣੀਆਂ
ਇਹ ਭੀ ਲੇਖੇ ਲਾਇ ਵੇ ਲਾਲੋ ।''

ਕਾਜੀ ਤੇ ਬ੍ਰਾਹਮਣ ਦੋਵੇਂ ਹੀ ਸਮਾਜ ਨੂੰ ਲੁਟ ਰਹੇ ਸਨ--

''ਮਾਣਸ ਖਾਣੇ ਕਰਹਿ ਨਿਵਾਜ
ਛੁਰੀਂ ਵਗਾਇਨਿ ਤਿਨ ਗਲ ਤਾਗ ।''

ਮੁਲਾਂ ਮਨੁਖਾਂ ਨੂੰ ਖਾਣ ਵਾਲੇ ਮਾਣਸ ਖਾਣੇ ਬਣੇ ਹੋਏ ਸਨ। ਉਂਞ ਦਿਖਾਵੇ ਮਾਤਰ ਨਿਮਾਜ ਪੜ੍ਹਦੇ ਸਨ। ਬਾਹਮਣਾਂ ਨੇ ਕੱਛਾਂ ਵਿਚ ਛੁਰੀਆਂ ਰਖੀਆਂ ਹੋਈਆਂ ਸਨ ਉਂਞ ਗਲਾਂ ਵਿਚ ਦਿਖਾਵੇ ਦੇ ਜਨੇਊ ਪਹਿਨ ਰਖੇ ਸਨ ।

ਬਾਬਰ ਦਾ ਹਮਲਾ ਇਸ ਕਰਕੇ ਹੋਇਆ ਕਿ ਹਿੰਦੁਸਤਾਨ ਦੇ ਬਾਦਸ਼ਾਹ ਲੋਕ ਆਪਣੀ ਸੁਰਤ ਗਵਾ ਚੁਕੇ ਸਨ। ਰੱਬ ਨੂੰ, ਜੰਤਾ ਭੁਲ ਚੁਕੀ ਸੀ ਰੰਗਾਂ ਤਮਾਸ਼ਿਆਂ ਵਿਚ ਮਸਤ ਸਨ—

''ਸਾਹਾਂ ਸੁਰਤ ਗਵਾਈਆਂ ਰੰਗ ਤਮਾਸ਼ੇ ਚਾਇ ।''

ਬਾਬਰ ਨੇ ਘੋਰ ਜ਼ੁਲਮ ਕੀਤਾ ਅਤੇ ਬੇ-ਸਹਾਰਾ ਲੋਕਾਂ ਨੂੰ ਕੈਦ ਕਰਕੇ ਚੱਕੀਆਂ ਪਿਸਾਈਆਂ। ਗੁਰੂ ਨਾਨਕ ਤੇ ਮਰਦਾਨੇ ਨੂੰ ਵੀ ਚੱਕੀਆਂ ਪੀਹਣ ਲਈ ਆਖਿਆ ਗਿਆ।

ਲੋਕ ਸਜਨ ਠੱਗ ਬਣ ਕੇ ਦੁਨੀਆਂ ਨੂੰ ਲੁਟ ਰਹੇ ਸਨ। ਵਲੀ ਕੰਧਾਰੀ ਆਪਣੀ ਭਗਤੀ ਦੀ ਸ਼ਕਤੀ ਵਿਖਾ ਕੇ ਦੁਨੀਆਂ ਪਾਸੋਂ ਆਪਣੀ ਵਡਿਆਈ ਮੰਨਵਾ ਰਹੇ ਸਨ। ਨਾਥ ਜੋਗੀ ਪਰਬਤਾਂ ਉਤੇ ਜਾ ਕੇ ਲੁਕ ਬੈਠੇ ਸਨ। ਮਾਤ ਲੋਕ ਦੇ ਜੋਗੀ ਗ੍ਰਿਸਥ ਤਿਆਗ ਕੇ ਫਿਰ ਗ੍ਰਹਿਸਤੀਆਂ ਦੇ ਘਰ ਮੰਗਣ ਜਾਂਦੇ ਸਨ। ਇਸਤ੍ਰੀ ਨੂੰ ਪੈਰ ਦੀ ਜੁਤੀ ਸਮਝਿਆ ਜਾਂਦਾ ਸੀ--ਇਸਤ੍ਰੀ ਨੂੰ ਜੋਗੀ ਨਾਥ ਬਾਘਣ ਕਹਿ ਕੇ ਭੰਡ ਰਹੇ ਸਨ—

''ਸਿਧ ਛੁਪ ਬੈਠੇ ਪਰਬਤੀ
ਕੌਣ ਜਗਤ ਕਉ ਪਾਰ ਉਤਾਰਾ ।
ਪਾਪ ਮਿਰਾਸੀ ਪ੍ਰਿਥਮੀ
ਧੌਲ ਖੜਾ ਧਰ ਹੇਠ ਪੁਕਾਰਾ ।
ਬਾਝ ਗੁਰੂ ਡੁੱਬਾ ਜਗ ਸਾਰਾ ।
(ਭਾਈ ਗੁਰਦਾਸ)

ਗੁਰੂ ਜੀ ਨੇ ਇਸਤ੍ਰੀ ਦੀ ਦਸ਼ਾ ਸੁਧਾਰੀ—

''ਭੰਡ ਜੰਮੀਐ ਭੰਡ ਨਿਮੀਐ ਭੰਡ ਮੰਗਣ ਵਿਆਹ
ਭੰਡ ਮੁਆ ਭੰਡ ਭਾਲੀਐ ਭੰਡ ਹੋਆ ਬੰਧਾਨ
ਸੋ ਕਿਉਂ ਮੰਦਾ ਆਖੀਐ ਜਿਤੁ ਜੰਮੈ ਰਾਜਾਨ ।''

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੁਸਲਮਾਨ ਹਾਕਮਾਂ ਦਾ ਬੋਲ ਬਾਲਾ ਸੀ—ਹਿੰਦੂਆਂ ਉਤੇ ਜਜੀਆ ਟੈਕਸ ਲਗਾਇਆ ਜਾਂਦਾ ਸੀ। ਹਿੰਦੂਆਂ ਨੂੰ ਮਾਰਿਆ ਜਾਂਦਾ ਸੀ—

"ਹਿੰਦੂ ਹੋ ਤੋ ਮਾਰੀਏ ਮੁਸਲਮਾਨ ਭੀ ਨਾ
ਪੰਜ ਤਤ ਕਾ ਪੁਤਲਾ ਬਣਿਆ ਨਾਨਕ ਮੇਰਾ ਨਾ।"

ਕਾਜੀ ਹਾਕਮ ਗਊ ਬਾਹਮਣਾਂ ਉਤੇ ਟੈਕਸ ਲਾਉਂਦੇ ਪਰ ਘਰਾਂ ਵਿਚ ਗਊ ਦਾ ਗੁਆਹ ਫੇਰਦੇ ਸਨ। ਇਉਂ ਉਨ੍ਹਾਂ ਦੀ ਦਸ਼ਾ ਡਾਢੀ ਹੀ ਹਾਸੋ ਹੀਣੀ ਹੋ ਚੁਕੀ ਸੀ –

"ਗਊ ਬ੍ਰਾਹਮਣ ਕਉ ਕਰ ਲਾਵੋ
ਗੋਬਰ ਤਰਨ ਨਾ ਜਾਈ।
ਅੰਤਰ ਪੂਜਾ ਪੜ੍ਹੇ ਕਤੇਬਾਂ
ਸੰਜਮ ਤੁਰਕਾ ਭਾਈ।

ਬ੍ਰਾਹਮਣ ਵੀ ਅੰਦਰ ਤਾਂ ਪੂਜਾ ਪਾਠ ਕਰਦਾ ਪਰ ਮੁਸਲਮਾਨਾਂ ਦੇ ਘਰੀਂ ਜਾ ਕੇ ਮੁਸਲਮਾਨੀ ਕਿਤਾਬਾਂ ਪੜ੍ਹਦਾ। ਅਭਾਖਿਆ ਦਾ ਕੁਠਾ ਬਕਰਾ ਖਾਂਦਾ। ਘਰ ਆ ਕੇ ਚੌਂਕਾ ਕਰਦਾ ਤਾਂ ਦੁਆਲੇ ਲਕੀਰ ਕਢ ਲੈਂਦਾ ਤਾ ਕਿ ਨੀਚ ਆ ਕੇ ਉਸ ਦਾ ਚੌਂਕਾ ਭਿਟ ਨਾ ਦੇਵੇ ਪਰ ਉਪਰ ਆਪੇ ਹੀ ਉਹ ਕੂੜਿਆਰ ਆ ਬੈਠਦਾ –

"ਤਿਨ ਘਰ ਬਾਹਮਣ ਪੂਰੇ ਨਾਦ।
ਉਨ੍ਹਾ ਭਿ ਆਵੇ ਉਹੀ ਸਾਦ।
ਅਭਾਖਿਆ ਕਾ ਕੁਠਾ ਬਕਰਾ ਖਾਣ।
ਚਉਕੇ ਉਪਰ ਕਿਸੇ ਨ ਜਾਣ।
ਦੇ ਕੇ ਚਉਕਾ ਕਢੀ ਕਾਰ
ਉਪਰ ਆਇ ਬੈਠੇ ਕੂੜਿਆਰ।
ਮਤ ਭਿਟੇ ਵੇ ਮਤ ਭਿਟੇ
ਇਹ ਅੰਨ ਅਸਾਡਾ ਫਿਟੇ
ਤਨ ਫਿਟੇ ਫੇੜ ਕਰੇ ਨ
ਤਨ ਜੂਠੇ ਚੂਲੀ ਭਰੇਨ।"

ਹਿੰਦੂ ਲੋਕ ਮੁਸਲਮਾਨਾਂ ਨੂੰ ਖੁਸ਼ ਕਰਨ ਦੇ ਜਤਨਾਂ ਵਿਚ ਰਹਿੰਦੇ। ਮੁਸਲਮਾਨੀ ਲਿਬਾਸ ਪਹਿਨਦੇ। ਕੁੱਲੇ ਪਾਉਂਦੇ ਸਲ਼ਵਾਰਾਂ ਪਹਿਨਦੇ। ਬੋਲੀ ਵੀ ਮੁਸਲਮਾਨੀ ਬੋਲਦੇ—

"ਘਰ ਘਰ ਮੀਆਂ ਸਭਨਾ ਜੀਆਂ
ਬੋਲੀ ਅਵਰ ਤੁਮਾਰੀ।"

ਸਮਾਜਕ ਪ੍ਰਾਣੀਆਂ ਵਿਚ ਹਉਮੈ ਬੜੀ ਸੀ। ਇਹ ਹਉਮੈ ਦਾ ਕੀੜਾ ਉਨ੍ਹਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੂੰ ਖਾ ਰਿਹਾ ਸੀ—ਸਾਰੇ ਕਾਰ ਵਿਹਾਰ ਸਮਾਜ ਦੇ ਹਉਮੈ ਵਿਚ ਕੀਤੇ ਜਾ ਰਹੇ ਸਨ—

ਹਉ ਵਿਚਿ ਆਇਆ ਹਉ ਵਿਚਿ ਗਇਆ ।
ਹਉ ਵਿਚਿ ਜੰਮਿਆ ਹਉ ਵਿਚਿ ਮੂਆ ।
ਹਉ ਵਿਚਿ ਦਿਤਾ ਹਉ ਵਿਚਿ ਲਇਆ ।
ਹਉ ਵਿਚਿ ਖਟਿਆ ਹਉ ਵਿਚਿ ਗਇਆ ।
ਹਉ ਵਿਚਿ ਪਾਪ ਪੁੰਨ ਵਿਚਾਰ ।
ਹਉ ਵਿਚਿ ਮੂਰਖ ਹਉ ਵਿਚਿ ਸਿਆਣਾ ।

ਪੜ੍ਹੇ ਲਿਖੇ ਪ੍ਰਾਣੀਆਂ ਦੀ ਅਵਸਥਾ ਇਹ ਸੀ ਕਿ ਉਹ ਪੜ੍ਹ ਪੜ੍ਹ ਕੇ ਹਉਮੈ ਦੀ ਅੱਗ ਵਿਚ ਕੜ੍ਹ ਰਹੇ ਸਨ—

ਲਿਖਿ ਲਿਖਿ ਪੜਿਆ ਤੇ ਤਾ ਕੜਿਆ ।
ਬਹੁ ਤੀਰਥ ਭਵਿਆ ਤੇ ਤੋ ਲਵਿਆ ।
ਬਹੁ ਭੇਖ ਕੀਆ ਦੇਹੀ ਦੁਖ ਦੀਆ ।
ਅੰਨ ਨਾ ਖਾਇਆ ਸਾਦ ਗੁਆਇਆ ।
ਬਸਤ੍ਰ ਨ ਪਹਿਰੈ ਅਹਿਨਿਸ ਕਹਰੈ ।
ਮੋਨ ਵਿਗੂਤਾ ਕਿਉ ਜਾਗੈ ਗੁਰ ਬਿਨ ਸੂਤਾ ।

ਤੀਰਥਾਂ ਉਤੇ ਘੁੰਮਦੇ ਪਰ ਹਉਮੈ ਵਿਚ ਆਪਣਾ ਘੁੰਮਣ ਫਿਰਨ ਦਾ ਹਾਲ ਸੁਣਾਂਦੇ ਫਿਰਦੇ। ਅੰਨ ਖਾਣਾ ਛਡ ਦੇਂਦੇ। ਨੰਗੇ ਰਹਿੰਦੇ। ਮੋਨ ਧਾਰਨ ਕਰਦੇ। ਪਰ ਇਹ ਸਭ ਕੁਛ ਹਉਮੈ ਵਿਚ ਹੀ ਹੋ ਰਿਹਾ ਸੀ।

ਝੂਠ ਹੀ ਝੂਠ ਪ੍ਰਧਾਨ ਸੀ। ਰਾਜਨੀਤਕ ਤੇ ਸਮਾਜਕ ਦੋਵੇਂ ਹੀ ਜੀਵਨ ਝੂਠ ਦੀ ਲੇਸ ਨਾਲ ਲਿਬੜੇ ਪਏ ਸਨ—

ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ ।
ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣ ਹਾਰ ।
ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨਣ ਹਾਰੁ ।
ਕੂੜੁ ਕਾਇਆ ਕੜੁ ਕਪੜੁ ਕੂੜੁ ਰੂਪੁ ਅਪਾਰੁ ।
ਕੂੜੁ ਮੀਆਂ ਕੂੜੁ ਬੀਬੀ ਖਪ ਹੋਏ ਖਾਰੁ ।
ਕੂੜ ਕੂੜੇ ਨੇਹੁ ਲਗਾ ਵਿਸਰਿਆ ਕਰਤਾਰ ।"

ਕੂੜ ਇਸ ਕਰਕੇ ਕਿ ਸੱਚਾ ਪ੍ਰਭੂ ਮਨਾਂ ਵਿਚੋਂ ਵਿਸਰ ਚੁਕਾ ਸੀ—ਸਾਰੇ ਸੰਸਾਰ ਦਾ ਵਰਤਾਰਾ ਹੀ ਝੂਠ ਉਤੇ ਸੀ—

"ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ ।"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਾਜਨੀਤਕ ਅਵਸਥਾ ਐਸੀ ਸੀ ਕਿ ਲਬ ਰਾਜਾ ਬਣ ਗਿਆ ਸੀ ਅਤੇ ਪਾਪ ਵਜ਼ੀਰ। ਕੂੜ ਸਰਦਾਰ ਬਣ ਬੈਠਾ ਸੀ। ਕਾਮ ਨਾਇਬ—

''ਲਬ ਪਾਪ ਦੁਇ ਰਾਜਾ ਮਹਤਾ ਕੂੜ ਹੋਆ ਸਿਕਦਾਰੁ।
ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ।''

ਪਰਜਾ ਵੀ ਅੰਨ੍ਹੀ ਸੀ ਜੋ ਇਨ੍ਹਾਂ ਹਾਕਮਾਂ ਦੀ ਵਗਾਰ ਕਰਦੀ ਫਿਰਦੀ ਸੀ—

''ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰ।''

ਪੰਡਤ ਹੀਲ ਹੁਜਤ ਵਿਚ ਪਏ ਸਨ। ਮਾਇਆ ਇਕੱਤ੍ਰ ਕਰਨ ਵਿਚ ਲੀਣ ਸਨ। ਲੋਕ ਜਤੀ ਸਦਵਾਉਣ ਦੀ ਖਾਤਰ ਘਟ ਬਾਹਰ ਛਡ ਜਾਂਦੇ ਸਨ। ਹਰ ਕੋਈ ਆਪਣੇ ਆਪ ਨੂੰ ਪੂਰਾ ਤੇ ਦੂਜਿਆਂ ਨੂੰ ਅਧੂਰਾ ਜਾਣਦਾ ਸੀ —

''ਮੂਰਖ ਪੰਡਿਤ ਹਿਕਮਤਿ ਹੁਜਤਿ ਸੰਜੈ ਕਰਹਿ ਪਿਆਰੁ।
ਜਤੀ ਸਦਾਵਹਿ ਜੁਗਤਿ ਨ ਜਾਣਹਿ ਛਡ ਬਹਹਿ ਘਰ ਬਾਰੁ।
ਸਭ ਕੋ ਪੂਰਾ ਆਪੇ ਹੋਵੈ ਘਟਿ ਨ ਕੋਈ ਆਖੈ।''

ਹਉਮੈ ਵਿਚ ਸਮਾਜਕ ਲੋਕ ਸਿੰਬਲ ਰੁਖ ਬਣ ਚੁਕੇ ਸਨ। ਮਤਲਬ ਲਾਲਚ ਦੀ ਖਾਤਰ ਨਿਵਦੇ ਸਨ ਨਹੀਂ ਤਾਂ ਆਕੜ ਵਿਚ ਕਿਰਲੇ ਹਾਰ ਗਰਦਨਾਂ ਅਕੜਾਈ ਫਿਰਦੇ ਸਨ—ਸਮਾਜਕ ਅਵਸਥਾ ਐਸੀ ਪਤਨ ਵਾਲੀ ਬਣ ਚੁਕੀ ਸੀ—

ਲਖ ਚੋਰੀਆਂ ਲਖ ਜਾਰੀਆਂ ਲਖ ਕੂੜੀਆਂ ਲਖ ਗਾਇ
ਲਖ ਠਗੀਆਂ ਪਹਿਨਾਮੀਆਂ ਰਾਤਿ ਦਿਨ ਸੀ ਨਾਲਿ।''

ਲੋਕਾਂ ਦਾ ਆਪਣੇ ਉਤੇ ਕਾਬੂ ਖੋਹ ਚੁਕਾ ਸੀ—ਲੋਕ ਆਪ ਮੁਹਾਰੇ ਮਨ ਪਿਛੇ ਲਗ ਰਹੇ ਸਨ—

ਤਗੁ ਨ ਇੰਦਰੀ ਤਗੁ ਨ ਨਾਹੀਂ।
ਭਲਕੇ ਥੁਕ ਪਵੈ ਨਿਤ ਦਾੜੀ।
ਤਗੁ ਨ ਪੈਰੀਂ ਤਗੁ ਨ ਹਥੀ।
ਤਗੁ ਨ ਜਿਹਬਾ ਤਗੁ ਨ ਅਖੀ।
ਵੇਤਗਾ ਆਪੇ ਵਤੈ।
ਵਟ ਧਾਗੇ ਅਵਰਾ ਘਤੈ।''

ਪੰਡਤ ਵੀ ਬੇਤਗਾ ਸੀ। ਬੇਤਗਾ ਹੀ ਜਨੇਊ ਵਟ ਵਟ ਲੋਕਾਂ ਦੇ ਗਲ ਪਾਉਂਦਾ ਫਿਰਦਾ ਸੀ ਪਰ ਕੇਵਲ ਪੈਸਾ ਇਕੱਠਾ ਕਰਨ ਹਿਤ।

ਮੁਸਲਮਾਨ ਹਾਕਮ ਮਨੁਖਾਂ ਨੂੰ ਖਾ ਰਹੇ ਸਨ—

ਮਾਣਸ ਖਾਣੇ ਕਰਹਿ ਨਿਵਾਜ।
ਛੁਰੀ ਵਗਾਇਨ ਤਿਨ ਗਲਿ ਤਾਗੁ।
ਸਰਮ ਧਰਮ ਕਾ ਡੇਰਾ ਦੂਰ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾਨਕ ਕੂੜ ਰਹਿਆ ਭਰਪੂਰ ।
ਕੂੜੀ ਰਾਸ ਕੂੜਾ ਵਾਪਾਰੁ ।
ਕੂੜ ਬੋਲਿ ਕਰਹਿ ਆਹਾਰੁ ।"

ਲੋਕ ਜੰਮਣ ਮਰਨ ਉਤੇ ਸੂਤਕ ਕਰਦੇ ਸਨ ।

ਪਰ ਗੁਰੂ ਜੀ ਨੇ ਸਮਝਾਇਆ—

"ਜੇਕਰ ਸੂਤਕ ਮੰਨੀਐ ਸਭ ਤੈ ਸੂਤਕ ਹੋਇ ।
ਗੋਹੇ ਅਤੇ ਲਕੜੀ ਅੰਦਰੁ ਕੀੜਾ ਹੋਇ ।
ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ ।
ਪਹਿਲਾ ਪਾਣੀ ਜੀਉ ਹੈ ਜਿਤ ਹਰਿਆ ਸਭੁ ਕੋਇ ।"

ਸਮੁੱਚੇ ਭਾਰਤ ਦੇ ਸਮਾਜ ਦੀ ਤਸਵੀਰ ਨਾਨਕ—ਸਮੇਂ ਦੀ ਭਾਈ ਗੁਰਦਾਸ ਜੀ ਨੇ ਇਉਂ ਖਿੱਚੀ ਹੈ—

"ਚਾਰ ਵਰਣ ਚਾਰ ਮਜ਼ੁਬਾਂ, ਜਗ ਵਿਚ ਹਿੰਦੂ ਮੁਸਲਮਾਣੇ ।
ਖ਼ੁਦੀ ਬਖੀਲੀ ਤਕਬੱਰੀ, ਖਿਤੋਤਾਣ ਕਰਨੇ ਧਿੰਗਾਣੇ ।
ਰੰਗ ਬਨਾਰਸ ਹਿੰਦੂਆਂ, ਕਾਬਾ ਮੱਕਾ ਮੁਸਲਮਾਣੇ ।
ਸੁਨਤ ਮੁਸਲਮਾਨ ਦੀ, ਤਿਲਕ ਜੰਜੂ ਹਿੰਦੂ ਲੋਭਾਣੇ ।
ਰਾਮ ਰਹੀਮ ਕਹਾਇੰਦੇ, ਇਕ ਨਾਮ ਦੋਇ ਰਾਹ ਭੁਲਾਣੇ ।
ਵੇਦ ਕਤੇਬ ਭੁਲਾਇਕੇ, ਮੋਹਿ ਲਾਲਚ ਦੁਨੀ ਸ਼ੈਤਾਣੇ ।
ਸਚ ਕਿਨਾਰੇ ਰਹਿ ਗਿਆ, ਖਹਿ ਮਰਦੇ ਬਾਹਮਣ ਮੌਲਾਣੇ ।"

ਰਾਜਨੀਤਕ ਅਵਸਥਾ ਐਸੀ ਸੀ ਕਿ ਰਾਜੇ ਸ਼ੇਰ ਬਣਕੇ ਭੇਡਾਂ ਬਕਰੀਆਂ ਰੂਪੀ ਸਮਾਜਕ ਪ੍ਰਾਣੀਆਂ ਨੂੰ ਖਾ ਰਹੇ ਸਨ । ਬੈਠਿਆਂ ਸੁਤਿਆਂ ਨੂੰ ਉਠਾ ਉਠਾ ਕੇ ਆਪਣਾ ਕੰਮ ਕਰਵਾਂਦੇ ਸਨ ਅਤੇ ਪੈਸਾ ਮਜ਼ਦੂਰੀ ਨਹੀਂ ਦੇਂਦੇ ਸਨ । ਸੁਖਣੀ ਵਗਾਰ ਲੈਂਦੇ ਸਨ—

"ਰਾਜੇ ਸ਼ੀਂਹ ਮੁਕਦਮ ਕੁੱਤੇ
ਜਾਇ ਜਗਾਇਨ ਬੈਠੇ ਸੁੱਤੇ ।"

ਹਾਕਮ ਕੁੱਤਿਆਂ ਦੀ ਨਿਆਈਂ ਸਨ ।

ਰਾਜੇ ਕਾਜ਼ੀਆਂ ਨੂੰ ਥਾਪਦੇ ਸਨ । ਪਰ ਕਾਜ਼ੀ ਵੀ ਰਿਸ਼ਵਤ ਖੋਰ ਸਨ । ਵਢੀਆਂ ਲੈ ਕੇ ਹੱਕੋਂ ਬੇਹੱਕ ਫੈਸਲੇ ਸੁਣਾ ਦੇਂਦੇ ਸਨ—ਸੱਚ ਨੂੰ ਝੂਠ ਤੇ ਝੂਠ ਨੂੰ ਸੱਚ ਪੈਸੇ ਦੇ ਲਾਲਚ ਵਿਚ ਆ ਕੇ ਬਣਾਈ ਜਾਂਦੇ ਸਨ—

"ਕਾਜ਼ੀ ਹੋਇਕੇ ਬਹੇ ਨਿਆਇ ।
ਫੇਰੇ ਤਸਬੀ ਕਰੇ ਖ਼ੁਦਾਇ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਢੀ ਲੈ ਕੇ ਹਕ ਗਵਾਇ ।
ਜੇ ਪੁਛੈ ਤਾਂ ਪੜ੍ਹ ਸੁਣਾਇ ।''

ਭਾਈ ਗੁਰਦਾਸ ਜੀ ਇਸੇ ਅਵਸਥਾ ਨੂੰ ਇਉਂ ਪੇਸ਼ ਕਰਦੇ ਹਨ—

''ਕਲਿ ਆਈ ਕੁਤੇ ਮੁਹੀ ਖਾਜੁ ਹੋਆ ਮੁਰਦਾਰ ਗੁਸਾਈ ।
ਰਾਜੇ ਪਾਪ ਕਮਾਂਵਦੇ ਉਲਟੀ ਵਾੜ ਖੇਤ ਕਉ ਖਾਈ ।
ਕਾਜੀ ਹੋਏ ਰਿਸ਼ਵਤੀਂ, ਵਢੀ ਲੈ ਕੇ ਹਕ ਗਵਾਈ ।''

ਸਭ ਪਰਾਇਆ ਹੱਕ ਖਾ ਰਹੇ ਸਨ—

''ਹਕ ਪਰਾਇਆ ਨਾਨਕਾ
ਉਸ ਸੂਅਰ ਉਸ ਗਾਇ ।''

ਸੁਚ ਸਮਾਜ ਵਿਚੋਂ ਨਿਕਲ ਚੁਕੀ ਸੀ ; ਬ੍ਰਾਹਮਣ, ਲੋਕ, ਰਾਜੇ, ਅਹਿਲਕਾਰ ਸਭ ਜੂਠ ਹੀ ਜੂਠ ਖਾ ਰਹੇ ਸਨ—ਜੋਗੀ ਨਾਥ ਵੀ ਸੁਚ ਗੁਆ ਚੁਕੇ ਸਨ—

''ਨਾਨਕ ਚੁਲੀਆਂ ਸੁੱਚੀਆਂ
ਜੇ ਭਰਿ ਜਾਵੈ ਕੋਇ ।
ਸੁਰਤੇ ਚੁਲੀ ਗਿਆਨ ਕੀ
ਜੋਗੀ ਕਾ ਸਤੁ ਹੋਇ ।
ਬ੍ਰਾਹਮਣ ਚੁਲੀ ਸੰਤੋਖ ਕੀ
ਮਿਰਹੀ ਕਾ ਸਤ ਦਾਨ ।
ਰਾਜੇ ਚੁਲੀ ਨਿਆਇ ਕੀ
ਪੜਿਆ ਸਚ ਧਿਆਇ ।''

ਜਿਸ ਤਰ੍ਹਾਂ ਮਿਰਗ ਨੂੰ ਮਾਰਨ ਦੀ ਖਾਤਰ ਸ਼ਿਕਾਰੀ ਦੂਣਾ ਚੌਣਾ ਨਿੰਵਦਾ ਹੈ ਇਸ ਤਰ੍ਹਾਂ ਨਾਲ ਅਪਰਾਧੀ ਵੀ ਦੂਣਾ ਨਿੰਵਦਾ ਹੈ—

''ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ ।
ਸੀਸ ਨਿਵਾਇਐ ਕਿਆ ਥੀਐ ਜਾ ਰਿਦੈ ਕਸੁਧੇ ਜਾਹਿ ।''

ਸਿਰ ਨਿਵਾਣ ਦਾ ਕੀ ਫਾਇਦਾ ਹੈ ਜਦ ਹਿਰਦੇ ਵਿਚ ਝੂਠ ਦੀ ਲੇਸ ਹੈ । ਪਾਪ ਹੈ ਮਨ ਵਿਚ ।

ਪਰਜਾ ਗਿਆਨ ਦੀ ਰੋਸ਼ਨੀ ਤੋਂ ਹੀਣੀ ਅਗਿਆਨਤਾ ਦੇ ਹਨੇਰੇ ਨਾਲ ਭਰੀ ਪਈ ਸੀ । ਮੂੰਹੋਂ ਝੂਠ ਹੀ ਝੂਠ ਬੋਲਦੇ ਸਨ । ਚੇਲੇ ਸਾਜ ਵਜਾਂਦੇ ਫਿਰਦੇ ਸਨ ਅਤੇ ਗੁਰੂ ਕਈਆਂ ਬਿਧੀਆਂ ਨਾਲ ਨਚਦੇ ਫਿਰਦੇ ਸਨ— ਇਹ ਸਭ ਪਾਖੰਡ ਰੋਟੀਆਂ ਦੀ ਖਾਤਰ ਕਰ ਰਹੇ ਸਨ—

ਪਰਜਾ ਅੰਧੀ ਗਿਆਨੁ ਬਿਨੁ
ਕੂੜ ਕਸੱਤ ਮੁਖਹੁ ਅਲਾਈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚੇਲੇ ਸਾਜ ਵਜਾਇਦੇ ।
ਨਚਨਿ ਗੁਰੂ ਬਹੁਤ ਬਿਧ ਭਾਈ ।
ਆਪ ਪਛਾੜਹਿ ਧਰਤੀ ਨਾਲ ।
ਰੋਟੀਆਂ ਕਾਰਣ ਪੂਰੇ ਤਾਲ ।''

ਲੋਕ ਇਕ ਦੂਜੇ ਨਾਲ ਫਿੱਕਾ ਬੋਲਦੇ ਸਨ । ਪਿਆਰ ਮਣੀ ਮਿੱਠੀ ਬੋਲੀ ਉਹ ਭੁਲ ਚੁਕੇ ਸਨ—

''ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ ।
ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ ।
ਫਿਕਾ ਦਰਗਹ ਸਦੀਐ ਮੋਹਿ ਥੁਕਾ ਫਿਕੇ ਪਾਇ ।
ਫਿਕਾ ਮੂਰਖੁ ਪਾਣਾ ਲਹੈ ਸਜਾਇ ।''

ਹਿੰਦੂ ਜਾਤੀ ਕਈਆਂ ਵਰਣਾਂ ਵਿਚ ਵੰਡੀ ਹੋਈ ਸੀ । ਇਕ ਰਬ ਦੀ ਪੂਜਾ ਲੋਕ ਛਡ ਚੁਕੇ ਸਨ । ਗਲਿਆਂ ਬੇਰਾਂ, ਮੜ੍ਹੀਆਂ ਮਸਾਣਾਂ, ਬਰਮੀਆਂ, ਆਦਿ ਦੀ ਪੂਜਾ ਚਲ ਰਹੀ ਸੀ । ਸਾਰਾ ਸਮਾਜ ਹੀ ਭਟਕ ਚੁਕਿਆ ਸੀ ।

ਲੋਕ ਮਾਇਆ ਧਾਰੀ ਬਣ ਚੁਕੇ ਸਨ । ਮਾਇਆ ਇਕੱਠੀ ਕਰਨ ਵਿਚ ਹੀ ਲਗੇ ਹੋਏ, ਰੁੱਝੇ ਹੋਏ ਸਨ । ਮਾਇਆ ਭਾਵੇਂ ਕਿਧਰੋਂ ਵੀ ਆਵੇ ਜਿਸ ਕਿਸ ਸਾਧਨ ਜਾਂ ਢੰਗ ਦੁਆਰਾ ਵੀ ਆਵੇ ਪਰਵਾਨ ਹੈ । ਮਾਇਆ ਦਾ ਜਾਲ ਖਾਈ ਦੇ ਸਮਾਨ ਸੀ । ਤ੍ਰਿਸ਼ਨਾ ਰੂਪੀ ਪਾਣੀ ਵਿਚ ਜੀਵ ਨੇ ਘਰ ਬਣਾਇਆ ਹੋਇਆ ਹੈ ।

1. ''ਮਾਇਆ ਜਲੁ ਖਾਈ ਪਾਣੀ ਘਰੁ ਬਾਧਿਆ ।''
2. ਮਾਇਆ ਮੋਹੁ ਭਵਜਲੁ ਹੈ,
   ਅਵਧੂ ਸਬਦਿ ਭਰੈ ਕੁਲਤਾਰੀ ।
3. ਮਾਇਆ ਬਿਖੁ ਭੁਇ ਅੰਗਮ ਨਾਲੇ ।
4. ਮਾਇਆ ਮਮਤਾ ਹੈ ਬਹੁ ਰੰਗੀ ।
5. ਤ੍ਰਿਸ਼ਨਾ ਮਾਇਆ ਮੋਹਣੀ,
   ਸੁਤ ਬੰਧਪ ਘਰ ਨਾਰਿ ।
   ਧਨ ਜੋਬਨਿ ਜਗੁ ਠਗਿਆ.
   ਲਬਿ ਲੋਭਿ ਅਹੰਕਾਰ ।

ਲੋਕ ਪੈਸੇ ਲੈ ਕੇ ਝੂਠੀਆਂ ਗਵਾਹੀਆਂ ਦੇਂਦੇ ਫਿਰਦੇ ਸਨ—

''ਲੈ ਕੇ ਵਢੀ ਦੇਨਿ ਉਗਾਹੀ,
ਦੁਰਮਤਿ ਕਾ ਗਲ ਫਾਹਾ ਰੇ ।''

ਗੁਰੂ ਨਾਨਕ ਸਮੇਂ ਲੋਕ ਦਾਸਾਂ ਦੇ ਰੂਪ ਵਿਚ ਵਿਕਦੇ ਸਨ । ਪਠਾਣ ਲੋਕ ਬੱਚਿਆਂ ਨੂੰ ਫੜਦੇ ਤੇ ਵੇਚ ਦੇਂਦੇ ਸਨ । ਗੁਰੂ ਨਾਨਕ ਦੇਵ ਜੀ ਨੂੰ ਵੀ ਉਨ੍ਹਾਂ ਵੇਚ ਦਿਤਾ ਸੀ । ਇਸ ਅਵਸਥਾ ਦਾ ਜ਼ਿਕਰ ਗੁਰੂ ਜੀ ਦੀ ਬਾਣੀ ਵਿਚ ਮਿਲਦਾ ਹੈ—

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮੁਲ ਖਰੀਦੀ ਲਾਲਾ ਗੋਲ ।
ਮੇਰਾ ਨਾਉ ਸੁਭਾਗਾ ।
ਗੁਰ ਕੀ ਬਚਨੀ ਹਾਟਿ ਬਿਕਾਨ ।
ਜਿਤ ਲਾਇਆ ਤਿਤੁ ਲਾਗਾ ।
ਤੇਰੇ ਲਾਲੇ ਕਿਆ ਚਤਰਾਈ ।
ਪਖਾ ਫੇਰੀ ਪੈਰ ਮਲੋਂਣਾ,
ਜਪਤ ਰਹਾਂ ਤੇਰਾ ਨਾਉਂ ।''

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਰੂ ਨਾਨਕ ਤੇ ਨਾਥ ਪੰਥ

ਗੁਰੂ ਨਾਨਕ ਦੇਵ ਜੀ ਦਾ ਆਪਣੇ ਸਮੇਂ ਵਿਚ ਥਾਂ ਥਾਂ ਨਾਥ ਜੋਗੀਆਂ ਨਾਲ ਵਾਹ ਪਿਆ। ਜਿਵੇਂ ਸੁਮੇਰ ਪਰਬਤ ਉਤੇ, ਅਚਲ ਬਟਾਲਾ, ਨੈਨੀਤਾਲ, ਆਦਿ ਸਥਾਨਾਂ ਤੇ। ਨਾਥ ਸਿਧਾਂ ਦੀਆਂ ਗੁਰੂ ਜੀ ਨਾਲ ਖੁਲ੍ਹ ਕੇ ਬਹਿਸਾਂ, ਗੋਸ਼ਟਾਂ ਤੇ ਵਿਚਾਰ ਵਟਾਂਦਰੇ ਹੋਏ। ਇਸ ਲਈ ਗੁਰੂ ਜੀ ਦੀ ਬਾਣੀ ਵਿਚ ਥਾਂ ਪਰ ਸਿਧਾਂ ਨਾਥਾਂ ਜੋਗੀਆਂ ਦੇ ਹਵਾਲੇ ਤੇ ਜ਼ਿਕਰ ਮਿਲਦੇ ਹਨ। ਸਿਧ ਗੋਸ਼ਟ ਤਾਂ ਇਸ ਪਖੋਂ ਵਿਸ਼ੇਸ਼ ਸਮੀਖਿਆ ਹੈ। ਜਪੁਜੀ ਸਾਹਿਬ ਵਿਚ ਵੀ ਆਮ ਜ਼ਿਕਰ ਆਇਆ ਹੈ—

1. ਜਪੁਜੀ ਸਾਹਿਬ–ਜਪੁਜੀ ਸਾਹਿਬ ਵਿਚ ਆਇਆ ਹੈ ਕਿ ਗੁਰੂ ਦਾ ਸ਼ਬਦ ਸੁਣਨ ਤੋਂ ਬਾਅਦ ਹੀ ਸਿਧ ਪੀਰ ਨਾਥ ਜੋਗੀ, ਭਗਤ, ਆਦਿ ਆਪਣੀਆਂ ਪਦਵੀਆਂ ਪ੍ਰਾਪਤ ਕਰਦੇ ਹਨ—

'ਸੁਣਿਐ, ਸਿਧ ਪੀਰ ਸੁਰਿ ਨਾਥ।"

ਪ੍ਰਭੂ ਦਾ ਨਾਂ ਸੁਣਨ ਦੇ ਨਾਲ ਹੀ ਜੋਗੀਆਂ ਨੂੰ ਜੋਗ ਦੀ ਜੁਗਤ ਤੇ ਆਪਣੇ ਸਰੀਰ ਦੇ ਭਾਗਾਂ ਦਾ ਗਿਆਨ ਹੁੰਦਾ ਹੈ—

"ਸੁਣਿਐ ਜੋਗ ਜੁਗਤਿ ਤਨਿ ਭੇਦ।"

ਅਸੰਖਾਂ ਹੀ ਜੋਗੀ ਆਪਣੇ ਜੋਗ ਮਤ ਵਿਚ ਵੈਰਾਗ ਮਈ ਅਵਸਥਾ ਵਿਚ ਵਿਚਰਦੇ ਹਨ—

"ਅਸੰਖ ਜੋਗ ਮਨਿ ਰਹਹਿ ਉਦਾਸ।"

ਨਾਥ ਜੋਗੀ ਮੰਨਦੇ ਹਨ ਕਿ ਉਹ ਤੀਰਥਾਂ ਉਤੇ ਜਾਂਦੇ ਹਨ। ਇਸ਼ਨਾਨ ਕਰਦੇ ਹਨ ਅਤੇ ਇਸ ਤਰ੍ਹਾਂ ਉਨ੍ਹਾਂ ਦੀ ਮੈਲ ਲਹਿ ਜਾਂਦੀ ਹੈ—ਲੋਹਾ ਰੀਪਾ 'ਸਿਧ ਗੋਸ਼ਟਿ' ਵਿਚ ਗੁਰੂ ਜੀ ਨੂੰ ਦਸਦਾ ਹੈ ਕਿ ਅਸੀਂ ਦੁਨੀਆਂ ਦੇ ਮੇਲਿਆਂ ਝਮੇਲਿਆਂ ਭਾਵ ਦੁਨੀਆਂ ਦਾਰੀ ਤੋਂ ਨਿਰਲੇਪ ਰਹਿੰਦੇ ਹਾਂ, ਅਲੱਗ ਰਹਿੰਦੇ ਹਾਂ। ਰੁਖਾਂ ਬਿਰਖਾਂ ਜੰਗਲਾਂ ਬੇਲਿਆਂ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਹਿੰਦਿਆਂ ਕੰਦ ਮੂਲ ਮੂਲੀਆਂ ਆਦਿ ਚੁਣ ਕੇ ਖਾਂਦੇ ਹਾਂ। ਤੀਰਥ ਅਸ਼ਨਾਨ ਕਰਦੇ ਹਾਂ, ਸੁਖ ਫਲ ਪਾਂਦੇ ਹਾਂ। ਇਹੀ ਸਾਡੀ ਜੋਗਤ ਜੁਗਤ ਦੀ ਵਿਧੀ ਹੈ—

"ਹਾਟੀ ਬਾਟੀ ਰਹਹਿ ਨਿਰਾਲੇ ਰੂਖਿ ਬਿਰਖਿ ਉਦਿਆਨੇ।
ਕੰਦ ਮੂਲ ਅਹਾਰੋ ਖਾਈਐ ਅਉਧੂ ਬੋਲੈ ਗਿਆਨੇ।
ਤੀਰਥ ਨਾਈਐ ਸੁਖ ਫਲ ਪਾਈਐ ਮੈਲ ਨ ਲਾਗੈ ਕਾਈ।
ਗੋਰਖ ਪੂਤ ਲੋਹਾ ਰੀਪਾ ਬੋਲੈ ਜੋਗ ਜੁਗਤਿ ਬਿਧ ਸਾਈ।"

ਏਥੇ ਲੋਹਾ ਰੀਪਾ ਆਪਣੇ ਮੱਤ ਦੀ ਵਡਿਆਈ ਦਸ ਰਿਹਾ ਹੈ। ਪਰੰਤੂ ਗੁਰੂ ਜੀ ਦਾ ਮੱਤ ਇਹ ਹੈ ਕਿ ਦੁਨੀਆਂ ਨੂੰ ਤਿਆਗ ਕੇ ਜੰਗਲਾਂ ਵਿਚ ਚਲੇ ਜਾਣਾ ਕਿ ਔਰਤ ਮੱਥੇ ਨਾ ਲਗੇ, ਪਦਾਰਥ ਸਾਨੂੰ ਮੋਹ ਨਾ ਸਕਣ। ਇਹ ਬਚਣ ਦੀ ਕਸਵਟੀ ਨਹੀਂ ਹੈ। ਸਗੋਂ ਦੁਨੀਆਂ ਵਿਚ ਰਹਿ ਕੇ ਹੀ ਜੇ ਨਿਰਲੇਪ ਰਹੇ ਤਾਂ ਅਸਲ ਫ਼ਕੀਰ ਅਸਲ ਸਿਧੀ, ਅਸਲ ਜੋਗ ਜੁਗਤ ਹੈ। ਦੁਨੀਆਂ ਦੇ ਧੰਦਿਆਂ ਵਿਚ ਰਹਿੰਦਿਆਂ ਨੀਂਦ ਨਾ ਆਵੇ। ਭਾਵ ਪ੍ਰਭੂ ਨੂੰ ਭੁਲ ਨਾ ਜਾਵੇ। ਪਰਾਈਆਂ ਇਸਤਰੀਆਂ ਵਲ ਮਾੜੀ ਨਿਗਾਹ ਨਾ ਕਰੇ। ਅਖੀਆਂ ਨੂੰ, ਮਨ ਨੂੰ ਮੈਲਾ ਹੋਣ ਨਾ ਦੇਵੇ। ਥੋੜਾ ਸਵੇਂ ਥੋੜਾ ਖਾਵੇ। ਇਹੀ ਜੋਗ ਜੁਗਤ ਹੈ।

"ਹਾਟੀ ਬਾਟੀ ਨੀਂਦ ਨ ਆਵੈ ਪਰ ਘਰਿ ਚਿਤੁ ਨ ਡੋਲਾਈ।
ਬਿਨ ਨਾਵੈ ਮਨ ਟੇਕ ਨ ਟਿਕਈ ਨਾਨਕ ਭੂਖ ਨ ਜਾਈ।
ਹਾਟ ਪਟਣ ਘਰੁ ਗੁਰੂ ਦਿਖਾਇਆ ਸਹਜੇ ਸਚੁ ਵਾਪਾਰੋ।
ਖੰਡਿਤ ਨਿਦ੍ਰਾ ਅਲਪ ਅਹਾਰੰ ਨਾਨਕ ਤਤੁ ਬੀਚਾਰੋ।"

8593

ਚਰਪਟ ਨਾਥ ਗੁਰੂ ਜੀ ਨੂੰ ਜਦ ਪ੍ਰਸ਼ਨ ਕਰਦਾ ਹੈ ਕਿ ਦੁਨੀਆਂ ਕਠਿਨ ਨਾ ਤਰਿਆ ਜਾਣ ਵਾਲਾ ਭਵ ਸਾਗਰ ਹੈ ਇਸ ਤੋਂ ਪਾਰ ਕਿਵੇਂ ਹੋਇਆ ਜਾ ਸਕੀਦਾ ਹੈ।

"ਦੁਨੀਆਂ ਸਾਗਰ ਦੁਤਰੁ ਕਹੀਐ ਕਿਉਂ ਕਰ ਪਾਈਐ ਪਾਰੋ।
ਚਰਪਟ ਬੋਲੈ ਅਉਧੂ ਨਾਨਕ ਦੇਹੁ ਸੱਚਾ ਬੀਚਾਰੋ।"

ਤਾਂ ਗੁਰੂ ਜੀ ਸੱਚਾ ਆਪਣਾ ਮਤ ਪੇਸ਼ ਕਰਦੇ ਫੁਰਮਾਂਦੇ ਹਨ ਕਿ ਜਿਸ ਤਰ੍ਹਾਂ ਕੰਵਲ ਦਾ ਫੁਲ ਪਾਣੀ ਵਿਚ ਰਹਿੰਦਿਆਂ ਹੋਇਆਂ ਵੀ ਉਸ ਤੋਂ ਨਿਰਾਲਾ ਰਹਿੰਦਾ ਹੈ। ਜਿਵੇਂ ਨਦੀ ਵਿਚ ਮੁਰਗਾਬੀ ਪਾਣੀ ਤੋਂ ਨਿਰਲੇਪ ਰਹਿੰਦੀ ਹੈ। ਇਸ ਦੇ ਖੰਭ ਪਾਣੀ ਵਿਚ ਭਿਜਦੇ ਨਹੀਂ ਹਨ। ਜਦੋਂ ਚਾਹੁੰਦੀ ਹੈ ਪਾਣੀ ਨੂੰ ਛੰਡ ਕੇ ਅਕਾਸ਼ ਵਿਚ ਉਡ ਜਾਂਦੀ ਹੈ। ਇਸ ਤਰ੍ਹਾਂ ਸ਼ਬਦ ਵਿਚ ਸੁਰਤ ਜੋੜ ਕੇ ਭਵ ਸਾਗਰ ਤਰਿਆ ਜਾ ਸਕੀਦਾ ਹੈ। ਘਰ ਵਿਚ ਹੀ ਇਕਾਂਤ ਭਾਲ ਲਏ ਅੱਧੀ ਰਾਤ ਨੂੰ। ਏਕੋ ਮਨ ਵਸਿਆ ਰਹੇ ਅਤੇ ਆਸ ਵਿਚ ਨਿਰਾਸ ਤੇ ਨਿਰਾਸਾ ਵਿਚ ਆਸਾ ਰਖਣ ਵਾਲਾ ਹੀ ਅਗੰਮ ਅਗੋਚ ਨੂੰ ਪਾ ਸਕਦਾ ਹੈ।

"ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈਸਾਣੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੁਰਤਿ ਸ਼ਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ।
ਰਹਹਿ ਇਕਾਂਤਿ ਏਕੋ ਮਨਿ ਵਸਿਆ ਆਸਾ ਮਾਹਿ ਨਿਰਾਸੋ ।
ਅਗਮੁ ਅਗੋਚਰੁ ਦੇਖਿ ਦਿਖਾਏ ਨਾਨਕੁ ਤਾਕਾ ਦਾਸੋ ।''

ਗੁਰੂ ਜੀ ਫੁਰਮਾਂਦੇ ਹਨ ਕਿ ਮੈਂ ਐਸੇ ਸਿਧ ਦਾ ਦਾਸ ਹਾਂ । ਉਪਰ ਲੋਹਾ ਗੋਪਾ ਦਾ ਜੁਆਬ ਤੀਰਥ ਅਸਥਾਨਾਂ ਬਾਰੇ ਜਪੁਜੀ ਸਾਹਿਬ ਵਿਚੋਂ ਇਉਂ ਦਿਤਾ ਜਾ ਸਕਦਾ ਹੈ —

''ਤੀਰਥ ਤਪੁ ਦਇਆ ਦਤੁ ਦਾਨੁ ।
ਜੇ ਕੋ ਪਾਵੈ, ਤਿਲ ਕਾ ਮਾਨੁ ।
ਸੁਣਿਆ, ਮੰਨਿਆ,ਮਨਿ ਕੀਤਾ ਭਾਉ ।
ਅੰਤਰ ਗਤਿ ਤੀਰਥਿ, ਮਲਿ ਨਾਉ ।''

ਅਰਥਾਤ ਤੀਰਥ ਯਾਤਰਾ, ਤਪਾਂ ਦੀ ਸਾਧਨਾ, ਜੀਆਂ ਤੇ ਦਇਆ ਕਰਨੀ, ਦਿਤੇ ਦਾਨ, ਆਦਿ ਦੇ ਵੱਟੇ ਜਾਂ ਬਦਲੇ ਵਿਚ ਜੇ ਕਿਸੇ ਨੂੰ ਕੋਈ ਮਾਨ ਮਿਲਿਆ ਵੀ ਹੈ ਤਾਂ ਕੇਵਲ ਤਿਲ ਮਾਤਰ ਹੀ । ਬਹੁਤਾ ਨਹੀਂ । ਕਿਉਂਕਿ ਐਸਾ ਕਰਦਾ ਮਨੁੱਖ ਆਪਣੇ ਵਿਚ ਹਉਮੈ ਲੈ ਆਉਂਦਾ ਹੈ । ਪਰ ਜੇ ਗੁਰੂ ਦੀ ਮੱਤ ਨੂੰ ਸੁਣ ਕੇ ਮੰਨ ਲਈ ਜਾਵੇ ਤਾਂ ਮਾਨੋ ਉਸ ਨੇ ਆਪਣੀ ਅੰਤਰਾਤਮਾ ਦਾ ਇਸ਼ਨਾਨ ਕਰ ਲਿਆ । ਅੰਤਰਾਤਮਾ ਦੀ ਮੈਲ ਲਾਹ ਲਈ ਹੈ ਅਤੇ ਪ੍ਰਭੂ ਨੂੰ ਪਾ ਲਿਆ ਹੈ ।

ਅਗੋਂ ਨਾਥ ਜੋਗੀ ਆਪਣੇ ਭੇਖਾਂ ਦੀ ਵਡਿਆਈ, ਮਹੱਤਾ, ਆਦਿ ਦਸਣ ਲਗ ਜਾਂਦੇ ਹਨ ਕਿ ਉਹ ਉਨ੍ਹਾਂ ਦੇ ਮੱਤ ਨੂੰ ਧਾਰਨ ਕਰ ਲੈਣ । ਮੁੰਦਰਾਂ ਕੰਨੀ ਧਾਰਨ ਕਰਨ, ਝੋਲੀ ਗੋਦੜੀ ਗ੍ਰਹਿਣ ਕਰਨ ਤਾਂ ਜੋਗਿੰਦ੍ਰ ਦੀ ਪਦਵੀ ਮਿਲ ਸਕਦੀ ਹੈ । ਜੋਗੀ ਮੰਨਦੇ ਹਨ ਕਿ ਛੇ ਦਰਸ਼ਨ ਪੜ੍ਹਨ ਨਾਲੋਂ ਇਕ ਜੋਗ ਮਤ ਧਾਰਨ ਕਰ ਲੈਣਾ ਠੀਕ ਹੈ । ਇਸ ਤਰ੍ਹਾਂ ਮਨ ਨੂੰ ਸਮਝਾਣ ਨਾਲ ਫ਼ਿਰ ਚੋਟ ਨਹੀਂ ਲਗਦੀ ।

''ਦਰਸ਼ਨ ਭੇਖ ਕਰਹੁ ਜੋਗਿੰਦ੍ਰਾ ਮੁੰਦ੍ਰਾ ਝੋਲੀ ਖਿੰਥਾ ।
ਬਾਹਰਿ ਅੰਤਰਿ ਏਕ ਸਰੇਵਹੁ ਖਟੁ ਦਰਸ਼ਨ ਇਕ ਪੰਥਾ ।
ਇਨ ਬਿਧਿ ਮਨੁ ਸਮਝਾਈਐ ਪੁਰਖਾ ਬਾਹੁੜਿ ਚੋਟ ਨ ਖਾਈਐ ।''

ਅਗੋਂ ਗੁਰੂ ਜੀ ਫੁਰਮਾਂਦੇ ਹਨ ਕਿ ਐ ਗੁਰਮੁਖੋ ਬੁਝ ਲਵੋ ਮੈਂ ਜੋ ਕੁਝ ਕਹਿੰਦਾ ਹੈ ਜੋਗ ਦੀ ਜੁਗਤ ਇਉਂ ਹੈ—

''ਅੰਤਰਿ ਸ਼ਬਦੁ ਨਿਰੰਤਰਿ ਮੁਦ੍ਰਾ ਹਉਮੈ ਮਮਤਾ ਦੂਰ ਕਰੀ ।
ਕਾਮੁ ਕ੍ਰੋਧ ਅਹੰਕਾਰ ਨਿਵਾਰੈ ਗੁਰ ਕੈ ਸ਼ਬਦਿ ਸੁ ਸਮਝ ਪਰੀ ।
ਖਿੰਥਾ ਝੋਲੀ ਭਰਿਪੁਰਿ ਰਹਿਆ ਨਾਨਕ ਤਾਰੈ ਏਕ ਹਰੀ ।
ਸਾਚਾ ਸਾਹਿਬੁ ਸਾਚੀ ਨਾਈ ਪਰਖੈ ਗੁਰ ਕੀ ਬਾਤ ਖਰੀ ।''

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਰਥਾਤ ਗੁਰੂ ਜੀ ਫੁਰਮਾ ਰਹੇ ਹਨ ਕਿ ਸਾਡੇ ਮਨ ਵਿਚ ਲਗਾਤਾਰ ਇਕ ਰਸ ਸ਼ਬਦ ਦਾ ਨਿਵਾਸ ਹੈ। ਹਉਮੈ ਤੇ ਮਮਤਾ ਅਸਾਂ ਦੂਰ ਕਰ ਦਿਤੀ ਹੈ। ਇਹੀ ਸਾਡੀਆਂ ਮੁੰਦ੍ਰਾਂ ਹਨ। ਕਾਮ ਕ੍ਰੋਧ ਅਹੰਕਾਰ, ਆਦਿ ਨੂੰ ਅਸਾਂ ਦੂਰ ਕੀਤਾ ਹੈ ਅਤੇ ਗੁਰੂ ਸ਼ਬਦ ਦੁਆਰਾ ਸਾਨੂੰ ਅਸਲ ਤੱਤ ਸਾਰ ਦੀ ਸੋਝੀ ਹੋਈ ਹੈ। ਇਹੀ ਸਾਡਾ ਪੰਥ ਹੈ। ਸਾਡਾ ਮੱਤ ਹੈ। ਸਾਡਾ ਧਰਮ ਹੈ। ਗੋਦੜੀ ਤੇ ਝੋਲੀ ਸਾਡੇ ਲਈ ਹੈ ਕਿ ਪ੍ਰਭੂ ਸਰਬ ਵਿਆਪਕ ਹੈ। ਮੁਕਤੀ ਦਾ ਦਾਤਾ ਕੇਵਲ ਉਹੋ ਏਕੋ ਪ੍ਰਭੂ ਹੈ। ਸਾਹਿਬ ਸਚਾ ਹੈ। ਉਸ ਦੀ ਸਿਫਤ ਸਲਾਹ ਸਚੀ ਹੈ।

ਜਪੁਜੀ ਸਾਹਿਬ ਵਿਚ ਵੀ ਆਪ ਜੋਗੀਆਂ ਨੂੰ ਫੋਕੇ ਕਰਮ ਕਾਂਡਾਂ ਤੇ ਭੇਖਾਂ ਤੋਂ ਨਿਕਲ ਕੇ ਅਸਲ ਤਤ ਸਾਰ ਵਲ ਮੋੜਦੇ ਹੋਏ ਫੁਰਮਾ ਰਹੇ ਹਨ —

"ਮੁੰਦਾ ਸੰਤੋਖ ਸਰਮੁ ਪਤੁ ਝੋਲੀ, ਧਿਆਨ ਕੀ ਕਰਹਿ ਬਿਭੂਤਿ।
ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ।
ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ।
ਭੁਗਤਿ ਗਿਆਨ, ਦਇਆ ਭੰਡਾਰਣਿ, ਘਟਿ ਘਟਿ ਵਾਜਹਿ ਨਾਦ।
ਆਪ ਨਾਥੁ, ਨਾਥੀ ਸਭ ਜਾਕੀ ਰਿਧਿ ਸਿਧਿ ਅਵਰਾ ਸਾਦ।
ਸੰਜੋਗ ਵਿਜੋਗੁ ਦੁਇ ਕਾਰ ਚਲਾਵਹਿ, ਲੇਖੈ ਆਵਹਿ ਭਾਗ।

ਗੁਰੂ ਜੀ ਨਾਥ ਜੋਗੀਆਂ ਨੂੰ ਸਮਝਾਂਦੇ ਹਨ ਕਿ ਅਸਾਂ ਸੰਤੋਖ ਦੀਆਂ ਮੁੰਦਰਾਂ ਪਾਈਆਂ ਹਨ। ਉਦਮ ਮਿਹਨਤ ਦੀ ਆਸਾਂ ਝੋਲੀ ਲਈ ਹੈ ਪਾਤਰ ਲਿਆ ਹੈ ਅਤੇ ਪ੍ਰਭੂ ਧਿਆਨ ਦੀ ਬਿਭੂਤੀ ਮਲੀ ਹੈ। ਕਾਲ ਦੀ ਖਿੰਥਾ (ਖਿੰਦ) ਓੜੀ ਹੈ। ਕਾਇਆਂ (ਸਰੀਰ) ਨੂੰ ਪਵਿਤਰ ਰਖਣਾਂ ਵਾਸ਼ਨਾਵਾਂ ਨੂੰ ਛੁਹਣ ਨਾ ਦੇਣਾ, ਇਹੀ ਅਸਾਂ ਜੋਗ ਦੀ ਜੁਗਤ ਸਿਖੀ ਹੈ। ਉਸ ਪ੍ਰਭੂ ਦੇ ਵਿਸ਼ਵਾਸ ਦਾ ਅਸਾਂ ਡੰਡਾ ਪ੍ਰਾਪਤ ਕੀਤਾ ਹੈ। ਸਾਰਿਆਂ ਨੂੰ ਅਸਾਂ ਆਪਣੇ ਭਾਈ ਭੈਣ ਸਮਝ ਕੇ 'ਆਈ ਪੰਥ'—ਜੋਗੀਆਂ ਦੇ ਸਭ ਤੋਂ ਵੱਡੇ ਪੰਥ ਨੂੰ ਪ੍ਰਾਪਤ ਕਰ ਲਿਆ ਹੈ। ਮਨ ਨੂੰ ਜਿੱਤ ਕੇ ਅਸੀਂ ਜਗ ਜੇਤੂ ਬਣਨਾ ਚਾਹੁੰਦੇ ਹਾਂ। ਅਸੀਂ ਗਿਆਨ ਨੂੰ ਖੁਰਾਕ ਅਹਾਰ ਬਣਾਇਆ ਹੈ। ਦਇਆ ਦਾ ਭੰਡਾਰਾ ਪਾਇਆ ਹੈ। ਜੋ ਦਿਲ ਦਿਲ ਵਿਚ ਨਾਦ ਵਜ ਰਿਹਾ ਹੈ ਓਸ ਨੂੰ ਅਸੀਂ ਸੁਣਦੇ ਹਾਂ। ਉਹ ਪ੍ਰਭੂ ਆਪ ਹੀ ਸਭ ਤੋਂ ਵੱਡਾ ਨਾਥ ਹੈ। ਨਾਥਾਂ ਸਿਰ ਨਾਥ ਹੈ ਓਸੇ ਦੀ ਹੀ ਇਹ ਸਾਰੀ ਕਾਇਨਾਤ ਨੱਥੀ ਹੋਈ ਹੈ। ਜੋਗੀਆਂ ਦੀਆਂ ਰਿਧੀਆਂ ਸਿਧੀਆਂ ਨੂੰ ਅਸੀਂ ਠੀਕ ਨਹੀਂ ਸਮਝਦੇ ਕਿਉਂਕਿ ਇਹ ਰੱਬ ਤੋਂ ਦੂਰ ਲੈ ਜਾਂਦੀਆਂ ਹਨ। ਸੋ ਇਹ ਰੱਬ ਤੋਂ ਦੂਰ ਲੈ ਜਾਣ ਵਾਲੇ ਹੋਰ ਉਸਰਬ ਤੋਂ ਹੋਰ ਸੁਆਦ ਹਨ।

ਇਨ੍ਹਾਂ ਖ਼ਿਆਲਾਂ ਨੂੰ ਹੀ ਗੁਰੂ ਜੀ 'ਸਿਧ ਗੋਸਟਿ' ਵਿਚ ਇਉਂ ਕਹਿੰਦੇ ਹਨ—

"ਉੰਧਉ ਖਪਰੁ ਪੰਚਭੂ ਟੋਪੀ।
ਕਾਇਆ ਕੜਾਸਣੁ ਮਨੁ ਜਾਗੋਟੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਤੁ ਸੰਤੋਖੁ ਸੰਜਮੁ ਹੈ ਨਾਲਿ ।
ਨਾਨਕ ਗੁਰਮੁਖਿ ਨਾਮੁ ਸਮਾਲਿ ।''

ਅਰਥਾਤ ਅਸਾਂ ਆਪਣਾ ਖਪਰ-ਕਾਸਾ ਮੂਧਾ ਮਾਰਿਆ ਹੋਇਆ ਹੈ ਭਾਵ ਅਸੀਂ ਆਪਣੀਆਂ ਤ੍ਰਿਸ਼ਨਾਵਾਂ ਨੂੰ ਮਾਰ ਲਿਆ ਹੈ । ਅਕਾਸ਼ ਸਾਡੀ ਟੋਪੀ ਹੈ । ਹੋਰ ਦਿਖਾਵੇ ਦੀ ਟੋਪੀ ਦੀ ਲੋੜ ਹੈ । ਕਾਇਆ ਨੂੰ ਕਸ ਕੇ ਰਖਣਾ ਸਾਡਾ ਕੜਾ ਆਸਣ ਹੈ । ਮਨ ਨੂੰ ਜਗਾ ਕੇ ਰਖਣਾ ਸਾਡੀ ਲੰਗੋਟੀ ਹੈ । ਸਤ ਸੰਤੋਖ ਸੰਜਮ ਸਾਡੇ ਨਾਲ ਹੈ । ਇਉਂ ਨਾਮ ਨੂੰ ਸਮਾਲਦੇ ਹੋਏ—ਸਦਾ ਲੈਂਦੇ ਹੋਏ ਗੁਰਮੁਖ ਹੋਈਦਾ ਹੈ ।

'ਸਿਧ ਗੋਸਟਿ' ਵਿਚ ਹੀ ਇਕ ਹੋਰ ਥਾਂ ਫੁਰਮਾਂਦੇ ਹਨ ਕਿ ਅਸਲ ਮੁੰਦਰਾਂ ਤਾਂ ਗੁਰੂ ਦੇ ਗਿਆਨ ਨੂੰ ਵਿਚਾਰਨਾ ਹੈ । ਅਤੇ ਘਟਿ ਘਟਿ ਵਸਿਆ ਸਰਬ ਜੀਆਂ ਤੇ ਦਇਆ ਕਰਨ ਵਾਲੇ ਨੂੰ ਜਾਣਣਾ ਹੈ । ਉਸ ਵਿਸਮਾਦ ਦੇ ਵਿਸਮਾਦ ਹੁਕਮ ਨੂੰ ਪਛਾਣਨਾ ਹੈ । ਇਹੀ ਜੋਗ ਦੀ ਜੁਗਤ ਹੈ ਜੋ ਕੋਟੀ ਵਿਰਲਾ ਹੀ ਜਾਣਦਾ ਹੈ ਜਾਂ ਪਾਉਂਦਾ ਹੈ । ਜੋ ਆਪਣੇ ਆਪ ਨੂੰ ਮੇਟ ਕੇ ਨਿਰਾਲਾ ਬਣ ਜਾਂਦਾ ਹੈ । ਆਪਣੀ ਅੰਤਰ ਆਤਮਾ ਦੇ ਸਚ ਨੂੰ ਜੋ ਪਾ ਲੈਂਦਾ ਹੈ । ਉਹੀ ਸੱਚਾ ਜੋਗੀ ਹੈ ।

''ਅਕਲਪਤ ਮੁਦ੍ਰਾ ਗੁਰ ਗਿਆਨ ਬੀਚਾਰੀਅਲੇ ਘਟਿ ਘਟਿ ਸਾਚਾ ਸਰਬ ਜੀਆ ।
ਹੁਕਮੁ ਬਿਸਮਾਦ ਹੁਕਮਿ ਪਛਾਣੈ ਜੀਅ ਜੁਗਤਿ ਸਚੁ ਜਾਣੈ ਸੋਈ ।
ਆਪੁ ਮੇਟਿ ਨਿਰਾਲਮੁ ਹੋਵੈ ਅੰਤਰਿ ਸਾਚੁ ਜੋਗੀ ਕਹੀਐ ਸੋਈ ।''

ਜੋਗੀ ਉਹ ਹੈ ਜੋ ਗੁਰੂ ਦੇ ਸ਼ਬਦ ਨੂੰ ਪਛਾਣਦਾ ਹੈ ਇਸ ਤਰ੍ਹਾਂ ਉਸ ਦੇ ਅੰਦਰ ਕਮਲ ਪ੍ਰਗਾਸ ਹੋ ਜਾਂਦਾ ਹੈ—

''ਸੋ ਜੋਗੀ ਗੁਰ ਸ਼ਬਦ ਪਛਾਣੈ ਅੰਤਰ ਕਮਲ ਪ੍ਰਗਾਸੁ ਥੀਆ ।''

ਜੋ ਜੀਂਵਦਿਆਂ ਹੀ ਮਰਿਆਂ ਸਮਾਨ ਹੋ ਜਾਂਦਾ ਹੈ ਉਸ ਨੂੰ ਸੋਝੀ ਆਉਂਦੀ ਹੈ । ਉਹ ਸਾਰਿਆਂ ਜੀਵਾਂ ਉਤੇ ਦਇਆ ਕਰਦਾ ਹੈ । ਉਸੇ ਨੂੰ ਹੀ ਵਡਿਆਈ ਮਿਲਦੀ ਹੈ—

''ਜੀਵਤ ਮਰੈ ਤਾ ਕਿਛੁ ਸੂਝੈ ਅੰਤਰਿ ਜਾਣੈ ਸਰਬ ਦਇਆ ।
ਨਾਨਕ ਤਾਕਉ ਮਿਲੈ ਵਡਿਆਈ ਆਪੁ ਪਛਾਣੈ ਸਰਬ ਜੀਆ ।''

ਗੁਰੂ ਗੁਰਮੁਖ ਹੋਣ ਉਤੇ ਜ਼ੋਰ ਦੇਂਦੇ ਹਨ ਅਤੇ ਨਾਥ ਜੋਗੀ ਭੇਖਾਂ ਉਤੇ ਅਤੇ ਕੜੇ ਆਸਣ ਕਰਨ ਉਤੇ । ਗੁਰੂ ਜੀ ਸਿਧਾਂ ਨੂੰ ਸਾਫ ਫੁਰਮਾਂਦੇ ਹਨ ਕਿ ਪ੍ਰਾਣ ਹੀ ਹਸਤੀ ਦਾ ਆਦਿ ਹਨ । ਇਹ ਜੀਵਨ ਦਾ ਸਮਾਂ ਗੁਰੂ ਦੀ ਸਿਖਿਆ ਧਾਰਨ ਕਰਨ ਦਾ ਵੇਲਾ ਹੈ । ਵਕਤ ਹੈ । ਮੇਰਾ ਗੁਰੂ ਸ਼ਬਦ ਹੈ ਅਤੇ ਸੁਰਤਿ ਵਿਚ ਧੁਨਦਾ ਜੁੜਿਆਂ ਰਹਿਣਾ ਚੇਲਾ ਹੈ । ਅਕਥ ਦੀ ਕਥਾ ਕਹਿ ਕੇ ਮਾਇਆ ਤੋਂ ਨਿਰਲੇਪ ਰਹਿੰਦੇ ਹਾਂ । ਇਕ ਸ਼ਬਦ ਨਾਮ ਨਾਲ ਹੀ ਪ੍ਰਭੂ-ਕਥਾ ਨੂੰ ਵਿਚਾਰਿਆ ਜਾ ਸਕਦਾ ਹੈ । ਨਾਮ ਹੀ ਉਸ ਦੀ ਅਕਥ ਕਥਾ ਹੈ । ਗੁਰਮੁਖ ਨਾਮ ਜਪ ਕੇ ਹਉਮੈ ਦੀ ਅਗਨ ਬੁਝਾ ਲੈਂਦਾ ਹੈ—

''ਪਵਨ ਆਰੰਭ ਸਤਿਗੁਰ ਮਤਿ ਵੇਲਾ ।
ਸ਼ਬਦ ਗੁਰੂ ਸੁਰਤਿ ਧੁਨਿ ਚੇਲਾ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਕਥ ਕਥਾ ਲੇ ਰਹਹੁ ਨਿਰਾਲਾ।
ਏਕ ਸ਼ਬਦੁ ਜਿਤੁ ਕਥਾ ਵੀਚਾਰੀ।
ਗੁਰਮੁਖਿ ਹਉਮੈ ਅਗਨਿ ਨਿਵਾਰੀ।"

ਅੰਤ ਤੇ ਗਰੂ ਜੀ ਜੋਗੀਆਂ ਨੂੰ ਸਿਧ ਗੋਸ਼ਟਿ ਦਾ ਸਾਰ ਦਸਦੇ ਹੋਏ ਫੁਰਮਾਂਦੇ ਹਨ—ਕਿ ਨਾਮ ਤੋਂ ਬਿਨਾ ਜੋਗ ਨਹੀਂ ਕਮਾਇਆ ਜਾ ਸਕਦਾ। ਨਾਮ ਵਿਚ ਰੰਗੇ ਜਾਣ ਨਾਲ ਹੀ ਸੁਖ ਪਾਈਦਾ ਹੈ। ਨਾਮ ਵਿਚੋਂ ਹੀ ਸਭ ਕੁਝ ਪ੍ਰਗਟਦਾ ਹੈ ਅਤੇ ਨਾਮ ਨਾਲ ਹੀ ਸੋਝੀ ਹੋ ਆਉਂਦੀ ਹੈ। ਨਾਮ ਤੋਂ ਬਿਨਾ ਤੁਸੀਂ ਜਿੰਨੇ ਮਰਜੀ ਭੇਖ ਕਰ ਲੋਂ ਖਾਂ ਸੱਚਾ ਉਨ੍ਹਾਂ ਨੂੰ ਆਪ ਹੀ ਕੁਰਾਹੇ ਪਾਈ ਰਖ਼ਦਾ ਹੈ। ਸਤਿਗੁਰੂ ਤੋਂ ਨਾਮ ਪਾਇਆ ਜਾਵੇ ਤਾਂ ਹੀ ਹੇ ਜੋਗੀ ਹੇ ਅਵਧੂਤ ਜੋਗ ਦੀ ਜੁਗਤ ਭਾਵ ਵਿਧੀ ਪਾਈ ਜਾ ਸਕਦੀ ਹੈ। ਨਾਮ ਹੀ ਮੁਕਤੀ ਦਾ ਮਾਰਗ ਹੈ ਮੁਕਤੀ ਦੀ ਕੁੰਜੀ ਹੈ। ਨਾਮ ਤੋਂ ਬਿਨਾ ਕੋਈ ਮੁਕਤ ਨਹੀਂ ਹੈ –

"ਸਬਦੈ ਕਾ ਨਿਬੇੜਾ ਸੁਣਿ ਤੂ ਅਉਧੂ ਬਿਨ ਨਾਵੈ ਜੋਗੁ ਨ ਹੋਈ।
ਨਾਮੇ ਰਾਤੇ ਅਨਦਿਨ ਮਾਤੇ ਨਾਮੈ ਤੇ ਸੁਖ ਹੋਈ।
ਨਾਮੈ ਤੇ ਹੀ ਸਭ ਪ੍ਰਗਟ ਹੋਵੈ ਨਾਮੇ ਸੋਈ ਹੋਈ।
ਬਿਨੁ ਨਾਵੈ ਭਖ ਕਰਹਿ ਬਹੁਤੇਰੇ ਸਚੈ ਆਪਿ ਖੁਆਈ।
ਸਤਿਗੁਰ ਤੇ ਨਾਮੁ ਪਾਈਐ ਅਉਧੂ ਜੋਗ ਜੁਗਤਿ ਤਾ ਹੋਈ।
ਕਰ ਬੀਚਾਰੁ ਮਨਿ ਦੇਖਹੁ ਨਾਨਕ ਖਿਨੁ ਨਾਵੈ ਮੁਕਤਿ ਨ ਹੋਈ।"

ਗੁਰੂ ਜੀ ਸਿਧਾਂ ਦੇ ਹਰ ਸਵਾਲ ਦੇ ਜਵਾਬ ਦੇ ਸਵਾਬ ਨੂੰ ਨਾਮ ਨਾਲ ਜਾ ਮੇਲਦੇ ਹਨ। ਅਸਲ ਵਿਚ ਨਾਮ ਹੀ ਸਭ ਕੁਝ ਹੈ। ਨਾਮ ਹੀ ਸਭ ਗੁੰਝਲਾਂ ਦਾ ਸਮਾਧਾਨ ਹੈ। ਇਸੇ ਲਈ ਆਪ ਸਿਧਾਂ ਨੂੰ ਨਾਮ ਦੀ ਮਹਿਮਾ ਦਰਸਾਂਦੇ ਹਨ। ਗੁਰੂ ਜੀ ਦਾ ਮੱਤ ਹੀ ਨਾਮ ਮੱਤ ਹੈ। ਆਪ ਨਾਮ ਦੀ ਮਹਿਮਾ ਵਿਚ ਰਹਿਣ ਵਾਲੇ ਨਾਮ ਦਾ ਅੰਮ੍ਰਿਤ ਪੀਣ ਵਾਲੇ ਨਾਮ ਜਪਣ ਵਾਲੇ ਹਨ। ਇਸੇ ਕਰਕੇ ਹੀ ਜਦ ਨਾਥ ਜੋਗੀ ਬਾਬਾ ਜੀ ਦੀ ਨਾਮ ਦੀ ਮਹਿਮਾ ਨੂੰ ਸਮਝ ਜਾਂਦੇ ਹਨ ਤਾਂ ਉਨ੍ਹਾਂ ਦੇ ਭਟਕਦੇ ਮਨ ਸ਼ਾਂਤ ਹੋ ਆਉਂਦੇ ਹਨ। ਭਾਈ ਗੁਰਦਾਸ ਜੀ ਖੂਬ ਲਿਖਦੇ ਹਨ—

"ਬਾਬੇ ਕੀਤੀ ਸਿਧ ਗੋਸਟਿ ਸ਼ਬਦ ਸ਼ਾਂਤ ਸਿਧਾ ਵਿਚ ਆਈ।
ਸਿਧ ਬੋਲਣ ਸ਼ੁਭ ਬਚਨ ਧੰਨ ਨਾਨਕ ਤੇਰੀ ਵਡੀ ਕਮਾਈ।
ਵਡਾ ਪੁਰਖ ਪ੍ਰਗਟਿਆ ਕਲਜੁਗ ਅੰਦਰ ਜੋਤ ਜਗਾਈ।"

ਗੁਰੂ ਜੀ ਨੇ ਕਲਜੁਗ ਵਿਚ ਨਾਮ ਦੀ ਜੋਤ ਜਗਾ ਕੇ ਅਗਿਆਨਤਾ ਦੇ ਹਨੇਰੇ ਨੂੰ ਦੂਰ ਕੀਤਾ ਅਤੇ ਗਿਆਨ ਦੀ ਰੌਸ਼ਨੀ ਜਗ ਮਗ ਜਗ ਜਗਾ ਕੇ ਰਖ ਦਿਤੀ। ਇਹ ਧਿਆਨ ਰਹੇ ਕਿ ਗੁਰੂ ਬਾਬਾ ਨਾਨਕ ਜੀ ਨੇ ਸਿਧਾਂ ਦੇ ਮਤ ਨੂੰ ਕਿਧਰੇ ਵੀ ਨਿੰਦਿਆ ਨਹੀਂ ਹੈ ਕੇਵਲ ਉਨ੍ਹਾਂ ਨੂੰ ਅਸਲ ਨਾਲ ਜੋੜਿਆ ਹੈ। ਜੋਗ ਦੀ ਅਸਲ ਮਹੱਤਾ ਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਹਿਸਾਸ ਕਰਾਇਆ ਹੈ। ਜੇ ਆਪ ਸਿਧਾਂ ਦੇ ਮੱਤ ਨੂੰ ਮਾੜਾ ਸਮਝਦੇ ਜਾਂ ਜੇ ਸਿਧਾਂ ਦਾ ਮੱਤ ਮਾੜਾ ਜਾਂ ਭੈੜਾ ਹੁੰਦਾ ਤਾਂ ਆਪ ਇਉਂ ਨਾ ਕਹਿੰਦੇ—

"ਸਿਧ ਛੁਪ ਬੈਠੇ ਪਰਬਤੀ ਕਉਨ ਜਗਤ ਕੋ ਪਾਰਉਤਾਰਾ।"

ਅਰਥਾਤ ਸਿਧ ਤਾਂ ਪਰਬਤਾਂ ਉਤੇ ਛੁਪ ਬੈਠੇ ਹਨ ਫਿਰ ਹੋਰ ਕੌਣ ਜਗਤ ਨੂੰ ਰਾਹ ਵਿਖਾ ਕੇ ਉਨ੍ਹਾ ਦਾ ਪਾਰ ਉਤਾਰਾ ਕਰਦਾ। ਅਤੇ ਆਪਣੀ ਸਰਬ ਸਰੇਸ਼ਟ ਬਾਣੀ 'ਜਪੁਜੀ ਸਾਹਿਬ' ਵਿਚ ਆਪ ਸਿਧਾਂ ਨਾਥਾਂ ਦੀ ਇਉਂ ਮਹਿਮਾ ਨਾ ਗਾਉਂਦੇ—

1. "ਗਾਵਹਿ ਸਿਧ ਸਮਾਧੀ ਅੰਦਰਿ, ਗਾਵਨਿ ਸਾਧ ਵਿਚਾਰੇ।

... ...

2. ਆਖਹਿ ਈਸਰ, ਆਖਹਿ ਸਿਧ।
3. ਕੇਤੇ ਸਿਧ ਬੁਧ, ਨਾਥ ਕੇਤੇ, ਕੇਤੇ ਦੇਵੀ ਵੇਸ।

... ...

4. ਫਿਰ ਸ਼ਰਮ ਖੰਡ ਵਿਚ ਫੁਰਮਾਂਦੇ ਹਨ —
ਤਿਥੈ ਘੜੀਐ ਸੁਰਾ ਸਿਧਾ ਕੀ ਧਿਸੁ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਸਾ ਦੀ ਵਾਰ ਵਿਚ
ਸ਼ਲੋਕਾਂ ਤੇ ਪਉੜੀਆਂ ਦਾ ਪਰਸਪਰ ਸੰਬੰਧ

ਆਦਿ ਗ੍ਰੰਥ ਵਿਚ ਸੱਤੇ ਬਲਵੰਡ ਦੀ ਵਾਰ ਤੋਂ ਛੁਟ ਬਾਕੀਆਂ ਵਿਚ ਪਉੜੀਆਂ ਦੇ ਨਾਲ ਸ਼ਲੋਕ ਵੀ ਸ਼ਾਮਲ ਕੀਤੇ ਗਏ ਹਨ। ਸ਼ਲੋਕ ਤੇ ਵਾਰ ਦੋ ਵਖ ਵਖ ਕਾਵਿ-ਰੂਪ ਹਨ। ਸ਼ਲੋਕ ਦਾ ਵਾਰ ਤਕਨੀਕ ਨਾਲ ਕੋਈ ਸੰਬੰਧ ਨਹੀਂ ਹੈ। ਸ਼ਲੋਕ ਨੂੰ ਵਾਰ ਨਾਲ ਸਭ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਜੋੜਿਆ। ਅਤੇ ਅਗੋਂ ਗੁਰੂ ਅਰਜਨ ਦੇਵ ਜੀ ਨੇ ਇਸ ਪਰੰਪਰਾ ਨੂੰ ਸੁਰਜੀਤ ਰਖਿਆ। ਪਉੜੀਆਂ ਤੋਂ ਪਹਿਲਾਂ ਸ਼ਲੋਕ ਦਿਤਾ ਗਿਆ। ਸ਼ਲੋਕ ਤੇ ਪਉੜੀਆਂ ਦੇ ਮੇਲ ਦਾ ਮੁਖ ਮਨੋਰਥ ਪਉੜੀਆਂ ਦੇ ਭਾਵ ਨੂੰ ਸ਼ਲੋਕ ਦੁਆਰਾ ਸਪਸ਼ਟ ਕਰਨਾ ਹੈ। ਆਸਾ ਦੀ ਵਾਰ ਵਿਚ 24 ਪਉੜੀਆਂ ਤੇ 44 ਸ਼ਲੋਕ ਹਨ। ਪਰ ਗੁਰੂ ਅਰਜਨ ਨੇ 15 ਸ਼ਲੋਕ ਹੋਰ ਅੰਕਿਤ ਕਰ ਦਿਤੇ। ਇਹ 15 ਸ਼ਲੋਕ ਗੁਰੂ ਅੰਗਦ ਦੇਵ ਜੀ ਦੇ ਹਨ। ਇਨ੍ਹਾਂ ਨੂੰ ਥਾਂ ਥਾਂ ਤੇ ਭਾਵ ਦੀ ਅਨੁਕੂਲਤਾ ਅਨੁਸਾਰ ਟਿਕਾ ਦਿਤਾ। ਸੋ ਸਪਸ਼ਟ ਹੈ ਕਿ ਸ਼ਲੋਕਾਂ ਨੂੰ ਪਉੜੀਆਂ ਦੀ ਭਾਵ ਲੜੀ ਨਾਲ ਪਰੋ ਕੇ ਰਖ ਦਿਤਾ ਹੈ। ਇਸ ਲਈ ਸ਼ਲੋਕ ਪਉੜੀਆਂ ਦੀ ਨਿਸਚਿਤ ਇਕਾਈ ਬਣ ਗਏ ਹਨ।

ਹਰੇਕ ਪਉੜੀ ਵਿਚ ਨਿਵੇਕਲਾ ਖ਼ਿਆਲ ਹੁੰਦਾ ਹੈ। ਜਾਂ ਵਖਰੀ ਇਕਾਈ ਹੁੰਦੀ ਹੈ।

ਡਾ. ਦੀਵਾਨ ਸਿੰਘ (ਗੁਰੂ ਨਾਨਕ ਦੀ ਸਾਹਿਤਕ ਪ੍ਰਤਿਭਾ ਤੇ ਹੋਰ ਲੇਖ) ਦਾ ਮੱਤ ਹੈ ਕਿ ਗੁਰੂ ਸਾਹਿਬ ਨੇ ਸ਼ਲੋਕਾਂ ਨੂੰ ਪਉੜੀਆਂ ਨਾਲ ਦੋ ਗੱਲਾਂ ਨੂੰ ਮੁਖ ਰਖ ਕੇ ਜੋੜਿਆ ਪਹਿਲੀ ਗਲ ਕਿ ਵਾਰਾਂ ਦਾ ਰਚਨ ਮਨੋਰਥ ਮੁਖ ਤੌਰ ਤੇ ਗੁਰਮਤ ਦਾ ਪ੍ਰਚਾਰ ਕਰਨਾ ਹੈ। ਇਸ ਆਸ਼ੇ ਅਧੀਨ ਪਉੜੀਆਂ ਨਾਲ ਸ਼ਲੋਕ ਵਧਾ ਦਿਤੇ ਗਏ। ਸ਼ਲੋਕਾਂ ਵਿਚ ਸੰਜਮ ਹੁੰਦਾ ਹੈ। ਫਿਰ ਸ਼ਲੋਕ ਦੋ ਤੋਂ ਕੁਝ ਤੁਕਾਂ ਤਕ ਹੀ ਸੀਮਤ ਹੁੰਦਾ ਹੈ। ਸ਼ਲੋਕ ਬਹੁਤ ਗਿਣਤੀ ਵਿਚ ਸਨ। ਸੋ ਇਨ੍ਹਾਂ ਨੂੰ ਸਿਖਿਆ ਦੇਣ ਲਈ ਪਉੜੀਆਂ ਨਾਲ ਲਿਖ ਦਿਤਾ। ਅਤੇ ਬਾਕੀ ਸ਼ਲੋਕਾਂ ਨੂੰ ਸ਼ਲੋਕਾਂ ਵਾਰਾਂ ਤੋਂ ਵਧੀਕ ਸਿਰਲੇਖ ਹੇਠ ਦਰਜ ਕਰ ਦਿਤਾ। ਗੁਰੂ ਨਾਨਕ ਅਧਿਆਤਮਕ ਵਾਰਾਂ ਦੇ ਮੋਢੀ ਹਨ ਅਤੇ ਉਨ੍ਹਾਂ ਨੇ ਪਹਿਲੀ ਵਾਰ ਵਾਰ ਤੇ ਸ਼ਲੋਕ ਦਾ ਸੰਬੰਧ ਨਿਸਚਿਤ ਕਰ ਦਿਤਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਡਾ. ਬਿਕਰਮ ਸਿੰਘ ਘੁੰਮਣ ਆਪਣੀ ਪੁਸਤਕ ਆਸਾ ਦੀ ਵਾਰ, ਚਿੰਤਨ ਤੇ ਕਲਾ ਵਿਚ ਲਿਖਦਾ ਹੈ—"ਪਉੜੀਆਂ ਦਾ ਉਦੇਸ਼ ਮੁਖ ਤੌਰ ਤੇ ਅਧਿਆਤਮਕ ਹੈ ਜਦੋਂ ਕਿ ਸ਼ਲੋਕਾਂ ਦਾ ਵਿਸ਼ੇਸ਼ ਤੌਰ ਤੇ ਸਮਾਜ਼ਿਕ, ਨੈਤਿਕ, ਸ਼ਦਾਚਾਰਕ ਤੇ ਉਪਦੇਸ਼ਾਤਮਕ ਹੈ ਅਤੇ ਉਹ ਸੰਬੰਧਤ ਪਉੜੀ ਦੇ ਉਦੇਸ਼ ਅਨੁਸਾਰ ਬਦਲ ਜਾਂਦਾ ਹੈ। ਸ਼ਲੋਕਾਂ ਵਿਚ ਆਪਣੇ ਉਦੇਸ਼ ਦੀ ਪੂਰਤੀ ਲਈ ਕਾਫੀ ਹਦ ਤਕ ਸਮਾਜਿਕ ਕੁਰੀਤੀਆਂ ਤੇ ਧਾਰਮਿਕ ਇਕਾਈਆਂ ਨੂੰ ਪ੍ਰਗਟ ਕੀਤਾ ਗਿਆ ਹੈ। ਸ਼ਲੋਕਾਂ ਦਾ ਵਾਤਾਵਰਣ ਵਾਦ ਵਿਵਾਦ ਅਤੇ ਤਰਕ-ਵਿਤਰਕ ਦਾ ਹੈ ਜਦ ਕਿ ਪਉੜੀਆਂ ਵਿਚ ਗੁਰੂ ਸਾਹਿਬ ਨੇ ਤਾਤਵਿਕ ਤੇ ਰਹੱਸਵਾਦੀ ਨਿਰਣਾ ਦਿਤਾ ਹੈ। ਇਹੋ ਹੀ ਸਿਖ ਦਰਸ਼ਨ ਦਾ ਮੂਲ ਉਦੇਸ਼ ਹੈ।"

ਡਾ. ਸਾਹਿਬ ਸਿੰਘ (ਟੀਕਾ ਕਾਰ ਗੁਰੂ ਗ੍ਰੰਥ ਸਾਹਿਬ) ਨੇ ਵੀ 'ਆਸਾ ਦੀ ਵਾਰ' ਦਾ ਟੀਕਾ ਕਰਦਿਆਂ ਮੰਨਿਆ ਹੈ ਕਿ ਪਉੜੀਆਂ ਦੇ ਭਾਵ ਅਨੁਕੂਲ ਹੀ ਸ਼ਲੋਕ ਦਿਤੇ ਗਏ ਹਨ।

'ਆਸਾ ਦੀ ਵਾਰ' ਦੇ ਆਦਿ ਵਿਚ ਹੀ ਗੁਰੂ ਅਰਜਨ ਦੇਵ ਜੀ ਨੇ ਸਪਸ਼ਟ ਕੀਤਾ ਹੈ ਕਿ ਵਾਰ ਸ਼ਲੋਕਾਂ ਨਾਲ ਸ਼ਲੋਕ ਵੀ ਮਹਲੇ ਪਹਿਲੇ ਕੇ ਲਿਖੇ ਟੁੰਡੇ ਅਸਰਾਜੈ ਕੀ ਧੁਨੀ।

ਆਸਾ ਦੀ ਵਾਰ ਦੇ ਸ਼ੁਰੂ ਵਿਚ ਹੀ ਗੁਰੂ ਨਾਨਕ ਦੇ ਦੋ ਸ਼ਲੋਕ ਹਨ—

ਸ਼ਲੋਕ ਨੰ. 1. ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦਵਾਰ।
ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ।

2. ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ।
ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ।
ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ।
ਫਲੀਅਹਿ ਫੁਲੀਅਹਿ ਬਪੁੜੇ ਭੀ ਤਨ ਵਿਚਿ ਸੁਆਹ।

ਇਨ੍ਹਾਂ ਤੋਂ ਅਗੇ ਪਉੜੀ ਇਉਂ ਹੈ—

ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ।
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ।
ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ।
ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ।
ਕਰ ਆਸਣੁ ਡਿਠੋ ਚਾਉ।

ਅਸੀਂ ਦੇਖਦੇ ਹਾਂ ਕਿ ਪਹਿਲੇ ਸ਼ਲੋਕ ਵਿਚ ਗੁਰੂ ਤੋਂ ਬਲਿਹਾਰੀ ਹੋਇਆ ਗਿਆ ਹੈ। ਗੁਰੂ ਦੀ ਵਡਿਆਈ ਕੀਤੀ ਗਈ ਹੈ। ਕਿ ਗੁਰੂ ਮਾਨਸ ਤੋਂ ਦੇਵਤੇ ਬਨਾਉਣ ਵਿਚ ਕੋਈ ਸਮਾ ਨਹੀਂ ਲਗਾਉਂਦਾ।

ਦੂਜੇ ਸ਼ਲੋਕ ਵਿਚ ਵੀ ਗੁਰੂ ਨੂੰ ਚੇਤਨ ਦੀ ਚੇਤਨਾ ਕੀਤੀ ਗਈ ਹੈ। ਦ੍ਰਿਸ਼ਟਾਂਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੇ ਕੇ ਸਮਝਾਇਆ ਗਿਆ ਹੈ ਕਿ ਜਿਵੇਂ ਤਿਲ ਖੇਤ ਵਿਚ ਜੋ ਅਣਵੱਢੇ ਰਹਿ ਜਾਂਦੇ ਹਨ ਜਾਂ ਵੱਢਦਿਆਂ ਡਿਗੇ ਰਹਿ ਜਾਂਦੇ ਹਨ ਉਨ੍ਹਾਂ ਦੇ ਵੀ ਮਾਲਕ ਹਜ਼ਾਰਾਂ ਆ ਕੇ ਬਣ ਜਾਂਦੇ ਹਨ ਪਰੰਤੂ ਜਿਨ੍ਹਾਂ ਤਿਲਾਂ ਵਿਚ ਸੁਆਹ ਹੈ ਭਾਵ ਜੋ ਤਿਲ ਸੁਆਹ ਬਣ ਚੁਕੇ ਹਨ ਉਨ੍ਹਾਂ ਦਾ ਕੌਣ ਮਾਲਕ ਬਣੇਗਾ ? ਭਾਵ ਕੋਈ ਨਹੀਂ । ਇਸੇ ਤਰ੍ਹਾਂ ਜੋ ਮਾਲਕ ਦਾ ਨਾਂ ਧਿਆਂਦੇ ਹਨ ਉਨ੍ਹਾਂ ਦੇ ਗੁਣਾਂ ਦੀ ਮਾਲਕ ਕਦਰ ਕਰਦਾ ਹੈ। ਪਰੰਤੂ ਜੋ ਨਾਮ ਨਹੀਂ ਸਿਮਰਦੇ ਉਹ ਗੁਣਾਂ ਤੋਂ ਰਹਿਤ ਇਉਂ ਹਨ ਜਿਉਂ ਤਿਲ ਖਾਕ ਹੋ ਚੁਕੇ ਹਨ। ਅਵਗਣ ਉਨ੍ਹਾਂ ਨੂੰ ਵੀ ਖਾਕ ਕਰਕੇ ਰਖ ਦੇਂਦੇ ਹਨ।

ਪਉੜੀ ਦਾ ਭਾਵ ਇਹ ਹੈ ਕਿ ਪਰਮਾਤਮਾ ਨੇ ਆਪਣੇ ਆਪ ਨੂੰ ਆਪ ਹੀ ਸਾਜਿਆ ਹੈ। ਉਸ ਨੂੰ ਕਿਸੇ ਹੋਰ ਨੇ ਜਨਮ ਨਹੀਂ ਦਿਤਾ। ਜਾਂ ਪੈਦਾ ਨਹੀਂ ਕੀਤਾ। ਆਪ ਹੀ ਉਸ ਨੇ ਆਪਣਾ ਨਾਂ ਰਚਿਆ ਹੈ। ਦੂਜੀ ਕੁਦਰਤ ਸਾਜ ਕੇ ਆਪਣਾ ਵਿਚ ਵਾਸ ਕੀਤਾ ਹੈ ਇਸੇ ਕਰਕੇ ਕੁਦਰਤ ਨੂੰ ਮਾਨਣ ਲਈ ਜੀਅ ਚਾਅ ਨਾਲ ਭਰ ਜਾਂਦਾ ਹੈ। ਮੂਲ ਮੰਤਰ ਵਿਚ ਵੀ ਆਇਆ ਹੈ ਕਿ ਉਸ ਨੇ ਖੁਦ ਹੀ ਆਪਣੀ ਹਸਤੀ ਨੂੰ ਕਾਇਮ ਕੀਤਾ ਹੈ—ਸੈਭੰ।

ਸੋ ਸਪਸ਼ਟ ਹੈ ਕਿ ਪਉੜੀ ਤੇ ਸ਼ਲੋਕਾਂ ਦਾ ਭਾਵ ਇਕੋ ਹੈ। ਜੋ ਖ਼ਿਆਲ ਸ਼ਲੋਕਾਂ ਵਿਚ ਆਏ ਹਨ। ਉਨ੍ਹਾਂ ਨਾਲ ਰਲਦੇ ਮਿਲਦੇ ਹੀ ਖਿਆਲ ਪਉੜੀ ਵਿਚ ਹਨ।

ਹੁਣ ਦੂਜੀ ਪਉੜੀ ਉਪਰਲੇ ਸ਼ਲੋਕ ਵੇਖੋ—

ਸ਼ਲੋਕ ਨੰ: 1. ਸਚੇ ਤੇਰੇ ਖੰਡ ਸਚੇ ਬ੍ਰਹਮੰਡ।
ਸੱਚੇ ਤੇਰੇ ਲੋਅ ਸਚੇ ਆਕਾਰ।
ਸਚੇ ਤੇਰੇ ਕਰਣੇ ਸਰਬ ਬੀਚਾਰ।
ਸਚਾ ਤੇਰਾ ਅਮਰ ਸੱਚਾ ਦੀਬਾਣ।
ਸਚਾ ਤੇਰਾ ਹੁਕਮ ਸਚਾ ਫੁਰਮਾਣ।
... ...

ਸ਼ਲੋਕ ਨੰ: 2. ਵਡੀ ਵਡਿਆਈ ਜਾ ਵਡਾ ਨਾਉ।
ਵਡੀ ਵਡਿਆਈ ਜਾ ਸਚ ਨਿਆਉ।
ਵਡੀ ਵਡਿਆਈ ਜਾ ਨਿਹਚਲ ਥਾਉ।
ਵਡੀ ਵਡਿਆਈ ਜਾਣੈ ਆਲਾਉ।
... ...

ਪਉੜੀ—ਨਾਨਕ ਜੀਅ ਉਪਾਇਕੈ ਲਿਖਿ ਨਾਵੈ ਧਰਮੁ ਬਹਾਲਿਆ।
ਓਥੈ ਸਚੋ ਹੀ ਸਚ ਨਿਬੜੈ ਚੁਣਿ ਵਖਿ ਕਢੈ ਜਜਮਾਲਿਆ।
ਥਾਉ ਨ ਪਾਇਨਿ ਕੂੜਿਆਰ ਮੂਹ ਕਾਲੈ ਦੋਜਕਿ ਚਾਲਿਆ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੇਰੇ ਨਾਇ ਰਤੇ ਸੇ ਜਿਵਿ ਗਏ ਹਾਰਿ ਗਏ ਸਿ ਠਗਣ ਵਾਲਿਆ ।
ਲਿਖਿ ਨਾਵੈ ਧਰਮ ਬਹਾਲਿਆ ।

ਸਪਸ਼ਟ ਹੈ ਕਿ ਇਨ੍ਹਾਂ ਉਪਰੋਕਤ ਦੋ ਸ਼ਲੋਕਾਂ ਵਿਚ ਅਤੇ ਪਉੜੀ ਵਿਚ ਭਾਵ ਇਕੋ ਜਿਹੇ ਰਲਦੇ ਮਿਲਦੇ ਹੀ ਹਨ। ਪ੍ਰਭੂ ਦੀ ਮਹਿਮਾ ਦਾ ਹੀ ਗੁਣ ਗਾਇਨ ਕੀਤਾ ਗਿਆ ਹੈ। ਪਹਿਲੇ ਸ਼ਲੋਕ ਵਿਚ ਇਹ ਖਿਆਲ ਆਇਆ ਹੈ ਕਿ ਉਹ ਕਿਉਂਕਿ ਆਪ ਸੱਚਾ ਹੈ। ਇਸ ਕਰਕੇ ਉਸ ਦੇ ਪੈਦਾ ਕੀਤੇ ਖੰਡ ਬ੍ਰਹਿਮੰਡ ਵੀ ਸਚੇ ਹਨ। ਉਸ ਦਾ ਸਭ ਕੁਝ ਸੱਚਾ ਹੈ ਜਦ ਕਿ ਮਨੁੱਖ ਦਾ ਸਭ ਕੁਝ ਆਪ ਰਚਿਆ ਝੂਠ ਹੈ। ਦੂਜੇ ਸ਼ਲੋਕ ਵਿਚ ਵੀ ਉਸ ਮਹਾਨ ਪ੍ਰਭੂ ਦੀ ਸਿਫ਼ਤ-ਸਲਾਹ ਹੈ। ਉਹ ਸਚੇ ਨਿਆਂ ਵਾਲਾ ਹੈ। ਉਸ ਦਾ ਟਿਕਾਣਾ ਨਿਹਚਲ ਹੈ, ਅਟੱਲ ਹੈ। ਪਉੜੀ ਵਿਚ ਵੀ ਆਇਆ ਹੈ—

ਓਥੈ ਸਚੋ ਹੀ ਸਚ ਨਿਬੜੈ,
ਲਿਖ ਨਾਵੈ ਧਰਮ ਬਹਾਲਿਆ ।

ਸ਼ਲੋਕ ਪਹਿਲੇ ਵਿਚ ਆਇਆ ਹੈ ।

ਸਚਾ ਤੇਰਾ ਅਮਰੁ ਸਚਾ ਦੀਬਾਣੁ ।

ਤੇਰਾ ਰਾਜ ਸੱਚਾ ਹੈ। ਤੇਰੀ ਕਚਹਿਰੀ ਸੱਚੀ ਹੈ। ਭਾਵ ਓਥੇ ਸੱਚਾ ਨਿਆਂ ਹੁੰਦਾ ਹੈ। ਧਰਮ ਰਾਜ ਨੂੰ ਨਿਆਂ ਦਾ ਪ੍ਰਤੀਨਿਧੀ ਥਾਪ ਕੇ ਕਚਹਿਰੀ ਵਿਚ ਬਿਠਾਇਆ ਹੈ। ਜਿਵੇਂ ਕਚਹਿਰੀ ਵਿਚ ਜਜ ਹੁੰਦਾ ਹੈ। ਜਿਵੇਂ ਮੁਗਲਾਂ ਵੇਲੇ ਕਾਜ਼ੀ ਹੁੰਦਾ ਸੀ।

ਅਗਲੀ ਪਉੜੀ ਦੇ ਸ਼ਲੋਕ ਹਨ—

ਸ਼ਲੋਕ ਨੰ: 1. ਵਿਸਵਾਦ ਨਾਦ ਵਿਸਵਾਦ ਵੇਦ ।
ਵਿਸਮਾਦ ਜੀਅ ਵਿਸਮਾਦ ਭੇਦ ।
ਵਿਸਮਾਦ ਰੂਪ ਵਿਸਮਾਦ ਰੰਗ ।
ਵਿਸਮਾਦ ਨਾਗੇ ਫਿਰਹਿ ਜੰਤ ।
... ...

ਸ਼ਲੋਕ ਨੰ: 2. ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤ ਭਉ ਸੁਖ ਸਾਰੁ ।
ਕੁਦਰਤਿ ਪਾਤਾਲੀ ਆਕਾਸੀ ਕੁਦਰਤ ਸਰਬ ਆਕਾਰ ।
... ...

ਪਉੜੀ—ਆਪੀਨੈ ਭੋਗ ਭੋਗਿ ਕੈ ਹੋਇ ਭਸਮੜਿ ਭਉਰ ਸਿਧਾਇਆ ।
ਵਡਾ ਹੋਆ ਦੁਨੀ ਦਾਰੁ ਗਲਿ ਸੰਗਲੁ ਘਤਿ ਚਲਾਇਆ ।
ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰ ਸਮਝਾਇਆ ।
... ...
ਮਨਿ ਅੰਧੇ ਜਨਮੁ ਗਵਾਇਆ ਭੇਦ ।

ਇਹ ਦੋਵੇਂ ਉਪਰੋਕਤ ਸ਼ਲੋਕ ਵਿਸਮਾਦੀ ਕੁਦਰਤ ਨੂੰ ਚਿਤਰਦੇ ਹਨ। ਮਨੁੱਖ ਵੀ ਕੁਦਰਤ ਦਾ ਹੀ ਅੰਗ ਹੈ। ਜਿਵੇਂ ਕਿ ਸ਼ਲੋਕ ਨੰ: 1 ਵਿਚ ਆਇਆ ਹੈ—

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਸਮਾਦ ਜੀਅ ਵਿਸਮਾਦ ਵੇਦ।

ਸੋ ਜੀਅ ਜੰਤ ਵੀ ਕੁਦਰਤ ਦਾ ਹੀ ਅੰਗ ਹਨ। ਕੁਦਰਤ ਦੇ ਜੀਆਂ ਵਿਚੋਂ ਮਨੁੱਖ ਦੀ ਸਰਦਾਰੀ ਹੈ। ਇਸ ਲਈ ਪਉੜੀ ਵਿਚ ਮਨੁੱਖ ਬਾਰੇ ਵਿਚਾਰ ਪੇਸ਼ ਕੀਤਾ ਗਿਆ ਹੈ। ਮਨੁੱਖ ਕੁਦਰਤ ਦੀਆਂ ਬਖਸ਼ਸ਼ ਕੀਤੀਆਂ ਬਰਕਤਾਂ ਨੂੰ ਭੋਗ ਭੋਗ ਕੇ ਭਸਮ ਹੋ ਜਾਂਦਾ ਹੈ ਤਾਂ ਉਸ ਦਾ ਭੌਰ-ਰੂਹ ਉਡ ਜਾਂਦਾ ਹੈ। ਦੁਨੀਆਂ ਦਾਰਾਂ ਵਿਚ ਵਡਾ ਮਾਣ ਪਾਉਂਦਾ ਹੈ।

ਪਰੰਤੂ ਰੱਬ ਨੂੰ ਨਾ ਧਿਆਉਣ ਕਰਕੇ ਹੀਰੇ ਵਰਗਾ ਆਪਣਾ ਜਨਮ ਕਉਡੀ-ਮਾਇਆ ਬਦਲੇ ਵਿਅਰਥ ਗੁਆ ਬੈਠਦਾ ਹੈ ਇਸ ਕਰਕੇ ਜਮਾਂ ਦੇ ਸੰਗਲਾਂ ਵਿਚ ਬੱਝਿਆ ਜਾਂਦਾ ਹੈ। ਉਸ ਦੇ ਗਲੇ ਵਿਚ ਜਮ ਦਾ ਸੰਗਲ ਪੈ ਜਾਂਦਾ ਹੈ ਤਾਂ ਧਰਮ ਰਾਜ ਦੇ ਦਰਬਾਰ ਵਿਚ ਉਸ ਨੂੰ ਪੇਸ਼ ਕੀਤਾ ਜਾਂਦਾ ਹੈ। ਉਥੇ ਉਸ ਦੇ ਕਰਮਾਂ ਦਾ ਲੇਖਾ ਜੋਖਾ ਹੁੰਦਾ ਹੈ। ਤਾਂ ਜਿੱਟਾ ਇਹੀ ਨਿਕਲਦਾ ਹੈ ਜੋ ਗੁਰੂ ਨਾਨਕ ਦੇਵ ਜੀ ਨੇ ਫੁਰਮਾਇਆ ਹੈ—

ਮਨਿ ਅੰਧੈ ਜਨਮ ਗਵਾਇਆ।

ਇਹ ਜੋ ਕੁਝ ਵੀ ਦਿਸ ਰਿਹਾ ਹੈ ਇਹ ਸਭ ਕੁਝ ਕੁਦਰਤ ਹੀ ਹੈ। ਇਹ ਕਾਦਰ ਦੀ ਰਚਨਾ ਹੈ। ਸੋ ਤਕੋ ਕਿ ਸ਼ਲੋਕਾਂ ਤੇ ਪਉੜੀਆਂ ਵਿਚ ਕਿੰਨੀ ਸੁਮੇਲਤਾ ਹੈ। ਕਿੰਨਾ ਘਨਿਸ਼ਟ ਸਬੰਧ ਹੈ। ਖਿਆਲਾਂ ਦੀ ਲੜੀ ਵਿਚ ਸਮਾਨਤਾ ਹੈ।

ਹੁਣ ਇਸੇ ਤਰ੍ਹਾਂ ਉਦਾਹਰਣ ਵਜੋਂ ਅੰਤਲਾ ਸ਼ਲੋਕ ਤੇ ਅੰਤਲੀ ਪਉੜੀ ਲੈਂਦੇ ਹਾਂ—

ਸ਼ਲੋਕ—ਆਪੇ ਭਾਂਡੇ ਸਾਜੀਅਨੁ ਆਪੇ ਪੂਰਨੁ ਦੇਇ।
ਇਕ ਨੀ ਦੁਧੁ ਸਮਾਲੀਐ ਇਕ ਚੁਲ੍ਹੈ ਰਹਿਨ ਚੜੇ।
ਇਕ ਨਿਹਾਲੀ ਪੈ ਸਵਨਿ ਇਕਿ ਉਪਰਿ ਰਹਨਿ ਖੜੇ।
ਤਿਨ੍ਹਾਂ ਸਵਾਰੇ ਨਾਨਕਾ ਜਿਨ ਕਉ ਨਦਰਿ ਕਰੇ।

ਪਉੜੀ ਵਡੇ ਕੀਆਂ ਵਡਿਆਈਆਂ ਕਿਛੁ ਕਹਿਣਾ ਕਹਿਣ ਨ ਜਾਇ।
ਸੋ ਕਰਤਾ ਕਾਦਰ ਕਰੀਮ ਦੇ ਜੀਆਂ ਰਿਜਕੁ ਸੰਬਾਹਿ।
ਸਾਈ ਕਾਰ ਕਮਾਵਣੀ ਧੁਰਿ ਛੋਡੀ ਤਿਨੈ ਪਾਇ।
ਨਾਨਕ ਏਕੀ ਬਾਹਰੀ ਹੋਰ ਦੂਜੀ ਨਾਹੀ ਜਾਇ।
ਸੋ ਕਰੇ ਜਿ ਤਿਸੈ ਰਿਜਾਇ।

ਸਪਸ਼ਟ ਹੈ ਕਿ ਸ਼ਲੋਕ ਤੇ ਪਉੜੀ ਵਿਚਲੀ ਵਿਚਾਰਧਾਰਾ ਇਕੋ ਹੈ। ਬਿਲਕੁਲ ਇਕੋ। ਪ੍ਰਭੂ ਤੇ ਮਨੁੱਖ ਦਾ ਕੀ ਰਿਸ਼ਤਾ ਹੈ? ਇਸ ਨੁਕਤੇ ਉਤੇ ਵਿਚਾਰ ਲੜੀ ਚਲ ਰਹੀ ਹੈ। ਮਨੁੱਖ ਨੂੰ ਵੀ ਪ੍ਰਭੂ ਨੇ ਭਾਂਡਿਆਂ ਵਾਂਗ ਹੀ ਬਣਾਇਆ ਹੈ। ਜਿਵੇਂ ਬਰਤਨ ਮਨੁੱਖ ਬਣਾਉਂਦਾ ਹੈ।

ਬਰਤਨਾਂ ਤੇ ਮਨੁੱਖਾਂ ਦਾ ਜੀਵਨ ਸਮਾਨੰਤਰ ਦਰਸਾਇਆ ਹੈ। ਮਨੁੱਖ ਜਿਸ ਨੇ ਬਰਤਨ ਬਣਾਏ ਹਨ ਜੋ ਜੀਅ ਚਾਹੇ ਜਿਸ ਬਰਤਨ ਵਿਚ ਉਹ ਪਾ ਦੇਵੇ। ਕਿਸੇ ਵਿਚ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਦੁੱਧ ਪਾ ਦੇਵੇ ਕਿਸੇ ਨੂੰ ਪਾਣੀ ਨਾਲ ਭਰ ਕੇ ਠੰਢੇ ਥਾਂ ਧਰ ਦੇਵੇ। ਕਿਸੇ ਨੂੰ ਚੁਲ੍ਹੇ ਉਤੇ ਧਰ ਦੇਵੇ। ਇਹ ਮਨੁੱਖ ਦੇ ਹੱਥ ਹੈ। ਬਿਲਕੁਲ ਇਸੇ ਤਰ੍ਹਾਂ ਹੀ ਰੱਬ ਜਿਸ ਨੇ ਕਿ ਮਨੁੱਖਾਂ ਨੂੰ ਬਣਾਇਆ ਹੈ ਉਹ ਇਨ੍ਹਾਂ ਮਨੁੱਖ-ਰੂਪੀ ਬਰਤਨਾਂ ਵਿਚ ਖਿਆਲ ਰੂਪੀ ਵਸਤਾਂ ਜੋ ਮਰਜ਼ੀ, ਜੈਸੀਆਂ ਭਾਵੇਂ ਭਰ ਦੇਵੇ। ਬਸ ਇਹ ਉਸੇ ਦੇ ਹੱਥ-ਵਸ ਹੈ। ਜੋ ਚਾਹੇ ਕਰ ਦੇਵੇ। ਕਿਸੇ ਨੂੰ ਸੁਆ ਦੇਵੇ ਕਿਸੇ ਨੂੰ ਪਹਿਰੇ ਤੇ ਸਾਰੀ ਰਾਤ ਖੜਾ ਕਰ ਦੇਵੇ। ਜਿਧਰ ਜਿਧਰ ਵੀ ਉਹ ਕਿਸੇ ਨੂੰ ਲਗਾ ਰਿਹਾ ਹੈ ਓਧਰ ਓਧਰ ਹੀ ਕੋਈ ਲਗਿਆ ਹੈ। ਉਸ ਕਾਦਰ ਦੀ ਕੁਦਰਤ ਜਾਂ ਜੀਆਂ ਉਤੇ ਉਸੇ ਕਰਤਾ-ਕਾਦਰ ਦਾ ਹੁਕਮ (ਰਜਾਇ) ਹੀ ਨਾਜ਼ਲ ਹੋ ਰਿਹਾ ਹੈ।

ਸੋ ਇਨ੍ਹਾਂ ਉਪਰੋਕਤ ਉਦਾਹਰਣਾਂ ਤੋਂ ਇਹ ਸਹਿਜੇ ਹੀ ਸਪਸ਼ਟ ਹੋ ਜਾਂਦਾ ਹੈ ਕਿ ਪਉੜੀਆਂ ਤੇ ਸ਼ਲੋਕਾਂ ਵਿਚ ਆਪਸੀ ਤਾਲ ਮੇਲ ਜਰੂਰ ਹੈ। ਇਹ ਬੇਮੇਲ ਨਹੀਂ ਹਨ। ਭਾਵੇਂ ਇਹ ਦੋ ਅਡਰੇ ਕਾਵਿ-ਰੂਪ ਹਨ। ਸ਼ਲੋਕਾਂ ਵਿਚ ਸੰਖੇਪਤਾ ਹੈ ਅਤੇ ਪਉੜੀਆਂ ਵਿਚ ਵਿਸਤਾਰ। ਬਿਲਕੁਲ ਓਵੇਂ ਹੀ ਜਿਵੇਂ 'ਸੁਖਮਣੀ' ਸਾਹਿਬ ਵਿਚ 24 ਸਲੋਕ ਤੇ 24 ਅਸ਼ਟਪਦੀਆਂ ਹਨ। ਸ਼ਲੋਕਾਂ ਵਿਚ ਕੇਂਦਰੀ ਖਿਆਲ ਹੈ ਅਤੇ ਅਸ਼ਟਪਦੀਆਂ ਵਿਚ ਵਿਸਤਾਰ ਹੈ। ਅਸ਼ਟਪਦੀਆਂ ਦੇ ਖਿਆਲ ਸ਼ਲੋਕਾਂ ਦੇ ਨੁਕਤਿਆਂ ਤੇ ਆ ਕੇ ਮਿਮਟਦੇ ਹਨ। ਇਹੀ ਸੰਬੰਧ ਆਸਾ ਦੀ ਵਾਰ ਦੇ ਉਨ੍ਹਾਂ ਸ਼ਲੋਕਾਂ ਤੇ ਪਉੜੀਆਂ ਵਿਚ ਵੀ ਵੇਖਿਆ ਜਾ ਸਕਦਾ ਹੈ ਜਿਨ੍ਹਾਂ ਨੂੰ ਏਥੇ ਨਹੀਂ ਲਿਆ ਗਿਆ। ਕਹਿਣ ਤੋਂ ਭਾਵ ਇਹ ਕਿ ਐਸਾ ਨਿਕਟਵਰਤੀ ਰਿਸ਼ਤਾ ਇਨ੍ਹਾਂ ਸਾਰੀਆਂ ਪਉੜੀਆਂ ਤੇ ਸ਼ਲੋਕਾਂ ਵਿਚ ਕਾਇਮ ਹੈ। ਖਿਆਲ ਜਾਂ ਤਾਂ ਸਾਮਾਨ ਹਨ ਜਾਂ ਰਲਦੇ ਮਿਲਦੇ ਹਨ। ਪਰੰਤੂ ਬੇਮੇਲ ਜਾਂ ਬੇਸੁਰ ਬਿਲਕੁਲ ਵੀ ਨਹੀਂ ਹਨ। ਜਿਵੇਂ ਕਿ ਇਹ ਅਸੀਂ ਉਪਰ ਸਿਧ ਕਰ ਚੁਕੇ ਹਾਂ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਿਧ ਗੋਸ਼ਟ ਵਿਚ ਸਮਾਜਿਕਤਾ

ਗੁਰੂ ਨਾਨਕ ਦੇਵ ਜੀ ਦੀ ਬਾਣੀ ਸਮਾਜਿਕ ਕਲਿਆਣ ਲਈ ਉਚਾਰਨ ਕੀਤੀ ਗਈ ਹੈ। ਕਿਉਂਕਿ ਗੁਰੂ ਜੀ ਸਮਾਜ ਦੇ ਉਧਾਰ ਲਈ ਆਏ ਸਨ। ਉਹ ਬਹੁਤ ਮਹਾਨ ਸਮਾਜ ਸੁਧਾਰਕ ਹਨ।

1. ਗ੍ਰਹਿਸਥ ਜੀਵਨ ਉਤੇ ਜ਼ੋਰ —ਲੋਹਾ ਰੀਪਾ ਨਾਥ ਜੋਗੀ ਗੁਰੂ ਜੀ ਨੂੰ ਜੋਗ ਮਤ ਬਾਰੇ ਦਸਦਿਆਂ ਕਹਿੰਦਾ ਹੈ ਕਿ ਅਸੀਂ ਦੁਨੀਆਂ ਦੇ ਮੇਲਿਆਂ ਝਮੇਲਿਆਂ ਤੋਂ ਦੂਰ ਰਹਿੰਦੇ ਹਾਂ। ਜੰਗਲਾਂ ਵਿਚ ਰੁੱਖਾਂ ਹੇਠ ਰਹਿੰਦਿਆਂ ਕੰਦ ਮੂਲ ਖਾ ਕੇ ਗੁਜ਼ਾਰਾ ਕਰ ਲੈਂਦੇ ਹਾਂ। ਤੀਰਥ ਅਸਥਾਨਾਂ ਤੇ ਇਸ਼ਨਾਨ ਕਰਦੇ ਹਾਂ ਇਸ ਤਰ੍ਹਾਂ ਮਨ ਨੂੰ ਮੈਲ ਨਹੀਂ ਲਗਦੀ। ਪਰ ਗੁਰੂ ਜੀ ਫੁਰਮਾਂਦੇ ਹਨ –

"ਹਾਟੀ ਬਾਟੀ ਨੀਂਦ ਨਾ ਆਵੈ ਪਰ ਘਰਿ ਚਿਤੁ ਨ ਡੋਲਾਈ।
ਬਿਨ ਨਾਵੈ ਮਨ ਏਕ ਨ ਟਿਕਦੀ ਨਾਨਕ ਭੂਖ ਨ ਜਾਈ।"

ਗੁਰੂ ਜੀ ਦਾ ਕਹਿਣਾ ਹੈ ਕਿ ਸਹੀ ਗਿਆਨ ਇਹ ਹੈ ਕਿ ਦੁਨੀਆਂ ਦੇ ਧੰਦਿਆਂ ਵਿਚ ਰਹਿੰਦਿਆਂ ਹੋਇਆਂ ਵੀ ਮਨੁੱਖ ਨੂੰ ਨੀਂਦ ਨਾ ਆਵੇ ਭਾਵ ਉਹ ਪਰਮਾਤਮਾ ਨੂੰ ਭੁਲ ਨਾ ਜਾਵੇ। ਧੰਧਿਆਂ ਵਿਚ ਗ੍ਰੱਸਤ ਨਾ ਹੋਵੇ। ਪਰਾਏ ਘਰ ਮਨ ਨੂੰ ਡੋਲਣ ਨਾ ਦੇਵੇ ਅਰਥਾਤ ਪਰਾਈਆਂ ਇਸਤ੍ਰੀਆਂ ਵਲ ਮੰਦੀ ਨਜ਼ਰ ਨਾ ਰੱਖੇ। ਨਾਥ ਜੋਗੀ ਗ੍ਰਹਿਸਥ ਤਜ ਕੇ ਫਿਰ ਗ੍ਰਹਿਸਤੀਆਂ ਦੇ ਘਰ ਗਜ਼ਾ ਕਰਨ ਜਾਂਦੇ ਸਨ। ਗੁਰੂ ਜੀ ਨੇ ਉਨ੍ਹਾਂ ਉਤੇ ਟਕੋਰ ਕਰਦਿਆਂ ਕਿਹਾ ਕਿ ਗ੍ਰਹਿਸਥ ਤਿਆਗ ਕੇ ਫਿਰ ਉਨ੍ਹਾਂ ਦੇ ਘਰ ਇਸਤ੍ਰੀਆਂ ਦੇ ਹੱਥਾਂ ਦੀਆਂ ਪੱਕੀਆਂ ਰੋਟੀਆਂ ਮੰਗਣ ਜਾਂਦੇ ਹੈ। ਇਹ ਕੈਸੀ ਹਾਸੋ ਹੀਣੀ ਦਸ਼ਾ ਹੈ। ਜੋਗੀ ਵੈਸੇ ਤਾਂ ਇਸਤ੍ਰੀ ਨੂੰ ਬਾਘਣ ਕਹਿ ਕੇ ਭੰਡਦੇ ਹਨ।

2. ਸੋ ਗੁਰੂ ਜੀ ਨੇ ਇਸਤ੍ਰੀ ਦੀ ਵਡਿਆਈ ਕੀਤੀ ਹੈ। ਸਿਧੇ ਰੂਪ ਵਿਚ ਨਹੀਂ ਸਗੋਂ ਅਸਿਧੇ ਰੂਪ ਵਿਚ। ਸਿੱਧੇ ਰੂਪ ਵਿਚ ਤਾਂ ਇਉਂ ਹੈ—

"ਸੋ ਕਿਉਂ ਮੰਦਾ ਆਖੀਐ
ਜਿਤ ਜੰਮੇ ਰਾਜਾਨ।"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

3. ਕਿਰਤ ਉਤੇ ਜ਼ੋਰ—ਗੁਰੂ ਜੀ ਨੇ ਦਸਾਂ ਨਹੁੰਆਂ ਦੀ ਕਮਾਈ ਤੇ ਨਿਰਭਰ ਹੋਣ ਲਈ ਪ੍ਰੇਰਿਆ ਹੈ । ਜੋਗੀਆਂ ਨੂੰ ਮੰਗਣ ਜਾਣ ਤੇ ਟਕੋਰ ਕਰਦੇ ਹਨ ।

"ਘਾਲ ਖਾਇ ਕਿਛੁ ਹਥਹੁ ਦੇਇ ।
ਨਾਨਕ ਰਾਹ ਪਛਾਣੇ ਸੇਇ ।"

ਗੁਰੂ ਨਾਨਕ ਦੇਵ ਜੀ ਨੇ ਆਪ ਕਿਰਤ ਕੀਤੀ । ਭਾਈ ਲਾਲੋ ਵਰਗੇ ਕਿਰਤੀਆਂ ਨੂੰ ਸਲਾਹਿਆ ।

4. ਬਾਹਰੀ ਭੇਖਾਂ ਦੀ ਨਿਖੇਧੀ—ਜੋਗੀਆਂ ਦੇ ਬਾਹਰੀ ਭੇਖਾਂ ਦੀ ਗੁਰੂ ਜੀ ਨੇ ਨਿਖੇਧੀ ਕੀਤੀ ਹੈ । ਉਨ੍ਹਾਂ ਨੇ ਅਸਲੀਅਤ ਨੂੰ ਪਾਉਣ ਦੀ ਪ੍ਰੇਰਣਾ ਕੀਤੀ ਹੈ । ਇਕੋ ਨਾਮ ਜਪਣ ਤੇ ਜ਼ੋਰ ਦਿਤਾ ਹੈ । ਜੋਗੀ ਆਪਣੇ ਭੇਖਾਂ ਦੀ ਵਡਿਆਈ ਕਰਦੇ ਹਨ । ਪਰ ਗੁਰੂ ਜੀ ਉਨ੍ਹਾਂ ਵਲ ਧਿਆਨ ਨਹੀਂ ਦੇਂਦੇ ।

"ਨਾਮ ਰਤੇ ਸਿਧ ਗੋਸਟਿ ਹੋਇ ।
ਨਾਮ ਰਤੇ ਸਦਾ ਤਪੁ ਹੋਇ ।
ਨਾਮ ਰਤੇ ਸਚੁ ਕਰਣੀ ਸਾਰੁ ।
ਬਿਨ ਨਾਵੈ ਬੋਲਹਿ ਸਭੁ ਵੇਕਾਰ ।
ਨਾਨਕ ਨਾਮ ਰਤੇ ਤਿਨ ਕਉ ਜੈਕਾਰੁ ।"

ਆਪ ਮੁੰਦ੍ਰਾ, ਝੋਲੀ ਤੇ ਖਿੰਥਾ ਨੂੰ ਖੰਡਨ ਕਰਦੇ ਹੋਏ ਸਮਝਾਉਂਦੇ ਹਨ ਅਤੇ ਨਾਥਾਂ ਨੂੰ ਸਹੀ ਰਸਤਾ ਦਰਸਾਉਂਦੇ ਹਨ—

1. ਬਿਨ ਨਾਵੈ ਭੇਖ ਕਰਹਿ ਬਹੁਤੇਰੇ ਸਚੈ ਆਪ ਖੁਆਈ ।
2. ਦਰਸ਼ਨ ਭੇਖ ਕਰਹੁ ਜੋਗਿੰਦ੍ਰਾ ਮੁੰਦ੍ਰਾ ਝੋਲੀ ਖਿੰਥਾ ।
ਬਾਹਰ ਅੰਤਰਿ ਏਕ ਸਰੇਵਹੁ ਖਟ ਦਰਸ਼ਨ ਇਕ ਪੰਥਾ ।
ਇਨ ਬਿਧਿ ਮਨ ਸਮਝਾਈਐ ਪੁਰਖਾ ਬਾਹੁੜਿ ਚੋਟ ਨ ਖਾਈਐ ।
ਨਾਨਕ ਬੋਲੈ ਗੁਰਮੁਖਿ ਬੂਝੈ ਜੋਗ ਜੁਗਤਿ ਇਵ ਪਾਈਐ ।"

ਗੁਰੂ ਜੀ ਨੇ ਖੁਦ ਸੰਨਿਆਸੀ ਬਸਤ੍ਰ ਲਾਹ ਕੇ ਸੰਸਾਰੀ ਬਸਤਰ ਪਹਿਣ ਲਏ ਤਾਂ ਹੀ ਭੰਗਰ ਨਾਥ ਨੇ ਟਕੋਰ ਲਾਈ ।

5. ਕਰਾਮਾਤਾਂ ਦੇ ਵਿਰੁਧ—ਜੋਗੀ ਨਾਥ ਗੁਰੂ ਜੀ ਨੂੰ ਕਰਾਮਾਤਾਂ ਦਿਖਾਉਂਦੇ ਹਨ ਅਤੇ ਗੁਰੂ ਨਾਨਕ ਦੇਵ ਜੀ ਨੂੰ ਵੀ ਕਹਿੰਦੇ ਹਨ ਕਰਾਮਾਤਾਂ ਦਸਣ ਲਈ । ਪਰ ਗੁਰੂ ਨਾਨਕ ਦੇਵ ਜੀ ਕਰਾਮਾਤਾਂ ਦਸਣ ਵਲ ਨਹੀਂ ਪੈਂਦੇ । ਇਹੀ ਸਮਾਜਿਕਤਾ ਹੈ । ਮਨੁੱਖ ਨੂੰ ਮਨੁੱਖ ਬਣ ਕੇ ਰਹਿਣਾ ਚਾਹੀਦਾ ਹੈ । ਗੁਰੂ ਜੀ ਨੇ ਸਿਧਾਂ ਨਾਥਾਂ ਨੂੰ ਇਹੀ ਸਿਖਿਆ ਦਿਤੀ । ਜੋਗੀ ਨਾਥ ਕਰਾਮਾਤਾਂ ਦਿਖਾ ਕੇ ਲੋਕਾਂ ਨੂੰ ਆਪਣੇ ਮਗਰ ਲਾ ਲੈਂਦੇ ਸਨ । ਗੁਰੂ ਜੀ ਨੇ ਇਸ ਨੂੰ ਪਖੰਡ ਦਸਿਆ ।

6. ਮਾਨਵੀ ਏਕਤਾ ਤੇ ਜ਼ੋਰ—ਗੁਰੂ ਜੀ ਨੇ ਦਸਿਆ ਕਿ ਪਰਮਾਤਮਾ ਇਕ ਹੈ ਅਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਭ ਉਸ ਦੇ ਬੱਚੇ ਹਨ। ਸਭ ਦੇ ਅੰਦਰ ਉਹ ਆਪ ਵਸ ਰਿਹਾ ਹੈ। ਮਨੁੱਖ ਪੰਜਾਂ ਤੱਤਾਂ ਤੋਂ ਬਣਿਆ ਹੈ। ਇਸ ਕਰਕੇ ਸਭ ਬਰਾਬਰ ਹਨ।

7. ਸਮਤੁਲਤ ਜੀਵਨ ਤੇ ਜ਼ੋਰ—ਗੁਰੂ ਜੀ ਨੇ ਨਿਰੇ ਗ੍ਰਿਹਸਥ ਨੂੰ ਆਪਣਾ ਲੈਣਾ ਤੇ ਰੱਬ ਨੂੰ ਭੁਲ ਜਾਣ ਨੂੰ ਵੀ ਨਿੰਦਿਆ ਹੈ—

"ਕੂੜ ਮੀਆਂ ਕੂੜ ਬੀਵੀ ਖਪ ਹੋਇ ਖਾਰ।
ਕੂੜ ਕੂੜੇ ਨੇਹੁੰ ਲੱਗਾ ਵਿਸਰਿਆ ਕਰਤਾਰ।"

ਪਰ ਨਾਥ ਜੋਗੀਆਂ ਨੂੰ ਗ੍ਰਿਹਸਥ ਤਜ ਕੇ ਬਾਹਰ ਪਰਬਤਾਂ ਉਤੇ ਜਾ ਕੇ ਲੁਕ ਜਾਣ ਨੂੰ ਵੀ ਨਿੰਦਿਆ ਹੈ—

"ਸਿਧ ਛੁਪ ਬੈਠੇ ਪਰਬਤੀ ਕੌਣ ਜਗਤ ਕਉ ਪਾਰ ਉਤਾਰਾ।"

(ਭਾਈ ਗੁਰਦਾਸ)

ਫਿਰ ਗੁਰੂ ਜੀ ਨੇ ਜ਼ੋਰ ਦਿਤਾ ਕਿ ਜਿਵੇਂ ਕੰਵਲ ਫੁਲ ਚਿਕੜ ਵਿਚੋਂ ਉਗਿਆ ਚਿਕੜ ਤੋਂ ਨਿਰਲੇਪ ਹੁੰਦਾ ਹੈ। ਇਵੇਂ ਹੀ ਗ੍ਰਿਹਸਤੀ ਗ੍ਰਿਹਸਤ ਵਿਚ ਰਹਿੰਦਾ ਹੋਇਆ ਵੀ ਨਿਰਲੇਪ ਰਹੇ। ਨਾਮ ਜਪੇ। ਗੁਰੂ ਤੋਂ ਸਿਖਿਆ ਲਵੇ। ਵਿਚ ਦੁਨੀਆਂ ਦੇ ਸੇਵਾ ਕਰੇ। ਇਸ ਤਰ੍ਹਾਂ ਉਹ ਚੰਗਾ ਸਮਾਜਿਕ ਵਿਅਕਤੀ ਬਣ ਸਕਦਾ ਹੈ।

"ਜੈਸੇ ਜਲ ਮਹਿ ਕਮਲ ਨਿਰਾਲਮ ਮੁਰਗਾਈ ਨੈਸਾਣੇ।
ਸੁਰਤਿ ਸ਼ਬਦ ਭਵ ਸਾਗਰ ਤਰੀਐ ਨਾਨਕ ਨਾਮੁ ਵਿਖਾਣੇ।
ਰਹਹਿ ਇਕਾਤਿ ਏਕੋ ਮਨ ਵਸਿਆ ਆਸਾ ਮਾਹਿ ਨਿਰਾਸੋ।
ਅਗਮ ਅਗੋਚਰ ਦੇਖਿ ਦਿਖਾਏ ਨਾਨਕ ਤਾਕਾ ਦਾਸੋ।"

ਅਰਥਾਤ ਜਿਸ ਪ੍ਰਕਾਰ ਕੰਵਲ ਦਾ ਫੁਲ ਪਾਣੀ ਵਿਚ ਰਹਿੰਦਿਆਂ ਹੋਇਆਂ ਵੀ ਪਾਣੀ ਤੋਂ ਨਿਰਲੇਪ ਰਹਿੰਦਾ ਹੈ। ਮੁਰਗਾਬੀ ਪਾਣੀ ਦੇ ਉਪਰ ਤਰਦੀ ਹੈ ਅਤੇ ਜਦੋਂ ਚਾਹੇ ਆਕਾਸ਼ਾਂ ਨੂੰ ਉਡ ਸਕਦੀ ਹੈ ਪਾਣੀ ਨੂੰ ਪਰਾਂ ਤੋਂ ਛੰਡ ਕੇ। ਇਉਂ ਹੀ ਗ੍ਰਿਹਸਤੀ ਸਮਾਜਿਕ ਪ੍ਰਾਣੀ ਜੀਵਨ ਜੀਅ ਕੇ ਚਲਦਾ ਬਣਦਾ ਹੈ ਮੁਕਤ ਹੋ ਕੇ। ਸਮਾਜਿਕ ਪ੍ਰਾਣੀ ਨੇ ਮੁਕਤੀ ਪ੍ਰਾਪਤ ਕਰਨੀ ਹੈ ਕਿਉਂਕਿ ਮਨੁੱਖਾ ਜਨਮ ਮੁਕਤੀ ਲਈ ਹੀ ਮਿਲਿਆ ਹੈ। ਮੁਕਤ ਜੀਵਨ ਹੀ ਸਮਤੁਲਤ ਜੀਵਨ ਹੈ। ਬਾਕੀ ਉਲਾਰੂ ਹਨ।

8. ਸਾਧ ਸੰਗਤ ਦੀ ਮਹਾਨਤਾ—ਆਪ ਸਿਧ ਗੋਸਟਿ ਵਿਚ ਸਾਧਾਂ ਦੀ ਸੰਗਤ ਤੇ ਜ਼ੋਰ ਦੇਂਦੇ ਹਨ। ਸਾਧਾਂ ਦੀ ਸੰਗਤ ਪਾ ਕੇ ਹੀ ਮਨੁੱਖ ਮੁਕਤ ਹੋ ਸਕਦਾ ਹੈ। ਗਿਆਨ ਵਾਨ ਹੋ ਸਕਦਾ ਹੈ। ਕਾਮ ਕ੍ਰੋਧ ਲੋਭ ਮੋਹ ਅਹੰਕਾਰ ਨੂੰ ਅਧੀਨ ਕਰ ਸਕਦਾ ਹੈ। ਇਸ ਤਰ੍ਹਾਂ ਮੁਕਤ ਹੋ ਸਕਦਾ ਹੈ। ਗੁਰੂ ਨਾਨਕ ਦੇਵ ਜੀ ਸਾਧਾਂ ਦਾ ਸਮਾਜ ਪੈਦਾ ਕਰਨਾ ਲੋਚਦੇ ਹਨ। ਗੁਰਮੁਖਾਂ ਦਾ ਸਮਾਜ ਚਾਹੁੰਦੇ ਹਨ। ਕਿਉਂਕਿ ਗੁਰਮੁਖ ਹੀ ਮੁਕਤ ਹਨ। ਗੁਰਮੁਖ ਹੀ ਭਵ ਸਾਗਰ ਤਰਕੇ ਪਾਰ ਉਤਰ ਸਕਦੇ ਹਨ—ਐਸਾ ਸਮਾਜ ਚਾਹੁੰਦੇ ਹਨ ਜਿਸ ਵਿਚ ਮਨ ਜੀਤੇ ਜਗ ਜੀਤ ਮਨੁੱਖ ਹੋਣ—

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"ਗੁਰਮੁਖਿ ਮਨ ਜੀਤਾ ਹਉਮੈ ਮਾਰਿ ।
ਗੁਰਮੁਖਿ ਸਾਚੁ ਰਖਿਆ ਉਰਧਾਰਿ ।
ਗੁਰਮੁਖ ਜਗੁ ਜੀਤਾ ਜਮਕਾਲੁ ਮਾਰ ਬਿਦਾਰਿ ।"

9. ਨੈਤਿਕਤਾ ਉਤੇ ਜ਼ੋਰ— ਗੁਰੂ ਨਾਨਕ ਦੇਵ ਜੀ ਨੈਤਿਕਤਾ ਉਤੇ ਜ਼ੋਰ ਦੇਂਦੇ ਹਨ। ਚੰਗੇ ਗੁਣਾਂ ਦੀ ਕਦਰ ਕਰਦੇ ਹਨ। ਮਨੁੱਖ ਨੂੰ ਚੰਗੇ ਗੁਣਾਂ ਦਾ ਧਾਰਨੀ ਬਣਾਨਾ ਚਾਹੁੰਦੇ ਹਨ। ਸਜਨਾਂ ਨੂੰ ਠੱਗ ਨਹੀਂ, ਸਗੋਂ ਠੱਗਾਂ ਨੂੰ ਸਜਨ ਬਣਾਣਾ ਲੋਚਦੇ ਹਨ। ਨਾਥ ਜੋਗੀਆਂ ਦੇ ਧਰਮ ਦਾ ਆਪ ਖੰਡਨ ਨਹੀਂ ਕਰਦੇ ਸਗੋਂ ਉਨ੍ਹਾਂ ਦੀ ਰਹਿਣੀ ਬਹਿਣੀ ਤੇ ਤੌਰ ਤਰੀਕਿਆਂ ਨੂੰ ਨਿੰਦਦੇ ਹਨ। ਨੈਤਿਕ ਗੁਣਾਂ ਤੇ ਜ਼ੋਰ ਦੇਂਦੇ ਹਨ। ਸ਼ੁਭ ਕਰਨੀ ਤੇ ਕਹਿਣੀ ਉਤੇ ਬੱਲ ਦੇਂਦੇ ਹਨ। ਚੰਗੇ ਕਰਮ ਹੀ ਚੰਗਾ ਮਨੁੱਖ ਬਣਾਉਂਦੇ ਹਨ ਤੇ ਚੰਗਾ ਮਨੁੱਖ ਹੀ ਚੰਗਾ ਨਰੋਆ ਸਮਾਜ ਬਣਾ ਸਕਦੇ ਹਨ। ਚੰਗੇ ਮਨੁੱਖ ਚੰਗੇ ਸਾਧਾਂ ਦੀ ਸੰਗਤ ਹੀ ਬਣਾ ਸਕਦੀ ਹੈ। ਨਿਮਾਣੇ ਮਨੁੱਖਾਂ ਦਾ ਸਮਾਜ। ਜਿਸ ਵਿਚ ਕਿ ਕੋਈ ਕਿਸੇ ਨੂੰ ਝੂਠੀਆਂ ਕਰਾਮਾਤਾਂ ਵਿਖਾ ਕੇ ਆਪਣੇ ਮਗਰ ਨਾ ਲਾਵੇ। ਦਿਖਾਵੇ ਵਿਚ ਕੋਈ ਨਾ ਪਵੇ। ਦੰਭ ਨਾ ਦਿਖਾਵੇ। ਪਾਖੰਡ ਨਾ ਕਰੇ। ਭੇਖੀ ਨਾ ਬਣੇ। ਦਿਖਾਵਿਆਂ ਵਿਚ ਵਿਅਰਥ ਸਮਾਂ ਨਾ ਗੁਆਵੇ। ਚੰਗੇ ਅਮਲ ਤੇ ਜ਼ੋਰ ਦੇਵੇ। ਨਿਰਮਲ ਕਹਿਣੀ ਤੇ ਕਰਨੀ ਅਤੇ ਕਮਾਣੀ ਤੇ ਨਿਰਭਰ ਕਰੇ। ਝੂਠੀ ਸੋਭਾ ਜਾਂ ਝੂਠੀ ਵਡਿਆਈ ਵਿਚ ਨਾ ਪਵੇ। ਫੋਕੇ ਕਰਮਾਂ ਵਿਚ ਨਾ ਉਲਝੇ। ਜਿਸ ਤਰ੍ਹਾਂ ਕਿ ਨਾਥ ਜੋਗੀ ਉਲਝਦੇ ਹਨ। ਕਾਮ ਕ੍ਰੋਧ ਲੋਭ ਮੋਹ ਹੰਕਾਰ, ਆਦਿ ਨੂੰ ਮਾਰਨ। ਮਨ ਦੇ ਸੁੱਚੇ ਹੋਣ। ਸੱਚ ਦੇ ਧਾਰਨੀ ਹੋਣ। ਸੱਚ ਹੋਣ ਕਾਰਣ ਹੀ ਤਰਿਆ ਜਾ ਸਕਦਾ ਹੈ। ਨਿਰਵਾਣੀ ਸਮਾਜ ਆਪ ਪੈਦਾ ਕਰਨਾ ਚਾਹੁੰਦੇ ਹਨ। ਡੁੱਬਣ ਵਾਲਾ ਸਮਾਜ ਨਹੀਂ। ਭਵ ਸਾਗਰ ਨੂੰ, ਸਗੋਂ ਤਰ ਕੇ ਪਾਰ ਉਤਰ ਜਾਣ ਵਾਲਾ ਸਮਾਜ ਪੈਦਾ ਕਰਨਾ ਚਾਹੁੰਦੇ ਹਨ।

"ਸਚੁ ਬਿਨੁ ਸਤੁ ਸੰਤੋਖ ਨ ਪਾਵੈ।"

(ਮਾਰੂ ਸੋਹਲੇ ਮਹਲਾ ੧)

ਜੇ ਸਾਰੇ ਹੀ ਇਸਤਰੀ ਨੂੰ ਨਿੰਦਣ ਲਗ ਪੈਣ। ਇਸਤਰੀ ਨੂੰ ਤਿਆਗਣ ਲਗ ਪੈਣ ਤਾਂ ਸਮਾਜਿਕ ਸਮਾਜ ਪੈਦਾ ਨਹੀਂ ਹੋ ਸਕਦਾ। ਹਰ ਕੋਈ ਆਪਣੀ ਮਨਮਾਨੀ ਕਰਦਾ ਫਿਰੇ। ਫਿਰ ਇਸਤਰੀ ਤੋਂ ਬਿਨਾ ਸਮਾਜ ਕਿਵੇਂ ਪੈਦਾ ਹੋ ਸਕਦਾ ਹੈ। ਸਗੋਂ ਔਰਤ ਈਮਾਨ ਹੈ। ਔਰਤ ਹੀ ਮੁਕਤੀ ਦਾ ਸਾਧਨ ਹੈ। ਔਰਤ ਮਨੁੱਖ ਦੀ ਅਰਧ ਸਰੀਰੀ ਹੈ। ਮਨੁੱਖ ਨੂੰ ਅਡੋਲ ਬਣਾਉਂਦੀ ਹੈ। ਪੁੱਤਰ ਨਿਸ਼ਾਨ ਹੈ। ਦੌਲਤ ਗੁਜਰਾਨ ਹੈ। ਦੌਲਤ ਤੋਂ ਬਿਨਾਂ ਵੀ ਗੁਜਾਰਾ ਨਹੀਂ ਹੈ। ਮੰਗ ਕੇ ਖਾਣਾ ਕੋਈ ਚੰਗਾ ਜੀਵਨ, ਸਵੈਮਾਨ ਵਾਲਾ ਜੀਵਨ ਨਹੀਂ ਹੈ। ਅਪਮਾਨ ਵਾਲਾ ਜੀਵਨ ਹੈ। ਸਵੈਮਾਨ ਵਾਲਾ ਜੀਵਨ ਜੀਣਾ ਹੈ। ਅਗਿਆਨਤਾ ਪਾਪ ਹੈ ਅਤੇ ਗਿਆਨਤਾ ਪੁੰਨ ਸਵਾਲ ਹੈ। ਗਿਆਨਵਾਨ ਮਨੁੱਖ ਹੀ ਪਾਪਾਂ ਤੋਂ ਬਚ ਸਕਦਾ ਹੈ। ਗੁਰੂ ਤੋਂ ਬਿਨਾ ਗਿਆਨ ਨਹੀਂ ਹੋ ਸਕਦਾ। ਸੋ ਸਿਧ ਗੋਸ਼ਟਿ ਵਿਚ ਸਮਤੁਲਤ ਨੈਤਿਕ ਗੁਣਾਂ ਵਾਲੇ ਸਮਾਜ ਤੇ ਜ਼ੋਰ ਬਲ ਦਿਤਾ ਗਿਆ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬ੍ਰਾਹਮਣਵਾਦ ਵਿਰੁੱਧ ਆਵਾਜ਼ ਉਠਾਈ ਗਈ ਹੈ। ਇਸਤਰੀ ਦੀ ਸਮਾਜ ਵਿਚ ਮਹਾਨਤਾ ਪ੍ਰਗਟਾਈ ਗਈ ਹੈ। ਇਸਤਰੀ ਨੂੰ ਸਮਾਜ ਵਿਚ ਉਸ ਦਾ ਯੋਗ ਸਥਾਨ ਦਿਤਾ ਗਿਆ ਹੈ। ਹੱਕ ਪਛਾਣ ਕੇ ਟੁਰਨ ਵਾਲੇ ਪ੍ਰਾਣੀ ਵਾਲਾ ਸਮਾਜ ਠੀਕ ਸਮਝਿਆ ਗਿਆ ਹੈ।

10. ਪਲਾਇਣਵਾਦ ਦਾ ਖੰਡਨ—ਪਲਾਇਣਵਾਦ ਦਾ ਅਰਥ ਹੈ ਸਮਾਜਿਕ ਜ਼ੁੰਮੇਵਾਰੀਆਂ ਤੋਂ ਮੁਖ ਮੋੜ ਕੇ ਜੰਗਲਾਂ ਬੇਲਿਆਂ ਵਿਚ ਜਾ ਕੇ ਜਾ ਕਿਸੇ ਇਕਾਂਤ ਨੁਕਰੇ ਲਗ ਕੇ ਜੀਵਨ ਬਤੀਤ ਕਰ ਦੇਣਾ। 'ਸਿਧ ਗੋਸ਼ਟਿ' ਵਿਚ ਸਿਧ ਇਸ ਦੁਨੀਆਂ ਦਾ ਤਿਆਗ ਕਰਕੇ ਪਰਬਤਾਂ ਉਤੇ ਜਾ ਕੇ ਸਮਾਧੀਆਂ ਲਗਾ ਕੇ ਬਹਿ ਚੁੱਕੇ ਸਨ। ਸਮਾਜ ਦਾ ਤਾਂ ਉਹ ਪਹਿਲਾਂ ਹੀ ਤਿਆਗ ਕਰ ਚੁੱਕੇ ਸਨ। ਹੁਣ ਇਸ ਦੁਨੀਆਂ ਨੂੰ ਵੀ ਤਿਆਗ ਗਏ। ਤਾਂ ਹੀ ਜਦ ਗੁਰੂ ਨਾਨਕ ਦੇਵ ਜੀ ਸੁਮੇਰ ਪਰਬਤ ਉਤੇ ਉਨ੍ਹਾਂ ਨੂੰ ਮਿਲਣ ਜਾਂਦੇ ਹਨ ਤਾਂ ਉਹ ਸੁਆਲ ਕਰਦੇ ਹਨ—

"ਸਿਧ ਪੁਛਣ ਬਾਲਿਆ ਕਲਜੁਗ ਅੰਦਰ ਕਿਆ ਵਰਤਾਰਾ।"

ਤਾਂ ਗੁਰੂ ਜੀ ਉਨ੍ਹਾਂ ਦੇ ਪਲਾਇਣ ਉਤੇ ਟਕੋਰ ਕਰਦੇ ਜਵਾਬ ਦੇਂਦੇ ਕਹਿੰਦੇ ਹਨ—

"ਸਿਧ ਛੁਪ ਬੈਠੇ ਪਰਬਤੀ ਕਉਣ ਜਗਤ ਕਉ ਪਾਰਾਉਤਾਰਾ।
ਬਾਝ ਗੁਰੂ ਡੁੱਬਾ ਜਗ ਸਾਰਾ।"

ਭਾਵ ਕਿ ਤੁਸਾਂ ਹੀ ਉਨ੍ਹਾਂ ਸੰਸਾਰੀਆਂ ਨੂੰ ਸਿੱਧਾ ਰਾਹ ਦਸਣਾ ਸੀ, ਪਰ ਤੁਸੀਂ ਪਰਬਤਾਂ ਦੀਆਂ ਅਗੰਮ ਘਾਟੀਆਂ ਉਤੇ ਆ ਕੇ ਡੇਰੇ ਲਗਾ ਲਏ ਹਨ। ਇਉਂ ਗੁਰੂ ਨਾਨਕ ਦੇਵ ਜੀ ਪਲਾਇਣਵਾਦ ਦਾ ਖੰਡਨ ਕਰਦੇ ਹਨ ਅਤੇ ਸਮਾਜ ਵਿਚ ਰਹਿ ਕੇ ਸਮਾਜਿਕ ਪਰਾਣੀਆਂ ਦੇ ਦੁੱਖਾਂ ਰੋਗਾਂ ਦਾ ਇਲਾਜ ਕਰਨ ਦੀ ਸੇਵਾ ਵਿਚ ਜੁਟਣ ਦੇ ਮਾਰਗ ਤੇ ਚਲਾਣਾ ਚਾਹੁੰਦੇ ਹਨ—

"ਵਿਚ ਦੁਨੀਆਂ ਸੇਵ ਕਮਾਈਐ।
ਤਾਂ ਦਰਗਹਿ ਬੈਸਣ ਪਾਈਐ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਿਧ ਗੋਸ਼ਟਿ ਪ੍ਰਬੰਧ-ਕਾਵਿ

ਆਪਣੀ ਪੁਸਤਕ 'ਪਿੰਗਲ ਤੇ ਸਾਹਿਤ ਦੇ ਰੂਪ' ਵਿਚ ਪ੍ਰੋ. ਚਾਨਣ ਸਿੰਘ ਨਿਰਮਲ ਨੇ 'ਨਿਬੰਧ ਕਾਵਿ' ਦੀ ਪਰੀਭਾਸ਼ਾ ਇਉਂ ਦਿਤੀ ਹੈ—

"ਨਿਬੰਧ ਕਾਵਿ ਵਾਂਙ ਕਿਸੇ ਖਾਸ ਵਿਸ਼ੇ ਨਾਲ ਸੰਬੰਧਤ ਉਹ ਲੰਮੇਰੀ ਕਾਵਿ ਰਚਨਾ ਹੁੰਦੀ ਹੈ ਜਿਸ ਵਿਚ ਵਿਚਾਰ ਲੜੀਵਾਰ ਜੰਜ਼ੀਰ ਦੀਆਂ ਕੜੀਆਂ ਵਾਂਙੂ ਅਗਾਂਹ ਤੁਰਨ ਤੇ ਕਿਸੇ ਵਿਸ਼ੇਸ਼ ਆਦਰਸ਼ ਨੂੰ ਰੂਪ ਮਾਨ ਕਰਨ। ਪ੍ਰਬੰਧ ਕਾਵਿ ਵਿਚ ਇਕ ਕੇਂਦਰੀ ਖਿਆਲ ਹੁੰਦਾ ਹੈ ਅਤੇ ਸਾਰੀ ਵਿਚਾਰਧਾਰਾ ਉਸੇ ਕੇਂਦਰੀ ਖਿਆਲ ਦੇ ਧੁਰੇ ਦੁਆਲੇ ਘੁੰਮਦੀ ਹੈ ਜਾਂ ਜੁੜਦੀ ਹੈ।"

'ਸਿਧ ਗੋਸ਼ਟਿ' ਇਕ ਦਾਰਸ਼ਨਿਕ ਲੰਮੇਰੀ ਬਾਣੀ ਹੈ। ਇਸ ਦਾ ਕੇਂਦਰੀ ਬਿੰਦੂ-ਖਿਆਲ ਇਹ ਹੈ ਕਿ ਕੋਈ ਕਿੰਨਾ ਮਰਜ਼ੀ ਘੁੰਮ ਫਿਰ ਲਵੇ। ਤੀਰਥ ਭਰੱਮਣ ਕਰ ਲਵੇ। ਬਾਹਰੀ ਦਿਖਾਵਾ ਕਰ ਲਵੇ, ਭੇਸ ਕਰ ਲਵੇ, ਸਾਧਨਾ ਸਾਧ ਲਵੇ, ਪਰੰਤੂ ਮੁਕਤੀ ਤਾਂ ਨਾਮ ਸਿਮਰਨ ਤੋਂ ਬਿਨਾ ਪ੍ਰਾਪਤ ਨਹੀਂ ਹੋ ਸਕਦੀ। ਇਸੇ ਕੇਂਦਰੀ ਵਿਚਾਰ ਦੁਆਲੇ ਸਾਰੀ ਸਿਧ ਗੋਸ਼ਟਿ ਘੁੰਮਦੀ ਹੈ। ਰਹਾਉ ਵਾਲੀਆਂ ਪੰਕਤੀਆਂ ਵਿਚ ਸਮੁੱਚੀ ਬਾਣੀ ਦਾ ਸਾਰੰਸ਼, ਜਾਂ ਨਿਚੋੜ ਦਿਤਾ ਹੁੰਦਾ ਹੈ। ਸੋ 'ਸਿਧ ਗੋਸ਼ਟਿ' ਵਿਚ ਵੀ ਇਹ ਰਹਾਉ ਹੈ—

"ਕਿਆ ਭਵੀਐ ਸਚਿ ਸੂਚਾ ਹੋਇ।
ਸਾਚ ਸ਼ਬਦ ਬਿਨੁ ਮੁਕਤਿ ਨ ਹੋਇ।"

ਸਿਧਾਂ ਦੀ ਮੰਡਲੀ ਨਾਲ ਗੁਰੂ ਨਾਨਕ ਦੇਵ ਜੀ ਦੀ ਚਰਚਾ ਹੁੰਦੀ ਹੈ। ਚਰਪਟ ਨਾਥ ਜੋਗੀ ਪ੍ਰਸ਼ਨ ਕਰਦਾ ਹੈ ਕਿ ਦੁਤਰ-ਸੰਸਾਰ-ਸਾਗਰ ਨੂੰ ਕਿਸ ਤਰ੍ਹਾਂ ਤਰਿਆ ਜਾ ਸਕਦਾ ਹੈ।

ਦੁਨੀਆਂ ਸਾਗਰੁ ਦੁਤਰੁ ਕਹੀਐ।
ਕਿਉ ਕਰਿ ਪਾਈਐ ਪਾਰੋ।
ਚਰਪਟ ਬੋਲੈ ਅਉਧੂ ਨਾਨਕ,
ਦੇਹੁ ਸਚਾ ਬੀਚਾਰੋ।"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਾਂ ਗੁਰੂ ਜੀ ਜਵਾਬ ਦੇਂਦੇ ਹਨ—

"ਜੈਸੇ ਜਲ ਮੇ ਕਮਲ ਨਿਰਾਲਮੁ
ਮੁਰਗਾਈ ਨੈਸਾਣੈ ।
ਸੁਰਤਿ ਸ਼ਬਦਿ ਭਵ ਸਾਗਰ ਤਰੀਐ
ਨਾਨਕ ਨਾਮੁ ਵਿਖਾਣੈ ।"

ਅਰਥਾਤ ਜਿਸ ਤਰ੍ਹਾਂ ਪਾਣੀ ਵਿਚ ਕਮਲ ਨਹੀਂ ਡੁਬਦਾ ਪਾਣੀ ਵਿਚ ਰਹਿੰਦਾ ਹੋਇਆ ਪਾਣੀ ਤੋਂ ਉਪਰ ਰਹਿੰਦਾ ਹੈ, ਪਾਣੀ ਤੋਂ ਨਿਰਲੇਪ ਰਹਿੰਦਾ ਹੈ ਜਾਂ ਜਿਸ ਤਰ੍ਹਾਂ ਮੁਰਗਾਈ ਪਾਣੀ ਤੋਂ ਉਪਰ ਉਪਰ ਤਰਦੀ ਹੈ ਇਸੇ ਤਰ੍ਹਾਂ ਗ੍ਰਿਸਤ ਵਿਚ ਰਹਿੰਦਿਆਂ ਹੀ ਮਨੁੱਖ ਮੁਕਤੀ ਪ੍ਰਾਪਤ ਕਰ ਸਕਦਾ ਹੈ ਜੰਗਲਾਂ ਵਿਚ ਜਾ ਕੇ ਨਹੀਂ ।

ਫਿਰ ਚਰਪਟ ਦੇ ਪੁਛਣ ਤੇ ਕਿ ਇਹ ਕਿਵੇਂ ਪਤਾ ਲਗ ਸਕਦਾ ਹੈ ਕਿ ਗੁਰੂ ਦਾ ਦਰ ਪ੍ਰਾਪਤ ਹੋ ਗਿਆ ਹੈ ? ਤਾਂ ਗੁਰੂ ਜੀ ਸਮਝਾਂਦੇ ਹਨ ਕਿ ਜਦ ਚੰਚਲ ਮਨ ਟਿਕਾ ਵਿਚ ਆ ਜਾਵੇ ਤੇ ਨਾਮ ਦਾ ਆਸਰਾ ਲੈ ਲਵੇ ਤਾਂ ਸਮਝੋ ਕਿ ਗੁਰੂ ਦਾ ਦਰ ਪ੍ਰਾਪਤ ਹੋ ਗਿਆ ।

ਤਾਂ ਲੋਹਾ ਰੀਪਾ ਜੋਗੀ ਆਪਣੇ ਮਤ ਦੀ ਪ੍ਰਸੰਸਾ ਕਰਦਾ ਕਹਿੰਦਾ ਹੈ ਕਿ ਅਸੀਂ ਨਾਥ ਜੋਗੀ ਤਾਂ ਘਰ ਬਾਰ ਤਿਆਗ ਕੇ ਜੰਗਲਾਂ ਵਿਚ ਰੁੱਖਾਂ ਥਲੇ ਰਹਿ ਕੇ ਕੰਦ ਮੂਲ ਖਾ ਕੇ ਉਦਰ ਪੂਰਤੀ ਕਰ ਲੈਂਦੇ ਹਾਂ ਤੀਰਥ ਇਸ਼ਨਾਨ ਕਰਦੇ ਹਾਂ । ਮੈਲ ਨਹੀਂ ਲਗਦੀ ਤਾਂ ਗੁਰੂ ਜੀ ਫੁਰਮਾਂਦੇ ਹਨ ਕਿ—

"ਬਿਨ ਨਾਵੈ ਮਨੁ ਏਕ ਨ ਟਿਕਈ ।
ਨਾਨਕ ਭੂਖ ਨ ਜਾਈ ।"

ਭਾਵ ਕਿ ਪ੍ਰਭੂ ਦੇ ਨਾਮ ਸਿਮਰਨ ਤੋਂ ਬਿਨਾ ਮਨ ਟਿਕ ਕੇ ਨਹੀਂ ਬੈਠਦਾ ਅਤੇ ਪੇਟ ਦੀ ਮਨ ਦੀ ਭੁਖ ਵੀ ਨਹੀਂ ਮਿਟਦੀ । ਨਾਮ ਵਿਚੋਂ ਹੀ ਅਸਲ ਤ੍ਰਿਪਤੀ ਪ੍ਰਾਪਤ ਹੁੰਦੀ ਹੈ ਜਿਵੇਂ ਪਪੀਹੇ ਨੂੰ ਨਿੱਕੀ ਸਵਾਂਤ ਬੂੰਦ ਵਿਚੋਂ ਨਾ ਕਿ ਮੀਂਹ ਦੇ ਘਣੇ ਪਾਣੀ ਵਿਚੋਂ ।

ਜਦ ਜੋਗੀ ਗੁਰੂ ਜੀ ਨੂੰ ਮੁੰਦ੍ਰਾਂ, ਝੋਲੀ, ਖਿੰਥਾ ਆਦਿ ਧਾਰਨ ਕਰਨ ਲਈ ਕਹਿੰਦੇ ਹਨ ਤਾਂ ਗੁਰੂ ਜੀ ਸਮਝਾਉਂਦੇ ਹਨ ਕਿ ਅੰਤਰਾਤਮਾ ਵਿਚ ਗੂੰਜਦਾ ਸ਼ਬਦ ਹੀ ਨਿਰੰਤਰ ਮੁੰਦਰਾਂ ਹੈ । ਇਹ ਸ਼ਬਦ ਹੀ ਹਉਮੈ, ਮਮਤਾ ਦੂਰ ਕਰਦਾ ਹੈ । ਕਾਮ ਕ੍ਰੋਧ ਤੇ ਹੰਕਾਰ, ਆਦਿ ਨੂੰ ਵੀ ਨਾਮ ਹੀ ਦੂਰ ਕਰਦਾ ਹੈ ਤੇ ਮਨੁੱਖ ਨੂੰ ਮੁਕਤ ਕਰਦਾ ਹੈ—

"ਅੰਤਰਿ ਸ਼ਬਦਿ ਨਿਰੰਤਰ ਮੁੰਦ੍ਰਾ,
ਹਉਮੈ ਮਮਤਾ ਦੂਰਿ ਕਰੀ ।
ਕਾਮ ਕ੍ਰੋਧ ਅਹੰਕਾਰ ਨਿਵਾਰੈ
ਗੁਰ ਕੈ ਸ਼ਬਦਿ ਸੁ ਸਮਝ ਪਰੀ ।
ਖਿੰਥਾ ਝੋਲੀ ਭਰਪੂਰਿ ਰਹਿਆ,
ਨਾਨਕ ਤਾਰੇ ਏਕ ਹਰੀ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਚਾ ਸਾਹਿਬ ਸਾਚੀ ਨਾਈ
ਪੁਰਖੈ ਗੁਰ ਕੀ ਬਾਤ ਕਰੀ।''

ਫਿਰ ਸਿਧ ਜੋਗੀ ਪੁਛਦੇ ਹਨ ਕਿ ਕੌਣ ਖੋਹ ਬੈਠਦਾ ਹੈ, ਕੌਣ ਨਾਸ ਹੁੰਦਾ ਹੈ, ਕੌਣ ਸਚ ਵਿਚ ਸਮਾਇਆ ਹੈ, ਕੌਣ ਖੋਹ ਬੈਠਦਾ ਹੈ ਤੇ ਕੌਣ ਪ੍ਰਾਪਤ ਕਰਦਾ ਹੈ, ਗੁਪਤ ਕੌਣ ਹੈ, ਮੁਕਤ ਕੌਣ ਹੈ। ਮਾਇਆ ਸਪਨੀ ਨੇ ਕਿਸ ਨੂੰ ਖਾਧਾ ਹੈ, ਕਿਸ ਨੂੰ ਬੰਨਿਆ ਹੈ, ਕੌਣ ਖੋਜ ਲੈਂਦਾ ਹੈ। ਤਾਂ ਗੁਰੂ ਜੀ ਉਪਦੇਸ਼ ਕਰਦੇ ਹਨ—

''ਘਟਿ ਘਟਿ ਗੁਪਤਾ ਗੁਰਮੁਖ ਮੁਕਤਾ।
ਅੰਤਰਿ ਬਾਹਰਿ ਸ਼ਬਦਿ ਸੁ ਜੁਗਤਾ।
ਮਨ ਮੁਖਿ ਬਿਨਸੈ ਆਵੈ ਜਾਇ।
ਨਾਨਕ ਗੁਰਮੁਖਿ ਸਾਚਿ ਸਮਾਇ।''
ਦੁਰਮਤਿ ਬਾਧਾ ਸਰਪਨਿ ਖਾਧਾ।
ਮਨਮੁਖ ਖੋਇਆ ਗੁਰਮੁਖਿ ਲਾਧਾ।
... ...
ਗੁਰਮੁਖਿ ਖੋਜਤ ਭਏ ਉਦਾਸੀ।
ਦਰਸਨ ਕੈ ਤਾਈ ਭੇਖ ਨਿਵਾਸੀ।
ਸਚ ਵਖਰ ਕੇ ਹਮ ਵਣਜਾਰੇ।
ਨਾਨਕ ਗੁਰਮੁਖਿ ਉਤਰਸਿ ਪਾਰੇ।''

ਫਿਰ ਸਿਧ ਪੁਛਦੇ ਹਨ ਕਿ ਆਸਾ ਮਨਸਾ ਕਿਵੇਂ ਮਿਟਦੀ ਹੈ? ਦੰਦਾਂ ਤੋਂ ਬਿਨਾ ਲੋਹਾ ਕਿਵੇਂ ਖਾਧਾ ਜਾ ਸਕਦਾ ਹੈ? ਤਾਂ ਗੁਰੂ ਜੀ ਉਤਰ ਦੇਂਦੇ ਹਨ—

''ਆਸਾ ਮਨਸਾ ਸਬਦਿ ਜਲਾਈ।
ਗੁਰਮੁਖਿ ਜੋਤ ਨਿਰੰਤਰ ਪਾਈ।
ਤਰੈ ਗੁਣ ਮੇਟੇ ਖਾਈਐ ਸਾਰ।
ਨਾਨਕ ਤਾਰੇ ਤਾਰਨ ਹਾਰ।''

ਅਗੇ ਗੁਰਮੁਖਿ ਉਤੇ ਪਉੜੀਆਂ ਹਨ। ਗੁਰਮੁਖ ਰੋਮ ਰੋਮ ਸਿਮਰਨ ਕਰਨ ਵਾਲਾ ਹੈ—

''ਗੁਰਮੁਖਿ ਨਿਰਮਲ ਹਰਿ ਗੁਣ ਗਾਵੈ।
ਗੁਰਮੁਖਿ ਪਵਿਤ੍ਰ ਪਰਮਪਦ ਪਾਵੈ।
ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ।
ਨਾਨਕ ਗੁਰਮੁਖਿ ਸਾਚਿ ਸਮਾਵੈ।
... ...
ਗੁਰਮੁਖ ਤਾਰੇ ਪਾਰਿ ਉਤਾਰੇ।
ਨਾਨਕ ਗੁਰਮੁਖਿ ਸ਼ਬਦਿ ਨਿਸਤਾਰੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

31 ਪਉੜੀਆਂ ਤਕ ਗੁਰਮੁਖਿ ਦੀ ਮਹਿਮਾ ਚਲਦੀ ਹੈ । 32, 33 ਪਉੜੀਆਂ ਨਾਮ ਵਿਚ ਰਤਿਆਂ ਉੱਤੇ ਹਨ —ਇਹ ਵੀ ਇਕ ਪ੍ਰਕਾਰ ਦੀਆਂ ਗੁਰਮੁਖਿ ਉਤੇ ਹੀ ਹਨ। ਕਿਉਂਕਿ ਗੁਰਮੁਖਿ ਹੀ ਨਾਮ ਵਿਚ ਰਤਿਆ ਹੁੰਦਾ ਹੈ ।

ਨਾਮੇ ਰਾਤੇ ਹਉਮੈ ਜਾਇ ।
ਨਾਮਿ ਰਤੇ ਸਚਿ ਰਹੇ ਸਮਾਇ।
ਨਾਮਿ ਰਤੇ ਜੋਗ ਜੁਗਤਿ ਬੀਚਾਰ।
ਨਾਮਿ ਰਤੇ ਪਾਵਹਿ ਮੋਖੁ ਦੁਆਰ।
ਨਾਮਿ ਰਤੇ ਤ੍ਰਿਭਵਣ ਸੋਝਿ ਹੋਇ।
ਨਾਨਕ ਨਾਮ ਰਤੇ ਸਦਾ ਸੁਖੁ ਹੋਇ।"

34 ਵੀਂ ਪਉੜੀ ਗੁਰੂ ਦੀ ਮਹਿਮਾ ਦੀ ਹੈ —

"ਪੂਰੇ ਗੁਰ ਤੇ ਨਾਮ ਪਾਇਆ ਜਾਇ ।"

ਪੂਰੇ ਗੁਰੂ ਪਾਸ ਨਾਮ ਦੀ ਹਟ ਹੁੰਦੀ ਹੈ ਅਤੇ ਇਹ ਨਾਮ ਵਿਹਾਜ ਕੇ ਹੀ ਮਾਨਵ ਜੋਗ ਜੁਗਤਿ, ਸੱਚ, ਮੋਖ ਦੁਆਰ, ਤ੍ਰਿਭਵ ਦੀ ਸੋਝੀ (ਗਿਆਨ), ਸਦਾ ਸੁਖ ਪਾ ਸਕਦਾ ਹੈ। ਜਿਵੇਂ ਉਪਰ ਆਇਆ ਹੈ । 35 ਤੋਂ 37 ਤਕ ਪਉੜੀਆਂ ਫਿਰ ਗੁਰਮੁਖਿ ਉਤੇ ਹਨ ।

"ਗੁਰਮੁਖਿ ਰਤਨੁ ਲਹੈ ਲਿਵ ਲਾਇ।
ਗੁਰਮੁਖਿ ਸਾਚੀ ਕਾਰ ਕਮਾਇ।
... ...
ਗੁਰਮੁਖਿ ਨਾਮ ਦਾਨ ਇਸ਼ਨਾਨ।
ਗੁਰਮੁਖਿ ਲਾਗੈ ਸਹਿਜਿ ਧਿਆਨ।
ਗੁਰਮੁਖਿ ਪਾਵੈ ਦਰਗਹ ਮਾਨ ।"

38 ਤੋਂ 40 ਤਕ ਪਉੜੀਆਂ ਫਿਰ ਗੁਰੂ ਉਤੇ ਹਨ। ਅਸਲ ਵਿਚ ਗੁਰੂ ਹੀ ਗੁਰਮੁਖ ਹੈ। ਭਾਈ ਗੁਰਦਾਸ ਨੇ ਗੁਰੂ ਨਾਨਕ ਨੂੰ ਹੀ ਗੁਰਮੁਖ ਕਿਹਾ ਹੈ—

"ਗੁਰਮੁਖ ਕਲਿ ਵਿਚ ਪ੍ਰਗਟ ਹੋਆ।"

ਗੁਰੂ ਦੀ ਮਹਿਮਾ ਹੈ—

"ਬਿਨ ਗੁਰ ਭਰਮੈ ਆਵੈ ਜਾਇ।
ਬਿਨ ਗੁਰ ਮਨੂਆ ਅਤਿ ਡੋਲਾਇ।
ਬਿਨ ਗੁਰ ਤ੍ਰਿਪਤਿ ਨਹੀ ਬਿਖੁ ਖਾਇ।
ਨਾਨਕ ਗੁਰ ਬਿਨ ਘਾਟੋ ਘਾਟ।"

ਪਰ ਜਿਸ ਨੂੰ ਗੁਰੂ ਮਿਲ ਜਾਂਦਾ ਹੈ ਉਸ ਦਾ ਪਾਰ ਉਤਾਰਾ ਹੋ ਜਾਂਦਾ ਹੈ—

"ਜਿਸ ਗੁਰੂ ਮਿਲੈ ਤਿਸ ਪਾਰਿ ਉਤਾਰੈ।
ਮੁਕਤਿ ਮਹਾ ਸੁਖ ਗੁਰ ਸ਼ਬਦ ਬੀਚਾਰਿ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਰਮੁਖਿ ਕਦੇ ਨ ਆਵੈ ਹਾਰਿ।
ਤਨ ਹਟੜੀ ਇਹ ਮਨ ਵਣਜਾਰਾ।
ਨਾਨਕ ਸਹਜੇ ਸਚੁ ਵਾਪਾਰਾ।"

ਸਿਧ ਹੈ ਕਿ ਨਾਮ ਜਪਣ ਵਾਲਾ ਹੀ ਗੁਰਮੁਖਿ ਹੈ। 40 ਤੋਂ 42 ਤਕ ਦੀਆਂ ਪਉੜੀਆਂ ਫਿਰ ਗੁਰਮੁਖ ਉਤੇ ਚਲ ਪੈਂਦੀਆਂ ਹਨ।

ਅਗੋਂ ਫਿਰ ਸਿਧ ਜੋਗੀਆਂ ਦੇ ਸਵਾਲ ਸ਼ੁਰੂ ਹੋ ਜਾਂਦੇ ਹਨ ਅਤੇ ਗੁਰੂ ਨਾਨਕ ਦੇਵ ਜੀ ਪਹਿਲਾਂ ਵਾਂਗ ਨਾਮ ਦੀ ਵਡਿਆਈ, ਨਾਮ ਜਪਣ ਵਾਲੇ ਤੇ ਨਾਮ ਜਪਾਵਣ ਵਾਲੇ ਗੁਰੂ ਦੀ ਮਹਿਮਾ ਗਾਉਂਦੇ ਹਨ।

"ਏਕ ਸ਼ਬਦ ਜਿਤ ਕਥਾ ਵੀਚਾਰੀ।
ਗੁਰਮੁਖਿ ਹਉਮੈ ਅਗਨ ਨਿਵਾਰੀ।
... ...
ਸਬਦੁ ਕਮਾਈਐ ਖਾਈਐ ਸਾਰ।
ਨਾਨਕ ਅਗਨ ਮਰੈ ਸਤਿਗੁਰ ਕੈ ਭਾਣੈ।

ਜਿਸ ਪਾਸ ਸਚ ਦਾ ਵਖਰਾ ਧੰਨ ਹੈ ਉਹ ਆਪ ਤਰਦਾ ਹੈ ਅਤੇ ਹੋਰਾਂ ਨੂੰ ਵੀ ਤਾਰ ਲੈਂਦਾ ਹੈ—

"ਸਾਚ ਵਖਰੁ ਧਨ ਪਲੈ ਹੋਇ।
ਆਪਿ ਤਰੈ ਤਾਰੇ ਭੀ ਸੋਇ।" (57)

58 ਤੋਂ ਲੈ ਕੇ 71 ਤਕ ਪਉੜੀਆਂ ਫਿਰ ਗੁਰਮੁਖਿ ਉਤੇ ਹਨ। 72 ਵੀਂ ਫਿਰ ਸ਼ਬਦ ਉਤੇ ਹੈ। ਅਤੇ ਅੰਤਲੀ ਪਉੜੀ 73 ਵੀਂ ਪਾਰ ਬ੍ਰਹਮ ਦੀ ਮਹਿਮਾ ਦੀ ਹੈ।

ਇਉਂ ਅਸੀਂ ਕਹਿ ਸਕਦੇ ਹਾਂ ਕਿ ਸਾਰੀ ਸਿਧ ਗੋਸ਼ਟਿ ਨਾਮ ਸਿਮਰਨ, ਗੁਰਮੁਖਿ, ਸ਼ਬਦ, ਨਾਮ ਰਤਿਆਂ, ਗੁਰੂ ਪਾਰਬ੍ਰਹਮ, ਦੀ ਮਹਿਮਾ ਦਾ ਗਾਇਣ ਕਰਦੀ ਹੈ। 73 ਵੀਂ ਅੰਤਲੀ ਪਉੜੀ ਇਕ ਪ੍ਰਕਾਰ ਦੀ ਸਾਰੰਸ਼ ਦੀ ਵੀ ਹੈ। ਸਾਰੀ ਬਾਣੀ ਦਾ ਤਤ ਨਿਚੋੜ ਕਢਿਆ ਹੈ। ਨਾਮ, ਗੁਰਮੁਖਿ, ਸਿਧ ਸਾਧਿਕ, ਚੇਲੇ, ਪ੍ਰਭੂ, ਸਭ ਨੂੰ ਲੈ ਲਿਆ ਹੈ।

"ਤੇਰੀ ਗਤਿ ਮਿਤਿ ਤੂਹੈ ਜਾਣਹਿ ਕਿਆ ਕੋ ਆਖਿ ਵਖਾਣੈ।
ਤੂੰ ਆਪੇ ਗੁਪਤਾ ਆਪੇ ਪਰਗਟੁ ਆਪੇ ਸਭਿ ਰੰਗ ਮਾਣੈ।
ਸਾਧਿਕ ਸਿਧ ਗੁਰੂ ਬਹੁ ਚੇਲੇ ਖੋਜਤ ਫਿਰਹਿ ਫੁਰਮਾਣੈ।
ਮਾਂਗਹਿ ਨਾਮੁ ਪਾਇ ਇਹ ਭਿਖਿਆ ਤੇਰੇ ਦਰਸ਼ਨ ਕਉ ਕੁਰਬਾਣੈ।
ਅਬਿਨਾਸੀ ਪ੍ਰਭਿ ਖੇਲੁ ਰਚਾਇਆ ਗੁਰਮੁਖਿ ਸੋਝੀ ਹੋਈ।
ਨਾਨਕ ਸਭਿ ਜੁਗ ਆਪੇ ਵਰਤੈ ਦੂਜਾ ਅਵਰ ਨ ਕੋਈ।"

ਸਮੁਚੀ ਸਿਧ ਗੋਸ਼ਟਿ ਦਾ ਨਿਚੋੜ ਇਹ ਹੈ ਜੋ ਸ਼ਬਦ, ਨਾਮ, ਸਤਿਗੁਰੂ, ਪ੍ਰਮਾਤਮਾ ਦੀ ਮਹਿਮਾ ਹੈ—

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਬਦੈ ਕਾ ਨਿਬੇੜਾ ਸੁਣ ਤੂੰ ਅਉਧੂ ।
ਬਿਨ ਨਾਵੈ ਜੋਗੁ ਨ ਹੋਈ ।
ਨਾਮੈ ਰਾਤੇ ਅਨਦਿ ਮਾਤੇ ।
ਨਾਮੇ ਤੇ ਸੁਖ ਹੋਈ ।
ਨਾਮੇ ਹੀ ਤੇ ਸਭ ਪ੍ਰਗਟ ਹੋਵੈ ।
ਨਾਮੈ ਸੋਝੀ ਪਾਈ ।
ਬਿਨੁ ਨਾਵੈ ਭੇਖ ਕਰਹਿ ਬਹੁਤੇਰੇ ।
ਸਚੈ ਆਪ ਖੁਆਈ ।
ਸਤਿਗੁਰੂ ਤੇ ਨਾਮੁ ਪਾਈਐ ਅਉਧੂ ।
ਜੋਗ ਜੁਗਤਿ ਤਾ ਹੋਈ ।"

ਸੋ ਅੰਤ ਤੇ ਅਸੀਂ ਸਾਰੀ ਵਿਚਾਰ ਕਰਨ ਤੋਂ ਬਾਅਦ ਕਹਿ ਸਕਦੇ ਹਾਂ ਕਿ 'ਸਿਧ ਗੋਸ਼ਟਿ' 'ਨਾਮ ਸਿਮਰਨ' ਦੇ ਕੇਂਦਰੀ ਆਸ਼ੇ ਦੁਆਲੇ ਘੁੰਮਦੀ ਹੈ । ਇਸ ਕਰਕੇ ਇਹ ਇਕ ਸਫਲ ਪ੍ਰਬੰਧ ਕਾਵਿ ਹੈ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਿਧ ਗੋਸ਼ਟਿ ਵਿਚ ਰਹੱਸਵਾਦ

''ਬਾਬੇ ਕੀਤੀ ਸਿਧ ਗੋਸ਼ਟ ਸ਼ਬਦ ਸ਼ਾਂਤ ਸਿਧਾ ਵਿਚ ਆਈ।
ਸਿਧ ਬੋਲਣ ਸ਼ੁਭ ਬਚਨ ਧੰਨ ਨਾਨਕ ਤੇਰੀ ਵਡੀ ਕਮਾਈ।
ਵੱਡਾ ਪੁਰਖ ਪ੍ਰਗਟਿਆ ਕਲਜੁਗ ਅੰਦਰ ਜੋਤ ਜਗਾਈ।
... ...
ਸਬਦਿ ਜਿਤੀ ਸਿਧ ਮੰਡਲੀ ਕੀਤੋਸੁ ਆਪਣਾ ਪੰਥ ਨਿਰਾਲਾ।
ਕਲਯੁਗਿ ਨਾਨਕ ਨਾਮ ਸੁਖਾਲਾ।''

(ਭਾਈ ਗੁਰਦਾਸ)

'ਸਿਧ ਗੋਸ਼ਟਿ' ਵਿਚ ਨਾਮ ਦੀ ਮਹਿਮਾ ਹੈ। ਨਾਮ ਦਾ ਰਹੱਸਵਾਦ ਪ੍ਰਗਟ ਹੋਇਆ ਹੈ। ਨਾਮ ਦੀ ਹੀ ਮਹਿਮਾ ਦਾ ਗਾਇਣ ਹੋਇਆ ਹੈ—ਜਿਵੇਂ—

''ਸਬਦੈ ਕਾ ਨਿਬੇੜਾ ਸੁਣ ਤੂੰ ਅਉਧੂ
ਬਿਨ ਨਾਵੈ ਜੋਗੁ ਨ ਹੋਈ।
ਨਾਮੈ ਰਾਤੇ ਅਨਦਿਨ ਮਾਤੇ
ਨਾਮੈ ਤੇ ਸੁਖੁ ਹੋਈ।
ਨਾਮੈ ਹੀ ਤੇ ਸਭੁ ਪਰਗਟ ਹੋਵੈ
ਨਾਮੈ ਸੋਝੀ ਪਾਈ।
ਬਿਨ ਨਾਵੈ ਭੇਖ ਕਰਹਿ ਬਹੁਤੇਰੇ
ਸਚੈ ਆਪਿ ਖੁਆਈ।
ਸਤਿਗੁਰੂ ਤੇ ਨਾਮੁ ਪਾਈਐ ਅਉਧੂ
ਜੋਗ ਜੁਗਤਿ ਤਾ ਹੋਈ।''

ਅਰਥਾਤ ਸਭ ਨਿਬੇੜਾ ਸ਼ਬਦ ਉਤੇ ਹੋਣਾ ਹੈ। ਨਾਮ ਤੋਂ ਬਿਨਾ ਜੋਗ ਨਹੀਂ ਹੁੰਦਾ। ਦਿਨ ਰਾਤ ਨਾਮ ਵਿਚ ਰੰਗੇ ਰਹਿਣ ਨਾਲ ਨਾਮ ਤੋਂ ਹੀ ਸੁਖ ਮਿਲਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਭ ਕੁਛ ਨਾਮ ਤੋਂ ਹੀ ਪ੍ਰਗਟ ਹੋਇਆ ਹੈ। ਨਾਮ ਤੋਂ ਹੀ ਸਾਰੀ ਸੋਝੀ ਆਉਂਦੀ ਹੈ। ਸੁਰਤ ਖੁਲ੍ਹਦੀ ਹੈ। ਨਾਮ ਤੋਂ ਬਿਨਾ ਜੋ ਬਹੁਤ ਸਾਰੇ ਭੇਖ ਕਰਦਾ ਹੈ ਮਾਨੋ ਕਿ ਪ੍ਰਭੂ ਨੇ ਉਸ ਨੂੰ ਆਪ ਖੁੰਝਾਅ ਦਿਤਾ ਹੈ। ਕੁਰਾਹੇ ਪਾ ਦਿਤਾ ਹੈ। ਸਤਿਗੁਰੂ ਸਚੇ ਪਾਸੋਂ ਨਾਮ ਦੀ ਪ੍ਰਾਪਤੀ ਹੁੰਦੀ ਹੈ ਇਸ ਤਰ੍ਹਾਂ ਹੀ ਜੋਗ ਦੀ ਜੁਗਤ ਹੈ। ਭਾਵ ਨਾਮ ਹੀ ਜੋਗ ਦੀ ਜੁਗਤ ਹੈ।

ਕਿਉਂਕਿ ਨਾਮ ਦੀ ਪ੍ਰਾਪਤੀ ਸੰਤਾਂ ਪਾਸੋਂ ਹੁੰਦੀ ਹੈ ਇਸ ਕਰਕੇ ਸੰਤਾਂ ਦੀ ਸਭਾ ਦੀ ਮਹਿਮਾ ਹੈ ਅਤੇ ਦਸਿਆ ਹੈ ਸ਼ਬਦ ਨਾਮ ਦੀ ਮਹਿਮਾ ਕਿਵੇਂ ਪ੍ਰਾਪਤ ਕੀਤੀ ਜਾਣੀ ਚਾਹੀਦੀ ਹੈ।

"ਸਿਧ ਸਭਾ ਕਰਿ ਆਸਣਿ ਬੈਠੇ ਸੰਤ ਸਭਾ ਜੈਕਾਰੋ।
ਤਿਸੁ ਆਗੈ ਰਹਰਾਸਿ ਹਮਾਰੀ ਸਾਚਾ ਅਪਰ ਅਪਾਰੋ।
ਮਸਤਕੁ ਕਾਟ ਧਰੀ ਤਿਸੁ ਆਗੈ ਤਨੁ ਮਨੁ ਆਗੈ ਦੇਉ।
ਨਾਨਕ ਸੰਤੁ ਮਿਲੈ ਸਚ ਪਾਈਐ ਸਹਜ ਭਾਇ ਜਸ ਲੇਉ।"

ਭਾਵ ਸਾਡੀ ਨਮਸਕਾਰ ਉਸ ਸੰਤ ਸਭਾ ਨੂੰ ਹੈ ਜੋ ਸਤਿ ਸੰਗਤ ਰੂਪ ਬਣੇ ਅਡੋਲ ਬੈਠੇ ਹਨ। ਸਾਡੀ ਅਰਦਾਸ ਉਸ ਸਤਿ ਸੰਗਤ ਅੱਗੇ ਹੈ ਜਿਸ ਵਿਚ ਸਥਿਰ ਅਮਰ ਅਪਰ ਅਪਾਰ ਪ੍ਰਮਾਤਮਾ ਆਪ ਵਸਦਾ ਹੈ। ਮੈਂ ਐਸੀ ਉਤਮ ਸੰਤ ਸਭਾ ਅੱਗੇ ਆਪਣਾ ਕੱਟ ਕੇ ਰੱਖ ਦਿਆਂ, ਤਨ-ਮਨ-ਧਨ ਭੇਟਾ ਕਰ ਦਿਆਂ। ਕਿਉਂਕਿ ਨਾਨਕ ਜੀ ਕਹਿੰਦੇ ਹਨ ਕਿ ਜੇ ਸੰਤ ਮਿਲ ਪਵੇ ਤਾਂ ਸਚਾ ਪ੍ਰਮਾਤਮਾ ਪਾ ਸਕੀਦਾ ਹੈ ਅਤੇ ਸਹਿਜ ਸੁਭਾਏ ਹੀ ਉਸ ਦੇ ਗੁਣ ਗਾਇਣ ਹੋਣ ਲੱਗ ਪੈਂਦੇ ਹਨ।

ਗੁਰੂ ਜੀ ਸਿਧਾਂ ਨੂੰ ਸਾਫ ਸਾਫ ਕਹਿ ਦੇਂਦੇ ਹਨ ਕਿ ਹੇ ਸਿਧੋ ਦੇਸ਼-ਦੇਸ਼ਾਤਰਾਂ ਤੀਰਥ ਅਸਥਾਨਾਂ ਤੇ ਭੌਂਦੇ ਰਹਿਣ ਦਾ ਕੀ ਲਾਭ ਹੈ? ਜਪੁਜੀ ਸਾਹਿਬ ਵਿਚ ਆਪ ਸਪਸ਼ਟ ਕਰਦੇ ਹਨ ਕਿ ਜੇ ਕੋਈ ਤੀਰਥਾਂ ਤੇ ਤਪ ਸਾਧਦਾ ਜਾਂ ਦਾਨ ਕਰਦਾ ਹੈ ਉਸ ਦਾ ਮਾਨ ਕੇਵਲ ਤਿਲ ਮਾਤਰ ਹੀ ਹੁੰਦਾ ਹੈ—

"ਤੀਰਥ ਤਪ ਦਇਆ ਦਤ ਦਾਨ
ਜੇ ਕੋ ਪਾਵੈ ਤਿਲ ਕਾ ਮਾਨ।
... ...
ਸੁਣਿਆ ਮੰਨਿਆ ਮਨਿ ਕੀਤਾ ਭਾਉ
ਅੰਤਰਗਤਿ ਤੀਰਥ ਮਲ ਨਾਉ।"

ਪਰੰਤੂ ਪ੍ਰਭੂ ਦਾ ਨਾਮ ਸੁਣ ਲੈਣਾ ਮਹਾਨ ਗੁਰੂ ਪਾਸੋਂ। ਫਿਰ ਸੁਣ ਕੇ ਮੰਨ ਲੈਣਾ। ਮੰਨ ਕੇ ਫਿਰ ਅਮਲ ਕਰ ਲੈਣਾ ਮਾਨੋ ਕਿ ਅੰਤਰਾਤਮਾ ਦੀ ਮੈਲ ਲਾਹ ਲੈਣ ਦੇ ਬਰਾਬਰ ਹੈ। ਪ੍ਰਭੂ ਦਾ ਨਾਮ ਐਸਾ ਤੀਰਥ ਹੈ। ਸੋ ਗੁਰੂ ਜੀ ਸਿਧਾਂ ਨੂੰ ਫੁਰਮਾਂਦੇ ਹਨ—

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"ਕਿਆ ਭਵੀਐ ਸਚਿ ਸੂਚਾ ਹੋਇ।
ਸਾਚ ਸ਼ਬਦ ਬਿਨ ਮੁਕਤਿ ਨ ਕੋਇ।"

'ਸਿਧ ਗੋਸ਼ਟਿ' ਵਿਚ ਸਿਧਾਂ ਦੇ ਸਵਾਲ ਤੇ ਗੁਰੂ ਜੀ ਦੇ ਜਵਾਬ ਰਹੱਸਾਤਮਕ ਹੈ। ਸਿਧ ਪੁਛਦੇ ਹਨ ਕਿ ਹੇ ਬਾਲਕ ਕਿਥੇ ਬੈਠਦੇ ਹੋ? ਕਿਥੇ ਰਹਿੰਦੇ ਹੋ? ਕਿਥੋਂ ਆਏ ਹੋ? ਕਿਥੇ ਜਾਓਗੇ? ਤੁਹਾਡਾ ਰਾਹ ਕਿਹੜਾ ਹੈ? ਗੁਰੂ ਜੀ ਜਵਾਬ ਦੇਂਦੇ ਹਨ—

"ਘਟਿ ਘਟਿ ਬੈਸਿ ਨਿਰੰਤਰਿ ਰਹੀਐ ਚਾਲਹਿ ਸਤਿਗੁਰ ਭਾਏ।
ਸਹਜੇ ਆਏ ਹੁਕਮਿ ਸਿਧਾਏ ਨਾਨਕ ਸਦਾ ਰਜਾਏ।
ਆਸਣਿ ਬੈਸਣਿ ਥਿਰ ਨਾਰਾਇਣੁ ਐਸੀ ਗੁਰਮਤਿ ਪਾਏ।
ਗੁਰਮੁਖ ਬੂਝੈ ਆਪ ਪਛਾਣੈ ਸਚੇ ਸਚ ਸਮਾਏ।"

ਅਰਥਾਤ ਮਨ ਦੇ ਅੰਦਰ ਜੋ ਪ੍ਰਮਾਤਮਾ ਵਸਦਾ ਹੈ ਉਸ ਵਿਚ ਅਸੀਂ ਵਾਸ ਕਰਦੇ ਹਾਂ। ਸਤਿਗੁਰੂ ਦੇ ਭਾਣੇ ਵਿਚ ਤੁਰਨਾ ਹੀ ਸਾਡਾ ਮਾਰਗ ਹੈ। ਉਸ ਦੇ ਹੁਕਮ ਦੇ ਬੱਧੇ ਆਏ ਹਾਂ ਅਤੇ ਉਸ ਦੇ ਹੁਕਮ ਦੇ ਬੱਧੇ ਹੀ ਅਸੀਂ ਚਲੇ ਜਾਵਾਂਗੇ। ਅਸੀਂ ਸਦਾ ਉਸੇ ਦੀ ਰਜ਼ਾ ਵਿਚ ਵਸਦੇ ਹਾਂ। ਸਦਾ ਸਥਿਤ ਰਹਿਣ ਵਾਲਾ ਤਾਂ ਪ੍ਰਮਾਤਮਾ ਹੀ ਹੈ ਐਸੀ ਗੁਰਮਤਿ ਅਸਾਂ ਪਾਈ ਹੈ। ਗੁਰਮੁਖ ਆਪਣੇ ਆਪ ਨੂੰ ਬੁਝਦਾ ਹੈ ਪਛਾਣਦਾ ਹੈ ਅਤੇ ਸਚੇ ਵਿਚ ਸਮਾਇਆ ਰਹਿੰਦਾ ਹੈ। ਚਰਪਟ ਨਾਥ ਬੜਾ ਰਹੱਸਮਈ ਪ੍ਰਸ਼ਨ ਕਰਦਾ ਹੈ।

"ਦੁਨੀਆਂ ਸਾਗਰ ਦੁਤਰ ਕਹੀਐ ਕਿਉਂਕਰ ਪਾਈਐ ਪਾਰੋ।"

ਇਸ ਰਹੱਸਵਾਦੀ ਪ੍ਰਸ਼ਨ ਦਾ ਉੱਤਰ ਮਹਾਨ ਰਹੱਸਵਾਦੀ ਹੈ ਜੋ ਗੁਰੂ ਜੀ ਦੇਂਦੇ ਹਨ—ਇਕ ਪ੍ਰਕਾਰ ਦੀ ਜੀਵਨ ਸਾਚ ਹੈ ਜੋ ਮੁਕਤੀ ਦੇ ਮਾਰਗ ਨੂੰ ਲੈ ਜਾਣ ਵਾਲੀ ਹੈ—

"ਜੈਸੇ ਜਲ ਮਹਿ ਕਮਲ ਨਿਰਾਲਮੁ ਮੁਰਗਾਈ ਨੈਸਾਣੇ।
ਸੁਰਤ ਸ਼ਬਦਿ ਭਵ ਸਾਗਰ ਤਰੀਐ ਨਾਨਕ ਨਾਮੁ ਵਖਾਣੇ।
ਰਹਹਿ ਇਕਾਂਤ ਏਕੋ ਮਨਿ ਵਸਿਆ ਆਸਾ ਮਾਹਿ ਨਿਰਾਸੋ।
ਅਗਮ ਅਗੋਚਰੁ ਦੇਖਿ ਦਿਖਾਏ ਨਾਨਕ ਤਾਕਾ ਦਾਸੋ।

ਅਰਥਾਤ ਜਿਸ ਤਰ੍ਹਾਂ ਕੰਵਲ ਦਾ ਫੁਲ ਪਾਣੀ ਵਿਚ ਰਹਿੰਦਿਆਂ ਹੋਇਆਂ ਵੀ ਨਿਰਲੇਪ ਰਹਿੰਦਾ ਹੈ। ਜਿਵੇਂ ਨਦੀ ਵਿਚ ਤਰਦੀ ਮੁਰਗਾਈ ਪਾਣੀ ਦੇ ਉਪਰਲੇ ਤਲ ਤੇ ਹੀ ਤਰਦੀ ਹੈ। ਉਸ ਦੇ ਖੰਭ ਪਾਣੀ ਵਿਚ ਨਹੀਂ ਭਿੱਜਦੇ ਜਦੋਂ ਉਹ ਚਾਹੁੰਦੀ ਹੈ ਸਹਿਜੇ ਹੀ ਖੰਭਾਂ ਨੂੰ ਛੰਡ ਕੇ ਅਕਾਸ਼ਾਂ ਵਿਚ ਉੱਡਣ ਲੱਗ ਪੈਂਦੀ ਹੈ। ਇਸੇ ਤਰ੍ਹਾਂ ਹੀ ਸ਼ਬਦ ਤੇ ਸੁਰਤ ਨੂੰ ਜੋੜ ਕੇ ਇਸ ਭਵ ਸਾਗਰ ਨੂੰ ਤਰੀਦਾ ਹੈ।

ਜੋ ਸੰਸਾਰ ਦੀਆਂ ਵਿਅਰਥ ਆਸ਼ਾਵਾਂ ਤੋਂ ਨਿਰਾਸ ਵਸਦੇ ਹਨ ਉਨ੍ਹਾਂ ਦੇ ਮਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਅਕਾਲ ਪੁਰਖ ਦਾ ਵਾਸ ਹੁੰਦਾ ਹੈ ਸੋ ਉਹ ਸੰਸਾਰ ਵਿਚ ਰਹਿੰਦੇ ਹੋਏ ਵੀ ਇਕਾਂਤ ਵਾਸੀ ਹੁੰਦੇ ਹਨ—ਇਸ ਤਰ੍ਹਾਂ ਉਨ੍ਹਾਂ ਦੇ ਮਨ ਵਿਚ ਰੱਬ ਵਸਦਾ ਹੈ—

"ਤੁਮ ਮੇਰੇ ਪਾਸ ਹੋਤੇ ਹੋ ਗੋਯਾ
ਜਬ ਕੋਈ ਦੂਸਰਾ ਨਹੀਂ ਹੋਤਾ।"

ਫਿਰ ਚਰਪਟ ਹੋਰ ਪ੍ਰਸ਼ਨ ਪੁਛਦਾ ਹੈ। ਹੁਣ ਚਰਪਟ ਨਾਥ ਵਧੇਰੇ ਨਿਮਰਤਾ ਧਾਰਨ ਕਰ ਗਿਆ ਹੈ।

"ਰੋਸ ਨ ਕੀਜੈ ਉਤਰ ਦੀਜੈ ਕਿਉ ਪਾਈਐ ਗੁਰਦੁਆਰੋ।"

ਗੁਰੂ ਦਾ ਦੁਆਰ ਕਿਵੇਂ ਪ੍ਰਾਪਤ ਕੀਤਾ ਜਾਏ। ਸਾਹਿਬ ਜਵਾਬ ਦੇਂਦੇ ਹਨ—

"ਇਹ ਮਨੁ ਚਲਤਉ ਸਚ ਘਰਿ ਬੈਸੈ ਨਾਨਕ ਨਾਮੁ ਅਧਾਰੋ।"

ਭਾਵ ਜਦੋਂ ਗੁਰੂ ਦਾ ਦਰ ਮਿਲ ਜਾਂਦਾ ਹੈ ਤਾਂ ਇਹ ਚੰਚਲ ਮਨ ਪ੍ਰਮਾਤਮਾ ਦੀ ਯਾਦ ਵਿਚ ਜੁੜਿਆ ਰਹਿੰਦਾ ਹੈ। ਪ੍ਰਭੂ ਦਾ ਨਾਮ ਜੀਵਨ ਦਾ ਆਧਾਰ ਬਣ ਜਾਂਦਾ ਹੈ। ਪ੍ਰਮਾਤਮਾ ਹੀ ਮਿਲਾ ਲੈਂਦਾ ਹੈ।

ਗੁਰੂ ਜੀ ਨਿਰਲੇਪ ਜੀਵਨ ਦਾ ਤਤ ਸਾਰ ਪ੍ਰਗਟ ਕਰਦੇ ਹਨ—

"ਹਾਟੀ ਬਾਟੀ ਨੀਦ ਨ ਆਵੈ ਪਰ ਘਰਿ ਚਿਤੁ ਨ ਡੋਲਾਈ।
ਬਿਨ ਨਾਵੈ ਮਨੁ ਟੇਕ ਨ ਟਿਕਦੀ ਨਾਨਕ ਭੂਖ ਨ ਜਾਈ।
ਹਾਟੁ ਪਟਣੁ ਘਰੁ ਗੁਰੂ ਦਿਖਾਇਆ ਸਹਜੇ ਸਚੁ ਵਾਪਾਰੋ।
ਖੰਡਿਤ ਨਿੰਦ੍ਰਾ ਅਲਪ ਅਹਾਰੰ ਨਾਨਕ ਤਤ ਬੀਚਾਰੋ।"

ਅਰਥਾਤ ਸਹੀ ਗਿਆਨ ਇਹ ਹੈ ਕਿ ਸੰਸਾਰਕ ਝੰਝਟਾਂ ਵਿਚ ਪਇਆਂ ਵੀ ਨੀਂਦ ਨਾ ਆਵੇ ਭਾਵ ਪ੍ਰਮਾਤਮਾ ਨੂੰ ਭੁਲ ਨਾ ਜਾਵੇ। ਪਰਾਏ ਘਰ ਜਾ ਕੇ ਪਰਾਈਆਂ ਇਸਤ੍ਰੀਆਂ ਉਤੇ ਮਨ ਨੂੰ ਡੋਲਣ ਨਾ ਦੇਵੇ। ਪ੍ਰਭੂ ਨਾਮ ਬਿਨਾ ਮਨ ਟਿਕਾਓ ਵਿਚ ਨਹੀਂ ਆ ਸਕਦਾ ਤੇ ਮਾਇਆ, ਪਰਾਈ ਨਾਰੀ, ਪਦਾਰਥਾਂ ਆਦਿ ਦੀ ਤ੍ਰਿਸ਼ਨਾ ਮਿਟ ਨਹੀਂ ਸਕਦੀ। ਪਰੰਤੂ ਜਿਸ ਕਿਸੇ ਨੂੰ ਵੀ ਗੁਰੂ ਨੇ ਵਪਾਰ ਦਾ ਅਸਲ ਟਿਕਾਣਾ ਹਿਰਦੇ ਰੂਪੀ ਸ਼ਹਿਰ ਵਿਚ ਵਿਖਾ ਦਿਤਾ ਹੈ ਉਹ ਮਾਇਆ ਵਿਚ ਰਹਿੰਦਿਆਂ ਵੀ ਸਹਿਜ ਅਵਸਥਾ ਦਾ ਭਾਗੀ ਬਣਿਆ ਰਹਿੰਦਾ ਹੈ। ਉਹ ਥੋੜਾ ਸੌਂਦਾ, ਥੋੜਾ ਖਾਂਦਾ ਹੈ। ਗੁਰੂ ਜੀ ਜੋਗੀਆਂ ਨੂੰ ਸਹੀ ਮਾਰਗ ਨਿਰਧਾਰਿਤ ਕਰਦੇ ਹਨ—

"ਦਰਸ਼ਨ ਭੇਖ ਕਰਹੁ ਜੋਗਿੰਦ੍ਰਾ ਮੁੰਦ੍ਰਾ ਝੋਲੀ ਖਿੰਥਾ।
ਬਾਹਰਿ ਅੰਤਰਿ ਏਕ ਸਰੇਵਹੁ ਖਟੁ ਦਰਸ਼ਨ ਇਕ ਪੰਥਾ।
ਇਨ ਬਿਧਿ ਮਨੁ ਸਮਝਾਈਐ ਪੁਰਖਾ ਬਾਹੁੜਿ ਚੋਟ ਨ ਖਾਈਐ।
ਨਾਨਕ ਬੋਲੈ ਗੁਰਮੁਖਿ ਬੂਝੈ ਜੋਗ ਜੁਗਤਿ ਇਵ ਪਾਈਐ।
ਅੰਤਰਿ ਸਬਦੁ ਨਿਰੰਤਰਿ ਮੁਦ੍ਰਾ ਹਉਮੈ ਮਮਤਾ ਦੂਰਿ ਕਰੀ।
ਕਾਮ ਕ੍ਰੋਧ ਅਹੰਕਾਰੁ ਨਿਵਾਰੈ ਗੁਰ ਕੈ ਸ਼ਬਦਿ ਸੁ ਸਮਝ ਪਰੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਖਿੰਥਾ ਝੋਲੀ ਭਰਿ ਪੂਰਿ ਰਹਿਆ ਨਾਨਕ ਤਾਰੈ ਏਕੁ ਹਰੀ।
ਸਾਚਾ ਸਾਹਿਬੁ ਸਾਚੀ ਨਾਈ ਪਰਖੈ ਗੁਰ ਕੀ ਬਾਤ ਖਰੀ।''

ਗੁਰੂ ਸਾਹਿਬ ਫੁਰਮਾ ਰਹੇ ਹਨ ਕਿ ਸਾਡੇ ਮਨ ਵਿਚ ਨਿਰੰਤਰ ਇਕ ਰਸ ਨਾਮ-ਸ਼ਬਦ ਦਾ ਵਾਸ ਹੈ। ਹਉਮੈ ਤੇ ਮਮਤਾ ਅਸਾਂ ਦੂਰ ਕਰ ਦਿਤੀ ਹੈ। ਇਹੀ ਸਾਡੀਆਂ ਮੁੰਦਰਾਂ ਹਨ। ਕਾਮ ਕ੍ਰੋਧ ਲੋਭ ਮੋਹ ਹੰਕਾਰ ਨੂੰ ਦੂਰ ਕੀਤਾ ਹੈ ਤੇ ਗੁਰੂ ਦੇ ਸ਼ਬਦ ਦੁਆਰਾ ਸਾਨੂੰ ਤਤ ਸਾਰ ਦੀ ਸੋਝੀ ਹੋਈ ਹੈ। ਇਹੀ ਸਾਡਾ ਪੰਥ ਹੈ। ਗੋਦੜੀ ਤੇ ਚੋਲੀ ਸ਼ਾਡੇ ਲਈ ਸਰਬ ਵਿਆਪਕ ਪ੍ਰਮਾਤਮਾ ਹੈ।

ਗੁਰੂ ਜੀ ਫੁਰਮਾ ਰਹੇ ਰਹੇ ਹਨ ਕਿ ਅਸਾਂ ਤਾਂ ਆਪਣਾ ਕਾਸਾ (ਲੋਟਾ) ਮੂਧਾ ਮਾਰਿਆ ਹੋਇਆ ਹੈ ਭਾਵ ਅਸੀਂ ਆਪਣੀਆਂ ਖਾਹਸ਼ਾਂ, ਲਾਲਸਾਵਾਂ ਤੇ ਇੱਛਾਵਾਂ ਨੂੰ ਮਾਰਿਆ ਹੋਇਆ ਹੈ। ਸਾਡੀ ਟੋਪੀ ਹੈ ਅਕਾਸ਼ ਭਾਵ ਦਿਖਾਵੇ ਦੀ ਟੋਪੀ ਦੀ ਲੋੜ ਨਹੀਂ ਹੈ। ਇਸ ਸਰੀਰ ਨੂੰ ਕਸ ਕੇ ਰਖਣਾ ਹੀ ਸਾਡਾ ਕੜਆਸਣ ਹੈ। ਮਨ ਨੂੰ ਜਗਾ ਕੇ ਰਖਣਾ ਸਾਡੀ ਲੰਗੋਟੀ ਹੈ। ਭਾਵ ਜਦੋਂ ਹਰ ਵੇਲੇ ਨਾਮ ਵਸਦਾ ਹੈ ਤਾਂ ਦਿਖਾਵੇ ਦੀ ਲੰਗੋਟੀ ਦੀ ਕੋਈ ਲੋੜ ਨਹੀ ਹੈ। ਮਨ ਪਰਾਈ ਇਸਤ੍ਰੀ ਵਲ ਵੇਖੇਗਾ ਹੀ ਨਹੀਂ। ਸਤ ਸੰਤੋਖ ਸੰਜਮ ਸਾਡੇ ਨਾਲ ਹੈ। ਇਉਂ ਅਸੀਂ ਪ੍ਰਭੂ ਦਾ ਨਾਮ ਲੈਂਦੇ ਹੋਏ ਗੁਰਮੁਖ ਦੀ ਪਦਵੀ ਪਾ ਲੈਂਦੇ ਹਾਂ। ਹੋਰ ਜੋਗੀ ਪ੍ਰਸ਼ਨ ਕਰਦਾ ਹੈ —ਕੌਣ ਗੁਪਤ ਹੈ? ਕੌਣ ਮੁਕਤ ਹੈ? ਅੰਦਰ ਬਾਹਰ ਕੌਣ ਜੁੜਿਆ ਹੋਇਆ ਹੈ? ਕੌਣ ਆਉਂਦਾ ਜਾਂਦਾ ਹੈ। ਤਰੈ ਲੋਕੀ ਵਿਚ ਕੌਣ ਸਮਾਇਆ ਹੋਇਆ ਹੈ? ਗੁਰੂ ਜੀ ਜਵਾਬ ਦੇਂਦੇ ਹਨ—

''ਘਟਿ ਘਟਿ ਗੁਪਤਾ ਗੁਰਮੁਖ ਮੁਕਤਾ।
ਅੰਤਰਿ ਬਾਹਰਿ ਸ਼ਬਦ ਸੁ ਜੁਗਤਾ।
ਮਨਮੁਖਿ ਬਿਨਸੈ ਆਵੈ ਜਾਇ।
ਨਾਨਕ ਗੁਰਮੁਖਿ ਸਾਚਿ ਸਮਾਇ।''

ਭਾਵ ਘਟ ਘਟ ਵਿਚ ਵਾਸ ਕਰਨ ਵਾਲਾ ਪ੍ਰਭੂ ਗੁਪਤ ਹੈ। ਗੁਰਮੁਖ ਮੁਕਤ ਹੈ। ਨਾਮ ਕਰਕੇ ਗੁਰਮੁਖ ਅੰਦਰੋਂ ਬਾਹਰੋਂ ਜੁੜਿਆ ਰਹਿੰਦਾ ਹੈ। ਮਨਮੁਖ ਮਰਦਾ ਤੇ ਜੰਮਦਾ ਰਹਿੰਦਾ ਹੈ। ਭਾਵ ਆਉਂਦਾ ਜਾਂਦਾ ਰਹਿੰਦਾ ਹੈ। ਗੁਰਮੁਖ ਸੱਚ ਵਿਚ ਸਦਾ ਸਮਾਇਆ ਰਹਿੰਦਾ ਹੈ।

ਰਹੱਸਮਈ ਪ੍ਰਸ਼ਨ ਅੱਗੋਂ ਹੋਰ ਚਲਦਾ ਹੈ, ਇਸ ਜੀਵ ਨੂੰ ਕਿਸ ਨੇ ਬੰਨ੍ਹਿਆ ਹੈ? ਕਿਵੇਂ ਖੋਈਦਾ ਹੈ? ਕਿਵੇਂ ਪਾਈਦਾ ਹੈ? ਇਹ ਜੀਵ ਕਿਵੇਂ ਮੈਲਾ ਹੈ? ਕਿਵੇਂ ਨਿਰਮਲ ਹੋਵੇ? ਗੁਰੂ ਫੁਰਮਾਂਦੇ ਹਨ—

''ਦੁਰਮਤਿ ਬਾਧਾ ਸਰਪਨਿ ਖਾਧਾ।
ਮਨਮੁਖਿ ਗੁਰਮੁਖਿ ਲਾਯਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਤਿਗੁਰੁ ਮਿਲੈ ਅੰਧੇਰਾ ਜਾਇ।
ਨਾਨਕ ਹਉਮੈ ਮੇਟਿ ਸਮਾਇ।"

ਭੈੜੀ ਮਤ ਨੇ ਇਸ ਨੂੰ ਬੰਨ੍ਹਿਆ ਹੋਇਆ ਹੈ। ਸਰਪਨੀ ਮਾਇਆ ਨੇ ਖਾਧਾ ਹੈ।

"ਮਾਇਆ ਮਮਤਾ ਮੋਹਣੀ ਮਨਮੁਖਾਂ ਨੂੰ ਗਈ ਖਾਇ।"

ਮਨਮੁਖ ਖੋਹ ਦੇਂਦਾ ਹੈ। ਗੁਰਮੁਖ ਪਾ ਲੈਂਦਾ ਹੈ। ਸਤਿਗੁਰੂ ਤੋਂ ਨਾਮ ਸ਼ਬਦ ਦੇ ਰੰਗ ਨਾਲ ਨਿਰਮਲ ਹੋਈਦਾ ਹੈ—

"ਭਰੀਐ ਮਤ ਪਾਪਾਂ ਕੈ ਸੰਗ।
ਓਹ ਧੋਪੈ ਨਾਵੈ ਕੈ ਰੰਗ।" (ਜਪੁਜੀ)

ਹਉਮੈ ਨੂੰ ਗੁਆ ਕੇ ਉਸ ਨਾਲ ਸਮਾਇਆ ਜਾ ਸਕਦਾ ਹੈ। ਜਿਵੇਂ ਜਪੁਜੀ ਵਿਚ ਆਇਆ ਹੈ ਕਿ ਸ਼ਭ ਕੁਝ ਉਸ ਦੇ ਭਾਣੇ ਵਿਚ, ਹੁਕਮ ਵਿਚ ਚਲ ਰਿਹਾ ਹੈ। ਇਸ ਤਰ੍ਹਾਂ ਸਿਧ ਗੋਸ਼ਟ ਵਿਚ ਦਸਦੇ ਹਨ ਕਿ—

"ਹੁਕਮੇ ਆਵੈ ਹੁਕਮੈ ਜਾਵੈ ਹੁਕਮੈ ਰਹੈ ਸਮਾਈ।
ਪੂਰੇ ਗੁਰ ਤੇ ਸਾਚੁ ਕਮਾਵੈ ਗਤਿ ਮਿਤਿ ਸਬਦੇ ਪਾਈ।"

ਅਰਥਾਤ ਜੀਵ ਹੁਕਮ ਵਿਚ ਆਉਂਦਾ ਜਾਂਦਾ ਹੈ। ਪੂਰੇ ਗੁਰੂ ਦੇ ਸ਼ਬਦ ਨੂੰ ਰਟਨ ਨਾਲ ਸੱਚ ਕਮਾਇਆ ਜਾ ਸਕਦਾ ਹੈ। ਸ਼ਬਦ ਨਾਲ ਹੀ ਅਟੱਲ ਅਵਸਥਾ ਪਾਈ ਜਾ ਸਕਦੀ ਹੈ।

ਜੋ ਆਪਣੇ ਆਪੇ ਨੂੰ ਮੇਟ ਕੇ ਨਿਰਾਲਮ ਹੋ ਗਿਆ ਹੈ, ਉਸ ਦੇ ਹਿਰਦੇ ਵਿਚ ਵਾਹਿਗੁਰੂ ਦਾ ਵਾਸਾ ਹੋ ਜਾਂਦਾ ਹੈ। ਉਹੀ ਸੱਚਾ ਜੋਗੀ ਹੈ—

"ਹੁਕਮੁ ਬਿਸਮਾਦੁ ਹੁਕਮਿ ਪਛਾਣੈ ਜੀਅ ਜੁਗਤਿ ਸਚੁ ਜਾਣੈ ਸੋਈ।
ਆਪ ਮੇਟਿ ਨਿਰਾਲਮੁ ਹੋਵੈ ਅੰਤਰਿ ਸਾਚੁ ਜੋਗੀ ਕਹੀਐ ਸੋਈ।"

ਪ੍ਰਮਾਤਮਾ ਦੇ ਦਰ ਤੇ ਕੌਣ ਵਡਿਆਈ ਪਾ ਸਕਦਾ ਹੈ? ਕਿਸ ਨੂੰ ਕੁਝ ਸੁਝ ਸਕਦਾ ਹੈ?

"ਜੀਵਤ ਮਰੈ ਤਾ ਸਭੁ ਕਿਛੁ ਸੂਝੈ ਅੰਤਰ ਜਾਣੈ ਸਰਬ ਦਇਆ।
ਨਾਨਕ ਤਾਕਉ ਮਿਲੈ ਵਡਾਈ ਆਪੁ ਪਛਾਣੈ ਸਰਬ ਜੀਆ।"

ਅਰਥਾਤ ਜੋ ਜੀਂਵਦਿਆਂ ਮਰਿਆਂ ਸਮਾਨ ਹੋ ਜਾਵੇ ਜੋ ਉਸ ਦੇ ਹੁਕਮ ਨੂੰ ਜਾਣ ਲਵੇ ਇਹੀ ਜੀਵ ਦੀ ਜੁਗਤ ਹੈ। ਆਪਣੇ ਆਪੇ ਦੇ ਭਾਵ ਨੂੰ ਮੇਟ ਲਵੇ ਉਹ ਨਿਰਲੇਪ ਹੈ। ਨਿਰਾਲਮ ਹੈ, ਉਸ ਦੇ ਅੰਤਰ ਪ੍ਰਮਾਤਮਾ ਦਾ ਵਾਸ ਹੁੰਦਾ ਹੈ। ਉਹੀ ਸੱਚਾ ਜੋਗੀ ਹੈ। ਭਾਵ ਅਸਲ ਵਿਚ ਉਹੀ ਵਾਹਿਗੁਰੂ ਵਿਚ ਜੁੜਿਆ ਹੋਇਆ ਹੁੰਦਾ ਹੈ।

ਸਮੁੱਚੇ 'ਸਿਧ ਗੋਸ਼ਟ' ਵਿਚ ਨਾਮ, ਸ਼ਬਦ, ਸਾਧ, ਗੁਰੂ ਤੇ ਗੁਰਮੁਖ ਦੀ ਭਾਰੀ ਮਹਿਮਾ ਗਾਈ ਗਈ ਹੈ। ਗੁਰਮੁਖ ਨੂੰ ਵੱਡੀਆਂ ਵਡਿਆਈਆਂ ਵਾਲਾ ਬਿਆਨ ਕੀਤਾ ਹੈ। ਅਸਲ ਵਿਚ ਗੁਰਮੁਖ ਹੀ ਸਾਰੇ ਸਮਾਇਆ ਹੋਇਆ ਹੈ। ਇਹੀ ਰਹੱਸ ਜਪੁਜੀ ਵਿਚ ਵੀ ਨਾਜ਼ਲ ਹੋਇਆ ਹੈ—

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"ਗੁਰਮੁਖ ਰਹਿਆ ਸਮਾਈ।"

ਜਿਸ ਦੀਆਂ ਨੌ ਗੋਲਕਾਂ ਨੱਕੋ-ਨੱਕ ਭਰ ਕੇ ਦਸਵੇਂ ਸਰ (ਦੁਆਰ) ਵਿਚ ਜਾ ਕੇ ਪੈ ਜਾਂਦੀਆਂ ਹਨ ਤਾਂ ਇਕ ਰਸ ਸੁੰਨ ਅਵਸਥਾ ਵਿਚ ਵਾਜੇ ਵੱਜ ਉਠਦੇ ਹਨ। ਪ੍ਰਮਾਤਮਾ ਦੀ ਹਜ਼ੂਰੀ ਵਿਚ ਪਹੁੰਚ ਕੇ ਉਸ ਵਿਚ ਸਮਾ ਜਾਂਦੇ ਹਨ। ਓਥੇ ਹੀ ਉਸ ਦੀ ਗੁਪਤ ਬਾਣੀ ਪ੍ਰਗਟ ਹੁੰਦੀ ਹੈ। ਵਾਹਿਗੁਰੂ ਦੀ ਗਤਿ ਮਿਤਿ ਉਹੀ ਜਾਣਦਾ ਹੈ। ਹੋਰ ਕੋਈ ਨਹੀਂ ਜਾਣਦਾ। ਉਹੀ ਗੁਪਤ ਹੈ। ਉਹੀ ਪ੍ਰਗਟ ਹੈ। ਉਹ ਆਪ ਹੀ ਆਪਣੀ ਮਾਇਆ ਦੇ। ਆਪਣੀ ਖੇਲ੍ਹ ਦੇ ਰੰਗ ਮਾਣ ਰਿਹਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

'ਸਿਧ ਗੋਸ਼ਟਿ' ਵਿਚ ਦਾਰਸ਼ਨਿਕ ਪੱਖ

ਗੁਰੂ ਨਾਨਕ ਦੇਵ ਜੀ ਮਹਾਨ ਦਾਰਸ਼ਨਿਕ ਵਿਅਕਤੀ ਹਨ। ਕਵੀ ਹਨ। ਭਗਤ ਹਨ। ਪੈਗੰਬਰ ਹਨ। ਆਪ ਜੀ ਦੀਆਂ ਬਾਣੀਆਂ ਦਾਰਸ਼ਨਿਕ ਹਨ; ਜਪੁਜੀ ਸਾਹਿਬ, ਪਟੀ ਰਾਗ ਆਸਾ, ਸਿਧ ਗੋਸ਼ਟਿ, ਆਦਿ ਦਾਰਸ਼ਨਿਕ ਬਾਣੀਆਂ ਹਨ। ਸਿਧ ਗੋਸ਼ਟਿ ਤਾਂ ਸਿਖ ਮੱਤ ਦੀ ਸਮੀਖਿਆ ਹੈ। ਸਿਖ ਦਰਸ਼ਨ ਦੀ ਸਮੀਖਿਆ। ਹੁਣ ਖੋਲ੍ਹ ਕੇ ਇਸ ਦੇ ਦਾਰਸ਼ਨਿਕ ਪੱਖ ਨੂੰ ਪੇਸ਼ ਕੀਤਾ ਜਾਂਦਾ ਹੈ—ਦਾਰਸ਼ਨਿਕਤਾ ਦਾ ਅਰਥ ਹੈ ਦਰਸ਼ਨ, ਫਿਲਾਸਫੀ, ਗਿਆਨ, ਮੱਤ, ਆਦਿ।

1. ਬ੍ਰਹਮ ਦੀ ਬ੍ਰਹਮਤਾ—ਸਿਧ ਗੋਸ਼ਟਿ ਵਾਹਿਗੁਰੂ ਦੇ ਮੰਗਲਾਚਰਣ ਤੋਂ ਸ਼ੁਰੂ ਹੁੰਦੀ ਹੈ। ਉਹ ਸੱਚਾ ਹੈ ਅਤੇ ਅਪਰੰਪਰ ਹੈ। ਭਾਵ ਅਪਰ ਅਪਾਰ ਹੈ। ਤਨ ਮਨ ਧੰਨ ਆਉ ਉਸ ਨੂੰ ਭੇਟ ਕਰੀਏ ਤਾਂ ਕਿ ਉਹ ਮਿਲ ਸਕੇ। ਐਸਾ ਗੁਰੂ ਜੀ ਮੱਤ ਪੇਸ਼ ਕਰਦੇ ਹਨ। ਉਹ ਸੱਚ ਹੈ ਅਤੇ ਉਸੇ ਸੱਚ ਤੋਂ ਬਿਨਾ ਕੋਈ ਮੁਕਤ ਨਹੀਂ ਹੋ ਸਕਦਾ—

"ਸਾਚੇ ਸ਼ਬਦ ਬਿਨ ਮੁਕਤ ਨ ਕੋਇ।"

ਗੁਰਮੁਖ ਹੋਇਆਂ ਉਸ ਪ੍ਰਭੂ ਦੀ ਨਿਰੰਤਰ ਜੋਤ ਨੂੰ ਪਾਇਆ ਜਾ ਸਕਦਾ ਹੈ—

"ਗੁਰਮੁਖ ਜੋਤਿ ਨਿਰੰਤਰ ਪਾਈ।"

ਤਰੈ ਗੁਣ ਅਤੀਤ ਹੋਇਆਂ ਲੋਹਾ (ਸਾਰ) ਖਾਧਾ ਜਾ ਸਕਦਾ ਹੈ। ਤਾਂ ਹੀ ਬ੍ਰਹਮ ਪਾਰ ਬੰਨ੍ਹੇ, ਲਾਉਂਦਾ ਹੈ—ਬੇੜਾ ਤਾਰਦਾ ਹੈ—ਨਹੀਂ ਤਾ ਡੋਬਦਾ ਹੈ—

"ਤ੍ਰੈ ਗੁਣ ਮੇਟੇ ਖਾਈਐ ਸਾਰੁ।
ਨਾਨਕ ਤਾਰੇ ਤਾਰਣਹਾਰ।"

ਜਦੋਂ ਅਦ੍ਰਿਸ਼ਟ ਅਵਸਥਾ ਤੋਂ ਨਿਰਮਲ ਪਰਮਾਤਮਾ ਪ੍ਰਗਟ ਹੁੰਦਾ ਹੈ ਤਾਂ ਉਹ ਨਿਰਗੁਣ ਰੂਪ ਤੋਂ ਸਰਗੁਣ ਬਣਦਾ ਹੈ। ਜਦ ਮਨ ਉਸ ਦੇ ਨਾਮ ਦੇ ਸ਼ਬਦ ਨਾਲ ਜੁੜਦਾ ਹੈ ਤਾਂ ਪਰਮਪਦ ਮਿਲਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅੰਤ ਵਿਚ ਗੋਸ਼ਟਿ ਦਾ ਸਿੱਟਾ ਕਢਦੇ ਹੋਏ ਗੁਰੂ ਲਿਖਦੇ ਹਨ ਕਿ ਪਰਮਾਤਮਾ ਦੀ ਗਤਿ ਮਿਤਿ ਉਹ ਆਪ ਹੀ ਜਾਣਦਾ ਹੈ ਹੋਰ ਕੋਈ ਨਹੀਂ ਜਾਣਦਾ। ਉਹ ਆਪ ਹੀ ਪ੍ਰਗਟ ਹੈ। ਆਪ ਹੀ ਗੁਪਤ ਹੈ। ਉਹ ਆਪ ਹੀ ਹਰ ਪਾਸੇ ਦੁਨੀਆਂ ਵਿਚ ਰੰਗ ਮਾਣ ਰਿਹਾ ਹੈ। ਅਨੇਕਾਂ ਉਸ ਦੇ ਦਰਸ਼ਨਾਂ ਲਈ ਤੜਪ ਰਹੇ ਹਨ ਅਬਿਨਾਸ਼ੀ ਬ੍ਰਹਮ ਇਹ ਜਗਤ ਇਕ ਖੇਲ ਰਚੀ ਹੈ। ਗੁਰਮੁਖ ਹੀ ਉਸ ਦੀ ਥਾਹ ਪਾ ਸਕਦਾ ਹੈ। ਉਹ ਸਦਾ ਕਾਇਮ ਹੈ। ਉਸ ਜਿਹਾ ਹੋਰ ਕੋਈ ਨਹੀਂ—ਜਪੁਜੀ ਸਾਹਿਬ ਵਿਚ ਵੀ ਆਇਆ ਹੈ –

"ਏਵਡ ਊਚਾ ਹੋਵੈ ਕੋਇ।
ਤਿਸ ਊਚੇ ਕਉ ਜਾਣੈ ਸੋਇ।"

ਸਿਧ ਗੋਸ਼ਟਿ ਵਿਚ ਆਇਆ ਹੈ—

"ਤੇਰੀ ਗਤਿ ਮਿਤਿ ਤੂਹੈ ਜਾਣਹਿ ਕਿਆ ਕੋ ਆਖ ਵਖਾਣੈ।
ਤੂੰ ਆਪੇ ਗੁਪਤਾ ਆਪੇ ਪਰਗਟ ਆਪੇ ਸਭਿ ਰੰਗ ਮਾਣੈ।
... ...
ਅਬਿਨਾਸੀ ਪ੍ਰਭਿ ਖੇਲ ਰਚਾਇਆ ਗੁਰਮੁਖ ਸੋਝੀ ਹੋਈ।
ਨਾਨਕ ਸਭਿ ਜੁਗ ਆਪੇ ਵਰਤੈ ਦੂਜਾ ਅਵਰ ਨ ਕੋਈ।"

2. ਸ਼ਬਦ ਜਾਂ ਨਾਮ ਦੀ ਮਹਿਮਾ—ਉਹ ਆਪ ਸੱਚਾ ਹੈ। ਇਸ ਕਰਕੇ ਉਹਦਾ ਸ਼ਬਦ ਵੀ ਸੱਚਾ ਹੈ। ਉਸ ਦੇ ਸਚੇ ਸ਼ਬਦ ਬਿਨਾ ਮੁਕਤੀ ਨਹੀਂ ਮਿਲ ਸਕਦੀ। ਗੁਰੂ ਜੀ ਸਿਧਾਂ ਨੂੰ ਫੁਰਮਾਂਦੇ ਹਨ ਕਿ ਸਾਡੇ ਮਨ ਵਿਚ ਨਿਰੰਤਰ ਇਕ ਸ਼ਬਦ ਦਾ ਨਿਵਾਸ ਹੈ। ਇਸ ਤਰ੍ਹਾਂ ਹਉਮੈ ਤੇ ਮਮਤਾ ਅਸਾਂ ਦੂਰ ਕਰ ਦਿਤੀ ਹੈ। ਗੁਰੂ ਸ਼ਬਦ ਰਾਹੀਂ ਸਾਨੂੰ ਤੱਤ ਦੀ ਸਮਝ ਪਈ ਹੈ। ਉਹ ਸਰਬ ਵਿਆਪਕ ਪਰਮਾਤਮਾ ਆਪ ਹੀ ਮੁਕਤੀ ਦਾ ਦਾਤਾ ਹੈ। ਮੁਕਤੀ ਦੇਣ ਵਾਲਾ ਹੈ। ਮਨਸਾ ਤ੍ਰਿਸ਼ਨਾ ਨੂੰ ਗੁਰੂ ਦਾ ਸ਼ਬਦ ਸਾੜ ਕੇ ਰਖ ਦੇਂਦਾ ਹੈ। ਜੋ ਜੋਗੀ ਗੁਰੂ ਦੇ ਸ਼ਬਦ ਨੂੰ ਪਛਾਣਦਾ ਹੈ ਉਸ ਦੀ ਅੰਤਰਾਤਮਾ ਕੰਵਲ ਵਾਂਗ ਖਿੜ ਜਾਂਦੀ ਹੈ—

"ਸੋ ਜੋਗੀ ਗੁਰ ਸ਼ਬਦੁ ਪਛਾਣੈ ਅੰਤਰ ਕਮਲੁ ਪ੍ਰਗਾਸੁ ਥੀਆ।"

ਨਾਮ ਵਿਚ ਰੰਗੇ ਜਾਣ ਨਾਲ ਹਉਮੈ ਦੂਰ ਜਾਂਦੀ ਹੈ। ਨਾਮ ਵਿਚ ਰਤਿਆਂ ਹੀ ਸਚੇ ਬ੍ਰਹਮ ਵਿਚ ਸਮਾਇਆ ਜਾ ਸਕਦਾ ਹੈ। ਨਾਮ ਵਾਲਾ ਹੀ ਜੋਗ ਜੁਗਤ ਦੀ ਵਿਚਾਰ ਜਾਣ ਸਕਦਾ ਹੈ। ਨਾਮ ਰਤਿਆ ਹੀ ਮੁਕਤ ਹੈ। ਉਸ ਨੂੰ ਤ੍ਰੈ ਭਵਣ ਦੀ ਸੋਝੀ (ਗਿਆਨ) ਹੋ ਜਾਂਦੀ ਹੈ। ਨਾਮ ਵਿਚ ਰੰਗਿਆ ਜਾਣਾ ਸਦਾ ਸੁਖ ਪ੍ਰਾਪਤ ਕਰਨਾ ਹੈ।

"ਨਾਮੇ ਰਤੇ ਹਉਮੈ ਜਾਇ।
ਨਾਮਿ ਰਤੇ ਸਚੇ ਰਹੇ ਸਮਾਇ।
ਨਾਮਿ ਰਤੇ ਜੋਗ ਜੁਗਤਿ ਵਿਚਾਰ।
ਨਾਮਿ ਰਤੇ ਪਾਵਹਿ ਮੋਖੁ ਦੁਆਰ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾਮਿ ਰਤੇ ਤ੍ਰਿਭਵਣ ਸੋਝੀ ਹੋਇ ।
ਨਾਨਕ ਨਾਮਿ ਰਤੇ ਸਦਾ ਸੁਖੁ ਹੋਇ ।''

ਨਾਮ ਵਿਚ ਰਤਿਆ ਹੀ ਸਿਧ ਗੋਸ਼ਟਿ ਹੋ ਜਾਂਦੀ ਹੈ । ਨਾਮ ਹੀ ਸਦਾ ਤਪ ਹੈ । ਨਾਮ ਵਿਚੋਂ ਹੀ ਸੱਚ ਦੀ ਸਾਰ (ਗਿਆਨ) ਹੁੰਦੀ ਹੈ । ਨਾਮ ਵਾਲਾ ਹੀ ਉਹਦੇ ਗੁਣਾਂ ਦੀ ਵਿਚਾਰ ਜਾਣ ਸਕਦਾ ਹੈ । ਨਾਮ ਤੋਂ ਬਿਨਾ ਬੋਲਣਾ ਬੇਕਾਰ ਹੈ । ਜੋ ਨਾਮ ਵਿਚ ਰਤੇ ਹਨ, ਉਨ੍ਹਾਂ ਦੀ ਜੈ ਜੈ ਕਾਰ ਹੁੰਦੀ ਹੈ ।

3. ਮੁਕਤੀ—ਸ਼ਬਦ ਦੇ ਰੰਗ ਵਿਚ ਰੰਗਿਆ ਰਹਿਣ ਵਾਲਾ ਹੀ ਸਦਾ ਮੁਕਤ ਹੈ । ਉਹੀ ਗੁਰਮੁਖ ਹੈ । ਜੋ ਉਸ ਦੇ ਭਾਣੇ ਵਿਚ ਰਹਿੰਦਾ, ਚਲਦਾ ਤੇ ਸਰਬ ਕਰਮ ਕਰਦਾ ਹੈ, ਉਹੀ ਮੁਕਤ ਹੈ । ਦੂਜਾ ਆਵਗਵਣ ਦੇ ਚੱਕਰ ਵਿਚ ਪਿਆ 84 ਦੇ ਗੇੜੇ ਕੱਟਦਾ ਰਹਿ ਜਾਂਦਾ ਹੈ । ਗੁਰਮੁਖ ਸ਼ਬਦ ਵਿਚ ਰੰਗਿਆ ਬ੍ਰਹਮ ਦੇ ਨੇੜੇ ਹੋ ਜਾਂਦਾ ਹੈ ਅਤੇ ਮੁਕਤ ਹੋ ਜਾਂਦਾ ਹੈ ।

4. ਪ੍ਰਸ਼ਨਾਂ ਦੇ ਉੱਤਰ - ਪ੍ਰਸ਼ਨ ਜੋ ਸਿਧ ਨਾਥ ਜੋਗੀ ਗੁਰੂ ਜੀ ਨੂੰ ਕਰਦੇ ਹਨ, ਉਹ ਦਾਰਸ਼ਨਿਕ ਹਨ ਅਤੇ ਉਨ੍ਹਾਂ ਦੇ ਉੱਤਰ ਵੀ ਦਾਰਸ਼ਨਿਕ ਹਨ । ਸਭ ਤੋਂ ਪਹਿਲਾਂ ਚਰਪਟ ਨਾਥ ਜੋਗੀ ਗੁਰੂ ਜੀ ਨੂੰ ਸੁਆਲ ਕਰਦਾ ਹੈ —

''ਕਵਨ ਤੁਮੇ ਕਿਆ ਨਾਉ ਤੁਮਾਰਾ ਕਉਨੁ ਮਾਰਗੁ ਕਉਨੁ ਸੁਆਓ ?''

ਗੁਰੂ ਜੀ ਜੁਆਬ ਦੇਂਦੇ ਹਨ—

''ਸਾਚ ਕਹਉ ਅਰਦਾਸਿ ਹਮਾਰੀ ਹਉ ਸੰਤ ਜਨਾ ਬਲਿ ਜਾਓ ।''

ਅਰਥਾਤ ਗੁਰੂ ਜੀ ਫੁਰਮਾਂਦੇ ਹਨ ਕਿ ਮੈਂ ਤਾਂ ਸੰਤ ਜਨਾ ਤੋਂ ਬਲਿਹਾਰ ਜਾਣ ਵਾਲਾ ਹਾਂ । ਫਿਰ ਹੋਰ ਚਰਪਟ ਅੱਗੋਂ ਸੁਆਲ ਕਰਦਾ ਹੈ—

''ਕਹ ਬੈਸਹੁ ਕਹ ਰਹੀਐ ਬਾਲੇ ਕਹ ਆਵਹੁ ਕਹ ਜਾਹੋ
ਚਰਪਟ ਬੋਲੈ ਸੁਣਿ ਬੈਰਾਗੀ ਕਿਆ ਤੁਮਾਰਾ ਰਾਹੋ ।

ਅਰਥਾਤ ਹੇ ਬਾਲਕ ਕਿੱਥੇ ਬੈਠਦੇ ਹੋ ? ਕਿੱਥੇ ਰਹਿੰਦੇ ਹੋ ? ਕਿੱਥੋਂ ਆਏ ਹੋ ? ਕਿਥੇ ਜਾਓਗੇ ? ਤੁਹਾਡਾ ਰਾਹ ਕਿਹੜਾ ਹੈ ? ਗੁਰੂ ਜੀ ਜਵਾਬ ਦੇਂਦੇ ਹਨ—

''ਘਟਿ ਘਟਿ ਬੈਸਿ ਨਿਰੰਤਰਿ ਰਹੀਐ ਚਾਲਹਿ ਸਤਿਗੁਰ ਭਾਏ ।
ਸਹਜੇ ਆਏ ਹੁਕਮਿ ਸਿਧਾਏ ਨਾਨਕ ਸਦਾ ਰਜਾਏ ।
ਆਸਣਿ ਬੈਸਣਿ ਥਿਰੁ ਨਾਰਾਇਣੁ ਐਸੀ ਗੁਰਮਤ ਪਾਏ ।
ਗੁਰਮੁਖਿ ਬੂਝੈ ਆਪ ਪਛਾਣੈ ਸਚੇ ਸਚ ਸਮਾਏ ।''

ਅਰਥਾਤ ਸਰੀਰ ਵਿਚ ਜੋ ਮਨ ਹੈ ਉਸ ਵਿਚ ਅਸੀਂ ਬੈਠਦੇ ਹਾਂ । ਨਿਰੰਤਰ ਪ੍ਰਮਾਤਮਾ ਜੋ ਪਰਿਪੂਰਨ ਹੈ ਉਸ ਵਿਚ ਅਸੀਂ ਰਹਿੰਦੇ ਹਾਂ । ਸਤਿਗੁਰੂ ਦੇ ਭਾਣੇ ਵਿਚ ਤੁਰਨਾ ਹੀ ਸਾਡਾ ਰਾਹ ਹੈ । ਸਾਡਾ ਮਾਰਗ ਹੈ । ਸਾਡਾ ਮਤ ਹੈ । ਵਾਹਿਗੁਰੂ ਦੇ ਹੁਕਮ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਆਏ ਹਾਂ ਅਤੇ ਹੁਕਮ ਵਿਚ ਹੀ ਚਾਲੇ ਪਾ ਦੇਵਾਂਗੇ। ਅਸੀਂ ਸਦਾ ਉਸ ਦੀ ਰਜ਼ਾ ਵਿਚ ਰਹਿੰਦੇ ਹਾਂ। ਅਸਥਿਰ ਆਸਣ ਵਾਲਾ ਤਾਂ ਕੇਵਲ ਆਪ ਅਕਾਲ ਪੁਰਖ ਹੀ ਹੈ। ਚਰਪਟ ਅੱਗੇ ਸਵਾਲ ਕਰਦਾ ਹੈ—

"ਦੁਨੀਆਂ ਸਾਗਰੁ ਦੁਤਰੁ ਕਹੀਐ
ਕਿਉਂਕਰ ਪਾਈਐ ਪਾਰੋ
ਚਰਪਟ ਬੋਲੈ ਅਉਧੂ ਨਾਨਕ
ਦੇਹੁ ਸੱਚਾ ਬੀਚਾਰੋ।"

ਗੁਰੂ ਜੀ ਸਭ ਕੁਝ ਜਾਣਦੇ ਹੋਏ ਕਹਿੰਦੇ ਹਨ ਹੇ ਚਰਪਟ ਤੁਸੀਂ ਸਭ ਕੁਝ ਜਾਣਦੇ ਹੋ। ਆਪੇ ਤੁਸੀਂ ਸਵਾਲ ਪੁੱਛਦੇ ਹੋ ਅਤੇ ਆਪੇ ਹੀ ਜਵਾਬ ਵੀ ਜਾਣਦੇ ਹੋ। ਮੈਂ ਸੱਚ ਕਹਿੰਦਾ ਹਾਂ ਕਿ ਤੁਸੀਂ ਪਾਰ ਤਰਨ ਵਾਲੇ ਹੋ। ਇਸ ਲਈ ਤੁਹਾਨੂੰ ਮੈਂ ਬਹਿਸ ਵਿਚ ਕਿਉਂ ਬੈਠਣ ਦਿਆਂ ਭਾਵ ਬਹਿਸ ਵਿਚ ਕਿਉਂ ਪਾਵਾਂ। ਪਰ ਗੁਰੂ ਜੀ ਸੱਚਾ ਮਾਰਗ ਵੀ ਸੁਝਾਂਦੇ ਹਨ। ਹੋਰ ਸਵਾਲ ਜਵਾਬ ਚਲਦੇ ਹਨ—

"ਕਵਨੁ ਸੁ ਗੁਪਤਾ ਕਵਨੁ ਸੁ ਮੁਕਤਾ।
ਕਵਨੁ ਸੁ ਅੰਤਰਿ ਬਾਹਰ ਜੁਗਤਾ।
ਕਵਨੁ ਸੁ ਆਵੈ ਕਵਨੁ ਸੁ ਜਾਇ।
ਕਵਨੁ ਸੁ ਤ੍ਰਿਭਵਣਿ ਰਹਿਆ ਸਮਾਇ।"

ਜਵਾਬ—

"ਘਟਿ ਘਟਿ ਗੁਪਤਾ ਗੁਰਮੁਖਿ ਮੁਕਤਾ।
ਅੰਤਰਿ ਬਾਹਰਿ ਸ਼ਬਦਿ ਸੁ ਜੁਗਤਾ
ਮਨ ਮੁਖਿ ਬਿਨਸੈ ਆਵੈ ਜਾਇ।
ਨਾਨਕ ਗੁਰਮੁਖਿ ਸਾਚਿ ਸਮਾਇ।"

ਅਰਥਾਤ ਘਟਿ ਘਟਿ ਵਿਚ ਵਸਣ ਵਾਲਾ ਪ੍ਰਮਾਤਮਾ ਗੁਪਤ ਹੈ। ਗੁਰਮੁਖ ਮੁਕਤ ਹੈ। ਜੁਗਤ ਵਿਚ ਉਹ ਹੈ ਜੋ ਅੰਦਰੋਂ ਬਾਹਰੋਂ ਨਾਮ ਵਿਚ ਜੁੜਿਆ ਹੋਇਆ ਹੈ। ਮਨਮੁਖ ਜੰਮਦਾ ਤੇ ਮਰਦਾ ਰਹਿੰਦਾ ਹੈ। ਗੁਰਮੁਖ ਵਾਹਿਗੁਰੂ ਵਿਚ ਵਿਲੀਣ ਰਹਿੰਦਾ ਹੈ। ਅੱਗੋਂ ਹੋਰ ਪ੍ਰਸ਼ਨਾਂ ਦੀ ਲੜੀ ਚਲਦੀ ਹੈ—

"ਕਿਉਂ ਕਰ ਬਾਧਾ ਸਰਪਨਿ ਖਾਧਾ।
ਕਿਉਂ ਕਰ ਖੋਹਿਆ ਕਿਉ ਕਰ ਲਾਧਾ।
ਕਿਉਂ ਕਰ ਨਿਰਮਲ ਕਿਉ ਕਰ ਅੰਧਿਆਰਾ।"

ਗੁਰੂ ਜੀ ਨੇ ਜਵਾਬ ਸੁਣਾਇਆ—

"ਦੁਰਮਤਿ ਬਾਧਾ ਸਰਪਨਿ ਖਾਧਾ।
ਮਨਮੁਖਿ ਖੋਇਆ ਗੁਰਮੁਖਿ ਲਾਧਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਤਿਗੁਰ ਮਿਲੈ ਅੰਧੇਰਾ ਜਾਇ।
ਨਾਨਕ ਹਉਮੈ ਮੇਟਿ ਸਮਾਇ।''

ਅਰਥਾਤ ਭੈੜੀ ਬੁੱਧੀ ਕਰਕੇ ਬੰਧਨਾਂ ਵਿਚ ਬੰਨ੍ਹਿਆ ਹੋਇਆ ਹੈ ਅਤੇ ਸਰਪਨੀ ਮਾਇਆ ਨੇ ਇਸ ਨੂੰ ਖਾਧਾ ਹੈ। ਮਨਮੁਖ ਸਭ ਕੁਝ ਖੋਹ ਜਾਂਦਾ ਹੈ ਜਦ ਕਿ ਗੁਰਮੁਖ ਪ੍ਰਾਪਤ ਕਰ ਜਾਂਦਾ ਹੈ। ਗੁਰੂ ਦੇ ਮਿਲਿਆਂ ਰੌਸ਼ਨੀ ਹੈ ਅਤੇ ਨਾ ਮਿਲਿਆ ਅੰਧੇਰਾ ਹੀ ਅੰਧੇਰਾ ਹੈ।

ਇਉਂ ਬਹੁਤ ਸਾਰੇ ਹੋਰ ਵੀ ਪ੍ਰਸ਼ਨ ਚਲਦੇ ਹਨ ਅਤੇ ਉਨ੍ਹਾਂ ਦੇ ਉਤਰ ਪਾਰਦਰਸ਼ੀ ਨਾਨਕ ਜੀ ਦੇਂਦੇ ਜਾਂਦੇ ਹਨ। ਅੰਤ ਸਿਧਾਂ ਦੀ ਨਿਸ਼ਾ ਹੋ ਜਾਦੀ ਹੈ ਅਤੇ ਉਨ੍ਹਾਂ ਦੇ ਮਨੀ ਸ਼ਾਂਤੀ ਵਸ ਜਾਂਦੀ ਹੈ। ਉਹ ਧੰਨ ਨਾਨਕ ਧੰਨ ਨਾਨਕ ਦੀ ਧਵਨੀ ਅਲਾਪਦੇ ਚਲੇ ਜਾਂਦੇ ਹਨ।

5. ਗੁਰਮੁਖ ਮਨਮੁਖ ਗੁਰਮੁਖ ਕੌਣ ਹੈ? ਤੇ ਮਨਮੁਖ ਕੌਣ ਹੈ? ਇਹ ਪ੍ਰਸ਼ਨ ਵੀ ਦਾਰਸ਼ਨਿਕ ਹਨ। ਇਨ੍ਹਾਂ ਵਿਚ ਵੀ ਅਧਿਆਤਮਕ ਦਾਰਸ਼ਨਿਕਤਾ ਹੈ। ਗੁਰਮੁਖ ਉਹ ਹੈ ਜਿਸ ਨੂੰ ਸ਼ਬਦ ਪ੍ਰਾਪਤ ਹੈ ਅਤੇ ਮਨਮੁਖ ਜੋ ਸ਼ਬਦ ਤੋਂ ਕੋਰਾ ਹੈ। ਉਹ ਆਪਣੇ ਮਨ ਵਿਚ ਵਿਲੀਣ ਹੈ। ਗੁਰਮੁਖ ਸ਼ਬਦ ਵਿਚ ਲੀਣ ਹੈ। ਗੁਰਮੁਖ ਗੁਰ ਦੀ ਸਿਖਿਆ ਤੇ ਚਲਦਾ ਹੈ ਪਰ ਮਨਮੁਖ ਮਨ ਪਿਛੇ ਲੱਗਾ ਹੋਇਆ ਹੈ।

''ਗੁਰਮੁਖਿ ਨਿਰਮਲ ਹਰਿਗੁਣ ਗਾਵੈ।
ਗੁਰਮੁਖਿ ਪਵਿਤ੍ਰ ਪਰਮ ਪਦ ਪਾਵੈ।
ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ।
ਨਾਨਕ ਗੁਰਮੁਖਿ ਸਾਚਿ ਸਮਾਵੈ।

ਗੁਰਮੁਖਿ ਪਵਿਤ੍ਰ ਹੈ ਅਤੇ ਮਨ ਮੁਖਿ ਅਪਵਿਤ੍ਰ ਹੈ। ਗੁਰਮੁਖ ਹਰੀ ਦੇ ਗੁਣ ਗਾਇਣ ਕਰਦਾ ਹੈ ਅਤੇ ਮਨ ਮੁਖ ਹਰੀ ਉਤੇ ਨੁਕਤਾਚੀਨੀ ਕਰਦਾ ਰਹਿੰਦਾ ਹੈ। ਗੁਰਮੁਖ ਚੋਟ ਨਹੀਂ ਖਾਂਦਾ। ਮਨਮੁਖ ਚੋਟਾਂ ਖਾਂਦਾ ਰਹਿੰਦਾ ਹੈ। ਗੁਰਮੁਖ ਦਰਗਾਹ ਵਿਚ ਮਾਣ ਪਾਉਂਦਾ ਹੈ। ਗੁਰਮੁਖ ਰਾਮ ਦੇ ਨਾਂ ਵਿਚ ਰੰਗਿਆ ਹੁੰਦਾ ਹੈ। ਗੁਰਮੁਖ ਨੂੰ ਵਾਹਿਗੁਰੂ ਦੀ ਪਛਾਣ ਹੁੰਦੀ ਹੈ। ਪਰੰਤੂ ਮਨੁਖਤਾ ਤਾਂ—

ਬਿਨ ਗੁਰ ਭਰਮੈ ਆਵੈ ਜਾਇ।
ਬਿਨ ਗੁਰ ਘਾਲ ਨ ਪਾਣੀ ਥਾਇ।
ਬਿਨ ਗੁਰ ਮਨੂਆ ਅਤਿ ਡੋਲਾਇ।
ਬਿਨ ਗੁਰ ਤ੍ਰਿਪਤਿ ਨਹੀਂ ਬਿਖ ਖਾਇ।
ਬਿਨ ਗੁਰ ਬਿਸੀਅਰ ਡਸੈ ਮਰ ਵਾਟ।
ਨਾਨਕ ਗੁਰ ਬਿਨੁ ਘਾਟੋ ਘਾਟ।''

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੀਵਨ ਦਰਸ਼ਨ—'ਸਿਧ ਗੋਸ਼ਟਿ' ਵਿਚ ਜੀਵਨ ਫਲਸਫਾ, ਜੀਵਨ ਦਰਸ਼ਨ ਦੀ ਵਿਆਖਿਆ ਵੀ ਹੋਈ ਹੈ ? ਜੀਵਨ ਕੀ ਹੈ ? ਜੀਵਨ ਕਿਵੇਂ ਸਫਲ ਹੈ ? ਕਿਵੇਂ ਅਸਫਲ ਹੈ ? ਜੀਵਨ ਕਿਵੇਂ ਜੀਵਿਆ ਜਾਏ ? ਇਕ ਅੱਛਾ ਇਨਸਾਨ ਕਿਵੇਂ ਬਣਿਆ ਜਾਏ ? ਇਸ ਭਵ ਸਾਗਰ ਵਿਚੋਂ ਕਿਵੇਂ ਪਾਰ ਹੋਇਆ ਜਾਵੇ ? ਆਦਿ ਪ੍ਰਸ਼ਨਾਂ ਦੇ ਉਤਰ ਵੀ ਮਿਲਦੇ ਹਨ। ਸੋ ਇਹ ਰਚਨਾ ਵੀ ਬਾਕੀ ਰਚਨਾ ਵਾਂਗ ਦਾਰਸ਼ਨਿਕ ਹੈ। ਸਮਤੁਲਨ ਜੀਵਨ ਉਤੇ ਜ਼ੋਰ ਦਿਤਾ ਗਿਆ ਹੈ ਕਿ ਜਿਵੇਂ ਕਲਰ ਕੇਰੀ ਛਪੜੀ ਵਿਚ ਕੰਵਲ ਦਾ ਫੁਲ ਉਗਦਾ ਹੈ ਪਰ ਉਹ ਚਿਕੜ ਚੋਂ ਉਪਰ ਹੁੰਦਾ ਹੈ। ਨਿਰਲੇਪ ਹੁੰਦਾ ਹੈ। ਜਾਂ ਜਿਵੇਂ ਮੁਰਗਾਈ ਭਾਵ ਪਾਣੀ ਦੀ ਮੁਰਗੀ ਪਾਣੀ ਵਿਚ ਸਿਧੀ ਚਲਦੀ ਹੈ ਪਾਣੀ ਦੇ ਉਤੇ ਉਤੇ ਚਲਦੀ ਹੈ। ਉਸ ਦੇ ਪੰਖ ਵੀ ਗਿਲੇ ਨਹੀਂ ਹੁੰਦੇ। ਸੁੱਕੇ ਹੀ ਰਹਿੰਦੇ ਹਨ। ਉਹ ਜਦੋਂ ਚਾਹੇ ਪਾਣੀ ਵਿਚੋਂ ਉਡ ਕੇ ਆਕਾਸ਼ਾਂ ਵਿਚ ਉਡਾਰੀਆਂ ਲੈਣ ਲਗਦੀ ਹੈ।

ਇਉਂ ਗੁਰਮੁਖ ਨੂੰ ਚਾਹੀਦਾ ਹੈ ਕਿ ਗ੍ਰਹਿਸਤ ਵਿਚ ਰਹਿੰਦਿਆਂ ਕੰਵਲ ਦੇ ਫੁਲ ਵਾਂਗ ਰਹੇ। ਮੁਰਗਾਈ ਵਾਂਗ ਰਹੇ। ਪਦਾਰਥਾਂ ਦਾ ਆਨੰਦ ਭੋਗਦਾ ਹੋਇਆ ਨਿਰਲੇਪ ਰਹੇ। ਸ਼ਬਦ ਵਿਚ ਸੁਰਤ ਜੋੜੀ ਰਖੇ ਅਤੇ ਭਵ ਸਾਗਰ ਪਾਰ ਹੋ ਜਾਏ।

''ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈਸਾਣੇ।
ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ।''

ਗੁਰੂ ਜੀ ਫੁਰਮਾਂਦੇ ਹਨ ਕਿ ਸਹੀ ਗਿਆਨ ਇਹ ਹੈ ਕਿ ਦੁਨੀਆਂ ਦੇ ਧੰਦਿਆਂ ਵਿਚ ਰਹਿੰਦਿਆਂ ਹੋਇਆਂ ਵੀ ਮਨੁੱਖ ਨੂੰ ਨੀਂਦ ਨਾ ਆਵੇ ਭਾਵ ਉਹ ਪਰਮਾਤਮਾ ਨੂੰ ਭੁਲ ਨਾ ਜਾਵੇ। ਧੰਦਿਆਂ ਵਿਚ ਗ੍ਰਸਤ ਨਾ ਹੋਵੇ। ਪਰਾਏ ਘਰ ਮਨ ਨੂੰ ਡੋਲਣ ਨਾ ਦੇਵੇ। ਭਾਵ ਪਰਾਈਆਂ ਇਸਤਰੀਆਂ ਵਲ ਮੰਦੀ ਨਜ਼ਰ ਨਾ ਰਖੇ। ਗੁਰੂ ਜੀ ਸੱਚ ਕਹਿੰਦੇ ਹਨ ਕਿ ਪਰਮਾਤਮਾਂ ਦੇ ਨਾਂ ਤੋਂ ਬਿਨਾ ਮਨ ਟਿਕਾਓ ਵਿਚ ਨਹੀਂ ਆ ਸਕਦਾ ਤੇ ਮਾਇਆ, ਪਰਾਈ ਇਸਤ੍ਰੀ, ਪਦਾਰਥਾਂ, ਆਦਿ ਦੀ ਤ੍ਰਿਸ਼ਨਾ ਮਿੱਟ ਨਹੀਂ ਸਕਦੀ।

''ਹਾਟੀ ਬਾਟੀ ਨੀਂਦ ਨ ਆਵੈ ਪਰ ਘਰਿ ਚਿਤੁ ਨ ਡੋਲਾਈ।
ਬਿਨੁ ਨਾਵੈ ਮਨੁ ਟੇਕ ਨ ਟਿਕਈ ਨਾਨਕ ਭੂਖ ਨ ਜਾਈ।
ਹਾਟ ਪਟਣੁ ਘਰੁ ਗੁਰੂ ਦਿਖਾਇਆ ਸਹਜੇ ਘਰ ਵਪਾਰੋ।
ਖੰਡਿਤ ਨਿੰਦ੍ਰਾ ਅਲਪ ਅਹਾਰੰ ਨਾਨਕ ਤਤ ਬੀਚਾਰੋ।''

7. ਸੱਚੇ ਜੋਗੀ ਦੀ ਵਿਆਖਿਆ ਹੈ—

'ਸਿਧ ਗੋਸ਼ਟਿ' ਵਿਚ ਸੱਚੇ ਜੋਗੀ ਦੀ ਵਿਆਖਿਆ ਕੀਤੀ ਗਈ ਹੈ। ਸਚਾ ਸਿਧ ਨਾਥ ਜਾਂ ਜੋਗੀ ਬਾਹਰੀ ਭੇਖਾਂ ਵਿਚ ਨਹੀਂ ਪੈਂਦਾ, ਸਗੋਂ ਉਨ੍ਹਾਂ ਭੇਖਾਂ ਦੇ ਮਹਤਵ ਨੂੰ ਸਮਝਦਾ ਹੈ ਅਤੇ ਗੁਣਾਂ ਨੂੰ ਅਮਲ ਵਿਚ ਲਿਆਉਂਦਾ ਹੈ। ਭੇਖਾਂ ਕਰਕੇ ਨਹੀਂ ਤਰਿਆ ਜਾਣਾ। ਤਰਿਆ ਤਾਂ ਗੁਣਾਂ ਕਰਕੇ ਜਾਣਾ ਹੈ। ਜੇ ਪਹਿਰਾਵੇ ਨਾਲ ਤਰਿਆ ਜਾਣਾ ਹੈ ਤਾਂ ਫਿਰ ਸਾਰੇ ਪਹਿਰਾਵੇ ਪਹਿਨ ਲੈਣ। ਮਨ ਨੂੰ ਅਡੋਲ ਬਣਾਉਣਾ ਹੈ। ਕੋਨੇ ਬੈਠਣ ਨਾਲ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਹਾੜਾਂ ਦੇ ਉਤੇ ਜਾਣ ਨਾਲ ਰੱਬ ਨਹੀਂ ਮਿਲ ਜਾਣਾ। ਰੱਬ ਤਾਂ ਗ੍ਰਹਿਸਤ ਵਿਚ ਘਰ ਹੀ ਮਿਲ ਸਕਦਾ ਹੈ।

''ਨਾਨਕ ਘਰ ਹੀ ਬਹਿਠਿਆ ਬਹੁ ਮਿਲੈ ਜੇ ਨਿਯਤਿ ਰਾਸ ਕਰੇ।''

ਗ੍ਰਹਿਸਤ ਤਿਆਗ ਕੇ ਫਿਰ ਗ੍ਰਹਿਸਤੀਆਂ ਦੇ ਘਰੀਂ ਮੰਗਣ ਨਹੀਂ ਜਾਣਾ। ਮੰਗਣ ਜਾਣ ਨਾਲ ਪਰਾਈਆਂ ਇਸਤਰੀਆਂ ਉਤੇ ਮਨ ਡੋਲ ਜਾਂਦਾ ਹੈ। ਇਸ ਤੋਂ ਬਚਣ ਦੀ ਲੋੜ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਪੁਜੀ ਵਿਚ ਰਹੱਸਵਾਦ

ਗੁਰੂ ਨਾਨਕ ਦੇਵ ਜੀ ਮਹਾਨ ਰਹੱਸਵਾਦੀ ਕਵੀ ਹਨ। ਉਨ੍ਹਾਂ ਦੀਆਂ ਰਚਨਾਵਾਂ ਰਹੱਸਵਾਦੀ ਹਨ। 'ਸਿਧ ਗੋਸ਼ਟਿ' ਤੇ 'ਜਪੁਜੀ ਸਾਹਿਬ ਵੀ' ਰਹੱਸਵਾਦੀ ਰਚਨਾਵਾਂ ਹਨ। ਪਰੰਤੂ ਇਸ ਨੂੰ ਰਹੱਸਵਾਦੀ ਬਾਣੀ ਸਿਧ ਕਰਨ ਤੋਂ ਪਹਿਲਾਂ ਥੋੜਾ ਰਹੱਸਵਾਦ ਦਾ ਸਿਧਾਂਤ ਪੇਸ਼ ਕਰਨਾ ਯੋਗ ਹੋਏਗਾ। **Oxford Dictionary** ਵਿਚ ਆਇਆ ਹੈ ਕਿ ਰਹੱਸਵਾਦ ਬ੍ਰਹਮ ਤੇ ਬ੍ਰਹਿਮੰਡ ਦਾ ਵਿਸੇਸ਼, ਅਦਭੁਤ, ਵਿਲੱਖਣ **(Fantastic)** ਗਿਆਨ ਹੈ ਜਾਂ ਇਕ ਪ੍ਰਕਾਰ ਦਾ ਧਰਮ ਜਾਂ ਅਧਿਆਤਮਵਾਦ।

"A kind of ceeultism or spiritualism or any special, eurious, fantastic view about god and universe."

Chambers Dictionary ਵਿਚ ਆਇਆ ਹੈ ਕਿ ਰਹੱਸਵਾਦ ਉਨ੍ਹਾਂ ਵਿਅਕਤੀਆਂ ਦਾ ਸੁਭਾਅ, ਬਿਰਤੀ ਜਾਂ ਧਾਰਮਿਕ ਵਿਚਾਰ ਤੇ ਭਾਵ ਹੈ ਜੋ ਬ੍ਰਹਮ ਨਾਲ ਸਿੱਧਾ ਸੰਬੰਧ ਸਥਾਪਨ ਕਰਨਾ ਚਾਹੁੰਦੇ ਹਨ।

"The halut or tendency of religious thought and feeling of those who seek direct communion with god."

ਰਹੱਸਵਾਦ ਉਹ ਵਿਅਕਤੀ ਹੈ ਜਿਹੜਾ ਸਿਮਰਨ ਤੇ ਆਤਮ ਸਮਰਪਣ ਦੁਆਰਾ ਪ੍ਰਮਾਤਮਾ ਨਾਲ ਏਕਤਾ ਤੇ ਅਭੇਦਤਾ ਸਥਾਪਿਤ ਕਰਦਾ ਹੈ ਜਾਂ ਜੋ ਮਨੁੱਖੀ ਸੂਝ ਤੇ ਬਾਹਰਲੀਆਂ ਸੱਚਾਈਆਂ ਨੂੰ ਆਤਮਕ ਗਿਆਨ ਦੀ ਸੀਮਾ ਵਿਚ ਮੰਨਦਾ ਹੈ—

"One who seeks by contemplation and self surrender to obtain union or absorption into the Deity—or who believes in spiritual apprehension of truths beyond the understanding."

Dean Inge, 'The Philosophy of Plotinus' ਤੇ ਲਿਖਦਿਆਂ ਰਹੱਸਵਾਦ ਨੂੰ ਪ੍ਰਗਟਾਂਦਿਆਂ ਕਹਿੰਦਾ ਹੈ ਕਿ ਰਹੱਸਵਾਦ ਆਤਮਕ ਦਰਸ਼ਨ ਹੈ ਜੋ ਖ਼ਿਆਲ, ਇੱਛਾ ਤੇ ਭਾਵ ਦੀ ਸਮਵਰਤਕ ਸਰਗਰਮੀ ਦੀ ਮੰਗ ਕਰਦਾ ਹੈ—

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"Mysticism is a spiritual Philosophy which demands the concurrent activity of thought, will and feeling."

ਅਤੇ ਮਾਰਗਰੇਟ ਸਮਿਥ ਦਾ ਵਿਚਾਰ ਇਹ ਹੈ—

"The word mysticism itself comes down to us from the greek and is deriued from a root meaning to close. The mystic was one who had been witiated into the esoteric knowledge of divine things and upon whom was laid the necessity of keeping conscience concernings his sacred knowledge."

ਭਾਵ ਸ਼ਬਦ ਰਹੱਸਵਾਦ ਸਾਡੇ ਪਾਸ ਯੂਨਾਨ ਤੋਂ ਆਇਆ ਹੈ ਅਤੇ ਇਹ ਉਸ ਸ਼ਬਦ ਦੇ ਧਾਤੂ ਤੋਂ ਨਿਕਲਿਆ ਹੈ, ਜਿਸ ਦਾ ਅਰਥ ਨੇੜੇ ਹੋਣਾ ਹੈ। ਰਹੱਸਵਾਦੀ ਉਹ ਹੁੰਦਾ ਸੀ ਜੋ ਦੈਵੀ ਗੱਲਾਂ ਦੇ ਰਹੱਸਾਤਮਕ ਗਿਆਨ ਵਿਚ ਪਰਵਰਤਤ ਹੋਇਆ ਹੁੰਦਾ ਸੀ ਅਤੇ ਜਿਸ ਉਤੇ ਇਹ ਗੁਣ ਆਇਦ ਹੁੰਦਾ ਸੀ ਕਿ ਉਸ ਦੀਆਂ ਵਿਵੇਕ ਉਪਲਬਧੀਆਂ ਉਸ ਦੇ ਧਾਰਮਿਕ ਮਤ ਦੇ ਰੂਪ ਵਿਚ ਪੇਸ਼ ਹੁੰਦੀਆਂ ਸ਼ਨ।

Mysticism ਸ਼ਬਦ My ਮੂਲ ਧਾਤੂ ਤੋਂ ਬਣਿਆ ਹੈ। ਜਿਸ ਦਾ ਸ਼ਬਦਿਕ ਅਰਥ ਹੈ ਚੁਪ ਰਹਿਣਾ। ਭਗਤ ਜਾਂ ਰਹੱਸਵਾਦੀ ਬਹੁਤਾ ਨਹੀਂ ਬੋਲਦੇ—ਗੁਰੂ ਅਮਰਦਾਸ ਜੀ ਫੁਰਮਾਂਦੇ ਹਨ—

"ਭਗਤਾਂ ਕੀ ਚਾਲ ਨਿਰਾਲੀ
ਚਾਲਾ ਨਿਰਾਲੀ ਭਗਤਾਂ ਕੇਰੀ
ਬਿਖਮ ਮਾਰਗ ਚਲਣਾ।
ਲਬ ਲੋਭ ਹੰਕਾਰ ਤਜ ਤ੍ਰਿਸ਼ਨਾ
ਬਹੁਤ ਨਾਹੀ ਬੋਲਣਾ।"

Mastos ਤੋਂ Mystikose ਬਣਿਆ ਹੈ ਜਿਸ ਦਾ ਭਾਵ ਚੇਲਾ। ਗੁਰੂ ਪਾਸੋਂ ਸਾਧਨਾ ਕਰਨ ਦੀ ਸਿਖਿਆ ਪ੍ਰਾਪਤ ਕਰਨਾ ਹੈ।

ਅਧਿਆਤਮਕ ਜਾਂ ਰਹੱਸਾਤਮਕ ਕਾਵਿ ਵਿਚ ਸਦਾ ਹੀ ਤਿੰਨ ਤਤ ਪ੍ਰਧਾਨ ਰਹਿੰਦੇ ਹਨ ਪ੍ਰਭੂ, ਸ੍ਰਿਸ਼ਟੀ ਤੇ ਮਨੁੱਖ। ਅਜਿਹੀ ਕਵਿਤਾ ਵਿਚ ਇਨ੍ਹਾਂ ਤਿੰਨਾਂ ਬਾਰੇ ਰਹੱਸਾਤਮਕ ਭੇਦ-ਭਾਵ ਤੇ ਆਪਸੀ ਸੰਬੰਧ ਪ੍ਰਗਟਾਇਆ ਗਿਆ ਹੁੰਦਾ ਹੈ।

ਅਧਿਆਤਮਕ ਤੇ ਰਹੱਸਾਤਮਕ ਦੋਵੇਂ ਕਾਵਿ ਹੀ ਆਤਮਾ, ਮਨ, ਰੱਬ, ਮਨੁੱਖ ਤੇ ਪ੍ਰਕਿਰਤੀ ਦਾ ਆਪਸੀ ਸੰਬੰਧ ਦਰਸਾਉਂਦਾ ਹੈ। ਅੰਤਰ ਕੇਵਲ ਇਤਨਾ ਹੈ ਕਿ ਜਦ ਇਹ ਸੰਬੰਧ ਬੌਧਿਕ ਜਾਂ ਦਲੀਲ ਮਈ ਢੰਗ ਨਾਲ ਦਰਸਾਇਆ ਗਿਆ ਹੋਵੇ ਤਾਂ ਉਹ ਕਵਿਤਾ ਅਧਿਆਤਮਕ ਖੇਤਰ ਵਿਚ ਆਉਂਦੀ ਹੈ—ਜਿਵੇਂ ਗੁਰੂ ਨਾਨਕ ਦੇਵ ਜੀ ਆਪਣੀ ਆਤਮਾ ਤੇ ਪ੍ਰਮਾਤਮਾ ਵਿਚ ਅੰਤਰ ਦਰਸਾਂਦੇ ਦਲੀਲ ਨੂੰ ਮਾਧਿਅਮ ਬਣਾਉਂਦੇ ਫੁਰਮਾਉਂਦੇ ਹਨ –

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"ਤੂੰ ਦਰਿਆਓ ਦਾਨਾ ਬੀਨਾ ਮੈਂ ਮਛਲੀ ਕੈਸੇ ਅੰਤ ਲਹਾਂ ।"

ਪ੍ਰੰਤੂ ਜਦ ਇਹ ਰਿਸ਼ਤਾ ਨਾਤਾ ਬੌਧਿਕ ਜਾਂ ਦਲੀਲ ਮਈ ਢੰਗ ਨੂੰ ਤਿਆਗ ਕੇ ਨਿਰੋਲ ਜਜ਼ਬੇ ਦੇ ਆਧਾਰ ਤੇ ਦਰਸਾਇਆ ਜਾਏ ਤਾਂ ਕਵਿਤਾ ਰਹੱਸਾਤਮਕ ਪਿੜ ਦੀ ਹੋ ਜਾਂਦੀ ਹੈ—ਜਿਵੇਂ ਗੁਰੂ ਨਾਨਕ ਬਾਣੀ ਹਾਜ਼ਰ ਹੈ—

"ਤੈਂ ਸਾਹਿਬ ਦੀ ਗਲ ਜੋ ਆਖੈ ਕਹੁ ਨਾਨਕ ਕਿਆ ਦੀਜੈ ।
ਸੀਸ ਬਢੈ ਕਰ ਬੈਸਣ ਦੀਜੈ ਬਿਨ ਸਿਰ ਸੇਵ ਕਰੀਜੈ ।
ਕਿਉਂ ਨਾ ਮਰੀਜੈ ਜੀਅੜਾ ਨ ਦੀਜੈ ਜਾਂ ਸ਼ਹੁ ਭਇਆ ਵਿਡਾਣਾ ।"

ਸੋ ਰਹੱਸਾਤਮਕ ਕਾਵਿ ਅਧਿਆਤਮਕ ਕਾਵਿ ਦਾ ਹੀ ਅੰਸ਼ ਹੈ । ਅਧਿਆਤਮਕ ਸ਼ਬਦ ਇਉਂ ਹੋਂਦ ਵਿਚ ਆਇਆ ਹੈ—ਅਧਿ+ਆਤਮ+ਕ ਅਧਿ ਦਾ ਅਰਥ ਹੈ ਰਾਹੀਂ, ਦੁਆਰਾ, ਮਾਧਿਅਮ, ਸਾਧਨ, ਆਦਿ । ਆਤਮ ਦਾ ਅਰਥ ਆਤਮਾ ਹੈ ਅਤੇ ਅੰਤ ਤੇ 'ਕ' ਦਾ ਆ ਜਾਣਾ ਇਸ ਨੂੰ ਵਿਸ਼ੇਸ਼ਣ ਦਾ ਰੂਪ ਦੇ ਜਾਣਾ ਹੈ । ਸੋ ਹੁਣ ਇਸ ਸ਼ਬਦ ਦਾ ਅਰਥ ਹੋਇਆ ਆਤਮਾ ਰਾਹੀਂ ਪਰਮਾਤਮਾ ਨਾਲ ਗਲਾਂ ਕਰਨ ਵਾਲਾ ਕਾਵਿ । ਨਾਨਕ ਬਾਣੀ ਆਤਮਾ ਰਾਹੀਂ ਪ੍ਰਮਾਤਮਾ ਨਾਲ ਕੀਤੀਆਂ ਗਲਾਂ ਹੀ ਤਾਂ ਹੈ—

ਹੁਣ 'ਜਪੁਜੀ ਸਾਹਿਬ' ਨੂੰ ਰਹੱਸਤਾਮਕ ਕਵਿਤਾ ਸਿਧ ਕੀਤਾ ਜਾਂਦਾ ਹੈ । ਪਹਿਲਾਂ ਇਸ ਪ੍ਰਮੁਖ ਬਾਣੀ ਦੇ ਸਿਰਲੇਖ ਨੂੰ ਹੀ ਲੈ ਲਵੋ । ਇਸ ਦਾ ਅਰਥ ਹੈ ਹੇ ਮਾਨਵ ਜੀ ਸਾਹਿਬ (ਪਰਮਾਤਮਾ) ਨੂੰ ਜਪੁ । ਸਾਹਿਬ ਨੂੰ ਕਿਉਂ ਜਪ । ਕਿਉਂਕਿ ਮਨੁਖ ਜਿਸ ਕਿਸੇ ਦਾ ਧਿਆਨ ਕਰੇਗਾ ਉਸ ਵਿਚ ਓਸੇ ਦੇ ਗੁਣ ਪ੍ਰਵੇਸ਼ ਕਰਨਗੇ ।

"ਜੇਹਾ ਸੇਵੇ ਤੇਹਾ ਹੋਵੇ ਤੇਹੇ ਕਰਮ ਕਮਾਵੇ ।"

ਸ਼ੁਰੂ ਵਿਚ ਪਰਮਾਤਮਾ ਦੀ ਪਰਿਭਾਸ਼ਾ ਕੀਤੀ ਗਈ ਹੈ—ਉਹ ਵਾਹਿਗੁਰੂ ਆਦਿ ਤੋਂ ਹੀ ਸੱਚ ਹੈ । ਆਦਿ ਤੋਂ ਭਾਵ ਓਦੋਂ ਜਦੋਂ ਅਜੇ ਸਮੇਂ ਦਾ ਚਕਰ ਚਲਿਆ ਨਹੀਂ ਸੀ, ਸਗੋਂ ਰੁਕਿਆ ਹੋਇਆ ਸੀ । ਪਰ ਜਦੋਂ ਇਹ ਚਕਰ ਚਲਣ ਲਗਾ ਤਾਂ ਵੀ ਉਹ ਸੱਚਾ ਹੀ ਰਿਹਾ । ਵਰਤਮਾਨ ਸਮੇਂ ਵੀ ਉਹ ਸੱਚਾ ਹੀ ਹੈ । ਅਤੇ ਨਾਨਕ ਦਾ ਕਥਨ ਹੈ ਕਿ ਆਗਾਮੀ ਜੁਗਾਂ ਵਿਚ ਵੀ ਸਚ ਹੀ ਰਹੇਗਾ । ਇਹ ਪਰਿਭਾਸ਼ਾ ਪ੍ਰਭੂ ਦੀ ਸਚ ਦੇ ਰੂਪ ਵਿਚ ਹੈ । ਇਸ ਤੋਂ ਪਹਿਲਾਂ ਪਰਿਭਾਸ਼ਾ ਪਰਿਪੂਰਨ ਪਰਿਭਾਸ਼ਾ ਹੈ—ਵਾਹਿਗੁਰੂ ਇਕ ਹੈ ਅਤੇ ਬਾਕੀ ਉਸ ਦਾ ਪਸਾਰਾ ਹੈ । ਉਸ ਦਾ ਨਾਂ ਸੱਚਾ ਹੈ । ਉਹ ਸਭ ਦਾ ਰਚਨਹਾਰ ਹੈ । ਉਹ ਪਰਮ ਮਨੁਖ ਹੈ । ਡਰ ਰਹਿਤ ਹੈ । ਵੈਰ ਰਹਿਤ ਹੈ । ਉਹ ਮੂਰਤੀ (ਸਰੂਪ) ਕਾਲ ਰਹਿਤ ਹੈ । ਜੂਨਾਂ ਤੋਂ ਰਹਿਤ ਹੈ । ਆਪਣੇ ਆਪ ਤੋਂ ਹੋਂਦ ਵਿਚ ਆਇਆ ਹੈ । ਉਸ ਨੂੰ ਗੁਰੂ ਦੀ ਕਿਰਪਾ ਨਾਲ ਹੀ ਜਪਿਆ ਜਾ ਸਕਦਾ ਹੈ ।

ਉਸ ਦਾ ਸਰੂਪ ਸਚਿਆਰ ਕਿਵੇਂ ਬਣਿਆ ਜਾਏ ? ਉਸ ਦੇ ਹੁਕਮ ਵਿਚ ਰਹਿਣ ਕਾਰਨ ।

1. "ਹੁਕਮ ਪਛਾਣੇ ਏਕੋ ਜਾਣੇ ਬੰਦਾ ਕਹੀਐ ਸੋਈ ।"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

2. ਪ੍ਰਵਣਤ ਨਾਨਕ ਹੁਕਮ ਪਛਾਣੇ ਸੁਖ ਹੋਵੇ ਦਿਨ ਰਾਤੀਂ।

ਸਭ ਕੁਝ ਉਸ ਦੇ ਹੁਕਮ ਵਿਚ ਹੋ ਰਿਹਾ ਹੈ। ਹੁਕਮੀ ਹੀ ਜੀਅ ਪੈਦਾ ਹੁੰਦਾ ਹੈ ਅਤੇ ਹੁਕਮ ਵਿਚ ਵੀ ਊਚ ਨੀਚ ਪਦਵੀਆਂ ਪਾਉਂਦਾ ਹੈ। ਸਭ ਕੁਛ ਉਸ ਦੇ ਹੁਕਮ ਅੰਦਰ ਹੈ। ਹੁਕਮ ਤੋਂ ਬਾਹਰ ਕੁਝ ਵੀ ਨਹੀਂ ਹੈ।

"ਹੁਕਮੈ ਅੰਦਰਿ ਸਭੁ ਕੋ, ਬਾਹਰਿ ਹੁਕਮ ਨ ਕੋਇ।"

ਸਭ ਉਸ ਨੂੰ ਗਾ ਰਹੇ ਹਨ। ਉਹ ਵਡਾ ਦਾਤਾ ਹੈ। ਦਾਤਾਂ ਦੇਂਦਾ ਚਲਾ ਜਾਂਦਾ ਹੈ। ਲੈਣ ਵਾਲੇ ਥਕ ਜਾਂਦੇ ਹਨ। ਪਰ ਦੇਣ ਵਾਲਾ ਨਹੀਂ ਥਕਦਾ। ਅੰਮ੍ਰਿਤ ਵੇਲੇ ਉਸ ਪ੍ਰਭੂ ਨੂੰ ਸਿਮਰਨਾ ਚਾਹੀਦਾ ਹੈ। ਉਸ ਦੀ ਵਡਿਆਈ ਤੇ ਵਿਚਾਰ ਕਰਨੀ ਚਾਹੀਦੀ ਹੈ—

"ਅੰਮ੍ਰਿਤ ਵੇਲਾ ਸਚ ਨਾਉ, ਵਡਿਆਈ ਵੀਚਾਰੁ।
ਕਰਮੀ ਆਵੈ ਕਪੜਾ, ਨਦਰੀ ਮੋਖ ਦੁਆਰੁ।

ਕਰਮਾਂ ਨਾਲ ਹੀ ਸਾਨੂੰ ਸਰੀਰ ਰੂਪੀ ਕਪੜਾ ਪ੍ਰਾਪਤ ਹੁੰਦਾ ਹੈ। ਅਤੇ ਉਸ ਦੀ ਨਦਰ ਭਾਵ ਮਿਹਰ ਨਾਲ ਮੁਕਤੀ ਦਾ ਦੁਆਰ ਮਿਲਦਾ ਹੈ। ਉਸ ਨੂੰ ਕਿਸੇ ਨਹੀਂ ਥਾਪਿਆ। ਕਿਸੇ ਵੀ ਉਸ ਨੂੰ ਬਣਾਇਆ ਨਹੀਂ ਰਚਿਆ ਨਹੀਂ ਹੈ। ਉਹ ਆਪਣੇ ਆਪ ਤੋਂ ਹੀ ਪੈਦਾ ਹੋਇਆ ਹੈ—

"ਥਾਪਿਆ ਨ ਜਾਇ ਕੀਤਾ ਨ ਹੋਇ।
ਆਪੇ ਆਪ ਨਿਰੰਜਨੁ ਸੋਇ।"

ਉਹ ਨਿਰੰਜਨ ਹੈ। ਭਾਵ ਮਾਇਆ ਦੀ ਮੈਲ ਤੋਂ ਨਿਰੋਲ ਹੈ। ਜਿਨ ਵੀ ਉਸ ਨੂੰ ਯਾਦ ਕੀਤਾ ਹੈ ਉਸੇ ਨੂੰ ਹੀ ਮਾਣ ਮਿਲਿਆ ਹੈ—

"ਜਿਨਿ ਸੇਵਿਆ ਤਿਨਿ ਪਾਇਆ ਮਾਨੁ।
ਨਾਨਕ ਗਾਵੀਐ ਗੁਣੀ ਨਿਧਾਨੁ।"

ਨਾਨਕ ਜੀ ਫੁਰਮਾਂਦੇ ਹਨ ਕਿ ਗੁਣਾਂ ਦੇ ਖਜ਼ਾਨੇ ਨੂੰ ਗਾਉਣਾ ਚਾਹੀਦਾ ਹੈ। ਜੇ ਅਸੀਂ ਉਸ ਨੂੰ ਗਾਵੀਐ ਜਾਂ ਸੁਣੀਐ ਤੇ ਮਨ ਵਿਚ ਉਸ ਦੀ ਪ੍ਰੀਤੀ ਰਖੀਐ ਤਾਂ ਸਾਡੇ ਹਿਰਦੇ ਰੂਪੀ ਘਰ ਵਿਚੋਂ ਦੁਖ ਚਲੇ ਜਾਂਦੇ ਹਨ ਅਤੇ ਸੁਖ ਹੀ ਸੁਖ ਆ ਸਮਾਂਦੇ ਹਨ—

"ਗਾਵੀਐ ਸੁਣੀਐ ਮਨਿ ਰਖੀਐ ਰਖੀਐ ਰਖੀਐ ਭਾਉ।
ਦੁਖੁ ਪਰਹਰਿ ਸੁਖੁ ਘਰਿ ਲੈ ਜਾਇ।"

ਇਹ ਗੱਲ, ਇਹ ਉਪਦੇਸ਼ ਗੁਰੂ ਹੀ ਬੁਝਾਉਂਦਾ ਹੈ ਕਿ ਸਾਰਿਆਂ ਜੀਆਂ ਜਾਂ ਜੀਵਾਂ ਦਾ ਦਾਤਾ ਇਕੋ ਹੈ ਅਤੇ ਉਸ ਨੂੰ ਭੁਲਿਆ ਨਹੀਂ ਜਾਣਾ ਚਾਹੀਦਾ।

"ਗੁਰਾਂ ਇਕ ਦੇਹਿ ਬੁਝਾਈ।
ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ।"

ਜੋ ਕੋਈ ਵੀ ਐਸੀ ਸਿਖਿਆ ਗੁਰੂ ਤੋਂ ਸੁਣ ਕੇ ਚਲਦਾ ਹੈ ਉਸ ਦੀ ਮਤ ਵਿਚ ਰਤਨ ਜਵਾਹਰ ਮਾਣਕ ਮੋਤੀ, ਆਦਿ ਸੁੱਚੇ ਗੁਣ ਪੈਦਾ ਹੋ ਜਾਂਦੇ ਹਨ—

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

''ਮਤਿ ਵਿਚਿ ਰਤਨ ਜਵਾਹਰ ਮਾਣਿਕ
ਜੇ ਇਕ ਗੁਰ ਕੀ ਸਿਖ ਸੁਣੀ ।''

ਉਹ ਬ੍ਰਹਮ ਨਿਰਗੁਣਾਂ ਵਾਲਿਆਂ ਨੂੰ ਵੀ ਗੁਣ ਦੇਂਦਾ ਹੈ ਅਤੇ ਗੁਣਾਂ ਵਾਲਿਆਂ ਨੂੰ ਵੀ ਹੋਰ ਦੇਂਦਾ ਹੈ—

''ਨਾਨਕ ਨਿਰਗੁਣ ਗੁਣ ਕਰੇ ਗੁਣਵੰਤਿਆਂ ਗੁਣ ਦੇ ।

ਉਸ ਦਾ ਨਾਮ ਸੁਣਨ ਕਰਕੇ ਹੀ ਬਹੁਤ ਸਾਰੇ ਉਚ ਪਦਵੀਆਂ ਪਾ ਗਏ ਜਿਵੇਂ ਸਿਧ ਪੀਰ ਨਾਥ ਜੋਗੀ ਭਗਤ, ਈਸ਼ਵਰ ਬਰਮਾ ਇੰਦਰ ਆਦਿ । ਉਸ ਦੇ ਨਾਮ ਦੇ ਸੁਣਨ ਵਿਚ ਹੀ ਬਹੁਤ ਵਡੀ ਬਰਕਤ ਲੁਕੀ ਪਈ ਹੈ। ਬਹੁਤ ਵਡੀ ਕਰਾਮਾਤ ਹੈ। ਬਹੁਤ ਵਡਾ ਰਹੱਸ ਹੈ । ਕਿ ਸੁਣਨ ਨਾਲ ਅੰਨਿਆਂ ਨੂੰ ਮਾਰਗ ਮਿਲ ਜਾਂਦਾ ਹੈ। ਸੁਣਨ ਨਾਲ ਸਮੁੰਦਰ ਚੁਲੂ ਭਰ ਪਾਣੀ ਵਿਚ ਸੁੰਗੜ ਜਾਂਦਾ ਹੈ। ਸੁਣਨ ਨਾਲ ਹੀ ਭਗਤਾਂ ਦੇ ਮਨ ਵਿਚ ਸਦਾ ਖੇੜਾ ਬਣਿਆ ਰਹਿੰਦਾ ਹੈ । ਸੁਣਨ ਕਰਕੇ ਦੁਖ ਪਾਪ ਦਾ ਨਾਸ਼ ਹੋ ਜਾਂਦਾ ਹੈ ।

ਸੁਣਨ ਤੋਂ ਬਾਦ ਅਗਲਾ ਪੜਾ ਆਉਂਦਾ ਹੈ। ਮੰਨ ਲੈਣ ਦਾ। ਮੰਨ ਲੈਣ ਦੀ ਤਾਂ ਮਹਿਮਾ ਹੋਰ ਵੀ ਅਪਰ ਅਪਾਰ ਹੈ । ਇਸ ਦੀ ਗਤਿ ਮਿਤ ਤਾਂ ਕਹੀ ਨਹੀਂ ਜਾ ਸਕਦੀ।

''ਮੰਨੇ ਕੀ ਗਤਿ ਕਹੀ ਨ ਜਾਇ।''

ਮੰਨਣ ਨਾਲ ਮਨ ਵਿਚ ਸੁਰਤ ਆ ਜਾਂਦੀ ਹੈ । ਬੁਧੀ ਪ੍ਰਵੇਸ਼ ਕਰਦੀ ਹੈ । ਸਾਰਿਆਂ ਭਵਨਾਂ ਦੀ ਸੋਝੀ ਹੋ ਆਉਂਦੀ ਹੈ। ਮੰਨਣ ਵਾਲੇ ਨੂੰ ਜੰਮ ਨਹੀਂ ਲੈਣ ਆਉਂਦਾ। ਮੰਨਣ ਵਾਲਾ ਮੋਖ ਦਾ ਦੁਆਰ ਪਾ ਜਾਂਦਾ ਹੈ। ਆਪ ਤਰ ਜਾਂਦਾ ਹੈ। ਨਾਲ ਆਪਣੇ ਪਰਿਵਾਰ ਨੂੰ ਵੀ ਤਾਰ ਲੈਂਦਾ ਹੈ। ਗੁਰ ਸਿਖਾਂ ਨੂੰ ਵੀ ਤਾਰ ਕੇ ਲੈ ਜਾਂਦਾ ਹੈ।

''ਮੰਨੈ ਪਾਵਹਿ ਮੋਖੁ ਦੁਆਰੁ ।
ਮੰਨੈ ਪਰਵਾਰੈ ਸਾਧਾਰੁ ।
ਮੰਨੈ ਤਰੈ ਤਾਰੇ ਗੁਰਸਿਖ ।''

ਕੁਦਰਤ ਨੂੰ ਕਾਦਰ ਨੇ ਕਿਵੇਂ ਸਾਜਿਆ ? ਕੇਵਲ ਇਕ ਸ਼ਬਦ ਦੇ ਕਹਿਣ ਨਾਲ ਹੀ ਪ੍ਰਕਿਰਤੀ ਸਾਜ ਕੇ ਰਖ ਦਿਤੀ ।

''ਕੀਤਾ ਪਸਾਉ ਏਕੋ ਕਵਾਉ ।''

ਧਰਤੀਆਂ ਦਾ ਕੋਈ ਅੰਤ ਨਹੀਂ ਹੈ—

''ਧਰਤੀ ਹੋਰ ਪਰੈ ਹੋਰੁ ਹੋਰੁ ।''

ਜੋ ਕੁਝ ਵੀ ਉਸ ਨੇ ਬਣਾਇਆ ਹੈ ਉਹ ਸਭ ਕਾਸੇ ਦਾ ਉਸ ਨੇ ਨਾਂ ਰਖਿਆ ਹੈ। ਬਿਨਾਂ ਨਾਂ ਦੇ ਕੋਈ ਥਾਂ ਨਹੀਂ ਹੈ—

''ਜੇਤਾ ਕੀਤਾ, ਤੇਤਾ ਨਾਉ।
ਵਿਣੁ ਨਾਵੈ ਨਾਹੀ ਕੋ ਥਾਉ ।''

ਉਸ ਦਾ ਅੰਤ ਕੋਈ ਨਹੀਂ ਜਾਣ ਸਕਦਾ ।

''ਪਾਤਾਲਾ ਪਾਤਾਲ ਲਖ ਅਗਾਸਾ ਆਗਾਸ ।''

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਰ ਉਸ ਨੇ ਜਿੰਨੇ ਵੀ ਲੋਕ ਰਚੇ ਹਨ ਉਨ੍ਹਾਂ ਸਭਨਾਂ ਵਿਚ ਉਹ ਆਪ ਆਸਣ ਲਾ ਕੇ ਬੈਠਾ ਹੈ। ਇਹ ਪਸਾਰਾ ਉਸ ਦੇ ਆਪੇ ਦਾ ਹੀ ਪਸਾਰਾ ਹੈ। ਇਹ ਉਸ ਦਾ ਸਰਗੁਣ ਸਰੂਪ ਹੈ। ਸਚ ਖੰਡ ਵਿਚ ਉਸ ਦਾ ਨਿਰਗੁਣ ਸਰੂਪ ਹੈ। ਵਾਹਿਗੁਰੂ ਦੇ ਦੋ ਸਰੂਪ ਹਨ। ਨਿਰਗੁਣ ਤੇ ਸਰਗੁਣ। ਨਿਰਗੁਣ ਵਿਚ ਉਸ ਦਾ ਸਰਗੁਣ ਸਰੂਪ ਤੇ ਸਰਗੁਣ ਵਿਚ ਨਿਰਗੁਣ ਸਰੂਪ ਸਮਾਇਆ ਹੋਇਆ ਹੈ। ਜੋ ਜੋ ਲੋਕ ਉਸ ਨੇ ਸਾਜੇ ਹਨ ਉਨ੍ਹਾਂ ਵਿਚ ਭੰਡਾਰ ਭਰਪੂਰ ਭਰੇ ਪਏ ਹਨ। ਉਹ ਭੰਡਾਰੇ ਮੁਕਦੇ ਨਹੀਂ ਹਨ ਉਨ੍ਹਾਂ ਵਿਚ ਉਸ ਨੇ ਇਕੋ ਵਾਰ ਪਦਾਰਥ ਪਾਏ ਹਨ ਪਰ ਉਹ ਮੁਕਦੇ ਨਹੀਂ ਹਨ।

"ਆਸਣੁ ਲੋਇ ਲੋਇ ਭੰਡਾਰ।
ਜੋ ਕਿਛੁ ਪਾਇਆ ਸੁ ਏਕਾ ਵਾਰ।"

ਉਹ ਆਪ ਸੱਚਾ ਹੈ ਅਤੇ ਉਸ ਦੀ ਦੁਨੀਆਂ ਸੱਚੀ ਹੈ—

"ਨਾਨਕ ਸਚੇ ਕੀ ਸਾਚੀ ਕਾਰ।"

ਉਸ ਅਗੇ ਕਿਸੇ ਦਾ ਜ਼ੋਰ ਨਹੀਂ ਚਲਦਾ।

ਜੇ ਸਰੀਰ ਦਾ ਕੋਈ ਅੰਗ ਖੇਹ ਨਾਲ ਲਿਬੜ ਜਾਂਦਾ ਹੈ ਤਾਂ ਪਾਣੀ ਨਾਲ ਧੋਤਿਆਂ ਸਾਫ ਹੋ ਜਾਂਦਾ ਹੈ। ਜੇ ਕੋਈ ਕਪੜਾ ਮੂਤ ਨਾਲ ਖਰਾਬ ਹੋ ਜਾਂਦਾ ਹੈ ਤਾਂ ਸਾਬਣ ਨਾਲ ਧੋਤਿਆਂ ਸਾਫ ਹੋ ਜਾਂਦਾ ਹੈ। ਪਰ ਜੇ ਮਨ ਪਾਪਾਂ ਦੀ ਮੈਲ ਨਾਲ ਮੈਲਾ ਹੋ ਜਾਵੇ ਤਾਂ ਉਹ ਉਸ ਦੇ ਨਾਂ ਦੀ ਰੰਗਣ ਨਾਲ ਧੁਲ ਜਾਂਦੀ ਹੈ।

"ਭਰੀਐ ਹਥੁ ਪੈਰੁ ਤਨੁ ਦੇਹ।
ਪਾਣੀ ਧੋਤੈ ਉਤਰਸੁ ਖੇਹ।
ਮੂਤ ਪਲੀਤੀ ਕਪੜੁ ਹੋਇ।
ਦੇ ਸਾਬੂਣੁ ਲਈਐ ਓਹੁ ਧੋਇ।
ਭਰੀਐ ਮਤਿ ਪਾਪਾਂ ਕੈ ਸੰਗਿ।
ਓਹੁ ਧੋਪੈ ਨਾਵੈ ਕੈ ਰੰਗਿ।"

ਗੁਰੂ ਨਾਨਕ ਦੇਵ ਜੀ ਫੁਰਮਾਂਦੇ ਹਨ ਕਿ ਇਹ ਸੰਸਾਰ ਕਦੋਂ ਕਿਸ ਵੇਲੇ ਕਿਸ ਤ੍ਰੀਕ ਨੂੰ ਕਿਸ ਵਾਰ ਨੂੰ ਕਿਸ ਰੁਤ ਵਿਚ, ਕਿਸ ਮਹੀਨੇ ਵਿਚ ਪੈਦਾ ਹੋਇਆ ਕੋਈ ਨਹੀਂ ਜਾਣਦਾ। ਪੰਡਤ ਵੀ ਨਹੀਂ ਜਾਣਦਾ। ਪੰਡਤ ਤਾਂ, ਤਾਂ ਜਾਣੇ ਜੇ ਵੇਦਾਂ ਪੁਰਾਣਾਂ ਵਿਚ ਦਸਿਆ ਹੋਵੇ। ਕਾਜ਼ੀ ਵੀ ਨਹੀਂ ਜਾਣਦਾ, ਕਿਉਂਕਿ, ਕੁਰਾਣ ਵਿਚ ਨਹੀਂ ਦਸਿਆ ਗਿਆ। ਕੋਈ ਜੋਗੀ ਨਹੀਂ ਜਾਣਦਾ। ਕੇਵਲ ਉਹ ਆਪ ਹੀ ਜਾਣਦਾ ਹੈ ਹੋਰ ਕੋਈ ਨਹੀਂ—

"ਕਵਣੁ ਸੁ ਵੇਲਾ, ਵਖਤੁ ਕਵਣੁ, ਕਵਣ ਥਿਤਿ, ਕਵਣੁ ਵਾਰੁ।
ਕਵਣਿ ਸਿ ਰੁਤੀ, ਮਾਹੁ ਕਵਣੁ, ਜਿਤੁ ਹੋਆ ਆਕਾਰੁ।
ਵੇਲ ਨ ਪਾਈਆ ਪੰਡਤੀ, ਜਿ ਹੋਵੈ ਲੇਖੁ ਪੁਰਾਣੁ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਖਤੁ ਨ ਪਾਇਓ ਕਾਦੀਆ, ਜਿ ਲਿਖਣਿ ਲੇਖੁ ਕੁਰਾਨ ।
ਥਿਤਿ ਵਾਰੁ ਨ ਜੋਗੀ ਜਾਣੈ, ਰੁਤ ਮਾਹੁ ਨ ਕੋਈ।
ਜਾ ਕਰਤਾ ਸਿਰਜੀ ਕਉ ਸਾਜੇ, ਆਪੇ ਜਾਣੇ ਸੋਈ ।''

ਸਮੁੰਦਰਾਂ ਦੇ ਪਾਤਸ਼ਾਹ ਸੁਲਤਾਨ ਜਿਨ੍ਹਾਂ ਦੇ ਪਹਾੜਾਂ ਜਿਡੇ ਧਨ ਪਦਾਰਥ ਤੇ ਖ਼ਜ਼ਾਨੇ ਹਨ ਲਸ਼ਕਰ ਹੋਵੇ ਪਰ ਉਹ ਕੀੜੀ ਦੀ ਵੀ ਬਰਾਬਰੀ ਨਹੀਂ ਕਰ ਸਕਦਾ। ਜੇ ਉਸ ਨੂੰ ਰੱਬ ਭੁਲਿਆ ਹੋਵੇ ਤਾਂ । ਜੇ ਕੀੜੀ ਨੂੰ ਰਬ ਯਾਦ ਹੋਵੇ ਤਾਂ ।

'ਸਮੁੰਦ ਸ਼ਾਹ ਸੁਲਤਾਨ, ਗਿਰਹਾ ਸੇਤੀ ਮਾਲੁ ਧਨੁ ।
ਕੀੜੀ ਤੁਲਿ ਨ ਹੋਵਨੀ, ਜੇ ਤਿਸੁ ਮਨਹੁ ਨ ਵੀਸਰਹਿ ।

ਨਾ ਹੀ ਉਸ ਦਾ ਆਪਣਾ ਅੰਤ ਹੈ ਤੇ ਨਾ ਹੀ ਉਸ ਦੀ ਰਚੀ ਕੁਦਰਤ ਦਾ ਵੀ ਕੋਈ ਅੰਤ ਹੈ ।

''ਅੰਤ ਨ ਜਾਪੈ ਕੀਤਾ ਆਕਾਰ ।
ਅੰਤ ਨ ਜਾਪੈ ਪਾਰਾਵਾਰ।
ਅੰਤ ਕਾਰਣਿ ਕੇਤੇ ਬਿਲ ਲਾਹਿ ।
ਤਾ ਕੇ ਅੰਤ, ਨ ਪਾਏ ਜਾਹਿ ।''

ਬਹੁਤ ਸਾਰੇ ਉਸ ਦਾ ਅੰਤ ਪਾਉਣ ਲਈ ਵਿਲਕ ਰਹੇ ਹਨ। ਪਰ ਉਸ ਦਾ ਅੰਤ ਪਾਇਆ ਨਹੀਂ ਜਾ ਸਕਦਾ। ਕਿਉਂਕਿ ਜਿਡਾ ਵਡਾ ਉਸ ਨੂੰ ਕਹੋ ਉਹ ਓਡਾ ਹੀ ਵਡਾ ਹੈ—

''ਏਹੁ ਅੰਤ ਨ ਜਾਣੈ ਕੋਇ ।
ਬਹੁਤਾ ਕਹੀਐ ਬਹੁਤਾ ਹੋਇ ।''

ਜੇ ਕੋਈ ਏਡਾ ਉਚਾ ਹੋਵੇ ਤਾਂ ਉਸ ਦਾ ਅੰਤ ਪਾ ਸਕੇ—

ਏਵਡ ਊਚਾ, ਹੋਵੈ ਕੋਇ ।''
ਤਿਸ ਊਚੇ ਕਉ, ਜਾਣੈ ਸੋਇ ।''

ਫਿਰ ਜਿਡਾ ਵਡਾ ਉਹ ਚਾਹਵੇ ਓਡਾ ਵਡਾ ਹੀ ਉਹ ਹੋ ਸਕਦਾ ਹੈ—

''ਜੇਵਡੁ ਭਾਵੈ, ਤੇਵਡੁ ਹੋਇ ।''

ਪਰ ਜਿਸ ਨੂੰ ਆਪਣੀ ਸਿਫਤ ਸਲਾਹ ਬਖਸ਼ ਦੇਂਦਾ ਹੈ ਉਹ ਪਾਤਸ਼ਾਹਾਂ ਦਾ ਪਾਤਸ਼ਾਹ ਬਣ ਜਾਂਦਾ ਹੈ—

''ਜਿਸ ਨੋ ਬਖਸੇ ਸਿਫਤਿ ਸਾਲਾਹੁ ।
ਨਾਨਕ ਪਾਤਿਸਾਹੀ ਪਾਤਿਸਾਹੁ ।''

ਸਾਰੀ ਰਚਨਾ ਉਸ ਨੂੰ ਗਾ ਰਹੀ ਹੈ। ਜਿੰਨੇ ਵੀ ਜੀਵ ਜੰਤੂ ਹਨ ਉਹ ਸਭ ਉਸ ਨੂੰ ਕਹਿ ਰਹੇ ਹਨ। ਪਰ ਉਹ ਫਿਰ ਵੀ ਅਕਥ ਹੈ ਅਲਖ ਹੈ। ਲਖਿਆ ਨਹੀਂ ਜਾਣ ਵਾਲਾ। ਜੇ ਏਨੇ ਜੀਵ ਜੰਤੂ ਹੋਰ ਵੀ ਪੈਦਾ ਕਰ ਦੇਵੇ ਤਾਂ ਵੀ ਉਹ ਸਾਰੇ ਰਲ ਕੇ ਉਸ ਨੂੰ ਕਹਿ ਨਹੀਂ ਸਕਦੇ। ਕਿਉਂਕਿ ਉਸ ਦੇ ਗੁਣ ਬੇਅੰਤ ਤੇ ਅਮੁਲੋ ਅਮੁਲ ਹਨ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਪੁਜੀ ਸਾਹਿਬ ਵਿਚ ਦਰਸਾਏ ਪੰਜਾਂ ਖੰਡਾਂ ਵਿਚੋਂ ਨਿਕਲ ਕੇ ਆਤਮਾ ਦੀ ਜੋ ਸ਼ਕਲ ਸੂਰਤ ਨਿਖਰਦੀ ਹੈ ਉਸ ਦਾ ਬਿਆਨ 38 ਵੀਂ ਪਉੜੀ ਵਿਚ ਦਿਤਾ ਗਿਆ ਹੈ। ਉਹ ਸਤ ਸੰਤੋਖ ਧੀਰਜ ਵਾਲਾ ਹੈ। ਗਿਆਨ ਵਾਨ ਹੈ। ਅੰਮ੍ਰਿਤ ਬਚਨ ਬੋਲਣ ਵਾਲਾ ਹੈ। ਉਸ ਦਾ ਇਕ ਇਕ ਸ਼ਬਦ ਸੱਚੀ ਟਕਸਾਲ ਵਿਚੋਂ ਘੜਿਆ ਘੜਾਇਆ ਨਿਕਲਦਾ ਹੈ।

ਪਰ ਜਿਨ੍ਹਾਂ ਨੂੰ ਮਹਾਰਾਜ ਆਪ ਇਹ ਅਵਸਥਾ ਬਖਸ਼ਸ਼ ਕਰੇ ਉਸੇ ਨੂੰ ਹੀ ਪ੍ਰਾਪਤ ਹੁੰਦੀ ਹੈ—

"ਜਿਨ ਕਉ ਨਦਰਿ, ਕਰਮੁ ਤਿਨ ਕਾਰ।
ਨਾਨਕ ਨਦਰੀਂ ਨਦਰਿ ਨਿਹਾਲ।"

ਸੋ ਜਪੁਜੀ ਸਾਹਿਬ ਬਹੁਤ ਉਚ ਪਾਏ ਦੀ ਰਹੱਸਵਾਦੀ ਬਾਣੀ ਹੈ। ਰਹੱਸ ਨਾਲ ਪਰੀਪੂਰਨ ਹੈ।

ਗੁਰੂ ਜੀ ਏਨਾ ਰਹੱਸ ਪੇਸ਼ ਕਰ ਰਹੇ ਹਨ ਕਿ ਅਦਭੁਤ ਰਸ ਪੈਦਾ ਕਰਦੇ ਹੋਏ ਫੁਰਮਾ ਰਹੇ ਹਨ ਕਿ ਵਾਹਿਗੁਰੂ ਕਾਦਰ ਆਪਣੀ ਕੁਦਰਤ ਨੂੰ ਆਪਣੇ ਜੀਵਾਂ ਨੂੰ ਪੈਦਾ ਕਰਕੇ ਆਪ ਤਾਂ ਵੇਖ ਰਿਹਾ ਹੈ ਪਰ ਵਡੀ ਹੈਰਾਨਗੀ ਹੈ ਕਿ ਉਸ ਦੇ ਜੀਵਾਂ ਨੂੰ ਉਹ ਨਜ਼ਰ ਨਹੀਂ ਆ ਰਿਹਾ—

"ਓਹੁ ਵੇਖੈ, ਓਨਾ ਨਦਰਿ ਨ ਆਵੈ, ਬਹੁਤਾ ਏਹੁ ਵਿਡਾਣੁ।"

ਮਨੁੱਖ ਆਪਣੇ ਕਰਮਾਂ ਕਰਕੇ ਹੀ ਪ੍ਰਭੂ ਦੇ ਨੇੜੇ ਚਲਾ ਜਾਂਦਾ ਹੈ ਅਤੇ ਕਰਮਾਂ ਨਾਲ ਹੀ ਦੂਰ ਹੋ ਜਾਂਦਾ ਹੈ—

"ਕਰਨੀ ਆਪੋ ਆਪਣੀ, ਕੇ ਨੇੜੈ ਕੇ ਦੂਰਿ।"

ਜਪੁਜੀ ਵਿਚ ਆਏ ਪੰਜਾਂ ਪੜਾਵਾਂ ਤੇ ਹੋਰ ਪੜਾਵਾਂ ਨੂੰ ਜਿਵੇਂ ਸੁਣਿਐ, ਮੰਨਿਐ ਤੇ ਅਮਲ ਕਰਨ ਦੇ ਪੜਾਵਾਂ, ਆਦਿ ਨੂੰ ਚੜ੍ਹ ਕੇ, ਪਾਰ ਕਰ ਕੇ ਹੀ ਮਨੁੱਖ ਉਸ ਨਾਲ ਇਕ ਰੂਪ ਹੋ ਜਾਂਦਾ ਹੈ—

"ਏਤੁ ਰਾਹਿ ਪਵੜੀਆ ਚੜੀਐ ਹੋਇ ਇਕੀਸ।"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਪੁਜੀ ਸਾਹਿਬ ਪ੍ਰਬੰਧ-ਕਾਵਿ

ਪੁਸਤਕ 'ਪਿੰਗਲ ਤੇ ਸਾਹਿਤ ਦੇ ਰੂਪ' (ਪ੍ਰੋ. ਚਾਨਣ ਸਿੰਘ ਨਿਰਮਲ) ਪੰਨਾ 141 ਉਤੇ 'ਪ੍ਰਬੰਧ ਕਾਵਿ' ਦੀ ਪਰਿਭਾਸ਼ਾ ਇਉਂ ਮਿਲਦੀ ਹੈ—

"ਨਿਬੰਧ ਕਾਵਿ ਵਾਂਗ ਕਿਸੇ ਖਾਸ ਵਿਸ਼ੇ ਨਾਲ ਸੰਬੰਧਤ ਉਹ ਲੰਮੇਰੀ ਕਾਵਿ ਰਚਨਾ ਹੈ ਜਿਸ ਵਿਚ ਵਿਚਾਰ ਲੜੀਵਾਰ ਜੰਜ਼ੀਰ ਦੀਆਂ ਕੜੀਆਂ ਵਾਂਙੂ ਅਗਾਂਹ ਤੁਰਨ ਤੇ ਕਿਸੇ ਵਿਸ਼ੇਸ਼ ਆਦਰਸ਼ ਨੂੰ ਰੂਪਮਾਨ ਕਰਨ। ਪ੍ਰਬੰਧ ਕਾਵਿ ਵਿਚ ਇਕ ਕੇਂਦਰੀ ਖ਼ਿਆਲ ਹੁੰਦਾ ਹੈ ਅਤੇ ਸਾਰੀ ਵਿਚਾਰਧਾਰਾ ਉਸੇ ਕੇਂਦਰੀ ਖ਼ਿਆਲ ਨਾਲ ਜੁੜਦੀ ਹੈ।"

ਸਿਧ ਗੋਸ਼ਟਿ ਵਾਂਗ ਜਪੁਜੀ ਸਾਹਿਬ ਵੀ ਇਕ ਲੰਮੇਰੀ ਰਚਨਾ ਹੈ। ਇਸ ਵਿਚ ਵਿਚਾਰ ਲੜੀਵਾਰ ਜੰਜ਼ੀਰ ਦੀਆਂ ਕੜੀਆਂ ਵਾਂਙੂ ਅੱਗੇ ਤੁਰਦੇ ਹਨ ਅਤੇ ਮਨੁੱਖੀ ਆਤਮਾ ਦੇ ਵਿਕਾਸ ਦੇ ਆਦਰਸ਼ ਨੂੰ ਨਿਰੂਪਨ ਕਰਦੇ ਹਨ। ਇਸ ਵਿਚ ਵੀ ਇਕ ਕੇਂਦਰੀ ਖ਼ਿਆਲ ਹੈ ਜਿਸ ਦੇ ਦੁਆਲੇ ਇਸ ਦੀ ਸਾਰੀ ਵਿਚਾਰਧਾਰਾ ਘੁੰਮਦੀ ਹੈ।

ਇਸ ਰਚਨਾ ਵਿਚ ਸ਼ੁਰੂ ਦੀਆਂ ਪੰਕਤੀਆਂ ਵਿਚ ਰੱਬ ਦੀ ਪਰਿਭਾਸ਼ਾ ਦਿਤੀ ਗਈ ਹੈ। ਰੱਬ ਸੱਚ ਹੈ ਅਤੇ ਸੱਚ ਰੱਬ ਹੈ। **God is Truth and Truth is God.**

"ਆਦਿ ਸਚੁ ਜੁਗਾਦਿ ਸਚੁ।
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ।"

ਹੁਣ ਮਨੁੱਖ ਦੇ ਸਾਹਮਣੇ ਪ੍ਰਸ਼ਨ ਪੈਦਾ ਹੁੰਦਾ ਕਿ ਕਿਵੇਂ ਉਸ ਨੇ ਸਚਿਆਰ ਰੂਪ ਬਣਨਾ ਹੈ।

"ਕਿਵ ਸਚਿਆਰਾ ਹੋਈਐ
ਕਿਵ ਕੂੜੈ ਟੁਟੈ ਪਾਲ।
ਹੁਕਮਿ ਰਜਾਈ ਚਲਣਾ
ਨਾਨਕ ਲਿਖਿਆ ਨਾਲ।"

ਇਨ੍ਹਾਂ ਦੁਹਾਂ ਪੰਕਤੀਆਂ ਦੇ ਇਰਦ ਗਿਰਦ ਹੀ ਸਾਰੇ ਜਪੁਜੀ ਸਾਹਿਬ ਦਾ ਕੇਂਦਰੀ ਭਾਵ ਮੰਡਲਾਂਦਾ ਹੈ। ਪਹਿਲੀ ਪੰਕਤੀ ਵਿਚ ਪ੍ਰਸ਼ਨ ਕੀਤਾ ਗਿਆ ਹੈ ਕਿ ਕਿਵੇਂ ਸਚਿਆਰਾ

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਣਿਆ ਜਾਵੇ। ਦੂਸਰੀ ਪੰਕਤੀ ਵਿਚ ਇਸ ਦਾ ਉਤਰ ਹੈ ਕਿ ਹੁਕਮ ਰਜਾ ਵਿਚ ਚੱਲਣ ਨਾਲ। ਫਿਰ ਸੁਆਲ ਪੈਦਾ ਹੈ ਕਿ ਹੁਕਮ ਰਜਾ ਕੀ? ਇਸ ਦਾ ਉਤਰ ਵੀ ਨਾਲ ਦੀ ਅਰਧ ਪੰਕਤੀ ਵਿਚ ਮਿਲ ਜਾਂਦਾ ਹੈ—"ਨਾਨਕ ਲਿਖਿਆ ਨਾਲਿ।"

ਅਰਥਾਤ ਐ ਮਨੁੱਖ ਹੁਕਮ ਦੀ ਆਵਾਜ਼ ਸਦਾ ਤੇਰੇ ਨਾਲ ਚਲਦੀ ਹੈ। ਤੂੰ ਉਸ ਨੂੰ ਸੁਣ ਤੇ ਸਚ ਮਾਰਗ ਧਾਰਨ ਕਰ। ਆਤਮਾ ਪਰਮਾਤਮਾ ਵਲ ਤੇ ਮਨ ਮਾਇਆ ਵਲ ਪ੍ਰੇਰਦਾ ਹੈ। ਮਨੁੱਖ ਮਨ ਪਿਛੇ ਲਗ ਖ਼ਰਾਬ ਹੁੰਦਾ ਹੈ ਤੇ ਆਤਮਾ ਦੀ ਆਵਾਜ਼ ਨੂੰ ਅਣ ਸੁਣੀ ਕਰ ਛਡਦਾ ਹੈ। ਇਸ ਤਰ੍ਹਾਂ ਸਚ ਮਾਰਗ ਤੋਂ ਭਟਕ ਜਾਂਦਾ ਹੈ। ਸੋ ਸਚ ਦੀ ਆਵਾਜ਼ ਮਨੁੱਖ ਦੇ ਅੰਦਰੋਂ ਹੀ ਉਸ ਦੀ ਆਤਮਾ ਦੇਂਦੀ ਹੈ। ਇਹ ਕਿਧਰੋਂ ਬਾਹਰੋਂ ਨਹੀਂ ਆਉਂਦੀ।

ਇਹ ਸਚਾਈ ਹੈ ਕਿ ਮਨੁੱਖ ਨੂੰ ਉਸ ਦਾ ਚਿੰਤਨ ਹੀ ਉਸ ਨੂੰ ਬਣਾਂਦਾ ਹੈ।

"ਜਿਹਾ ਸੇਵੇ ਤੇਹਾ ਹੋਵੇ ਤੇਹੇ ਕਰਮ ਕਮਾਇ।"

ਤਾਂ ਤੇ ਜੇ ਮਨੁੱਖ ਨੇ ਸਚਿਆਰ ਰੂਪ ਬਣਨਾ ਹੈ ਤਾਂ ਜ਼ਰੂਰੀ ਹੈ ਕਿ ਉਸ ਦਾ ਜਾਪ ਕਰੇ, ਪਰ ਜਾਪ ਗੁਰੂ ਕਿਰਪਾ ਤੋਂ ਬਿਨਾ ਨਹੀਂ ਹੋ ਸਕਦਾ—

"ਗੁਰ ਪ੍ਰਸਾਦਿ ਜਪੁ।"

ਗੁਰੂ ਦੀ ਕਿਰਪਾ ਦੇ ਪਾਤਰ ਬਣਿਆ ਜਾਵੇ। ਗੁਰੂ ਦੀ ਸਿਖਿਆ ਸਿਧੀ ਸਾਦੀ ਹੁੰਦੀ ਹੈ। ਏਨੀ ਸਰਲ ਕਿ ਸਾਨੂੰ ਇਹ ਨਿਸਚਾ ਨਹੀਂ ਹੁੰਦਾ ਕਿ ਕੀ ਇਹ ਸਾਡੇ ਜੀਵਨ ਵਿਚ ਕੋਈ ਕਰਾਮਾਤ ਪੈਦਾ ਕਰ ਸਕਦੀ ਹੈ।

"ਗੁਰਾ ਇਕ ਦੇਹਿ ਬੁਝਾਈ
ਸਭਨਾ ਜੀਆ ਕਾ ਇਕੁ ਦਾਤਾ।
ਸੋ ਮੈਂ ਵਿਸਰਿ ਨ ਜਾਈ।"

ਬਸ ਇਸੇ ਸਿਖਿਆ ਨੂੰ ਸੁਦ੍ਰਿੜ ਕਰਵਾਣ ਵਾਲਾ ਸ਼ਬਦ ਗੁਰੂ ਦੇ ਮੁਖਾਰਵਿੰਦ ਤੋਂ ਸੁਣਨ ਦੀ ਲੋੜ ਹੈ।

ਐਸੇ ਸ਼ਬਦ ਦੇ ਸੁਣਨ ਨਾਲ ਹੀ ਸਿਧਾਂ, ਪੀਰਾਂ, ਨਾਥਾਂ, ਜੋਗੀਆਂ, ਸ਼ਿਵ, ਬ੍ਰਹਮਾ, ਵਿਸ਼ਨੂੰ, ਇੰਦਰ, ਸਤੀਆਂ, ਸੰਤੋਖੀਆਂ, ਗਿਆਨੀਆਂ, ਧਿਆਨੀਆਂ, ਭਗਤਾਂ ਆਦਿ ਨੇ ਸਦਾ ਵਿਗਾਸ ਵਾਲੀਆਂ ਉਚ ਪਦਵੀਆਂ ਪ੍ਰਾਪਤ ਕੀਤੀਆਂ ਹਨ।

ਸੁਣਿਐ ਸਿਧ ਪੀਰ ਸੁਰਿ ਨਾਥ।
ਸੁਣਿਐ ਈਸਰੁ ਬਰਮਾ ਇੰਦੁ।
ਸੁਣਿਐ ਸਤ ਸੰਤੋਖੁ ਗਿਆਨੁ।
ਸੁਣਿਐ ਸੇਖ ਪੀਰ ਪਾਤਿਸ਼ਾਹ।
ਨਾਨਕ ਭਗਤਾਂ ਸਦਾ ਵਿਗਾਸੁ।
ਸੁਣਿਐ ਦੂਖ ਪਾਪ ਕਾ ਨਾਸੁ।"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਐਸੇ ਸ਼ਬਦ ਨੂੰ ਸੁਣਨ ਕਰਕੇ ਹੀ ਬਾਲਮੀਕ ਵਰਗੇ ਅੰਨਿਆਂ ਨੂੰ ਰਾਹ ਹੱਥ ਲੱਗਿਆ।

"ਸੁਣਿਐ ਅੰਧੇ ਪਾਵਹਿ ਰਾਹੁ।"

ਇਹੀ ਸ਼ਬਦ ਸੁਣ ਕੇ ਰਿਖੀਆਂ ਨੇ ਸਮੁੰਦਰ ਨੂੰ ਚੂਲੀ ਬਣਾ ਕੇ ਪੀ ਲਿਆ—

"ਸੁਣਿਐ ਹਾਥ ਹੋਵੈ ਅਸਗਾਹੁ।"

"The ocean becomes hand deep."

ਮਨੁੱਖੀ ਮਤ ਵਿਚ ਰਤਨ ਜਵਾਹਰ ਮਾਣਕ ਪੈਦਾ ਹੋ ਜਾਂਦੇ ਹਨ ਜੇ ਉਹ ਗੁਰੂ ਦੀ ਸਿਖਿਆ ਸੁਣ ਲੈਂਦਾ ਹੈ ਤਾਂ।

"ਮਤਿ ਵਿਚਿ ਰਤਨ ਜਵਾਹਰ ਮਾਣਿਕ
ਜੇ ਇਕ ਗੁਰ ਕੀ ਸਿਖ ਸੁਣੀ।"

ਪਹਿਲਾਂ ਪ੍ਰਭੂ ਦੀ ਮਹਿਮਾ ਗੌਣ ਦੀ ਮਹੱਤਾ ਦਾ ਵਰਣਨ ਹੈ। ਫਿਰ ਗੁਰੂ ਦੇ ਸ਼ਬਦ ਸੁਣ ਲੈਣ ਦੀ ਮਹਿਮਾ ਦਾ ਵਰਣਨ ਹੈ। 8 ਤੋਂ ਲੈ ਕੇ 11 ਪਉੜੀਆਂ ਤਕ ਇਸ ਮਹਿਮਾ ਦਾ ਵਰਣਨ ਹੈ।

ਕੇਵਲ ਸੁਣ ਲੈਣਾ ਹੀ ਕਾਫੀ ਨਹੀਂ। ਅਨੇਕਾਂ ਲੋਕ ਇਕ ਕੰਨੋਂ ਸੁਣਦੇ ਤੇ ਦੂਸਰੇ ਕੰਨੋ ਕੱਢ ਦੇਂਦੇ ਹਨ—ਤਾਂ ਫਿਰ ਸੁਣ ਕੇ ਮੰਨ ਲੈਣਾ ਅਗਲੀ ਅਵਸਥਾ ਹੈ। ਮੰਨ ਲੈਣ ਵਾਲੇ ਦੀ ਗਤ ਕਹੀ ਨਹੀਂ ਜਾਣ ਵਾਲੀ—"ਮੰਨੇ ਕੀ ਗਤਿ ਕਹੀ ਨ ਜਾਇ।" ਮੰਨਣ ਵਾਲਿਆਂ ਦੀ ਮਹਿਮਾ ਕਾਗਜ ਤੇ ਕਲਮ ਨਹੀਂ ਲਿਖ ਸਕਦੀ—

"ਕਾਗਦਿ ਕਲਮ ਨ ਲਿਖਣਹਾਰ।
ਮੰਨੇ ਕਾ ਬਹਿ ਕਰਨ ਵਿਚਾਰ।"

12 ਤੋਂ ਲੈ ਕੇ 15 ਵੀਂ ਪਉੜੀ ਤਕ ਮੰਨੇ ਦੀਆਂ ਪਉੜੀਆਂ ਦਿਤੀਆਂ ਹਨ:

ਮੰਨ ਲੈਣ ਨਾਲ ਮਨ ਵਿਚ ਸੁਰਤ ਤੇ ਬੁਧ ਜਾਗਦੀ ਹੈ। ਸਗਲ ਭਵਣਾਂ ਦਾ ਗਿਆਨ ਹੋ ਜਾਂਦਾ ਹੈ।

"ਮੰਨੈ ਪਾਵਹਿ ਮੋਖੁ ਦੁਆਰੁ।
ਮੰਨੈ ਪਰਵਾਰੈ ਸਾਧਾਰੁ।
ਮੰਨੈ ਤਰੈ ਤਾਰੇ ਗੁਰਸਿਖ।"

ਮੰਨਣ ਤੋਂ ਬਾਅਦ ਪੰਚ ਹੋਣ ਦੀ ਪਦਵੀ ਪਾਉਂਦਾ ਹੈ ਅਤੇ ਪੰਚ ਦਰਗਹਿ ਮਾਨ ਪਾਉਂਦੇ ਹਨ—

"ਪੰਚ ਪਰਵਾਣ ਪੰਚ ਪਰਧਾਨੁ।
ਪੰਚੇ ਪਾਵਹਿ ਦਰਗਹਿ ਮਾਨੁ।"

ਪੰਚਾਂ ਭਾਵ ਵਿਸ਼ੇਸ਼ ਚੁਣੇ ਗਏ ਵਿਅਕਤੀਆਂ ਦਾ ਧਿਆਨ ਇਕੋ ਪ੍ਰਭੂ ਵਲ ਰਹਿੰਦਾ ਹੈ –

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"ਪੰਚਾ ਕਾ ਗੁਰ ਏਕੁ ਧਿਆਨੁ।"

ਜੋ ਸੁਣ ਕੇ ਮੰਨ ਲੈਂਦਾ ਹੈ ਅਤੇ ਮਨ ਵਿਚ ਪ੍ਰਭੂ ਦਾ ਪਿਆਰ ਭਾਉ ਪੈਦਾ ਕਰਦਾ ਹੈ, ਉਹ ਆਪਣੇ ਅੰਤਰਗਤਿ ਦੀ ਮੈਲ ਆਪਣੇ ਅੰਦਰਲੇ ਤੀਰਥ ਵਿਚ ਹੀ ਧੋ ਲੈਂਦਾ ਹੈ। ਉਸ ਦੀ ਪਾਪਾਂ ਨਾਲ ਭਰੀ ਮਤ ਪ੍ਰਭੂ ਦੇ ਨਾਂ ਦੇ ਰੰਗ ਨਾਲ ਧੁਲ ਕੇ ਲਹਿ ਜਾਂਦੀ ਹੈ—

"ਭਰੀਐ ਮਤਿ ਪਾਪਾਂ ਕੈ ਸੰਗਿ।
ਓਹੁ ਧੋਪੈ ਨਾਵੈ ਕੈ ਰੰਗਿ।"

ਜਿਸ ਨੂੰ ਉਹ ਆਪਣੀ ਸਿਫਤ ਸਲਾਹ ਬਖਸ਼ਸ਼ ਕਰ ਦੇਂਦਾ ਹੈ, ਉਹ ਤਾਂ ਪਾਤਸ਼ਾਹਾਂ ਦਾ ਪਾਤਸ਼ਾਹ ਬਣ ਜਾਂਦਾ ਹੈ—

"ਜਿਸ ਨੋ ਬਖਸ਼ੇ ਸਿਫਤਿ ਸਾਲਾਹ।
ਨਾਨਕ ਪਾਤਸਾਹੀ ਪਾਤਿਸਾਹੁ।"

ਉਸ ਨੂੰ ਮੁੰਦਰਾਂ ਪਹਿਣਨ ਦੀ ਲੋੜ ਨਹੀਂ। ਉਹ ਤਾਂ ਮਨ ਜਿੱਤ ਕੇ ਜਗ ਜੇਤੂ ਕਹਾਉਂਦਾ ਹੈ।

ਗੁਰੂ ਦਾ ਸ਼ਬਦ ਉਸ ਦੇ ਘਟਿ ਘਟਿ ਵਿਚ ਵਜਦਾ ਹੈ—

"ਘਟਿ ਘਟਿ ਵਾਜਹਿ ਨਾਦ।"

ਉਸ ਨੂੰ ਧਰਤੀਆਂ ਅਕਾਸ਼ਾਂ ਖੰਡਾਂ ਬ੍ਰਹਿਮੰਡਾਂ ਦੀ ਸੋਝੀ ਹੋ ਜਾਂਦੀ ਹੈ। ਐਸੀ ਆਤਮਾ ਫਿਰ ਮਨੁੱਖੀ ਆਤਮਾ ਦੇ ਪੰਜ ਵਿਕਾਸ ਪੜਾਵਾਂ ਵਿਚੋਂ ਦੀ ਲੰਘਦੀ ਹੈ। ਪਹਿਲਾ ਪੜਾ ਧਰਮ ਖੰਡ ਹੈ, ਜਿਸ ਵਿਚ ਉਹ ਆਪਣਾ ਮੂਲ ਪਛਾਣਦੀ ਹੈ। ਧਰਮ ਮਾਰਗ ਤੇ ਚਲਦੀ ਹੈ। ਦੂਜਾ ਪੜਾ ਗਿਆਨ ਖੰਡ ਦਾ ਹੈ। ਏਥੇ ਉਹ ਸਤਿਸੰਗਾਂ ਵਿਚ ਜੁੜ ਕੇ ਆਪਣੇ ਗਿਆਨ ਵਿਚ ਵਾਧਾ ਕਰਦੀ ਹੈ। ਸਤਿਸੰਗਾਂ ਵਿਚ ਵਜ ਰਹੇ ਰਾਗਾਂ, ਰੰਗਾਂ ਨਾਦਾਂ ਵਿਚ ਉਸ ਦਾ ਮਨ ਸਹਿਜੇ ਹੀ ਜੁੜ ਜਾਂਦਾ ਹੈ—

"ਗਿਆਨ ਖੰਡ ਮਹਿ ਗਿਆਨੁ ਪਰਚੰਡੁ।
ਤਿਥੈ ਨਾਦ ਬਿਨੋਦ ਕੋਡ ਅਨੰਦ।"

ਤੀਜਾ ਸਰਮ ਖੰਡ ਹੈ। ਏਥੇ ਆ ਕੇ ਉਹ ਅਮਲ ਵਿਚ ਆਉਂਦੀ ਹੈ। ਕਰਮ ਖੰਡ ਚੌਥੇ ਪੜਾ ਤੇ ਉਹ ਕੋਈ ਕੋਨਾ ਭਾਲਦੀ ਹੈ। ਓਥੇ ਉਹ ਇਕੋ ਪ੍ਰਭੂ ਵਿਚ ਜੁੜੀ ਰਹਿੰਦੀ ਹੈ ਆਤਮਾ। ਓਥੇ ਕੋਈ ਹੋਰ ਖ਼ਿਆਲ ਨਹੀਂ ਹੁੰਦਾ। ਉਸ ਵਿਚ ਰਾਮ ਭਰਪੂਰ ਹੁੰਦਾ ਹੈ। ਰੱਬ ਦੀ ਮਹਿਮਾ ਵਿਚ ਮਨ ਸੀਤਾ ਰਹਿੰਦਾ ਹੈ। ਮਨ ਵਿਚ ਸਦਾ ਅਨੰਦ ਰਹਿੰਦਾ ਹੈ—

"ਤਿਥੈ ਹੋਰੁ ਨ ਕੋਈ ਹੋਰੁ।
ਤਿਨ ਮਹਿ ਰਾਮੁ ਰਹਿਆ ਭਰਪੂਰ।
ਤਿਥੈ ਸੀਤੋ ਸੀਤਾ ਮਹਿਮਾ ਮਾਹਿ।
ਕਰਹਿ ਅਨੰਦੁ ਸਚਾ ਮਨ ਸੋਇ।"

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜਵੇਂ ਪੜਾ ਸਚ ਖੰਡ ਵਿਚ ਆ ਕੇ ਆਤਮਾ ਰੱਬੀ ਅਵਤਾਰ ਦੀ ਪਦਵੀ ਪਾਉਂਦੀ ਹੈ।

"ਜਿਵ ਜਿਵ ਹੁਕਮ ਤਿਵੈ ਤਿਵ ਕਾਰ।"

ਇਨ੍ਹਾਂ ਪੰਜ ਪੜਾਵਾਂ ਵਿਚੋਂ ਗੁਜਰ ਕੇ ਆਤਮਾ ਪ੍ਰਮਾਤਮਾ ਦਾ ਰੂਪ ਬਣ ਜਾਂਦੀ ਹੈ —

"ਇਤੁ ਰਾਹਿ ਪਤਿ ਪਵੜੀਆਂ ਚੜੀਐ ਹੋਇ ਇਕੀਸ।"

ਫਿਰ ਤਾਂ ਉਸ ਦਾ ਇਕ ਇਕ ਬੋਲ ਸੁੱਚਾ ਸੱਚਾ ਸਾਬਿਤ ਹੁੰਦਾ ਹੈ, ਜੋ ਉਸ ਦੀ ਮਹਾਨ ਪ੍ਰਤਿਭਾ ਵਿਚੋਂ ਘੜਿਆ ਨਿਕਲਦਾ ਹੈ। ਉਸ ਦੀ ਪ੍ਰਤਿਭਾ ਦੀ ਦੁਕਾਨ ਦਾ ਨਕਸ਼ਾ ਇਉਂ ਉਘੜਦਾ ਹੈ—

"ਜਤ ਪਹਾਰਾ ਧੀਰਜ ਸੁਨਿਆਰ।
ਆਹਰਣਿ ਮਤਿ ਵੇਦੁ ਹਥੀਆਰੁ।
ਭਉ ਖਲਾ ਅਗਨਿ ਤਪ ਤਾਉ।
ਭਾਂਡਾ ਭਾਉ ਅੰਮ੍ਰਿਤ ਤਿਤੁ ਢਾਲਿ।
ਘੜੀਐ ਸ਼ਬਦੁ ਸੱਚੀ ਟਕਸਾਲ।

ਜਤ ਸਤ ਦੀ ਉਸ ਦੀ ਦੁਕਾਨ ਹੁੰਦੀ ਹੈ। ਉਹ ਸਬਰ ਸੰਤੋਖ ਦਾ ਸੁਨਿਆਰ ਬਣਦਾ ਹੈ। ਆਪਣੀ ਮਤ ਨੂੰ ਅਹਿਰਣ ਬਣਾਉਂਦਾ ਹੈ। ਉਸ ਉਤੇ ਗਿਆਨ ਦਾ ਹਥੌੜਾ ਚਲਾਉਂਦਾ ਹੈ। ਪ੍ਰਭੂ ਭੌ ਨੂੰ ਧੌਂਕਣੀ ਬਣਾਂਦਾ ਹੈ। ਤਪਸਿਆ ਦਾ ਅਗਨ ਚਮਕਾਉਂਦਾ ਹੈ। ਇਉਂ ਉਸ ਦੇ ਪ੍ਰੇਮ ਦੇ ਹਿਰਦੇ ਰੂਪੀ ਬਰਤਨ ਵਿਚ ਅੰਮ੍ਰਿਤ ਢਲ ਢਲ ਕੇ ਪੈਂਦਾ ਹੈ। ਇਸ ਸੱਚੀ ਟਕਸਾਲ ਵਿਚ ਉਸ ਦਾ ਇਕ ਇਕ ਸਿਕੇ (Coin) ਰੂਪੀ ਸ਼ਬਦ ਘੜਕੇ ਨਿਕਲਦਾ ਹੈ। ਉਹ ਜਿਸ ਵਲ ਆਪਣੀ ਨਿਗਾਹ ਕਰਦਾ ਹੈ ਓਸੇ ਨੂੰ ਹੀ ਨਦਰੀ ਨਦਰ ਨਿਹਾਲ ਕਰ ਦੇਂਦਾ ਹੈ।

"ਨਾਨਕ ਨਦਰੀਂ ਨਦਰਿ ਨਿਹਾਲ।

ਸੋ ਅਸਾਂ ਵੇਖਿਆ ਹੈ ਕਿ ਜਪੁਜੀ ਸਾਹਿਬ ਦੀ ਬਾਣੀ ਇਕੋ ਕੇਂਦਰੀ ਆਸ਼ੇ ਦੇ ਦੁਆਲੇ ਘੁੰਮਦੀ ਹੈ। ਇਸ ਵਿਚ ਕੇਂਦਰੀ ਖ਼ਿਆਲ ਇਹ ਹੈ ਕਿ ਮਨੁੱਖੀ ਆਤਮਾ ਵਿਕਾਸ ਕਿਵੇਂ ਤੇ ਕਿਸ ਤਰ੍ਹਾਂ ਕਰਦੀ ਹੈ ਅਤੇ ਅੰਤ ਤੇ ਉਸ ਦਾ ਆਪਣਾ ਸਰੂਪ ਕਿਸ ਤਰ੍ਹਾਂ ਦਾ ਉਘੜਦਾ ਹੈ। ਇਸ ਲਈ ਜਪੁਜੀ ਸਾਹਿਬ ਦੀ ਬਾਣੀ ਇਕ ਪ੍ਰਬੰਧ ਕਾਵਿ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਪੁਜੀ ਵਿਚ ਸਮਾਜਿਕਤਾ

"ਬਾਬੇ ਤਾਰੇ ਚਾਰ ਚਕ ਨੌ ਖੰਡ ਪ੍ਰਿਥਮੀ ਸੱਚਾ ਢੋਆ।

(ਭਾਈ ਗੁਰਦਾਸ)

ਗੁਰੂ ਨਾਨਕ ਦੇਵ ਜੀ ਬਹੁਤ ਵਡੇ ਸਮਾਜ, ਦੇਸ਼, ਮਾਤ ਲੋਕ ਦੇ ਲੋਕਾਂ ਦੇ ਸੁਧਾਰਕ ਹਨ। ਉਨ੍ਹਾ ਦੇ ਲੋਕ ਦਰਦ, ਪੀੜਾ, ਦੁਖਾਂ ਤਕਲੀਫਾਂ ਦੀ ਕਰਕ ਕਲੇਜੇ ਮਾਹਿ ਉਠਦੀ ਸੀ ਅਤੇ ਮਾਪੇ ਸਮਝਣ ਲਗੇ ਕਿ ਉਹ ਬੀਮਾਰ ਹਨ। ਜਪੁਜੀ ਸਾਹਿਬ ਵਿਚ ਜੋ ਗੁਰੂ ਨਾਨਕ ਦੇਵ ਜੀ ਦੀ ਸਮਾਜਿਕਤਾ ਹੈ ਉਹ ਹੈ ਪ੍ਰਭੂ ਦਾ ਗਿਆਨ ਰਖਣ ਵਾਲੀ। ਲੋਕਾਂ ਨੂੰ ਵਾਹਿਗੁਰੂ ਦਾ ਗਿਆਨ ਹੋਣਾ ਯੋਗ ਹੈ।

ਪ੍ਰਭੂ ਸਚਿਆਰ ਰੂਪ ਵਿਚ ਹੈ —

"ਆਦਿ ਸਚ, ਜੁਗਾਦਿ ਸਚ, ਹੈ ਭੀ ਸਚ
ਨਾਨਕ ਹੋਸੀ ਭੀ ਸਚ।"

ਗੁਰੂ ਜੀ ਆਸ ਕਰਦੇ ਹਨ ਕਿ ਸਮਾਜਿਕ ਜੀਵ ਵੀ ਸਚਿਆਰ ਬਣਨ। ਕਿਉਂਕਿ ਜੀਵ ਪ੍ਰਾਣੀ ਪ੍ਰਭੂ ਦੇ ਬਣਾਏ ਹੋਏ ਹਨ ਇਸ ਕਰਕੇ ਇਹ ਉਸੇ ਵਰਗੇ ਹੀ ਹੋਣ। ਜੇ ਉਹ ਆਪ ਸਚਿਆਰ ਹੈ ਤਾਂ ਸਮਾਜਿਕ ਪ੍ਰਾਣੀ ਵੀ ਸਚਿਆਰ ਹੋਣ—

"ਕਿਵ ਸਚਿਆਰਾ ਹੋਈਐ ਕਿਵ ਕੂੜੈ ਟੁਟੈ ਪਾਲਿ।"

ਤਾਂ ਫਿਰ ਸਚਿਆਰ ਕਿਵੇਂ ਬਣਿਆ ਜਾ ਸਕੇ? ਕਿਵੇਂ ਕੂੜ ਭਾਵ ਝੂਠ ਦੀ ਚੇਪੜੀ ਮਨ ਤੋਂ ਲੱਥੇ ਕਿ ਸਚ ਦਿਖਾਈ ਦੇਵੇ। ਦੂਜੀ ਪੰਕਤੀ ਵਿਚ ਉੱਤਰ ਦੇਂਦੇ ਹਨ—

"ਹੁਕਮਿ ਰਜਾਈ ਚਲਣਾ, ਨਾਨਕ ਲਿਖਿਆ ਨਾਲ।"

ਅਰਥਾਤ ਪ੍ਰਭੂ ਦੇ ਹੁਕਮ ਵਿਚ ਰਹਿਣ ਨਾਲ। ਉਸ ਦੀ ਰਜਾ ਵਿਚ ਚਲਣ ਨਾਲ। ਗੁਰੂ ਜੀ ਫੁਰਮਾਂਦੇ ਹਨ ਕਿ ਉਸ ਦੇ ਹੁਕਮ ਦੀ ਆਵਾਜ਼ ਕਿਤੋਂ ਬਾਹਰੋਂ ਨਹੀਂ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਗੋਂ ਅੰਦਰੋਂ ਹੀ ਆਉਂਦੀ ਹੈ। ਇਹ ਹਰੇਕ ਪ੍ਰਾਣੀ ਦੇ ਨਾਲ ਨਾਲ ਹੈ। ਉਸ ਦੀ ਆਤਮਾ ਦੀ ਆਵਾਜ਼ ਹੈ। ਕਿਉਂਕਿ ਆਤਮਾ ਪਰਮਾਤਮਾ ਦਾ ਅੰਸ਼ ਹੈ। ਸੋ ਗੁਰੂ ਜੀ ਸਮਾਜਿਕ ਪ੍ਰਾਣੀਆਂ ਨੂੰ ਹੁਕਮ ਰਜਾ ਮੰਨਣ ਵਾਲਾ ਬਣਾਣਾ ਲੋੜਦੇ ਹਨ। ਕਿਉਂਕਿ ਉਸ ਦੇ ਹੁਕਮ ਵਿਚ ਕੁਲ ਕਾਇਨਾਤ ਚਲ ਰਹੀ ਹੈ।

"ਹੁਕਮੈ ਅੰਦਰਿ ਸਭੁ ਕੋ, ਬਾਹਰ ਹੁਕਮ ਨ ਕੋਇ।"

ਹਰ ਕੋਈ ਏਥੋਂ ਤਕ ਕਿ ਬ੍ਰਿਛਾਂ ਦੇ ਪਤੇ ਵੀ ਉਸ ਦੇ ਹੁਕਮ ਵਿਚ ਹੀ ਝੁਲਦੇ ਹਨ। ਕੋਈ ਕਣ ਮਾਤਰ ਵੀ ਉਸ ਦੇ ਹੁਕਮ ਤੋਂ ਬਾਹਰ ਨਹੀਂ ਹੈ। ਫਿਰ ਮਨੁੱਖ ਜੋ ਉਸ ਦੀ ਕਾਇਨਾਤ ਦਾ ਸਰਦਾਰ ਹੈ ਉਸ ਦੇ ਹੁਕਮ ਤੋਂ ਬਾਹਰ ਕਿਉਂ ਹੋਏ। ਮਨੁੱਖ ਜੋ ਉਸ ਦੇ ਆਪਣੇ ਪ੍ਰਤਿਬੰਬ ਰੂਪ ਵਿਚ ਬਣਿਆ ਹੈ—ਬਣਿਆ ਕੀ ਉਸ ਨੇ ਆਪ ਸਾਜਿਆ ਹੈ ਹੁਕਮ ਵਿਚ ਕਿਉਂ ਨਾ ਰਹੇ। ਆਦਮ ਤੇ ਹਵਾ ਨੇ ਉਸ ਦੇ ਹੁਕਮ ਦੀ ਅਦੂਲੀ ਕੀਤੀ ਸੀ ਤਾਂ ਉਹ ਸਵਰਗ ਵਿਚੋਂ ਬਾਹਰ ਕਢ ਦਿਤੇ ਗਏ ਸਨ। ਏਥੇ ਹੀ ਧਰਤ ਤੇ ਆ ਕੇ ਰਹੇ। ਫਿਰ ਉਨ੍ਹਾਂ ਉਸ ਦੇ ਹੁਕਮ ਦੇ ਮੰਨਣ ਦਾ ਅਭਿਆਸ ਸਾਧਿਆ ਅਤੇ ਫਿਰ ਸਵਰਗ ਪ੍ਰਾਪਤ ਕਰ ਲਿਆ। **Milton** ਦੇ ਮਹਾਂ ਕਾਵਿ **Paradise Lost** ਤੇ **Paradise Regaind** ਇਸੇ ਹਕੀਕਤਾਂ ਨੂੰ ਹੀ ਗਾਉਂਦੀਆਂ ਹਨ।

ਗੁਰੂ ਜੀ ਐਸਾ ਸਮਾਜ ਚਾਹੁੰਦੇ ਹਨ ਜੋ ਹਥ ਪੈਰ ਸਿਉਂ ਕਾਮ ਕਰੇ ਤੇ ਚੀਤ ਨਿਰੰਜਨ ਨਾਲ ਜੋੜੀ ਰਖੇ। ਪ੍ਰਭੂ ਦੇ ਗੁਣ ਗਾਇਣ ਕਰਦਾ ਰਹੇ ਸਮਾਜਕ ਪ੍ਰਾਣੀ –

"ਗਾਵੈ ਕੋ ਗੁਣ ਵਡਿਆਈਆਂ ਚਾਰ।"

ਐਸੇ ਸਮਾਜ ਦੀ ਸਥਾਪਨਾ ਸਾਹਿਬ ਕਰਨਾ ਚਾਹੁੰਦੇ ਸਨ ਜਿਸ ਦੇ ਪ੍ਰਾਣੀ ਅੰਮ੍ਰਿਤ ਵੇਲੇ ਪ੍ਰਭੂ ਦਾ ਸੱਚਾ ਨਾਓਂ ਲੈਣ। ਉਸ ਦੀ ਵਡਿਆਈ ਤੇ ਵਿਚਾਰ ਕਰਨ।

"ਅੰਮ੍ਰਿਤ ਵੇਲਾ ਸਚ ਨਾਉ, ਵਡਿਆਈ ਵੀਚਾਰ।"

ਜੋ ਵੀ ਉਸ ਨੂੰ ਸੇਵੰਦਾ ਹੈ। ਧਿਆਉਂਦਾ ਹੈ। ਉਹੀ ਮਾਨ ਪਾਉਂਦਾ ਹੈ।

"ਜਿਨਿ ਸੇਵਿਆ, ਤਿਨ ਪਾਇਆ ਮਾਨ।"

ਸੋ ਗੁਰੂ ਜੀ ਮਾਨ ਪ੍ਰਾਪਤ ਪ੍ਰਾਣੀਆਂ ਦਾ ਸਮਾਜ ਸਿਰਜਨਾ ਚਾਹੁੰਦੇ ਹਨ। ਐਸਾ ਸਮਾਜ ਜੋ ਗੁਰੂ ਦੀ ਸਿਖਿਆ ਸੁਣਦਾ ਹੈ।

"ਗੁਰਾਂ ਇਕ ਦੇਹਿ ਬੁਝਾਈ ਸਭਨਾ ਜੀਆ ਏਕ ਦਾਤਾ
ਸੋ ਮੈਂ ਵਿਸਰ ਨ ਜਾਈ।"

ਗੁਰੂ ਦੀ ਸਿਖਿਆ ਸੁਣਨ ਵਾਲੇ ਦੀ ਮਤ ਵਿਚ ਮਾਨੋ ਕਿ ਰਤਨ, ਜਵਾਹਰ, ਮਾਣਿਕ, ਮੋਤੀ, ਆਦਿ ਗੁਣ ਪੈਦਾ ਹੋ ਜਾਂਦੇ ਹਨ। ਇਸ ਕਰਕੇ ਗੁਰੂ ਜੀ ਵਡੇ ਗੁਣਾਂ ਵਾਲਾ ਸਮਾਜ ਪੈਦਾ ਕਰਨਾ ਲੋੜਦੇ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਗੇ ਗੁਰੂ ਜੀ ਸਮਾਜਿਕ ਉਚ ਤੇ ਪਦਵੀਆਂ ਦਾ ਜ਼ਿਕਰ ਕਰਨ ਲਗ ਪੈਂਦੇ ਹਨ— ਗੁਰੂ ਦਾ ਸ਼ਬਦ ਸੁਣਨ ਕਰਕੇ ਹੀ ਮਨੁੱਖ ਉਚ ਸ਼ਰੇਣੀਆਂ ਜਿਹਾ ਕਿ ਸਿਧ, ਪੀਰ, ਦੇਵੀ ਦੇਵਤੇ, ਨਾਥ ਜੋਗੀ, ਭਗਤ, ਸਦਾ ਖੇੜੇ ਵਿਚ ਰਹਿਣ ਵਾਲੇ, ਦੁਖਾਂ ਪਾਪਾਂ ਦਾ ਨਾਸ ਕਰਨ ਵਾਲੇ, ਈਸਰੁ (ਸ਼ਿਵ), ਬਰਮਾ, ਵਿਸ਼ਨੂੰ, ਇੰਦਰ, ਸਤੀ, ਸੰਤੋਖੀ, ਗਿਆਨੀ, ਤੀਰਥਾਂ ਤੇ ਇਸ਼ਨਾਨ ਕਰਨ ਵਾਲਾ, ਪੜ੍ਹਿਆ ਲਿਖਿਆ, ਧਿਆਨੀ ਪੁਰਸ਼, ਸ਼ੇਖ ਪੀਰ, ਪਾਤਸ਼ਾਹ, ਸਮੁੰਦਰ ਨੂੰ ਚੂਲੀ ਬਣਾ ਕੇ ਪੀ ਜਾਣ ਵਾਲਾ ਅਗਸਤ ਰਿਸ਼ੀ, ਆਦਿ ਦੀ ਪਦਵੀ ਪਾਉਂਦਾ ਹੈ ।

ਸੁਣਨ ਤੋਂ ਅਗਲੀ ਅਵਸਥਾ ਮੰਨੈ ਦੀ ਹੈ । ਸੁਣਨ ਤੋਂ ਬਾਅਦ ਮੰਨਣਾ ਪੈਂਦਾ ਹੈ। ਜੋ ਗੁਰੂ ਦੀ ਸਿਖਿਆ ਨੂੰ ਮੰਨ ਲੈਂਦਾ ਹੈ ਉਸ ਨੂੰ ਸੁਰਤ ਮਿਲ ਜਾਂਦੀ ਹੈ । ਮਨ ਵਿਚ ਬੁਧੀ ਜਾਗਦੀ ਹੈ । ਕਬੁਧ ਨਸਦੀ ਹੈ । ਸਗਲ ਭਵਣਾਂ ਦੀ ਸੁਧ ਬੁਧ ਆ ਜਾਂਦੀ ਹੈ। ਮੂੰਹ ਤੇ ਚੋਟਾਂ ਨਹੀਂ ਖਾਂਦਾ ਉਹ । ਜਮਾਂ ਦੇ ਵਸ ਵਿਚ ਨਹੀਂ ਪੈਂਦਾ—

"ਮੰਨੈ, ਸੁਰਤਿ ਹੋਵੈ ਮਨਿ ਬੁਧਿ ।
ਮੰਨੈ, ਸਗਲ ਭਵਣ ਕੀ ਸੁਧਿ ।
ਮੰਨੈ, ਮੁਹਿ ਚੋਟਾ ਨ ਖਾਇ ।
ਮੰਨੈ, ਜਮ ਕੈ ਸਾਥਿ ਨ ਜਾਇ ।"

ਹੋਰ ਤੇ ਹੋਰ ਮੰਨਣ ਨਾਲ ਉਸ ਦੇ ਮਾਰਗ ਖੁਲ੍ਹ ਜਾਂਦੇ ਹਨ । ਰਸਤੇ ਵਿਚ ਰੁਕਾਵਟਾਂ ਨਹੀਂ ਆਉਂਦੀਆਂ । ਰੁਕਾਵਟਾਂ ਦੂਰ ਹੋ ਜਾਂਦੀਆਂ ਹਨ । ਧਰਮ ਨਾਲ ਸੰਬੰਧ ਜੁੜ ਜਾਂਦਾ ਹੈ । ਸੋ ਆਪ ਧਰਮੀ ਪੁਰਖਾਂ ਦਾ ਸਮਾਜ ਚਾਹੁੰਦੇ ਹਨ । ਮੰਨੈ ਨਾਲ ਮੋਖ ਦੁਆਰ ਨੂੰ ਸਮਾਜਿਕ ਪ੍ਰਾਣੀ ਪਾ ਜਾਂਦਾ ਹੈ । ਮੰਨਣ ਨਾਲ ਆਪਣੇ ਪਰਿਵਾਰ ਦਾ ਸੁਧਾਰ ਕਰ ਜਾਂਦਾ ਹੈ । ਮੰਨਣ ਨਾਲ ਆਪ ਤਾਂ ਤਰ ਹੀ ਜਾਂਦਾ ਹੈ, ਨਾਲ ਸਗੋਂ ਆਪਣੇ ਸਿਖ ਸੇਵਕ ਵੀ ਤਰ ਜਾਂਦੇ ਹਨ ।

ਇਉਂ ਸਮਾਜਿਕ ਪ੍ਰਾਣੀ ਗੁਰੂ ਤੋਂ ਪ੍ਰਭੂ ਦਾ ਨਾਮ ਸੁਣਨ ਤੇ ਮੰਨਣ ਨਾਲ ਪੰਚ ਬਣ ਜਾਂਦਾ ਹੈ ਜੋ ਪ੍ਰਭੂ ਦੀ ਦਰਗਾਹ ਵਿਚ ਮਾਨ ਪਾਉਂਦਾ ਹੈ । ਰਾਜਿਆਂ ਮਹਾਰਾਜਿਆਂ ਦੇ ਦਰਬਾਰ ਵਿਚ ਮਾਨ ਯੋਗ ਪਦਵੀਆਂ ਧਾਰਨ ਕਰਦਾ ਹੈ । ਉਹ ਧੌਲ ਧਰਮ ਵਾਲਾ ਹੋ ਜਾਂਦਾ ਹੈ । ਦਇਆ, ਸੰਤੋਖ, ਆਦਿ ਦਾ ਧਾਰਨੀ ਹੋ ਨਿਬੜਦਾ ਹੈ । ਉਹ ਜਪੀ ਤਪੀ, ਦਾਤਾ, ਦਾਨੀ, ਦਾਤਾਰ, ਤਪੀ, ਭਾਉ ਤੇ ਭਉ ਵਾਲਾ ਭਗਤ, ਸੂਰਮਾ, ਟਿਕ ਟਿਕੀ ਲਗਾ ਕੇ ਸਮਾਧੀ ਵਾਲਾ ਜੀਵ ਬਣ ਜਾਂਦਾ ਹੈ ।

ਹੁਣ ਅਗੇ ਸਮਾਜਿਕ ਨੀਚ ਸ਼ਰੇਣੀਆਂ ਦਾ ਵਰਣਨ ਆਉਂਦਾ ਹੈ । ਊਚ ਕਰਮ ਕਰਨ ਨਾਲ ਊਚ ਸ਼ਰੇਣੀਆਂ ਮਿਲਦੀਆਂ ਹਨ ਪ੍ਰੰਤੂ ਨੀਚ ਕਰਮ ਕਰਨ ਨਾਲ ਨੀਚ ਸ਼ਰੇਣੀਆਂ ਪ੍ਰਾਪਤ ਹੁੰਦੀਆਂ ਹਨ—ਜਿਵੇਂ ਮੂਰਖ, ਚੋਰ, ਅੰਧਿਆ ਦੀ, ਧਿੰਗੋ ਜੋਰੀ ਕਰਨ ਵਾਲਾ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੁੜਿਆਰ, ਮਲੇਛ, ਗੰਦ ਬੋਲਣ ਵਾਲਾ, ਨਿੰਦਕ, ਨੀਚ, ਕਸਾਈ, ਹਤਿਆਰਾ, ਪਾਪੀ, ਮੁਝਰ ਖਾਣ ਵਾਲਾ, ਮੂਰਖ ਆਦਿ ।

ਗੁਰੂ ਜੀ ਬੜੇ ਸੁੰਦਰ ਤਰਤੀਬੀ ਸਲੀਕੇ ਨਾਲ ਸਮਾਜਿਕ ਪ੍ਰਾਣੀਆਂ ਨੂੰ ਸਮਝਾਉਂਦੇ ਹਨ ਕਿ ਜੇ ਹਥ ਪੈਰ ਤਨ ਦੇਹ ਖੇਹ ਨਾਲ ਭਰ ਜਾਣ ਤਾਂ ਉਹ ਪਾਣੀ ਨਾਲ ਧੋਣ ਨਾਲ ਮੈਲ ਉਤਰ ਜਾਂਦੀ ਹੈ। ਪਰ ਜੇ ਮੂਤ ਨਾਲ ਕਪੜਾ ਪਲੀਤ ਹੋ ਜਾਏ ਤਾਂ ਉਹ ਸਾਬਣ ਨਾਲ ਧੋ ਕੇ ਸਾਫ ਹੋ ਜਾਂਦਾ ਹੈ। ਇਸੇ ਤਰ੍ਹਾਂ ਜੇ ਮਤਿ ਪਾਪਾਂ ਨਾਲ ਭਰ ਜਾਏ ਤਾਂ ਉਹ ਪ੍ਰਭੂ ਦੇ ਨਾਂ ਦੇ ਰੰਗ ਨਾਲ ਧੁਲ ਜਾਂਦੀ ਹੈ ।

"ਭਰੀਐ ਹਥ ਪੈਰ ਤਨ ਦੇਹ ।
ਪਾਣੀ ਧੋਤੈ, ਉਤਰਸ ਖੇਹ ।
ਮੂਤ ਪਲੀਤੀ ਕਪੜ ਹੋਇ ।
ਦੇ ਸਬੂਣ ਲਈਐ ਓਹੁ ਧੋਇ ।
ਭਰੀਐ ਮਤਿ ਪਾਪਾ ਕੈ ਸੰਗਿ ।
ਓਹੁ ਧੋਪੈ ਨਾਵੈ ਕੈ ਰੰਗਿ ।"

ਆਪ ਸਮਾਜਿਕ ਜੀਵਾਂ ਨੂੰ ਸਮਝਾਉਂਦੇ ਹਨ ਕਿ ਐ ਮਨੁੱਖ ਜੋ ਤੂੰ ਏਥੇ ਕਰਮ ਭੂਮੀ ਵਿਚ ਕਰਮਾਂ ਦਾ ਬੀਜ ਬੀਜਦਾ ਹੈ ਉਸ ਦਾ ਫਲ ਤੈਨੂੰ ਅਵਸ਼ ਖਾਣਾ ਪੈਣਾ ਹੈ। ਮਾੜੇ ਕਰਮਾਂ ਦਾ ਮਾੜਾ ਤੇ ਚੰਗੇ ਕਰਮਾਂ ਦਾ ਚੰਗਾ ਫਲ ਮਿਲਣਾ ਹੈ। ਮਾੜੇ ਕਰਮਾਂ ਕਰਕੇ ਤੂੰ ਆਵਾਗਵਣ ਦੇ ਚੱਕਰ ਵਿਚ ਪੈ ਜਾਏਂਗਾ ਅਤੇ ਉਸ ਦੇ ਹੁਕਮ ਵਿਚ ਆਉਂਦਾ ਤੇ ਜਾਂਦਾ ਰਹੇਂਗਾ ਭਾਵ ਜੰਮਦਾ ਮਰਦਾ ਰਹੇਂਗਾ। ਇਸ ਕਰਕੇ ਹੇ ਸਮਾਜਿਕ ਜੀਵ ਤੂੰ ਚੰਗੇ ਕਰਮ ਕਰਕੇ ਭਵ ਸਾਗਰ ਨੂੰ ਤਰ ਕੇ ਬਾਜੀ ਮਾਰ ਲੈ। ਨਹੀਂ ਤਾਂ ਹੀਰੇ ਜੈਸਾ ਜਨਮ ਘੱਟੇ ਕੌਡੀਆਂ ਬਦਲੇ ਹਾਰ ਕੇ ਚਲੇ ਜਾਣਾ ਪੈਣਾ ਹੈ ।

"ਆਪੇ ਬੀਜ ਆਪੇ ਹੀ ਖਾਹੁ ।
ਨਾਨਕ ਹੁਕਮੀ ਆਵਹੁ ਜਾਹੁ ।"

ਐ ਪ੍ਰਾਣੀ ਜੇ ਤੂੰ ਤੀਰਥ ਯਾਤਰਾ ਕਰਦਾ ਹੋਇਆ, ਤਪ ਸਾਧਦਾ ਹੋਇਆ ਜੇ ਕੁਝ ਤੈਨੂੰ ਮਾਨ ਮਿਲਦਾ ਹੈ ਤਾਂ ਉਹ ਤਿਲ ਮਾਤਰ ਹੀ। ਪਰ ਜੇ ਤੂੰ ਗੁਰੂ ਤੋਂ ਵਾਹਿਗੁਰੂ ਦਾ ਨਾਮ ਸੁਣ ਕੇ ਮੰਨ ਲਵੇਂ ਤੇ ਅਮਲ ਕਰ ਲਵੇਂ ਤਾਂ ਤੂੰ ਅੰਤਰਾਤਮਾ ਦੀ ਮੈਲ ਧੋ ਲਵੇਂਗਾ ।

ਤੀਰਥ ਤਪੁ ਦਇਆ ਦਤੁ ਦਾਨੁ ।
ਜੇ ਕੋ ਪਾਵੈ ਤਿਲਕਾ ਮਾਨੁ ।
ਸੁਣਿਆ ਮੰਨਿਆ ਮਨਿ ਕੀਤਾ ਭਾਉ ।
ਅੰਤਰ ਗਤਿ ਤੀਰਥਿ ਮਲਿ ਨਾਉ ।"

ਗੁਰੂ ਨਾਨਕ ਦੇਵ ਜੀ ਸਮਾਜਿਕ ਪ੍ਰਾਣੀ ਨੂੰ ਸੁਝਾ ਰਹੇ ਹਨ ਕਿ ਜੇ ਸਮੁੰਦਰਾਂ ਦਾ

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਾਤਸ਼ਾਹ ਸੁਲਤਾਨ ਜਿਸ ਪਾਸ ਪਹਾੜਾਂ ਜੇਡਾ ਮਾਲ ਧਨ ਦੌਲਤ ਹੈ ਉਹ ਕੀੜੀ ਦੀ ਤੁਲਣਾ ਨਹੀਂ ਕਰ ਸਕਦਾ ਜੇ ਕੀੜੀ ਦੇ ਮਨੋਂ ਉਹ ਪ੍ਰਭੂ ਨਾ ਵਿਸਰੇ ਤਾਂ—

"ਸਮੁੰਦ ਸਾਹ ਸੁਲਤਾਨ, ਗਿਰਹਾ ਸੇਤੀ ਮਾਲੁ ਧਨੁ।
ਕੀੜੀ ਤੁਲਿ ਨ ਹੋਵਨੀ, ਜੇ ਤਿਸੁ ਮਨਹੁ ਨ ਵਿਸਰਹਿ।"

ਪਰ ਹੇ ਮਨੁੱਖ ਤੂੰ ਤਾਂ ਕੀੜੀ ਤੋਂ ਕੀ ਸਗੋਂ ਚੀਤੇ ਸ਼ੇਰ ਹਾਥੀਆਂ ਤੋਂ ਵੀ ਬਲਵਾਨ ਹੈਂ ਇਨ੍ਹਾਂ ਖੂਨਖਾਰ ਜਾਨਵਰਾਂ ਨੂੰ ਤੂੰ ਪਿੰਜਰੇ ਵਿਚ ਬੰਦ ਕਰ ਲੈਣ ਵਾਲਾ ਹੈਂ ਜੇ ਤੂੰ ਪ੍ਰਭੂ ਦਾ ਨਾਂ ਲਵੇਂ ਤਾਂ ਤੂੰ ਕੀ ਨਹੀਂ ਕਰ ਸਕਦਾ—

All things are possible for those who believeth
(Bible)

ਐ ਸਮਾਜਿਕ ਪ੍ਰਾਣੀ ਕਿੰਨੇ ਹੀ ਜੀਵਾਂ ਨੂੰ ਦੁਖ ਭੁਖ ਤੇ ਸਦਾ ਮਾਰ ਵਗੀ ਰਹਿੰਦੀ ਹੈ। ਪਰ ਇਹ ਵੀ ਉਸ ਪਿਆਰੇ ਪ੍ਰਭੂ ਦੀ ਦਾਤ ਹੈ। ਭਾਵੇਂ ਵਿਚ ਰਹਿ ਕੇ ਇਹ ਔਖੀਆਂ ਘੜੀਆਂ ਵੀ ਸਬਰ ਸੰਤੋਖ ਨਾਲ ਪੂਰੀਆਂ ਕਰ ਲੈਣੀਆਂ ਚਾਹੀਦੀਆਂ ਹਨ। ਇਉਂ ਉਸ ਦਾ ਭਾਣਾ ਮਿੱਠਾ ਕਰਕੇ ਮੰਨਣ ਵਾਲਾ ਬੰਦ ਖਲਾਸੀ ਪਾ ਜਾਂਦਾ ਹੈ ਭਾਵ ਮੁਕਤੀ ਨੂੰ ਪ੍ਰਾਪਤ ਹੋ ਜਾਂਦਾ ਹੈ। ਇਸ ਤੋਂ ਇਲਾਵਾ ਹੋਰ ਕੋਈ ਵਿਧੀ, ਸਾਧਨ, ਵਸੀਲਾ ਜਾਂ ਸਮਾਧਾਨ ਨਹੀਂ ਹੈ।

ਕੇਤਿਆ ਦੂਖ ਭੂਖ ਸਦ ਮਾਰ।
ਏਹਿ ਭਿ ਦਾਤਿ ਤੇਰੀ ਦਾਤਾਰ।
ਬੰਦ ਖਲਾਸੀ ਭਾਣੈ ਹੋਇ।
ਹੋਰੁ ਆਖਿ ਨ ਸਕੈ ਕੋਇ।"

ਸੋ ਗੁਰੂ ਜੀ ਸਬਰ ਸੰਤੋਖ, ਸਬਰ ਸਬੂਰੀ ਵਿਚ ਰਹਿਣ ਵਾਲੇ ਸਮਾਜਿਕ ਪ੍ਰਾਣੀਆਂ ਵਾਲਾ ਸਮਾਜ ਚਾਹੁੰਦੇ ਹਨ ਜੋ ਭੁਖ ਤਰੇਹ, ਆਦਿ ਸਹਿੰਦੇ ਹੋਏ ਉਹਦਾ ਭਾਣਾ ਮੰਨਦੇ ਹਨ ਅਤੇ ਭਾਣਾ ਮੰਨਣ ਨਾਲ ਮੁਕਤੀ ਨੂੰ ਪ੍ਰਾਪਤ ਹੋ ਜਾਂਦੇ ਹਨ। ਉਹ ਧੰਨ ਹਨ।

ਜੋ ਪ੍ਰਾਣੀ ਉਸ ਦੇ ਹੁਕਮ ਵਿਚ ਰਹਿੰਦਾ ਹੈ। ਉਸ ਨੂੰ ਉਹ ਮਾਲਕ ਆਪਣੀ ਸਿਫ਼ਤ ਸਲਾਹ ਭਾਵ ਨਾਮ ਬਖ਼ਸ਼ ਦੇਂਦਾ ਹੈ ਅਤੇ ਨਾਨਕ ਕਹਿੰਦਾ ਹੈ ਕਿ ਉਹ ਪ੍ਰਾਣੀ ਪਾਤਸ਼ਾਹਾਂ ਦਾ ਵੀ ਪਾਤਸ਼ਾਹ ਬਣ ਜਾਂਦਾ ਹੈ।

"ਜਿਸ ਨੋ ਬਖਸੇ ਸਿਫਤਿ ਸਾਲਾਹ।
ਨਾਨਕ ਪਾਤਿਸ਼ਾਹੀ ਪਾਤਿਸਾਹੁ।"

ਆਪ ਐਸਾ ਸਮਾਜ ਚਾਹੁੰਦੇ ਹਨ ਜਿਸ ਦੇ ਪ੍ਰਾਣੀ ਸੰਤੋਖ ਦੀਆਂ ਮੁੰਦਰਾਂ ਪਾਉਂਦੇ, ਮਿਹਨਤ ਨੂੰ ਖੱਪਰ ਜਾਂ ਝੋਲੀ ਬਣਾਉਂਦੇ ਹਨ। ਧਿਆਨ ਸਿਧ ਅਵਸਥਾ ਵਿਚ ਬੈਠਣਾ ਹੀ ਬਿਭੂਤਿ ਮਲਣੀ ਸਮਝੇ। ਕੁਆਰੀ ਕਾਇਆਂ ਨੂੰ ਠੀਕ ਰਖੇ। ਐਸੀ ਜੁਗਤ ਨਾਲ ਜੀਵਨ ਜੀਵੇ। ਵਾਹਿਗੁਰੂ ਵਿਚ ਵਿਸ਼ਵਾਸ ਨੂੰ ਆਪਣਾ ਡੰਡਾ ਬਣਾਉਣ। ਸਾਰਿਆਂ ਨੂੰ ਆਪਣਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭੈਣ ਭਾਈ ਸਮਝਣ ਮਨ ਜਿਤਣ ਨਾਲ ਜਗ ਜਿਤ ਜਾਣ। ਐਸਾ ਸਮਾਜ ਜਿਸ ਵਿਚ ਕੋਈ ਕਿਸੇ ਨਾਲ ਵੀ ਜ਼ੋਰਾ ਜ਼ੋਰੀ ਨਾ ਕਰੇ। ਅਨਿਆ ਜਬਰ ਜ਼ੋਰ ਜ਼ੁਲਮ ਨਾ ਕਰੇ। ਸਗੋਂ ਮਿਹਨਤੀ, ਉਦਮੀ, ਕਰਮ ਭੂਮੀ ਤੇ ਆ ਕੇ ਚੰਗੇ ਕਰਮ ਕਮਾਉਣ ਵਾਲਾ ਹੋਵੇ। ਜਤ ਸਤ ਵਾਲਾ ਹੋਵੇ. ਜਤ ਸਤ ਦੀ ਦੁਕਾਨ ਪਾ ਕੇ ਬੈਠੇ। ਧੀਰਜ ਦਾ ਸੁਨਿਆਰ ਹੋਵੇ। ਮਤ ਨੂੰ ਅਹਿਰਨ ਬਣਾਵੇ ਤੇ ਗਿਆਨ ਨੂੰ ਹਥੌੜਾ, ਧੌਂਖਣੀ ਨੂੰ ਡਰ ਅਤੇ ਤਪੱਸਿਆ ਨੂੰ ਤਪ ਬਣਾਏ। ਅੰਮ੍ਰਿਤ ਰੂਪ ਬੋਲ ਬੋਲੇ ਜੋ ਸਦੀ ਟਕਸਾਲ ਵਿਚੋਂ ਘੜੇ ਘੜਾਏ ਨਿਕਲਣ। ਭਾਵ ਕਿ ਕੌੜੇ ਬੋਲ ਨਾ ਬੋਲਣ ਵਾਲਾ ਹੋਵੇ। ਐਸਾ ਸਮਾਜ ਚਾਹੀਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਪੁਜੀ ਸਾਹਿਬ ਵਿਚ ਦਾਰਸ਼ਨਿਕ ਪੱਖ

ਦਰਸ਼ਨ ਦਾ ਅਰਥ ਹੈ ਫਲਸਫਾ, ਫਿਲਾਸਫ਼ੀ, ਸੂਖ਼ਮ ਵਿਚਾਰਧਾਰਾ, ਗਿਆਨ ਆਦਿ। ਵਜ਼ੀਰ ਸਿੰਘ ਵਰਗੇ ਤਾਂ ਵਿਸ਼ੇ ਵਸਤੂ ਨੂੰ ਹੀ ਦਰਸ਼ਨ ਸਮਝ ਬੈਠਦੇ ਹਨ। ਵਿਦਵਾਨ Shairp 'On Poetic Interpretation of Nature, ਤੇ ਲਿਖਦਿਆਂ ਇਕ ਥਾਂ ਬੜੀ ਵੱਡੀ ਹਕੀਕਤ ਕਹਿ ਗਿਆ ਹੈ।

"Poetry has three objects which in varying degree enter into it-Man, Nature and God. The presence of this last per-vades all great poetry."

ਅਰਥਾਤ ਕਵਿਤਾ ਵਿਚ ਸਦਾ ਤਿੰਨ ਤੱਤ ਪ੍ਰਧਾਨ ਰਹਿੰਦੇ ਹਨ—ਵਿਅਕਤੀ, ਪ੍ਰਕਿਰਤੀ ਤੇ ਪਰਮ ਸ਼ਕਤੀ—ਕਦੇ ਕੋਈ ਵਧ ਤੇ ਕਦੇ ਕੋਈ ਘਟ ਮਾਤਰਾ ਵਿਚ ਪਰੰਤੂ ਇਹ ਤੀਜਾ ਤੱਤ ਪਰਮ ਸ਼ਕਤੀ ਹਰ ਮਹਾਨ ਕਾਵਿ ਵਿਚ ਪ੍ਰਵਿਸ਼ਟ ਕਰਦਾ ਹੈ।

ਇਹ ਹਕੀਕਤ ਵਿਸਮਯਕਾਰਕ ਹੈ ਕਿ ਜਪੁਜੀ ਇਕ ਉਹ ਛੋਟੀ ਜਿਹੀ ਰਚਨਾ ਹੈ, ਜਿਸ ਵਿਚ ਗਾਗਰ ਵਿਚ ਸਾਗਰ ਭਰਨ ਵਾਲੀ ਗੱਲ ਕੀਤੀ ਗਈ ਹੈ। ਇਸ ਵਿਚ ਪ੍ਰਮਾਤਮਾ ਦੇ ਨਿਰਗੁਣ ਤੇ ਸਰਗੁਣ ਦੋਵੇਂ ਸਰੂਪਾਂ ਦਾ ਹੀ ਅਤੇ ਸਮੂਹ ਬ੍ਰਹਿਮੰਡ ਦਾ ਸੰਖੇਪ ਵਿਚ ਉਲੀਕਣ ਕੀਤਾ ਗਿਆ ਹੈ। ਸਾਰਾ ਆਦਿ ਗ੍ਰੰਥ ਹੀ ਇਸ ਦੀ ਵਿਆਖਿਆ ਕਰਦਾ ਆਪਣਾ ਭੋਗ ਪਾਉਂਦਾ ਹੈ।

ਮਨੁੱਖ ਬਾਰੇ ਹੀ ਬੜਾ ਯਥਾਰਥਕ ਬਿਆਨ ਹੈ ਕਿ ਮਨੁੱਖ ਕਿਵੇਂ ਉਚ-ਨੀਚ ਪਦਵੀਆਂ ਪਾਉਂਦਾ ਹੈ। ਅਸਲ ਵਿਚ ਮਨੁੱਖ ਨੇ ਆਪਣਾ ਮੂਲ ਪਛਾਣਨਾ ਹੈ ਅਤੇ ਆਪਣੇ ਉਸ ਰੂਪ ਨੂੰ ਧਾਰਨ ਕਰਨਾ ਹੈ। ਉਸੇ ਰੂਪ ਵਿਚ ਮੁੜ ਆਉਣਾ ਹੈ, ਜਿਸ ਵਿਚ ਉਹ ਪਹਿਲਾਂ ਸੀ। ਸਭ ਦਾ ਮੂਲ ਰੱਬ ਹੈ ਅਤੇ ਵਿਅਕਤੀ ਆਪਣੇ ਕਰਮਾਂ ਕਰਕੇ ਉਸ ਤੋਂ ਵਿਛੋੜਿਆ ਹੈ—

"ਕਿਰਤਿ ਕਰਮ ਕੇ ਵਿਛੁੜੇ ਕਰਿ ਕਿਰਪਾ ਮੇਲਹੁ ਰਾਮ।"

(ਗੁਰੂ ਅਰਜਨ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"ਸੁਣ ਕਿਰਤ ਕਰੰਮਾ ਪੁਰਬ ਕਮਾਇਆ।"

(ਗੁਰੂ ਨਾਨਕ)

ਜਪੁਜੀ ਵਿਚ ਸੁਝਾਇਆ ਗਿਆ ਹੈ ਕਿ ਮਨੁੱਖ ਕਿਵੇਂ ਮੁੜ ਉਸ ਦਾ ਆਪਣਾ ਰੂਪ ਬਣ ਸਕਦਾ ਹੈ। ਪ੍ਰਮਾਤਮਾ ਨੂੰ ਵੀ ਜਪੁਜੀ ਵਿਚ ਸਚਿਆਰ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਉਸ ਸਚਿਆਰ ਦੀ ਪ੍ਰੀਭਾਸ਼ਾ ਇਉਂ ਹੈ—

"ਆਦਿ ਸਚੁ ਜੁਗਾਦਿ ਸਚੁ।
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ।

ਠੀਕ God is Truth : Truth is God ਵਾਲਾ ਸਿਧਾਂਤ ਹੈ। ਮਨੁੱਖ ਦੇ ਸਾਹਮਣੇ ਪ੍ਰਸ਼ਨ ਹੈ ਕਿ ਕਿਵੇਂ ਉਸ ਸਚਿਆਰ ਦਾ ਰੂਪ ਬਣਿਆ ਜਾਵੇ?

"ਕਿਵ ਸਚਿਆਰਾ ਹੋਈਐ
ਕਿਵ ਕੂੜੈ ਤੁਟੈ ਪਾਲਿ।
ਹੁਕਮਿ ਰਜਾਈ ਚਲਣਾ
ਨਾਨਕ ਲਿਖਿਆ ਨਾਲਿ।"

ਇਨ੍ਹਾਂ ਦੁਹਾਂ ਪੰਕਤੀਆਂ ਦੁਆਲੇ ਹੀ ਸਾਰੇ ਜਪੁਜੀ ਸਾਹਿਬ ਦਾ ਕੇਂਦਰੀ ਭਾਵ ਮੰਡਲਾਂਦਾ ਹੈ। ਪਹਿਲੀ ਪੰਕਤੀ ਵਿਚ ਪ੍ਰਸ਼ਨ ਕੀਤਾ ਗਿਆ ਹੈ ਕਿ ਕਿਵੇਂ ਸਚਿਆਰਾ ਬਣਿਆ ਜਾਏ ਤੇ ਮਨ ਤੋਂ ਕੂੜ ਦੀ ਜੰਮੀ ਹੋਈ ਚੇਪੜੀ ਦਾ ਪਰਦਾ ਟੁਟ ਜਾਵੇ। ਦੂਸਰੀ ਪੰਕਤੀ ਵਿਚ ਇਸ ਦਾ ਉਤਰ ਹੈ ਕਿ ਹੁਕਮ ਰਜਾ ਵਿਚ ਚੱਲਣ ਨਾਲ। ਫਿਰ ਸੁਆਲ ਪੈਦਾ ਹੁੰਦਾ ਹੈ ਕਿ ਹੁਕਮ ਰਜਾ ਕੀ ਹੈ? ਇਸ ਦਾ ਉੱਤਰ ਵੀ ਨਾਲ ਹੀ ਅੰਤਲੀ ਅੱਧੀ ਪੰਕਤੀ ਵਿਚ ਮਿਲ ਜਾਂਦਾ ਹੈ—ਨਾਨਕ ਲਿਖਿਆ ਨਾਲ। ਕਿ ਐ ਮਨੁੱਖ ਹੁਕਮ ਦੀ ਆਵਾਜ਼ ਸਦਾ ਤੇਰੇ ਨਾਲ ਚਲਦੀ ਹੈ। ਤੂੰ ਉਸ ਨੂੰ ਪਹਿਚਾਣ, ਉਸ ਨੂੰ ਸੁਣ। ਉਹੀ ਸੱਚ ਦੀ ਆਵਾਜ਼ ਹੈ। ਉਸ ਨੂੰ ਪਛਾਣ ਤੇ ਸੱਚ ਮਾਰਗ ਧਾਰਨ ਕਰ। ਇਹ ਆਵਾਜ਼ ਹੈ ਮਨੁੱਖੀ ਆਤਮਾ ਦੀ ਆਵਾਜ਼। ਆਤਮਾ ਸਦਾ ਮਨੁੱਖ ਨੂੰ ਪ੍ਰਮਾਤਮਾ ਵਲ ਪ੍ਰੇਰਦੀ ਹੈ ਤੇ ਮਨ ਮਾਇਆ ਵਲ। ਮਨੁੱਖ ਮਨ ਪਿੱਛੇ ਲਗ ਖਰਾਬ ਹੁੰਦਾ ਹੈ ਤੇ ਆਤਮਾ ਦੀ ਆਵਾਜ਼ ਨੂੰ ਅਣਸੁਣੀ ਕਰ ਛੱਡਦਾ ਹੈ ਅਤੇ ਸੱਚ ਮਾਰਗ ਤੋਂ ਭਟਕ ਜਾਂਦਾ ਹੈ। ਸੋ ਸੱਚ ਦੀ ਆਵਾਜ਼ ਮਨੁੱਖ ਦੇ ਅੰਦਰੋਂ ਹੀ ਉਸ ਦੀ ਆਤਮਾ ਦੇਂਦੀ ਹੈ। ਇਹ ਕਿਧਰੋਂ ਬਾਹਰੋਂ ਨਹੀਂ ਆਉਂਦੀ Emerson ਵੀ ਆਪਣੇ ਨਿਬੰਧਾਂ ਵਿਚ ਲਿਖਦਾ ਹੈ—

"Truth is within ourselves. It takes no origin from outward things? Whatever you may believe there is an inmost centre in us all. Truth is the highest thing that man may keep. Truth is the summit of being, justice is the application of it to affairs."

ਇਹ ਇਕ ਅਟੱਲ ਸੱਚਾਈ ਹੈ ਕਿ ਮਨੁੱਖ ਜੋ ਕੁਝ ਬਣਦਾ ਹੈ ਇਸ ਦਾ ਚਿੰਤਨ ਹੀ ਉਸ ਨੂੰ ਬਣਾਉਂਦਾ ਹੈ। ਗੁਰਬਾਣੀ ਵਿਚ ਵੀ ਆਇਆ ਹੈ—

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਿਹਾ ਸੇਵੇ ਤੇਹਾ ਹੋਵੇ ਤੇਹੇ ਕਰਮ ਕਮਾਏ।

ਤਾਂ ਤੇ ਜੇ ਮਨੁੱਖ ਨੇ ਸਚਿਆਰ ਰੂਪ ਬਣਨਾ ਹੈ ਤਾਂ ਜ਼ਰੂਰੀ ਹੈ ਕਿ ਉਸ ਦਾ ਜਾਪ ਕਰੇ ਪਰ ਜਾਪ ਗੁਰੂ ਦੀ ਕਿਰਪਾ ਤੋਂ ਬਿਨਾ ਨਹੀਂ ਹੋ ਸਕਦਾ "ਗੁਰ ਪ੍ਰਸਾਦਿ ਜਪੁ।" ਕਬੀਰ ਜੀ ਨੇ ਜੋ ਕਿਹਾ ਹੈ ਕਿ ਰਾਮ ਕਹਿਣ ਮਹਿ ਭੇਦ ਹੈ ਬਸ ਉਹ ਭੇਦ ਉਹੀ ਹੈ ਕਿ ਗੁਰੂ ਤੋਂ ਰੱਬ ਦੀ ਸਿੱਖਿਆ ਸੁਣੀ ਜਾਏ। ਜੋ ਵਿਅਕਤੀ ਇਹ ਸਿੱਖਿਆ ਸੁਣ ਲੈਂਦਾ ਹੈ ਉਸ ਦੀ ਮਤ ਵਿਚ ਤਾਂ ਰਤਨ ਜਵਾਹਰ ਮਾਣਕ ਪੈਦਾ ਹੋ ਜਾਂਦੇ ਹਨ "ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ।" ਗੁਰੂ ਦੀ ਸਿੱਖਿਆ ਕੋਈ ਗੋਰਖ ਧੰਧਾ (Enisma) ਨਹੀਂ ਹੁੰਦਾ, ਸਗੋਂ ਬੜੀ ਸਰਲ ਤੇ ਸਿੱਧੀ ਸਾਦੀ ਹੁੰਦੀ ਹੈ। ਏਨੀ ਸਾਦੀ ਕਿ ਸਾਨੂੰ ਯਕੀਨ ਨਹੀਂ ਬਝਦਾ ਕਿ ਕੀ ਇਹ ਸਿੱਖਿਆ ਸਾਡੇ ਵਿਚ ਕੋਈ ਸੱਚ ਦੀ ਕਰਾਮਾਤ ਪੈਦਾ ਕਰ ਸਕਦੀ ਹੈ? ਉਹ ਸਿੱਖਿਆ ਕੇਵਲ ਇਕ ਸੱਚੇ ਰੱਬ ਨੂੰ ਬੁਝਾਣ ਲਈ ਹੀ ਹੁੰਦੀ ਹੈ —

ਗੁਰਾ ਇਕ ਦੇਹਿ ਬੁਝਾਈ
ਸਭਨਾ ਜੀਆ ਕਾ ਇਕੁ ਦਾਤਾ।
ਸੋ ਮੈ ਵਿਸਰਿ ਨ ਜਾਈ।

ਬਸ ਇਸੇ ਸਿਖਿਆ ਨੂੰ ਦ੍ਰਿੜ੍ਹ ਕਰਾਉਣ ਵਾਲਾ ਸ਼ਬਦ ਗੁਰੂ ਦੇ ਮੁਖੜੇ ਤੋਂ ਸੁਣਨ ਦੀ ਲੋੜ ਹੈ ਅਤੇ ਸੁਣ ਕੇ ਉਸ ਸ਼ਬਦ ਨੂੰ ਵਾਰ ਵਾਰ ਦੁਹਰਾਣ ਦੀ ਲੋੜ ਹੈ। ਬਸ ਇਹੀ ਸ਼ਬਦ ਦਾ ਵਾਰ ਵਾਰ ਦੁਹਰਾ ਸੱਚ ਦੀ ਉਹ ਖਾਣ ਹੈ—ਜਾਂ ਉਹ ਬ੍ਰਿਛ ਹੈ ਜਿਸ ਬਾਰੇ ਗਾਂਧੀ ਜੀ ਨੇ Truth is God ਵਿਚ ਇਉਂ ਲਿਖਿਆ ਹੈ—

Truth is like a vast tree which yields more and more fruit the more you nurture it. The deeper the search in the mine of truth the richer the discovery of the gemes buried there."

ਇਸੇ ਸ਼ਬਦ ਦੇ ਸੁਣਨ ਨਾਲ ਹੀ ਸਿਧਾਂ, ਪੀਰਾਂ, ਨਾਥਾਂ, ਜੋਗੀਆਂ, ਸ਼ਿਵ ਜੀ ਬ੍ਰਹਮਾ, ਵਿਸ਼ਨੂੰ, ਇੰਦਰ, ਸਤੀਆਂ, ਸੰਤਖੀਆਂ ਗਿਆਨੀਆਂ, ਧਿਆਨੀਆਂ ਤੇ ਭਗਤਾਂ ਆਦਿ ਨੇ ਸਦਾ ਵਿਗਾਸ ਦੀ ਪਦਵੀ ਪ੍ਰਾਪਤ ਕੀਤੀ—

"ਸੁਣਿਐ ਸਿਧ ਪੀਰ ਸੁਰਿ ਨਾਥ॥
ਸੁਣਿਐ ਈਸ ਬਰਮਾ ਇੰਦੁ॥
ਸੁਣਿਐ ਸਤੁ ਸੰਤੋਖੁ ਗਿਆਨੁ॥
ਸੁਣਿਐ ਸੇਖ ਪੀਰ ਪਾਤਿਸ਼ਾਹ॥
ਨਾਨਕ ਭਗਤਾ ਸਦਾ ਵਿਗਾਸੁ॥
ਸੁਣਿਐ ਦੂਖ ਪਾਪ ਕਾ ਨਾਸੁ॥"

ਇਸੇ ਸ਼ਬਦ ਦੇ ਸੁਣਨ ਨਾਲ ਬਾਲਮੀਕ ਵਰਗੇ ਅੰਨ੍ਹਿਆਂ ਨੂੰ ਰਾਹ ਹੱਥ ਆਇਆ—

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"ਸੁਣਿਐ ਅੰਧੇ ਪਾਵਹਿ ਰਾਹੁ ॥"

ਇਹੀ ਸ਼ਬਦ ਸੁਣ ਕੇ ਰਿਖੀਆਂ ਨੇ ਸਮੁੰਦਰ ਨੂੰ ਚੂਲੀ ਬਣਾ ਕੇ ਪੀ ਲਿਆ—

"ਸੁਣਿਐ ਹਾਥ ਹੋਵੈ ਅਸਗਾਹੁ ॥"

The Ocean becomes handdeep.

ਆਪਣੇ ਗੁਰਦੇਵ ਜੀ ਤੋਂ ਇਹ ਸ਼ਬਦ ਸੁਣ ਲੈਣ ਦੀ ਹੀ ਮਹੱਤਾ ਬਹੁਤ ਵਡੇਰੀ ਹੈ ਪਰ ਸੁਣ ਕੇ ਇਸ ਨੂੰ ਸੱਚ ਮੰਨ ਲੈਣ ਦੀ ਵਡਿਆਈ ਹੋਰ ਵੀ ਉਚੇਰੀ ਤੇ ਵਡੇਰੀ ਹੈ— ਕਬੀਰ ਜੀ ਤਾਂ ਕਹਿੰਦੇ ਹਨ ਕਿ ਜੇ ਸਾਰੀ ਬਨਸਪਤੀ ਕਲਮ ਬਣੇ ਸਾਰਾ ਸਾਗਰ ਸਿਆਹੀ ਤੇ ਪ੍ਰਿਥਵੀ ਤਖਤੀ ਬਣੇ ਤਾਂ ਵੀ ਹਰੀ ਦਾ ਜਸ ਲਿਖਿਆ ਨਹੀਂ ਸਕਦਾ। ਪਰ ਗੁਰੂ ਨਾਨਕ ਜੀ ਦਾ ਕਹਿਣਾ ਹੈ ਕਿ ਹਰੀ ਦੇ ਜਸ ਦੀ ਤਾਂ ਗੱਲ ਹੀ ਛੱਡੋ ਜੋ ਆਪਣੇ ਗੁਰੂ ਦੇ ਸ਼ਬਦ ਨੂੰ ਸੁਣ ਕੇ ਸਚ ਮੰਨ ਲੈਂਦਾ ਹੈ ਉਸ ਦੀ ਗਤੀ ਕਹਿਣ ਤੋਂ ਬਾਹਰੀ ਬਣ ਜਾਂਦੀ ਹੈ—

ਮੰਨੈ ਕੀ ਗਤਿ ਕਹੀ ਨਾ ਜਾਇ ॥

ਜੋ ਮਨ ਲੈਂਦਾ ਹੈ ਉਸ ਦੇ ਮਨ ਵਿਚ ਬੁੱਧੀ ਦਾ ਪ੍ਰਕਾਸ਼ ਪੈਦਾ ਹੋ ਜਾਂਦਾ ਹੈ, ਉਸ ਨੂੰ ਤਾਂ ਸਾਰੇ ਭਵਣ ਦੀ ਸੋਝੀ ਹੋ ਆਉਂਦੀ ਹੈ। ਜਮਾਂ ਦੀ ਮਾਰ ਤੋਂ ਉਹ ਛੁਟ ਜਾਂਦਾ ਹੈ—ਧਰਮ ਨਾਲ ਉਸ ਦਾ ਸਬੰਧ ਪੱਕਾ ਜੜ ਜਾਂਦਾ ਹੈ—

ਮੰਨੈ ਸੁਰਤਿ ਹੋਵੈ ਮਨਿ ਬੁਧਿ ॥
ਮੰਨੈ ਸਗਲ ਭਵਣ ਕੀ ਸੁਧਿ ॥
ਮੰਨੈ ਮੁਹਿ ਚੋਟਾ ਨ ਖਾਇ ॥
ਮੰਨੈ ਜਮਕੈ ਸਾਥ ਨ ਜਾਇ ॥
ਮੰਨੈ ਧਰਮ ਸੇਤੀ ਸਨਬੰਧੁ ॥

ਧਰਮ **Religion is recommunion to God. Re** ਦਾ ਅਰਥ ਹੈ ਦੁਬਾਰਾ ਅਤੇ **ligion** ਦਾ ਅਰਥ ਹੈ ਜੁੜਨਾ-ਸ਼ਕਤੀ। ਅਰਥਾਤ **Re+ligion—religion** ਦਾ ਅਰਥ ਹੈ ਪ੍ਰਮਾਤਮਾ ਨਾਲ ਜੁੜ ਕੇ ਸ਼ਕਤੀ ਬਣਨਾ।

"So he gets close affinity with. Law of Divine'.

ਮੰਨਣ ਵਾਲਾ ਹੀ ਮੁਕਤੀ ਦੇ ਦੁਆਰੇ ਪਹੁੰਚਦਾ ਹੈ। ਉਹ ਤਾਂ ਆਪ ਤਰ ਜਾਂਦਾ ਹੈ ਤੇ ਨਾਲ ਆਪਣੇ ਪ੍ਰੀਵਾਰ ਨੂੰ ਵੀ ਤਾਰ ਲੈਂਦਾ ਹੈ, ਆਪਣੇ ਸੰਗੀਆਂ ਸਾਥੀਆਂ ਨੂੰ—

"ਮੰਨੈ ਪਾਵਹਿ ਮੋਖੁ ਦੁਆਰੁ ॥
ਮੰਨੈ ਪਰਵਾਰੈ ਸਾਧਾਰੁ ॥
ਮੰਨੈ ਤਰੈ ਤਾਰੇ ਗੁਰਸਿਖ ॥"

ਇਤਿਹਾਸ ਸਾਖੀ ਹੈ ਕਿ ਲਛਮੀ ਦਾਸ ਜੀ ਆਪਣੀ ਧਰਮ ਪਤਨੀ, ਆਪਣੇ ਬੱਚੇ ਤੇ ਆਪਣੇ ਘੋੜੇ ਸਮੇਤ ਸਿਧ ਅਕਾਸ਼ਾਂ ਨੂੰ ਉਡਾਰੀ ਲਾ ਗਏ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਸ ਗੁਰੂ ਤੋਂ ਸਿਖਿਆ ਸੁਣ ਕੇ ਤੇ ਸੱਚ ਮੰਨ ਲੈਣ ਵਾਲਾ ਪੰਚ ਬਣ ਜਾਂਦਾ ਹੈ ਜੋ ਰੱਬ ਦੀ ਦਰਗਾਹ ਵਿਚ ਪ੍ਰਵਾਣ ਹੁੰਦਾ ਹੈ।

'ਪੰਚ ਪਰਵਾਣ ਪੰਚ ਪਰਧਾਨੁ ॥
ਪੰਚੇ ਪਾਵਹਿ ਦਰਗਹਿ ਮਾਨੁ ॥''

ਪੰਚਾਂ ਦਾ ਤਾਂ ਧਿਆਨ ਉਧਰੇ ਹੀ ਕੇਂਦਰਤ ਰਹਿੰਦਾ ਹੈ ਜਿਧਰ ਉਨ੍ਹਾਂ ਦੇ ਗੁਰੂ ਨੇ ਲਵਾਇਆ ਹੈ—

''ਪੰਚਾ ਕਾ ਗੁਰੁ ਏਕੁ ਧਿਆਨੁ।''

ਸਚਿਆਰ ਉਹ ਹੈ ਜਿਸ ਨੂੰ ਬ੍ਰਹਿਮੰਡ ਦੀ ਹਕੀਕਤ ਦਾ ਗਿਆਨ ਹੋ ਜਾਂਦਾ ਹੈ। ਆਮ ਲੋਕ ਇਹੀ ਮੰਨਦੇ ਹਨ ਕਿ ਧਰਤੀ ਬਲਦ ਨੇ ਆਪਣੇ ਸਿੰਙ ਤੇ ਚੁੱਕੀ ਹੋਈ ਹੈ। ਪਰ ਕੀ ਕੋਈ ਬਲਦ ਵੀ ਏਨਾ ਭਾਰ ਉਠਾ ਸਕਦਾ ਹੈ। ਧਰਤੀ ਦਾ ਤਾਂ ਕੋਈ ਅੰਤ ਹੀ ਨਹੀਂ। ਇਹ ਧਰਤੀ ਤਾਂ ਧਰਮ ਰੂਪੀ ਬਲਦ ਨੇ ਉਠਾਈ ਹੋਈ ਹੈ ਜੋ ਦਇਆ ਦੇਵੀ ਦਾ ਸਪੂਤ ਹੈ—

''ਧੌਲੁ ਧਰਮੁ ਦਇਆ ਕਾ ਪੂਤੁ ॥
ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥
ਜੇ ਕੋ ਬੁਝੈ ਹੋਵੈ ਸਚਿਆਰੁ ॥
ਧਵਲੈ ਉਪਰਿ ਕੇਤਾ ਭਾਰੁ ॥
ਧਰਤੀ ਹੋਰੁ ਪਰੈ ਹੋਰੁ ਹੋਰੁ ॥
ਤਿਸ ਤੇ ਭਾਰੁ ਤਲੈ ਕਵਣੁ ਜੋਰੁ।''

ਇਹ ਸੋਝੀ ਉਸ ਨੂੰ ਆਉਂਦੀ ਹੈ ਜਿਸਦੇ ਹਿਰਦੇ ਨੂੰ ਗੁਰੂ ਦੇ ਗਿਆਨ ਨੇ ਜਗਮਗ ਜਗਮਗ ਜਗਾ ਦਿੱਤਾ ਹੈ। ''ਗੁਰ ਗਿਆਨ ਘਟਿ ਬੋਲਿਆ।''

'Truth is like a lighted lamp."

(W. Wilson)

ਸਚਿਆਰ ਉਹ ਹੈ ਜਿਸ ਦੀ ਮਤ ਉਜ਼ਲੀ ਹੈ। ਜਿਸ ਤਰ੍ਹਾਂ ਮਨੁੱਖ ਆਪਣੇ ਸਰੀਰ ਦੀ ਮੈਲ ਨੂੰ ਪਾਣੀ ਨਾਲ ਧੋਂਦਾ ਹੈ। ਮੂਤ ਨਾਲ ਖ਼ਰਾਬ ਹੋਏ ਕਪੜੇ ਨੂੰ ਸਾਬਣ ਨਾਲ ਸਾਫ ਕਰ ਲੈਂਦਾ ਹੈ ਇਸ ਤਰ੍ਹਾਂ ਮੈਲੀ ਮਤ ਨੂੰ ਗੁਰੂ ਦੇ ਬਖ਼ਸ਼ੇ ਨਾਮ ਦੇ ਰੰਗ ਨਾਲ ਧੋ ਲੈਂਦਾ ਹੈ—

''ਭਰੀਐ ਹਥੁ ਪੈਰੁ ਤਨੁ ਦੇਹ।
ਪਾਣੀ ਧੋਤੈ ਉਤਰਸ ਖੇਹ।
ਮੂਤ ਪਲੀਤੀ ਕਪੜੁ ਹੋਇ।
ਦੇ ਸਾਬੂਣੁ ਲਈਅ ਓਹੁ ਧੋਇ।
ਭਰੀਐ ਮਤਿ ਪਾਪਾ ਕ ਸੰਗਿ।
ਓਹੁ ਧੋਪੈ ਨਾਵ ਕੈ ਰੰਗਿ।''

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਈ ਮਨੁੱਖ ਤੀਰਥਾਂ ਤੇ ਤਪ ਸਾਧਦੇ ਹਨ, ਕਈ ਦਟਿਆ ਧਾਰਨ ਕਰਕੇ ਤੀਰਥਾਂ ਤੇ ਦਾਨ ਕਰਦੇ ਹਨ—ਅਜਿਹੀਆਂ ਗੱਲਾਂ ਨਾਲ ਜੇ ਕਿਸੇ ਨੂੰ ਕੋਈ ਜਸ ਮਿਲਦਾ ਹੈ ਤਾਂ ਤਿਲਮਾਤਰ (**Infinitesimal**)। ਪਰ ਜਿਸ ਨੇ ਆਪਣੇ ਗੁਰੂ ਦੇ ਉਪਦੇਸ਼ ਨੂੰ ਸੁਣਿਆ ਹੈ—ਮੰਨਿਆ ਹੈ ਅਤੇ ਮੰਨ ਕੇ ਆਪਣੇ ਮਨ ਵਿਚ ਗੁਰੂ ਨਾਲ ਪ੍ਰੇਮ ਕੀਤਾ ਹੈ ਉਹ ਤਾਂ ਆਪਣੀ ਅੰਤਰਾਤਮਾ ਵਿਚ ਹੀ ਅਜਿਹਾ ਇਸ਼ਨਾਨ ਕਰਦਾ ਹੈ ਕਿ ਕਾਗੋਂ ਹੰਸ ਬਣ ਜਾਂਦਾ ਹੈ।

"ਸੁਣਿਆ ਮੰਨਿਆ ਮਨਿ ਕੀਤਾ ਭਾਉ।
ਅੰਤਰਗਤਿ ਤੀਰਥਿ ਮਲਿ ਨਉ।"

ਇਹ ਸਚਿਆਰ ਬਣ ਰਿਹਾ ਵਿਅਕਤੀ ਹੀ ਹੁੰਦਾ ਹੈ ਜੋ ਪ੍ਰਭੂ ਸਿਰਜਨਹਾਰ ਤੋਂ ਬਖਸ਼ਸ਼ਾਂ ਦਾ ਪਾਤਰ ਬਣਦਾ ਹੈ—

ਜਿਸ ਨੋ ਬਖਸ਼ੇ ਸਿਫਤਿ ਸਾਲਾਹ ॥"

ਉਹ ਤਾਂ ਫਿਰ ਪਾਤਸ਼ਾਹੀਆਂ ਦਾ ਪਾਤਸ਼ਾਹ ਬਣ ਜਾਂਦਾ ਹੈ—

ਨਾਨਕ ਪਾਤਿਸਾਹੀ ਪਾਤਿਸਾਹੁ ॥

ਸਚਿਆਰ ਕਿਸੇ ਭੇਖਾਂ ਵਿਚ ਨਹੀਂ ਪੈਂਦਾ। ਉਸ ਦਾ ਰੁੱਖ ਬਹੁਤ ਉਚੇਰੇ ਆਦਰਸ਼ਾਂ ਵਲ ਹੁੰਦਾ ਹੈ। ਉਹ ਤਾਂ ਸੰਤੋਖ ਦੀਆਂ ਮੁੰਦਰਾਂ ਪਹਿਨਦਾ ਹੈ। ਪ੍ਰੀਸ਼੍ਰਮ ਨੂੰ ਆਪਣਾ ਖਪਰ ਤੇ ਝੋਲੀ ਬਣਾਉਂਦਾ ਹੈ। ਪ੍ਰਭੂ ਧਿਆਨ ਦੀ ਭਭੂਤੀ ਆਪਣੇ ਜਿਸਮ ਤੇ ਰਮਾਂਦਾ ਹੈ। ਮੌਤ ਨੂੰ ਆਪਣੀ ਗੋਦੜੀ ਬਣਾਉਂਦਾ ਹੈ। ਆਪਣੇ ਸਰੀਰ ਨੂੰ ਵਿਸ਼ੇ ਵਿਕਾਰਾਂ ਤੋਂ ਕੋਰਾ ਰਖਣਾ ਉਸ ਦੇ ਯੋਗ ਦੀ ਰਹਿਤ ਹੁੰਦੀ ਹੈ। ਪ੍ਰਭੂ ਤੇ ਗੁਰੂ ਵਿਸ਼ਵਾਸ ਨੂੰ ਆਪਣਾ ਡੰਡ ਬਣਾਉਂਦਾ ਹੈ। ਉਹ ਹਰੇਕ ਨੂੰ ਆਪਣਾ ਸੰਗੀ ਸਾਥੀ ਸਮਝਦਾ ਹੈ ਆਪਣੇ ਮਨ ਨੂੰ ਜਿੱਤ ਕੇ ਜਗਤ ਜੇਤੂ ਹੋਣ ਦਾ ਮਾਨ ਖੱਟਦਾ ਹੈ।

"ਮੁੰਦਾ ਸੰਤੋਖੁ, ਸਰਮੁ ਪਤੁ ਝੋਲੀ
ਧਿਆਨ ਕੀ ਕਰਹਿ ਬਿਭੂਤਿ ॥
ਖਿੰਥਾ ਕਾਲੁ ਕੁਆਰੀ ਕਾਇਆ
ਜੁਗਤਿ ਡੰਡਾ ਪਰਤੀਤਿ ॥
ਆਈ ਪੰਥੀ ਸਗਲ ਜਮਾਤੀ
ਮਨਿ ਜੀਤੈ ਜਗੁ ਜੀਤੁ।"

ਅਜਿਹਾ ਸਚਿਆਰ ਯੋਗੀ ਗਿਆਨ ਨੂੰ ਆਪਣੀ ਖੁਰਾਕ ਬਣਾਉਂਦਾ ਹੈ, ਦਇਆ ਨੂੰ ਭੰਡਾਰਾ ਤੇ ਗੁਰੂ ਦਾ ਸ਼ਬਦ ਉਸ ਦੇ ਅੰਦਰ ਨਾਦ ਦੀ ਤਰ੍ਹਾਂ ਵਜਦਾ ਹੈ—

"ਭੁਗਤਿ ਗਿਆਨੁ ਦਇਆ ਭੰਡਾਰਣਿ
ਘਟਿ ਘਟਿ ਵਾਜਹਿ ਨਾਦ ॥"

ਸਚਿਆਰ ਬਣ ਰਹੀ ਆਤਮਾ ਨੂੰ ਪੰਜਾਂ ਖੰਡਾਂ ਜਾਂ ਪੰਜਾਂ ਪੜਾਵਾਂ ਵਿਚੋਂ ਹੀ ਗੁਜ਼ਰਨਾ ਪੈਂਦਾ ਹੈ। ਪਹਿਲੇ ਧਰਮ ਖੰਡ ਵਿਚ ਉਹ ਆਪਣਾ ਮੂਲ ਪਛਾਣਦਾ ਹੈ ਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਚਲਦਾ ਹੈ। ਦੂਜੇ ਗਿਆਨ ਖੰਡ ਵਿਚ ਮਤਿਸੰਗਾਂ ਵਿਚ ਜਾ ਜਾ ਆਪਣੇ ਗਿਆਨ ਵਿਚ ਵਾਧਾ ਕਰਦਾ ਹੈ। ਸਤਿਸੰਗਾਂ ਵਿਚ ਵਜ ਰਹੇ ਰਾਗਾਂ, ਰੰਗਾਂ, ਨਾਦਾਂ ਵਿਚ ਉਸ ਦਾ ਮਨ ਸਹਿਜੇ ਹੀ ਜੁੜ ਜਾਂਦਾ ਹੈ—

"ਗਿਆਨ ਖੰਡ ਮਹਿ ਗਿਆਨੁ ਪਰਚੰਡੁ ॥
ਤਿਥੈ ਨਾਦ ਬਿਨੋਦ ਕੋਡ ਅਨੰਦੁ।"

ਤੀਜੇ ਸਰਮ ਖੰਡ ਵਿਚ ਗਿਆਨ ਖੰਡ ਵਿਚ ਪ੍ਰਾਪਤ ਕੀਤੇ ਗਿਆਨ ਨੂੰ ਅਮਲੀ ਜਾਮਾ ਪਹਿਨਾਉਂਦਾ ਹੈ। ਫਿਰ ਉਹ ਸਤਿਸੰਗ ਵਿਚ ਨਹੀਂ ਬੈਠਦਾ ਸਗੋਂ ਸੇਵ ਕਮਾਂਦਾ ਹੈ। ਪੱਖਾ ਝਲਦਾ ਹੈ, ਜੋੜਿਆਂ ਦਾ ਰਾਖਾ ਬਣਦਾ ਹੈ, ਜੋੜੇ ਸਾਫ ਕਰਦਾ ਹੈ, ਪਾਣੀ ਢੋਂਦਾ ਹੈ, ਝਾੜੂ ਦੇਂਦਾ ਹੈ ਆਦਿ। ਪ੍ਰਸਿੱਧ ਮਹਾਨ ਸੂਫੀ ਫਕੀਰ ਸ਼ਾਹ ਹੁਸੈਨ ਆਪਣੀ ਇਸ ਅਵਸਥਾ ਦਾ ਜ਼ਿਕਰ ਕਰਦਿਆਂ ਕਹਿੰਦਾ ਹੈ—

"ਸਾਧਾਂ ਦੀ ਮੈਂ ਗੋਲੀ ਹੋਸਾਂ
ਗੋਲੀਆਂ ਦੇ ਕਰਮ ਕਰੇਸਾਂ ॥
ਪਖਾ ਫੇਰਾਂ ਮੈਂ ਦਈਂ ਬਹਾਰੀ
ਜੂਠੇ ਬਾਸਣ ਧੋਸਾਂ ॥
ਪਿਪਲ ਪਤ ਚੁਣੇਂਦੀ ਵਤਾਂ
ਲੋਕ ਜਾਣੇ ਦੀਵਾਨੀ।"

ਚੌਥੇ ਕਰਮ ਖੰਡ ਵਿਚ ਉਹ ਕੋਈ ਕੋਨਾ ਭਾਲਦਾ ਹੈ। ਦਗਜਿਆ ਰਹਿੰਦਾ ਹੈ ਇਕਾਂਤ ਵਿਚ। ਇਥੇ ਬਸ ਉਸ ਨੂੰ ਰੱਬ ਤੋਂ ਬਿਨਾ ਕੁਝ ਨਹੀਂ ਸੁਝਦਾ। ਉਹ ਰਾਮ ਵਿਚ ਸੰਪੂਰਨ ਤੌਰ ਤੇ ਰਚ ਮਿਚ ਜਾਂਦਾ ਹੈ। ਪ੍ਰਭੂ ਮਹਿਮਾ ਵਿਚ ਸੀਤਾ ਜਾਂਦਾ ਹੈ। ਉਸ ਦੇ ਮਨ ਵਿਚ ਅਨੰਦ ਹੁੰਦਾ ਹੈ -

"ਤਿਥੈ ਹੋਰੁ ਨ ਕੋਈ ਹੋਰੁ।
ਤਿਨ ਮਹਿ ਰਾਮੁ ਰਹਿਆ ਭਰਪੂਰ।
ਤਿਥੈ ਸੀਤੋ ਸੀਤਾ ਮਹਿਮਾ ਮਾਹਿ।
ਕਰਹਿ ਅਨੰਦੁ ਸਚਾ ਮਨ ਸੋਇ।"

ਪੰਜਵੇਂ ਪੜਾ ਸਚ ਖੰਡ ਵਿਚ ਆ ਕੇ ਉਹ ਕੋਈ ਨਬੀ ਅਵਤਾਰ ਬਣ ਜਾਂਦਾ ਹੈ। ਏਥੇ ਉਸ ਦੇ ਕਰਮ ਸਹਿਜ ਸੁਭਾਏ ਹੀ ਪ੍ਰਭੂ ਦੀ ਕਸਵਟੀ ਵਿਚ ਢਲ ਜਾਂਦੇ ਹਨ—

ਜਿਵ ਜਿਵ ਹੁਕਮ ਤਿਵੈ ਤਿਵ ਕਾਰ ॥

ਇਨ੍ਹਾਂ ਪੜਾਵਾਂ ਵਿਚੋਂ ਨਿਕਲ ਕੇ ਜਾਂ ਇਨ੍ਹਾਂ ਪੰਜਾਂ ਪਉੜੀਆਂ ਨੂੰ ਚੜ੍ਹ ਕੇ ਉਹ ਇਕ ਰੱਬ ਦਾ ਰੂਪ ਬਣਦਾ ਹੈ —

ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ ॥

ਫਿਰ ਤਾਂ ਉਸ ਦਾ ਇਕ ਇਕ ਬੋਲ ਸੁੱਚਾ ਸੱਚਾ ਸਹਿਤ ਹੁੰਦਾ ਹੈ ਜੋ ਉਸ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਮਹਾਨ ਪ੍ਰਤਿਭਾ ਵਿਚੋਂ ਘੜਿਆ ਨਿਕਲਦਾ ਹੈ—ਉਸ ਦੀ ਪ੍ਰਤਿਭਾ ਦੀ ਦੁਕਾਨ ਦਾ ਨਕਸ਼ਾ ਇਉਂ ਉਘੜਦਾ ਹੈ—

"ਜਤੁ ਪਹਾਰਾ, ਧੀਰਜੁ ਸੁਨਿਆਰੁ ॥
ਅਹਰਣਿ ਮਤਿ, ਵੇਦੁ ਹਥੀਆਰੁ ॥
ਭਉ ਖਲਾ ਅਗਨਿ ਤਪ ਤਾਉ ॥
ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ ॥
ਘੜੀਐ ਸਬਦੁ ਸੱਚੀ ਟਕਸਾਲ ॥"

ਜਤ ਸਤ ਦੀ ਉਸ ਦੀ ਦੁਕਾਨ ਹੁੰਦੀ ਹੈ। ਉਹ ਸਬਰ ਸੰਤੋਖ ਦਾ ਸੁਨਿਆਰ ਬਣਦਾ ਹੈ। ਆਪਣੀ ਮਤ ਨੂੰ ਅਹਿਰਣ ਬਣਾਉਂਦਾ ਹੈ ਉਸ ਉਤੇ ਗਿਆਨ ਦਾ ਹਥੌੜਾ ਚਲਾਉਂਦਾ ਹੈ। ਪ੍ਰਭੂ ਭੌ ਨੂੰ ਧੌਂਕਣੀ ਬਣਾਂਦਾ ਹੈ। ਤਪਸਿਆ ਦਾ ਅਗਨ ਚਮਕਾਂਦਾ ਹੈ। ਇਉਂ ਉਸ ਦੇ ਪ੍ਰੇਮ ਦੇ ਹਿਰਦੇ ਰੂਪੀ ਬਰਤਨ ਵਿਚ ਅੰਮ੍ਰਿਤ ਢਲ ਢਲ ਕੇ ਪੈਂਦਾ ਹੈ। ਇਸ ਸੱਚੀ ਟਕਸਾਲ (**True Mint**) ਵਿਚ ਉਸ ਦਾ ਇਕ ਇਕ ਸਿਕੇ (**Coin**) ਰੂਪੀ ਸ਼ਬਦ ਘੜ ਕੇ ਨਿਕਲਦਾ ਹੈ ਜੋ ਸੁਣਨ ਵਾਲਿਆਂ ਦੇ ਮਨਾਂ ਵਿਚ ਤੀਰ ਵਾਂਡ ਸਿਧਾ ਮੁੜ ਜਾਂਦਾ ਹੈ। ਉਹ ਜਿਸ ਵਲ ਆਪਣੀ ਨਿਗਾਹ ਕਰਦਾ ਹੈ ਉਸੇ ਨੂੰ ਹੀ ਨਦਰੀ ਨਦਰ ਨਿਹਾਲ ਕਰ ਦੇਂਦਾ ਹੈ—

ਨਾਨਕ ਨਦਰੀ ਨਦਰਿ ਨਿਹਾਲ ॥

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਗੁਰੂ ਨਾਨਕ ਦੇਵ ਜੀ ਦੇ ਬਾਰਾਂ ਮਾਹ ਤੁਖ਼ਾਰੀ ਵਿਚ ਵਿਸ਼ੈ-ਵਸਤੂ

ਪੁਸਤਕ 'ਪਿੰਗਲ ਤੇ ਸਾਹਿਤ ਦੇ ਰੂਪ' (ਪ੍ਰੋ. ਚਾਨਣ ਸਿੰਘ ਨਿਰਮਲ) ਅਨੁਸਾਰ ''ਬਾਰਾਂ ਮਾਹ ਦਾ ਸ਼ਬਦੀ ਅਰਥ ਬਾਰਾ ਮਹੀਨੇ ਹਨ। ਅਰਥਾਤ ਇਹ ਉਹ ਕਾਵਿ-ਰੂਪ ਹੈ ਜਿਸ ਵਿਚ ਕਵੀ ਇਕ ਬਿਰਹਨ ਦੀ ਤਰ੍ਹਾਂ ਬਾਰਾਂ ਮਹੀਨਿਆਂ ਵਿਚ ਬਦਲਦੇ ਮੌਸਮ, ਰੁੱਤਾਂ ਤੇ ਸਮਿਆਂ ਅਨੁਸਾਰ ਬਦਲਦੇ ਮਨ ਦੇ ਉਦਗਾਰਾਂ, ਹਾਵਾਂ, ਭਾਵਾਂ ਦੇ ਜਜ਼ਬਿਆਂ ਨੂੰ ਇੰਨ ਬਿੰਨ ਪ੍ਰਗਟਾਂਦਾ ਹੈ। ਰੁੱਤਾਂ ਅਨੁਸਾਰ ਕੁਦਰਤ ਵਰਣਨ ਵੀ ਦੇਂਦਾ ਹੈ। ਕੁਦਰਤ ਵਰਣਨ ਮਨ ਦੇ ਭਾਵਾਂ ਦੀ ਅਭੀ ਵਿਅਕਤੀ ਦੇ ਪਿਛੋਕੜ ਨੂੰ ਉਘਾੜਦਾ, ਨਿਖਾਰਦਾ ਤੇ ਪ੍ਰਭਾਵ ਨੂੰ ਗਾੜ੍ਹਾ ਕਰਦਾ ਹੈ। ਇਹ ਬਿਰਹਾ ਵਰਣਨ ਵਾਲਾ ਕਾਵਿ-ਰੂਪ ਹੈ। ਇਸ ਵਿਚ ਸ਼ਿੰਗਾਰ ਰਸ, ਕਰੁਣਾ ਰਸ ਤੇ ਭਿਆਨਕ ਰਸ ਵੀ ਆ ਜਾਂਦੇ ਹਨ। ਪਹਿਲਾਂ ਵਿਯੋਗ ਭਾਵਾਂ ਨੂੰ ਚਿਤਰਿਆ ਜਾਂਦਾ ਹੈ ਅਤੇ ਅੰਤਲੇ ਮਹੀਨੇ ਸੰਯੋਗ ਨੂੰ ਗਾਂਵਿਆ ਜਾਂਦਾ ਹੈ। ਜਿਵੇਂ ਸਿਆਣੇ ਅਖੌਤ ਪੇਸ਼ ਕਰਦੇ ਹਨ ਕਿ ਬਾਰ੍ਹਾਂ ਵਰ੍ਹਿਆਂ ਬਾਅਦ ਰਬ ਰੂੜੀ ਦੀ ਵੀ ਸੁਣਦਾ ਹੈ। ਇਸ ਤਰ੍ਹਾਂ ਬਾਰ੍ਹਾਂ ਮਹੀਨਿਆਂ ਪਿਛੋਂ ਬਿਰਹਨ ਦੀ ਕਿਸਮਤ ਖੁਲ੍ਹਦੀ ਹੈ ਜਾਂ ਖੁਲ੍ਹਦੀ ਮੰਨ ਲਈ ਜਾਂਦੀ ਹੈ।

ਗੁਰੂ ਨਾਨਕ ਦੇਵ ਜੀ ਨੇ ਸਮੁੱਚੇ ਰੂਪ ਵਿਚ ਹੀ ਸਾਰੀ ਬਾਣੀ ਪਰ ਵਿਸ਼ੇਸ਼ ਰੂਪ ਵਿਚ ਬਾਰਾਂ ਮਾਂਹ ਤੁਖ਼ਾਰੀ ਇਸ ਲਈ ਰਚੀ ਕਿ ਜੀਵਨ ਦਾ ਮਹਾਨ ਮਨੋਰਥ ਸਿਧ ਹੋ ਸਕੇ —

''ਭਈ ਪਰਾਪਤ ਮਾਨੁਖ ਦੇਹੁਰੀਆ।
ਗੋਬਿੰਦ ਮਿਲਨ ਕੀ ਇਹ ਤੇਰੀ ਬਰੀਆ।''

(ਗੁਰ ਅਰਜਨ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਭਾਵ ਜੀਵਨ ਦੇ ਆਦਰਸ਼ ਨੂੰ ਨਿਭਾਣ ਲਈ ਸਵਾਸ ਸਵਾਸ ਉਸ ਮਾਲਕ ਨੂੰ ਚੇਤੇ ਕਰਨਾ ਹੈ। ਇਸ ਦੁਰਲਭ ਮਾਨਸ ਜਨਮ ਦਾ ਲਾਹਾ ਤਾਂ ਹੀ ਲਿਆ ਜਾ ਸਕਦਾ ਹੈ ਜੇਕਰ ਜੀਵ ਇਕ ਪਲ ਵੀ ਵਿਅਰਥ ਨਾ ਗਵਾਵੇ। ਜੀਵ ਨੂੰ ਇਹ ਉਪਦੇਸ਼ ਦ੍ਰਿੜ ਕਰਾਉਣ ਲਈ ਗੁਰੂ ਜੀ ਨੇ ਬਾਣੀ ਰਚੀ। ਇਸ ਬਾਰਾਂ ਮਾਂਹ ਵਿਚ ਜੀਵਾਤਮਾ ਰੂਪੀ ਬਿਰਹਨ ਆਪਣੇ ਅਸਲੇ ਭਾਵ ਮੂਲ ਨੂੰ ਮਿਲਣ ਲਈ ਪਲ ਪਲ ਵਿਲਕਦੀ ਤੇ ਲਿਲਕੜੀਆਂ ਲੈਂਦੀ ਨਜ਼ਰ ਪੈਂਦੀ ਹੈ। ਅੰਤਮ ਸ਼ਾਂਤੀ ਪ੍ਰਭੂ ਮਿਲਾਪ ਵਿਚ ਦਸੀ ਹੈ। ਪ੍ਰੇਮਾ ਭਗਤੀ ਦਾ ਉਚਤਮ ਸਰੂਪ ਇਸ ਬਾਰਾਂ ਮਾਹ ਦੀ ਧਾਰਨਾ ਹੈ।

ਬਾਰਾਂ ਮਾਹ ਤੁਖ਼ਾਰੀ ਵਿਚ ਬਾਰ੍ਹਾਂ ਮਹੀਨਿਆਂ ਰਾਹੀਂ ਜੀਵਾਤਮਾ ਰੂਪੀ ਇਸਤਰੀ ਦੀ ਮਨ ਦੀ ਵਿਆਕੁਲਤਾ ਨੂੰ ਬਿਆਨਿਆ ਹੈ। ਜੀਵਾਤਮਾ ਆਪਣੇ ਮੂਲ ਤੋਂ ਵਿਛੜ ਕੇ ਆਪਣੀ ਛਿਨ ਭੰਗਰਤਾ ਜਾਂ ਤੁਛਤਾ ਨੂੰ ਅਨੁਭਵ ਕਰਦੀ ਹੈ। ਉਹ ਸਾਧਨਾ ਰਾਹੀਂ ਆਪਣੇ ਆਤਮ ਸ਼ੁਧੀ ਤੇ ਜਤਨਾਂ ਵਿਚ ਲਗਦੀ ਹੈ, ਕਿਉਂਕਿ ਉਹ ਆਦਮ ਹਵਾ ਵਾਂਙ ਆਪਣੇ ਹੀ ਕਰਮਾਂ ਕਰਕੇ ਵਿਛੜੀ ਹੋਈ ਹੈ।

1. "ਤੂੰ ਸੁਣ ਕਿਰਤ ਕਰੰਮਾ ਪੁਰਬਿ ਕਮਾਇਆ।"

(ਤੁਖਾਰੀ)

2. ਕਿਰਤ ਕਰਮ ਕੇ ਵੀਛੁੜੇ, ਕਰ ਕਿਰਪਾ ਮੇਲਹੁ ਰਾਮ।
ਚਾਰਿ ਕੁੰਟ ਦਹਦਿਸ ਭ੍ਰਮੇ, ਥਕ ਆਏ ਪ੍ਰਭ ਕੀ ਸ਼ਾਮ।

(ਮਾਝ)

ਜੀਵਾਤਮਾ ਨੂੰ ਗਿਆਨ ਹੁੰਦਾ ਹੈ ਕਿ ਪਰਮਾਤਮਾ ਸਰਬ ਸ਼ਕਤੀਮਾਨ ਹੈ। ਉਸ ਦੀ ਪ੍ਰਾਪਤੀ ਕੇਵਲ ਮਿਹਰ ਦੁਆਰਾ ਹੀ ਹੋ ਸਕਦੀ ਹੈ—

1. "ਧਨ ਦੇਖੈ ਹਰਿ ਦੁਆਰਿ, ਆਵਹੁ ਦਇਆ ਕਰੇ।"
2. ਨਾਨਕ ਵਰਸੈ ਅੰਮ੍ਰਿਤ ਬਾਣੀ, ਕਰਿ ਕਿਰਪਾ ਘਰਿ ਆਵੇ।"

ਤਾਂ ਹੀ ਸ਼ਾਹ ਹੁਸੈਨ ਵੀ ਅਰਜੋਈ ਕਰਦਾ ਕਹਿੰਦਾ ਨੂੰ—

"ਅਦਲੋਂ ਫ਼ਜ਼ਲ ਕਰੀਂ।"

ਵਸਲ ਪ੍ਰਭੂ ਦੇ ਭਾਣੇ ਵਿਚ ਹੀ ਹੋ ਸਕਦਾ ਹੈ—

"ਪ੍ਰਭ ਭਾਣੇ ਤਾ ਭਾਇਆ।"

ਕੇਵਲ ਸਾਧਨਾ ਤੇ ਭਾਉ ਭਗਤੀ ਰਾਹੀਂ ਹੀ ਉਸ ਨੂੰ ਵਰ੍ਹਿਆ ਜਾ ਸਕਦਾ ਹੈ। ਪ੍ਰਭੂ ਵਿਛੋੜੇ ਵਿਚ ਜੀਵਾਤਮਾ ਰੂਪੀ ਇਸਤਰੀ ਬਿਹਬਲ ਹੁੰਦੀ ਹੈ। ਸੁਹਾਵਣਾ ਮੌਸਮ ਖਾਣ ਨੂੰ ਪੈਂਦਾ ਹੈ। ਚਮਕਦੀਆਂ ਬਿਜਲੀਆਂ ਤੇ ਵਰ੍ਹਦੇ ਬਦਲ ਡਰਾਵਣੇ ਲਗਦੇ ਹਨ ਅਤੇ ਉਡਦੇ ਭੌਰੇ ਉਸ ਦੀ ਬਿਰਹੁੰ-ਪੀੜਾ ਨੂੰ ਹੋਰ ਉਤੇਜਿਤ ਕਰਦੇ ਹਨ। ਇਕੱਲਾਪਣ ਖਾਣ ਨੂੰ ਆਉਂਦਾ ਹੈ। ਸੁੰਞੀ ਸੇਜ ਸੂਲੀ ਵਾਂਗ ਲਗਦੀ ਹੈ। ਇਸਤਰੀ ਇਕੱਲੀ ਹੈ। ਹੈ। ਉਸ ਨੂੰ ਦਿਲਾਸਾ ਦੇਣ ਵਾਲਾ ਕੋਈ ਨਹੀਂ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"ਪ੍ਰਿਅ ਬਾਝ ਦੁਹੇਲੀ ਕੋਇ ਨਾ ਬੇਲੀ।

... ...

ਨਾ ਕੋਈ ਮੇਰਾ, ਹਉ ਕਿਸ ਕੇਰਾ, ਹਰਿ ਬਿਨ ਰਹਿਣ ਨ ਜਾਏ।

... ...

ਪਿਰ ਘਰਿ ਨਹੀ ਆਵੈ, ਮਰੀਐ ਹਾਵੈ, ਦਾਮਨਿ ਚਮਕ ਡਰਾਏ।
ਸੇਜ ਇਕੇਲੀ ਖਰੀ ਦੁਹੇਲੀ ਮਰਣ ਭਇਆ ਦੁਖ ਮਾਏ।
ਹਰਿ ਬਿਨੁ ਨੀਂਦ ਭੂਖ ਕਹੁ ਕੈਸੀ, ਕਾਪੜ ਤਨ ਨ ਸੁਖਾਏ।

ਪਤੀ ਪਰਮਾਤਮਾ ਹਿਰਦੇ ਰੂਪੀ ਘਰ ਵਿਚ ਨਹੀਂ ਨਿਵਾਸ ਕਰਦਾ ਤਾਂ ਜੀਵਾਤਮਾ ਰੂਪੀ ਇਸਤਰੀ ਕਿਵੇਂ ਸੁਖ ਚੈਨ ਪ੍ਰਾਪਤ ਕਰ ਸਕਦੀ ਹੈ।

"ਪਿਰੁ ਘਰਿ ਨਹੀ ਆਵੈ, ਧੰਨ ਕਿਉਂ ਸੁਖ ਪਾਵੈ, ਬਿਰਹਿ ਬਿਰੋਧ ਤਨੁ ਛੀਜੈ।
ਕੋਕਿਲ ਅੰਬ ਸੁਹਾਣੀ ਬੋਲੈ, ਕਿਉਂ ਦੁਖ ਅੰਕ ਸਹੀਜੈ।
ਭਵਰੁ ਭਵੰਤਾ ਫੂਲੀ ਡਾਲੀ, ਕਿਉਂ ਜੀਵਾਂ ਮਰ ਜਾਏ।"

ਇਸ ਲਈ ਉਹ ਪ੍ਰਭੂ ਪ੍ਰੀਤਮ ਪਿਆਰੇ ਨੂੰ ਪੁਕਾਰਦੀ ਹੈ, ਕਿਉਂਕਿ ਉਸ ਬਿਨਾ ਉਸ ਦਾ ਅੱਧੀ ਕੌਡੀ ਵੀ ਮੁੱਲ ਨਹੀਂ ਹੈ—

"ਘਰਿ ਆਉ ਪਿਆਰੇ, ਦੁਤਰ ਤਾਰੇ।
ਤੁਧੁ ਬਿਨੁ ਅਢੁ ਨ ਮੋਲੋ।"

ਪਰ ਜੇ ਉਹ ਪ੍ਰਾਪਤ ਹੋ ਜਾਵੇ ਤਾਂ ਫਿਰ ਉਸ ਦੀ ਕੀਮਤ ਕੋਈ ਨਹੀਂ—

"ਕੀਮਤ ਕਉਣ ਕਰੇ ਤੁਧ ਭਾਵਾਂ, ਦੇਖ ਦਿਖਾਵੈ ਢੋਲੋ।"

ਲੱਖਾਂ ਸ਼ਿੰਗਾਰ ਕਿਸੇ ਕੰਮ ਨਹੀਂ ਆਉਂਦੇ। ਇਹ ਪ੍ਰੀਤਮ ਦੇ ਦਿਲ ਉਤੇ ਕੋਈ ਅਸਰ ਨਹੀਂ ਪਾ ਸਕਦੇ। ਮੌਸਮ ਬਦਲ ਰਹੇ ਹਨ। ਗਰਮੀ ਬਾਅਦ ਸਰਦੀ ਅਤੇ ਫਿਰ ਠੰਢੀ ਬਰਫ ਪੈਣੀ ਸ਼ੁਰੂ ਹੋ ਜਾਂਦੀ ਹੈ। ਬਨਸਪਤੀ ਕੁਮਲਾਂਦੀ ਜਾਂਦੀ ਹੈ। ਇਸਤਰੀ ਦੇ ਮਨ ਵਿਚ ਬਿਰਹੁੰ ਦੀ ਅੱਗ ਹੋਰ ਭੜਕ ਉਠਦੀ ਹੈ। ਉਹ ਖਿਆਲ ਕਰਦੀ ਹੈ ਕਿ ਉਸ ਨੂੰ ਸਭੋ ਸ਼ਿੰਗਾਰ ਪ੍ਰਾਪਤ ਹੋ ਜਾਣ ਜੇਕਰ ਉਸ ਦਾ ਪ੍ਰੀਤਮ ਸਾਈਂ ਉਸ ਨੂੰ ਦਇਆ ਕਰਕੇ ਆਪਣੀ ਹਿਕ ਨਾਲ ਲਾ ਕੇ ਠਾਰ ਦੇਵੇ। ਸਾਰੇ ਦੁਖਾਂ ਦੀ ਨਵਿਰਤੀ ਹਿਤ ਪ੍ਰਭੂ ਸ਼ਰਨ ਲੈਂਦੀ ਹੈ। ਸਦ ਗੁਣਾਂ ਦੀ ਧਾਰਨੀ ਹੋ ਕੇ ਉਸ ਪ੍ਰੀਤਮ ਨੂੰ ਵਰ ਲੈਂਦੀ ਹੈ। ਦੁਖ ਸਾਰੇ ਦੂਰ ਹੋ ਜਾਂਦੇ ਹਨ। ਤਾਂ ਫਿਰ ਮਹੀਨੇ ਰੁਤਾਂ, ਥਿਤਾਂ, ਵਾਰਾਂ, ਘੜੀਆਂ, ਪਹਿਰ, ਮਹੀਨੇ ਰਾਤਾਂ, ਦਿਨ, ਸਭੋ ਕੁਝ ਚੰਗਾ ਚੰਗਾ ਲਗਣ ਲਗ ਪੈਂਦਾ ਹੈ। ਸਮੂਹ ਵਾਤਾਵਰਣ ਅਨੰਦਾਇਕ ਹੋ ਨਿਬੜਦਾ ਹੈ—

"ਅਨੰਦ ਭਇਆ ਮੇਰੀ ਮਾਏ ਸਤਿਗੁਰੂ ਮੈਂ ਪਾਇਆ।"

(ਗੁਰੂ ਅਮਰ ਦਾਸ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਧਿਆਤਮਕ ਵਿਚਾਰਧਾਰਾ—ਇਸ ਬਾਰਾਂ ਮਾਂਹ ਵਿਚੋਂ ਗੁਰਮਤ ਦੇ ਸਿਧਾਂਤ ਦਾ ਇਹ ਤਤ ਵਿਸ਼ੈ ਵਸਤੂ ਦੇ ਤੌਰ ਤੇ ਸਪਸ਼ਟ ਹੁੰਦਾ ਹੈ ਕਿ ਜੀਵ ਰਾਮ ਦੀ ਅੰਸ਼ ਹੈ। ਪ੍ਰੰਤੂ ਕੁਝ ਕਾਰਣਾਂ ਕਰਕੇ ਰੂਹ ਵਿਛੜੀ ਹੈ। ਹਉਮੈ ਕਾਰਣ ਜੀਵ ਭਟਕ ਰਿਹਾ ਹੈ। ਦੁਖ ਪਾ ਰਿਹਾ ਹੈ। ਅਨੰਦ ਤਾਂ ਹੈ ਜੇਕਰ ਉਹ ਪ੍ਰਭੂ ਨੂੰ ਹਰ ਥਾਂ ਵੇਖੇ—

"ਦੂਰ ਨ ਜਾਨਾ, ਅੰਤਰਿ ਮਾਨਾ, ਹਰਿ ਕਾ ਮਹਲੁ ਪਛਾਨਾ।"

ਭਗਤੀ ਭਾਵਨਾ—ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਭਗਤੀ, ਗਿਆਨ ਅਤੇ ਯੋਗ ਤਿੰਨੇ ਤਤ ਹੀ ਤ੍ਰਿਬੇਣੀ ਵਾਂਗ ਇਕੋ ਸੰਗਮ ਤੇ ਵੇਖੇ ਜਾ ਸਕਦੇ ਹਨ, ਪਰ ਇਸ ਬਾਰਾਂ ਮਾਹ ਵਿਚ ਪ੍ਰੇਮਾ-ਭਗਤੀ ਦਾ ਰੰਗ ਵਧੇਰੇ ਉਘੜਦਾ ਹੈ। ਜਗਿਆਸੂ ਪ੍ਰਭੂ ਦੇ ਸਰੂਪ ਵਿਚ ਲੀਨ ਹੋਣਾ ਚਾਹੁੰਦਾ ਹੈ। ਬਿਰਹੋਂ ਨੂੰ ਮੇਟ ਇਕ ਰੂਪ, ਇਕ ਮਿਕ ਹੋਣਾ ਲੋੜਦਾ ਹੈ। ਉਹ ਪ੍ਰੇਮ ਭਾਵਨਾ ਪ੍ਰਗਟ ਕਰਕੇ ਭਗਤੀ ਰਸ ਵਾਲੀ ਉੱਚਤਾ ਸਿਰਜ ਲੈਂਦਾ ਹੈ। ਪ੍ਰੇਮ ਭਾਵਨਾ ਅਧੀਨ ਪ੍ਰਭੂ ਨੂੰ ਪਿਰ, ਪਿਆਰਾ, ਸਾਜਨ, ਢੋਲਾ, ਪ੍ਰੀਤਮ, ਵਰ, ਸਹੁ, ਰਸੀਆ, ਕਹਿ ਕੇ ਬੁਲਾਇਆ ਗਿਆ ਹੈ। ਜਗਿਆਸੂ ਜੀਵਾਤਮਾ ਆਪਣੇ ਆਪ ਨੂੰ ਪਿਆਰ ਕੁਠੀ ਬਿਰਹਨ, ਸਾਧਨ, ਦੋਹਾਗਣ, ਤ੍ਰਿਖਾਵੰਤ, ਦੁਹੇਲੀ, ਆਦਿ ਦੇ ਰੂਪ ਵਿਚ ਪੇਸ਼ ਕਰਦੀ ਹੈ। ਇਸ ਬਾਰਾਂ ਮਾਹ ਵਿਚ ਪ੍ਰੇਮਾ ਭਗਤੀ ਵਾਲੀ ਜਜ਼ਬਾਤੀ ਉਪਾਸ਼ਨਾ ਅਤੇ ਸ਼ਰਧਾ ਪੇਸ਼ ਕੀਤੀ ਗਈ ਹੈ।

ਬ੍ਰਹਮ ਦਾ ਸਰੂਪ—ਗੁਰਮਤਿ ਕਾਵਿ ਵਿਚ ਨਿਰਗੁਣ ਬ੍ਰਹਮ ਦਾ ਜਸ ਵਧੇਰੇ ਗਾਇਆ ਹੈ। ਜਪੁਜੀ ਸਾਹਿਬ ਵਿਚ ਪ੍ਰਭੂ ਦੇ ਨਿਰਗੁਣ ਸਰੂਪ ਦਾ ਬਿਆਨ ਹੈ। ਇਸ ਬਾਰਾਂ ਮਾਹ ਵਿਚ ਜਪੁਜੀ ਵਾਂਗ ਬੌਧਿਕ ਮੰਡਲਾਂ ਦੀ ਉਸਾਰੀ ਨਹੀਂ ਹੈ। ਸਗੋਂ ਭਾਵਨਾ ਤੇ ਭਾਵਕ ਤੀਬਰਤਾ ਹੈ। ਸਰਗੁਣ ਕਵੀਆਂ ਵਾਂਗ ਬ੍ਰਹਮ ਨੂੰ ਜੀਵ ਸਮਝ ਕੇ ਪਿਆਰ ਕੀਤਾ ਹੈ। ਸੂਫੀਆਂ ਵਾਂਗ ਪਤੀ ਰੂਪ ਵਿਚ ਸਤਿਕਾਰਿਆ ਹੈ। ਪ੍ਰਮਾਤਮਾ ਦੇ ਮਾਲਕ, ਦਾਤਾ ਅਤੇ ਸੁਆਮੀ ਦੇ ਸਰੂਪ ਨਾਲੋਂ ਕੰਤ ਵਾਲਾ ਸਰੂਪ ਵਧੇਰੇ ਉਘੜਿਆ ਹੈ।

ਰਸ—ਭਿਆਨਕ ਰਸ, ਕਰੁਣਾ ਰਸ, ਸ਼ਿੰਗਾਰ ਰਸ—

ਸਾਹਿਤਕਾਰਾਂ ਨੇ ਸ਼ਿੰਗਾਰ ਰਸ ਨੂੰ ਪਹਿਲ ਦਿਤੀ ਹੈ। ਇਸ ਨੂੰ 'ਰਸ-ਰਾਜ' ਵੀ ਕਿਹਾ ਹੈ। ਬਾਰਾਂ ਮਾਹ ਤੁਖਾਰੀ ਵਿਚ ਸ਼ਿੰਗਾਰ ਰਸ ਪ੍ਰਮੁਖ ਹੈ। ਸ਼ਿੰਗਾਰ ਰਸ ਦਾ ਵੀ ਅਗੋਂ ਵਿਯੋਗ ਪੱਖ ਵਧੇਰੇ ਹੈ। ਅਧਿਆਤਮਕ ਰੰਗਣ ਅਧੀਨ ਵਿਯੋਗ - ਸ਼ਿੰਗਾਰ ਜਗਿਆਸੂ ਲਈ ਕਰੁਣਾ ਰਸ ਪੈਦਾ ਕਰਦਾ ਹੈ। ਕਰੁਣਾ ਰਸ ਨੂੰ ਗਾਹੜਾ ਕਰਨ ਲਈ ਭਿਆਨਕ ਰਸ ਪੈਦਾ ਕੀਤਾ ਜਾਂਦਾ ਹੈ—ਗਲ ਕੀ ਨਿਯਮਾਂ ਦੇ ਪੱਖੋਂ ਬਾਰਾਂ ਮਾਹ ਤੁਖਾਰੀ ਵਿਚ ਸ਼ਿੰਗਾਰ ਰਸ ਦੇ ਸਾਰੇ ਅੰਗ ਮਿਲਦੇ ਹਨ।

"ਸਾਵਣ ਸਰਸ ਮਨਾ, ਘਣ ਵਰਸਹਿ ਰੁਤ ਆਏ।
ਮੈ ਮਨਿ ਤਨਿ ਸਹੁ ਭਾਵੈ, ਪਿਰ ਪਰਦੇਸਿ ਸਿਧਾਏ।"

ਏਥੇ ਪ੍ਰਭੂ ਪ੍ਰੇਮ ਸਥਾਈ ਭਾਵ ਹੈ। ਸੁਹਾਗਣ ਲਈ ਕੰਤ ਆਲੰਬਣ ਹੈ। ਪਤੀ ਤੋਂ ਵਿਛੋੜੇ ਦਾ ਭਾਵ, ਸਾਵਣ ਦੀ ਵਰਖਾ, ਸੇਜ ਦਾ ਇਕਲਾਪਾ, ਆਦਿ ਉੱਦੀਪਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਭਾਵ ਹਨ, ਜੋ ਬਿਰਹਨੀ ਦੀ ਤੜਪ ਨੂੰ ਹੋਰ ਤੀਬਰ ਕਰਦੇ ਹਨ। ਤਰਲੇ ਲੈਣੇ, ਭੁੱਖ ਮਿਟਣੀ, ਸ਼ਿੰਗਾਰ ਵਲੋਂ, ਅਰੁਚੀ ਆਦਿ ਅਨੁਭਾਵ ਹਨ। ਮਰਨ ਭਇਆਂ ਦੁਖ ਮਾਇ ਵਾਲੇ ਭਾਵ ਉਠਣੇ ਸੰਚਾਰੀ ਭਾਵ ਹਨ।

ਏਥੇ ਇਸ ਸ਼ਿੰਗਾਰ ਰਸ ਤੋਂ ਭਗਤੀ ਰਸ ਵਿਚ ਵਿਲੀਨ ਹੋਇਆ ਸਮੁੱਚਾ ਵਾਤਾਵਰਨ ਹੈ। ਸੰਸਾਰਕ ਸ਼ਿੰਗਾਰ ਰਸ ਦੀ ਤੜਪ ਤੇ ਕਸਕ ਮਿਟ ਕੇ, ਠਰੰਮੇ ਤੇ ਤੀਰਘ ਦ੍ਰਿਸ਼ਟੀ ਵਾਲੀ ਸੂਝ ਪੈਦਾ ਹੋ ਗਈ ਹੈ। ਪ੍ਰਭੂ ਮਿਲਾਪ ਤੋਂ ਦੈਵੀ ਅਨੰਦ ਦੀ ਪ੍ਰਾਪਤੀ ਹੁੰਦੀ ਹੈ। ਅੰਮ੍ਰਿਤ ਰਸ ਦੀ ਵਰਖਾ ਹੁੰਦੀ ਹੈ। ਇਸੇ ਨੂੰ ਹੀ ਗੁਰੂ ਨਾਨਕ ਦੇਵ ਜੀ ਨੇ ਮਹਾਂ ਰਸ ਕਿਹਾ ਹੈ। ਏਥੇ ਦੰਪਤੀ ਦੇ ਕੰਤ-ਮਿਲਾਪ ਵਾਲੇ ਸੁਖ ਦਾ ਜਜ਼ਬਾਤੀ ਵਹਿਣ ਸ਼ਾਂਤ ਰਸ ਵਿਚ ਵਿਲੀਨ ਹੋ ਗਿਆ ਹੈ—

1. "ਹਾਰ ਡੋਰ ਰਸ ਪਾਟ ਪਟੰਬਰ, ਪਿਰਿ ਲੋੜੀ ਸੀਗਾਰੀ।
ਨਾਨਕ ਮੇਲਿ ਲਈ ਗੁਰਿ ਆਪਣੈ, ਘਰਿ ਵਰੁ ਪਾਇਆ ਨਾਰੀ।

... ...

2. ਬੇਦਸ ਮਾਹ ਰੁਤੀ ਥਿਤੀ ਵਾਰ ਭਲੇ।
ਘੜੀ ਮੂਰਤ ਪਲ, ਸਾਚੇ ਆਏ ਸਹਿਜਿ ਮਿਲੇ।
ਪ੍ਰਭ ਮਿਲੇ ਪਿਆਰੇ ਕਾਰਜ ਸਾਰੇ, ਕਰਤਾ ਸਭ ਬਿਧਿ ਜਾਣੇ।
ਜਿਨਿ ਸੀਗਾਰੀ ਤਿਸਹਿ ਪਿਆਰੀ, ਮੇਲੁ ਭਇਆ ਰੰਗੁ ਮਾਣੇ।
ਘਰਿ ਸੇਜ ਸੁਹਾਣੀ ਜਾ ਪਿਰ ਰਾਣੀ, ਗੁਰਮੁਖ ਮਸਤਕਿ ਭਾਗੋ।
ਨਾਨਕ ਅਹਿਨਿਸਿ ਰਾਵੈ ਪ੍ਰੀਤਮੁ, ਹਰਿ ਵਰੁ ਥਿਰੁ ਸੁਹਾਗੋ।"

ਕੁਦਰਤ ਦਾ ਬਿਆਨ—ਇਸ ਵਿਚ ਕੁਦਰਤ ਨੂੰ ਬਿਰਹੋਂ ਭਾਵਨਾ ਨੂੰ ਤੀਖਣ ਕਰਨ ਅਤੇ ਜ਼ੋਰਦਾਰ ਬਣਾਉਣ ਲਈ ਵਰਤਿਆ ਹੈ। ਬਦਲਦੀਆਂ ਰੁੱਤਾਂ, ਦਾ ਚਿਤਰ ਖਿਚਿਆ ਹੈ। ਬਦਲਦੇ ਵਾਯੂ ਮੰਡਲ ਦਾ ਰੂਪ ਅਤੇ ਸੁਗੰਧ ਨੂੰ ਨਿਖਾਰਿਆ ਹੈ। ਕੁਦਰਤ ਦੇ ਬਿਆਨ ਵਿਚ ਕਵੀ ਦਾ ਅਨੁਭਵ ਬਹੁਤ ਹੀ ਸੂਖਮ ਹੈ। ਭਾਰਤੀ ਕਾਵਿ ਪਰੰਪਰਾ ਵਾਂਗ ਚੇਤ ਤੋਂ ਲੈ ਕੇ ਬਾਰਾਂ ਮਹੀਨਿਆਂ ਵਿਚ ਕੁਦਰਤ ਨੂੰ ਰੂਪਮਾਨ ਕੀਤਾ ਹੈ। ਹਰ ਮਹੀਨੇ ਦਾ ਦ੍ਰਿਸ਼ ਬਿਰਹੋਂ ਕੁੱਠੀ ਆਤਮਾ ਦੀ ਦਸ਼ਾ ਨਾਲ ਮੇਲ ਖਾਂਦਾ ਹੈ। ਬੜੇ ਸੰਖੇਪ ਅਤੇ ਭਾਵਪੂਰਤ ਢੰਗ ਨਾਲ ਹਰ ਰੁੱਤ ਦਾ ਨਕਸ਼ਾ ਖਿਚ ਦਿਤਾ ਹੈ। ਮਹੀਨਿਆਂ ਦੇ ਆਰੰਭ ਵਿਚ ਪਹਿਲਾਂ ਉਸ ਮਹੀਨੇ ਅਨੁਸਾਰ ਰੁੱਤ ਦਾ ਬਿਆਨ ਹੈ ਅਤੇ ਫਿਰ ਅਸਲੀ ਵਿਸ਼ੇ ਬਿਰਹੋਂ, ਪ੍ਰੇਮ ਜਾਂ ਮਿਲਾਪ ਦੀ ਤਾਂਘ ਨੂੰ ਲਿਆ ਹੈ। ਜਿਵੇਂ—

"ਚੇਤ ਬਸੰਤ ਭਲਾ, ਭਵਰ ਸੁਹਾਵੜੇ।
ਬਨ ਫੂਲੇ ਮੰਝ ਬਾਰ, ਮੈਂ ਪਿਰ ਘਰਿ ਬਾਹੁੜੇ।"

ਇਨ੍ਹਾਂ ਥੋੜੇ ਜਿਹੇ ਸ਼ਬਦਾਂ ਵਿਚ ਬਾਰ ਦੇ ਇਲਾਕੇ ਦਾ ਬਸੰਤ ਰੁਤ ਦਾ ਵਾਤਾਵਰਣ ਉਲੀਕ ਦਿਤਾ ਹੈ। ਅਗੇ ਵਿਸਾਖ ਦੇ ਮਹੀਨੇ ਵਿਚ ਬ੍ਰਿਛਾਂ ਦੀਆਂ ਕੂਲੀਆਂ ਕੂਲੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਵੀਆਂ ਟਹਿਣੀਆਂ ਦਾ ਫੁਟ ਫੁਟ ਕੇ ਸੋਹਣੇ ਰੂਪ ਵਿਚ ਨਿਖਰਨ ਦਾ ਦ੍ਰਿਸ਼ ਹੇਠਲੇ ਸ਼ਬਦਾਂ ਵਿਚ ਪੇਸ਼ ਹੋਇਆ ਹੈ—

"ਵੈਸਾਖ ਭਲਾ ਸਾਖਾ ਵੇਸ ਕਰੇ।"

ਫਿਰ ਹਾੜ ਮਹੀਨੇ ਦੀ ਗਰਮੀ ਦਾ ਦ੍ਰਿਸ਼—

"ਆਸਾੜ ਭਲਾ ਸੂਰਜ ਗਗਨਿ ਤਪੈ।"
ਧਰਤੀ ਦੂਖ ਸਹੈ, ਸੋਖੈ ਅਗਨਿ ਭਖੈ।"

ਵਿਚ ਬੰਨ ਦਿਤਾ ਹੈ। ਇਸੇ ਤਰ੍ਹਾਂ ਸਾਵਣ ਅਤੇ ਭਾਦਰੋਂ ਮਹੀਨਿਆਂ ਵਿਚ ਮੀਂਹ ਦੀਆਂ ਝੜੀਆਂ ਦੇ ਕੁਦਰਤੀ ਨਜ਼ਾਰੇ ਅਖਾਂ ਅਗੇ ਲਟਕਾ ਦਿਤੇ ਹਨ—

ਇਸ ਵਿਚ ਕੋਈ ਸ਼ਕ ਨਹੀਂ ਕਿ ਕੁਦਰਤ ਦੇ ਬਿਆਨ ਸਮੇਂ ਲੋਕ ਪਰੰਪਰਾ ਅਨੁਸਾਰ ਭੌਰਿਆਂ, ਫੁਲਾਂ, ਕੋਇਲਾਂ, ਪਪੀਹਿਆਂ ਆਦਿ ਦਾ ਵਰਣਨ ਕੀਤਾ ਗਿਆ ਹੈ। ਪਰੰਤੂ ਕੁਦਰਤ ਦਾ ਸਮੁੱਚਾ ਪ੍ਰਭਾਵ ਦੁਨਿਆਵੀ ਖਿੱਚ ਤੋਂ ਉੱਚਾ ਉਠ ਕੇ ਅਧਿਆਤਮਕ ਪੱਧਰ ਤੇ ਜਾ ਖੜਾ ਹੁੰਦਾ ਹੈ। ਅਤੇ ਪ੍ਰਕਿਰਤੀ ਦੇ ਸਮੁੱਚੇ ਚਿਤਰਾਂ ਪਿਛੇ ਕਿਸੇ ਅਗੰਮੀ ਕਲਾਕਾਰ ਦੀ ਸ਼ਖਸੀਅਤ ਦਾ ਝਾਂਵਲਾ ਪੈਂਦਾ ਹੈ।

ਪ੍ਰਕਿਰਤੀ ਚਿਤਰਨ ਅਤੀ ਸੁੰਦਰ ਹੈ। ਬਦਲਾਂ ਦਾ ਵਰ੍ਹਨਾ, ਬਿਜਲੀ ਦਾ ਚਮਕਣਾ, ਸੁੰਦਰ ਬਿੰਬ ਉਸਾਰਿਆ ਗਿਆ ਹੈ। ਇਸੇ ਤਰ੍ਹਾਂ ਕਦਰਤ ਦੇ ਹੋਰ ਮਹੀਨਿਆਂ ਦੇ ਬਿੰਬ ਵੀ ਬੜੇ ਕਲਾਮਈ ਅਤੇ ਸਫਲ ਢੰਗ ਨਾਲ ਰੂਪ ਮਾਨ ਕੀਤੇ ਹਨ। ਜੀਵ ਜੰਤੂਆਂ ਨਾਲ ਸੰਬੰਧਤ ਬਿੰਬ ਹਨ। ਕੋਇਲ, ਡੱਡੂ, ਪਪੀਹਾ, ਭਵਰਾ, ਮੱਛਰ, ਬੀਂਡਾ ਆਦਿ ਨਾਲ ਸੰਬੰਧਤ ਬਿੰਬ ਵੀ ਆਉਂਦੇ ਹਨ।

1. ਪ੍ਰਿਉ ਪ੍ਰਿਉ ਚਵੈ ਬਬੀਹਾ ਬੋਲੈ, ਭੁਇਅੰਗਮ ਫਿਰੇ ਡਸੰਤੇ।
2. ਕੋਕਲ ਅੰਬ ਸੁਹਾਵੀ ਬੋਲੈ
3. ਰਥ ਫਿਰੈ ਛਾਇਆ ਧਨ ਤਾਕੈ, ਟੀਂਡੁ ਲਵੈ ਮੰਝ ਬਾਰੇ।

ਕੁਦਰਤ ਵਿਚੋਂ ਲਏ ਬਿੰਬ ਹਨ। ਰੂਪ ਬਿੰਬ ਹਨ—

1. "ਚੇਤ ਬਸੰਤ ਭਲਾ, ਭਵਰ ਸੁਹਾਵੜੇ।
   ਬਨ ਫੂਲੇ ਮੰਝ ਬਾਰਿ, ਮੈਂ ਪਿਰੁ ਘਰਿ ਬਾਹੁੜੈ।
2. ਭਵਰ ਭਵੰਤਾ ਫੂਲੀ ਡਾਲੀ।

ਨਾਦ ਬਿੰਬ ਹਨ—

1. ਕੋਇਲ ਅੰਬ ਸੁਹਾਵੀ ਬੋਲੈ,
2. ਦਾਦਰ ਮੋਰ ਲਵੰਤੇ।
3. ਪ੍ਰਿਉ ਪ੍ਰਿਉ ਚਵੈ ਬਬੀਹਾ ਬੋਲੇ।

ਇਸ ਤੋਂ ਇਲਾਵਾ ਇਸ ਬਾਰਾਂ ਮਾਹ ਦਾ ਵਿਸ਼ੈ-ਰਹੱਸਵਾਦ ਵੀ ਹੈ। ਕਿਉਂਕਿ ਇਸ ਵਿਚ ਆਤਮਾ ਪ੍ਰਮਾਤਮਾ ਦੀ ਗਲ ਕੀਤੀ ਗਈ ਹੈ। ਆਤਮਾ ਉਸੇ ਦਾ ਅੰਸ਼ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਉਸ ਤੋਂ ਭਰਮਾਂ ਕਰਕੇ ਵਿਛੜਦੀ ਹੈ। ਅਤੇ ਭਾਉ ਭਗਤੀ ਨਾਲ ਮਿਲਾਪ ਕਰਦੀ ਹੈ। ਸੋ ਆਤਮਾ ਤੇ ਪ੍ਰਮਾਤਮਾ ਦੇ ਸੰਜੋਗ ਵਿਯੋਗ ਨੂੰ ਚਿਤਰਦੀ ਰਚਨਾ ਰਹੱਸ ਮਈ ਹੋ ਜਾਂਦੀ ਹੈ।

Hudson ਆਪਣੀ ਪੁਸਤਕ An Introduction to the Study of Literature ਵਿਚ On the Treatment of Nature in Poetry ਤੇ ਲਿਖਦਿਆਂ ਕਹਿੰਦਾ ਹੈ—

"Natural Seenery may be interesting to a poet because of its association with human events."

ਇਸ ਪੱਖੋਂ ਵੀ ਕਮਾਲ ਦਾ ਕੁਦਰਤ ਚਿਤਰਨ ਇਸ ਬਾਰਾਂ ਮਾਹ ਵਿਚ ਆਇਆ ਹੈ। ਜਿਵੇਂ ਪੋਹ ਮਹੀਨੇ ਸਰਦੀ ਪੈਂਦੀ ਹੈ ਕਿ ਵਣ ਤ੍ਰਿਣ ਦੀ ਸਭ ਹਰਿਆਲੀ ਮੁਰਝਾ ਜਾਂਦੀ ਹੈ। ਜਿਸ ਦੇ ਨਾਲ ਹੀ ਬਿਰਹਨੀ ਦੇ ਮਨ ਦੀ ਕਲੀ ਵੀ ਬਿਰਹਾ ਰੂਪੀ ਜਾੜੇ ਨਾਲ ਕੁਮਲਾ ਜਾਂਦੀ ਹੈ। ਸੋ ਕਿਹਾ ਪ੍ਰਕਿਰਤੀ ਅਨੁਕੂਲ ਹੈ ਇਥੇ ਨਾਰੀ ਹਿਰਦੇ ਦਾ ਚਿਤਰ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਾਰਾਂ ਮਾਹ ਤੁਖ਼ਾਰੀ ਦਾ ਕਲਾ ਪੱਖ

ਪ੍ਰੋ. ਪਿਆਰਾ ਸਿੰਘ ਪਦਮ ਦੇ ਸ਼ਬਦਾਂ ਵਿਚ ਕਵਿਤਾ ਰਾਣੀ ਦੀ ਕੁਦਰਤ ਤੇ ਮੁਹੱਬਤ ਨਾਲ ਦੋਸਤੀ ਜੁਗਾਂ ਜੁਗਾਂ ਦੀ ਹੈ। ਕਿਤੇ ਇਸ ਦਾ ਜੀਵਨ-ਆਧਾਰ ਪ੍ਰਕ੍ਰਿਤੀ ਚਿਤ੍ਰਣ ਬਣਦਾ ਹੈ ਤੇ ਕਿਧਰੇ ਪ੍ਰੀਤ-ਚਿਤ੍ਰਨ। ਪਰੰਤੂ ਬਾਰਾਂ ਮਾਹ ਕਾਵਿ-ਰੂਪ ਐਸਾ ਹੈ ਜਿਥੇ ਕਵਿਤਾ ਨੂੰ ਕੁਦਰਤ ਤੇ ਪ੍ਰੀਤ ਦੀ ਦੇਵੀ ਦੋਵੇਂ ਕਲਿੰਗੜੀ ਪਾ ਕੇ ਮਿਲਦੀਆਂ ਹਨ ਤੇ ਅਜਿਹਾ ਰੋਮਾਂਸ ਭਰਿਆ ਕੋਰਸ ਗੀਤ ਗਾਉਂਦੀਆਂ ਹਨ ਜੋ ਬਾਰਾਂ ਮਹੀਨਿਆਂ ਦੇ ਪ੍ਰਕਿਰਤੀ ਰੰਗਾਂ ਦੇ ਆਧਾਰ ਤੇ ਬਿਰਹਾ ਦੀਆਂ ਸੁਰਾਂ ਛੇੜਦਾ ਹੋਇਆ ਮਿਲਾਪ ਦਾ ਨਗਮਾ ਗਾਉਂਦਾ ਹੈ। ਜਦੋਂ ਇਉਂ ਪ੍ਰਕਿਰਤੀ-ਚਿਤ੍ਰਨ ਦੀ ਝੰਕਾਰ ਦੀ ਵੀਣਾ ਤੇ ਬਿਰਹਾ ਦਾ ਗਮ ਗਾਇਆ ਜਾਂਦਾ ਹੈ ਤਾਂ ਸਾਹਿਤਕ ਸੁਹਜ ਸੁਆਦ ਦੇ ਭਾਗ ਜਾਗ ਪੈਂਦੇ ਹਨ। ਬਾਰਾਂ ਮਾਹਿਆਂ ਦੀ ਰੋਮਾਂਟਿਕ ਕਵਿਤਾ ਦੀ ਖੂਬੀ ਸਚ ਮੁਚ ਹੀ ਬੜੀ ਮਹੱਤਾ ਵਾਲੀ ਹੈ। ਇਸ ਕਵਿਤਾ ਵਿਚ ਇਸ਼ਕ ਦਾ ਦੇਵਤਾ ਫੁਲਾਂ ਦੇ ਤੀਰ ਲੈ ਕੇ ਬਿਰਹੀ ਵਿਯੋਗੀਆਂ ਦਾ ਸ਼ਿਕਾਰ ਕਰਦਾ ਤੇ ਉਹ ਸ਼ਿਕਾਰ ਹੋ ਹੋ ਮੁੜ ਜਿੰਦਾ ਹਨ। ਫਿਰ ਮੁਹੱਬਤ ਦੀ ਦੇਵੀ ਨੂੰ ਮਨਾਇਆ ਜਾਂਦਾ ਹੈ ਤੇ ਕੁਦਰਤ ਉਨ੍ਹਾਂ ਦਾ ਮਿਲਾਪ ਗੀਤ ਗਾਉਂਦੀ ਹੈ।

ਗੱਲ ਬਿਰਹਾ ਤੋਂ ਸ਼ੁਰੂ ਕਰਕੇ ਵਸਲ ਵਲ ਖੜੀ ਜਾਂਦੀ ਹੈ। ਐਸਾ ਹੀ ਭਾਰਤੀ ਸੰਸਕ੍ਰਿਤੀ ਦਾ ਵਿਸ਼ੇਸ਼ ਕਿਰਦਾਰ ਹੈ। ਭਾਵ ਕਿ ਬਾਰਾਂ ਮਾਂਹ ਦਾ ਤਾਣਾ ਪੇਟਾ ਤਾਂ ਬਿਰਹੁ ਵਿਯੋਗ ਦਾ ਹੀ ਹੁੰਦਾ ਹੈ ਪਰ ਅੰਤ ਤੇ ਕਪੜਾ ਸੰਯੋਗ ਦਾ ਬੁਣਿਆ ਜਾਂਦਾ ਹੈ। ਇਸ ਕਪੜੇ ਦੇ ਬੁਣਨ ਵਾਲੀ ਕੁਦਰਤ ਹੈ ਜੋ ਗਿਆਰਾਂ ਮਹੀਨੇ ਦੀ ਲੁਛਦੀ ਸਿਕਦੀ ਫਿੱਕੀ ਫਿੱਕੀ ਜ਼ਿੰਦਗੀ ਨੂੰ ਫੱਗਣ ਦੀਆਂ ਬਹਾਰਾਂ ਵਿਚ ਵਸਲ ਦੇ ਰੰਗ ਨਾਲ ਰੰਗ ਕੇ ਇਕ ਨਵੀਂ ਹੋਲੀ ਖੇਡਦੀ ਹੈ। ਇਹ ਹੈ ਬਾਰਾਂ ਮਾਹ ਦੇ ਵਿਸ਼ਾ ਵਸਤੂ ਦੋ ਰੰਗੀ ਵਗਦੀ ਧਾਰਾ ਜਿਸ ਵਿਚ ਪ੍ਰਕਿਰਤੀ ਤੇ ਪ੍ਰੀਤ ਆਪਣੀ ਆਪਣੀ ਨਿਵੇਕਲੀ ਛਬੀ ਦਿਖਾਉਂਦੀਆਂ ਹਨ।

ਗੁਰੂ ਨਾਨਕ ਦਾ ਉਦੇਸ਼ ਲੋਕਾਂ ਦੇ ਦਿਲਾਂ ਨੂੰ ਟੂੰਬਣਾ ਸੀ। ਇਸੇ ਲਈ ਉਨ੍ਹਾਂ ਨੇ ਲੋਕ-ਪ੍ਰਚਲਤ ਧਾਰਨਾਵਾਂ ਤੇ ਬਾਣੀ ਰਚ ਕੇ ਆਪਣੇ ਵਿਚਾਰਾਂ ਨੂੰ ਸਹਿਜੇ ਹੀ ਜਨ ਸਾਧਾਰਨ ਤਕ ਪਹੁੰਚਾਣ ਦਾ ਸੁਚੱਜਾ ਹੀਲਾ ਕੀਤਾ। ਗੁਰੂ ਜੀ ਦਾ ਬਾਰਾਂ ਮਾਹ ਆਪਣੀ ਕਾਵਿ-ਸ਼ਕਤੀ, ਕਲਾਤਮਕ ਹੁਸਨ, ਅਧਿਆਤਮਕ ਅਨੁਭਵ ਤੇ ਕੁਦਰਤ ਸੁਹਜ ਦਾ ਉੱਤਮ

 CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸੰਗਮ ਹੈ । ਏਥੇ ਰੂਹਾਨੀਅਤ ਸੰਗੀਤ ਦੇ ਖੰਭਾਂ ਉਤੇ ਉਡਦੀ ਉਡਦੀ ਕੁਦਰਤ ਦੀ ਵਾਦੀ ਵਿਚ ਲੰਘਦੀ ਜ਼ਿੰਦਗੀ ਨੂੰ ਇਕ ਸੁਨੇਹਾ ਦੇਂਦੀ ਹੈ ਜਿਸ ਦਾ ਅੰਦਾਜ਼ ਏਨਾ ਪਿਆਰਾ ਤੇ ਖ਼ੂਬਸੂਰਤ ਹੈ ਕਿ ਕੋਈ ਸਰੋਤਾ ਇਸ ਤੋਂ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿ ਸਕਦਾ ।

ਤੁਖ਼ਾਰੀ ਬਾਰਾਂ ਮਾਹ ਸਚ ਮੁਚ ਅਦਭੁਤ ਰਚਨਾ ਹੈ, ਸਮੁੱਚੇ ਅਧਿਆਤਮਕ ਸਾਹਿਤ ਵਿਚ ਅਜਿਹੀ ਰੰਗੀਨ ਤੇ ਰਹੱਸਵਾਦੀ ਰਸ ਲੀਣ ਕਵਿਤਾ ਕੋਈ ਹੋਰ ਨਹੀਂ ਮਿਲਦੀ। ਇਹ ਇਸ਼ਕ ਹਕੀਕੀ ਤੇ ਇਸ਼ਕ ਮਜਾਜੀ ਦਾ ਸੁੰਦਰ ਸੁਮੇਲ ਹੈ। ਗੁਰੂ ਜੀ ਨੇ ਵਿਯੋਗਨ ਦਾ ਪ੍ਰਤੀਕ ਪ੍ਰਯੋਗ ਕਰਦੇ ਹੋਏ ਰੂਹਾਨੀਅਤ ਦੀ ਗਲ ਰੋਮਾਂਟਿਕ ਢੰਗ ਨਾਲ ਕਰਦੇ ਹਨ। ਤੀਖਣ ਭਾਵਕ ਛੁਹਾਂ ਦੇ ਹੁੰਦਿਆਂ ਵੀ ਰੂਹਾਨੀ ਪਾਕਤਾ ਨੂੰ ਕਾਇਮ ਰਖਣਾ ਕਵੀ ਦੀ ਕਾਵਿ-ਕਲਾ ਦਾ ਕ੍ਰਿਸ਼ਮਾ ਹੈ ।

ਤੁਖ਼ਾਰੀ ਰਾਗ ਦੀ ਇਹ ਰਚਨਾ ਕਮਾਲ ਹੈ। ਤੁਖ਼ਾਰੀ ਤੁਖ਼ਾਰ ਦੇਸ਼ ਹਿਮਾਲੀਆ ਦੇ ਉਤਰ ਪੱਛਮ ਵਲ ਦਾ ਇਕ ਇਲਾਕਾ ਹੈ ਜਿਥੋਂ ਦੇ ਘੋੜੇ ਵਿਸ਼ੇਸ਼ ਪ੍ਰਸਿਧ ਰਹੇ ਹਨ।

ਇਸ ਵਿਚ ਛੰਤ ਛੰਦ ਦਾ ਪ੍ਰਯੋਗ ਹੈ। ਛੰਤ ਲੋਕ ਸਾਹਿਤ ਵਿਚ ਇਸਤਰੀਆਂ ਦੇ ਪ੍ਰੇਮ ਗੀਤ ਨੂੰ ਕਿਹਾ ਜਾਂਦਾ ਹੈ । ਸੋ ਏਥੇ ਵੀ ਇਕ ਜਗਿਆਸਾਵਾਨ ਇਸਤਰੀ ਆਪਣੇ ਦਿਲ ਦੀ ਵੇਦਨਾ ਦਸਦੀ ਹੈ ।

ਰਚਨਾ ਦੇ ਕੁਲ 17 ਬੰਦ ਹਨ। ਪਹਿਲੇ ਚਾਰ ਛੰਤ ਭੂਮਿਕਾ ਦੇ ਹਨ। ਫਿਰ 12 ਮਹੀਨਿਆਂ ਦੇ 12 ਛੰਤ ਅਤੇ ਅੰਤਲਾ ਛੰਤ ਸਮੁਚੀ ਪ੍ਰਾਪਤੀ ਦਾ ਤੱਤ ਸਾਰ ਹੈ। ਭੂਮਿਕਾ ਬੜੀ ਵਧੀਆ ਹੈ। ਪਹਿਲੀ ਪੰਕਤੀ ਹੀ ਇਸ ਭਾਵ ਨਾਲ ਆਰੰਭ ਹੁੰਦੀ ਹੈ—ਕੋਇਲ ਪਪੀਹੇ ਗਾ ਰਹੇ ਹਨ ਮੈਂ ਤੇਰੀ ਵਾਟ ਤਕ ਰਹੀ ਹਾਂ।

12 ਮਹੀਨਿਆਂ ਵਿਚ ਜਿਵੇਂ ਜਿਵੇਂ ਪ੍ਰਕਿਰਤੀ ਦਾ ਰੰਗ ਬਦਲਦਾ ਹੈ ਉਸੇ ਅਨੁਸਾਰ ਮਾਨਸਿਕ ਭਾਵਾਂ ਦਾ ਚਿਤ੍ਰ ਤੀਬਰ ਵੇਗ ਨਾਲ ਪਰਿਵਰਤਤ ਹੁੰਦਾ ਹੁੰਦਾ ਮੰਜ਼ਲ ਨੂੰ ਛੂੰਹਦਾ ਹੈ। ਦਰਅਸਲ ਇਹ ਰੰਗ ਮੰਚ ਹੈ ਜਿਸ ਤੇ ਵੇਦਨਾ ਭਰਪੂਰ ਹਿਰਦਾ ਆਪਣਾ ਸਾਰਾ ਨਾਟਕ ਖੇਡਦਾ ਹੈ। ਸਿਆਣਾ ਨਾਟਕ ਕਾਰ ਬਾਰਾਂ ਮਾਹ ਦੀ ਸਟੇਜ ਨੂੰ ਪ੍ਰਕਿਰਤੀ ਚਿਤ੍ਰਣ ਨਾਲ ਸਜਾਉਂਦਾ ਹੈ । ਇਸ ਰੰਗ ਮੰਚ ਦੇ ਸ਼ਿੰਗਾਰ ਲਈ ਟਹਿਕਦੀਆਂ ਸਬਜ਼ ਟਹਿਣੀਆਂ, ਵਣ, ਕੁਕਹ, ਕਾਹ, ਗੁੰਜਾਰਦੇ ਭੌਰ, ਝੰਕਾਰਦੇ ਬੀਂਡੇ, ਬੋਲਦਾ ਬੰਬੀਹਾ, ਕੋਇਲ, ਅੰਬ, ਮੋਹਲੇਧਾਰ ਵਰ੍ਹਦਾ ਮੀਂਹ, ਦਾਮਨੀ, ਦਾਦਰ, ਮੱਛਰ, ਸੱਪ, ਮੋਰ, ਤਪਦੇ, ਥਲ, ਜਲ ਥਲ, ਨੀਰ ਭਰੇ ਅਤੇ ਕੱਕਰ ਵਰ੍ਹਦੇ ਸਿਆਲ ਆਪਣਾ ਆਪਣਾ ਰੰਗ ਦਿਖਾਉਂਦੇ ਹਨ। ਬਸੰਤ ਦੀ ਬਹਾਰ ਦੀ ਨੁਹਾਰ ਹੈ—

1. "ਚੇਤ ਬਸੰਤ ਭਲਾ, ਭਵਰ ਸੁਹਾਵੜੇ, ਬਨ ਫੂਲੇ ਮੰਝਿ ਬਾਰ।"
2. ਵਿਸਾਖੁ ਭਲਾ, ਸਾਖਾ ਵੇਸ ਕਰੇ।

ਹਾੜ ਦਾ ਚਿਤ੍ਰ ਵਿਸਤ੍ਰਿਤ ਹੈ—ਸੜਦਾ ਤਪਦਾ ਸੂਰਜ, ਤਪਦੀ ਸੜਦੀ ਧਰਤੀ, ਘੁੰਮਦਾ ਸੂਰਜ ਦਾ ਰਥ, ਘੁੰਮਦੇ ਪ੍ਰਛਾਵੇਂ, ਬਾਰ ਵਿਚ ਬੀਂਡਿਆਂ ਦੀ ਆਵਾਜ਼—

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"ਆਸਾੜ ਭਲਾ ਸੂਰਜ ਗਗਨਿ ਤਪੈ ।
ਧਰਤੀ ਦੂਖ ਸਹੈ ਸੋਖੈ ਅਗਨਿ ਭਖੈ ।
ਅਗਨ ਰਸੁ ਸੋਖੈ ਮਰੀਐ ਧੋਖੈ,
ਭੀ ਸੋ ਕਿਰਤ ਨ ਹਾਰੇ ।
ਰਥੁ ਫਿਰੈ ਛਾਇਆ ਧਨ ਤਾਕੈ
ਟੀਡ ਲਵੈ ਮੰਝ ਬਾਰੇ ।"

ਸਾਵਣ ਦੇ ਮਹੀਨੇ ਦੀ ਤਸਵੀਰ ਡਾਢੀ ਤਰਸ ਭਰੀ ਹੈ । ਦੁਨੀਆਂ ਵੀ ਸਪ ਵਾਂਙ ਤੇ ਮੱਛਰ ਡੰਗ ਮਾਰਦੀ ਫਿਰਦੀ ਹੈ ।

"ਜਲ ਥਲ ਨੀਰ ਭਰੇ, ਬਰਸ ਰੁਤੇ ਰੰਗ ਮਾਣੀ ।
ਬਰਸੈ ਨਿਸ ਕਾਲੀ, ਕਿਉਂ ਸੁਖ ਵਾਲੀ,
ਦਾਦਰ ਮੋਰ ਲਵੰਤੇ ।
ਪ੍ਰਿਉ ਪ੍ਰਿਉ ਚਵੈ ਬਬੀਹਾ ਬੋਲੈ
ਭੁਇ ਅੰਗਮ ਫਿਰੇ ਡਸੰਤੇ ।
ਮਛਰ ਡੰਗ ਸਾਇਰ ਭਰ ਸੁ ਭਰ
ਬਿਨ ਹਰਿ ਕਿਉਂ ਸੁਖ ਪਾਈਐ ।

ਅਸਲ ਵਿਚ ਸੱਪ ਤੇ ਮੱਛਰ ਬਿਰਹਾ ਦੇ ਹੀ ਜ਼ਹਿਰੀਲੇ ਵਾਰ ਹਨ । ਜੇ ਹਰੀ ਪਤੀ ਪਾਸ ਨਹੀਂ ਹੈ ਤਾਂ ਸਾਵਣ ਦੀ ਮਾਨਣ ਵਾਲੀ ਰੁਤ ਖਾਣ ਨੂੰ ਪੈਂਦੀ ਹੈ । ਬੋਲਦੇ ਮੋਰ ਤੇ ਪਪੀਹੇ ਵਢਣ ਨੂੰ ਪੈਂਦੇ ਹਨ । ਕੈਸਾ ਕਰੁਣਾਮਈ ਚਿਤ੍ਰ ਹੈ ।

ਜਿਵੇਂ ਅਸੂ ਗਰਮੀ ਤੇ ਸਰਦੀ ਦੀ ਰੁਤ ਦੇ ਵਿਚਕਾਰ ਪੈਂਦਾ ਹੈ ਇਵੇਂ ਹੀ ਜ਼ਿੰਦਗੀ ਸੰਯੋਗ ਤੇ ਵਿਯੋਗ ਦੇ ਵਿਚਾਲੇ ਚਕਰ ਕਟਦੀ ਹੈ । ਗੁਰੂ ਸਾਹਿਬ ਐਸੀ ਦੁਚਿਤੀ ਦਾ ਸਮਾਧਾਨ ਭਰੋਸਾ ਦਸਦੇ ਹਨ ਜਿਵੇਂ ਦੜ ਵੱਟ ਜ਼ਮਾਨਾ ਕਟ ਭਲੇ ਦਿਨ ਆਵਣਗੇ ।

"ਆਗੈ ਘਾਮ ਪਿਛੈ ਰੁਤ ਜਾਡਾ,
ਦੇਖ ਚਲਤ ਮਨ ਡੋਲੈ ।
ਦਹਿ ਦਿਸ ਸਾਖ ਹਰੀ ਹਰਿਆਵਲ
ਸਹਿਜ ਪਕੈ ਸੋ ਮੀਠਾ ।"

ਪੋਹ ਮਹੀਨੇ ਦਾ ਦੰਦੋ ਝਿਕਾ ਵਜਾ ਦੇਣ ਵਾਲਾ ਪਾਲਾ ਐਸਾ ਹੈ ਕਿ ਬਨਸਪਤੀ ਸੁਖ ਜਾਂਦੀ ਹੈ । ਪਤਝੜ ਆ ਜਾਂਦੀ ਹੈ ।

"ਪੋਖ ਤੁਖਾਰ ਪੜੈ, ਵਣੁ ਤ੍ਰਿਣੁ ਰਸੁ ਸੋਖੈ ।"

ਪ੍ਰਕ੍ਰਿਤੀ ਚਿਤ੍ਰਨ ਇਸ ਬਾਰਾਂ ਮਾਹ ਦਾ ਮਨੋਰਥ ਨਹੀਂ ਹੈ । ਇਸ ਦਾ ਮਨੋਰਥ ਤਾਂ ਰੰਗ ਮੰਚ ਦੀ ਸਜਾਵਟ ਹੈ ਜਿਸ ਉਤੇ ਨਾਇਕ ਜਾਂ ਨਾਇਕਾ ਦੇ ਮਨੋਭਾਵਾਂ ਦਾ ਸਾਰਾ ਨਾਟਕ ਦਰਸਾਇਆ ਜਾਂਦਾ ਹੈ । ਕਵੀ ਆਪ ਵਿਚ ਵਿਯੋਗਣ ਦਾ ਰੂਪ ਧਾਰ ਕੇ ਆਉਂਦਾ ਹੈ—

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

"ਬਨ ਫੂਲੇ ਮੰਝਿ ਬਾਰ ਮੈਂ ਪਿਰ ਘਰਿ ਬਹੁੜੈ।"

ਬਾਰ ਵਿਚ ਤਾਂ ਵਣ ਪ੍ਰਫੁਲਤ ਹੋ ਕੇ ਆ ਗਏ, ਮੇਰਾ ਘਰ ਤਾਂ ਸੁਹਾਵਣਾ ਹੋ ਸਕਦਾ ਹੈ ਜੇ ਪਿਰ ਘਰ ਆਵੇ। ਇਹ ਬੁਨਿਆਦੀ ਤੀਬਰ ਅਗਲੇਰੇ ਮਾਹਾਂ ਵਿਚ ਤੋਰ ਤੀਖ਼ਣ ਹੁੰਦੀ ਜਾਂਦੀ ਹੈ ਅਤੇ ਸਾਵਣ ਵਿਚ ਜਾ ਕੇ ਚਰਮ ਸੀਮਾ ਨੂੰ ਪਹੁੰਚਦੀ ਹੈ। ਵਰ੍ਹਦਾ ਸਾਵਣ ਨਾਇਕਾ ਦੇ ਬਰਸਦੇ ਨੈਣਾਂ ਦਾ ਪ੍ਰਤੀਕ ਹੈ ਜੋ ਖਾਣ ਪੀਣ ਪਹਿਨਣ ਤੇ ਨਿੰਦ੍ਰਾ ਸਭ ਵਿਸਾਰ ਬੈਠੀ ਹੈ। ਕਿਉਂਕਿ—

ਮੈ ਮਨਿ ਤਨਿ ਸਹੁ ਭਾਵੈ, ਪਿਰ ਪਰਦੇਸ ਸਿਧਾਏ।
ਪਿਰ ਘਰਿ ਨਹੀਂ ਆਵੈ ਮਰੀਐ ਹਾਵੈ
ਦਾਮਨ ਚਮਕ ਡਰਾਏ।
ਸੇਜ ਇਕੇਲੀ ਖਰੀ ਦੁਹੇਲੀ, ਮਰਨ ਭਇਆ ਦੁਖੁ ਮਾਏ।
ਹਰਿ ਬਿਨੁ ਨੀਂਦ ਭੂਖ ਕਹੁ ਕੈਸੀ, ਕਾਪੜ ਤਨ ਨ ਸੁਖਾਵਏ।"

ਫਿਰ ਵਿਰਲਾਪ ਕੂਕਦਾ ਹੈ—

"ਅਸੁਨਿ ਆਉ ਪਿਰਾ, ਸਾਧਨ ਝੂਰ ਮੁਈ।"

ਦਸ਼ਾ ਬਦਲਦੀ ਹੈ। ਚੁਫੇਰੇ ਪਸਰੀ ਹਰਿਆਵਲ ਆਸ ਬੰਨ੍ਹਾਂਦੀ ਹੈ ਕਿ ਕਦੀ ਮਨ ਦੀ ਬਗੀਚੀ ਵੀ ਹਰੀ ਭਰੀ ਹੋਵੇਗੀ। ਅਤੇ ਅੰਤ ਆਸ ਪੂਰੀ ਹੁੰਦੀ ਹੈ—

"ਹਾਰ ਡੋਰ ਰਸ ਪਾਟ ਪਟੰਬਰ, ਪਿਰ ਲੋੜੀ ਸੀਗਾਰੀ।
ਨਾਨਕ ਮੇਲਿ ਲਈ ਗੁਰਿ ਆਪਣੈ, ਘਰਿ ਵਰੁ ਪਾਇਆ ਨਾਰੀ।"

ਇਸ ਬਾਰਾਂ ਮਾਹ ਵਿਚ ਰੂਹਾਨੀਅਤ ਪੇਸ਼ ਕਰਨ ਲਈ ਕਾਮਣੀ ਦਾ ਪ੍ਰਤੀਕ ਚੁਣਿਆ ਗਿਆ ਹੈ। ਇਸ ਤੋਂ ਕਿਨਾ ਕੋਈ ਹੋਰ ਪ੍ਰਤੀਕ ਏਨਾ ਸਾਰਥਿਕ ਨਹੀਂ ਹੋ ਸਕਦਾ ਸੀ। ਹਰਿ ਕੰਤ ਹੈ ਜਿਸ ਨੂੰ ਕਾਮਣੀ ਜੀਵ ਆਤਮਾ ਨੇ ਮਿਲਣਾ ਹੈ। ਇਸ ਅਵਸਥਾ ਤੋਂ ਉਰੇ ਸੁਖ ਨਹੀਂ ਮਿਲ ਸਕਦਾ।

ਨਾਨਕ ਚੇਤਿ ਸਹਿਜ ਸੁਖ ਪਾਵੈ, ਜੇ ਹਰਿ ਵਰੁ ਘਰਿ ਧਨ ਪਾਏ।"

ਕਾਲੀ ਦਾਸ ਨੇ ਰਿਤੂ ਸੰਹਾਰ ਲਿਖਿਆ ਸੀ ਤੇ ਵੇਦ ਵਿਆਸ ਨੇ ਗੀਤਾ, ਪਰ ਗੁਰੂ ਨਾਨਕ ਅਜਿਹਾ ਪ੍ਰਬੀਨ ਕਲਾਕਾਰ ਹੈ ਜਿਸ ਨੇ ਦੁਹਾਂ ਦਾ ਤੱਤ ਜੋੜ ਕੇ ਇਕ ਅਦੁਤੀ ਰਚਨਾ ਨੂੰ ਜਨਮ ਦਿਤਾ ਤੇ ਪੰਜਾਬੀ ਕਾਵਿ ਨੂੰ ਇਕ ਪ੍ਰਕਾਰ ਨਾਲ ਕੋਹਿਨੂਰ ਹੀਰਾ ਪ੍ਰਦਾਨ ਕਰਕੇ ਮਾਲਾ ਮਾਲ ਕਰ ਦਿਤਾ।

ਲੋਕ-ਗੁਰੂ ਨਾਨਕ ਨੇ ਬਾਟਾਂ ਮਾਹ ਦੇ ਸ਼ੁਰੂ ਵਿਚ ਹੀ ਲੋਕ-ਬੋਲੀ ਵਿਚ ਜੀਵ-ਆਤਮਾ ਨੂੰ 'ਸੁਹਾਗਣ ਨਾਰੇ' ਤੇ ਪ੍ਰਮਾਤਮਾ ਨੂੰ ਪ੍ਰਿਅ ਤੇ ਬੇਲੀ, ਆਦਿ ਸ਼ਬਦਾਂ ਨਾਲ ਸੰਬੋਧਨ ਕੀਤਾ ਹੈ।

ਪ੍ਰਭੂ ਤੋਂ ਵਿਛੜੇ ਮਨੁੱਖੀ ਹਿਰਦੇ ਨੂੰ ਬਬੀਹਾ, ਜੀਭ ਨੂੰ ਕੋਇਲ ਤੇ ਜੀਵਾਤਮਾ ਨੂੰ ਸਾਧਨ ਪੇਂਡੂ ਚਿਨ੍ਹਾਂ ਨੂੰ ਵਰਤਦੇ ਹਨ ਅਤੇ ਪੰਜਾਬ ਦੇ ਬਾਗਾਂ ਤੇ ਪੰਛੀਆਂ ਪ੍ਰਤੀ ਹਿਤ ਨੂੰ ਪੇਸ਼ ਕਰਦੇ ਹਨ। ਇਸ ਵਿਚ ਬਿਰਹੋਂ ਕੁੱਠੀ ਨਾਰ ਦਾ ਮਨੋ ਵਿਸ਼ਲੇਸ਼ਣ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਨੁਪ੍ਰਾਸ ਅਲੰਕਾਰ ਦੀ ਆਮ ਵਰਤੋਂ ਕਰਦੇ ਹਨ—

ਜਿਹਾ ਕਿ —

''ਭਾਦਉ ਭਰਮ ਭੁਲੀ, ਭਰ ਜੋਬਨਿ ਪਛਤਾਣੀ ।
ਜਲ ਥਲ ਨੀਰ ਭਰੇ, ਬਰਸ ਰੁਤੇ ਰੰਗ ਮਾਣੀ ।''

ਸਮਾਸ ਅਲੰਕਾਰ ਦੀ ਵੀ ਸੁੰਦਰ ਵਰਤੋਂ ਹੈ । ਜਿਵੇਂ ਕਿਰਤ ਕਰੰਮਾ, ਬਿਰਹਾ ਬਿਰੋਧ, ਸੁਖ ਸਹਿਜੇ, ਗੁਣ-ਗਹਿਲੀ ਆਦਿ ।

ਇਸ ਦੀ ਕਲਾ ਦਾ ਕਮਾਲ ਇਹ ਹੈ ਕਿ ਗਿਆਨ ਬੋਝਲ ਨਹੀਂ ਹੋਣ ਦਿੱਤਾ ਸਗੋਂ ਵਿਚਾਰਾਂ ਨੂੰ ਕਾਵਿਕ ਸੁੰਦਰਤਾ ਦਾ ਜਾਮਾ ਪਹਿਨਾ ਦਿੰਦੇ ਹਨ ।

ਇਸ ਦੀ ਸ਼ੈਲੀ ਵਿਚ ਸੰਜਮ ਤੇ ਸੁਝਾਊ ਹੈ । ਅਲੰਕਾਰ, ਉਪਮਾਵਾਂ ਤੇ ਪ੍ਰਮਾਣ ਢੁਕਵੇਂ ਤੇ ਪੇਂਡੂ ਹਨ । ਗੁਰੂ ਜੀ ਨੇ ਭਾਰਤੀ ਪਰੰਪਰਾ ਅਨੁਸਾਰ ਆਤਮਾ ਲਈ ਧਨ, ਸਾਧਨ, ਗੁਣਵੰਤੀ ਦੁਹੇਲੀ, ਸੋਹਾਗਣਿ, ਨਾਰੀ, ਬਾਲੀ, ਆਦਿ ਬਹੁ-ਭਾਂਤੀ ਸ਼ਬਦਾਵਲੀ ਦੀ ਵਰਤੋਂ ਕੀਤੀ ਹੈ ।

ਡਾ. ਤਾਰਨ ਸਿੰਘ ਅਨੁਸਾਰ ਗੁਰੂ ਸਾਹਿਬ ਦੀ ਸਾਰੀ ਰਚਨਾ ਵਿਚੋਂ ਸ਼ੈਲੀ ਦਾ ਰਸ ਇਸ ਕਵਿਤਾ ਵਿਚ ਵਧ ਹੈ ਜੋ ਮਿਲਾਪ ਤੇ ਦਰਦ ਇਸ ਰਚਨਾ ਵਿਚ ਹੈ, ਹੋਰ ਕਿਤੇ ਨਹੀਂ । ਪੰਜਾਬੀ ਸਾਹਿਤ ਵਿਚ ਕੁਦਰਤ ਦੇ ਦ੍ਰਿਸ਼ ਚਿਤ੍ਰਨ ਦੇਣ ਵਿਚ ਇਸ ਰਚਨਾ ਨਾਲ ਕੋਈ ਹੋਰ ਰਚਨਾ ਤੁਲ ਨਹੀਂ ਸਕਦੀ ।

ਬਾਰਾਂ ਮਾਹ ਤੁਖਾਰੀ ਦੇ ਅਧਿਐਨ ਤੋਂ ਗੁਰੂ ਜੀ ਦੇ ਕਾਵਿ-ਮਿਠਾਸ ਤੇ ਕੋਮਲ ਜਜ਼ਬਿਆਂ ਦਾ ਗਿਆਨ ਹੁੰਦਾ ਹੈ । ਉਨ੍ਹਾਂ ਦੀ ਇਸ ਰਚਨਾ ਵਿਚ ਲੋਕ ਗੀਤਾਂ ਵਰਗਾ ਤਰਲਾ ਹੈ, ਨਿੱਜੀ ਰੁਮਾਂਸ ਵਰਗਾ ਵਲਵਲਾ ਹੈ ਤੇ ਪੇਂਡੂ ਵਾਤਾਵਰਨ ਵਰਗੀ ਲੋਕ-ਨਿਕਟਤਾ ।

ਬਾਰਾਂ ਮਾਹ ਤੁਖਾਰੀ ਦੀ ਚਿਤਰਾਵਲੀ ਅਦੁਤੀ ਅਨੂਪਮ ਤੇ ਲਾਸਾਨੀ ਹੈ । ਪ੍ਰਕਿਰਤੀ ਚਿਤ੍ਰਨ, ਨਾਦ ਚਿਤਰ, ਸ਼ਬਦ ਚਿਤਰ ਅਤੇ ਜੀਵਾਤਮਾ ਰੂਪੀ ਇਸਤ੍ਰੀ ਦੇ ਮਨੋ ਭਾਵਾਂ ਦੇ ਚਿਤਰ-ਸੰਯੋਗ ਵਿਯੋਗ ਦੇ—ਫਿਰ ਪ੍ਰਕਿਰਤੀ ਚਿਤ੍ਰਨ ਦੇ ਅਨੁਕੂਲ ਵੀ ਹਨ । ਇਸ ਪਖੋਂ ਕਮਾਲ ਹੀ ਕੀਤਾ ਗਿਆ ਹੈ ।

ਇਸ ਦੇ 17 ਬੰਦ ਅਸਲ ਵਿਚ ਸਤਾਰਾਂ ਚਿਤਰ ਪੇਸ਼ ਕਰਦੇ ਹਨ —ਨਹੀਂ, ਸਗੋਂ ਇਕ ਇਕ ਬੰਦ ਵਿਚ ਅਨੇਕਾਂ ਚਿਤਰ ਹਨ—ਚਿਤਰ ਕੀ ਚਿਤਰਾਵਲੀ ਹੈ । ਫਿਰ ਇਨ੍ਹਾਂ ਚਿਤਰਾਂ ਵਿਚ ਰੰਗ, ਰਸ, ਰੂਪ, ਗੰਧ, ਆਦਿ ਦਾ ਵੀ ਪੂਰਾ ਪ੍ਰਯੋਗ ਹੈ ।

ਬਾਰਾਂ ਮਾਹ ਵਿਯੋਗ ਦਾ ਕਾਵਿ ਰੂਪ ਹੈ ਅਤੇ ਛੰਤ ਛੰਦ ਸੰਯੋਗ ਦਾ । ਸੋ ਗੁਰੂ ਜੀ ਨੇ ਆਪਣਾ ਅੰਤਲਾ ਸਮਾਂ ਚਿਤਰਿਆ ਹੈ ਜਦ ਏਥੋਂ ਚਲੇ ਜਾਣਾ ਹੈ ਆਪਣੇ ਸਹੁਰੇ ਘਰ ਵਾਲਾ ਅਦੁਤੀ ਅਨੁਭਵ ਪੇਸ਼ ਕੀਤਾ ਹੈ । ਸੰਯੋਗ ਵਿਯੋਗ ਦਾ ਮਿਸ਼ਰਨ ਹੈ । ਨਿਰਮਲ ਕੋਮਲ ਤੇ ਸੂਖਮ ਵਲਵਲਿਆਂ ਗੁੰਧੀ ਕਵਿਤਾ ਹੈ ।

8593

ਬੇ-ਨਜ਼ੀਰ ਕਵਿਤਾ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

GURUKUL KANGRI LIBRARY

	Signature	Date
Accession		21-5-79
Class No.		
Cat on		
Tag etc		
Filing		
E.A.R.		
Any other		
Checked		

DONATION

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar